# ਕੋਸ਼

# ਸ੍ਰੀ ਦਸਮ ਗ੍ਰੰਥ ਸਾਹਿਬ

ਗੁਰਮਤ ਮਾਰਤੰਡ

ਭਾਗ ੨

ਗਿਆਨੀ ਛਾਲ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

265

9.1.1950.

PERSONAL LIBRARY OF
PROFESSOR SHER SINGH "SHER"

ਦਾਸ ਸ਼ੇਰ ਸਿੰਘ "ਸ਼ੇਰ".

੯.੧.੫੦.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

9.1.1950
Ludhiana

265

# ਕੋਸ਼
# ਸ੍ਰੀ ਦਸਮ ਗ੍ਰੰਥ ਸਾਹਿਬ

9.1.1950



PERSONAL LIBRARY OF
PROFESSOR SHER SINGH "SHER"

ਗ੍ਯਾਨੀ ਲਾਲ ਸਿੰਘ ਸੰਗਰੂਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

165

ਸਭ ਹੱਕ ਜਨਕ ਪੁਸਤਕ ਭੰਡਾਰ ਦੇ ਰਾਖਵੇਂ ਹਨ

੧ ੳ ਸਤਿਗੁਰਪ੍ਰਸਾਦਿ ॥

**

Sita Chhatwal Library
Institute of Sikh Studies
Chandigarh
1566

Published in December, 1949

# ਕੋਸ਼ ਸ੍ਰੀ ਦਸਮ ਗ੍ਰੰਥ ਸਾਹਿਬ

ਭਾਵ

## ਗੁਰਮਤ ਮਾਰਤੰਡ

੬.੯.੫੦.

ਭਾਗ ੨

-: ਲੇਖਕ :-

## ਸ੍ਰੀ ਮਾਨ ਗਿਆਨੀ ਲਾਲ ਸਿੰਘ ਜੀ, ਸੰਗਰੂਰ

-: ਕਰਤਾ :-

ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਤਵਾਰੀਖ ਗੁਰੂ ਖਾਲਸਾ ਪੰਥ, ਸਿਖ ਕਾਨੂੰਨ ਆਦਿ

— ਪ੍ਰਕਾਸ਼ਕ —

## ਜਨਕ ਪੁਸਤਕ ਭੰਡਾਰ, ਸੰਗਰੂਰ

(ਪਟਿਆਲਾ ਯੂਨੀਅਨ)

ਸ੍ਰ: ਬੁਧਸਿੰਘ ਜੀ ਦੇ 'ਸ੍ਰੀ ਗੁਰਮਤ ਪ੍ਰੈਸ' (ਗੁਰੂ ਕੀ ਸਰਾਂ) ਅਮ੍ਰਿਤਸਰ ਵਿਖੇ ਛਪਿਆ।
ਪ੍ਰਿੰਟਰ—ਗਿਆਨੀ ਮਹਿੰਦਰ ਸਿੰਘ 'ਰਤਨ'

ਦਸੰਬਰ ੧੯੪੯ ਭੇਟਾ ੫।) ਦਮੜੇ

Digitized by Panjab Digital Library | www.panjabdigilib.org

Sita Chhatwal Library
Institute of Sikh Studies
Chandigarh
Accession No 1566.....
Donated by Prof Sher
Source. Singh Sher
Date 28/7/03 Price —

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ ॥

----

# ਭੂਮਿਕਾ

ਗੁਰਮਤ ਮਾਰਤੰਡ 'ਗੁਰਮਤ ਨਿਰਣਯ ਭੰਡਾਰ) ਦੇ ਪ੍ਰਿਥਮ ਭਾਗ ਵਿਚ ਪੰਨਾ ੧੪੩੦ ਵਾਲੀ ਅਜ ਕਲ ਛਪ ਰਹੀ ਆਦਿ ਬੀੜ ਵਿਖੇ ਜੋ ਭੀ ਕਠਨ ਯਾਂ ਨਿਰਣਯ ਯੋਗ ਪੰਗਤੀਆਂ ਆਈਆਂ ਹਨ ਉਨ੍ਹਾਂ ਦੀ ਵ੍ਯਾਖਿਆ (ਵਿਚਾਰ) ਲਿਖੀ ਜਾ ਚੁਕੀ ਹੈ, ਉਸ ਗ੍ਰੰਥ ਨੂੰ ਪ੍ਰਾਪਤ ਕਰਕੇ ਲਾਭ ਉਠਾਓ। ਗੁਰਬਾਣੀ ਅਥਾਹ ਸਮੁੰਦ੍ਰ ਦੀ ਤਰਾਂ ਬੇਅੰਤ ਰੂਪ ਵਿਚ ਹੈ, ਪਰ ਖੋਜ ਲਈ ਮੇਹਨਤ ਬਹੁਤ ਕੀਤੀ ਗਈ ਹੈ। ਹੁਣ ਉਸ ਥੀਂ ਅੱਗੇ ਪ੍ਰਚਲਤ ਨਾਮ ਦਸਮ ਗ੍ਰੰਥ ਸਾਹਿਬ ਯਾਂ ਕਹੇ ਜਾਂਦੇ ਦਸਮੇਂ ਪਾਤ-ਸ਼ਾਹ ਦੇ ਗ੍ਰੰਥ ਸਾਹਿਬ ਵਿਚ ਆਈਆਂ ਪੰਗਤੀਆਂ ਦੀ ਵਿਚਾਰ ਇਸ ਭਾਗ ਵਿਖੇ ਲਿਖੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ ਹਨ ਜਿਨਾਂ ਨੂੰ ਗੁਰ-ਗੱਦੀ ਪ੍ਰਾਪਤ ਹੈ। ਦਸੇ ਗੁਰੂ ਔਰ ਉਨ੍ਹਾਂ ਦੀ ਬਾਣੀ ਵਿਚ ਕੋਈ ਭੀ ਭਿੰਨ ਭੇਦ ਯਾਂ ਫਰਕ ਨਹੀਂ ਹੈ, ਦਸਾਂ ਗੁਰਾਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਥਵਾ ਦਸਾਂ ਗੁਰਾਂ ਦੀ ਬਾਣੀ 'ਗੁਰੂ' ਹਨ। ਅਜ-ਕਲ ਦੀਆਂ ਪ੍ਰਚਲਤ ਬੀੜਾਂ ਵਿਚ ਦਸਮ ਗੁਰੂ ਜੀ ਦੀ "ਅਕਾਲੀ ਬਾਣੀ" ਨਹੀਂ ਛਪਦੀ ਵੇਖੀ ਜਾਂਦੀ, ਜਿਸ ਕਾਰਨ ਭੁਲੇਖਾ ਪੈਂਦਾ ਹੈ ਕਿ ਕੀ ਦਸਮ ਗੁਰੂ ਜੀ ਪਹਿਲੇ ਗੁਰੂ ਸਾਹਿਬਾਨ ਥੀਂ ਵੱਖਰੇ ਗੁਰੂ ਹਨ? ਹਾਲਾਂ ਕਿ ਉਨ੍ਹਾਂ ਦੀ ਬਾਣੀ ਮੌਜੂਦ ਹੈ। ਛੀਵੇਂ, ਸਤਵੇਂ, ਅਠਵੇਂ ਗੁਰੂ ਜੀ ਦੀ ਬਾਣੀ ਯਾਂ ਸੰਮਤੀ ਨੌਵੇਂ ਗੁਰੂ ਦੀ ਬਾਣੀ ਦੇ ਅੰਤਰਗਤਿ ਆ ਜਾਂਦੀ ਹੈ। ਦਸਮ ਗੁਰੂ ਜੀ "ਅਕਾਲੀ ਬਾਣੀ" ਦਾ ਅੱਡਰੀ ਸ਼ਕਲ ਵਿਚ ਆਦਿ ਬੀੜ ਨਾਲ ਨਾ ਛਪਣ ਕਰ ਕੇ 'ਅਡਰਾਪਨ' ਜ਼ਾਹਰ ਕਰਦਾ ਹੈ, ਪ੍ਰੰਤੂ ਹਨ ਦਸੇ ਗੁਰੂ ਇਕੋ ਜੋਤ, ਜੋ ਦਰਜਾ ਯਾਂ ਸਤਿਕਾਰ ਨੌਆਂ ਗੁਰੂ ਸਾਹਿਬਾਨ ਦੀ "ਅਕਾਲੀ ਬਾਣੀ" ਨੂੰ ਹੈ ਸੋਈ 'ਦਸਮ ਗੁਰੂ ਜੀ ਦੀ ਬਾਣੀ ਨੂੰ ਹੈ' ਜੋ ਅਧਿਕਾਰ ਯਾਂ ਦਰਜਾ ਪਹਿਲੇ ਗੁਰੂ ਸਾਹਿਬਾਨ ਦਾ ਹੈ ਸੋਈ ਦਸਮ ਗੁਰੂ ਜੀ ਦਾ ਹੈ। ਦਸਮ ਗੁਰੂ ਜੀ ਨੇ ਤਖ਼ਤ 'ਸ੍ਰੀ ਦਮਦਮਾਂ ਸਾਹਿਬ' ਵਿਖੇ ਪੰਚਮ ਗੁਰੂ ਜੀ ਦੀ ਮਾਨਿੰਦ ਦੁਬਾਰਾ ਬੀੜ ਲਿਖਕੇ ਮੁਕੰਮਲ ਕੀਤੀ, ਪਰ ਉਸ ਦੀ ਬਜਾਏ 'ਦਸਮ ਗ੍ਰੰਥ ਸਾਹਿਬ' ਨਾਮ ਹੇਠਾਂ ਵੱਖਰੀ ਬੀੜ ਦਾ ਪ੍ਰਚਾਰ ਹੁੰਦਾ ਆ ਰਿਹਾ ਹੈ, ਜੋ ਕਿ ਸ੍ਰੀ ਗੁਰੂ ਜੀ ਦੇ 'ਸਚਖੰਡ' ਪਧਾਰਨ ਥੀਂ ਪਿਛੋਂ ਵਖੋ ਵਖ ਰਚਨਾਵਾਂ ਨੂੰ ਇਕੱਤ੍ਰ ਕਰਕੇ ਇੱਕੋ 'ਬੀੜ' ਵਿਚ ਲਿਆਂਦੀਆਂ ਸਨ। ਸਿਖਾਂ ਵਿਚ ਦੋ ਗੁਰੂ

Digitized by Panjab Digital Library | www.panjabdigilib.org

ਗ੍ਰੰਥ ਸਾਹਿਬ ਨਹੀਂ ਹਨ, ਗੁਰੂ ਗੱਦੀ ਕੇਵਲ ਦਸਾਂ ਗੁਰਾਂ ਦੀ ਬਾਣੀ ਨੂੰ ਪ੍ਰਾਪਤ ਹੈ, ਯਾਂ ਤੇ ਨਿਰੋਲ ਦਸਾਂ ਗੁਰਾਂ ਦੀ ਬਾਣੀ ਗੁਰੂ ਹੈ, (ਬਾਣੀ ਗੁਰੂ ਗੁਰੂ ਹੈ ਬਾਣੀ) ਦਸਾਂ ਗੁਰਾਂ ਦੀ ਬਾਣੀ ਪੱਕੀ ਯਾਂ ਧੁਰ ਦਰਗਾਹੀ (ਅਕਾਸ਼ ਬਾਣੀ) ਹੈ, ਇਸ ਦੇ ਮੁਕਾਬਲੇ ਹੋਰ ਸਭ ਰਚਨਾਵਾਂ ਕੱਚੀਆਂ ਔਰ ਮਾਨੁਖ ਕ੍ਰਿਤ ਹਨ। ਅਕਾਲੀ ਬਾਣੀ ਕੇਵਲ 'ਗੁਰੂ ਬਾਣੀ' ਹੈ ਅਰ ਈਹੋ ਗੁਰਮਤ ਯਾਂ 'ਸਿਖ ਮਤ' ਹੈ।

ਦਸਮ ਗੁਰੂ ਜੀ ਦੀ ਸ੍ਰੀ ਮੁਖ ਵਾਕ "ਅਕਾਲੀ ਬਾਣੀ" ਕ੍ਰਮ ਅਨੁਸਾਰ ਲਿਖੀ ਹੋਈ ਨਾ ਛਪਣ ਕਰਕੇ ਅਸੀਂ ਦਸਮ ਗ੍ਰੰਥ ਸਾਹਿਬ ਜੀ ਦੇ ਲਿਖੇ ਕ੍ਰਮ ਅਨੁਸਾਰ ਇਸ ਗ੍ਰੰਥ ਵਿਖੇ ਪੰਗਤੀਆਂ ਦੇ ਕੇ ਨਿਰਨਯ ਕੀਤੇ ਹਨ। ਜਿਸ ਦਿਨ 'ਗੁਰੂ ਖਾਲਸਾ ਪੰਥ' ਨੂੰ ਸਮਾਂ ਮਿਲੂ ਯਾਂ ਲੋੜ ਅਨੁਭਵ ਹੋਊ ਦਸਾਂ ਗੁਰਾਂ ਦੀ ਬਾਣੀ ਪੂਰਤ ਬੀੜਾਂ ਜ਼ਰੂਰ ਛਪਣਗੀਆਂ, ਮੌਜੂਦਾ ਹਾਲਤ ਵਿਚ ਜੋ ਕੁਝ ਹੈ ਉਸ ਪਰ ਵਿਚਾਰ ਕਰਕੇ ਲਾਭ ਲੈਣਾ ਚਾਹੀਦਾ ਹੈ।

ਸਿੱਖ ਧਰਮ ਵਿਚ ਜਿਤਨੇ ਪ੍ਰਚਾਰਕ ਦੇਖੇ ਜਾਂਦੇ ਹਨ ਓਹ ਦੂਜੇ ਮਤਾਂ ਦੇ ਸਿਧਾਂਤ ਯਾਂ ਹਾਲਾਤਾਂ ਤੋਂ ਘੱਟ ਵਾਕਫ ਹੁੰਦੇ ਹਨ, ਜਿਸ ਕਾਰਨ ਸਿਖ ਧਰਮ ਦਾ ਵਾਧਾ ਨਹੀਂ ਕਰ ਸਕਦੇ। ਗੁਰਬਾਣੀ ਵਿਚ ਦੁਨੀਆਂ ਭਰ ਦੇ ਹਰ ਇਕ ਮਤ ਸਿਧਾਂਤ ਸਬੰਧੀ ਰੋਸ਼ਨੀ ਪਾਈ ਗਈ ਹੈ, ਪਰ ਪ੍ਰਚਾਰਕਾਂ ਨੇ ਇਸ ਪਾਸੇ ਬਹੁਤ ਘੱਟ ਧਿਆਨ ਦਿੱਤਾ ਹੈ, ਇਸ ਕਰਕੇ ਅਣਜਾਣ ਸੱਜਣ ਅਨਮਤ ਸਿਧਾਂਤਾਂ ਨੂੰ ਭੀ ਗੁਰਮਤ ਸਿਧਾਂਤ ਮੰਨ ਕੇ ਗਲਤੀਆਂ ਕਰਦੇ ਰਹਿੰਦੇ ਹਨ। 'ਗੁਰਮਤ' ਸਮੂੰਹ ਗੁਰਬਾਣੀ ਹੈ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ (ਨੰਦ ਸਿੰਘ) ਜੀ ਆਦਿ ਗੁਰਸਿਖਾਂ ਨੇ ਉਸ ਦੀ ਵਯਾਖਿਆ ਵਿਚ ਰਚਨਾਂ ਕੀਤੀ ਹੈ, ਸਿਖ ਇਤਿਹਾਸ ਭੀ ਵਯਾਖਿਆ ਸਰੂਪ ਹੈ, ਪਰ ਜੋ ਲਿਖਤ ਗੁਰਬਾਣੀ ਆਸ਼ੇ ਤੋਂ ਵਿਰੁਧ ਹੈ ਚਾਹੇ ਓਹ ਕਿਸੇ ਦੀ ਭੀ ਹੈ, ਮੰਨਣ ਯੋਗ ਨਹੀਂ ਹੈ। ਗੁਰਬਾਣੀ ਵਿਚਾਰ ਦੀ ਕਸੌਟੀ ਸਤਿਗੁਰ ਜੀ ਨੇ "ਇਕ ਓਅੰਕਾਰ ਤੋਂ ਲੈ ਕੇ ਗੁਰ ਪ੍ਰਸਾਦਿ" ਤੀਕ 'ਮੂਲ ਮੰਤ੍ਰ' ਆਰੰਭ ਵਿਚੇ ਲਿਖ ਦਿਤਾ ਹੈ।

'ਧਰਮ' ਮਾਨੁਸ਼ ਮਾਤ੍ਰ ਲਈ ਇਕੋ ਹੈ, ਇਸ ਵਿਚ ਮਿਲਾਵਟ (ਖੋਟ) ਦਾਖਲ ਕਰਨ ਨਾਲ ਧਰਮ ਦੀ ਵਯਾਖਿਆ ਅਡੋ ਅੱਡ ਲਿਖੀ ਮਿਲਦੀ ਹੈ। ਜਿਸ ਤੋਂ ਜਗਯਾਸੂ ਜਨ ਭ੍ਰਮਕੇ 'ਧਰਮ' ਵਲੋਂ ਸੱਖਣੇ ਰਹਿ ਜਾਂਦੇ ਹਨ। ਗੁਰੂ ਜੀ ਨੇ ਫੁਰਮਾਯਾ ਹੈ–'ਏਕੋ ਧਰਮ ਦ੍ਰਿੜੈ ਸਚੁ ਕੋਈ' ਅਰਥਾਤ ਧਰਮ ਇਕੋ ਹੈ ਔਰ ਓਹ 'ਸਚੁ' ਹੈ। ਧਰਮ ਦੇ ਚਾਰ ਪੈਰ ਹਨ, ਚਾਰੇ ਪੈਰ ਧਰਮ ਦੇ (ਨਾਮ, ਦਾਨ, ਸ਼ਨਾਨ, ਗਯਾਨ) ਯਾਂ ਤੇ- 'ਗੁਰਮੁਖ ਨਾਮ ਦਾਨ ਅਸ਼ਨਾਨ।' ਇਸਦੀ ਵਿਚਾਰ ਗੁਰਬਾਣੀ ਵਿਖੇ ਹੈ, ਗੁਰਬਾਣੀ ਵਿਚ ਪੰਜ ਚੀਜ਼ਾਂ ਪ੍ਰਧਾਨ ਹੈਨ–"ਥਾਲ ਵਿਚਿ ਤਿੰਨ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ (ਸਤ, ਸੰਤੋਖ, ਵਿਚਾਰ) ਅੰਮ੍ਰਿਤ ਨਾਮ ਠਾਕੁਰ ਕਾ ਪਇਓ (ਨਾਮ, ਅੰਮ੍ਰਿਤ)" ਸੋ ਇਨ੍ਹਾਂ ਪੰਜਾਂ ਵਸਤਾਂ ਦਾ ਨਾਮ 'ਧਰਮ' ਹੈ, ਜਿਥੇ ਏਹ ਹਨ ਧਰਮ ਮੌਜੂਦ ਹੈ, ਜਹਾਂ ਉਕਤ ਸਿਧਾਂਤ ਨਹੀਂ ਹਨ ਗੁਰਮਤ ਨੇ ਉਸ ਸਿਧਾਂਤ ਨੂੰ ਖਾਰਜ ਕਰ ਦਿੱਤਾ ਹੈ।

Digitized by Panjab Digital Library | www.panjabdigilib.org

ਜਿਨ੍ਹਾਂ ਸਿਧਾਂਤਾਂ ਨੂੰ ਗੁਰੂ ਜੀ ਨੇ ਗੁਰਮਤ ਅਨਕੂਲ ਨਹੀਂ ਮੰਨਿਆਂ, ਯਾਂ ਨਿਰਣਯ ਕੀਤਾ ਹੈ ਅਥਵਾ ਉਸ ਸਿਧਾਂਤ ਦੀ ਜਗ੍ਹਾ ਗੁਰਮਤ ਨੂੰ ਦਿੱਤੀ ਜਾਂ ਪ੍ਰਮਾਣ ਯਾਂ ਦ੍ਰਿਸਟਾਂਤ ਦਿਤੇ ਹਨ ਓਹਨਾਂ ਨੂੰ ਇਸ ਗ੍ਰੰਥ ਵਿਖੇ ਖੋਲ੍ਹਕੇ ਦਸਿਆ ਗਿਆ ਹੈ। ਲਿਖਣ ਵਿਚ ਯਾਂ ਵਯਾਖਿਆ ਕਰਨ ਵਿਚ ਗਲਤੀ ਹੋਣੀ ਸੰਭਵ ਹੈ, ਯਾਂ ਤੇ ਗਲਤੀਆਂ ਵਲੋਂ ਖਿਮਾਂ ਰਖਕੇ ਗੁਰਮਤ ਅਨੁਸਾਰ ਵਿਚਾਰਾਂ ਤੋਂ ਲਾਭ ਪ੍ਰਾਪਤ ਕਰੋ।

## ਦਸਮ ਗ੍ਰੰਥ ਸਾਹਿਬ

ਸ੍ਰੀ ਗੁਰੂ ਦਸਮੇਸ਼ ਜੀ ਦੇ ਸਚ ਖੰਡ ਪਿਆਨ ਤੋਂ ਪਿਛੋਂ ਦਸਮ ਗ੍ਰੰਥ ਨਾਮਕ ਬੀੜ ਤਯਾਰ ਹੋਈ, ਕਈਆਂ ਨੇ ਇਸ ਨੂੰ ਦਸਮ ਪਾਤਸ਼ਾਹ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿਣਾ ਆਰੰਭ ਦਿਤਾ, ਜੋ ਭਾਰੀ ਗਲਤੀ ਸੀ। ਕਿਉਂਕਿ 'ਗੁਰੂ ਗੱਦੀ ਦੀ ਮਾਲਕ ਆਦਿ ਬੀੜ ਓਹੋ ਹੈ ਜਿਸਨੂੰ ਕਿ ਸ੍ਰੀ ਗੁਰੂ ਦਸਮੇਸ਼ ਜੀ ਨੇ ਸਚ ਖੰਡ ਪਿਆਨ ਕਰਨ ਵੇਲੇ ਹਜ਼ੂਰ ਸਾਹਿਬ (ਅਬਚਲ ਨਗਰ) ਵਿਖੇ ਗੁਰੂ ਗੱਦੀ ਦਿਤੀ ਸੀ। ਕਈ ਅਣਜਾਣ ਭਾਈ ਬਿਨਾਂ ਸੋਚੇ ਸਮਝੇ ਦੇ ਮੁਕਾਬਲੇ ਪਰ ਇਸਦੇ ਪਾਠ ਯਾਂ ਅਖੰਡ ਪਾਠ ਕਰਦੇ ਦੇਖੇ ਹਨ ਪਰ ਉਹ ਗੁਰਮਤ ਤੋਂ ਨਾ ਵਾਕਫ ਹੁੰਦੇ ਹਨ। ਸੋ ਦਸਮ ਗ੍ਰੰਥ ਦੀ ਵਾਕਫੀ ਵਿਚਾਰ ਨਾਲ ਪਾਠ ਕਰਕੇ ਹੀ ਹੋ ਸਕਦੀ ਹੈ, ਵਾਕਫੀ ਵਿਚਾਰ ਦੀ ਸਹੂਲਤਾਂ ਵਾਸਤੇ ਇਹ ਦਸਮ ਗ੍ਰੰਥ ਭਾਗ ਲਿਖਿਆ ਗਿਆ ਹੈ, ਜਿਸਨੂੰ ਕਿ **ਗੁਰਮਤ ਮਾਰਤੰਡ** ਅਰਥਾਤ 'ਗੁਰਮਤ ਨਿਰਣਯ ਭੰਡਾਰ' ਦਾ ਉਤ੍ਰਾਰਧ ਭਾਗ ਸਮਝਣਾ ਚਾਹੀਦਾ ਹੈ।

## ਦਸਮ ਗ੍ਰੰਥ ਬਾਣੀ ਵੇਰਵਾ

ਸ੍ਰੀ ਮਾਨ ਭਾਈ ਮਨੀ ਸਿੰਘ ਅਤੇ ਸੁਖਾ ਸਿੰਘ ਵਾਲੀ ਦੋ ਬੀੜਾਂ ਪ੍ਰਚਲਤ ਹਨ। ਭਾਈ ਮਨੀ ਸਿੰਘ ਜੀ ਵਾਲੀ ਨੂੰ ਹੀ ਦਮਦਮ ਸਾਹਿਬ ਵਿਖੇ ਵਿਚਾਰ ਹੋਣ ਕਰਕੇ ਬਾਬਾ ਦੀਪ ਸਿੰਘ ਵਾਲੀ ਬੀੜ ਕਿਹਾ ਜਾਂਦਾ ਹੈ। ਇਸ ਵਿਚ ਛਕੇ, ਭਗੌਤੀ, ਵਾਰ ਸੁਖਮਨਾ ਆਦਿਕ ਰਚਨਾਵਾਂ ਨਹੀਂ ਹਨ। ਇਸ ਵੇਰਵਾ ਸਮੁੱਚਾ ਹੀ ਅਗੇ ਦਰਜ ਕਰਦੇ ਹਾਂ ਯਥਾ—

ਜਾਪੁ, ਅਕਾਲ ਉਸਤਤਿ, ਬਚਿੱਤ੍ਰ ਨਾਟਕ, ਚੰਡੀ ਚਰਿਤ੍ਰ ਪਹਿਲਾ ਔਰ ਦੂਜਾ, ਤੀਜੀ ਵਾਰ ਭਗੌਤੀ, ਗਯਾਨ ਪ੍ਰਬੋਧ, (ਸਮੇਤ ਦਾਨ ਧਰਮ ਦਰਪਨ) ਚੌਬੀਸ ਅਵਤਾਰ, ਜਿਸ ਵਿਚ 'ਰਾਮ' ਕ੍ਰਿਸ਼ਨ, ਕਲਿਕੀ ਆਦਿ ਖਾਸ ਹਨ। ਉਪਵਤਾਰ (ਬ੍ਰਹਮਾਂ ਔਰ ਸ਼ਿਵ ਅਵਤਾਰ ਸ਼ਾਖਾਂ ਹਨ)। ਹਜ਼ਾਰੇ ਸ਼ਬਦ ਪਾ: ੧੦, ਤੇਤੀ ਸਵੈਯੇ, ਖਾਲਸਾ ਮਹਿਮਾਂ, ਸ਼ਸਤ੍ਰ ਨਾਮ ਮਾਲਾ, ਤ੍ਰਿਯਾ ਚਰਿਤ੍ਰ, ਇਨਾਂ ਦੇ ਅੰਤ੍ਰ ਗਤ ਸਬੁਧ ਨਾਮਾਂ ਔਰ ਬੇਨਤੀ ਚੌਪਈ ਪਾ: ੧੦ ਹੈ। ਅਸਫੋਟਕ ਕਬਿਤ, ਜ਼ਫਰ ਨਾਮਹ, ਹਕਾਯਤਾਂ ਗਿਆਰਾਂ, ਪਰ ਅਸੀਂ ਇਸ ਗ੍ਰੰਥ ਵਿਚ ਉਕਤ ਵੇਰਵੇ ਨਾਲ ਨੋਟ ਯਾਂ ਵਿਚਾਰ ਨਹੀਂ ਲਿਖੇ, ਕੇਵਲ ਨਖੇੜਵੇਂ ਪ੍ਰਸੰਗਾ ਦੇ ਨੋਟ ਦਿਤੇ ਹਨ। ਪਾਠਕਾਂ ਨੂੰ ਚਾਹੀਦਾ ਹੈ ਦਿਤੀਆਂ ਸੁਰਖੀਆਂ ਅਨੁਸਾਰ ਵਿਚਾਰਨ। ਗੁਰਬਾਣੀ ਵਿਚੋਂ ਖਾਸ ਖਾਸ ਕਠਨ ਸ਼ਬਦ ਭੀ ਅੱਖਰ-ਕ੍ਰਮ ਅਨੁਸਾਰ ਲਿਖੇ ਹਨ, ਜਿਥੇ ਕੋਈ ਨਿਰਣਯ ਯੋਗ ਪ੍ਰਸੰਗ ਜਾਪਿਆ

Digitized by Panjab Digital Library | www.panjabdigilib.org

ਯਾਂ ਜਿਸ ਦੀ ਵੱਧ ਜ਼ਰੂਰਤ ਭਾਸੀ ਉਥੇ ਹੀ ਸੰਖੇਪ ਨਾਲ ਨੋਟ ਦਿਤੇ ਹਨ।

ਦਸਮ ਗ੍ਰੰਥ ਦੀਆਂ ਕਈ ਪ੍ਰਕਾਰ ਦੀਆਂ ਬੀੜਾਂ ਦੇਖਣ ਵਿਚ ਔਂਦੀਆਂ ਹਨ, ਜਿਨ੍ਹਾਂ ਵਿੱਚ ਬਹੁਤ ਸਾਰੇ ਪਾਠਾਂ ਦੇ ਭੇਦ ਹਨ, ਪਰ ਵਿਸ਼ੇਸ਼ ਕਰਕੇ ਭਾਈ ਮਨੀ ਸਿੰਘ ਜੀ ਸ਼ਹੀਦ ਵਾਲੀ ਤੇ ਭਾਈ ਸੁਖਾ ਸਿੰਘ ਜੀ ਪਟਨੇ ਵਾਲੀ ਬੀੜਾਂ ਪ੍ਰਸਿਧ ਹਨ। ਭਾਈ ਮਨੀ ਸਿੰਘ ਜੀ ਵਾਲੀ ਬੀੜ ਨੂੰ ਭਾਈ ਦੀਪ ਸਿੰਘ ਵਾਲੀ ਵੀ ਕਹਿੰਦੇ ਹਨ। ਭਾਈ ਸੁਖਾ ਸਿੰਘ ਪਟਨੇ ਸਾਹਿਬ ਵਾਲੇ ਨੇ ਜੋ ਬੀੜ ਲਿਖੀ ਸੀ, ਉਹ "ਖਾਸ ਬੀੜ" ਦੇ ਨਾਉਂ ਨਾਲ ਵੀ ਪਰਸਿੱਧ ਹੈ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਭਾਈ ਮਨੀ ਸਿੰਘ ਜੀ ਨੇ ਜੋ ਬੀੜ ਲਿਖੀ ਸੀ, ਉਸ ਪਰ ਸ੍ਰੀ ਦਮਦਮੇ ਸਾਹਿਬ ਖਾਲਸਾ ਜੀ ਦੀ ਵੀਚਾਰ ਹੁੰਦੀ ਰਹੀ।

ਦਸਿਆ ਹੈ ਕਿ ਉਸ ਵੇਲੇ ਰਾਵਾਂ ਦੇ ਦੋ ਧੜੇ ਹੋ ਗਏ ਸਨ, ਅਤੇ ਇਹ ਮਤ ਭੇਦ ਮੁੱਕ ਨ ਸਕਿਆ, ਕਿਉਂਕਿ ਇਕ ਧੜੇ ਦਾ ਖਯਾਲ ਸੀ ਕਿ ਦਸਮ ਗ੍ਰੰਥ ਦੀ ਬੀੜ ਇਕ ਥਾਂ ਰਹੇ, ਪਰ ਦੂਸਰੇ ਖਯਾਲ ਕਰਦੇ ਸਨ ਕਿ ਅੱਡ ਅੱਡ ਪੋਥੀਆਂ ਰੱਖੀਆਂ ਜਾਣ ਅਤੇ ਦਸਮੇਸ਼ ਜੀ ਦੀ ਅਕਾਲੀ ਬਾਣੀ ਇਤਿਹਾਸਕ ਬਾਣੀ ਯਾ ਅਨਮਤੀ ਉਲੱਥਿਆਂ ਦੇ ਨਾਲ ਨ ਰੱਖੀ ਜਾਵੇ। ਅਖੀਰ ਇਹ ਝਗੜਾ ਨਾ ਮੁਕਣ ਪਰ, ਸੰਮਤ ੧੭੯੭ ਵਿਚ ਜਦ ਕਿ ਸ੍ਰੀ ਮਾਨ ਭਾਈ ਮਤਾਬ ਸਿੰਘ ਜੀ ਮੀਰਾਂ ਕੋਟੀਏ ਨੇ ਦਰਬਾਰ ਸਾਹਿਬ ਅਮ੍ਰਿਤਸਰ ਦੀ ਮੱਸੇ ਰੰਘੜ ਵਲੋਂ ਹੋ ਰਹੀ ਬੇਅਦਬੀ ਨ ਸਹਾਰ ਕੇ ਉਸ ਦਾ ਸਿਰ ਵੱਢਿਆ ਸੀ, ਝਗੜੇ ਨੂੰ ਮੁਕਾਉਣ ਲਈ ਇਹ ਸ਼ਰਤ ਰੱਖੀ ਗਈ ਸੀ ਕਿ ਜੇ ਭਾਈ ਮਤਾਬ ਸਿੰਘ ਜੀ ਮੱਸੇ ਰੰਘੜ ਦਾ ਸਿਰ ਕੱਟਕੇ ਵਾਪਸ ਆ ਜਾਣ ਤਾਂ ਦਸਮ ਗ੍ਰੰਥ ਦੀ ਇਕੋ ਬੀੜ ਰਖੀ ਜਾਵੇ ਪਰੰਤੂ ਜੇ ਉਹ ਸ਼ਹੀਦ ਹੋ ਜਾਣ ਤਾਂ ਵੱਖ ਵੱਖ ਪੋਥੀਆਂ ਬਣਾ ਦਿਤੀਆਂ ਜਾਣ।

ਦਸਿਆ ਹੈ ਕਿ ਏਹ ਸ਼ਰਤ ਕੇਵਲ ਝਗੜਾ ਮੁਕੌਣ ਲਈ ਸੀ, ਇਸਤਰਾਂ ਭਾਈ ਮਤਾਬ ਸਿੰਘ ਵਲੋਂ ਮੱਸੇ ਦਾ ਸਿਰ ਵੱਢਕੇ ਜ਼ਿੰਦਾ ਔਣ ਪਰ ਬੀੜ ਇਕੋ ਥਾਂ ਰਹਿ ਗਈ। ਇਹ ਸ਼ਰਤ ਕੋਈ ਗੁਰਮਤ ਅਨੁਸਾਰ ਤਾਂ ਨਹੀਂ ਸੀ, ਸਮੇਂ ਦਾ ਝਗੜਾ ਮੁਕੌਣ ਹਿਤ ਇਕ ਵਿਉਂਤ ਹੀ ਸੀ।

ਜਿਸ ਕਰਕੇ ਦਸਮ ਗ੍ਰੰਥ ਦਾ ਇਕਨੇ ਰਹਿਣਾ ਸੰਭਾਲ ਦੇ ਖਯਾਲ ਅਨਸਾਰ ਤਾਂ ਲਾਭਕਾਰੀ ਰਿਹਾ ਪਰ ਪ੍ਰਚਾਰ ਦੇ ਖਯਾਲ ਨਾਲ ਸਖਤ ਨੁਕਸਾਨ ਕਾਰਕ ਸਿੱਧ ਹੋਯਾ ਕਿਉਂਕਿ ਦਸ਼ਮੇਸ਼ ਜੀ ਦੀ ਸ੍ਰੀ ਮੁਖਵਾਕ ਬਾਣੀ ਵੱਖਰੀ ਰੱਖਣ ਦਾ ਪਰਚਾਰ ਹੋ ਗਿਆ ਅਤੇ ਸ੍ਰੀ ਦਸ਼ਮੇਸ਼ ਜੀ ਨੂੰ ਬਾਕੀ ਗੁਰੂ ਸਾਹਿਬਾਂ ਤੋਂ ਵੱਖਰਾ ਰੱਖਣ ਲਈ ਸਮਿਆਨੇ ਬਣ ਗਏ ਅਤੇ 'ਖਾਲਸਾ ਪੰਥ' ਵਿਚ ਸਿਖੀ ਦੀਆਂ ਕਈ ਲਾਈਨਾਂ ਚੱਲ ਪਈਆਂ।

ਸ੍ਰੀ ਗੁਰੂ ਦਸਮੇਸ਼ ਜੀ ਨੇ ਸਮੂੰਹ ਗੁਰ-ਬਾਣੀ ਨੂੰ ਆਪਣੇ ਅੰਤਮ ਸਮੇਂ ਹਜ਼ੂਰ ਸਾਹਿਬ ਸੰਮਤ੧੭੬੫ ਬਿ:ਵਿਖੇ ਗੁਰੂਗੱਦੀ ਦਿੱਤੀ, ਪਰ ਸ਼ੋਕ! ਦਸਮ ਗੁਰ ਜੀ ਦੀ ਬੀੜ ਜੋ ਸ੍ਰੀ ਦਮਦਮੇ ਸਾਹਿਬ ਵਿਖੇ ਸ੍ਰੀ ਗੁਰੂ ਜੀ ਨੇ ਖੁਦ ਤਿਆਰ ਕਰਵਾਈ ਸੀ ਉਸ ਦਾ ਪਰਚਾਰ ਨਹੀਂ ਹੋ ਸਕਿਆ। ਉਸ ਦੀ

Digitized by Panjab Digital Library | www.panjabdigilib.org

ਬਣਾਏ ਜੋ ਦਸਮ ਗ੍ਰੰਥ ਦੀ ਬੀੜ ਭਾ: ਮਨੀ ਸਿੰਘ ਜੀ ਨੇ ਦਸਮੇਸ਼ ਜੀ ਦੀ ਰਚਨਾ ਤੇ ਇਤਿਹਾਸ ਸੰਭਾਲਣ ਦੇ ਖਿਆਲ ਨਾਲ ਤਿਆਰ ਕੀਤੀ ਸੀ ਉਸੀ ਦਾ ਨਾਮ ਸਮਾਂ ਪਾ ਕੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਨਾਮ ਪੈਣ ਕਰਕੇ ਏਸੇ ਨੂੰ ਗੁਰੂ ਗੱਦੀ ਪਰ ਪ੍ਰਕਾਸ਼ ਕਰਨ ਦਾ ਰਿਵਾਜ ਪੈ ਗਿਆ ਸੀ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਦਸਮੇਸ਼ ਜੀ ਪਾਸੋਂ ਅੰਮ੍ਰਿਤ ਛਕਿਆ ਅਤੇ ਵਿਦਿਆ ਪੜ੍ਹੀ। ਗੁਰੂ ਜੀ ਪਾਸੋਂ ਹੀ ਗੁਰਬਾਣੀ ਨੂੰ ਅਰਥਾਂ ਸਹਿਤ ਪੜ੍ਹਿਆ, ਜਿਸ ਦੀ ਪ੍ਰਨਾਲੀ "ਸੰਪ੍ਰਦਾਈ ਅਰਥ" ਨਾਮ ਨਾਲ ਚਲੀ ਆ ਰਹੀ ਹੈ, ਇਕ ਟਕਸਾਲ ਸ੍ਰੀ ਅੰਮ੍ਰਿਤਸਰ ਜੀ ਵਿਖੇ ਭੀ ਹੈ। ਪ੍ਰਤੀਤ ਹੁੰਦਾ ਹੈ ਕਿ ਭਾਈ ਸਾਹਿਬ ਜੀ ਨੇ ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਦਸ ਗੁਰੂ ਸਾਹਿਬਾਂ ਦੀ ਬਾਣੀ ਇਕੱਠੀ ਇਕ ਬੀੜ ਵਿਚ ਲਿਖੀ, ਪਰ ਕਿਹਾ ਇਹ ਜਾਂਦਾ ਹੈ ਕਿ ਭਾਈ ਸਾਹਿਬ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਤੋਂ ਵਿਰੁਧ ਪਹਿਲੇ ਦੂਜੇ ਤੀਜੇ ਆਦਿ ਗੁਰੂ ਸਾਹਿਬਾਂ ਦੀ ਬਾਣੀ *ਕ੍ਰਮ ਅਨੁਸਾਰ ਲਿਖੀ ਸੀ ਜਿਸ ਕਾਰਨ ਉਸ ਦੀ ਪਰਵਾਨਗੀ ਯਾ ਪਰਚਾਰ ਪਰ ਪੰਥ ਵਿਚ ਮਤ ਭੇਦ ਹੋ ਗਿਆ ਅਤੇ ਭਾਈ ਸਾਹਿਬ ਦੀ ਵਿਰੋਧਤਾ ਕੀਤੀ ਗਈ। ਕਈਆਂ ਨੇ ਤਾਂ ਇਥੋਂ ਤਕ ਲਿਖ ਦਿਤਾ ਹੈ ਕਿ ਪੰਥ ਵਲੋਂ ਆਪ ਨੂੰ ਬੰਦ ਬੰਦ ਕਟੇ ਜਾਣ ਦਾ ਸਰਾਪ ਦਿਤਾ ਗਿਆ ਸੀ। ਭਾਵੇਂ ਹੁਣ ਤਕ ਇਸ ਬਾਤ ਦਾ ਕੋਈ ਨਿਰ-ਣਯ ਨਹੀਂ ਹੋਇਆ ਕਿ ਅਸਲੀਯਤ ਕੀ ਸੀ ਪਰ ਭਾ: ਮਨੀ ਸਿੰਘ ਜੀ ਉੱਚ ਕੋਟੀ ਦੇ ਵਿਦਵਾਨ ਤੇ ਗੁਰੂ ਜੀ ਦੇ ਅਨੰਨਜ ਸਿਦਕੀ ਸਿੱਖ ਸਨ। ਆਪ ਪਾਸੋਂ ਗੁਰੂ ਆਸ਼ੇ ਤੋਂ ਵਿਰੁਧ ਜਾਣ ਬੁਝ ਕੇ ਐਸੀ ਗਲਤੀ ਹੋਣੀ ਅਸੰਭਵ ਬਾਤ ਸੀ। ਹੁਣ ਤਕ ਇਹ ਵੀ ਪੱਕਾ ਨਿਰਣਯ ਨਹੀਂ ਹੋ ਸਕਿਆ ਕਿ ਭਾਈ ਸਾਹਿਬ ਨੇ ਜੋ ਬੀੜ ਤਿਆਰ ਕੀਤੀ ਸੀ ਓਹ ਕਿਸ ਥਾਂ ਹੈ, ਅਥਵਾ ਕੇਹੜੀ ਹੈ। ਯਾਤੇ ਇਹ ਬਾਤ ਖਾਸ ਵਿਚਾਰ ਗੋਚਰੀ ਹੈ। ਇਨ੍ਹਾਂ ਨੇ ਜੋ ਦਸਮ ਗ੍ਰੰਥ ਦੀ ਪੋਥੀ ਲਿਖੀ ਸੀ, ਭਾਈ ਸੁਖਾ ਸਿੰਘ ਪਟਨੇ ਵਾਲੇ ਨੇ ਉਸ ਤੋਂ ਵਿਰੁੱਧ ਇਸ ਵਿਚ ਭਗਉਤੀ ਸ੍ਤੋਤ੍ਰ ਆਦਿ ਸ਼ਾਮਲ ਕਰਕੇ ਹੋਰ ਬੀੜ ਲਿਖੀ ਅਤੇ 'ਭਗਉਤੀ ਦੀ ਵਾਰ' ਆਦਿ ਬਾਣੀ ਸ਼ਾਮਲ ਕਰ ਦਿਤੀ। ਇੱਕਰ ਕਈ ਭੇਦ ਚਲ ਪਏ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ਛੋਟੀ ਉਮਰ ਤੋਂ ਲੈ ਕੇ ਗੁਰੂ ਘਰ ਵਿਖੇ ਪਲੇ ਅਰ ਸੰਮਤ ੧੭੬੧ ਵਿਚ ਸ੍ਰੀ ਅਨੰਦ ਪੁਰ ਸਾਹਿਬ ਦੇ ਜੰਗ ਸਮੇਂ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਸਾਥ ਲੈ ਕੇ ਦਿੱਲੀ ਪਹੁੰਚੇ ਸਨ। ਸ੍ਰੀ ਗੁਰੂ ਦਸਮੇਸ਼ ਜੀ ਨੇ ਜੋ ਬੀੜ ਸੰਮਤ ੧੭੬੨-੬੩ ਵਿਚ ਤਖਤ ਸ੍ਰੀ ਦਮਦਮਾ ਸਾਹਿਬ (ਗੁਰੂ ਕਾਸ਼ੀ, ਸਾਬੋ ਕੀ ਤਲਵੰਡੀ) ਵਿਖੇ ਤਿਆਰ ਕਰਵਾਈ ਉਸ ਦੇ ਲਿਖਾਰੀ ਏਹੀ ਸਨ।

ਭਾਈ ਸਾਹਿਬ ਜੀ ਸੰਮਤ ੧੭੭੮

*ਕਈਆਂ ਦਾ ਖਿਆਲ ਹੈ ਕਿ ਭਗਤਾਂ ਦੀ ਬਾਣੀ ਇਕੱਠੀ ਇਕ ਥਾਂ ਯਾਂ ਇਕ ਪੋਥੀ ਵਿਚ ਅੱਡਰੀ ਰਖਣੇ ਦਾ ਪ੍ਰਚਾਰ ਉਸ ਸਮੇਂ ਤੋਂ ਚੱਲਿਆ ਹੈ ਜਿਵੇਂ ਅਜ ਕਲ ਵੀ ਭਗਤਾਂ ਦੀ ਬਾਣੀ ਛਾਪੇ ਵਿਖੇ ਵਖਰੀ ਛਪਦੀ ਹੈ।

(ਪੜ੍ਹੋ ਗ੍ਰੰਥ ਬੀੜਾਂ ਦੇ ਭੇਦ)

Digitized by Panjab Digital Library | www.panjabdigilib.org

ਇਹ: ਵਿਖੇ ਸ੍ਰੀ ਮਾਤਾ ਸੁੰਦਰ ਕੌਰ ਜੀ ਦੀ ਆਗਿਆ ਅਨੁਸਾਰ ਪੰਥ ਵਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਥਾਪੇ ਸਨ। ਆਪ ਦਾ ਜਨਮ ਮਾਲਵੇ ਦੇ ਉੱਘੇ ਟੱਗਰ ਲੌਂਗੋਵਾਲ ਦਾ ਸੀ, ਆਪ ਸੰਮਤ ੧੭੯੪ ਵਿਚ ਲਾਹੌਰ ਵਿਖੇ ਸ਼ਹੀਦ ਹੋਏ।

## ਦਸਮ ਗ੍ਰੰਥ ਦੇ ਲਿਖਾਰੀਆਂ ਵੱਲੋਂ ਗੜ ਬੜ

ਅਨਜਾਨ ਅਤੇ ਅਨੰਮਤੀ ਲਿਖਾਰੀਆਂ ਦੀ ਕ੍ਰਿਪਾ ਨਾਲ ਬੀੜਾਂ ਵਿਚ ਪਾਠਾਂ ਦੇ ਮਤ ਭੇਦ ਯਾਂ ਉਕਾਈਆਂ ਮਿਲਦੀਆਂ ਹੈਨ, ਲਿਖਤੀ ਬੀੜਾਂ ਦੇ ਕਾਫੀ ਭੇਦ ਹਨ, ਬਲਕਿ ਛਾਪੇਖਾਨੇ ਵਿਚ ਆ ਚੁਕੀ ਬੀੜਾਂ ਦੇ ਪਾਠਾਂ ਵਿਚ ਭੀ ਫਰਕ ਮਿਲਦੇ ਹਨ, ਜਿਨਾਂ ਦੇ ਦੱਸਣ ਲਈ ਇਕ ਵਡੀ ਪੋਥੀ ਦੀ ਲੋੜ ਹੈ। ਜਦ ਤੋਂ ਮਿਠੀ ਤੇ ਖਾਰੀ ਆਦਿ ਨਾਮ ਬੀੜਾਂ ਦੇ ਫਰਕ ਪਏ, ਇਹ ਵਧਦੇ ਹੀ ਗਏ। ਭਾਵੇਂ ਗਿਆਨੀਆਂ ਨੇ ਯਤਨ ਭੀ ਕੀਤੇ ਕਿ ਕਿਵੇਂ ਪਾਠ ਇਕੋ ਰਹਿਣ ਪਰ ਇਹ ਯਤਨ ਪੂਰਨ ਸਫਲਾ ਨਾ ਹੋਇਆ ਕਿਉਂਕਿ ਸ਼ੁਧ ਛਪਾਈ ਤੇ ਲਿਖਾਈ ਦਾ ਆਮ ਪੱਕਾ ਪ੍ਰਬੰਧ ਨਾ ਹੋ ਸਕਿਆ ਵਿਸ਼ੇਸ਼ ਕਰਕੇ ਦਸਮ ਪਾਤਸ਼ਾਹ ਦੀ ਬਾਣੀ ਦੀ ਲਿਖਾਈ ਵੱਖਰੀ ਲਿਖਣ ਕਰਕੇ ਬਹੁਤ ਅਸ਼ੁਧ ਛਪੀ ਤੇ ਲਿਖੀ ਗਈ ਹੈ। ਬੀੜਾਂ ਦੇ ਭੀ ਕਈ ਧੁਰਵੇ ਦਸੇ ਜਾਂਦੇ ਹਨ, ਖਾਸ ਕਰ ਦਸਮ ਗ੍ਰੰਥ ਦੀ ਦੋ ਬੀੜਾਂ ਤੇ ਪ੍ਰਸਿਧ ਹਨ, ਪਰ ਦਸਮ ਗ੍ਰੰਥ ਦੇ ਪਾਠ ਕਰਨੇ ਤੋਂ ਪਤਾ ਲਗਦਾ ਹੈ ਕਿ ਪਾਠਾਂ ਦੇ ਬਹੁਤ ਭੇਦ ਹਨ।

(ਪੜ੍ਹੋ ਦਸਮ ਬਾਣੀ ਸੰਗ੍ਰਹ)

ਦੂਰ ਨਾ ਜਾਵੋ। ਦਸਮ ਗੁਰੂ ਜੀ ਦੀ ਸ੍ਰੀ ਮੁਖਵਾਕ ਬਾਣੀ ਜੋ 'ਹਜ਼ਾਰੇ ਸ਼ਬਦ' ਨਾਮ ਸੇ ਵੱਖਰੀ ਲਿਖੀ ਮਿਲਦੀ ਹੈ ਇਹ ਰਾਗਾਂ ਵਿਚ ਹੈ ਪਰ ਲਿਖਾਰੀਆਂ ਨੇ ਇਸ ਨੂੰ ਹਜ਼ਾਰੇ ਸ਼ਬਦ, ਕਈਆਂ ਨੇ ਭਿਨ੍ਹਨ ਪਦੇ ਲਿਖਿਆ ਹੈ। ਗੁਰੂ ਜੀ ਨੇ ਇਹ ਨੌ ਸ਼ਬਦ ਵਖੋ ਵਖ ਰਾਗਾਂ ਵਿਚ ਉਚਾਰੇ ਸਨ, ਪਰ ਕਈ ਬੀੜਾਂ ਵਿਚ ਇਹ ਦਸ ਹਨ। ਭਾਵ ਖਿਆਲ ਪਾਤਸ਼ਾਹੀ ੧੦ ਸ਼ਬਦ ਵਿਖੇ ਦਰਜ ਹੈ। ਕਿਧਰੇ ਇਹ ਸ਼ਬਦ ਵਖਰਾ ਭੀ ਹੈ ਕਿਤੇ ਉੱਕਾ ਨਹੀਂ ਹੈ ਇਸ ਵਿਚ ਭੀ ਕਿਤੇ 'ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ' ਪਾਠ ਹੈ ਕਿਤੇ ਹਾਲ ਮੁਰੀਦਾਂ ਦਾ ਕਹਿਣਾ ਹੈ, ਕਈ ਬੀੜਾਂ ਵਿਚ ਰਾਗੁ ਸੋਰਠ ਪਾਤਸ਼ਾਹੀ ੧੦ ਲਿਖਕੇ ਪਹਿਲਾ 'ਜੋਗੀ ਜੋਗ ਜਟਨ ਮੈਂ ਨਾਹੀ'' ਸ਼ਬਦ ਹੈ ਤੇ ਦੂਜਾ 'ਭੇਖੀ ਜੋਗ ਨ ਭੇਖ ਦਿਖਾਏ' ਸ਼ਬਦ ਹੈ ਪਰ ਗੁਟਕਿਆਂ ਯਾਂ ਪੋਥੀਆਂ ਵਿਚ ਇਹ ਸ਼ਬਦ ਨਹੀਂ ਹਨ, ਏਸੇ ਤਰਾਂ ਕਿਧਰੇ 'ਜੰਗ ਨਾਮਾ' ਸਿਰ ਲੇਖ ਹੈ, ਕਿਸੇ ਬੀੜ ਵਿਚ ਜ਼ਫਰਨਾਮਹ ਲੇਖ ਹੈ, ਕਿਸੇ ਬੀੜ ਵਿਚ ਤਾਂ ਅਸਫੋਟਕ ਛੰਦਾਂ ਦੀ ਸੁਰਖੀ ਹੈ, ਕਿਤੇ ਅਸਫੋਟਕ ਹੈ, ਕਿਧਰੇ ਇਹ ਛੰਦ ਅਗੇ ਪਿਛੇ ਹੈਨ ਤੇ ਕਿਤੇ ਹਨ ਹੀ ਨਹੀਂ। ਕਿਤੇ ਖਿਆਲ ਪਾਤਸ਼ਾਹੀ ੧੦ ਇਨਾਂ ਅਸਫੋਟਕਾਂ ਦਾ ੪੨ ਅੰਕ ਤੋਂ ਅਗਲਾ ੪੩ ਅੰਕ ਦਾ ਸ਼ਬਦ ਹੈ। ਚੰਡੀ ਦੀ ਵਾਰ ਕਿਸੇ ਵਿਚ ਹੈ ਕਿਸੇ ਵਿਚ ਨਹੀਂ ਹੈ। ਕਿਧਰੇ ਭਗਉਤੀ ਵਾਰ ਨੂੰ ਵਾਰ ਦੁਰਗਾ ਭੀ ਲਿਖਿਆ ਹੈ ਤੇ ਕਈ ਚੰਡੀ ਦੀ ਵਾਰ ਲਿਖਦੇ ਹਨ। ਬਾਣੀ ਜਾਪ ਦੇ ਕਿਤੇ ੧੯੮ ਅੰਕ ਕਿਤੇ ੧੯੯ ਕਿਤੇ ੨੦੦

Digitized by Panjab Digital Library | www.panjabdigilib.org

ਹੈਨ ਇਸ ਤਰਾਂ ਅੰਕਾਂ ਵਿਚ ਭੀ ਵਾਧੇ ਘਾਟੇ ਹਨ।

ਦਸਮ ਗ੍ਰੰਥ ਦੀ ਬੀੜਾਂ ਦਾ ਇਕੋ ਤਰਾਂ ਦਾ ਤਤਕਰਾ ਬਹੁਤ ਘੱਟ ਮਿਲਦਾ ਹੈ, ਪ੍ਰਤੀਤ ਹੁੰਦਾ ਹੈ ਕਿ ਜਿਥੇ ਜਿਸਨੂੰ ਕੋਈ ਬਾਣੀ ਮਿਲੀ ਉਥੇ ਹੀ ਲਿਖ ਦਿਤੀ ਹੈ, ਨਿਰਣਯ ਕਰਨ ਦਾ ਸਮਾਂ ਨਹੀਂ ਮਿਲਿਆ ਜਾਂ ਹੋ ਹੀ ਨਾ ਸਕਿਆ। ਆਮ ਕਰਕੇ ੧੫ ਸੁਰਖੀਆਂ ਦਾ ਤਤਕਰਾ ਵੇਖੀਦਾ ਹੈ ਜਿਹਾ ਕਿ ੧ਜਾਪ, ੨ ਅਕਾਲ ਉਸਤਤ ੩ ਬਚਿਤਰ ਨਾਟਕ, ੪ ਚੰਡੀ ਚਰਿਤ੍ਰ ਉਕਤ ਬਿਲਾਸ, ੫ ਚੰਡੀ ਚਰਿਤ੍ਰ ਨੰ: ੨ ਛੰਦਾਂ ਦਾ, ੬ ਵਾਰ ਸ੍ਰੀ ਭਗਉਤੀ ਜੀ ਕੀ, ੭ ਗਿਆਨ ਪ੍ਰਬੋਧ, ੮ ਚੌਬੀਸ ਅਵਤਾਰ, ੯ ਹਜ਼ਾਰੇ ਸ਼ਬਦ, ੧੦ ਤੇਤੀਸ ਸ੍ਵੈਯੇ, ੧੧ ਸ੍ਵੈਯੇ, 'ਜੋ ਕਿਛੁ ਲੇਖ ਲਿਖਯੋ ਬਿਧਨਾ' ੧੨ ਸ਼ਸਤ੍ਰ ਨਾਮ ਮਾਲਾ, ੧੩ ਪਖਯਾਨ ਚਰਿਤ੍ਰ, ੧੪ ਅਸ ਫੁਟਕ ਛੰਤ, ੧੫ ਜ਼ਫਰ ਨਾਮਹ ਸੋ ਇਹ ਪੰਦਰਾਂ ਦਾ ਵੇਰਵਾ ਕਈ ਤਰਾਂ ਸੇ ਹੈ ਭਾਵ ਤਰਤੀਬ ਕੋਈ ਖਾਸ ਨਹੀਂ ਦਿਤੀ ਗਈ, ਜਿਸ ਤੋਂ ਸਿੱਧ ਹੈ ਕਿ ਜੋ ਕੁਛ ਕਿਸੀ ਨੂੰ ਮਿਲਿਆ ਜਹਾਂ ਵੇਖਿਆ ਲਿਖ ਲਿਆ ਯਾ ਜੋ ਪੋਥੀ ਮਿਲੀ ਉਤਨੀ ਹੀ ਨਕਲ ਕਰ ਲਈ। ਕਈਆਂ ਵਿਚ ਹਕਾਯਤਾਂ ਹਨ ਕਿਧਰੇ ਨਹੀਂ ਹਨ, ਕਈਆਂ ਵਿਚ ਅਸਫੋ-ਟਕ ਛੰਦਾਂ ਨਾਲ 'ਜੋ ਕਿਛ ਲੇਖ ਲਿਖਯੋ' ਨਾਲੇ ਅੰਕ ਦੇ ਕੇ ਲਿਖੇ ਹਨ ਸਿਧਾਂਤ ਕੀ! ਇਕ ਦੂਜੀ ਬੀੜ ਨਾਲ ਮੁਖ ਲੇਖ ਵੀ ਨਹੀਂ ਰਲਦੇ। ਪਾਠਾਂ ਵਿਚ ਮਤ ਭੇਦ ਤਾਂ ਬਹੁਤ ਹੀ ਹਨ ਜੋ ਵਿਸਥਾਰ ਦੇ ਡਰ ਤੋਂ ਏਥੇ ਨਹੀਂ ਦੇ ਸਕਦੇ।

ਅਸਲੋਂ ਇਹ ਬਾਣੀਆਂ ਸੰਭਾਲ ਰਖਣ ਦੇ ਖਿਆਲ ਨਾਲ ਇਕੱਠੀਆਂ ਰੱਖੀਆਂ ਸਨ ਪਰ ਅਨਜਾਣ ਲੋਕ ਇਸ ਨੂੰ ਦਸਮ ਗ੍ਰੰਥ ਸਾਹਿਬ ਜਾਂ ਦਸਮੇਂ ਗੁਰੂ ਜੀ ਦਾ ਗੁਰੂ ਗ੍ਰੰਥ ਸਾਹਿਬ ਕਹਿਣ ਲਗ ਪਏ, ਕਈਆਂ ਨੇ ਲਿਖਿਆ ਹੈ 'ਗ੍ਰੰਥ ਪਾਤਸ਼ਾਹੀ ੧੦' ਕਿਧਰੇ ਸਾਰੀਆਂ ਬਾਣੀਆਂ ਨੂੰ ਹੀ ਬਚਿਤਰ ਨਾਟਕ ਦੀ ਸੁਰਖੀ ਹੈ। ਕੋਈ ਲਿਖਦਾ ਹੈ 'ਸ੍ਰੀ ਗੁਰੂ ਗ੍ਰੰਥ ਦਸਮ ਪਾਤਸ਼ਾਹੀ ਕਾ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਮ ਪਾਤਸ਼ਾਹੀ।' ਕਿਸੇ ਪਰ ਲਿਖਿਆ ਹੈ ਸ੍ਰੀ ਮਾਨ ਦਸਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਦਸਮ ਗ੍ਰੰਥ ਸਾਹਿਬ, ਕਿਧਰੇ ਕੇਵਲ ਗ੍ਰੰਥ ਜੀ ਹੈ। ਸਿਟਾ ਕੀ! ਜਿਸ ਜਿਸ ਲਿਖਾਰੀ ਨੂੰ ਜੋ ਬਾਤ ਪਸੰਦ ਆਈ ਉਪਰ ਲਿਖ ਦਿਤੀ ਹੈ ਕਿਉਂਕਿ ਦਸਮ ਗੁਰੂ ਜੀ ਦੇ ਸਮੇਂ ਇਹ ਬਾਣੀਆਂ ਵਖੋ ਵੱਖ ਪੋਥੀਆਂ ਵਿਚ ਸਨ। ਕਈ ਛੰਦ ਵੀ ਲਿਖਣੇ ਵੇਲੇ ਕਿਤੇ ਦੇ ਕਿਤੇ ਲਗਾਏ ਗਏ ਹਨ, ਕਿਧਰੇ ਸ੍ਰੀ ਮੁਖ ਬਾਣੀ ਨਾਲੇ ਦੇਵੀ ਪਰਾਣ ਦੀ ਕਥਾ ਜੋੜ ਦਿਤੀ ਹੈ। ਕਿਧਰੇ ਅਵਤਾਰ ਕਥਾ ਦਾ ਪ੍ਰਸੰਗ ਅਕਾਲੀ ਬਾਣੀ ਨਾਲ ਰਲਾ ਦਿਤਾ ਹੈ ਜਾਂ ਉਸ ਵਿਚ ਬਾਣੀ ਦਰਜ ਹੈ। ਅਕਾਲ ਉਸਤਤ ਦਾ ਨਾਮ ਭੀ ਕਿਧਰੇ 'ਅਕਾਲ ਜੀ ਕੀ ਉਸਤਤ' ਹੈ ਕਿਸੇ ਨੇ ਆਰੰਭ ਵਿਚ ਉਤਾਰਾ ਖਾਸੇ ਦਸਖਤ•ਕਾ ਪਾਤਸ਼ਾਹੀ ੧੦ ਦਿਤਾ ਹੈ। ਇਸਤਰਾਂ ਨਾਮ ਜਾਂ ਸਿਧਾਂਤ ਭੀ ਬਦਲੇ ਹਨ। ਸ੍ਰੀ ਮੁਖ ਬਾਣੀ 'ਹਜ਼ਾਰੇ ਸ਼ਬਦ' ਬਿਸ਼ਨ ਪਦੇ, ਰਾਮਕਲੀ ਪਾਤਸ਼ਾਹੀ ੧੦ ਆਦਿ ਸੁਰ-ਖ਼ੀਆਂ ਹਨ, ਕਿਧਰੇ ਇਹ ਨੌਂ ਸ਼ਬਦ ਕਿਤੇ ਦਸ ਤੇ ਕਈ ਬੀੜਾਂ ਵਿਚ ਬਾਰਾਂ ਭੀ ਹੈਨ ਕਈਆਂ ਵਿਚ ਤੁਕਾਂ ਭੀ ਘੱਟ ਵੱਧ

Digitized by Panjab Digital Library | www.panjabdigilib.org

ਹਨ, ਤੇਤੀਸ਼ ਸੈਯੇ ਕਿਤੇ ਤਾਂ ਪੂਰੇ ਹਨ ਕਿਸੀ ਬੀੜ ਵਿਚ ਬੱਤੀਸ ਹਨ, ਜਾਗਤ ਜੋਤ ਵਾਲਾ ਪਹਿਲਾ ਸਵਈਆ ਨਹੀਂ ਹੈ। ਸ਼ਸਤਰ ਨਾਮ ਮਾਲਾ ਨੂੰ ਕਿਧਰੇ 'ਨਾਮ ਮਾਲਾ ਪਰਾਣ' ਕਰਕੇ ਲਿਖਿਆ ਹੈ। ਪਖਜਾਨ ਚਰਿਤਰ ਵੀ ਕਿਧਰੇ 'ਚਰਿਤਰ' ਹੀ ਹਨ ਅਰ ਏਹ ਗਿਣਤੀ ਵਿਚ ਭੀ ਘੱਟ ਵੱਧ ਦਿਤੇ ਹਨ।

ਅਸਫੋਟਕ ਛੰਦਾਂ ਦੇ ਅੰਤ ਪਰ ਕਈਆਂ ਨੇ 'ਲੱਖੀ ਜੰਗਲ ਖਾਲਸਾ' ਸ਼ਬਦ ਦਿਤਾ ਹੈ ਅਰ ਇਸ ਦੇ ਪਾਠ ਵੀ ਕਈ ਹਨ, ਕਿਧਰੇ ਇਹ ਸ਼ਬਦ-ਹੈ ਹੀ ਨਹੀਂ, ਜ਼ਫਰ ਨਾਮਹ ਫਾਰਸੀ ਸ਼ਬਦਾਂ ਵਿਚ ਹੋਣ ਕਰਕੇ ਬਹੁਤ ਗਲਤ ਲਿਖਿਆ ਹੈ ਕਿਉਂਕਿ ਜਦੋਂ ਤਕ ਕੋਈ ਫਾਰਸੀ ਨਹੀਂ ਜਾਣਦਾ ਸੁਧ ਨਹੀਂ ਲਿਖ ਸਕਦਾ, ਐਸੇ ਹੀ ਲਿਖਾਰੀਆਂ ਨੇ ਕਿਤੇ ਜੰਗ ਨਾਮਾ ਤੇ ਕਈ ਬੈਂਤ ਪਾਃ ੧੦ ਲਿਖਦੇ ਹਨ। ਕਈਆਂ ਨੇ 'ਲਖੀ ਜੰਗਲ ਖਾਲਸਾ' ਸ਼ਬਦ ਨੂੰ ਮਾਝ ਸ੍ਰੀ ਮੁਖ ਪਾਤਸ਼ਾਹੀ ੧੦ ਲਿਖ ਦਿਤਾ ਹੈ ਜਿਸ ਕਰਕੇ ਦੂਜੇ ਲਿਖਾਰੀਆਂ ਨੇ ਹਜ਼ਾਰੇ ਸ਼ਬਦਾਂ ਨਾਲ ਰਲਾ ਕੇ ਲਿਖ ਦਿਤਾ ਹੈ, ਕਈ ਥਾਵੀਂ ਇਸੇ ਨਾਲ 'ਸੰਸਾਹਰਿ ਸੁਖਮਨਾ' ਮਾਲ ਕਉਸ ਦੀ ਵਾਰ ਲਿਖੀ ਹੈ, ਇਸਤਰਾਂ ਬਾਣੀਆਂ ਦੇ ਕਿਤਨੇ ਹੀ ਵੇਰਵੇ ਹੈਨ ਜੋ ਵਿਸਥਾਰ ਦੇ ਡਰ ਤੋਂ ਨਹੀਂ ਲਿਖੇ। ਹੈਰਾਨੀ ਇਹ ਹੈ ਕਿ ਸੰਸਾਹਰਿ ਸੁਖਮਨਾ ਜਿਸ ਦੀ ਚੌਬੀਸ ਪੌੜੀਆਂ ਹਨ ਅਰ ਵਾਰ ਮਾਲ ਕਉਸਕੀ ਜੋ ਗਿਆਰਾਂ ਪੌੜੀਆਂ ਵਿਚ ਹੈ, ਇਸ ਦੇ ਅੰਤ ਪਰ "ਨਾਨਕ ਜੇ ਪ੍ਰਭ ਭਾਵਹਿਗੇ, ਹਰਿ ਜੀ ਹਰਿ ਮੰਦਰ ਆਵਹਿਗੇ" ਇਹ ਨਾਨਕ ਨਾਮ ਹੇਠਾਂ ਬਾਣੀ ਕਿਥੋਂ ਆਈ? ਕਿਉਂ ਕਿ ਦਸਮੇਸ਼ ਜੀ ਨੇ ਨਾਨਕ ਸ਼ਬਦ ਨਹੀਂ ਵਰਤਿਆ, ਕਈਆਂ ਵਿਚ ਵਾਰ ਸ੍ਰੀ ਭਗਉਤੀ ਜੀ ਕੀ ਉੱਕੀ ਨਹੀਂ ਹੈ, ਕਈਆਂ ਵਿਚ 'ਭਗਤ ਭਗੌਤੀ ਤਿਸਹ ਕੀ ਜੋ ਜਨ ਧੀਰ ਧਰੈ' ਇਥੋਂ ਵਾਰ ਅਰੰਭ ਹੁੰਦੀ ਹੈ।

ਭਾਈ ਸੁਖਾ ਸਿੰਘ ਜੀ ਪਟਨੇ ਸਾਹਿਬ ਵਾਲਿਆਂ ਨੇ ਜੋ ਬੀੜ ਲਿਖੀ ਉਸ ਵਿਚ ਭਗੌਤੀ ਸਤੋਤ੍ਰ ਛਕੇ ਆਦਿ ਪਾ ਕੇ ਦੇਵੀ ਉਸਤਤ ਦੀ ਕਾਫੀ ਮੱਦਦ ਕੀਤੀ ਹੈ, ਭਗਉਤੀ ਵਾਰ ਵਿਚ ਕਿਧਰੇ ਪਚਵੰਜਾ ਪੌੜੀਆਂ ਹਨ ਕਿਧਰੇ ਘੱਟ ਵੱਧ ਵੀ ਹੈਨ, ਥਾਂ ਥਾਂ ਸ੍ਰੀ ਭਗਉਤੀ ਜੀ-ਜੀ ਸਹਾਇ ਲਿਖਕੇ ਮੂਲਮੰਤ੍ਰ ਇਕ ਓਅੰਕਾਰ ਸਤਿਗੁਰ ਪ੍ਰਸਾਦਿ ਨੂੰ ਪਿਛੇ ਪਾਇਆ ਹੈ।

ਪ੍ਰਤੀਤ ਹੁੰਦਾ ਹੈ ਕਿ ਦੇਵੀ ਭਗਤੀ ਪ੍ਰਚਾਰ ਲਈ ਸ੍ਰੀ ਦਸਮ ਗੁਰੂ ਜੀ ਨੂੰ 'ਦੇਵੀ ਭਗਤ' ਸਿੱਧ ਕਰਨੇ ਦੇ ਐਸੇ ਸਾਧਨ ਹਨ ਅਰ ਇਸ ਬੀੜ ਨੂੰ ਗੁਰ ਗੱਦੀ ਪਰ ਪਰਕਾਸ਼ ਕਰਨੇ ਦਾ ਭੀ ਏਸੇ ਕਰਕੇ ਪਰਚਾਰ ਕੀਤਾ ਗਿਆ ਹੈ। ਯਾਂ ਤੇ ਦਸਮ ਗ੍ਰੰਥ ਦੇ ਨਿਰਣਯ ਹਿਤ ਕਾਫੀ ਯਤਨ ਦੀ ਲੋੜ ਹੈ। ਕਈ ਅਣਜਾਣ ਭਾਈ ਦਸਮ ਗ੍ਰੰਥ ਦਾ ਅਖੰਡ ਪਾਠ ਭੀ ਕਰਨ ਲਗ ਪਏ ਸਨ, ਗੁਰੂ ਜੀ ਦੀ ਕ੍ਰਿਪਾ ਨਾਲ ਇਹ ਪ੍ਰਚਾਰ ਹੁਣ ਬੰਦ ਹੋ ਗਿਆ ਹੈ।

ਪਾਠਾਂ ਵਿਚ ਜੋ ਭੇਦ ਹਨ ਓਹ ਮਮੂਲੀ ਨਹੀਂ ਬਲਕਿ ਕਾਫੀ ਹਨ, ਜੈਸਾ ਕਿ ਦੇਵ ਲਰਜੇ—ਦੈਤ ਲਰਜੇ। ਜੈਸੇ ਦਾਦਰ-ਜੈਸੇ ਦਾਦੁਦ। ਪਾਇਕੈ ਤੀਰਥਨ-ਪਾਇਕੈ ਸਯਾਮ। ਬਿਯਾਕਰਨ ਚਰੈ—ਬਯਾਸ ਉਚਰੈ। ਗੰਗ ਨੀਰ-ਜਮੁਨ ਤੀਰ। ਤੁਮ ਸੰਤ-ਪ੍ਰਭ ਸੰਤ। ਜੈ ਦੇਵੀ ਭੇਵੀ-ਜੈ ਜੈ ਦੇਵੀ ਇੱਕਰ

Digitized by Panjab Digital Library | www.panjabdigilib.org

ਬਹੁਤ ਭੇਦ ਹੈਨ। ਇਹ ਨਿਰੇ ਇਤਿਹਾਸਕ ਬਾਣੀ ਵਿਚ ਨਹੀਂ ਬਲਕਿ ਸ੍ਰੀ ਮੁਖ ਵਾਕ ਵਿਖੇ ਭੀ ਬਹੁਤ ਹਨ ਜਿਹਾ ਕਿ ਜਾਪ ਵਿਚ ਅਨਭਉ ਤੇ ਅਨਭਵ ਹੈ, ਕਈ ਥਾਈਂ ਅੱਖਰ ਭੀ ਛਡੇ ਗਏ ਹਨ, ਜੈਸਾ ਕਿ ਸਦੈਵੰ–ਕਿ ਸਦੈਵੰ। ਪੁਨਾ–ਨਮਸਤਸਤ–ਨਮੋ ਸਰਬ, ਆਦਿ ਐਸੇ ਹੀ ਅਕਾਲ ਉਸਤਤ ਵਿਖੇ। ਦਰੰਤ-ਤੁਰੰਤ। ਉਦਾਰ-ਬਿਦਾਰ ਨ ਸੋਚ ਹੈ–ਨ ਸੋਕ ਹੈ। ਅਭੇਖ ਹੈ–ਭੇਖ ਹੈ ਇੱਕਰ ਕਿਤਨੇ ਭੇਦ ਹੰਨ। ਪੁਨਾ–ਧਨਯ-ਧਨ ਜਯੋ। ਧਨ ਜਿਉਂ, ਧਨ ਇਓਂ। ਕਈ ਤਾਂ ਇਸਤਰਾਂ ਦੇ ਚਾਰ ਚਾਰ ਪਾਠ ਮਿਲਦੇ ਹਨ। ਉਪਜਯੋ ਤਹ, ਪੁਨ ਜਿਉਂ ਤਹ, ਪੁਨ ਤਿਉ ਜਿਹ। ਕਈ ਪਾਠਾਂ ਦੇ ਅਰਥ ਤਾਂ ਸਹੀ ਹੁੰਦੇ ਹਨ ਪਰ ਪਾਠ ਕਈ ਹੈਨ ਜਿਹਾ ਕਿ ਉਰ ਮੈ–ਮੁਖ ਮੈਂ।

ਇਸੇ ਪਰਕਾਰ ਕਿਤੇ 'ਸੇਵ ਮਸੰਦਨ ਕੀ' ਹੈ, ਕਿਧਰੇ 'ਸੇਵ ਮੁਸੀਹਨ ਕੀ' ਪਾਠ ਹੈ ਯਾਂਤੇ ਵਿਦਜਵਾਨਾਂ ਨੂੰ ਚਾਹੀਦਾ ਹੈ ਕਿ ਓਹ ਖੋਜ ਕਰਕੇ ਸ਼ੁੱਧ ਬਾਣੀ ਦੇ ਪ੍ਰਚਾਰ ਦਾ ਜਤਨ ਕਰਨ।

ਲਿਖਾਰੀਆਂ ਨੇ ਸ੍ਰੀ ਗੁਰੂ ਦਸਮੇਸ਼ ਜੀ ਦੀ ਅਕਾਲੀ ਬਾਣੀ ਨੂੰ ਵਖਰਾ ਦਰਸੌਣ ਲਈ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਲਿਖਿਆ ਹੈ ਪਰ ਕਈਆਂ ਨੇ ਚੰਡੀ ਆਦਿ ਵਾਰਾਂ ਪਰ ਭੀ ਏਹੀ ਸੁਰਖੀ ਦੇ ਦਿਤੀ ਹੈ ਜਿਸ ਕਰਕੇ ਗੁਰਬਾਣੀ ਅਰ ਇਤਿਹਾਸਕ ਪ੍ਰਸੰਗਾਂ ਨੂੰ ਜੁਦਾ ਜੁਦਾ ਸਮਝਣ ਜਾਂ ਰੱਖਣ ਵਿਚ ਬਹੁਤ ਮੁਸ਼ਕਲਾਂ ਪੈ ਰਹੀਆਂ ਹਨ। ਭਾਵੇਂ ਗੁਰਬਾਣੀ ਨਾਲੋਂ ਇਤਿਹਾਸਕ ਬਾਣੀ ਜਾਂ ਅਨਮਤੀ ਗ੍ਰੰਥਾਂ ਦੇ ਉਲਥੇ ਕਰਨੇ ਕਠਨ ਹੈਨ ਪਰ ਅਣਜਾਣਾਂ ਲਈ ਸੰਸੇ ਖੜੇ ਹੋ ਜਾਂਦੇ ਹਨ ਅਰ ਅਨਮਤੀ ਲੋਕ ਭੋਲੇ ਭਾਲੇ ਸਿਖਾਂ ਨੂੰ ਕੁਰਾਹੇ ਪੌਣ ਦਾ ਜਤਨ ਕਰਦੇ ਰਹਿੰਦੇ ਹਨ।

ਉਕਤ ਮੁਸ਼ਕਲਾਂ ਨੂੰ ਹੱਲ ਕਰਨ ਵਾਸਤੇ ਬਹੁਤ ਖੋਜ ਭਾਲ ਨਾਲ ਪੁਰਾਣੇ ਨੁਸਖੇ ਭਾਲਕੇ ਔਰ ਪੂਰਨ 'ਸ਼ੁੱਧਤਾ' ਦਾ ਖਿਆਲ ਰਖਕੇ ਇਕ 'ਦਸਮ ਗ੍ਰੰਥੀ' (ਦਸਮ ਗੁਰ ਗਿਰਾ ਪ੍ਰਕਾਸ਼) ਤਿਆਰ ਕੀਤੀ ਗਈ ਹੈ, ਜੋ ਬਹੁਤ ਚਰੋਕਣੀ ਖੋਜ ਦਾ ਸਿੱਟਾ ਹੈ। ਪਾਠਕਾਂ ਨੂੰ ਚਾਹੀਦਾ ਹੈ ਉਸਨੂੰ ਪ੍ਰਾਪਤ ਕਰ ਕੇ ਵਿਚਾਰ ਕਰਨ।

ਦਸਮ ਗੁਰਬਾਣੀ ਦੀ ਨਿਰੋਲਤਾ ਵਾਸਤੇ 'ਦਸਮ ਗੁਰੂ' ਜੀ ਦੇ ਗਾਤ੍ਰੇ ਦਾ ਗੁਟਕਾ ਜਿਸ ਦੀਆਂ ਕਈ ਨਕਲਾਂ ਹੋਈਆਂ, ਪੁਰਾਤਨ ਗੁਰ ਸਿਖਾਂ ਦੇ ਘਰਾਂ ਤੋਂ ਭੀ ਮਿਲਦਾ ਹੈ। ਹੋਰ ਭੀ ਬਹੁਤ ਪੁਰਾਤਨ ਪੋਥੀਆਂ ਹਨ ਜਿਨਾਂ ਤੋਂ ਕਿ ਪਾਠ ਭੇਦ ਵਾ ਸੰਪੂਰਨ ਸੰਤੁਸ਼ਟਤਾ ਹੋ ਜਾਂਦੀ ਹੈ, ਯਾਂ ਤੇ ਨਿਸਚਾ ਹੈ ਵਿਦਵਾਨ ਸੱਜਨ ਇਸ ਖੋਜ ਵਿਚ ਸਮਾਂ ਦੇ ਕੇ ਦਸਮ ਗੁਰਬਾਣੀ ਪ੍ਰਚਾਰ ਕਰਦੇ ਹੋਏ ਕ੍ਰਿਤਾਰਥ ਕਰਨਗੇ।

## ਦਸਮ ਗ੍ਰੰਥ ਸਬੰਧੀ ਕੁਝ ਨਿਰਣਯ ਯੋਗ ਬਾਤਾਂ

ਜਾਪ, ਅਕਾਲ ਉਸਤਤ, ਹਜ਼ਾਰੇ ਸ਼ਬਦ, ਤੇਤੀ ਸ੍ਵੈਯੇ ਇਸ ਬਾਣੀ ਤੋਂ ਇਲਾਵਾ ਬਚਿਤ੍ਰ ਨਾਟਕ ਵਿਖੇ ਸ੍ਰੀ ਅਕਾਲ ਜੀ ਕੀ ਉਸਤਤਿ ਅਰ ਦਸਮ ਗੁਰੂ ਇਤਿਹਾਸ ਆਦਿ ਸ਼ਾਮਲ ਹੈ। ਇਸਤੋਂ ਇਲਾਵਾ ਕਈ ਵਿਦਵਾਨ ਚੰਡੀ ਚਰਿਤ੍ਰ, ਭਗਵਤੀ ਵਾਰ, ਗਯਾਨ ਪ੍ਰਬੋਧ ਸੁਧੇ ਦਾਨ ਧਰਮ ਦਰਪਣ, ਚੌਬੀਸ ਅਵਤਾਰ, ਰਾਮਾਵਤਾਰ,

Digitized by Panjab Digital Library | www.panjabdigilib.org

ਕ੍ਰਿਸ਼ਨਾਵਤਾਰ, ਕਲਕੀਵਤਾਰ, ਉਪ ਅਵਤਾਰ ਇਨਾਂ ਨੂੰ ਭੀ ਬਚਿਤ੍ਰ ਨਾਟਕ ਦਾ ਹਿੱਸਾ ਖਯਾਲ ਕਰਦੇ ਹਨ ਇਸਤੋਂ ਬਿਨਾਂ ਖਾਲਸਾ ਮਹਿਮਾ, ਸ਼ਸਤਰ ਨਾਮ ਮਾਲਾ, ਤ੍ਰਿਯਾ ਚਰਿਤਰ, ਸੁੱਧੇ ਸਬੁੱਧ ਨਾਮਾ, ਬੇਨਤੀ ਚੌਪਈ, ਅਸਫੋਟਕ ਕਬਿਤ, ਜ਼ਫਰ ਨਾਮਾ, ਹਕਾਯਤਾਂ, ਇਹ ਵਖੋ ਵਖਰੀ ਬਾਣੀਆਂ ਮੰਨਦੇ ਹਨ।

ਦਸਮ ਗ੍ਰੰਥ ਵਿਖੇ ਚੰਡੀ ਚਰਿਤਰ, ਚੰਡੀ ਦੀ ਵਾਰ ਅਥਵਾ ਦੋ ਚੰਡੀ ਚਰਿਤਰ ਅਰ ਤੀਜੀ ਵਾਰ ਇਹ ਮਾਰਕੰਡੇ ਪੁਰਾਣ ਵਿਚੋਂ 'ਦੁਰਗਾ ਸਪਤਸਤੀ' ਆਦਿ ਦਾ ਉਲਥਾ ਹੈ, ਵੈਸੇ ਭੀ ਮ੍ਰਿਗ ਕੰਡ ਰਿਸ਼ੀ ਦੇ ਸਪੁਤਰ ਮਾਰਕੰਡੇ ਦੇ ਬਣਾਏ ਹੋਏ ਤੇਰਾਂ ਅਧ੍ਯਾਵਾਂ ਦਾ ਨਾਮ ਦੁਰਗਾ ਸਪਤਸਤੀ ਅਰਥਾਤ ਦੇਵੀ ਦਾ ਸ਼ਤ ਸੌ ਸਲੋਕ ਪ੍ਰਸਿਧ ਹੈ, ਔਰ ਇਸ ਉਲਥੇ ਵਿਚ ਭੀ ਸਾਫ ਲਿਖਿਆ ਹੈ ਕਿ 'ਇਤਿ ਸ੍ਰੀ ਮਾਰਕੰਡੇ ਪੁਰਾਣੇ, ਸ੍ਰੀ ਚੰਡੀ ਚਰਿਤਰ ਉਕਤ ਬਿਲਾਸ।'

ਪੁਨਾ-ਕਉਤਕ ਹੇਤ ਕਰੀ ਕਵਿ ਨੈ
ਸਤ ਸੈ ਕੀ ਕਥਾ ਯਹਿ ਪੂਰੀ ਭਈ ਹੈ॥
ਤਥਾ ਗ੍ਰੰਥ ਸਤਿਸਯਾ ਕੋ ਕਰਿਓ॥੨੩੩॥
ਇਤਿ॥ 'ਦੁਰਗਾ ਪਾਠ ਬਣਾਯਾ' ਇਹ ਪਾਠ ਭਗਵਤੀ ਵਾਰ ਦੇ ਅੰਤ ਪਰ ਸਾਫ ਲਿਖਿਆ ਹੈ।

ਚੌਬੀਸ ਅਵਤਾਰਾਂ ਦੇ ਪ੍ਰਸੰਗ ਵਿਖੇ ਇਹ ਦਸਣ ਲਈ ਕਿ ਇਨ੍ਹਾਂ ਨੇ ਸੰਸਾਰ ਵਿਚ ਆਕੇ ਕੀ ਕੀ ਕੰਮ ਕੀਤੇ, ਜਾਂ ਹਿੰਦੂ ਗ੍ਰੰਥਾਂ ਵਿਖੇ ਇਨਾਂ ਸਬੰਧੀ ਕੀ ਕੁਝ ਲਿਖਿਆ ਹੈ, ਇਹ ਇਕ ਪੋਥੀ ਬਣਾਈ ਗਈ ਸੀ, ਜੋ ਦਸਮ ਗ੍ਰੰਥ ਵਿਚ ਸ਼ਾਮਲ ਕੀਤੀ ਗਈ ਹੈ।

ਇਸ ਤਰਾਂ ਹੋਰ ਭੀ ਬਹੁਤ ਸਾਰੇ ਅਨਮਤੀ ਗ੍ਰੰਥਾਂ ਦੇ ਉਲਥੇ ਸਨ, ਜੋ ਜੰਗਾਂ ਜੁੱਧਾਂ ਵਿਖੇ ਕਿਧਰੇ ਗੁੰਮ ਹੋ ਗਏ ਔਰ ਖਾਲਸਾ ਜੀ ਦੇ ਹਥ ਨਾ ਲਗ ਸਕੇ, ਸੋ ਚੌਬੀਸ ਅਵਤਾਰਾਂ ਸਬੰਧੀ ਪੰਜਾਬੀ ਵਿਚ ਜੋ ਲਿਖਿਆ ਗਿਆ ਹੈ, ਇਹ ਪੰਜਾਬੀ ਦੇ ਲਿਟਰੇਚਰ ਲਈ ਬਹੁਤ ਹੀ ਉੱਤਮ ਭੰਡਾਰਾ ਹੈ, ਔਰ ਏਹਨਾਂ ਪ੍ਰਸੰਗਾਂ ਵਿਚ ਅਵਤਾਰਾਂ ਦੀ ਅਸਲੀਅਤ ਨੂੰ ਚੰਗੀ ਤਰਾਂ ਖੋਲ੍ਹ ਕੇ ਦਰਸਾ ਦਿਤਾ ਹੈ, ਔਰ ਏਨ੍ਹਾਂ ਪਰ ਨੋਟ ਦੇ ਕੇ ਇਹ ਭੀ ਸਾਬਤ ਕਰ ਦਿਤਾ ਹੈ ਕਿ 'ਅਕਾਲ ਪੁਰਖ' ਜੂਨੀ ਵਿਚ ਨਹੀਂ ਔਂਦਾ ਤੇ ਅਵਤਾਰ ਪੈਗੰਬਰ ਆਦਿ ਰੱਬ ਨਹੀਂ ਸਨ, ਜੈਸਾ ਕਿ—

ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ॥
ਕ੍ਰਿਸ਼ਨ ਬਿਸ਼ਨ ਕਬਹੂੰ ਨ ਧਿਆਊਂ॥

ਆਦਿ ਵਾਕ ਲਿਖ ਕੇ ਪ੍ਰਗਟ ਕੀਤਾ ਹੈ, ਕਿ ਗੁਰੂ ਸਾਹਿਬ ਅਵਤਾਰਾਂ ਦੇ ਉਪਾਸ਼ਕ ਜਾਂ ਮੰਨਣ ਵਾਲੇ ਨਹੀਂ ਹਨ, ਔਰ ਅਵਤਾਰ ਕਥਾ ਦੇ ਅੰਤ ਪਰ ਫੁਰਮਾਇਆ ਹੈ—

ਪਾਂਯ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹਿੰ ਆਨਯੋਂ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋਂ। ਸਿਮ੍ਰਿਤ ਸ਼ਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋਂ॥ ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰ ਮੈਂ ਨ ਕਹਯੋ ਸਭ ਤੋਹਿ ਬਖਾਨਯੋਂ॥ ੮੬੩॥

ਚੌਬੀਸ ਅਵਤਾਰਾਂ ਤੋਂ ਬਿਨਾਂ ਉਪ ਅਵਤਾਰ ਭੀ ਮੰਨੇ ਹਨ, ਜੈਸਾ ਕਿ ਬ੍ਰਹਮਾਂ ਦੇ ਸਤ ਅਵਤਾਰਾਂ ਦਾ ਜ਼ਿਕਰ ਹੈ, ਬਾਲਮੀਕ, ਕੱਸਪ ਰਿਸ਼ੀ, ਸ਼ੁਕ੍ਰ, ਬਰੇਸ, ਬਯਾਸ, ਖਸ਼ਟ ਰਿਖੀ, ਕਾਲਿਦਾਸ ਔਰ ਮਹਾਂਦੇਵ

Digitized by Panjab Digital Library | www.panjabdigilib.org

ਦੇ ਦੋ ਅਵਤਾਰ ਮੰਨੇ ਹਨ, ਯਥਾ—ਦੱਤਾ ਅਵਤਾਰ ਅਤੇ ਪਾਰਸ ਨਾਥ, ਇਸ ਤਰਾਂ ਏਨ੍ਹਾ ਅਵਤਾਰਾਂ ਦੇ ਵਖੋ ਵਖਰੇ ਪ੍ਰਸੰਗ ਹਨ।

ਇਸਤੋਂ ਇਲਾਵਾ ਸ਼ਸਤ੍ਰ ਨਾਮ ਮਾਲਾ, ਜਿਸ ਵਿਚ ਕਿ ਸ਼ਸਤ੍ਰਾਂ ਦੀ ਮਹਿਮਾਂ ਲਿਖੀ ਗਈ ਹੈ ਏਸ ਦੇ ਕੁਲ ਪੰਜ ਅਧਯਾਇ ਹਨ, ਕਿਧਰੇ ਕਵੀ ਜੀ ਨੇ ਅਕਾਲ ਪੁਰਖ ਨੂੰ ਸੰਘਾਰ ਸ਼ਕਤੀ ਵਾਨ ਮੰਨਕੇ ਖੜਗ ਕ੍ਰਿਪਾਨ ਤੁਪਕ ਤੀਰ ਆਦਿ ਦੀ ਸਿਫਤ ਦੇਕੇ ਉਪਮਾਂ ਕੀਤੀ ਹੈ, ਸ਼ਸਤਰ ਨਾਮ ਮਾਲਾ ਨਾਮੀ ਰਚਨਾ ਪੰਜਾਬੀ ਲਿਟਰੇਚਰ ਔਰ ਸੂਰਮਿਆਂ ਦੇ ਉਤਸ਼ਾਹ ਲਈ ਲਾਭਕਾਰੀ ਕਵਿਤਾ ਹੈ। ਦਸਮ ਗ੍ਰੰਥ ਵਿਚ ਤ੍ਰਿਯਾ ਚਰਿਤ੍ਰ ਭੀ ਲਿਖੇ ਹੋਏ ਮਿਲਦੇ ਹਨ। ਅਸਲ ਵਿਚ ਏਹ 'ਪਖਯਾਨ ਚਰਿਤ੍ਰ' ਨਾਮੀ ਗ੍ਰੰਥ ਤਥਾ ਬਹਾਰ ਦਾਨਸ਼ ਆਦਿ ਕਾਵਯ ਦੇ ਗ੍ਰੰਥਾਂ ਵਿਚੋਂ ਭਾਵ ਲੈਕੇ ਰਚੇ ਗਏ ਨੇ ਔਰ ਏਨਾਂ ਵਿਚ ਕਈ ਐਸੇ ਭੀ ਛੰਦ ਹਨ ਜੋ ਮਾਨੁਸ਼ ਦੀ ਸਭ੍ਯਤਾ ਨੂੰ ਬਿਗਾੜਨ ਲਈ ਕਾਫੀ ਹੋ ਸਕਦੇ ਹਨ। ਔਰ ਏਹ ਚਰਿਤ੍ਰ ੪੦੪ ਹਨ ਅਤੇ ਇਕ ਚਰਿਤ੍ਰ ਚਾਰ ਸੌ ਪੰਜਵਾਂ ਮਹਾਂ ਕਾਲ, ਤੇ ਦੀਰਘ ਦਾੜ੍ਹ ਤੇ ਦਾਨੋਂ ਦਾ ਜੁੱਧ ਹੈ। ਅਰਥਾਤ ਮਹਾਂਕਾਲ ਦਾ ਜੁੱਧ ਮਲੇਛਾਂ ਨਾਲ ਹੋਣਾ ਦਸਿਆ ਹੈ ਕਈ ਇਸ ਨੂੰ 'ਸਬੁਧ ਨਾਮਾ' ਕਹਿੰਦੇ ਨੇ।

ਏਸ ਤੋਂ ਬਿਨਾਂ ਅਸਫੋਟਕ ਕਬਿਤ ਜੋ ਫੋਹਸ਼ ਕਿੱਸਿਆਂ ਦੀ ਸ਼੍ਰੇਣੀ ਵਿਚ ਕਹੇ ਜਾ ਸਕਦੇ ਨੇ ਅਥਵਾ ਏਹਨਾਂ ਦਾ ਅਸਰ ਇਸਤ੍ਰੀ ਪੁਰਸ਼ਾਂ ਪਰ ਆਚਰਣ ਬਿਗਾੜਨ ਵਾਲਾ ਪੈਂਦਾ ਹੈ। ਭਾਵੇਂ ਏਹ ਕ੍ਰਿਸ਼ਨ ਲੀਲ੍ਹਾ ਅਥਵਾ ਰਾਸ ਲੀਲ੍ਹਾ ਦੱਸਣ ਲਈ ਰਚੇ ਗਏ ਹਨ ਪਰ ਤ੍ਰਿਯਾ ਚਰਿਤ੍ਰਾਂ ਦਾ ਹੀ ਇਕ ਹਿੱਸਾ ਹਨ। ਕਈ ਵਿਦਵਾਨ ਇਸ ਨੂੰ ਪੰਜਾਬੀ ਦਾ ਲਿਟਰੇਚਰ ਮਨਕੇ ਸਤਿਕਾਰਨਾ ਯੋਗ ਸਮਝਦੇ ਹੋਣਗੇ ਪਰ ਅਸਲੋਂ ਏਹ ਮਾਨੁਸ਼ਾਂ ਤੇ ਇਸਤ੍ਰੀਆਂ ਦੀ ਸਭ੍ਯਤਾ ਨੂੰ ਵਿਗਾੜਨ ਦਾ ਸਾਧਨ ਹਨ।

ਜ਼ਫਰ ਨਾਮੇ ਤੋਂ ਪਿਛੋਂ ਅਥਵਾ ਦਸਮ ਗ੍ਰੰਥ ਦੇ ਅਖੀਰ ਪਰ ਕੁਝ ਹਕਾਯਤਾਂ ਨਾਮੀ ਬਾਣੀ ਦਰਜ ਹੈ, ਏਹ ਭੀ ਤ੍ਰਿਯਾ ਚਰਿਤ੍ਰਾਂ ਤੇ ਬਹਾਰ ਦਾਨਸ਼ ਆਦਿਕ ਰਸਕ ਗ੍ਰੰਥਾਂ ਦਾ ਇਕ ਹਿੱਸਾ ਹਨ। ਏਹ ਗਿਣਤੀ ਵਿਚ ਗਿਆਰਾਂ ਹਨ। ਅਣਜਾਣ ਲਿਖਾਰੀਆਂ ਨੇ ਇਸ ਨੂੰ ਜ਼ਫਰ ਨਾਮੇ ਨਾਲ ਸ਼ਾਮਲ ਕੀਤਾ ਹੈ,ਜੋ ਭਾਰੀ ਭੁੱਲ ਹੈ। ਯਾਂ ਤੇ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਆਦਿ ਤੋਂ ਅੰਤ ਤਕ ਵਿਚਾਰਕੇ ਵਖੋ ਵਖ ਸਿਧਾਂਤਾਂ ਦੀਆਂ ਪੋਥੀਆਂ ਬਣਾ ਦਿਤੀਆਂ ਜਾਣ ਤਾਂਕਿ ਏਹਨਾਂ ਪ੍ਰਸੰਗਾਂ ਦੀ ਯੋਗ ਵਰਤੋਂ ਹੋ ਸਕੇ।

ਨੋਟ—ਕਈ ਵੀਰ ਇਸ ਪਰ ਸਿਰ ਭਾਰ ਹੋ ਕੇ ਜ਼ੋਰ ਦਿੰਦੇ ਹਨ ਕਿ ਸਾਰਾ ਦਸਮ ਗ੍ਰੰਥ ਦਸਮੇਸ਼ ਜੀ ਦੀ ਰਚਨਾਂ ਹੈ, ਪਰ ਇਹ ਬਾਤ ਕੋਈ ਵੱਡੀ ਯਾਂ ਮਹਿਮਾਂ ਵਾਲੀ ਨਹੀ, ਮਹਾਨ ਕਵੀਸ਼ਰ ਹੋਣਾ ਸਾਧਾਰਨ ਬਾਤ ਹੈ, ਸ਼ੁਭ ਉਪਦੇਸ਼ ਹੋਰ ਚੀਜ਼ ਹੈਨ।

ਪਾਠਕਾਂ ਦੀ ਗਜਾਤ ਔਰ ਹੋਰ ਖੋਜ ਕਰਨ ਦੇ ਸੁਖਾਲਾਂ ਨੂੰ ਮੁਖ ਰਖ ਕੇ ਜਿਥੇ ਕਿਸੀ ਖਾਸ ਬਾਤ ਯਾ ਸ਼ਬਦ ਦੇ ਨਿਰਣਯ ਦੀ ਲੋੜ ਭਾਸੀ ਹੈ ਉਥੇ ਹੀ ਵਿਚਾਰ ਲਿਖੀ ਗਈ ਹੈ। ਖੋਜੀ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਓਹ ਦਿਤੀ ਗਈ ਵਿਚਾਰ ਤੋਂ ਲਾਭ

Digitized by Panjab Digital Library | www.panjabdigilib.org

ਉਠਾ ਕੇ ਆਪੋ ਆਪਣੀ ਖੋਜ ਨੂੰ ਵਧਾ ਕੇ ਕਿਸੇ ਸਿੱਟੇ ਪਰ ਪਹੁੰਚਣ। ਇਸ ਗ੍ਰੰਥ ਵਿਚ ਦਿਤੇ ਗਏ ਨੋਟ ਯਾਂ ਵਿਚਾਰਾਂ ਦਸਮ ਗ੍ਰੰਥ ਦੀ ਕਿਸੇ ਬੀੜ ਦੇ ਕ੍ਰਮ ਯਾਂ ਪੰਨੇ ਅਨੁਸਾਰ ਨਹੀਂ ਹਨ, ਅੱਡੋਅੱਡ ਰਚਨਾਵਾਂ ਅਨੁਸਾਰ ਹਨ, ਕਿਉਂਕਿ ਇਕ ਕੋਈ ਮੰਨੀ ਪਰਮੰਨੀ ਯਾਂ ਇੱਕੋ ਛਾਪੇ ਦੀ ਬੀੜ ਨਹੀਂ ਮਿਲਦੀ, ਭਿੰਨ ਭਿੰਨ ਅਨੇਕਾਂ ਜਿਲਦਾਂ ਹਨ ਔਰ ਕਈ ਕਲਮੀ ਨੁਸਖੇ ਹਨ।

ਨੋਟ—ਅਗੇ ਲਿਖੇ ਗਏ ਉਤ੍ਰਾਰਧ ਭਾਗ ਵਿਖੇ ਉਹਨਾਂ ਬਾਤਾਂ ਦੇ ਨਿਰਣਯ ਹੀ ਵੱਧ ਔਣਗੇ ਜੋ ਵਿਚਾਰ ਪ੍ਰਿਥਮ ਭਾਗ ਵਿਖੇ ਨਹੀਂ ਆਏ ਹਨ। ਯਾਂ ਤੇ ਪਾਠਕ ਜਨ ਧਯਾਨ ਰੱਖਣ।

ਦਾਸ—

**ਗਯਾਨੀ ਲਾਲ ਸਿੰਘ**

ਕਰਤਾ—ਸਿਖ ਕਾਨੂੰਨ ਆਦਿ ੫੨ ਪੁਸਤਕ।

ਸੰਗਰੂਰ—
ਅਕਤੂਬਰ ੧੯੪੯

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

# ਕੋਸ਼ ਸ੍ਰੀ ਦਸਮ ਗ੍ਰੰਥ ਸਾਹਿਬ

ਅਰਥਾਤ

## ਗੁਰਮਤ ਮਾਰਤੰਡ ਦੇ ਦੂਜੇ ਭਾਗ ਦਾ

## ✤ ਤਤਕਰਾ ✤


| | | | |
|---|---|---|---|
| ਜਾਪ ਪਾਤਸ਼ਾਹੀ ੧੦ | ੨੫ | ਤੇਤੀਸ ਸਵੈਯੇ ਪਾ: ੧੦ | ੧੬੫ |
| ਅਕਾਲ ਉਸਤਤ | ੨੯ | ਜ਼ਫਰ ਨਾਮਾ ਪਾ: ੧੦ | ੧੭੩ |
| ਸੁਧਾ ਸ੍ਵੈਯੇ ਪਾ: ੧੦ | ੪੬ | ਮੁਰਾਸਲਾ ਪਾਤਸ਼ਾਹੀ ਦਸਮ (ਫਾਰਸੀ) | ੧੮੫ |
| ਸ੍ਵੈਯੇ ਤ੍ਵਪ੍ਰਸਾਦਿ | ੮੫ | ਫਾਰਸੀ ਹਕਾਇਤਾਂ | ੧੮੫ |
| ਬਚਿਤ੍ਰ ਨਾਟਕ | ੧੦੦ | ਖਾਲਸਾ ਮਹਿਮਾ | ੧੮੫ |
| ਬਸੰਤ ਕੀ ਵਾਰ | ੧੧੫ | ਸ਼ਸਤ੍ਰ ਨਾਮ ਮਾਲਾ | ੧੮੭ |
| ਚੰਡੀ ਚਰਿਤ੍ਰ ਉਕਤ ਬਿਲਾਸ | ੧੪੦ | ਤ੍ਰਿਯਾ ਚਰਿਤ੍ਰ | ੫੮੭ |
| ਚੰਡੀ ਚਰਿਤ੍ਰ ਦੂਜਾ ਹਿਸਾ | ੫੪੭ | ਅਸਫੋਟਕ ਕਬਿਤ | ੧੯੧ |
| ਦੁਰਗਾ ਦਾ ਉਤਪਤੀ ਚਰਿਤ੍ਰ | ੧੫੦ | ਚੌਵੀ ਅਵਤਾਰ ਕਥਾ | ੨੦੧ |
| ਵਾਰ ਸ੍ਰੀ ਭਗਉਤੀ ਜੀ ਕੀ | ੧੫੨ | ਉਮਰਾਂ ਦਾ ਇਕ ਪੈਮਾਨਾਂ | ੨੧੩ |
| ਗਿਆਨ ਪ੍ਰਬੋਧ ਗ੍ਰੰਥ | ੧੫੫ | ਫਿਰਕੇ ਬੰਦੀਆਂ | ੨੧੪ |
| ਹਜ਼ਾਰੇ ਸ਼ਬਦ ਪਾਤਸ਼ਾਹੀ ੧੦ | ੧੬੨ | | |


## ✤ ਉਪ॰ ਤਤਕਰਾ ✤


| | | | | | |
|---|---|---|---|---|---|
| ਭੂਮਕਾ | ੯ | ਦਸਮਗ੍ਰੰਥ ਸਬੰਧੀ ਕੁਝ ਨਿਰਣਯ ਯੋਗ ਬਾਤਾਂ | ੧੭ | ਰਾਮ ਮਹਾਂ ਮੰਤ੍ਰ | ੨੬ |
| ਦਸਮ ਗ੍ਰੰਥ ਸਾਹਿਬ | ੧੧ | ਜਾਪੁ ਪਾਤਸ਼ਾਹੀ ੧੦ | ੨੫ | ਈਸ਼ਰ ਵਿਨੈ ਮੰਤ੍ਰ | ੨੬ |
| ਦਸਮਗ੍ਰੰਥਬਾਣੀਵੇਰਵਾ | ੧੧ | ਚੱਕ੍ਰ ਚਿਹਨ | ੨੫ | ਤੁਲਸੀ ਮੰਤ੍ਰ | ੨੬ |
| ਭਾਈ ਮਨੀ ਸਿੰਘ ਜੀ | ੧੩ | ਗਾਇਤ੍ਰੀ ਮੰਤ੍ਰ | ੨੫ | ਮੰਗਲ ਮੰਤ੍ਰ | ੨੬ |
| ਦਸਮ ਗ੍ਰੰਥ ਦੇ ਲਿਖਾਰੀਆਂ ਵਲੋਂ ਗੜਬੜ | ੧੪ | ਕ੍ਰਿਸ਼ਨ ਮੰਤ੍ਰ | ੨੫ | ਗੀਤਾ ਜੀ | ੨੭ |
| | | | | ਪਰਮਵੇਦ ਪੁਰਾਨ | ੨੮ |


Digitized by Panjab Digital Library | www.panjabdigilib.org

| | |
|---|---|
| ਅਕਾਲ ਉਸਤਤ | ੨੯ |
| ਪ੍ਰਣਵੋ ਆਦਿ ਚੌਪਈ | ੩੦ |
| ਤ੍ਵਪ੍ਰਸਾਦਿ ਕਬਿਤ | ੩੧ |
| ਕਾਹੂੰ ਹੁਇਕੈ ਹਿੰਦੂਆ | ੩੧ |
| ਕਾਹੂੰ ਨਿਜ ਨਾਰ | ੩੨ |
| ਕਹੂੰ ਕੋਕ ਕਾਵਯ | ੩੨ |
| ਕਹੂੰ ਦੇਵ ਬਾਨੀ | ੩੨ |
| ਦਸ ਚਾਰ ਚਾਰ ਪ੍ਰਬੀਨ | ੩੨ |
| ਕਈ ਰਾਮ ਕ੍ਰਿਸ਼ਨ | ੩੩ |
| ਹਜ਼ਰਤ ਮੂਸਾ | ੩੩ |
| ਕਤੇਬੀ ਮਤ | ੩੬ |
| ਈਸਾਈ ਮਤ | ੩੭ |
| ਮੁਹੰਮਦ ਜੀ | ੪੧ |
| ਖਾਸ ਬਾਤਾਂ | [illegible] |
| ਕਹੂੰ ਨਿਜ ਨਾਰ | ੪੫ |
| ਸੁਧਾ ਸੈਯੇ ਪਾ: ੧੦ | ੪੬ |
| ਸ੍ਰਾਵਗੀ ਮਤ | ੪੬ |
| ਰਿਸ਼ਵ ਵੇਦ | ੪੬ |
| ਬੋਧ ਅਰ ਜੈਨ ਮਤ ਦਾ ਟਾਕਰਾ | ੪੮ |
| ਤ੍ਵਪ੍ਰਸਾਦਿ ਤੋਮਰ ਛੰਦ | ੪੯ |
| ਕਈ ਦੇਵ ਆਦਿ ਕੁਮਾਰ | ੫੦ |
| ਕਹੂੰ ਅਗਨਿਹੋਤ੍ਰਅਨੂਪ | ੫੦ |
| ਸ਼ਰਤਸ਼ਤ | ੫੧ |
| ਖ਼ੂਕ ਮੂਲਹਾਰੀ ਗਜ | ੫੩ |
| ਸੂਰਜ ਸਿਵਯਾ | ੫੫ |
| ਮੋਨ ਦੀ ਮਦਾਰ | ੫੭ |
| ਦਾਰਾ ਸੇ ਦਿਲੀਸਰ | ੫੭ |
| ਸਿਜਦੇ ਕਰੈ ਅਨੇਕ | ੫੮ |
| ਨਿਮਾਜ਼ ਪੜ੍ਹਨ ਦੀ ਮਰਯਾਦਾ | ੫੮ |
| ਫਰਜ਼ | ੫੮ |
| ਇਸਲਾਮੀ ਕਾਨੂੰਨ | ੫੯ |
| ਸ੍ਰਾਵਗੀਏ | ੬੨ |
| ਜਾਪਕੇ ਕੀਯੇ ਤੇ | ੬੨ |
| ਅਨਲ ਅਕਾਸ਼ | ੬੨ |
| ਗੂੜਗਉੜਭੀਲ ਭੀਕਰ | ੬੩ |
| ਕੇਊ ਭਇਓ ਮੁੰਡੀਆ | ੬੪ |
| ਦੱਤਾ ਤ੍ਰੇਯ | ੬੪ |
| ਸ਼ੰਕ੍ਰਾ ਸ੍ਵਾਮੀ | ੬੪ |
| ਹਿੰਦੂਤੁਰਕ ਕੋਈਰਾਫਜ਼ੀ | ੬੮ |
| ਰਾਫਜ਼ੀ | ੬੮ |
| ਸ਼ੀਅਹ | ੬੮ |
| ਸੁੰਨੀ | ੬੯ |
| ਖਾਕ ਬਾਦ ਆਤਸ਼ | ੭੧ |
| ਮਾਨਸ ਕੀ ਜਾਤ | ੭੧ |
| ਤੁਰਕ ਹਿੰਦੂ ਨਜ਼ਾਰੇ | ੭੩ |
| ਸੋਧ ਹਾਰੇ ਦੇਵਤਾ | ੭੩ |
| ਬੁਧ ਮਤ | ੭੩ |
| ਕਹੂੰ ਆਰਬੀ ਪਾਰਸੀ | ੮੧ |
| ਅੱਛਰਾ ਪੱਛਰਾ ਮੱਛਰਾ | ੮੨ |
| ਏਕ ਸਮੇਂ ਸ੍ਰੀ ਆਤਮਾਂ | ੮੨ |
| ਦੁਜਨ ਦਲ ਖੰਡਨ | ੮੩ |
| ਦੁਰਜਨ ਦਲ ਦੰਡਣ | ੮੩ |
| ਅਸਟਾ ਯੁਧ ਚਮਕੈ | ੮੪ |
| ਸਵੈਯੇ ਤ੍ਵਪ੍ਰਸਾਦਿ | ੮੫ |
| ਦੀਨਨ ਕੀ ਪ੍ਰਤਿਪਾਲ | ੮੫ |
| ਪਤਿਸਜੋਂ ਕਿਨ ਸ੍ਰੀ | ੮੬ |
| ਨਾਰਦ ਸੇ ਚਤੁਰਾਨਨਸੇ | ੮੬ |
| ਵੇਦ ਪੁਰਾਣ ਕਤੇਬ | ੮੬ |
| ਨਜਾਯ ਸ਼ਾਸਤ੍ਰ | ੮੬ |
| ਸ਼ਾਂਖਜ | ੮੬ |
| ਮੀਮਾਸਾ | ੮੭ |
| ਵੇਦਾਂਤ | ੮੭ |
| ਬਹੁਦਾਨ ਮਹਾਂ ਬ੍ਰਤ | ੮੭ |
| ਕੇਸ ਧਰੇ ਨ ਮਿਲੇ | ੮੭ |
| ਆਸਨ ਕੋਟ | ੮੮ |
| ਹਠ ਯੋਗ | ੮੮ |
| ਨਿਉਲੀ ਕਰਮ | ੯੧ |
| ਅੱਤ੍ਰ ਕੇ ਚਲਯਾ | ੯੨ |
| ਕਾਲ ਹੂੰ ਕੇ ਕਾਲ | ੯੩ |
| ਪੂਰਬੀ ਨ ਪਾਰ ਪਾਵੈ | ੯੪ |
| ਫਰਾ ਕੇ ਫਰੰਗੀ | ੯੪ |
| ਮਰਹਟਾ ਮਘੇਲੇ | ੯੪ |
| ਬੰਗ ਕੇ ਬੰਗਾਲੀ | ੯੪ |
| ਦਿਲਵਾਲੀ | ੯੫ |
| ਰੋਹ ਕੇ ਰੁਹੇਲੇ | ੯੫ |
| ਬੁੰਦੇਲੇ | ੯੫ |
| ਗੋਖਾ ਗੁਣ ਗਾਵੈ | ੯੫ |
| ਕੇਤੇ ਮਹਾਂ ਦੀਨ | ੯੬ |
| ਬਤ੍ਰਾਸ | ੯੬ |
| ਹਿੰਗਲਾ ਹਿਮਾਲਾ | ੯੬ |
| ਛੀਰ ਕੈਸੀ ਛੀਰਾਨਿਧਿ | ੯੬ |
| ਛੀਰ ਕੈਸੀ ਛੀਰਾ ਵਧ | ੯੬ |
| ਹੰਸਨੀ ਸੀ ਸੀਹਾ ਰੂਮ | ੯੭ |
| ਪਾਰਾ ਸੀ ਪਲਾਊ ਗਢ | ੯੭ |
| ਚੰਪਾ ਸੀ ਚੰਦੇਰੀ | ੯੭ |
| ਫਟਕ ਸੀ ਕੈਲਾਸ਼ | ੯੭ |
| ਹਿਮਾਸੀ ਹਿਮਾਲੇ | ੯੮ |
| ਚੰਦਨ ਸੀ ਚੰਪਾਵਤੀ | ੯੮ |
| ਗੰਗਾ ਸਮ ਗੰਗਧਾਰ | ੯੮ |
| ਫਰਾਸੀ ਫਿਰੰਗੀ | ੯੯ |
| ਭੱਖਰੀ ਕੰਧਾਰੀ | ੯੯ |
| ਪੂਰਬ ਪਲਾਊ | ੯੯ |
| ਸਾਤੋ ਅਕਾਸ਼ ਸਾਤੋ | ੧੦੦ |
| ਬਚਿਤ੍ਰ ਨਾਟਕ | ੧੦੦ |


Digitized by Panjab Digital Library | www.panjabdigilib.org

ਨਮਸ਼ਕਾਰ ਸ੍ਰੀ ਖੜਗ ੧੦੨
ਮਹਾਂਕਾਲ ੧੦੨
ਸੁੰਭ ਨਸੁੰਭ ੧੦੪
ਸ੍ਰੋਣਤ ਬੀਜ ੧੦੪
ਮਾਨਧਾਤਾ ੧੦੪
ਧੂਮ੍ਰ ਲੋਚਨ ੧੦੪
ਬਾਰਦ ੧੦੫
ਕੁੰਭ ਅਕੁੰਭ ੧੦੫
ਜੰਤ੍ਰ ਮੰਤ੍ਰ ਟੂਣੇ ਟਾਮਣ ੧੦੬
ਸੋਢ ਬੰਸ ੧੦੭
ਬ੍ਰਿਤ੍ਰਾਸੁਰ ੧੦੯
ਬੇਦੀ ੧੧੦
ਹਰਿਗੋਬਿੰਦ ਤਿਹ ੧੧੨
ਹਰੀਕ੍ਰਿਸ਼ਨ ੧੧੪
ਬਸੰਤ ਕੀ ਵਾਰ ੧੧੫
ਵੇਦੀ ਵੰਸਾਵਲੀ ੧੧੯
ਸੋਢੀ ਵੰਸਾਵਲੀ ੧੧੯
ਅਨੰਦ ਪੁਰੀਏ ਸੋਢੀ ੧੨੦
ਅਬ ਮੈ ਆਪਣੀਕਥਾ ੧੨੧
ਮੈ ਅਪਨਾ ਸੁਤ ੧੨੧
ਹੇਮ ਕੁੰਟ ੧੨੨
ਚਮੁੰਡਾ ਦੇਵੀ ੧੨੩
ਅਕਾਲ ਪੁਰਖ ਵਾਚ ੧੨੪
ਮਹਾਂ ਦੇਵ ੧੨੫
ਸਤੀ ੧੨੭
ਸਾਖੀ ੧੨੮
ਰਿਖ ਰਾਜ ੧੨੮
ਲਿੰਗ ਬਿਨਾ ਕੀਨੇ ੧੨੯
ਮੈਂ ਅਪਨਾ ਸੁਤ ੧੩੦
ਪੰਥ ਪ੍ਰਚੁਰ ਕਰਬੇ ੧੩੦
ਕਬਿ ਜਨਮ ਕਥਨੰ ੧੩੧
ਜਬ ਹਮ ਕਰਮ ੧੩੧
ਰਾਜ ਸਾਜ ਕਥਨੰ ੧੩੨
ਬਾਈਧਾਰ ਰਾਜੇ ੧੩੩
ਨਦਉਣ ਕਾ ਜੁੱਧ ੧੩੪
ਅਨੰਦ ਪੁਰ ਦੇ ਜੰਗ ੧੩੫
ਕ੍ਰਿਪਾਲ ਚੰਦ ੧੩੬
ਹਰੀ ਚੰਦ ੧੩੬
ਜੀਤ ਮਲ ੧੩੬
ਸੰਗੋ ਸ਼ਾਹ ੧੩੭
ਲਾਲ ਚੰਦ ੧੩੭
ਦਯਾ ਰਾਮ ੧੩੭
ਨਦਉਣ ਜੁਧੰ ੧੩੭
ਗੁਲੇਰੀਆ ੧੩੮
ਚੰਡੀ ਚਰਿਤ੍ਰ ੧੪੦
ਚੰਡੀ ਚਰਿਤ੍ਰ ਉਕਤ ਬਿਲਾਸ ੧੪੧
ਲੋਪ ਚੰਡਕਾ ਹੋਇਗਈ ੧੪੧
ਸੁੰਭ ਨਿਸੁੰਭ ੧੪੨
ਚੰਡੀ ਚਰਿਤ੍ਰ ਕਿਸ ਨੇ ਰਚਿਆ ? ੧੪੪
ਚੰਡੀਚਰਿਤ੍ਰਹਿਸਾਦੂਜਾ ੧੪੭
ਚੰਡੀ ਚਰਿਤ੍ਰ ਦੇ ਦੂਜੇ ਭਾਗ ਦਾ ਸਿਧਾਂਤ ੧੪੯
ਦੁਰਗਾ ਦਾ ਉਤਪਤੀ ਚਰਿਤ੍ਰ ੧੫੦
ਵਾਰਸ੍ਰੀਭਗੌਤੀਜੀ ਕੀ ੧੫੨
ਸ੍ਰੀਭਗੌਤੀਜੀ ਸਹਾਇ ੧੫੩
ਕੰਸ ੧੫੪
ਸਾਧੁਸਤਜੁਗਬੀਤਿਆ ੧੫੫
ਗ੍ਯਾਨ ਪ੍ਰਬੋਧ ੧੫੫
ਪਰਾਸੁਰ ੧੫੮
ਘ੍ਰਿਤਾਚੀ ੧੫੮
ਬਵੰਜਾ ਬੀਰ ੧੫੯
ਰਿਤਜ (ਯਗਕਰਮਕਰੌਣ ਵਾਲੇ ਬ੍ਰਾਹਮਣ) ੧੫੯
ਬ੍ਰਹਮਾ ੧੬੦
ਵੇਦਾਂਤ ੧੬੦
ਹਜ਼ਾਰੇ ਸ਼: ਪਾ:੧੦ ੧੬੨
ਕ੍ਰਿਸ਼ਨ ਜੀ ੧੬੨
ਦੰਵਕਤ੍ਰ ੧੬੨
ਕੰਸ ੧੬੩
ਵਕਾਸੁਰ ੧੬੩
ਬਕਤ੍ਰਾਸੁਰ ੧੬੩
ਗ੍ਰਿਹਸਤਾਸ਼੍ਰਮ ੧੬੩
ਤੇਤੀਸ ਸਵੈਯੇ ੧੬੫
ਖਾਲਸਾ ੧੬੫
ਮਨੂੰਜੀ ੧੬੬
ਪਬਕੇ ਰਥ ੧੬੭
ਬੱਧਕ ਬਾਣ ੧੬੮
ਸ੍ਰੀ ਰਾਮ ਚੰਦ੍ਰ ਜੀ ੧੬੮
ਸੰਨਿਆਸੀ ੧੬੯
ਮਸੰਦਨ, ਮਸੀਹਨ ੧੬੯
ਜੋਗੀ ੧੭੦
ਸ਼ੇਸ਼ਨਾਗ ੧੭੧
ਮੜੀਆਂ ੧੭੧
ਜ਼ਫਰ ਨਾਮਾ ਪਾ:੧੦ ੧੭੩
ਹੁਮਾ ਪੰਛੀ ੧੭੬
ਨਾਹਰ ਖਾਂ ੧੭੬
ਬੈਰਾੜ ਕੌਮ ੧੭੬
ਫਰਦੋਸੀ ੧੭੭
ਕੇਖੁਸਰੋ ਸ਼ਾਹ ੧੭੭
ਫਰੀਦੂੰ ਬਾਦਸ਼ਾਹ ੧੭੭
ਦਾਰਾਬ ੧੭੮
ਸਿਕੰਦਰ ੧੭੮
ਅਰਸਤੂ ੧੭੮

Digitized by Panjab Digital Library | www.panjabdigilib.org

| | |
|---|---|
| ਸੁਕਰਾਤ | ੧੭੯ |
| ਅਮੀਰ ਤੈਮੂਰ | ੧੭੯ |
| ਬਾਬਰ | ੧੭੯ |
| ਹਮਾਯੂੰ | ੧੭੯ |
| ਚਾਲੀ ਮੁਕਤੇ (ਚਮਕੌਰ ਦੇ) | ੧੮੦ |
| ਚਾਲੀ ਮੁਕਤੇ (ਮੁਕਤਸਰ ਦੇ) | ੧੮੧ |
| ਫਾਰਸੀ ਦੀ ਪੱਤ੍ਰ | ੧੮੧ |
| ਮੁਰਾਸਲਾ ਪਾਦਸ਼ਾਹੀ ਦਸਮ (ਫਾਰਸੀ) | ੧੮੫ |
| ਫਾਰਸੀ ਹਕਾਇਤਾਂ | ੧੮੫ |
| ਖਾਲਸਾ ਮਹਿਮਾ | ੧੮੫ |
| ਸਿਖਾਂ ਦੀਆਂ ਕੁਰਬਾਨੀਆਂ | ੧੮੬ |
| ਸ਼ਸਤ੍ਰ ਨਾਮ ਮਾਲਾ | ੧੮੭ |
| ਤ੍ਰਿਯਾ ਚਰਿਤ੍ਰ | ੧੮੭ |
| ਕਵੀਓ ਵਾਚ ਬੇਨਤੀ | ੧੮੮ |
| ਈਸਾਈ | ੧੮੮ |
| ਅਸਫੋਟਕ ਕਬਿਤ | ੧੯੧ |
| ਸੰਗੋ ਸ਼ਾਹ | ੧੯੩ |
| ਸਦ | ੧੯੩ |
| ਭ੍ਰਿਗੁ | ੧੯੪ |
| ਦੇਗ ਤੇਗ | ੧੯੪ |
| ਲਗਨ ਸਗਨ | ੧੯੪ |
| ਮੈ ਨ ਕਹਿਓ ਸਭ ਤੋਹਿ | ੧੯੫ |
| ਮੈ ਨ ਗਨੇਸ਼ਹਿ | ੧੯੬ |
| ਸਜ਼ਾਮ | ੧੯੬ |
| ਪ੍ਰਿਥਮ ਕਾਲ | ੧੯੭ |
| ਆਰਤੀ ਕੋਟ | ੧੯੮ |
| ਵਿਸ਼ਨੂੰ ਜੀ | ੧੯੯ |
| ਵੈਸ਼ਨਵ ਮਤ | ੨੦੦ |
| ਚੌਵੀ ਅਵਤਾਰ ਕਥਾ | ੨੦੧ |
| ਹੰਸ ਅਵਤਾਰ | ੨੦੧ |
| ਪਰਸਰਾਮ ਅਵਤਾਰ | ੨੦੨ |
| ਵਾਮਨ ਅਵਤਾਰ | ੨੦੨ |
| ਮਨੂ ਅਵਤਾਰ | ੨੦੨ |
| ਵਰਾਹ ਅਵਤਾਰ | ੨੦੩ |
| ਨਰ ਨਾਰਾਇਣ | ੨੦੩ |
| ਕੱਛ ਅਵਤਾਰ | ੨੦੪ |
| ਮੱਛ ਅਵਤਾਰ | ੨੦੪ |
| ਵੈਵਸ੍ਰਿਤਿ ਅਵਤਾਰ | ੨੦੪ |
| ਨਰ ਸਿੰਘ ਅਵਤਾਰ | ੨੦੫ |
| ਹਯ ਗ੍ਰੀਵ ਅਵਤਾਰ | ੨੦੬ |
| ਮੋਹਨੀ ਅਵਤਾਰ | ੨੦੬ |
| ਰਾਮ ਚੰਦ੍ਰ ਅਵਤਾਰ | ੨੦੭ |
| ਬ੍ਰਹਮਾ ਅਵਤਾਰ | ੨੦੭ |
| ਵਰਾਹ ਅਵਤਾਰ | ੨੦੮ |
| ਕਪਲ ਮੁਨੀ | ੨੦੮ |
| ਕ੍ਰਿਸ਼ਨ ਅਵਤਾਰ | ੨੦੮ |
| ਧਨੰਤ੍ਰ ਅਵਤਾਰ | ੨੦੯ |
| ਰੁਦ੍ਰ ਅਵਤਾਰ | ੨੦੯ |
| ਦਤਾ ਤ੍ਰੇ ਅਵਤਾਰ | ੨੧੦ |
| ਰਿਖਵਦੇਵ ਤੇ ਅਰਹੰਤ | ੨੧੦ |
| ਸੂਰਜ ਅਵਤਾਰ | ੨੧੦ |
| ਚੰਦ੍ਰਮਾ ਅਵਤਾਰ | ੨੧੧ |
| ਅਰਜਨ ਅਵਤਾਰ | ੨੧੧ |
| ਇੰਦ੍ਰ ਅਵਤਾਰ | ੨੧੨ |
| ਕਲਿਕੀ ਅਵਤਾਰ | ੨੧੨ |
| ਬੋਧ ਅਵਤਾਰ | ੨੧੨ |
| ਉਮਰਾਂ ਦਾ ਇਕ ਪੈਮਾਨਾ | ੨੧੩ |
| ਫਿਰਕੇ ਬੰਦੀਆਂ | ੨੧੪ |
| ਭਾਈ ਬਹਿਲੋ | ੨੧੬ |
| ਗੰਗੂ ਦਾਸ | ੨੧੬ |
| ਹੰਦਾਲ | ੨੧੭ |
| ਸੁਥਰੇ ਸ਼ਾਹੀ | ੨੧੭ |
| ਉਦਾਸੀ ਸੰਪ੍ਰਦਾਇ | ੨੧੮ |
| ਪ੍ਰਸਿਧ ਮਤਾਂ ਦਾ ਵੇ: | ੨੧੯ |
| ਕਬੀਰ ਪੰਥੀਏ | ੨੧੯ |
| ਰਾਧਾ ਸੁਆਮੀਏ | ੨੨੧ |
| ਰਾਮਕ੍ਰਿਸ਼ਨ ਮਿਸ਼ਨ | ੨੨੫ |
| ਦੇਵ ਸਮਾਜ | ੨੨੬ |
| ਅਨੰਦਸਭਾਸੰਪ੍ਰਦਾਇ | ੨੨੬ |
| ਕਰਮ ਬਾਈ ਫਿਰਕਾ | ੨੨੬ |
| ਰਾਮ ਸਨੇਹੀ | ੨੨੭ |
| ਥੀਉਸਾਫੀਕਲ ਮਤ | ੨੨੭ |
| ਨਾਮਧਾਰੀ ਫਿਰਕਾ | ੨੨੮ |
| ਨਿਰੰਕਾਰੀਏ | ੨੨੯ |
| ਗਹਿਰ ਗੰਭੀਰੀਏ | ੨੩੦ |
| ਹੀਰਾ ਦਾਸੀਏ | ੨੩੧ |
| ਮਿਰਜ਼ਈਆਂ ਦਾ ਫਿਰਕਾ | ੨੩੨ |
| ਬ੍ਰਹਮੂ ਸਮਾਜ | ੨੩੪ |
| ਆਰਯਾ ਸਮਾਜ | ੨੩੫ |
| ਸ਼ਾਕਤ ਮਤ | ੨੩੬ |
| ਬਾਲਸ਼ਵਿਕ ਮਤ | ੨੩੭ |
| ਅੰਤਕਾ | ੨੩੯ |


----

Digitized by Panjab Digital Library | www.panjabdigilib.org

੧ ੳ ਸਤਿਗੁਰ ਪ੍ਰਸਾਦਿ ॥

# ਗੁਰਮਤਿ ਮਾਰਤੰਡ

ਅਰਥਾਤ

# ਗੁਰਮਤ ਨਿਰਣਯ ਭੰਡਾਰ

– ਉਤ੍ਰਾਰਧ ਭਾਗ –

ਕ੍ਰਿਤ–ਗਯਾਨੀ ਲਾਲ ਸਿੰਘ ਜੀ, ਸੰਗਰੂਰ

## ਜਾਪ ਪਾਤਸ਼ਾਹੀ ੧੦

ਅੰਮ੍ਰਿਤ ਵੇਲੇ ਦੀ ਨਿਤਨੇਮ ਬਾਣੀ 'ਜਪ' ਨਾਲ ਜਾਪ ਦਾ ਪਾਠ ਕਰਨਾ ਜ਼ਰੂਰੀ ਹੈ। ਜਪ ਔਰ ਜਾਪ ਅੰਮ੍ਰਿਤ ਛਕੌਣ ਦੀ ਬਾਣੀਆਂ ਭੀ ਹਨ। ਜਾਪ ਰਚਨਾ ਵਿਚ ਨਿਰਗੁਣ ਸਰੂਪ ਵਰਨਣ 'ਨਾਮ ਮਾਲਾ' ਦੁਆਰੇ ਅਕਾਲ ਪੁਰਖ ਨੂੰ ਪੁਨਾ ਪੁਨਾ ਨਮਸ਼ਕਾਰ ਹੈ। ਨਾਮ ਰਸ ਨਾਲ ਬੀਰ ਰਸ ਦੀ ਰੰਗਨਾਂ ਹੈ। ਇਸ ਦਾ ਪਾਠ ਛਪੈ ਛੰਦ, ਚਕ੍ਰ ਚਿਹਨ ਤੋਂ ਆਰੰਭ ਹੋ ਕੇ ੨੦੦ ਅੰਕਾਂ 'ਸਦਾ ਅੰਗ ਸੰਗੇ ਅਭੰਗੰ ਬਿਭੂਤੇ' ਪਰ ਭੋਗ ਪੈਂਦਾ ਹੈ। ਕਈਆਂ ਨੇ ਭੁਲ ਨਾਲ 'ਨਮੋ ਸੂਰਜ ਸੂਰਜੇ' ਭੁਜੰਗ ਪ੍ਰਯਾਤ ਦੇ ਦੋ ਛੰਦਾਂ ਦਾ ਇਕੋ ਛੰਦ ਅਰਥਾਤ ਅੰਕ ੧੮੫ ਔਰ ੧੮੬ ਦੀ ਬਜਾਏ ਇਕੋ ਛੰਦ ਗਿਣ ਕੇ ਅੰਕ ੧੯੯ ਲਾਏ ਹਨ। ਪਰਾਤਨ ਲਿਖਤੀ ਬੀੜਾਂ ਵਿਚ ਅੰਕ ੨੦੦ ਠੀਕ ਲਿਖੇ ਹਨ। ਇਸ ਸਬੰਧੀ ਬਾਕੀ ਵਿਚਾਰ ਪ੍ਰਿਥਮ ਭਾਗ ਵਿਖੇ ਪਹਿਲਾਂ ਆ ਚੁਕੇ ਹਨ। ਅਤੇ ਕਠਨ ਸ਼ਬਦਾਂ ਦੇ ਅਰਥ ਭੀ ਦਿਤੇ ਗਏ ਹਨ।

## ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ

ਦਸਮ ਗੁਰੂ ਜੀ ਨੇ ਜਾਪ ਦੀ ਬਾਣੀ ਦੇ ਆਰੰਭ ਵਿਚ ਨਿਰਗੁਣ ਸਰੂਪ ਅਕਾਲ ਪੁਰਖ ਦਾ ਮੰਗਲਾ ਚਰਨ ਕੀਤਾ ਹੈ, ਇਸ ਮੰਗਲਾ ਚਰਨ ਤੋਂ ਜਾਣਿਆਂ ਜਾਂਦਾ ਹੈ ਕਿ ਆਪ ਨਿਰੋਲ ਅਕਾਲ ਪੂਜਕ ਹਨ। ਇਸਤਰਾਂ ਹਰ ਮਤਿ ਵਿਚ ਮੰਗਲਾ ਚਰਨ ਹੁੰਦਾ ਹੈ, ਹਿੰਦੂਆਂ ਦਾ ਮਹਾਂ ਮੰਤ੍ਰ ਗਾਇਤ੍ਰੀ ਮੰਤ੍ਰ ਹੈ। ਯਥਾ—

ਭੂਰ੍ਭਵਃ ਸ੍ਵਃ ਓਹ ਭੁਰ ਭੁਵਃ ਸਤਤ ਸਵਿਤੁਰ ਵਰੇਨਯਮ ਭਰ੍ਗੋ ਦੇਵਸਜ ਧੀ ਮਹੀ ਯੋਨਃ ਪ੍ਰਚੋ ਦਿਆਤ ॥ ਹਿੰਦੂ ਇਸ ਨੂੰ ਵੇਦਾਂ ਦਾ ਸਾਰ ਤੱਤ ਸਮਝਦੇ ਹਨ, ਪਰ ਇਹ ਸੂਰਜ ਦੇਵਤੇ ਦੀ ਉਪਮਾਂ ਹੈ। ਸਾਧੂ ਦਯਾ ਨੰਦ ਨੇ ਇਸ ਦੇ ਅਰਥ ਪ੍ਰਮਾਤਮਾਂ ਵਲ ਖਿੱਚ ਕੇ ਕੀਤੇ ਹਨ, ਵਾਸਤਵ ਵਿਚ ਸੂਰਜ ਦੇਵਤੇ ਦੀ ਉਸਤਤੀ ਲਿਖੀ ਹੈ।

ਸ੍ਰੀ ਕ੍ਰਿਸ਼ਨ ਉਪਾਸ਼ਕ ਯਾਂ ਸ੍ਰੀ ਕ੍ਰਿਸ਼ਨ ਮੰਤ੍ਰ–"ਓਮ ਨਮੋ ਭਗਵਤੇ ਵਾਸਦੇਵਾਏ"

Digitized by Panjab Digital Library | www.panjabdigilib.org

ਪੜ੍ਹਦੇ ਹਨ। 'ਓਮ' ਤੋਂ ਭਾਵ-ਤਿੰਨ ਦੇਵਤੇ (ਬ੍ਰਹਮਾ, ਵਿਸ਼ਨ, ਮਹੇਸ਼) ਹਨ, 'ਓਮ' ਕਹਿਣ ਨਾਲ ਤਿਹਾਂ ਦੀ ਇਕੱਠੀ ਭਗਤੀ ਹੈ, ਉਸ ਦਾ ਨਾਮ 'ਰੱਬ' ਯਾਂ 'ਈਸ਼੍ਵਰ' ਭਗਤੀ ਹੈ, ਕਈ ਭੁਲੜ ਸਿਖ ਉਕਤ 'ਕ੍ਰਿਸ਼ਨ ਮੰਤ੍ਰ' ਜਪਦੇ ਵੇਖੇ ਹਨ। ਓਮ ਨੂੰ 'ਓਨਮ' ਭੀ ਪੜ੍ਹਦੇ ਹਨ, (ਓਨਮ ਅਖਰੁ ਤ੍ਰਿਭਵਣ ਸਾਰੁ,-ਰਾਮਕਲੀ ਮ: ੧)। ਓਨਮ ਅਖਰ ਸੁਣਹੁ, ਸੋ ਇਹ ਅੱਖਰੀਂ ਲੇਖਾ ਹੈ। ਇੱਕਰ ਹੀ 'ਰਾਮ ਮਹਾਂ ਮੰਤ੍ਰ' ਪੜ੍ਹਦੇ ਹਨ। ਯਥਾ-

ਸ੍ਰੀ ਰਾਮ ਰਾਮੇਤੀ, ਰਾਮੇਤ੍ਰੀ ਨਮੋ ਰਾਮ ਮਨੋ ਰਮਾ ਸਹੰਸਰ ਨਾਮ ਭਾਤੁਲਯਗ ਸ੍ਰੀ ਰਾਮ ਨਮੋ ਵਰਾਨਣਮ॥

ਇਹ ਮੰਤ੍ਰ ਕ੍ਰਿਸ਼ਨ ਮੰਤ੍ਰ ਦੇ ਮੁਕਾਬਲੇ ਪਰ 'ਰਾਮ ਮਹਾਂ ਮੰਤ੍ਰ' ਹੈ। ਸ਼ਿਵਾਂ ਦੇ ਉਪਾਸ਼ਕ ਆਖਦੇ ਹਨ-'ਓਮ ਨਮੋ ਸ਼ਿਵਾਏ' ਸ਼ਿਵ ਉਪਾਸ਼ਨਾ ਲਈ ਸ਼ਿਵਦੁਆਲਿਆਂ ਵਿਚ ਜਲਾ ਧਾਰੇ ਸ਼ਿਵੰਗ ਅਰਚੇਤ ਕੈਲਾਸ਼ੇ ਵਸਤੇ ਧਰਵਮ ਤੁਵ ਮੇਵ ਮਹੇਤੇ ਸਰਬ ਬਾਧਾ ਭਯੋ ਨਾਤਰ ਕਾਰਜਾ ਬਿਚਾਰਨੰ॥

ਸ਼ੈਵੀ ਲੋਕ ਸ਼ਿਵ ਜੀ ਨੂੰ 'ਰੱਬ' ਸਮਝਦੇ ਹਨ। ਯਥਾ-

'ਈਸ਼ਰ ਵਿਨੈ ਮੰਤ੍ਰ' ਵਾਲੇ ਆਖਦੇ ਹਨ-"ਤਵ ਮੇਵ ਮਾਤਾ ਸ਼ਚ ਪਿਤਾ, ਤਵ ਮੇਵ ਤਵ ਮੇਵ ਬੰਧਸ਼ਚ ਸਖਾ ਤਵ ਮੇਵ ਵਿਦਿਆ ਦ੍ਰਵ ਨਮ ਤਵ ਮੇਵ ਤਵ ਮੇਵ ਤਵ ਮੇਵ ਧੰਤ ਵਮ ਮਮ ਦੇਵ ਦੇਵ॥ ਇਸ ਥੀਂ ਵੱਡਾ ਮੰਤ੍ਰ ਹੋਰ ਕਿਧਰੇ ਨਹੀਂ ਹੈ, ਪਰੰਤੂ ਜਿਸ ਵੇਲੇ ਚਰਾਗ (ਦੀਵਾ) ਜਗੌਂਦੇ ਹਨ ਤਾਂ ਪੜ੍ਹਦੇ ਹਨ-"ਦੀਪੋ ਜੋਤੀ, ਪਰਮ ਬ੍ਰਹਮ, ਦੀਪੋ ਜੀਓ ਤਰ ਜਨਾਰਧਨ, ਦੀਪੋ ਹਰ ਤੂਲੇ ਪਾਪਗ ਸੰਧਿਆ ਦੀਪ ਨਮ ਸਤਤੇ ਸ਼ੁਭੰਗ ਕਰਵਤੀ, ਕਲਯਾਨੰਗ ਆਰਦ ਯਹਰਮ ਸੁਖ ਸੰਪਦਾਮ, ਸ਼ਤਰੁ ਬਧੀ ਬਿਨਾਸ਼ਚੇ ਦੀਪ ਜੋਤ੍ਰੇ ਤਰ ਨਮੋਂ ਸਤੁੱਤੇ।" ਇੱਕਰ ਦੇ ਹਿੰਦੂਆਂ ਵਿਚ ਅਨੇਕਾਂ ਮੰਤ੍ਰ ਹਨ ਜੋ ਅਨ ਪੂਜਾ ਦਾ ਪ੍ਰਚਾਰ ਕਰਦੇ ਹਨ। ਯਥਾ-

'ਤੁਲਸੀ ਦੇ ਬੂਟੇ ਨੂੰ ਜਲ ਚੜ੍ਹਾਣ ਦਾ ਮੰਤ੍ਰ'-ਤੁਲਸੀਆ ਅੰਮ੍ਰਿਤ ਨਾਮਾ ਸ੍ਰੀ ਤ੍ਰੰਗ ਕੇਸ਼ਵ ਮਪ੍ਰਿਯਾ, ਸ਼ਨਾਨਮ ਕਰੋ ਮੁਹਾਂ ਦੇਵੀ ਕਲਿਆਨੰ ਕੁਰੂ ਸ੍ਰਵਦਾ॥" ਇਹ ਤੁਲਸੀ ਪੂਜਾ ਦਾ ਮੰਤ੍ਰ ਹੈ। ਇਕਰ ਸੂਰਜ ਨੂੰ ਜਲ ਅਰਪਣ ਵੇਲੇ ਪੜ੍ਹਦੇ ਹਨ-ਅਹੋ! ਸੂਰਯ ਸਹੰਸਰਾਸ਼ੂ ਤੇਜੋ ਰਾਸ਼ੇ ਜਗਤ ਪਤੇ ਅਨ ਕੰਪਾਏ ਮਾਂ ਭਗਤਿਆ ਗ੍ਰਿਹਾਨ ਅਰਘ ਨਮੋ ਸਤਤੇ॥ ਸੂਰਜ ਦੀ ਉਪਾਸ਼ਨਾ ਹਿੰਦੂ ਧਰਮ ਵਿਚ ਸ਼ਰੋਮਣੀ ਹੈ। ਯਥਾ-

'ਮੰਗਲ ਦਾ ਮੰਤ੍ਰ'-"ਓਮ ਮੰਗਲਾਯੋ ਨਮਾਂ" ਉਕਤ ਮੰਤ੍ਰ ਮੁਕਤੀ ਯਾਂ ਭਗਤੀ ਵਾਸਤੇ ਰਚੇ ਗਏ ਹਨ, ਜੋ ਕਿ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਤੋਂ ਦੂਰ ਹਨ। ਦਸਮ ਗੁਰੂ ਜੀ ਨੇ 'ਜਾਪ' ਦੇ ਆਰੰਭ ਵਿਚ ਚਕ੍ਰ ਚਿਹਨੀ ਉਪਾਸ਼ਨਾ ਨੂੰ ਨਹੀਂ ਮੰਨਿਆਂ ਰੇਖ, ਭੇਖ, ਜਾਤੀ, ਪਾਤੀ ਦਾ ਖੰਡਨ ਕੀਤਾ ਹੈ, ਯਾਂ ਤੇ 'ਗੁਰਮੰਤ੍ਰ' ਹੀ ਨਿਰੋਲ ਅਕਾਲ ਉਪਾਸ਼ਨਾ ਦਿੜਾਂਦਾ ਹੈ। ਮੁਸਲਮਾਨ ਭੀ ਆਪਣੇ ਮੰਤ੍ਰ ਯਾਂ ਕਲਮੇ ਨਾਲ 'ਮੁਹੰਮਦ ਰਸੂਲ ਅਲਾ' ਲਾ ਕੇ ਨਿਰੋਲ ਖ਼ੁਦਾ ਪੂਜ ਨਹੀਂ ਅਖਵਾ ਸਕਦੇ। ਜਾਪ ਪਾਤਸ਼ਾਹੀ ੧੦ ਨਿਰੋਲ ਨਿਰਗੁਣ ਸਰੂਪ ਦੀ ਸਨਮੁਖ ਉਪਾਸ਼ਨਾ ਹੈ।

ਹਿੰਦੂ ਫਿਲਾਸਫੀ ਯਾਂ ਧਰਮ ਦਾ ਨਚੋੜ

Digitized by Panjab Digital Library | www.panjabdigilib.org

ਕ੍ਰਿਸ਼ਨ ਗੀਤਾ ਹੈ ਜਿਸ਼ ਨੇ ਕਿ ਜੀਵ ਨੂੰ 'ਅਮਰ' ਔਰ ਸਰੀਰ ਨੂੰ ਕੇਵਲ 'ਚੋਲਾ' ਮੰਨਿਆਂ ਹੈ। ਔਰ ਜੀਵ ਨੂੰ ਹੀ ਈਸ਼੍ਵਰ ਦਾ ਦਰਜਾ ਦਿਤਾ ਹੈ, ਸ੍ਰੀ ਕ੍ਰਿਸ਼ਨ ਜੀ ਨੇ ਆਪ ਨੂੰ ਹੀ ਰੱਬ ਮੰਨਿਆਂ ਹੈ, ਹਰ ਪਾਸੇ 'ਹਉਮੈਂ' ਦਾ ਪਸਾਰਾ ਜਾਪਦਾ ਹੈ। ਪ੍ਰਾਕਰਮ ਨੂੰ ਮੁਖ ਮੰਨਿਆਂ ਹੈ, ਧਰਮ ਯਾਂ ਫਰਜ਼ ਪਾਲਣਾ ਲਾਜ਼ਮੀ ਦਸਿਆ ਹੈ।

ਹਿੰਦੂ ਧਰਮ ਵਿਖੇ ਸ੍ਰੀ ਗੀਤਾ ਜੀ ਨਾਲੋਂ ਵੱਧ ਗਜ਼ਾਨ ਹੋਰ ਕਿਧਰੇ ਘੱਟ ਹੀ ਮਿਲੇਗਾ, ਅਕਸਰ ਪ੍ਰੇਮੀ ਸਪਤ ਸਲੋਕੀ ਗੀਤਾ ਪਾਠ ਹਮੇਸ਼ਾਂ ਕਰਦੇ ਹਨ, ਇਕ ਵਿਦਜਵਾਨ ਨੇ ਓਹ ਸਲੋਕ ਅਗੇ ਲਿਖਕੇ ਭਾਵਰਥ ਲਿਖੇ ਹਨ ਜੋ ਪਾਠਕਾਂ ਦੀ ਗਜ਼ਾਤ ਹਿਤ ਅਗੇ ਦਰਜ ਹੈ। ਯਥਾ—

ਓਮਃ ਅੰਮਿਤਜੇਕਾਖਜਰੰ ਬ੍ਰਹਮਵਿਆ-ਹਰਨ ਮਾਮਨ ਸਿਮਰਨ ਯਾਃ ਪ੍ਰਯਾਤਿ ਤਜੰ ਦੇਹੰ ਸਯਾਤੀ ਪਰਮਾਂਗਤਿੰ ॥ ੧॥ ਸਰਬਤਃ ਪਾਣਿ ਪਾਦੰ ਤਤਸਰਬ ਤੋਖਿ-ਸਰੋ ਮੁਖੰ ॥ ਸਰਬਤਃ ਸ੍ਰੁਤਿਮਾਂਲੋਕ ਸਰ-ਬਮਾ ਬ੍ਰਿਤਯ ਤਿਸ਼੍ਰਤੇਃ। ੨ ॥

ਅਰਜਨੋ ਵਾਚ ॥ ਸਥਾਨੇ ਰਿਖੀ ਕੇਸ਼ ਤਵ ਪ੍ਰਕੀਰਤਿਆ ਜਗਤ ਪ੍ਰਹਰ ਸਿਯਰਾ। ਤਜਨੁਰਜਤੇਕ ਰਖਯਸਿ ਭੀਤਾਨਿ ਦਿਸੋ ਦ੍ਰਵੰਤਿ ਸਰਬੇ ਨਮਸੰਯੰਤਿਚ ਸਿਧ ਸੰਘਾ ॥ ੩॥ ਕਵਿ ਪੁਰਾਣ ਮਨਸਾ ਸਿਤਾਰਮ-ਣੋਰਨੀਆਂ ਸਮਨੁ ਸਮਰੇਦਯਾ ॥ ਸਰਵਸਯ ਧਾਤਾਰ ਮਾਂ ਚਿਤਜਰ ਪਾਃ ਮਾਂਦਿਤ ਵਰਣੰ ਤਮਸਃ ਪਰਸਤਾਤ ॥ ੪॥ ਊਰਧ ਮੂਲ ਮਧ ਸ਼ਾਖਾ ਮਵਸਿਥਤੰ ਪ੍ਰਾਹੁ ਰਵਯੰ ॥ ਛੰਦਾਂਸਿ ਯਸ ਪਰਣਾਨਿ ਯਸ਼ਜਤੰ ਵੇਦਸ ਵੇਦਵਿਤ ॥ ੫॥ ਸਰਵਸਜਚਾਹੰ ਹ੍ਰਿਦ ਸੰਨਿਵਿਸ੍ਰੋ ਮਤਃ ਸਮਿਰਤਿਰ ਗਜ਼ਾਨ ਮਪੋਹਿਨੰਚ ਵੇਦੈਃ ਸਰਬੈ ਰਹਿਮੇਵ ਵੇਦਯੋ ਵੇਦਾਂਤ ਕ੍ਰਿਤ ਵੇਦ ਵਦੇਵਾਚਾਹੰ ॥ ੬ ॥ ਮਨਮਨਾ ਭਵ ਮਦ ਭਗਤੋ ਮਬਯਾਜੀ ਮਾਂ ਨਮਸਚ ਟੂਃ ਮਾਮੈਵੈ ਸਮਜ ਯੁਕਤੇਵ ਮਾਤਮਾਂਨੰ ਮਤ ਪਰਾਇਣਃ ॥ ੭ ॥

ਭਾਵਰਥਃ ਹੇ ਅਰਜਨ ! ਓਮਃ ਜੋ ਪ੍ਰਿਥਮ ਅਖਰ ਬੇਦ ਮੇਂ ਹੈਂ ਅਰ ਪ੍ਰਣਵੀ ਉਸੀ ਕਾ ਨਾਮ ਹੈ ਸੋ ਓਮ ਵੁਹ ਜੋ ਪਰਮ ਪੁਰਖੋਤਮ ਜਿਸਕੋ ਪੂਰਨ ਬ੍ਰਹਮ ਕਹਿਤੇ ਹੈਂ ਤਿਸਕੇ ਸ੍ਵਾਸੋਂ ਕਾ ਸ਼ਬਦ ਸੋ ਬਾਣੀ ਰੂਪ ਹੈਕੇ ਪ੍ਰਿਥਮੇ ਬ੍ਰਹਮਾਂ ਜੀ ਕੇ ਰਿਦੇ ਮੇਂ ਪ੍ਰਵੇਸ਼ ਕੀਆ ਤੇ ਇਸੀ ਬਾਣੀ ਕੇ ਬਲ ਸੇ ਸੰਸਾਰ ਰਚਾ ਔਰ ਵੇਦ ਵੀ ਸੰਸਾਰ ਮੇਂ ਪ੍ਰਵਿਰਤ ਕੀਏ ਹੋਰ ਭਗਤੀ ਪਰਮੇਸ਼ਰ ਜੀ ਕਾ ਭਜਨ ਵੀ ਪ੍ਰਵਿਰਤ ਕੀਆ ਹੈ ਜੋ ਕੋਈ ਇਸ ਓਮ ਕਾ ਜਾਪ ਕਰੇਗਾ ਔਰ ਮੈਂ ਜੋ ਪਰਮ ਈਸ਼ਰ ਹੋਂ ਜੋ ਮੇਰਾ ਧਿਆਨ ਧਾਰੇਗਾ ਜਬ ਵੁਹ ਪ੍ਰਾਨੀ ਦੇਹ ਕਾ ਤਿਆਗ ਕਰੇਗਾ ਸੋ ਮੇਰੇ ਪਰਮ ਧਾਮ ਕੋ ਪ੍ਰਾਪਤ ਹੋਵੇਗਾ ਮੈਂ ਜੋ ਹਾਂ ਸਦਾ ਏਕ ਰਸ ਹੋਂ ਸੂਖਮ-ਤੇ ਹੀ ਸੂਖਮ ਹਾਂ ਸਾਰੀ ਵਿਸ੍ਵਕਾ ਅਧਿਕਾਰੀ ਹੋਂ ਨਿਸਚਿੰਤ ਹੋਂ ਡਰ ਮੇਰਾ ਸਭ ਕੇ ਸਿਰ ਊਪਰ ਹੈ ਔਰ ਸਰਬ ਪ੍ਰਕਾਰ ਮੇਰਾ ਹੀ ਹੈ ਕੋਟ ਸੂਰਜ ਕਾ ਚਾਂਦਨਾ ਮੇਰੇ ਪ੍ਰਕਾਸ਼ ਕੇ ਤੁਲ ਨਹੀਂ ਕਿਉਂ ਜੋ ਵੁਹ ਰਾਤ੍ਰ ਕੋ ਔਰ ਮੰਡਲੋਂ ਮੇਂ ਚਲਾ ਜਾਤਾ ਹੈ ਤੇ ਮੇਰਾ ਪਰਕਾਸ਼ ਜੁਗਾਂ ਦੇ ਆਦਿ ਜੁਗਾਂ ਦੇ ਅੰਤ ਭੀ ਔਰ ਮਧ ਭੀ ਏਕ ਰਸ ਹੈ ਕਾਹੇ ਤੇ ਜੋ ਅਗਿਆਨ ਰੂਪੀ ਅੰਧੇਰਾ ਸਪਰਸ਼ ਨਹੀਂ ਕਰ ਸਕਤਾ ਹੈ ਅਰਜਨ ! ਜੋ ਮੇਰੇ ਭਗਤ ਮੇਰੀ ਕਥਾ

Digitized by Panjab Digital Library | www.panjabdigilib.org

ਕੀਰਤਨ ਪ੍ਰੇਮ ਕਰਕੇ ਕਰਤੇ ਹੈਂ ਸੰਸਾਰ ਕੋ ਸੁਨਾ ਕੇ ਪਵਿਤ੍ਰ ਕਰਤੇ ਹੈਂ ਔਰ ਜੋ ਸੁਨਤੇ ਹੈਂ ਪ੍ਰਤੀਤ ਕੇ ਸਾਥ ਸੋ ਮੈਂ ਤਿਨ੍ਹਾਂ ਲੋਕਾਂ ਕੀ ਸਦਾ ਹੀ ਰੱਛਾ ਕਰਤਾ ਹੂੰ ਸੁਦਰਸ਼ਨ ਚੱਕ੍ਰ ਲੀਏ ਹੇ ਅਰਜਨ! ਐਸਾ ਪੱਕਾ ਨਿਸਚਾ ਜੋ ਕੋਈ ਭਗਤ ਮੇਰਾ ਮੈਨੂੰ ਸਤਚਿਤ ਆਨੰਦ ਕੰਦ ਜਾਨ ਕੇ ਸਰਬ ਵਾਸ਼ਨਾ ਕੋ ਰੋਕ ਕੇ ਮੇਰਾ ਸਿਮਰਨ ਕਰਤੇ ਹੈਂ ਮੈਂ ਤਿਨ ਕੇ ਪੀਛੇ ਰੱਛਾ ਕਰਤਾ ਫਿਰਤਾ ਹੋਂ ॥

## ਪਰਮ ਵੇਦ ਪੁਰਾਨ ਜਾਕਹਿ ਨੇਤਿ ਭਾਖਤ ਨਿੱਤ ॥ ਕੋਟਿ ਸਿੰਮ੍ਰਿਤਿ ਪੁਰਾਨ ਸ਼ਾਸਤ੍ਰ ਨ ਆਵਹੀ ਵਹੁ ਚਿੱਤ ॥

ਹਿੰਦੂਆਂ ਦੇ ਚਾਰ ਵੇਦ (ਰਿਗ ਯਜੁਰ, ਸ਼ਾਮ, ਅਥਰਵਣ) ਹਨ, ਪਰੰਤੂ ਅਥਰਵਣ ਵਿਚ ਤਾਂ ਬਹੁਤੇ ਜਾਦੂ ਟੂਣੇ ਹੀ ਹਨ ਇਹ 'ਕਲਿ ਜੁਗ ਮਹਿ ਵੇਦ ਅਥਰਵਣ ਹੂਆ' ਵਾਕ ਅਨੁਸਾਰ ਹੈ। ਪੁਰਾਨ ਅਠਾਰਾਂ ਹਨ ਜਿਨ੍ਹਾਂ ਵਿਚ ਵਿਸ਼ਨੂੰ, ਸ਼ਿਵ, ਸ੍ਰੀ ਮਦ ਭਾਗਵਤ ਪ੍ਰਸਿਧ ਹਨ। ਮਨੂ ਸਿਮ੍ਰਤੀ ਆਦਿ ਹਿੰਦੂ ਕਾਨੂੰਨ ਦੇ ਗ੍ਰੰਥ ਹਨ, ਨਯਾਏ ਯੋਗ ਵਸ਼ੇਸ਼ਕ ਆਦਿ ਛੀ ਸ਼ਾਸਤ੍ਰ ਹਿੰਦੂ ਫਿਲਾਸਫੀ ਦੇ ਹਨ। ਵੇਦਾਂ ਦਾ ਅਸਲ ਨਾਮ ਸ੍ਰਤੀ ਹੈ। ਸੁਣੀ ਗਈ ਯਾਂ ਇਲਹਾਮ ਹੋਈ ਬਾਤ। ਸਿਮ੍ਰਤੀਆਂ ਅਰਥਾਤ ਯਾਦਦਾਸਤਾਂ। ਰਿਗ ਵਿਚ ਇੰਦ੍ਰ, ਵਰਣ, ਅਗਨੀ ਆਦਿ ਦੀ ਪੂਜਾ ਹੈ. ਵੇਦ ਦੇ ਅਰਥ ਗਿਆਨ ਯਾਂ ਧਰਮ ਸੰਗਲੀ ਹੈ, ਇਨਾਂ ਥੀਂ ਉਤ੍ਰਕੇ ਉਪਨਿਸ਼ਦਾਂ ਹਨ, ਜੋ ਸੌ ਕੁ ਦੀ ਗਿਣਤੀ ਵਿਚ ਹਨ, ਇਨ੍ਹਾਂ ਨੂੰ ਬ੍ਰਹਮ ਵਿਦਯਾ ਦਸਦੇ ਹਨ ਪਰ ਪ੍ਰਮਾਤਮਾਂ ਆਤਮਾਂ ਸਥੂਲ ਜੜ੍ਹ ਪਦਾਰਥਾਂ ਦੇ ਨਿਰਣਯ ਵਧ ਹਨ। ਅਸਲੋਂ ਮਨੂੰ ਸਿਮ੍ਰਤੀ ਦੇ ਕਾਨੂੰਨ ਨੇ ਹਿੰਦੂ ਜਾਤੀ ਨੂੰ ਜਾਤੀ ਪਾਤੀ ਵਿਚ ਲਿਆਂਦਾ ਇਸ ਦੀ ਰਚਨਾ ਕਈ ਤਾਂ ਬਹੁਤ ਦੇਰ ਤੋਂ ਮੰਨਦੇ ਹਨ ਪਰ ਬ੍ਰਾਹਮਣੀ ਰਾਜ ਦੇ ਸਮੇਂ ਦੂਜੀ ਸਦੀ ਈਸਵੀ ਵਿਚ ਰਚੀ ਗਈ ਸਿਧ ਹੁੰਦੀ ਹੈ, ਪੁਰਾਣ ਤੋਂ ਭਾਵ ਹੈ ਪੁਰਾਤਨ ਪ੍ਰਸੰਗ ਇਹ ਅਠਾਰਾਂ ਹਨ ਪੰਤੂ ਭਾਗਵਤ ਵਿਸ਼ਨੂੰ ਵਾਯੂ ਵਧ ਮਸ਼ਾਹੂਰ ਹਨ। ਜੌਆਂ ਦੀ ਸ਼ਰਾਬ ਦਾ ਨਾਮ 'ਸੁਰਾ' ਸੀ ਉਸਨੂੰ ਪੀਣੇ ਵਾਲੇ ਪਹਿਲਾਂ ਸੁਰ ਕਹੇ ਗਏ, ਪਹਾੜੀ ਬੂਟੀ ਦਾ ਰਸ 'ਸੋਮ' ਕਹੌਂਦਾ ਸੀ, ਸੋਮ ਰਸ ਭੀ ਇਕ ਪ੍ਰਕਾਰ ਦੀ ਨਸ਼ੀਲੀ ਵਸਤੂ ਸੀ, ਜੋ ਸੁਰਾ ਪੀਂਦੇ ਮੰਨੇ ਹਨ।

ਹਿੰਦੂਆਂ ਦੇ ਪੁਰਾਣੇ ਗ੍ਰੰਥਾਂ ਵਿਚ ਸੂਰਜ, ਅਗਨੀ, ਹਵਾ, ਚੰਦ੍ਰਮਾਂ, ਅਸਮਾਨ, ਪਾਣੀ ਆਦਿ ਕੁਦਰਤੀ ਵਸਤਾਂ ਦੀ ਵਧ ਪੂਜਾ ਲਿਖੀ ਹੈ। ਜ਼ਾਤਾਂ ਪਾਤਾਂ ਦਾ ਵਿਤਕਰਾ 'ਕਾਲੇ' 'ਗੋਰੇ' ਆਦਿ ਮਾਨੁਖੀ ਰੰਗਾਂ ਥੀਂ ਚਲਿਆ ਹੈ, ਵਿਦਯਵਾਨਾਂ ਨੂੰ ਬ੍ਰਾਹਮਣ ਆਖਦੇ ਸਨ।

ਮਨੂ ਜੀ ਨੇ ਹਿੰਦੂਆਂ ਦੀ ਅਵਸਥਾ ਨੂੰ ਚਾਰ ਹਿਸਿਆਂ ਵਿਚ ਵੰਡ ਦਿਤਾ ਸੀ, (ਬ੍ਰਹਮ ਚਰਜ, ਗ੍ਰਿਹਸਤ, ਬਾਣ ਪ੍ਰਸਥ, ਸਨਿਆਸ)। ਇਸਤਰਾਂ ਵੇਦਾਂ ਸਿਮ੍ਰਤਾਂ ਦਾ ਮਤ ਅਨੇਕਾਂ ਸ਼ਾਖਾਂ ਵਿਚ ਫੈਲਕੇ ਟੁਕੜੇ ੨ ਹੋ ਗਏ, ਐਸੇ ਕਿਤਨੇ ਗ੍ਰੰਥ ਹਨ ਜੋ ਇਕ ਦੂਜੇ ਦੇ ਸਿਧਾਂਤ ਨੂੰ ਖੰਡਣ ਕਰਦੇ ਹਨ। ਯਾਂਤੇ ਇਨਾਂ ਤੋਂ ਅਕਾਲ ਉਪਾਸ਼ਨਾ,

Digitized by Panjab Digital Library | www.panjabdigilib.org

ਸਿਧਾਂਤ ਮਿਲਣਾਂ ਕਠਨ ਹੈ।

## ਅਕਾਲ ਉਸਤਤ

ਅਕਾਲ ਉਸਤਤ ਦੇ ਅਰਥ ਅਕਾਲ ਪੁਰਖ ਦੀ ਮਹਿਮਾਂ ਹੈਨ, ਅਕਾਲ ਉਸਤਤ ਵਿਚ ਹੋਰ ਵਿਚਾਰਾਂ ਯਾਂ ਨਿਰਣਯ ਭੀ ਹਨ। ਅਕਾਲ ਉਸਤਤ ਦਸਮ ਗੁਰੂ ਜੀ ਵਲੋਂ ਨੀਯਤ ਸੁਰਖੀ ਪੁਨੀਤ ਨਹੀਂ ਸੀ। ਪਿਛੋਂ ਲਿਖਾਰੀਆਂ ਵਲੋਂ ਲਿਖੀ ਜਾਣੀ ਸਿਧ ਹੈ। ਪੁਰਾਤਨ ਲਿਖਤਾਂ ਵਿਚ ਕਿਧਰੇ ਆਰੰਭ ਪਰ 'ਉਤਾਰ ਖਾਸੇ ਦਸਖਤ' ਕੀ ਭੀ ਸੁਰਖੀ ਹੈ। ਜਿਸ ਤੋਂ ਇਹ ਖਿਆਲ ਕੀਤਾ ਜਾਂਦਾ ਹੈ ਕਿ 'ਅਕਾਲ ਪੁਰਖ ਕੀ ਰੱਛਾ ਹਮ ਨੈ' ਵਾਲਾ ਪਹਿਲਾ ਛੰਤ ਦਸਮ ਗੁਰੂ ਜੀ ਨੇ ਨਿਜ ਕਲਮ ਨਾਲ ਲਿਖਿਆ ਸੀ ਜਿਸ ਕਰਕੇ ਨਕਲ ਨਵੀਸਾਂ ਨੇ 'ਉਤਾਰ ਖਾਸੇ ਦਸਖਤ ਕਾ' ਸੁਰਖੀ ਦੇ ਕੇ ਇਸ ਛੰਦ ਦੇ ਪਿਛੋਂ ਲਿਖ ਦਿਤਾ ਹੈ 'ਆਗੇ ਲਿਖਾਰੀ ਕੇ ਦਸਖਤ' ਪਰ ਇਹ ਬਾਤ ਪ੍ਰਚਲਤ ਨੇਮਾਂ ਥੀਂ ਵਿਰੁਧ ਹੈ। ਅਗੇ ਤੋਂ ਅਗੇ ਸੀਰੋ ਲਿਖੀ ਜਾਣੀ ਕੋਈ ਭੀ ਅਰਥ ਨਹੀਂ ਰਖਦਾ। ਖਾਸੇ ਦੇ ਅਰਥ ਹਜੂਰੀ ਕਵੀਸ਼ਰ ਭੀ ਹਨ ਔਰ ਭਾਈ ਸੁਖਾ ਸਿੰਘ ਵਾਲੀ ਬੀੜ ਦਾ ਨਾਮ ਹੀ 'ਖਾਸ' ਬੀੜ ਹੈ। ਪ੍ਰਾਯ ਵਿਖੇ ਖਾਸੇ ਦੇ ਅਰਥ ਖਾਸ ਚੰਗੇ ਅਵਤਾਰ ਕੀਤੇ ਹਨ। ਇਸ ਮੰਗਲਾ ਚਰਨ ਵਿਚ 'ਚੱਕ੍ਰ ਚਿਹਨ' ਜਾਪ ਪਾ: ੧੦ ਦੀ ਮਾਨਿੰਦ ਨਿਰੋਲ ਅਕਾਲ ਉਪਾਸ਼ਨਾ ਨਹੀਂ ਹੈ। ਇਥੇ ਸਰਬ ਲੋਹ ਦੇ ਅਰਥ 'ਤਲਵਾਰ' (ਸ਼ਸਤ੍ਰ) ਹਨ। ਅਕਾਲ ਪੁਰਖ ਸ਼ਬਦ ਦੇ ਪ੍ਰਥਮ ਔਣ ਕਰ ਕੇ 'ਅਕਾਲ ਉਸਤਤ' ਨਾਮ ਪਰਵਿਰਤ ਹੋਇਆ ਹੈ 'ਅਕਾਲ ਪੁਰਖ ਸਰਬ ਲੋਹ, ਸਰਬ ਕਾਲ ਸ਼ਬਦ 'ਮਹਾਂ ਕਾਲ' ਹਿਤ ਭੀ ਵਰਤੇ ਹਨ ਜਿਹਾ ਕਿ ਅਗੇ ਮਹਾਂ ਕਾਲ ਦਾ ਚਰਿਤ੍ਰ ਆਵੇਗਾ। ਸਰਬ ਕਾਲ ਓਹੀ ਹਸਤੀ ਹੈ ਜਿਸਨੂੰ ਕਿ ਅਕਸਰ ਗਯਾਨੀ ਲੋਕ ਵਖਰੀ ਸ਼ਕਤੀ ਯਾਂ ਅਕਾਲ ਸ਼ਕਤੀ ਕਹਿਕੇ ਕੰਮ ਸਾਰਦੇ ਹਨ। ਸ਼ਕਤੀ ਔਰ ਅਕਾਲ ਦੋ ਵਸਤਾਂ ਨਹੀਂ ਹੈਨ, ਜਾਪ ਵਿਖੇ ਫ਼ੁਰਮਾਇਆ ਹੈ 'ਨਮੋ ਕਾਲ ਕਾਲੇ' ਯਾਂਤੇ 'ਕਾਲ' ਵਖਰਾ ਦੇਵਤਾ ਕਲਪਤ ਕੀਤਾ ਗਿਆ ਸੀ, ਜਿਸ ਦਾ ਕਿ ਖੰਡਣ ਹੈ।

ਅਕਸਰ ਪੁਰਾਤਨ ਗਯਾਨੀ 'ਅਕਾਲ ਪੁਰਖ' ਦੇ ਅਰਥ ਮਹਾਂ ਕਾਲ ਔਰ ਸਰਬ ਲੋਹ ਤੋਂ ਭਾਵ ਦੇਵੀ ਜਾਂ ਤਲਵਾਰ ਆਦਿ ਲੈਂਦੇ ਹਨ, ਕਿਧਰੇ ਕਾਲ ਤੋਂ ਕਾਲੀ ਦੇਵੀ ਭੀ ਹਨ। ਅਕਾਲ ਉਸਤਤ ਵਿਖੇ 'ਸ੍ਰਾਵਗ ਸੁਧ' ਔਰ 'ਦੀਨਨ ਕੀ ਪ੍ਰਤਿਪਾਲ ਕਰੇ' ਵਾਲੇ ਸਵਈਏ ਨਿਰੋਲ ਗੁਰਬਾਣੀ (ਅਕਾਲ ਬਾਣੀ) ਹਨ ਔਰ ਸੁਤੰਤ੍ਰ ਰਚਨਾ ਹੈ। 'ਖੂਕ ਮਲਹਾਰੀ' ਆਦਿ ਕਬਿੱਤ ਸਿੱਧੇ ਸ਼ਬਦਾਂ ਵਿੱਚ ਪਾਖੰਡ ਦਾ ਖੰਡਣ ਹੈ, ਯਾਂ ਤੇ ਅਕਾਲ ਉਸਤਤ ਵਿੱਚ ਕਈ ਪ੍ਰਕਾਰ ਔਰ ਕਈ ਕੁ ਸਿਧਾਂਤਾਂ ਦੇ ਛੰਤ ਸੰਕਲਤ ਹਨ। ਵੈਸੇ ਅਕਾਲ ਉਸਤਤ ਪਾ: ੧੦ ਲਿਖੇ ਜਾਣ ਕਰਕੇ ਕਿਹਾ ਜਾਂਦਾ ਹੈ ਕਿ ਇਹ ਰਚਨਾ ਸੁਖਮਨੀ ਮ: ੫ ਦੀ ਮਾਨਿੰਦ ਨਿਰੋਲ ਬ੍ਰਹਮ ਗਯਾਨ ਹੈ ਪਰ ਨਿਰਣਯ ਔਰ ਖੋਜ ਦੀ ਕਸਵੱਟੀ ਨਾਲ ਇਹ ਬਾਤ ਠੀਕ ਨਹੀਂ ਉਤਰਦੀ ਯਾਂਤੇ ਗੁਰਮੁਖ ਵਿਦਯਵਾਨਾਂ ਦਾ ਪਰਮ ਧਰਮ ਹੈ ਕਿ ਉਹ ਇਸ ਸਬੰਧੀ ਗੁਰਮਤ ਵਿਚਾਰ ਪ੍ਰਗਟ ਕਰਕੇ ਅਸਲੀਅਤ ਦਾ ਪ੍ਰਚਾਰ ਕਰਨ।

Digitized by Panjab Digital Library | www.panjabdigilib.org

ਦਸਮ ਰਚਨਾ ਦੇ ਇਕੱਤ੍ਰ ਕਰਨ ਵੇਲੇ ਕੇਵਲ ਸੰਭਾਲਣ ਦਾ ਖਿਆਲ ਰਖਿਆ ਹੈ, ਛਾਂਟ ਕਰਕੇ ਥਾਂ ਸਿਰ ਲਿਖਣੇ ਦਾ ਸਮਾਂ ਹੀ ਪ੍ਰਾਪਤ ਨਹੀਂ ਹੋ ਸਕਿਆ ਕਈਆਂ ਨੇ ਦੋ ਸੌ ਇਕਹਤ੍ਰ ਅੰਕ ਲਿਖੇ, ਕਈਆਂ ਨੇ ੨੩੨ ਦੋ ਸੌ ਬਤੀਸ ਬਣਾਏ ਹਨ, ਵਿਚਾਰ ਹੈ ਕਿ ਅੰਕ ੨੦੧ ਤੋਂ ੧੦ ਤੀਕ ਦੋਹਰੇ ਜੋ ਪ੍ਰਸ਼ਨ ਰੂਪ ਹਨ, ਇਨ੍ਹਾਂ ਦੇ ਉਤ੍ਰ ਸਾਥ ਨਹੀਂ ਹਨ, ਕਈ ਵਿਦਜ਼ਵਾਨ ਵਿਚੋਂ ਹੀ ਉੱਤ੍ਰ ਨਿਕਾਲਦੇ ਹਨ। ੨੧੧ ਛੰਤ ਦੂਜੇ ਚੰਡੀ ਚਰਿਤ੍ਰ ਦੇ ਸਤਵੇਂ ਅਧਿਆਇ ਵਿਚੋਂ ਸਿੱਧ ਹੁੰਦੇ ਹਨ, ਇੱਕਰ ਕਈ ਥਾਵਾਂ ਦੇ ਪ੍ਰਸੰਗ ਇਸ ਰਚਨਾ ਵਿਚ ਸ਼ਾਮਲ ਕੀਤੇ ਸਿੱਧ ਹੁੰਦੇ ਹਨ। ਜਿਨ੍ਹਾਂ ਪਰ ਕਿ ਕਾਫੀ ਵਿਚਾਰ ਔਰ ਖੋਜ ਦੀ ਲੋੜ ਹੈ।

ਕਈ ਤਾਂ ਅਕਾਲ ਉਸਤਤ ਦੇ ਪਾਠ ਦੀ ਆਮ ਤੌਰ ਪਰ ਪਾਧੜੀ ਛੰਦ ੨੭੫ ਪਰ ਸਮਾਪਤੀ ਸਮਝਦੇ ਹਨ ਪਰ ਅਕਾਲ ਉਸਤਤ ਕਈ ਪ੍ਰਸੰਗਾਂ ਦੀ ਸੰਕਲਤ ਰਚਨਾਂ ਹੈ। ਅੰਕ ੨੧੧ ਤੋਂ ੨੩੦ ਤੀਕ ਦੀਰਘ ਤ੍ਰਿਭੰਗੀ ਇਹ ਬੀਸ ਛੰਦ ਦੇਵੀ ਉਸਤਤ ਦੇ ਮਾਰਕੰਡੇ ਪ੍ਰਸੰਗ ਨਾਲ ਮਿਲਦੇ ਹਨ। ਵਿਦਜ਼ਵਾਨਾਂ ਨੂੰ ਏਧਰ ਧਿਆਨ ਦੇਣਾ ਚਾਹੀਦਾ ਹੈ।

## ਪ੍ਰਣਵੋਂ ਆਦਿ ਚਉਪਈ

ਇਸ ਰਚਨਾ ਨੂੰ ਲਿਖਾਰੀ ਆਪਣੀ ਲਿਖਤ ਮੰਨਦਾ ਹੈ ਕਿ ਇਹ ਮੇਰੀ ਲਿਖਤ ਹੈ। ਇਸ ਚਉਪਈ ਵਿਖੇ ਅਕਾਲ ਉਪਾਸ਼ਨਾਂ ਦੀ ਝਲਕ ਹੈ, ਇਸ ਵਿਚਲੇ ਭਵਾਨੀ ਪਾਠ ਦੇ ਅਰਥ ਕੋਈ ਮਾਇਆ ਕੋਈ ਦੇਵੀ ਕਰਦਾ ਹੈ, ਸੋ ਮਾਇਆ ਜਾਂ ਲਛਮੀ ਵਿਸ਼ਨੂੰ ਜੀ ਪਾਸ ਰਹਿੰਦੀ ਮੰਨੀ ਹੈ, ਭਵਾਨੀ(ਦੇਵੀ) ਕੋਈ ਭਿੰਨ ਹਸਤੀ ਜਾਂ ਨਿਰਗੁਣ ਸਰੂਪ ਨਹੀਂ ਹੈ, 'ਕਰਤਾਰ ਆਪ ਹੀ ਆਪ' ਹੈ ਔਰ ਮਾਇਆ ਤੋਂ ਅਪਰੰਪਰ ਹੈ।

'ਮੁਖ ਚਾਰ ਬਤਾਇਓ' ਪਾਠ ਕਈ ਲਿਖਤੀ ਬੀੜਾਂ ਵਿਚ 'ਮੁਖ ਪਾਂਚ' ਭੀ ਲਿਖਿਆ ਹੈ। ਕਹਿੰਦੇ ਹਨ ਕਿ ਪੰਜਵਾਂ ਮੁਖ ਅਕਾਸ਼ ਵਲ ਨੂੰ ਆਪਣੀ ਪੁਤ੍ਰੀ ਸੁਰਸ੍ਵਤੀ ਵਲ ਮੰਦੀ ਨਿਗਾਹ ਨਾਲ ਤੱਕਣ ਹਿਤ ਧਾਰਿਆ, ਜਿਸ ਨੂੰ ਕਿ ਸ਼ਿਵ ਜੀ ਨੇ ਕਟਿਆ ਸੀ।

ਚਉਪਈ ਦੇ ੧੦ ਦਸ ਬੰਦ ਹਨ, ਦੂਜੀ ਚਉਪਈ 'ਹਮਰੀ ਕਰੋ ਹਾਥ ਦੈ ਰੱਛਾ' ਵਾਲੀ ਅੱਡਰੀ ਹੈ, ਓਹ ਮਹਾਂ ਕਾਲ ਦੇ ਚਰਿਤ੍ਰ ਦੇ ਅੰਤ ਪਰ 'ਕਬਿਓ ਬਾਚ ਬੇਨਤੀ' ਅਰਥਾਤ ਕਵੀਸ਼ਰ ਜੀ ਵਲੋਂ ਮਹਾਂ ਕਾਲ ਅਗੇ ਨਿਜ ਪ੍ਰਾਰਥਨਾ ਹੈ, ਜਿਸ ਸਬੰਧੀ ਅਗੇ ਨਿਰਣਯ ਕੀਤਾ ਜਾਵੇਗਾ।

ਕਈ ਸਜਨ ਭਵਾਨੀ ਬਾਰੇ ਇਹ ਪ੍ਰਮਾਣ ਦਿਤਾ ਕਰਦੇ ਹਨ ਕਿ 'ਪ੍ਰਿਥਮ ਕਾਲ ਸਭ ਜਗ ਕੋ ਤਾਤਾ। ਤਾਤੇ ਭਯੋ ਤੇਜ ਬਿਖ੍ਯਾਤਾ। ਸੋਈ ਭਵਾਨੀ ਨਾਮੁ ਕਹਾਈ। ਜਿਨ ਸਿਗਰੀ ਇਹ ਸ੍ਰਿਸ਼ਟਿ ਉਪਾਈ॥ ਇਹ ਤੁਕਾਂ ਚੌਬੀਸ ਅਵਤਾਰ ਵਿਚੋਂ ਹਨ ਪਰ ਇਹ ਗੁਰਮਤ ਸਿਧਾਂਤ ਨਾਲੋਂ ਵਖਰਾ ਸਿਧਾਂਤ ਹੈ। ਗੁਰਮਤ ਮੰਨਦੀ ਹੈ ਕਿ ਕਰਤਾਰ ਹੀ ਸ੍ਰਿਸਟੀ ਦਾ ਕਰਤਾ ਹੈ, 'ਜਾਂ ਕਰਤਾ ਸਿਰਠੀ ਕਉ ਸਾਜੇ, (ਜਪੁ) ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥' (ਰਾਗੁ

Digitized by Panjab Digital Library | www.panjabdigilib.org

ਆਸਾ ਮ: ੪) ਯਾਂਤੇ ਸ੍ਰਿਸਟੀ ਦਾ ਕਰਤਾ ਕਿਸੀ ਦੂਜੀ ਤੀਜੀ ਹਸਤੀ ਨੂੰ ਮੰਨਣਾ ਗੁਰਮਤ ਵਿਰੁਧ ਸਿਧਾਂਤ ਹੈ।

ਨੋਟ–ਚੌਪਈ ਵਿਖੇ ਇੰਦ੍ਰ ਉਪ ਇੰਦਰ (ਬਾਵਨ) ਬ੍ਰਹਮਾਂ, ਰੁੱਦ੍ਰ (ਸ਼ਿਵ) ਚਤ੍ਰਦਸ਼ (੧੪ ਸ਼ਲੋਕ) ਦਾਨਵ ਦੇਵ, ਫਨਿੰਦ (ਸ਼ੇਸ਼, ਗੰਧ੍ਰਬਾਂ ਔਰ ਜਛਾਂ ਦਾ ਨਾਮ ਔਂਦਾ ਹੈ ਜਿਨਾਂ ਦੇ ਜ਼ਿਕਰ ਪ੍ਰਿਥਮ (ਪੂਰਬਾਰਧ) ਭਾਗ ਵਿਚ ਦਰਜ ਹਨ, ਸੋ ਐਸੇ ਪ੍ਰਸੰਗਾਂ ਦਾ ਨਿਰਣਯ ਇਸ ਭਾਗ ਵਿਖੇ ਨਹੀਂ ਆਵੇਗਾ।

## ਤ੍ਵਪ੍ਰਸਾਦਿ ਕਬਿੱਤ

ਇਹ ਦਸ ਕਬਿਤ ਹਨ, ਇਨਾਂ ਵਿਚ ਅਗੇ ਲਿਖੇ ਨਾਮ ਆਏ ਹਨ,ਜੱਛ, ਗੰਧ੍ਰਬ, ਵਿਦਿਆਧਰ, ਕਿੰਨਰ ਪਿਸਾਚ, ਪ੍ਰੇਤ। ਜਛ ਯਾ ਯਖ='ਜੱਛ' ਦੇਵਤਿਆਂ ਦੀ ਜਾਤ, ਗੰਧ੍ਰਬ=ਗਵਈਏ ਜਿਨਾਂ ਦੀ ਤਾਦਾਦ ਛੀ ਹਜ਼ਾਰ ਤਿੰਨ ਸੌ ਤੇਤੀਸ ਲਿਖੀ ਹੈ, ਜੋ ਕਿ 'ਕਣਵ ਰਿਸ਼ੀ' ਦੀ ਉਲਾਦ ਮੰਨੇ ਹਨ। ਵਿਦਿਆਧਰ=ਭਾਵੇਂ ਇਸਦੇ ਅਰਥ ਵਿਦਜ ਵਾਨ ਹਨ ਪਰ ਹਿੰਦੂ ਗ੍ਰੰਥਾਂ ਅਨੁਸਾਰ ਵਿਦਿਆਧਰ ਪ੍ਰਿਥਵੀ ਔਰ ਸੁਰਗ ਦੇ ਵਿਚਕਾਰ ਰਹਿੰਦੇ ਦੇਵਤੇ ਮੰਨੇ ਹਨ, ਇਹਨਾਂ ਨੂੰ ਖੇਚਰ ਔਰ ਕਾਮ ਰੂਪ ਭੀ ਆਖਦੇ ਹਨ। ਪਿਸਾਚ=ਮਾਸਾ ਹਾਰੀਆਂ ਦੇਵਤਿਆਂ ਦੀ ਇਕ ਕਿਸਮ ਹੈ। ਅਜ ਕਲ ਭੀ ਪਿਸਾਚ ਇਕ ਕੌਮ ਹੈ ਜਾਂਗਲੀ ਮਨੁਖ। ਸ੍ਰੀ ਰਾਮ ਚੰਦਰ ਜੀ ਦੇ ਸਮੇ ਇਨਾਂ ਦਾ ਜ਼ਿਕਰ ਹੈ, ਕਵੜਾ ਰਾਖਸ਼ ਭੀ ਪਿਸਾਚ ਸੀ, ਇਸਤ੍ਰੀਆਂ ਨੂੰ ਪਿਸਾਚੀਆਂ ਆਖਦੇ ਹਨ।

## ਕਾਹੂੰ ਹੁਇਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ

ਗਾਇਤ੍ਰੀ ਔਰ ਬਾਂਗ ਸਬੰਧੀ ਜ਼ਿਕਰ ਪ੍ਰਿਥਮ ਭਾਗ ਵਿਖੇ ਵਿਸਥਾਰ ਪੂਰਬਕ ਹੈ, ਗਾਇਤ੍ਰੀ ਹਿੰਦੂ ਧਰਮ ਦਾ 'ਮੂਲ ਮੰਤ੍ਰ' ਹੈ ਦ੍ਵਿਜਾਂ ਵਿਖੇ ਯਗਯੋਪਵੀਤ ਵਿਚ ਵੇਦਾਰੰਭ ਸੰਸਕਾਰ ਕਰਕੇ ਹਿੰਦੂ ਅਚਾਰਜ ਬ੍ਰਹਮ-ਚਾਰੀ ਨੂੰ ਗਾਇਤ੍ਰੀ ਮੰਤ੍ਰ ਦਾ ਕਰਤਾ ਯਾਂ ਦੇਵਤਾ ਵਿਸ਼੍ਵਾਮਿੱਤ੍ਰ ਔਰ ਸਵਿਤਾ ਨੂੰ ਮੰਨਿਆਂ ਹੈ। 'ਮਨ' ਕਹਿੰਦਾ ਹੈ ਕਿ ਪ੍ਰਜਾਪਤਿ ਨੇ ਅਕਾਰ, ਉਕਾਰ, ਮੁਕਾਰ, ਵਰਣਾ ਭੂ, ਭਵ ਅਤੇ ਸ੍ਵ ਤਿੰਨੇ ਵਯਾਹ੍ਰਿਤੀਆਂ ਅਥਵਾ ਸਾਵਿੱਤ੍ਰੀ ਮੰਤ੍ਰ ਦੇ ਤਿਨਾਂ ਪਦਾਂ ਨੂੰ ਰਿਗੁ, ਯਜੁ, ਸਾਮ ਤਿੰਨਾਂ ਵੇਦਾਂ ਥੀਂ ਯਥਾ ਕਰਮ ਨਿਕਾਲਿਆ ਹੈ, ਜੋ ਕਿ ਇਕੁਰ ਹੈ, ਤ੍ਰ ਸਵਿਤ੍ਰੁਰਵਰੇਣਯੰ। ਭਰਗੋ ਦੇਵਸਯ ਧੀਮਹਿ। ਧਯੋ ਯੋਨਾ ਪ੍ਰਚੋਦਯਾਤ। ਇਹ ਸੂਰਜ ਦੇਵਤੇ ਅਗੇ ਪ੍ਰਾਰਥਨਾ ਹੈ ਪਹਿਲਾਂ ਸੂਰਜ ਨੂੰ ਮੁਖੀ ਦੇਵਤਾ ਮੰਨੀਦਾ ਸੀ।

ਨੋਟ–ਹਿੰਦੂ ਗ੍ਰੰਥਾਂ ਵਿੱਚ ਜਿਤਨੀ ਸੂਰਜ ਦੀ ਮਹਾਨਤਾ ਹੈ, ਉਤਨੀ ਸ਼ਾਇਦ ਹੀ ਕਿਸੇ ਹੋਰ ਦੇਵਤੇ ਦੀ ਹੋਵੇ। ਵੈਸੇ ਸੂਰਜ ਨੂੰ ਨੌਂ ਗ੍ਰਹਿਆਂ ਵਿਚ ਭੀ ਮੰਨਿਆਂ ਹੈ। ਵੇਦਾਂ ਵਿਚ ਪਰਧਾਨ ਦੇਵਤਾ ਸੂਰਜ ਹੈ। ਅਗਨੀ ਇੰਦਰ ਔਰ ਮਨੁ ਤਿੰਨੇ ਅਕਾਸ਼ੀ ਦੇਵਤੇ ਕਹੇ ਹਨ। ਸੂਰਜ ਦਾ ਰਥ ਸੱਤਾਂ ਘੋੜਿਆਂ ਦਾ ਹੈ। ਸੂਰਜ ਦੀ ਗਿਣਤੀ ਬਾਰਾਂ ਆਦਿਤਾਂ ਵਿੱਚ ਹੋਈ (ਬਰਸ ਦੇ ਬਾਰਾਂ ਮਾਂਹ) ਇਸਦਾ ਰਥਵਾਹੀ ਅਰੁਣ ਹੈ। ਕਈ ਪ੍ਰਸੰਗਾਂ ਵਿਚ ਨਾਰਾਇਣ ਤੋਂ ਬ੍ਰਹਮਾਂ, ਅਗੇ ਮਰੀਚਿ ਕਸ਼ਯਪ, ਸੂਰਜ,

Digitized by Panjab Digital Library | www.panjabdigilib.org

ਵੈਵਸ੍ਵਤ, ਮਨੁ, ਇਖ੍ਵਾਕੁ ਅਗੇ ਸ੍ਰੀ ਰਾਮ ਚੰਦ ਦੀ ਕੁਲ ਚਲਾਈ ਹੈ।

## ਕਹੂ ਨਿਜ ਨਾਰਿ ਪਰਨਾਰਿ ਕੇ ਨਿਕੇਤ ਹੋ

ਸਿਖ ਧਰਮ ਵਿਚ ਪਰਨਾਰਿ ਗਮਨ ਨੂੰ ਬੱਜਰ ਕੁਰਹਿਤ ਮੰਨਿਆਂ ਹੈ, ਪਰ ਇਸਤ੍ਰੀ ਗਾਮੀ ਸਿੰਘ ਔਰ ਪਰਪੁਰਖ ਗਾਮੀ ਸਿੰਘਣੀ ਪਤਿਤ ਮੰਨੇ ਹਨ ਜਿਨਾਂ ਨੂੰ ਦੋਬਾਰੇ ਅੰਮ੍ਰਿਤ ਛਕਾਕੇ ਸੁਧ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਏਕਾ ਨਾਰੀ ਜਤੀ ਹੋਇ, ਪਰਨਾਰੀ ਧੀ ਭੈਣ ਵਖਾਣੈ॥ (ਵਾਰ ੬ ਪਉੜੀ ੮)। ਗੁਰਬਾਣੀ ਵਿਖੇ ਪਰਨਾਰੀ ਨਕੇਤ ਹੋਣ ਦਾ ਜੋਰਦਾਰ ਖੰਡਣ ਹੈ, ਬਲਕਿ ਇਥੇ ਤੀਕਰ ਤਾੜਨਾ ਹੈ ਕਿ 'ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ' ਸੋ ਬਦ ਨਜ਼ਰ ਕਰਨੀ ਭੀ ਮਨ੍ਹਾ ਹੈ। ਕਿਆ ਗਾਲਾਇਓ ਭੂਛ ! ਪਰਵੇਲਿ ਨ ਜੋਹੇ ਕੰਤ ਤੂੰ। (ਵਾਰ ਮਾਰੂ ਮ: ੫, ਪਰ ਇਸਤਰੀ ਗਾਮਤਾ ਵਾਲੇ ਨੂੰ ਪ੍ਰਲੋਕ ਦਾ ਭੀ ਦੰਡ ਮਿਲਦਾ ਹੈ, "ਤਕਹਿ ਨਾਰਿ ਪਰਾਈਆਂ ਲੁਕ ਅੰਦਰ ਠਾਣੀ॥ ਅਜਰਾਈਲ ਫਰੇਸ਼ਤਾ ਤਿਲ ਪੀੜੇ ਘਾਣੀ॥" (ਗਉੜੀ ਮ: ੪, ਐਸੇ ਅਨੇਕਾਂ ਵਾਕ ਹਨ।

## ਕਹੂੰ ਕੋਕ ਕਾਵਯ ਹੁਇਕੈ ਪੁਰਾਨ ਕੋ ਪੜ੍ਹਤ ਮਤ ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ॥ ੨॥੧੨॥

'ਕੋਕ ਸ਼ਾਸਤਰ' ਇਕ ਗ੍ਰੰਥ ਜਿਸਦਾ ਨਾਉਂ 'ਕਾਮ ਸ਼ਾਸਤਰ' ਵੀ ਹੈ। ਇਸ ਵਿਖੇ ਪੁਰਸ਼ਾਂ ਤੇ ਇਸਤਰੀਆਂ ਦਾ ਜ਼ਾਤਿ ਦਾ ਨਿਰਣਯ ਹੈ, ਅਥਵਾ ਗੁਣ ਅਵਗੁਣ ਦਸੇ ਹਨ। ਇਥੇ ਦਾ ਕਰਤਾ ਕਾਤ੍ਯਾਯਨ ਤੇ ਵਾਤਸ੍ਯਾਯਨ ਦਸੇ ਜਾਂਦੇ ਹਨ। ਅਜ ਕਲ ਅਸਲ ਕੋਕ ਅਕਸਰ ਦੇਖਣ ਵਿਚ ਨਹੀਂ ਔਂਦਾ। ਕਾਮੀ ਪੁਰਸ਼ਾਂ ਨੇ ਨਕਲੀ ਕੋਕ ਬਥੇਰੇ ਬਣਾ ਦਿਤੇ ਹਨ।

ਕਈਆਂ ਨੇ ਦਸਿਆ ਹੈ ਕਿ ਕੋਕ ਦੇ ਕਰਤੇ ਦਾ ਨਾਮ ਪੰਡਿਤ ਕੋਕਾ ਸੀ, ਕਾਬ ਤੋਂ ਭਾਵ ਪਿੰਗਲ ਮੁਯਾਦਾ ਹੈ, ਕਿਸੇ ਕਵੀ ਨੇ ਕਿਹਾ ਹੈ:- ਭਾਵਾਦਿਕ ਅਰਥ ਸ਼ੁਭ ਵਯੰਗ ਵਰ ਸਾਲੰ ਕ੍ਰਿਤ ਰੂਪ॥ ਭਾਵਾ-ਦਿਕ ਰਸ ਰੀਤਿ ਯੁਤ, ਕਾਵਯ ਉਕਤਿ ਕਵਿ ਭੂਪ॥

## ਕਹੂੰ ਦੇਵ ਬਾਨੀ ਕਹੂੰ ਸਾਰਦਾ ਭਵਾਨੀ ਕਹੂੰ ਮੰਗਲਾ ਮ੍ਰਿੜਾਨੀ ਕਹੂੰ ਸਯਾਮ ਕਹੂੰ ਸੇਤ ਹੋ॥੪॥੧੯॥

ਦੇਵ ਬਾਣੀ ਤੋਂ ਭਾਵ ਸੰਸਕ੍ਰਿਤ ਹੈ। ਸਾਰਦਾ ਭਵਾਨੀ ਦਾ ਮਤਲਬ ਸੁਰਸ੍ਵਤੀ ਦੇਵੀ (ਸਰਸ੍ਵਤੀ) ਅਥਵਾ 'ਵਰਦਾਤੀ' ਕਵੀ ਲੋਕ ਏਸਦੇ ਨਾਮ ਦਾ ਮੰਗਲਾ ਚਰਨ ਕਰਦੇ

## (੮) ਦਸ ਚਾਰ ਚਾਰੁ ਪ੍ਰਬੀਨ ॥ ੧ ॥ ੨੧ ॥

'ਦਸ-ਚਾਰ-ਚਾਰ' ਤੋਂ ਭਾਵ ਅਠਾਰਾਂ ਵਿਦ੍ਯਾ ਦਾ ਹੈ, ਜਿਨਾਂ ਦਾ ਵੇਰਵਾ ਇਸ ਤਰਾਂ ਲਿਖਿਆ ਮਿਲਦਾ ਹੈ, ਯਥਾ-.

ਚਾਰ ਵੇਦ, ਛੀ ਵੇਦਾਂਗ, ਮੀਮਾਂਸਾ, ਨਯਾਯ, ਧਰਮ ਸ਼ਾਸਤਰ, ਪੁਰਾਣ, ਆਯੁਰ ਵੇਦ, ਧਨੁਰ ਵੇਦ, ਗਾਂਧਰਬ ਵੇਦ ਤੇ

Digitized by Panjab Digital Library | www.panjabdigilib.org

ਅਰਥ ਸ਼ਾਸਤਰ।

ਭਾ: ਸਾ: ਭਾਈ ਮਨੀ ਸਿੰਘ ਜੀ ਨੇ ਚੌਦਾਂ ਵਿੱਦਯਾ ਇਹ ਲਿਖੀਆਂ ਹਨ–

ਸ੍ਰੀ ਅੱਖਰ, ਜਲਤਰਨ, ਚਕਿਤਸਾ ਔਰ ਰਸਾਇਨ। ਜੋਤਕ ਜੋਤਿ ਪ੍ਰਬੀਨ, ਰਾਗ ਖਟ ਰਾਗਨ ਗਾਇਨ। ਕੋਕਕਲਾ, ਵਸ਼ਾਕਰਣ ਔਰ ਬਾਜੰਤ੍ਰ ਬਜਾਇਨ। ਤੁਰਹਿ ਤੋਰ, ਨਟ ਨ੍ਰਿਤ ਔਰ ਸਰ ਧਨੁਖ ਚਲਾਇਨ। ਗਜ਼ਾਨ ਕਰਨ ਔ ਚਾਤੁਰੀ ਏਤ ਨਾਮ ਵਿੱਦਯਾ ਵਰੇ। ਏਹ ਚਤੁਰਦਸ ਜਗਤ ਮੇਂ ਚਤੁਰ ਸਮਝ ਮਨ ਮੇ ਧਰੇ॥

## ਕਈ ਰਾਮ ਕ੍ਰਿਸ਼ਨ ਰਸੂਲ॥ ਬਿਨ ਭਗਤਿ ਕੋ ਨ ਕਬੂਲ॥੮੨੯॥

ਗੁਰਮਤਿ ਕਸੌਟੀ ਅਨੁਸਾਰ ਅਨੇਕਾਂ ਰਾਮ ਚੰਦਰ ਕ੍ਰਿਸ਼ਨ ਤੇ ਰਸੂਲ ਹੋਏ ਹਨ। ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦਾ ਹਾਲ ਪਿਛੇ ਆ ਚੁਕਿਆ ਹੈ। ਰਸੂਲ ਤੋਂ ਭਾਵ ਕਤੇਬੀ ਮਤ ਦੇ ਨਬੀ ਤੇ ਪੈਗੰਬਰਾਂ ਦਾ ਹੈ, ਭਾਵ ਰੱਬ ਦਾ ਸੁਨੇਹਾ ਲਿਔਣ ਵਾਲਾ, ਰੱਬ ਵਲੋਂ ਭੇਜਿਆ ਹੋਇਆ ਰਸੂਲ। ਕਿਹਾ ਜਾਂਦਾ ਹੈ ਕਿ ਅਵਤਾਰਾਂ ਦੀ ਤਰਾਂ ਰਸੂਲ ਬਹੁਤ ਸਾਰੇ ਹੋ ਚੁੱਕੇ ਹਨ, ਜਿਨਾਂ ਵਿਚੋਂ ਕੁਝਕ ਪ੍ਰਸਿੱਧ ਰਸੂਲ ਯਾਂ ਪੈਗੰਬਰਾਂ ਦਾ ਜ਼ਿਕਰ ਕੀਤਾ ਜਾਂਦਾ ਹੈ।

ਹਜ਼ਰਤ ਇਬਰਾਹੀਮ ਅਤੇ ਹਜ਼ਰਤ ਸੁਲੇਮਾਨ ਦਾ ਜ਼ਿਕਰ ਪਿਛੇ ਭੀ ਆ ਚੁਕਿਆ ਹੈ, ਹਜ਼ਰਤ ਮੂਸਾ, ਹਜ਼ਰਤ ਈਸਾ, ਹਜ਼ਰਤ ਦਾਊਦ, ਹਜ਼ਰਤ ਮੁਹੰਮਦ ਦਾ ਹਾਲ ਅਗੇ ਦਿਤਾ ਜਾਂਦਾ ਹੈ:–

### (੧) ਹਜ਼ਰਤ ਮੂਸਾ

ਹਜ਼ਰਤ ਇਬਰਾਹੀਮ ਦੇ ਪੁਤਰ ਇਸਰਾਈਲ ਦੀ ਕੌਮ ਵਿਚੋਂ ਮੂਸਾ ਪੈਗੰਬਰ ਪੈਦਾ ਹੋਇਆ। ਇਹ ਹਜ਼ਰਤ ਈਸਾ ਤੋਂ ਬਾਰਾਂ ਸੌ ਬਰਸ ਪਹਿਲੋਂ ਹੋਇਆ ਹੈ। ਇਸਦੀ ਜਨਮ ਭੂਮੀ ਮਿਸਰ ਸੀ। ਇਸ ਦੇ ਪਿਤਾ ਦਾ ਨਾਉਂ ਇਮਰਾਨ ਸੀ। ਉਸ ਵੇਲੇ ਮਿਸਰ ਦਾ ਬਾਦਸ਼ਾਹ ਫਰਊਨ ਸੀ ਜੋ ਇਸਰਾਈਲ ਕੌਮ ਦੇ ਬੱਚਿਆਂ ਨੂੰ ਕਤਲ ਕਰਵਾ ਦਿੰਦਾ ਸੀ। ਇਸ ਡਰ ਤੋਂ ਇਸ ਦੀ ਮਾਂ ਨੇ ਇਸਨੂੰ ਇਕ ਸੰਦੂਕ ਵਿਚ ਪਾ ਕੇ ਦਰਯਾ ਵਿਚ ਸੁਟ ਦਿਤਾ। ਬਾਲਕ ਦੇ ਰੋਣ ਦੀ ਅਵਾਜ਼ ਸੁਣ ਕੇ ਉਥੇ ਸੈਰ ਕਰਦੀ ਮਿਸਰ ਦੀ ਸ਼ਾਹਜ਼ਾਦੀ ਨੇ ਪਾਣੀ ਵਿਚੋਂ ਕਢਵਾ ਲਿਆ, ਇਸੇ ਲਈ ਇਸਦਾ ਨਾਉਂ ਮੂਸਾ ਪੈ ਗਿਆ। ਇਬਰਾਨੀ ਭਾਸ਼ਾ ਵਿਚ ਇਸਦੇ ਅਰਥ ਨਦੀ ਵਿਚੋਂ ਕਢਿਆ ਹੋਇਆ ਹਨ। ਬਾਦਸ਼ਾਹ ਫਰਊਨ ਤੋਂ ਡਰ ਦਾ ਇਹ ਚਾਲੀਸ ਬਰਸ ਤਕ ਅਰਬ ਵਿਚ ਹੀ ਰਿਹਾ ਤੇ ਉਥੇ ਹੀ ਸ਼ਾਦੀ ਕਰਾਈ। ਬਾਦਸ਼ਾਹ ਦੇ ਮਰਨ ਪਰ ਇਸ ਨੇ ਆਪ ਨੂੰ ਇਸਰਾਈਲ ਕੌਮ ਦਾ ਪੈਗੰਬਰ ਪਰਗਟ ਕੀਤਾ। ਬਾਈਬਲ ਤੇ ਕੁਰਾਨ ਵੀ ਇਸ ਨੂੰ ਪੈਗੰਬਰ ਮੰਨਦੀਆਂ ਹਨ। ਖੁਦਾ ਦੇ ਹੁਕਮ ਇਸ ਨੂੰ ਕੋਹ ਤੂਰ ਪਰ ਮਿਲਦੇ ਤੇ ਖੁਦਾ ਨਾਲ ਇਹ ਉਥੇ ਗੱਲਾਂ ਕਰਦਾ ਦੱਸਿਆ ਗਿਆ ਹੈ। ਮੂਸਾਈਆਂ ਦਾ ਤਾਂ ਇਥੋਂ ਤੱਕ ਨਿਸਚਾ ਹੈ ਕਿ ਖੁਦਾ ਇਸ ਨੂੰ ਅਪਣੀਆਂ ਉਂਗਲਾਂ ਨਾਲ ਪੱਥਰ ਪਰ ਹੁਕਮਨਾਮੇ ਲਿਖਕੇ ਦਿਆ ਕਰਦਾ ਸੀ। ਇੱਕ ਵੇਰ ਇਹ ਚਾਲੀ ਦਿਨ ਤਕ ਖੁਦਾ ਨਾਲ ਗੱਲਾਂ ਕਰਦਾ ਦੱਸਿਆ ਗਿਆ ਹੈ ਤੇ ਇਨਾਂ ਦਿਨਾਂ ਵਿੱਚ ਇਸਨੇ ਅੰਨ ਜਲ ਕੁਝ ਨਹੀਂ ਕੀਤਾ। ਇਸੇ ਲਈ ਇਸ ਦੇ

Digitized by Panjab Digital Library | www.panjabdigilib.org

ਪੈਰੋਕਾਰ (ਚੇਲੇ) ਮੂਸਾਈ ਯਾਂ ਯਹੂਦੀ ਲੋਕ ਚਾਲੀ ਰੋਜ਼ੇ ਰਖਦੇ ਹਨ। ਜਿਸ ਤਰਾਂ ਦਾਊਦ ਪੈਗੰਬਰ ਨੇ 'ਜ਼ਬੂਰ' ਨਾਮੀ ਅਸਮਾਨੀ ਕਤਾਬ ਰਚੀ, ਹਜ਼ਰਤ ਈਸਾ ਨੇ ਅੰਜੀਲ ਅਤੇ ਹਜ਼ਰਤ ਮੁਹੰਮਦ ਨੇ ਕੁਰਾਨ ਇਸੇਤਰਾਂ ਮੂਸਾ ਦੀ ਧਰਮ ਪੋਥੀ 'ਤੌਰੇਤ' ਨਾਮ ਸੇ ਪ੍ਰਸਿੱਧ ਹੈ ਜੰਬੂਰ, ਤੌਰੇਤ, ਅੰਜੀਲ, ਇਨਾਂ ਤਿਹਾਂ ਨੂੰ ਮਿਲਾਕੇ ਬਾਈਬਲ ਵੀ ਆਖਦੇ ਹਨ ਅਤੇ ਕੁਰਾਨ ਸ਼ਾਮਲ ਕਰਕੇ 'ਚਾਰੇ ਵੇਦਾਂ' ਵਾਂਙੂ ਇਹ ਚਾਰੇ ਕਤੇਬਾਂ ਮੰਨੀਆਂ ਜਾਂਦੀਆਂ ਹਨ। ਬਾਈਬਲ ਵਿਚ ਜੋ ਦਸ ਹੁਕਮਨਾਮੇ ਲਿਖੇ ਹਨ ਓਹ ਮੂਸਾ ਨੂੰ ਖੁਦਾ ਵਲੋਂ ਪ੍ਰਾਪਤ ਹੋਣੇ ਮੰਨੇ ਗਏ ਹਨ। ਊਹ ਹੁਕਮਨਾਮੇ ਇਸਤਰਾਂ ਦੇ ਹਨ। ਯਥਾ:—

(੧) ਮੇਰੇ ਮੁਕਾਬਲੇ ਤੇਰੇ ਤਾਂਈਂ ਦੂਜਾ ਖੁਦਾ ਨਾ ਹੋਵੇ।

(੨) ਮੂਰਤੀ ਪੂਜਾ ਨਾ ਕਰੀਂ।

(੩) ਖੁਦਾ ਦਾ ਨਾਉਂ ਅਕਾਰਥ ਨਾ ਲਈਂ।

(੪) ਸਨਿਚਰ ਵਾਰ ਦਾ ਦਿਨ ਪਵਿਤ੍ਰ ਮੰਨ ਕੇ ਇਸ ਦਿਨ ਕੋਈ ਕੰਮ ਨਹੀਂ ਕਰਨਾ, ਕਿਉਂਕਿ ਇਸ ਦਿਨ ਦੁਨੀਆਂ ਰਚਣ ਤੋਂ ਪਿਛੋਂ ਮੈਂ (ਖੁਦਾ ਨੇ) ਅਰਾਮ ਕੀਤਾ ਸੀ।

(੫) ਖੂਨ ਨਾ ਕਰੀਂ।

(੬) ਸੱਚ ਸਹਾਰਾ ਹੈ।

(੭) ਯਾਰੀ (ਜਨਾਹ ਬਾਜ਼ੀ) ਨਹੀਂ ਕਰਨੀ।

(੮) ਚੋਰੀ ਨਹੀਂ ਕਰਨੀ।

(੯) ਗਵਾਂਢੀ ਪਰ ਝੂਠੀ ਗਵਾਹੀ ਨਹੀਂ ਦੇਣੀ।

(੧੦) ਗਵਾਂਢੀ ਦੀ ਕਿਸੇ ਚੀਜ਼ ਦਾ ਲਾਲਚ ਨਾ ਕਰੀਂ।

ਮੂਸੇ ਦੀ ਉਮਰ ੧੨੦ ਵਰ੍ਹੇ ਦੀ ਦੱਸੀ ਹੈ। ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ-ਨਾਉਂ ਧਰਾਇਨ ਈਸੇ ਮੂਸੇ' ਪ੍ਰਮਾਣ—'ਈਸਾਈ ਮੂਸਾਈਆਂ ਹਉਮੈ ਹੈਰਾਣੀ'।

ਯਹੂਦੀ ਲੋਕ ਮੂਸਾ ਦੇ ਪੈਰੋਕਾਰ ਹਨ, ਜੋ ਕਿ ਪਹਿਲੋਂ ਜਿਊ ਪੈਲੈਸਟਾਈਨ ਵਿਚ ਰਹਿੰਦੇ ਸਨ। ਜਿਸ ਤੋਂ ਹੀ ਯਹੂਦੀ ਨਾਮ ਪੈ ਗਿਆ ਹੈ। ਇਹ ਕੇਵਲ ਪ੍ਰੇਤ ਪਰ ਨਿਸਚਾ ਰਖਦੇ ਹਨ। ਕੌਮੀ ਖਯਾਲ ਨਾਲ ਈਸਾਈਆਂ ਨਾਲ ਇਨਾਂ ਦੀ ਅਣ ਬਣ ਰਹਿੰਦੀ ਹੈ, ਬਲਕਿ ਈਸਾਈਆਂ ਦੇ ਹਥੋਂ ਇਹ ਬਹੁਤ ਦੁਖ ਪੌਂਦੇ ਰਹੇ ਹਨ। ਇਹ ਲੋਕ ਦਿਨ ਵਿਚ ਸਤ ਵਾਰ ਨਮਾਜ਼ ਪੜ੍ਹਦੇ ਹਨ ਤੇ ਛਨਿੱਛਰ ਯਾਂ ਐਤ ਵਾਰ ਨੂੰ ਸਭ ਤੋਂ ਪਵਿੱਤਰ ਦਿਨ ਮੰਨਦੇ ਹਨ ਜਿਵੇਂ ਈਸਾਈ ਐਤਵਾਰ ਮੁਸਲਮਾਨ ਜੁਮਾ ਤੇ ਹਿੰਦੂ ਬੁਧਵਾਰ ਨੂੰ ਮੰਨਦੇ ਹਨ॥

ਹਜ਼ਰਤ ਮੂਸਾ ਨੂੰ ਖੁਦਾ ਵਲੋਂ ਇੱਕ ਸੋਟਾਮਿਲਨਾ ਪ੍ਰਸਿੱਧ ਹੈ,ਅਖੇ! ਏਹ ਕਰਾਮਾਤੀ ਸੋਟਾ ਸੀ ਕਦੀ ਇਸ ਦਾ ਸਰਪ ਬਣਾਕੇ ਲੋਕਾਂ ਨੂੰ ਡਰੌਂਦਾ ਕਦੇ ਪਾਣੀ ਵਿੱਚ ਸੁਟਕੇ ਪਾਣੀ ਦਾ ਲਹੂ ਬਣਾ ਦਿੰਦਾ, ਇਸਤਰਾਂ ਮੂਸਾ ਦੀ ਵੱਡੀ ਵੱਡੀ ਕਰਾਮਾਤਾਂ ਦੱਸੀਆਂ ਹਨ। ਹਜ਼ਰਤ ਮੂਸਾ ਦਾ ਵਡਾ ਭਾਈ ਹਾਰੂੰ ਸੀ। ਇਸਨੂੰ ਭੀ ਨਬੀਆਂ ਵਿਚ ਮੰਨਿਆਂ ਹੈ। ਇਹ ਪੈਗੰਬਰ ਮੂਸਾ ਦਾ ਮਾਨੋ ਨਾਇਬ ਸੀ॥

ਮਿਸਰੀ ਲੋਕ ਮੂਸਾ ਤੋਂ ਪਹਿਲਾਂ ਕਈ ਦੇਵਤਿਆਂ ਦੇ ਪੂਜਾਰੀ ਸਨ ਅਰ

Digitized by Panjab Digital Library | www.panjabdigilib.org

ਵੰਸੀ ਸਦੌਂਦੇ ਸਨ, ਇਨਾਂ ਦੀ ਰਿਹਾਇਸ਼ ਟੈਗ੍ਰਸ ਨਦੀ ਪਰ ਸੀ ਉਥੇ ਦੇ 'ਹਿਬਰਜਧੂ ਇਸਰਾਈਲ' ਲੋਕ ਇਨਾਂ ਦੇ ਵੈਰੀ ਸਨ ਇਨਾਂ ਦੀ ਬਾਦਸ਼ਾਹਤ ਹੋਣ ਕਰਕੇ ਬੱਚੇ ਕਤਲ ਕਰਵਾ ਦਿੰਦੇ, ਮੂਸੇ ਦਾ ਪਹਿਲਾ ਨਾਮ 'ਜੋਚੀਵੇਦ' ਸੀ ਫਿਰ ਮਸੇਸ ਤੋਂ ਮੂਸਾ ਪਿਆ।

ਅੱਸੀ ਸਾਲਾਂ ਦੀ ਉਮਰ ਵਿਚ ਇਹ ਪੈਗੰਬਰ ਪ੍ਰਸਿੱਧ ਹੋਇਆ ਹੈ, ਦਸਿਆ ਹੈ ਕਿ ਇਕ ਵਾਰ ਮੂਸਾ ਬੱਕਰੀਆਂ ਚਾਰਦਾ ਸੀ। ਹਰਬੈ ਪਹਾੜ ਪਰ ਅੱਗ ਲਗ ਗਈ ਜਦ ਪਾਸ ਜਾਣੇ ਲੱਗਾ ਵਿਚੋਂ ਆਵਾਜ਼ ਆਈ ਕਿ ਜਹਾਂ ਤੂੰ ਖੜਾ ਹੈਂ ਇਹ ਪਵਿਤ੍ਰ ਥਾਂ ਹੈ, ਪੈਰਾਂ ਤੋਂ ਜੁੱਤੀ ਉਤਾਰ ਦੇਹ ਤੇ ਮਿਸਰ ਦੇ ਬਾਦਸ਼ਾਹ ਪਾਸੋਂ ਇਜਾਜ਼ਤ ਲੈ ਕੇ ਯਹੂਦੀਆਂ ਨੂੰ ਹੋਰ ਥਾਂ ਲੈਜਾ, ਮੈਂ ਤੁਝੇ ਆਗੂ ਚੁਣਿਆਂ ਹੈ, ਮੂਸਾ ਦਾ ਭਾਈ ਆਯਾਰੋਨੇ ਸੀ, ਉਸ ਦੀ ਮੱਦਦ ਨਾਲ ਮੂਸਾ ਸਿਨਾਈ ਪਹਾੜ ਪਰ ਸਮੇਤ ਯਹੂਦੀਆਂ ਦੇ ਆ ਰਿਹਾ ਏਥੇ ਆ ਕੇ ਖੁਦਾ ਪਾਸੋਂ ਕਾਇਦਾ (ਨਿਯਮ) ਬਣਾਕੇ ਪੈਗੰਬਰ ਪ੍ਰਸਿੱਧ ਹੋਇਆ।

ਮੂਸਾ ਖੁਦਾ ਦਾ ਲਾਡਲਾ ਦੋਸਤ ਕਿਹਾ ਹੈ, ਇਸਦੀ ਸ਼ਾਦੀ ਇਕ ਕਾਹਨ (ਪ੍ਰੋਹਤ) ਦੇ ਘਰ ਉਸ ਦੀ ਸਫੂਰਾ ਨਾਮੀ ਲੜਕੀ ਨਾਲ ਹੋਈ ਸੀ, ਜਿਸ ਤੋਂ ਜੇਰ ਰੂਸਮ ਨਾਮੀ ਲੜਕਾ ਪੈਦਾ ਹੋਇਆ।

ਨੋਟ—ਕਈਆਂ ਦਾ ਖਿਆਲ ਹੈ ਕਿ ਮੂਸਾ ਈਸਾ ਤੋਂ ੧੫੭੧ ਸਾਲ ਪਹਿਲਾਂ ਹੋਇਆ ਹੈ, ਉਸ ਵੇਲੇ ਮਿਸਰ ਵਿਚ ਚੰਦ੍ਰਮਾਂ ਸੂਰਜ ਆਦਿ ਦੀ ਪੂਜਾ ਪ੍ਰਧਾਨ ਸੀ। ਉਥੇ ਦੇ ਲੋਕ ਅਕਸਰ ਉਥੇ ਦੀ ਮੀਨਾਰਾਂ ਨੂੰ ਸਰੂਪੇ ਨਾਮ ਸੇ ਪੂਜਦੇ ਹਨ. ਜੋ ਕਿ ਸੰਸਾਰ ਦੇ ਸਤਾਂ ਅਜੂਬਿਆਂ ਵਿਚ ਲਿਖੇ ਹਨ। ਇਨਾਂ ਦੇ ਨੀਚੇ ਉਥੋਂ ਦੇ ਬਾਦਸ਼ਾਹਾਂ ਦੀਆਂ ਕਬਰਾਂ ਹਨ, ਮਿਸਰ ਸਾਢੇ ਕੁ ਤਿੰਨ ਲੱਖ ਮੁਰੱਬਾ ਮੀਲਾਂ ਵਿਚ ਹੈ ਜਹਾਂ ਕਿ ਸਵਾ ਕੁ ਕਰੋੜ ਦੀ ਆਬਾਦੀ ਹੈ। ਮੂਸਾ ਅਰਬ ਦੇ ਪਿੰਡ ਮਦੀਆਂ ਵਿਚ ਭੀ ਰਿਹਾ, ਜਹਾਂ ਕਿ ਉਸ ਦੀ ਸ਼ਾਦੀ ਹੋਈ, ਉਥੇ ਹੀ ਉਸ ਦਾ ਲੜਕਾ ਗੇਰਸੋ ਜਨਮਿਆਂ ਸੀ। ਯਹੂਦੀ ਮੂਸਾ ਨੂੰ 'ਕਲੀਮ' ਖਿਤਾਬ ਨਾਲ ਯਾਦ ਕਰਦੇ ਹਨ। ਭਾਵ 'ਰੱਬ ਨਾਲ ਗੱਲਾਂ ਬਾਤਾਂ ਕਰਨ ਵਾਲਾ।' ਪੁਰਾਣੇ ਲੋਕ ਰੱਬ ਨੂੰ ਮਾਨੁਖ ਦੀ ਮਾਨਿੰਦ ਸਮਝਦੇ ਸਨ। ਤੌਰੇਤ ਨੂੰ 'ਪੈਂਟੋ ਟਿਯੂਚ' ਆਖਦੇ ਹਨ। ਇਸ ਵਿਚ ਮੂਸਾ ਦੀਆਂ ਕਰਾਮਾਤਾਂ ਦਾ ਵਧ ਜ਼ਿਕਰ ਹੈ, ਉਸ ਵੇਲੇ ਵਧ ਕਰਾਮਾਤੀਆ ਹੀ ਪੈਗੰਬਰ ਮੰਨਿਆਂ ਜਾਂਦਾ ਸੀ। ਮੂਸਾ ਰੱਬ ਨੂੰ ਜਾਨਵਰਾਂ ਦੀ ਕੁਰਬਾਨੀ ਦਲਵੌਂਦਾ। ਲਿਖਿਆ ਹੈ ਕਿ ਮੂਸਾ ਦਾ ਹਠ ਵੇਖ ਕੇ ਜਦੋਂ ਕਿ ਰੱਬ ਇਸ ਨੂੰ ਮਿਲਣ ਆਇਆ ਇਹ ਤਾਬ (ਤੇਜ ਪ੍ਰਤਾਪ) ਦੇਖ ਕੇ ਬੇਹੋਸ਼ ਹੋ ਗਿਆ, ਕੋਹ ਤੂਰ ਪਹਾੜ ਦਾ ਸੁਰਮਾਂ ਬਣ ਗਿਆ। ਮੁਹੰਮਦ ਸਾਹਿਬ ਨੇ ਯਹੂਦੀਆਂ ਥੀਂ ਵਿਰੁਧ ਇਕ ਫਤਵਾ ਲਗਾ ਦਿਤਾ ਸੀ ਕਿ "ਇਖਰਾਜੁਲ ਯਹੂਦੋ ਨਸਾਰਾ ਮਿਨ ਜ਼ਜ਼ੀਰਾ ਤੁਲ ਅਰਬ" ਭਾਵ ਯਹੂਦੀ ਈਸਾਈ ਅਰਬ ਵਿਚੋਂ ਖਾਰਜ ਹੋਣੇ ਚਾਹੀਦੇ ਹਨ, ਐਸੇ ਹੀ ਈਸਾਈਆਂ ਨੇ ਯਹੂਦੀਆਂ ਲਈ 'ਦੇਸ ਨਿਕਾਲੇ' ਦੇ ਹੁਕਮ ਨਾਮੇ ਨਿਕਲਵਾਏ ਸਨ।

ਜਿਸ ਕਾਰਨ ਪਰਸਪਰ ਭਿਆਨਕ

Digitized by Panjab Digital Library | www.panjabdigilib.org

ਜੰਗ ਹੋਏ ਔਰ ਕੌਮਾਂ ਵਿਚ ਦੁਸ਼ਮਨੀ ਵਧੀ, ਇਸੇ ਕਾਰਨ ਛੀ ਸੌ ਈਸਵੀ ਦੇ ਗਿਰਦੇ ਕਾਫ਼ੀ ਯਹੂਦੀ ਮਾਰ ਤੋਂ ਡਰਦੇ ਹਿੰਦੁਸਤਾਨ ਵਿਚ ਆਏ ਸਨ। ਇਹ ਆਪਣੀ ਬੋਲੀ ਵਿਚ ਖ਼ੁਦਾ ਨੂੰ 'ਯਹੋਵਾ' ਆਖਦੇ ਹਨ। ਯਾਕੂਬ ਨੂੰ ਵਡੇਰਾ ਔਰ ਆਪਣੀ ਨਸਲ ਨੂੰ ਰੱਬ ਵਲੋਂ ਨੀਯਤ ਸ਼ਰੋਮਣੀ, ਯਹੂਦੀ ਲੋਕ ਮਾਂਸ ਖਾਂਦੇ ਹਨ, ਪਰੰਤੂ ਊਠ, ਸੂਰ ਔਰ ਸਹ ਦੇ ਮਾਸ ਨੂੰ ਹਰਾਮ ਮੰਨਦੇ ਹਨ। ਸੁੰਨਤਾਂ ਕਰਵੌਂਦੇ ਤੇ ਰੋਜ਼ੇ ਚਾਲੀ ਰਖਦੇ ਹਨ। ਜ਼ਕਾਤ ਆਦਿ ਸਭ ਰਸਮਾਂ ਮੁਸਲਮਾਨਾਂ ਨਾਲ ਮਿਲਦੀਆਂ ਹਨ। ਅਸਟਾਈਲੀ, ਕਿਰਾਨੀ ਦੋ ਵਡੇ ਫਿਰਕੇ ਹਨ, ਇਨਾਂ ਦੇ ਧਾਰਮਕ ਗ੍ਰੰਥ ਪਹਿਲੇ ਇਬਰਾਨੀ ਬੋਲੀ ਵਿਚ ਸਨ। ਹਜ਼ਰਤ ਦਾਊਦ ਦਾ ਪੁਤ੍ਰ ਸੁਲੇਮਾਨ ਬਾਦਸ਼ਾਹ ਸੀ।

ਪਿਛੇ ਰਾਜਸੀ ਤਾਕਤ ਕਰਕੇ ਬਾਦਸ਼ਾਹ ਭੀ ਪੈਗੰਬਰ ਬਣ ਜਾਂਦੇ ਸਨ। ਦਾਊਦ ਵੰਸ ਭਾਵ ਇਬਰਾਹੀਮ ਦੇ ਪੁਤ੍ਰ ਇਸਰਾ-ਈਲ ਨਾਲ ਮਿਲਾਈ ਜਾਂਦੀ ਹੈ। ਦਾਊਦ ਦੀ ਇਸਤ੍ਰੀ 'ਜੈਸ' ਨਾਮ ਸੇ ਪ੍ਰਸਿੱਧ ਸੀ। ਦਾਊਦ ਦੀ ਕਬਰ ਹੁਣ ਤੀਕਰ ਪੂਜੀਦੀ ਹੈ। ਕਤੇਬੀ ਮਤਾਂ ਵਾਲੇ ਸ਼ੁਰੂ ਤੋਂ ਕਬਰਾਂ ਦੇ ਪੁਜਾਰੀ ਹਨ। ਕੋਊ ਬੁਤਾਨ ਕੋ ਪੂਜਤ ਹੈ ਪਸ। ਕੋਊ ਮ੍ਰਿਤਾਨ (ਮੜ੍ਹੀਆਂ, ਕਬਰਾਂ) ਕਉ ਪੂਜਨ ਧਾਇਓ (ਪਾ: ੧੦)।

## ਕਤੇਬੀ ਮਤਾਂ ਦੀ ਆਮ ਵਾਕਫੀ

ਕਤੇਬੀ ਮਤਾਂ ਵਾਲੇ ਹਜ਼ਰਤ ਇਬਰਾ-ਹੀਮ ਨੂੰ ਹਿੰਦੂਆਂ ਦੇ ਵਿਸ਼ਨੂੰ ਭਗਵਾਨ ਦੀ ਮਾਨਿੰਦ ਮੰਨਦੇ ਹਨ। ਸਾਰੇ ਪੈਗੰਬਰ ਨਬੀ ਆਦਿ ਏਸੇ ਪ੍ਰਨਾਲੀ ਦੇ ਹਨ। ਦਾਊਦ ਇਬਰਾਹੀਮ ਦੀ ਚੋਧਵੀਂ ਪੀੜ੍ਹੀ ਔਰ ਈਸਾ ਅਠਾਰਵੀਂ ਵਿੱਚ ਸੀ। ਪੈਗੰਬਰੀ ਖਿਤਾਬ ਵਾਸਤੇ ਅਕਸਰ ਜ਼ਬਰਾਈਲ ਫਰਿਸ਼ਤਾ ਹੀ ਖ਼ੁਦਾ ਦੇ ਹੁਕਮਨਾਮੇ ਲਿਆਉਂਦਾ ਦੱਸਿਆ ਹੈ। ਮਾਸਾਹਾਰੀ ਤਾਂ ਇਹ ਸ਼ੁਰੂ ਤੋਂ ਹੀ ਸਨ ਪਸ਼ੂਆਂ ਨੂੰ ਕਤਲ ਕਰਕੇ ਖ਼ੁਦਾ ਨੂੰ ਕੁਰਬਾਨੀ ਦੇਣੀ ਮੁਢਲਾ ਅਸੂਲ ਹੈ ਪਰ ਹਜ਼ਰਤ ਈਸਾ ਜੀਵ ਅਹਿੰਸਾ ਦਾ ਹਾਮੀ ਸੀ, ਉਸ ਦੀ ਸਿਖਿਆ ਜੈਨੀਆਂ ਬੋਧੀਆਂ ਨਾਲ ਮਿਲਦੀ ਹੈ। ਪੜਤਾਲ ਦਸਦੀ ਹੈ ਕਿ ਇਸਨੇ ਹਿੰਦੁਸਤਾਨ ਵਿੱਚ ਆਕੇ ਜੋਗੀਆਂ, ਜੈਨੀਆਂ ਤੇ ਬੋਧੀ ਭਿਖਸ਼ੂਆਂ ਪਾਸੋਂ ਸਿਖਿਆ ਲੀਤੀ। ਉਹ ਨਾਲੰਦਾ ਸ਼ਹਿਰ ਵਿੱਚ ਭੀ ਰਿਹਾ। ਤਿੱਬਤੀ ਬ੍ਰਾਹਮਣ ਵਾਲੇ ਖਿਆਲ ਉਸ ਵਿਚ ਸਨ। ਪਹਿਲਾਂ ਇਹ ਸੁਨਤੀਆ ਯਹੂਦੀ ਸੀ। ਭਾਵੇਂ ਈਸਾ ਦਾ ਗੁਰੂ ਯਹੂਨਾ ਲਿਖਿਆ ਹੈ ਪਰ ਬੋਧ ਮਤ ਦਾ ਇਹ ਪੱਕਾ ਹਾਮੀ ਸੀ। ਪਾਣੀ ਨਾਲ ਬਿਪਤਸਮਾਂ ਦੇਣ ਦਾ ਉਸ ਵੇਲੇ ਦਾ ਰਿਵਾਜ ਸੀ, ਰੂਹਉਲ-ਕੁਦੱਸ ਦਾ ਭਾਵ ਰੱਬ ਦੀ ਆਤਮਾਂ ਲੈਂਦੇ ਹਨ, ਜੋ ਅੱਡਰੀ ਸ਼ਕਤੀ ਮੰਨਦੇ ਹਨ। ਦੇਵ ਆਤਮਾਂ ਦਾ ਈਸਾ ਪਾਸ ਉਤਰਨਾ ਮੰਨਿਆਂ ਹੈ ਜੋ ਕਿ ਕਬੂਤਰ ਸ਼ਕਲ ਵਿੱਚ ਦੱਸੀ ਗਈ, ਜਾਂ ਕਬੂਤਰ ਵਤ ਉਤਰਨੇ ਵਾਲੀ ਸ਼ਕਤੀ। ਈਸਾ ਨੇ ਮੂਸਾ ਦੇ ਸਿਧਾਂਤ ਨੂੰ ਜ਼ਰਾ ਖੋਲ੍ਹਕੇ ਸੌਖੇ ਤ੍ਰੀਕੇ ਨਾਲ ਪ੍ਰਚੁਰ ਕੀਤਾ ਹੈ ਜਿਸ ਕਾਰਨ ਉਸਨੂੰ ਪ੍ਰੋਫਤਾ ਕਰਨੇ ਵਾਲਾ ਮੰਨਿਆਂ ਹੈ।

ਈਸਾ ਨੇ ਇਖਲਾਕ ਨੂੰ ਹੀ ਧਰਮ ਮੰਨਿਆਂ ਹੈ। ਔਰ ਇਸਰਾਈਲੀ ਕੌਮ ਨੂੰ

Digitized by Panjab Digital Library | www.panjabdigilib.org

ਆਪਣੀਆਂ ਭੇਡਾਂ ਆਖਕੇ ਆਪਨੂੰ ਉਨ੍ਹਾਂ ਦਾ ਰਾਖਾ ਕਿਹਾ ਹੈ। ਉਸ ਨੇ ਕਿਹਾ ਕਿ ਮੈਂ ਇਸਰਾਈਲੀ ਭੇਡਾਂ ਦਾ ਰਾਖਾ ਹਾਂ, ਔਰ ਮੈਂ ਰੱਬ ਦਾ ਪੁੱਤ੍ਰ ਹਾਂ ਉਹ ਸਮਝਦਾ ਸੀ ਰੱਬ ਅਸਮਾਨ ਪਰ ਰਹਿੰਦਾ ਹੈ, ਕਤੇਬੀ ਮੱਤਾਂ ਵਾਲੇ ਵਿਆਪਕ ਪ੍ਰਭੂ ਦੇ ਪ੍ਰਚਾਰਕ ਯਾਂ ਯਾਚਕ ਨਹੀਂ ਹਨ, ਬਲਕਿ ਅਸਮਾਨੀ ਬਾਪ ਨੂੰ ਮੰਨਦੇ ਹਨ। ਈਸਾ ਕੇਵਲ ਆਪਨੂੰ ਹੀ 'ਰੂਹਲ-ਕੁੱਦਸ' ਰੂਪ ਮੰਨਕੇ ਬਾਕੀਆਂ ਨੂੰ ਦੇਵ ਆਤਮਾਂ ਯਾਂ ਪ੍ਰਭੂ ਜੋਤ ਥੀਂ ਖਾਲੀ ਸਮਝਦਾ ਸੀ। ਉਹ ਸਮਝਦਾ ਸੀ ਕਿ ਮੈਥੋਂ ਬਿਨਾ ਆਦਮ ਦੀ ਉਲਾਦ ਸਭ ਗੁਨਾਹੀ ਹੈ ਔਰ ਮੈਂ ਹੀ ਪਾਪ ਨਾਸ਼ਕ ਹੋਕੇ ਦੁਨੀਆਂ ਪਰ ਆਇਆ ਹਾਂ ਉਹ ਆਪਣਾ ਜਨਮ ਕੇਵਲ ਹਜ਼ਰਤ ਮਰੀਯਮ ਤੋਂ ਮੰਨਦਾ ਭਾਵ ਬਿਨਾਂ ਮਾਨੁਖੀ ਅੰਸ ਦੇ ਨੂਰੀ ਸਮਝਦਾ, ਬਾਕੀਆਂ ਨੂੰ ਖਾਕੀ (ਮਿਟੀ ਤੋਂ) ਬਣੇ ਸਰੀਰ ਸਮਝਦਾ ਸੀ। ਈਸਾਈ ਆਖਦੇ ਹਨ ਕਿ ਹਜ਼ਰਤ ਨੇ ਮਾਨੁਖਾਂ ਦੇ ਗੁਨਾਹਾਂ ਦੇ ਬਦਲੇ ਹਿਤ ਕੁਰਬਾਨੀ ਦਿਤੀ, ਓਹ ਸਭ ਦੇ ਪਾਪ ਧੋਣੇ ਵਾਲਾ ਹੈ। ਈਸਾ ਦਾ ਮਰਨਾ ਓਹ ਨਹੀਂ ਮੰਨਦੇ, ਬਲਕਿ ਫਾਂਸੀ ਤੋਂ ਤੀਜੇ ਦਿਨ ਕਬਰ ਵਿਚੋਂ ਨਿਕਲਕੇ ਅਸਮਾਨ ਨੂੰ ਚਲਾ ਗਿਆ ਸਮਝਦੇ ਹਨ, ਪਰ ਕਬਰ ਨੂੰ ਪੂਜਦੇ ਹਨ। ਈਸਾਈ ਆਖਦੇ ਹਨ ਕਿ ਈਸਾ ਹੁਣ ਭੀ ਖੁਦਾ ਦੇ ਸੱਜੇ ਪਾਸੇ ਬੈਠਾ ਹਕੂਮਤ ਕਰਦਾ ਹੈ (ਪੀਟਰ ੩.੨੨)।

ਈਸਾਈ ਬਿਪਤਸਮਾਂ ਯਾਂ ਪ੍ਰਭੂ ਦਾ ਪ੍ਰਸਾਦਿ (ਕਠੇ ਹੋ ਕੇ ਜ਼ਿਆਫਤ ਖਾਣੀ) ਇਕੋ ਬਾਤ ਹੈ, ਈਸਾਈ ਹੋਣ ਵੇਲੇ ਹਰ ਕੋਈ ਇਕਰਾਰ ਕਰਦਾ ਹੈ ਕਿ 'ਮੈਂ ਈਸਾ ਪਰ ਈਮਾਨ ਲਿਔਂਦਾ ਹਾਂ' ਜੋ ਖੁਦਾ ਦਾ ਬੇਟਾ ਔਰ ਸਾਡਾ ਰੱਖਯਕ ਹੈ, ਮੈਂ ਰੂਹਲ ਕੁਦਸ ਔਰ ਪਾਕ ਕਲੀਜਾ (ਗਿਰਜਾ) ਪਰ ਭਰੋਸਾ ਰਖਦਾ ਹਾਂ, ਉਕਤ ਇਕਰਾਰ ਯਾਂ ਮੂਲ ਮੰਤ੍ਰ ਨਾਲ ਈਸਾਈ ਮਤ ਧਾਰਨ ਹੁੰਦਾ ਹੈ। ਹਜ਼ਰਤ ਨੇ ਸ਼ਾਦੀ ਨਹੀਂ ਕਰਵਾਈ ਜਿਸ ਕਾਰਨ ਉਸ ਨੇ 'ਗ੍ਰਹਿਸਤ ਆਸ਼ਰਮ' ਦੇ ਨੇਮ ਨਹੀਂ ਰਚੇ ਤੇ ਨਾ ਹੀ ਉਸ ਨੂੰ ਗ੍ਰਹਿਸਤ ਦੀ ਵਾਕਫੀ ਸੀ। ਜੌਹਨ ਨੂੰ ਓਹ ਆਪਣਾ ਗੁਰੂ ਮੰਨਦਾ ਸੀ, ਪਰ ਈਸਾਈ ਉਸਦੇ ਗੁਰੂ ਪਰ ਪੂਰਨ ਨਿਸਚਾ ਨਹੀਂ ਜਤੌਂਦੇ, 'ਈਸਾ' ਪਹਿਲਾਂ ਕੇਵਲ ਯੂਸਫ (ਜੋਸਫ) ਦਾ ਪੁਤ੍ਰ 'ਜੈਸਸ' ਨਾਮ ਦਾ ਆਦਮੀ ਸੀ। ਪਰ ਪੱਚੀਸ ਸਾਲਾਂ ਦੀ ਉਮਰ ਵਿਚ ਜਬਰਾਈਲ ਫਰਿਸ਼ਤੇ ਦੇ ਸੁਨੇਹੇ ਨਾਲ ਈਸਾ (ਯਸੂਹ ਮਸੀਹ) ਹਜ਼ਰਤ ਕਹਾਇਆ, ਕਤੇਬੀ ਮਤਾਂ ਦੇ ਪੈਗੰਬਰ ਨਬੀ ਸਾਰੇ ਤਕਰੀਬਨ ਸ਼ੁਰੂ ਤੋਂ ਪੈਗੰਬਰ ਨਹੀਂ ਬਣੇ। ਹਜ਼ਰਤ ਜੀ ਜਿਆਦਾ ਤਰ ਯੂਰੋਸੋਲਮ (ਪੈਲਸਟਾਇਨ) ਵਿਚ ਰਿਹਾ ਜਹਾਂ ਕਿ ਪੈਗੰਬਰ. ਸੁਲੇਮਾਨ ਦੀ ਕਬਰ ਪੂਜੀਦੀ ਸੀ, ਪਰ ਇਸ ਕਬਰ ਨੂੰ ੬੩੭ ਈ: ਵਿਚ ਖਲੀਫਾ 'ਉਮਰ' ਨੇ ਢੁਹਾ ਦਿਤਾ ਸੀ, ਪੰਦਰਾਂ ਦਸੰਬਰ ਨੂੰ ਇਸ ਦਾ ਜਨਮ ਦਿਨ ਮਨਾਈਦਾ ਹੈ। ਉਸ ਵੇਲੇ ਦੇ 'ਹੈਰੋਡ' ਨਾਮਕ ਬਾਦਸ਼ਾਹ ਨੂੰ ਜ਼ਾਲਮ ਦਸਿਆ ਹੈ। ਉਸੀ ਦੇ ਡਰ ਥੀਂ ਹਜ਼ਰਤ ਮਰੀਯਮ ਈਸਾ ਜੀ ਨੂੰ ਨਾਲ ਲੈਕੇ ਮਿਸਰ ਵਿਖੇ ਛਿਪੀ ਰਹੀ, ਕਿਉਂ ਕਿ ਜੋਤਸ਼ੀਆਂ ਨੇ ਹੀਰੋਡ ਨੂੰ ਦਸਿਆ ਸੀ ਕਿ ਤੇਰਾ ਦੁਸ਼ਮਨ ਬੈਤਲ ਹਿਮ ਵਿਚ ਜਨਮੇਗਾ। ਈਸਾ ਪਹਿਲੀ ਉਮਰ ਆਪਣੇ ਪਿਤਾ ਯੂਸਫ

Digitized by Panjab Digital Library / www.panjabdigilib.org

ਨਾਲ ਤ੍ਰਖਾਣਾ ਕੰਮ ਕਰਦਾ ਰਿਹਾ। ਜਗਨ ਨਾਥ ਔਰ ਕਾਂਸ਼ੀ ਦੇ ਸਫਰ ਵੇਲੇ ਇਸ ਨੇ ਵਿਦਯਾ ਭੀ ਪੜ੍ਹੀ। ਇਹਨਾਂ ਦੀ ਜਨਮ ਸਾਖੀ ਦੀ ਨਾਮ 'ਅਹਿਮਾਲ ਨਾਮਾ' ਹੈ। ਇਹ ਈਸਾ ਦੇ ਚੇਲਿਆਂ ਦੇ ਇਲਹਾਮ ਹਨ। ਪਹਿਲੀ ਲਿਖਤਾਂ 'ਸ਼ਾਮੀ' ਬੋਲੀ ਵਿਚ ਸਨ, ਪਹਿਲਾਂ ਅੰਜੀਲਾਂ ਪੰਜ ਸੌ ਪ੍ਰਕਾਰ ਦੀਆਂ ਬਣ ਗਈਆਂ ਸਨ। ਰੌਲੇ ਔਰ ਭੁਲੇਖੇ ਤੋਂ ਬਚੇ ਰਹਿਣ ਵਾਸਤੇ ਈਸਾਈ ਮੋਢੀਆਂ ਨੇ ਇਕ ਅੰਜੀਲ ਛਾਂਟ ਕੇ ਰੱਖੀ ਬਾਕੀ ਸਭ ਖਤਮ ਕਰ ਦਿਤੀਆਂ ਸਨ।

ਅਸਲੋਂ ਅੰਜੀਲ ਦੀ ਰਚਨਾਂ ਈਸਾ ਤੋਂ ਸਠ ਸੱਤਰ ਸਾਲ ਪਿਛੋਂ ਹੋਣੀ ਮੰਨੀ ਜਾਂਦੀ ਹੈ। ਚਰਚ ਦੇ ਮੋਢੀ ਸੇਂਟ (ਸੰਤ) ਪਾਲ ਸੀ ਜੋ ਕਿ ਟਾਰਸਸ ਦਾ ਬਾਸ਼ਿੰਦਾ ਸੀ। ਇਹ ਸਾਰੇ ਯਹੂਦੀ ਹੀ ਸਨ, ਸੇਂਟ ਪਾਲ ਨੇ ਈਸਾਈ ਧਰਮ ਨੂੰ ਨਵੇਂ ਸੰਚੇ ਵਿਚ ਢਾਲਿਆ, 'ਰੋਮਨ ਪੋਪ' ਨੇ ਇਸ ਨੂੰ ਸੰਨ ੬੯ ਈਸਵੀ ਵਿਚ ਫਾਹੇ (ਫਾਂਸੀ) ਲਗਵਾ ਦਿਤਾ ਸੀ। ਸੇਂਟ ਪੀਟਰ ਭੀ ਏਸੇ ਦੇ ਮੁਕਾਬਲੇ ਦਾ ਪ੍ਰਸਿੱਧ ਪ੍ਰਚਾਰਕ ਸੀ। ਇਹ ਬਾਰਾਂ ਚੇਲਿਆਂ ਵਿਚੋਂ ਇਕ ਸਨ, ਸੇਂਟ ਪੀਟਰ ਈਸਾ ਦੀ ਫਾਂਸੀ ਸਮੇਂ ਵਾਇਦਾ ਮੁਆਫ ਗਵਾਹ ਬਣ ਗਿਆ ਸੀ।

ਈਸਾ ਦੀ ਸਾਰੀ ਉਮਰ ਤੇਤੀਸ ਚੌਂਤੀ ਸਾਲਾਂ ਦੀ ਸੀ, ਇਹ ਨੇਜ਼ਰਥ ਵਿਚ ਭੀ ਰਿਹਾ। ਈਸਾ 'ਬੁਤ ਪ੍ਰਸਤੀ' ਤੋਂ ਵਿਰੁਧ ਸੀ ਜਿਸ ਕਾਰਨ ਕਾਹਨਾ ਦੇ ਸਰਦਾਰ ਕਾਇਫਾ ਪਾਸ ਮੁਲਜ਼ਮ ਬਣਾ ਕੇ ਪੇਸ਼ ਕੀਤਾ ਸੀ। ਇਸੇ ਨੇ ਅਗੇ ਗਵਰਨਰ ਪਾਈਲੇਟ ਪਾਸ ਘੱਲਿਆ, ਉਸਨੇ ਜੀਊਰੀ ਪਾਸੋਂ ਪੁਛਿਆ ਕੀ ਈਸਾ ਸਜ਼ਾ ਦਾ ਭਾਗੀ ਹੈ? ਕਾਹਨਾ ਨੇ ਕਿਹਾ—ਹਾਂ! ਇਹ ਦੋਸ਼ੀ ਹੈ, ਇਸ ਨੂੰ ਮੌਤ ਦੀ ਸਜ਼ਾ ਮਿਲੇ। ਹਾਕਮ ਨੇ ਕਿਹਾ ਕਿ ਮੈਂ ਇਸ ਖੂਨ ਥੀਂ ਬਰੀ ਹੋਵਾਂਗਾ! ਕਾਹਨ ਸਰਦਾਰਾਂ ਨੇ ਕਿਹਾ ਕਿ ਈਸਾ ਦਾ ਖੂਨ ਸਾਡੇ ਔਰ ਸਾਡੀ ਸੰਤਾਨ ਦੇ ਸਿਰ ਹੋਵੇਗਾ। ਈਸਾ ਨੂੰ 'ਗੋਲ ਗੋਥ' ਨਾਮਕ ਸਥਾਨ ਪਰ ਫਾਂਸੀ ਦਿੱਤੀ। ਉਸ ਵੇਲੇ ਈਸਾ ਨੇ ਉਚੀ ਉਚੀ ਧਾਹਾਂ ਮਾਰਕੇ ਪ੍ਰਭੂ ਅਗੇ ਪੁਕਾਰ ਕੀਤੀ ਕਿ ਹੇ ਪ੍ਰਭੂ! ਤੂੰ ਮੈਨੂੰ ਕਿਉਂ ਭੁਲਾ ਦਿਤਾ ਹੈ?

ਈਸਾਈ ੨੫ ਦਸੰਬਰ ਨੂੰ ਵੱਡਾ ਦਿਨ ਮੰਨਦੇ ਹਨ, ਤੀਜੇ ਦਿਨ ਈਸਾ ਦਾ ਅਸਮਾਨ ਚਲੇ ਜਾਣ ਨੂੰ 'ਈਦੁਲ-ਕਿਆਮਤ' ਆਖਦੇ ਹਨ। ਉਸ ਵੇਲੇ ਅੰਜੀਲ ਨਹੀਂ ਲਿਖੀ ਗਈ ਸੀ, ਬਲਕਿ ਪਿਛੋਂ ਮਾਰਕਸ ਯਹੂਨਾ, ਲੂਕਾ, ਮਤੀ ਆਦਿ ਚੇਲਿਆਂ ਨੇ ਜ਼ਬਾਨੀ ਪ੍ਰਸੰਗ ਲਿਖਵਾਏ ਸਨ। ਚਰਚ ਨੂੰ ਇਹ ਸਵਾਮੀ ਦਾ ਘਰ ਸਮਝਦੇ ਹਨ। ਈਸਾਈਆਂ ਦੇ ਤਿੰਨ ਵਡੇ ਚਰਚ ਹਨ— ਕੈਥੋਲਿਕ, ਗ੍ਰੀਕ, ਔਰ ਪ੍ਰਾਟਸਟੈਂਟ। ਗ੍ਰੀਕ ਤਾਂ ਬਾਹਰ ਵਿਚਰਕੇ ਪ੍ਰਚਾਰ ਕਰਦੇ ਰਹੇ ਹਨ। ਕੈਥੋਲਿਕ ਚਰਚ ਦਾ ਬਾਨੀ ਸੇਂਟ ਪੀਪਰ ਸੀ ਜਿਸ ਤੋਂ ਕਿ ਪੋਪ ਗੱਦੀ ਚੱਲੀ ਹੈ, ਅਜ ਤਕ ਪੋਪ ਅਭੁਲ ਰਸੂਲ ਮੰਨੀਦੇ ਹਨ। ਇਹ ਈਸਾ ਦੇ ਜਾਨਸ਼ੀਨ (ਗੁਰੂ ਤੁਮ ਮਹੰਤ) ਕਹੇ ਗਏ, ਏਨ੍ਹਾਂ ਤੋਂ ਨਿਕੇ 'ਪਾਦਰੀ' ਸੇਂਟ ਕਾਰਡੀ ਨਲ ਬਿਸ਼ਪ ਆਦਿ ਹਨ। ਹਜ਼ਾਰ ਕੁ ਸਾਲ ਬ੍ਰਾਹਮਣੀ ਰਾਜ ਦੀ ਮਾਨਿੰਦ ਯੂਰਪ ਵਿਚ ਪੋਪਾਂ ਦਾ ਹੀ ਰਾਜ ਰਿਹਾ ਹੈ। 'ਕਲੀਸਾ' ਚਰਚ ਦੀ ਜਥੇਬੰਦੀ (ਰਾਜਸੀ ਤਾਕਤ) ਰਾਜ ਕਰਦੀ ਸੀ, ਪੋਪ ਹਮੇਸ਼ਾਂ ਪਬਲਿਕ ਦੇ ਹਥੋਂ ਮਰਦੇ

Digitized by Panjab Digital Library | www.panjabdigilib.org

ਸਨ, ਮਗਰ ਪਿਛੇ ਪਚੀਸ ਪੋਪ ਕਤਲ ਹੋਏ ਛਬੀਸਵਾਂ ਪੋਪ ਸੇਂਟ ਡਾਯੋਨੀਅਸ ਕਤਲ ਤੋਂ ਬਚਿਆ। ਇਸੇਤਰ੍ਹਾਂ ਪਚਵੰਜਾ ਪੋਪ ਐਲਾਨੀਆਂ ਕਤਲ ਹੋਏ, ਅਜ ਤੀਕ ਪੌਣੇ ਤਿੰਨਕੁ ਸੌ ਪੋਪ ਗੱਦੀ ਨਸ਼ੀਨ ਹੋਏ। ਅਖੀਰ ਰੋਮ ਲੋਕਾਂ ਦੇ ਈਸਾਈ ਹੋਣ ਪਰ ਸ਼ਾਂਤੀ ਹੋਈ ਸੀ। ਹੁਣ ਇਸ ਚਰਚ ਦੇ ਹਾਮੀਆ ਨੂੰ ਰੋਮਨ ਕੈਥਲਿਕ ਆਖਦੇ ਹਨ। ਰੋਮਨਾ ਔਰ ਪ੍ਰਾਟਸਟੈਂਟਾਂ ਵਿਚ ਬਹੁਤ ਮਤ ਭੇਦ ਹਨ। ਬਾਦਸ਼ਾਹ ਔਰ ਪੋਪਾਂ ਵਿਚ ਭੀ ਮਤ ਭੇਦ ਰਹੇ ਹਨ।

੫੯੬ ਈ: ਵਿਚ ਸੇਂਟ ਆਗਸਟਨ ਨੇ ਜ਼ੋਰ ਨਾਲ ਈਸਾਈਅਤ ਦਾ ਪ੍ਰਚਾਰ ਕੀਤਾ। ਉਧਰ ੫੭੦ ਈ: ਵਿੱਚ ਇਸਲਾਮ ਮਤ ਮਕੇ ਵਲੋਂ ਵਧਿਆ, ਮੁਸਲਮਾਨਾਂ ਨੇ ਯਰੋਸ਼ਲਮ ਪਰ ਕਬਜ਼ਾ ਕਰ ਲਿਆ, ਇਸਲਾਮੀ ਲੋਕਾਂ ਨੇ ਮਿਸਰ ਅਫਰੀਕਾ ਤੀਕ ਪ੍ਰਚਾਰ ਕੀਤਾ। ਜਿਸ ਕਾਰਨ ਭਿਆਨਕ ਜੰਗ ਹੋਏ। ਜਿਨ੍ਹਾਂ ਨੂੰ ਸਲੀਬੀ ਜੰਗ ਕਹਿੰਦੇ ਹਨ, ਮੁਸਲਮਾਨਾਂ ਨੇ ਸਭ ਥਾਂ ਦੇ ਈਸਾਈ ਗਿਰਜੇ ਮਸਮਾਰ ਕਰ ਦਿਤੇ ਸਨ, ਜਿਸ ਪਰ ਢਾਈਕੁ ਸੌ ਵਿਸ਼ਪਾਂ ਨੇ ਕਠ ਕਰਕੇ ਮਰ ਮਿਟਣ ਵਾਲੇ 'ਧਰਮ ਯੁਧ ਲਈ' ਫੈਸਲਾ ਕੀਤਾ। ੧੦੭੭ ਈ: ਵਿਚ ਭਿਆਨਕ ਜੰਗ ਹੋਏ। ਆਖਰੀ ਈਸਾਈਆਂ ਨੇ ਮੁਸਲਮਾਨਾਂ ਪਰ ਫਤਹ ਪਾਈ। ਉਪ੍ਰੰਤ ੧੪੫੩ ਈ: ਵਿਚ ਤਿੰਨ ਲੱਖ ਤੁਰਕਾਂ ਨੇ 'ਕੁਸਤੁਨਤੁਨੀਆਂ ਪਰ ਹਮਲਾ ਕੀਤਾ। ਗਿਆਰਾਂ ਸਾਲਾਂ ਵਿੱਚ ਪੈਂਤੀਸ ਸੌ ਜੰਗ ਹੋਏ, ਬੇਸ਼ੁਮਾਰ ਬੰਦੇ ਮਰ ਗਏ। ਅੰਤ ਈਸਾਈਆਂ ਨੇ ੧੪੯੨ ਈ: ਵਿਚ ਮੁਸਲਮਾਨਾਂ ਨੂੰ ਸਪੇਨ ਔਰ ਪੱਛਮੀ ਯੂਰਪ ਵਿਚੋਂ ਨਿਕਾਲ ਦਿਤਾ ਔਰ ਮਸੀਤਾਂ ਮਸਮਾਰ ਕਰਸੁਟੀਆਂ। ਇਹ ਇਨ੍ਹਾਂ ਦਾ 'ਅੰਧਕਾਰ' ਦਾ ਸਮਾਂ ਕਹੌਂਦਾ ਹੈ।

੧੪੮੩ ਈ: ਵਿਚ ਜਾਨ ਲੂਥਰ ਜਨਮਿਆ ਇਸਨੇ ੧੫੦੫ ਈ: ਵਿਚ ਆਕਸਫੋਰਡ ਵਿਚ ਐਮ. ਏ. ਪਾਸ ਕੀਤਾ, ਔਰ ਵਕੀਲ ਬਣਿਆਂ ੧੫੧੦ ਈ: ਵਿਚ ਇਸਨੇ ਰੋਮ ਪਹੁੰਚਕੇ ਈਸਾਈਮਤ ਦਾ ਪ੍ਰਚਾਰ ਕੀਤਾ। ਸੰਨ ੧੫੧੬ ਈ: ਵਿਚ ਉਸਨੇਪੋਪਾਂ ਦੇ ਸੁਧਾਰ ਵਾਸਤੇ ੯੫ ਅਸੂਲ ਬਣਾਏ ਪੋਪਾਂ ਨੇ ਸਖਤ ਮੁਖਾਲਫਤ ਕੀਤੀ। ਮਾਰਟਨ ਲੂਥਰ ਨੇ ਜੂਨ ਸੰਨ ੧੫੨੦ ਈ: ਨੂੰ ਪੋਪਾਂ ਦਾ ਵਿਰੋਧੀ ਐਲਾਨ ਬਾਜ਼ਾਰਾਂ ਵਿਚ ਫੂਕ ਦਿਤਾ, ਬਾਦਸ਼ਾਹ ਚਾਰਲਸ ਪੰਜਮ ਨੇ ਝਗੜਾ ਮੁਕੌਣ ਦੀ ਕੋਸ਼ਸ਼ ਕੀਤੀ, ਪਰ ਨਾ ਮੁਕਿਆ। ਸੰਨ ੧੫੨੯ ਈ: ਨੂੰ ਜਰਮਨੀ ਵਿਖੇ ਈਸਾਈ ਸਾਧੂਆਂ ਦਾ ਇਕੱਠ ਹੋਇਆ ਕਿ ਈਸਾ ਦੇ ਪੁਰਾਣੇ ਧਰਮ ਨੂੰ ਕਾਇਮ ਰਖੋ! ਪਰ ਲੂਥਰ ਨੇ ਉਥੇ ਪਹੁੰਚਕੇ ਸਖਤ ਮੁਖਾਲਫਤ ਕੀਤੀ ਉਥੇ ਦੀ ਬਹਿਸ ਯਾਂ ਨੁਕਤਾਚੀਨੀ (ਪਰੋਟੈਸਟ) ਅਥਵਾ ਰੋਸ ਪ੍ਰਗਟ ਕੀਤਾ, ਜਿਸਤੋਂ ਪਰੋਟੈਸਟ ਫਿਰਕਾ ਬਝ ਗਿਆ ਜ਼ਿਆਦਾ ਜਰਮਨ ਲੂਥਰ ਦੇ ਹਕ ਵਿਚ ਹੋ ਗਏ 'ਕਈਆਂ ਨੇ ਲੂਥਰ ਦੇ ਗ੍ਰੰਥ ਭੀ ਸਾੜ ਸੁਟੇ' ਬਾਦਸ਼ਾਹ ਚਾਰਲਸ ਦਿਲੋਂ ਲੂਥਰ ਦੇ ਹਕ ਵਿਚ ਸੀ, ਲੂਥਰ ਨੂੰ ਬਾਰਟਬਰਗ ਦੇ ਕਿਲੇ ਵਿਚ ਕੈਦ ਰਖਿਆ ਗਿਆ, ਜਿਥੇ ਕਿ ਉਸਨੇ ਨਈ ਅੰਜੀਲ ਸੋਧਕੇ ਲਿਖੀ ਔਰ ਪੁਰਾਣੇ ਸਨਾਤਨੀ) ਖਿਆਲ ਸਭ ਨਿਕਾਲ ਦਿਤੇ। ਲੂਥਰ ਨੇ ਰੋਮ ਪਹੁੰਚਕੇ ਪੋਪਾਂ ਦੇ ਪਾਖੰਡਾਂ

Digitized by Panjab Digital Library | www.panjabdigilib.org

ਦਾ ਖੰਡਣ ਕੀਤਾ, ਸਿਟਾ ਕੀ, ਇਸ ਦੇ ਸਿਧਾਂਤ ਫੈਲਦੇ ਹੀ ਗਏ, ਇਸ ਸਜਣ ਨੇ ੧੮੪੫ ਈਸਵੀ ਵਿਚ ਚਲਾਣਾ ਕੀਤਾ। ਇਸਤਰਾਂ 'ਮਾਰਟਨ ਲੂਥਰ' ਨੇ ਪਰੋਟੈਸਟੈਂਟ ਚਰਚ ਨੂੰ ਕਾਇਮ ਕੀਤਾ। ਅਜ ਕਲ ਦੇ ਈਸਾਈਆਂ ਵਿਚ ਇਸਦੇ ਖਿਆਲ ਦੇ ਵਧ ਈਸਾਈ ਹਨ, ਅੰਜੀਲ ਜੋ ਇਸ ਨੇ ਨਵੇਂ ਸਿਰੇ ਲਿਖੀ ਪ੍ਰਚਲਤ ਹੈ। ਇਸ ਨੇ ਪੋਪਾਂ ਦੇ ਪ੍ਰਚਾਰ ਨੂੰ ਪਿਛੇ ਪਾ ਦਿਤਾ ਔਰ ਸਾਬਤ ਕੀਤਾ ਕਿ ਪੋਪ ਈਸਾ ਜੀ ਦੇ ਜਾਂ ਨਸ਼ੀਨ ਨਹੀ ਹਨ।

ਇਸਤਰਾਂ ਸਤਾਰਵੀਂ ਸਦੀ ਵਿਚ ਪੋਪਾਂ ਦੀ ਤਾਕਤ ਖਤਮ ਹੋ ਗਈ। ਹੁਣ ਈਸਾ-ਈਆਂ ਦੇ ਦੋ ਵਡੇ ਫਿਰਕੇ ਹਨ 'ਪਹਿਲਾ ਰੋਮਨ ਕੈਥਲਿਕ, ਤੇ ਦੂਜਾ ਪਰੋਟੈਸਟੈਂਟ ਹੈ।

ਈਸਾਈਆਂ ਦੇ ਹੋਰ ਫਿਰਕੇ ਭੀ ਕਾਫੀ ਹਨ ਜਿਹਾ ਕਿ ਪਿੰਡ ਨਾਸਰ ਰਹਿਣ ਕਰਕੇ ਹੀ ਨੁਸਰਾਨੀ ਕਹੇ ਜਾਂਦੇ ਹਨ, ਬਾਰਾਂ ਚੇਲਿਆਂ ਦੇ ਨਾਮ ਪਰ ਭੀ ਫਿਰਕੇ ਹਨ। ਯਥਾ-ਬਾਰਾਂ ਚੇਲੇ ਫਿਲਪਸ, ਬਰਤਮਾਈ, ਤੂਮਾ, ਮਤੀ, ਯਾਕੂਬ, ਯਹੂੰਨਾ, ਤਦਈ, ਸਮਾਊ, ਕਨਾਨੀ ਅਸਿਕਿਰਤੀ, ਅਯੂਦਾ, ਸਮੂਮ, ਅੰਦਰਰੇ' ਆਦਿ। ਈਸਾਈ ਲੋਕ ਤੌਰੇਤ ਪਰ ਭੀ ਨਿਸਚਾ ਰਖਦੇ ਹਨ।

ਈਸਾ ਦਾ ਵਧ ਪ੍ਰਚਾਰ ਗ਼ੈਬ ਬੀਮਾਰਾਂ ਨੂੰ ਰਾਜੀ ਕਰਕੇ ਈਸਾਈ ਬਣੌਣਾ ਸੀ, ਹੁਣ ਭੀ ਈਸਾਈ ਐਸਾ ਹੀ ਕਰਦੇ ਹਨ। ਈਸਾ ਦਾ ਗੁਰੂ ਯਹੂਨਾ ਭੀ ਕੈਦ ਵਿਚ ਰਿਹਾ ਔਰ ਬਾਦਸ਼ਾਹਜ਼ਾਦੀ ਨੇ ਉਸਨੂੰ ਕਤਲ ਕਰਵਾਇਆ। ਈਸਾ ਪਰ ਭਾਰੀ ਦੋਸ਼ ਇਹ ਸੀ ਕਿ ਓਹ ਆਪ ਨੂੰ ਰੱਬ ਦਾ ਪੁਤ੍ਰ ਅਖੌਂਦਾ ਹੈ ਔਰ ਨਿਆ ਮਤਿ ਪ੍ਰਚਾਰਦਾ ਹੈ। ਈਸਾ ਦੀ ਇਹ ਕਮਜ਼ੋਰੀ ਸੀ ਜੋ ਉਸ ਨੇ ਫਾਂਸੀ ਲਟਕਣ ਵੇਲੇ ਕਿਹਾ ਕਿ ਹੇ ਖੁਦਾ ਹੋ ਸਕੇ ਤਾਂ ਇਹ ਮੌਤ ਦਾ ਪਿਆਲਾ ਮੇਰੇ ਪਾਸੋਂ ਟਲ ਜਾਵੇ। ਹਜ਼ਰਤ ਈਸਾ ਰਹਿਮ ਦਿਲ ਬਹੁਤ ਸੀ। ਉਸ ਨੇ ਆਪਣੇ ਦੁਸ਼ਮਣਾ ਯਾਂ ਕਾਤਲਾਂ ਦਾ ਭੀ ਬੁਰਾ ਨਹੀਂ ਤੱਕਿਆ। ਈਸਾਈਆਂ ਦੇ ਦਿਲਾਂ ਵਿਚ ਹਜ਼ਰਤ ਈਸਾ ਜੀ ਦੀ ਕੁਰਬਾਨੀ ਦੀ ਮਹਾਨ ਕਦਰ ਹੈ, ਓਹ ਉਸ ਦੀ ਫਾਂਸੀ ਦਾ ਚਿਨ੍ਹ (ਸਲੀਬ) ਗਿਰ-ਜਿਆਂ ਪਰ ਲੌਂਦੇ ਹਨ ਔਰ ਗਲਾਂ ਵਿਚ 'ਟਾਈ' (ਨਕਟਾਈ) ਰਖਦੇ ਹਨ।

ਈਸਾ ਜੀ ਦੇ ਕੁਝ ਸਾਥੀਆਂ ਔਰ ਵਿਰੋਧੀਆਂ ਨੇ ਹੇਠਾਂ ਲਿਖੇ ਭਾਵ ਦੀਆਂ ਗਵਾਹੀਆਂ ਦਿਤੀਆਂ ਸਨ।

ਅਸੀਂ ਈਸਾ ਨੂੰ ਕਹਿੰਦੇ ਸੁਣਿਆਂ ਹੈ ਕਿ ਮੈਂ ਖੁਦਾ ਦਾ ਮੰਦਰ ਢੁਹਾ ਕੇ ਦੋ ਦਿਨਾਂ ਵਿਚ ਬਣਵਾ ਸਕਦਾ ਹਾਂ, ਸਰਦਾਰ ਕਾਹਨ ਨੇ ਮਸੀਹ ਨੂੰ ਕਿਹਾ ਤੂੰ ਸਚ ਕਹੁ ਕੀ ਤੂੰ ਖੁਦਾ ਦਾ ਪੁਤ੍ਰ ਹੈਂ? ਅਗੋਂ ਈਸਾ ਜੀ ਨੇ ਕਿਹਾ ਕਿ ਤੁਸੀ ਮੈਨੂੰ ਖੁਦਾ ਦੇ ਸਜੇ ਪਾਸੇ ਬੈਠਾ ਵੇਖੋਗੇ ਅਰ ਅਕਾਸ਼ ਵਿਚ ਬੱਦਲਾਂ ਪਰ ਔਂਦਾ ਤਕੋਗੇ, ਐਸੀ ਬਾਤਾਂ ਪਰ ਕਾਹਨ ਨੇ ਕੁਫਰ ਬਕਣੇ ਦਾ ਫਤਵਾ ਲਾ ਦਿਤਾ ਤੇ ਮੌਤ ਦੀ ਸਜ਼ਾ ਦੇ ਯੋਗ ਦਸਿਆ, ਸਿਪਾਹੀਆਂ ਨੇ ਈਸਾ ਦੇ ਮੁਖ ਪਰ ਘ੍ਰਿਣਾ ਨਾਲ ਥੁਕਿਆ ਤੇ ਚਪੇੜਾਂ ਮੁੱਕੇ ਮਾਰੇ ਬਸਤਰ ਉਤਾਰਕੇ ਕੋਰੜੇ ਮਾਰੇ। ਸਿਰ ਪਰ ਸਿਰ ਕੰਡੇ ਦਾ (ਤਿੱਖੀ ਮੇਖਾਂ ਦਾ) ਟੋਪ ਰਖਕੇ ਮਖੌਲ ਕੀਤੇ ਤੇ ਤਾਹਨੇ ਮਾਰੇ ਕਿ ਇਹ ਯਹੂਦੀਆਂ ਦਾ

Digitized by Panjab Digital Library | www.panjabdigilib.org

ਬਾਦਸ਼ਾਹ ਯਸੂ ਹੈ।

ਈਸਾਈਆਂ ਦਾ ਨਿਸਚਾ ਹੈ ਕਿ ਹਜ਼ਰਤ ਈਸਾ ਜੀ ਮਰਿਆ ਨਹੀਂ ਬਲਕਿ ਫਾਂਸੀ ਤੋਂ ਤੀਜੇ ਦਿਨ ਜ਼ਿੰਦਾ ਹੋਕੇ ਅਸਮਾਨ ਨੂੰ ਚੜ੍ਹ ਗਿਆ ਸੀ ਅਰ ਓਹ ਫੇਰ ਅਸਮਾਨੋ ਉਤਰੇਗਾ।

ਹਜਰਤ ਈਸਾ ਦਾ ਵੱਧ ਪ੍ਰਚਾਰ ਰੋਮ ਦੇ ਪੋਪਾਂ ਨੇ ਕੀਤਾ, ਇਸ ਪ੍ਰਚਾਰ ਪਰ ਤਿੰਨ ਸੌ ਬਾਰਾਂ ਸਾਲ ਲਗੇ, ਇਸਤਰੀਆਂ ਵਿਚ ਏਹ ਧਰਮ ਵਧ ਫੈਲਿਆ, ਸਮਾ ਪਾਕੇ ਰਾਜੇ ਨੇ ਵੀ ਈਸਾਈ ਮਤ ਨੂੰ ਮੰਨ ਲਿਆ ਜਿਸ ਕਾਰਨ ਇਕ ਦਮ ਏਹ ਮਤ ਵਧ ਫੁਲ ਗਿਆ, ਚਾਰ ਸੌ ਬਿਆਲੀਸ ਸਾਲਾਂ ਪਿਛੋਂ ਤਿੰਨ ਸੌ ਅਠੱਤੀਸ ਬਿਸ਼ਪਾਂ ਨੇ ਜੋ ਲਿਖਤਾਂ ਲਿਖੀਆਂ ਉਨਾਂ ਲਿਖਤਾਂ ਦਾ ਨਾਮ ਅੰਜੀਲ ਪਿਆ, ਪਹਿਲੇ ਈਸਾ ਦੇ ਬੁਤ ਦੀ ਹੀ ਪੂਜਾ ਹੁੰਦੀ ਸੀ। ਪੋਪ ਈਸਾ ਦੀ ਥਾਂ ਮੰਨੇ ਜਾਂਦੇ ਰਹੇ, ਇਹੋ ਮੁਕਤੀ ਦਾਤੇ ਮੰਨੇ ਜਾਂਦੇ ੧੫੧੭ ਈਸਵੀ ਤੋਂ ਬਾਦ ਮਾਰਟਨ ਲਯੂਥਰ ਨੇ ਪੋਪਾਂ ਤੋਂ ਵਿਰੁਧ ਪਰਚਾਰ ਕੀਤਾ।

## ਮੁਹੰਮਦ ਜੀ

੫੭੦ ਈ: ਵ੍ਰਿਚ ਮੁਹੰਮਦ ਸਾਹਿਬ ਜਨਮਿਆਂ, ਇਸ ਦਾ ਵੰਸ ਕੁਰੈਸ ਸੀ, ਪਹਿਲਾਂ ਇਹ ਮੱਕੇ ਦੇ ਬੁਤਾਂ ਦਾ ਵੱਡਾ ਪੁਜਾਰੀ ਸੀ, ਅਤੇ ਗਜਾਨ ਹੋਣ ਪਰ ਬੁਤ ਆਪੇ ਤੋੜ ਘੱਤੇ। ਪਰ ਸੰਗ ਅਸਵਦ ਦੀ ਪੱਥਰ ਪੂਜਾ ਵਿਚੇ ਰੱਖੀ। ਅਰਬ ਦੇ ਲੋਕ ਉਸ ਵੇਲੇ ਬੱਦੂ (ਜਾਂਗਲੀ) ਸਨ। ਸਮਝ ਵਾਲੇ ਲੋਕੀ ਸਾਦਕ ਯਾਂ ਅਮੀਨ ਕਹੇ ਜਾਂਦੇ ਸਨ, ਆਪਸ ਵਿਚ ਦੀ ਕੁਰੈਸ਼ ਔਰ ਹੱਵਾਜਨ ਲੜਦੇ ਰਹਿੰਦੇ, ਹੁਣ ਉਨਾਂ ਜੰਗਾਂ ਨੂੰ 'ਹਰਬੁਲ ਫਜਾਰ' ਯਾਂ 'ਨਾਪਾਕ ਜੰਗ' ਆਖਦੇ ਹਨ। ਤ੍ਰਿਤਾਲੀ ਸਾਲਾਂ ਦੀ ਉਮਰ ਵਿਚ ਹੋ ਕੇ ਮੁਹੰਮਦ ਸਾਹਿਬ ਨੂੰ ਗਿਆਨ ਹੋਇਆ ਕਿ ਓਹ ਰੱਬ ਦਾ 'ਰਸੂਲ' ਹੈ।

ਦਸਿਆ ਹੈ ਕਿ ਪੈਗੰਬਰੀ ਗਜਾਨ ਥੀਂ ਬਾਰਾਂ ਕੁ ਸਾਲ ਪਿਛੋਂ 'ਮੇਕਾਈਲ' ਆਦਿ ਫਰਿਸ਼ਤੇ ਉਸ ਨੂੰ ਬੁਰਾਕੁ ਨਾਮੀ ਖੰਭਾਂ ਵਾਲੇ ਘੋੜੇ ਪਰ ਚੜ੍ਹਾ ਕੇ ਸਤਵੇਂ ਅਸਮਾਨ ਦੇ ਵਾਸੀ 'ਖੁਦਾ' ਪਾਸ ਲੈ ਗਏ ਸਨ। ਪਹਿਲਾ ਅਸਮਾਨ ਧੂੰਏਂ ਦਾ, ਦੂਜਾ ਪਾਣੀ ਯਾਂ ਬੱਦਲਾਂ ਦਾ, ਤੀਜਾ ਲੋਹੇ ਦਾ, ਚੌਥਾ ਪਿੱਤਲ ਦਾ, ਪੰਜਵਾਂ ਚਾਂਦੀ ਦਾ, ਛੀਵਾਂ ਸੋਨੇ ਦਾ, ਸਤਵਾਂ 'ਪੁਖਰਾਜ' ਭਾਵ ਹੀਰੇ ਜਵਾਹਰਾਤਾਂ ਦਾ ਹੈ। ਘੋੜੇ ਦੇ ਉਡਾਰੀ ਮਾਰਨ ਪਰ ਅਸਮਾਨਾਂ ਦੇ ਫਾਟਕ ਆਪੇ ਹੀ ਖੁਲ੍ਹਦੇ ਗਏ। ਆਪ ਨੂੰ ਦੂਜੇ ਅਸਮਾਨ ਵਿਚ ਈਸਾ, ਤੀਜੇ ਵਿਚ ਯੂਸਫ, ਚੌਥੇ ਵਿਚ ਅਦਰੀਸ, ਪੰਜਵੇਂ ਵਿਚ ਹਾਰੂਨ, ਛੀਵੇਂ ਵਿਚ ਮੂਸਾ, ਸਤਵੇਂ ਵਿਚ ਇਬਰਾਹੀਮ ਮਿਲੇ ਸਨ।

ਮੁਹੰਮਦ ਸਾਹਿਬ ਨੂੰ ਖੁਦਾ ਨੇ ਨੇੜੇ (ਦੋ ਕਮਾਨਾ ਪਰ) ਬੁਲਾਇਆ। ਸਤਵੇਂ ਅਸਮਾਨੋਂ ਆਪ ਨੂੰ ਦੁੱਧ, ਸ਼ਰਾਬ ਔਰ ਸ਼ਹਿਤ ਦੇ ਤਿੰਨ ਪਿਆਲੇ ਪੇਸ਼ ਹੋਏ ਸਨ। ਇਸ ਲੰਬੀ ਕਥਾ ਦਾ ਨਾਮ ਮਿਅਰਾਜ ਯਾਂ ਅਸਮਾਨੀ ਪੌੜੀ ਦੀ ਕਥਾ ਹੈ। ਬੁਰਾਕ ਘੋੜੇ ਦੀ ਤਸਵੀਰ ਭੀ ਖਿੱਚੀ ਜਾਂਦੀ ਹੈ। ਆਪ ਨੂੰ ਇਸਤਰਾਂ ਪਾਸ ਬੁਲਾ ਕੇ ਖੁਦਾ ਨੇ 'ਰਸੂਲ' ਥਾਪਿਆ ਸੀ।

ਮੁਹੰਮਦ ਸਾਹਿਬ ਕੁਰੈਸ਼ਾਂ ਤੋਂ ਤੰਗ ਆ ਕੇ ਮਦੀਨੇ ਚਲੇ ਗਏ। ਇਸ ਸਮੇਂ

Digitized by Panjab Digital Library | www.panjabdigilib.org

ਤੋਂ ਹੀ * ਸੰਨ ਹਿਜਰੀ ਪ੍ਰਚਲਤ ਹੋਇਆ ਹੈ, (ਭਾਵ ਹਿਜਰ ਕਰਨ ਯਾ ਵਿਛੜਨ ਦਾ ਸਮਾਂ ਉਥੇ ਜਾ ਕੇ ਆਪ ਨੇ ਜੋ ਮਸਜਿਦ ਬਣਾਈ ਉਸ ਦਾ ਨਾਮ 'ਮਸਜਿਦੁਲਨਬੀ' ਹੈ। ਮਦੀਨੇ ਵਿਚ ਜਾਕੇ ਵੀ ਬਹੁਤ ਲੜਾਈ ਫਸਾਦ ਹੁੰਦੇ ਰਹੇ। ਜਿਸ ਕਾਰਣ ਬਦਰ ਦੇ ਮੁਕਾਮ ਪਰ ਸੰਨ ੬੨੪ ਈ: ਨੂੰ ਬੜਾ ਭਾਰੀ ਜੰਗ ਹੋਇਆ। ਅਖੀਰ ਸੰਨ ੬੩੦ ਵਿਚ ਆਪ ਨੇ ਮੱਕੇ ਨੂੰ ਜਿੱਤ ਕੇ ਕਾਅਬਾ ਸਾਂਭ ਲਿਆ, ਅਰ 'ਸੰਗਿ ਅਸਵਦ' ਨੂੰ ਚੁੰਮਕੇ ਬੁਤਾਂ ਵਿਚੋਂ ਸਭ ਤੋਂ ਵਡੇ ਦੇਵਤੇ 'ਹੱਬਲ' ਨੂੰ ਚੂਰ ਚੂਰ ਕਰ ਦਿਤਾ ਅਤੇ ਉਸ ਦੇ ਸਾਥੀ ਤਿੰਨ ਸੌ ਸੱਠ ਬੁਤ ਕਿਬਲੇ ਵਿਚੋਂ ਬਾਹਰ ਸਿਟਵਾ ਦਿਤੇ। ਉਸ ਵੇਲੇ ਤੋਂ ਕਿਬਲੇ ਵੱਲ ਮੁਖ ਕਰ ਕੇ ਨਮਾਜ਼ ਪੜ੍ਹਨ ਦੀ ਰੀਤ ਚਲਾਈ ਗਈ। ਆਪ ਨੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਦਾ ਬੜਾ ਪਰਚਾਰ ਕੀਤਾ। ਇਸਲਾਮ ਮਤ ਧਾਰਨ ਕੀਤੇ ਬਿਨਾਂ ਸਭ ਕਤਲ ਕੀਤੇ ਜਾਂਦੇ ਸਨ। †ਆਪ ੮ ਜੂਨ ੬੩੨ ਈ: ਨੂੰ ਮਦੀਨੇ ਵਿਚ ਚਲਾਣਾ ਕਰ ਗਏ। ਮਦੀਨੇ ਵਿਚ ਆਪ ਦੀ ਕਬਰ 'ਹਜ਼ਰਾ' ਨਾਮ ਕਰਕੇ ਪ੍ਰਸਿੱਧ ਹੈ। ਮੁਸਲਮਾਨ ਇਸਦਾ ਹੱਜ ਕਰਦੇ ਹਨ ਤੇ ਇਹ ਪੂਜੀਦੀ ਹੈ। ਆਪ ਦੀਆਂ ਕਈ ਇਤਹਾਸਕਾਰਾਂ ਨੇ ਗਿਆਰਾਂ ਤੇ ਕਈਆਂ ਨੇ‡ਚੌਦਾਂ ਆਦਿ ਸ਼ਾਦੀਆਂ ਲਿਖੀਆਂ ਹਨ। ਜਿਨਾਂ ਦੇ ਸੱਤ ਬੱਚੇ ਸਨ, ਜਿਨਾਂ ਵਿਚੋਂ ਫਾਤਮਾ ਨਾਮੀ ਪੁੱਤ੍ਰੀ ਸੰਤਾਨ ਵਾਲੀ ਹੋਈ। ਮੁਹੰਮਦ ਸਾਹਿਬ ਦੇ ਚਲਾਣੇ ਤੋਂ ਪਿਛੋਂ

* ਇਹ ਸਮਾਂ ੧੬ ਜੁਲਾਈ ਸੰਨ ੬੨੨ ਈਸਵੀ ਦਾ ਦਸਿਆ ਹੈ। ਮਦੀਨੇ ਵਿਖੇ ਪਹੁੰਚਣ ਦੀ ਤ੍ਰੀਕ ਬਾਈਸ ਜੂਨ ਸੰ: ੬੨੩ ਲਿਖੀ ਹੈ।

†ਅਸੀਂ ਜਿਤਨੇ ਭੀ ਜੀਵਨ ਬ੍ਰਿਤਾਂਤ ਵੇਖੇ ਹਨ, ਇਕ ਦੂਜੇ ਦੇ ਨਾਲ ਕੋਈ ਭੀ ਨਹੀਂ ਰਲਦਾ ਤ੍ਰੀਕਾਂ ਸੰਨਾਂ ਵਿਚ ਭੀ ਬਹੁਤ ਫਰਕ ਹਨ, ਕਈਆਂ ਨੇ ਪਰਲੋਕ ਗਮਨ ਦਾ ਸੰਨ ੬੩੧ ਲਿਖਿਆ ਹੈ ੬੩ ਸਾਲਾਂ ਦੀ ਉਮਰ ਵਿਚ ਨਮੂਨੀਏ ਨਾਲ ਚਲਾਣੇ ਕੀਤੇ, ਕੋਈ ਲਿਖਦਾ ਹੈ ਕਿ ਆਪ ਦੀ ਜੈਨਬਾ ਨਾਮੀ ਯਹੂਦਣ ਇਸਤਰੀ ਨੇ ਪ੍ਰੀਖਯਾ ਲਈ ਜ਼ੈਹਰ ਦਿਤੀ ਸੀ ਕਿ ਜੇ ਪੈਗੰਬਰ ਹੋਣਗੇ ਤਾਂ ਜਾਣੀ ਜਾਣ ਹੋਣ ਕਰਕੇ ਜ਼ੈਹਰ ਵਾਲਾ ਖਾਣਾ ਨਾ ਖਾਣਗੇ ਪਰ ਆਪ ਨੇ ਖਾ ਲੀਤਾ ਸੀ ਪਤਾ ਲੱਗਣ ਪਰ ਇਲਾਜ ਕੀਤੇ ਪਰ ਜ਼ੈਹਰ ਹੱਡਾਂ ਵਿਚ ਰਚ ਗਈ, ਆਪ ਨੇ ਹਜ਼ਰਤ ਆਯਸ਼ਾਂ ਦੇ ਘਰ ਚਲਾਣੇ ਕੀਤੇ, ਮੁਰੀਦਾਂ ਦੀ ਜ਼ਿਆਰਤ ਲਈ ਤਿੰਨ ਦਿਨ ਲਾਸ਼ ਘਰੇ ਰਖਕੇ ਉਸੀ ਥਾਂ ਦਫਨਾਈ ਗਈ। ਹੱਜ ਸਮੇਂ ਮੁਸਲਮਾਨ ਉਸ ਕਬਰ ਦੀ ਜ਼ਿਆਰਤ ਕਰਦੇ ਹਨ।

‡ਸ਼ਾਦੀਆਂ ਬਾਰੇ ਬਹੁਤ ਸੀ ਰਾਇਆਂ ਹਨ (੧) ਹਜ਼ਰਤ ਖਦੀਜ਼ਾ ਜੋ ਕਿ 'ਅਤੀਕ ਨਾਮੀ' ਸੌਦਾਗਰ ਦੀ ਵਿਧਵਾ ਇਸਤਰੀ ਸੀ ਦੂਜਾ ਨਕਾਹ ਅਬੂਹਾਲ ਨਾਲ ਅਰ ਉਸਦੇ ਗੁਜ਼ਰਨੇ ਪਰ ਮੁਹੰਮਦ ਸਾਹਿਬ ਨਾਲ (੨) ਸੌਦਾ–ਹਜ਼ਰਤ ਦੇ ਚਾਚੇ ਦੇ ਪੁਤਰ ਦੀ ਇਸਤਰੀ (੩) ਹਰਜ਼ਾ–ਖਲੀਫਾ 'ਉਮਰ' ਦੀ ਵਿਧਵਾ ਸਪੁਤਰੀ (੪) ਅਸ਼ਲਾਮ--ਇਸਦੀ ਮੌਤ ਪਰ ਨਕਾਹ ਕੀਤਾ (੫) ਜੈਨਬਾ--ਹਜ਼ਰਤ ਜੀ ਦੇ ਚਾਚੇ ਦੀ ਸਪੁਤਰੀ ਅਰ ਮੁਹੰਮਦ ਸਾਹਿਬ ਜੀ ਦੇ ਮਤਵੰਨੇ 'ਜ਼ੈਦ' ਦੀ ਤਲਾਕੀ ਹੋਈ ਇਸਤਰੀ (੬) ਜਵਰੀਆ–ਇਹ ਭੀ ਵਿਧਵਾ ਦੱਸੀ ਹੈ (੭) ਮੈਮੁਨਾ–ਇਹ ਭੀ ਵਿਧਵਾ ਦਸੀ ਹੈ ਏਸੇ ਤਰਾਂ ਉਮਰ ਹਬੀਬਾ, ਅਸਮਾ, ਮਲੀਕਾ ਆਦਿ। ਕਈਆਂ ਨੇ ਉਮਜ਼, ਮੀਰਾ, ਮਾਰਯਾ, ਰਕੀਮਾ, ਹਫਸਾ, ਮੈਮੋਨ, ਸਫੀਆ, ਸਲਾਮਾਂ, ਰਜਵਾਂ, ਉਮਰਾਫੇ ਉਮਯਮਾਨ ਆਦਿ ਇਨਾਂ ਵਿਚੋਂ ਕਈ ਲੌਂਡੀਆਂ ਦਸੀਆਂ ਹਨ ਇਸ ਤਰਾਂ ਉਲਾਦ ਦੇ ਸਬੰਧੀ ਭੀ ਅਡ ਅੱਡ ਲੇਖ ਮਿਲਦੇ ਹਨ।

Digitized by Panjab Digital Library | www.panjabdigilib.org

ਆਯਸ਼ਾਂ ਸਤਾਹਠ ਸਾਲ ਦੀ ਉਮਰ ਭੋਗ ਕੇ ਚਲਾਣਾ ਕਰ ਗਈ। ਮੁਸਲਮਾਨਾਂ ਵਲੋਂ ਇਨ੍ਹਾਂ ਨੂੰ 'ਅਮਲ ਮੋਮਨੀਨ' (ਵਿਸ਼ਵਾ-ਸ਼ੀਆਂ ਦੀ ਮਾਤਾ) ਕੈਹਕੇ ਸਤਕਾਰਿਆ ਜਾਂਦਾ ਹੈ। ਮੁਹੰਮਦ ਸਾਹਿਬ ਦੇ ਦੇਹਾਂਤ ਸਮੇਂ ਉਨਾਂ ਦੀਆਂ ਨੌਂ ਵਿਵਾਹਤਾ ਅਤੇ ਦੋ ਦਾਸੀਆਂ ਜ਼ਿੰਦਾ ਸਨ। ਇਨ੍ਹਾਂ ਦੀਆਂ ਨੌ ਸ਼ਾਦੀਆਂ ਵਿਧਵਾ ਨਾਲ ਹੋਈਆਂ ਤੇ ਇੱਕ ਕੁਆਰੀ ਆਯਸ਼ਾਂ ਨਾਲ ਅਤੇ ਇੱਕ ਇਨ੍ਹਾਂ ਦੇ ਮਤਵੰਨੇ ਜ਼ੈਦ ਦੀ ਤਲਾਕੀ ਹੋਈ ਇਸਤ੍ਰੀ ਗੈਨਬਾ ਨਾਲ ਹੋਈ। ਮੁਹੰਮਦ ਸਾਹਿਬ ਦੀ ਪੈਗੰਬਰੀ ਬਾਬਤ ਮੁਸਲਮਾਨਾਂ ਦੇ ਬਹੁਤ ਸਾਰੇ ਖਿਆਲ ਹਨ। ਦਸਿਆ ਹੈ ਕਿ ੬, ੧੦, ੪੦ ਤੇ ੫੦ ਸਾਲ ਦੀ ਉਮਰ ਵਿਚ ਜਬਰਾਈਲ ਆਦਿ ਫਰਿਸ਼-ਤਿਆਂ ਨੇ ਮੁਹੰਮਦ ਸਾਹਿਬ ਦਾ ਪੇਟ ਚਾਕ ਕਰਕੇ ਅੰਤਸ਼ਕਰਣ ਸ਼ੁੱਧ ਕੀਤਾ ਸੀ (ਵੇਖੋ, ਗੈਬ ਮਦਾਰੀ ਜੰਨੂ ਯੁਧਕ) ਇਸ-ਤਰਾਂ ਈਮਾਨ, ਇਲਮ ਤੇ ਪੈਗੰਬਰੀ ਦਾ ਨੂਰ ਫਰਿਸ਼ਤੇ ਭਰ ਗਏ ਸਨ। ਹਦੀਸਾਂ ਅਨੁਸਾਰ ਇਹ ਵੀ ਸਿੱਧ ਕੀਤਾ ਜਾਂਦਾ ਹੈ ਕਿ ਮੁਹੰਮਦ ਸਾਹਿਬ ਨੇ ਫੁਰਮਾਇਆ ਸੀ ਕਿ ਬਾਬਾ ਆਦਮ ਦੀ ਪੈਦਾਇਸ਼ ਤੋਂ ੧੪੦੦੦ ਬਰਸ ਪਹਿਲ੍ਹਾਂ ਮੈਂ ਇਕ ਨੂਰ ਸਾਂ, ਮੁਹੰਮਦ ਸਾਹਿਬ ਨੇ ਉਮਰ ਪੁਛਣ ਪਰ ਦਸਿਆ ਕਿ ਹਜਾਬ ਚਹਾਰਮ ਵਿਖੇ ਇਕ ਸਤਾਰਾ ਸੱਤਰ ਹਜ਼ਾਰ ਬਰਸਾਂ ਪਿਛੋਂ ਨਿਕਲਦਾ ਹੈ ਮੈਂ ਉਸ ਨੂੰ ਬਹੱਤਰ ਹਜ਼ਾਰ ਵੇਰ ਵੇਖਿਆ ਹੈ। ਇਸ ਹਿਸਾਬ ਇਨਾਂ ਦੀ ਉਮਰ ਪੰਜਾਹ ਲੱਖ ਚਾਲੀ ਹਜ਼ਾਰ ਬਰਸ ਸਿੱਧ ਕੀਤੀ ਜਾਂਦੀ ਹੈ। ਇਹ ਵੀ ਦੱਸਿਆ ਹੈ ਕਿ ਮੁਹੰਮਦ ਸਾਹਿਬ ਨੇ ਕਸਮ ਖਾਕੇ ਕਿਹਾ ਕਿ ਜਗਤ ਰਚਨਾ ਦਾ ਪਹਿਲਾ ਨੂਰ ਮੈਂ ਸਾਂ, ਵੈਸੇ ਆਪ ਦਾ ਖਾਨਦਾਨ ਬਾਬਾ ਆਦਮ ਤੋਂ ਇਕਵੰਜਵੀਂ ਪੀੜ੍ਹੀ ਵਿਚ ਸਿੱਧ ਕੀਤਾ ਹੈ। ਇਨਾਂ ਤੋਂ ਪਹਿਲਾਂ ਬਾਬਾ ਆਦਮ ੬੧੧੩ ਸਾਲ ਵੱਡਾ ਸੀ ਇਸਤਰਾਂ ਹੋਰ ਵੀ ਬਹੁਤ ਸਾਰੇ ਵਿਚਾਰ ਹਨ, ਜੋ ਵਿਸਥਾਰ ਨਾਲ ਹੋਰ ਥਾਂ ਲਿਖੇ ਜਾਣਗੇ।

ਹਜ਼ਰਤ ਖਦੀਜ਼ਾ ਤੋਂ ਅਬਦੁਲ ਕਾਸਮ, ਤਾਹਰਿ ਤੈਬ ਚਾਰ ਲੜਕੇ ਅਤੇ ਰਕੀਆ ਜ਼ੈਨਬਾ, ਫਾਤਮਾਂ ਕਲਯੁਮ (ਉਮਰ ਲੈਸ) ਚਾਰ ਲੜਕੀਆਂ ਹੋਈਆਂ। ਜਿਸ ਪਹਾੜੀ ਪਰ ਮੁਹੰਮਦ ਸਾਹਿਬ ਨੂੰ ਪੈਗੰਬਰੀ ਦਾ ਗਿਆਨ ਹੋਇਆ ਉਸਦਾ ਨਾਮ ਹੂਰ ਪਹਾੜੀ ਯਾਂ ਗਾਰਹਰ ਕਹਿੰਦੇ ਨੇ (ਵੇਖੋ ਸੂਰਤ ਅਲਕ ਆਯਤ ੧) ਖਦੀਜ਼ਾ ਦਾ ਮਤ ਪਹਿਲਾਂ ਈਸਾਈ ਸੀ ਉਸਦਾ ਭਰਾ ਵਿਰਕਾ ਨਾਮੀ ਈਸਾਈਆਂ ਦਾ ਪਾਦਰੀ ਸੀ, ਇਸ ਨੇ ਅਰਬੀ ਵਿਚ ਅੰਜੀਲ ਦਾ ਉਲਥਾ ਕੀਤਾ ਸੀ। ਇਸੇ ਨੇ ਖਦੀਜ਼ਾ ਨੂੰ ਦਸਿਆ ਸੀ ਕਿ ਤੇਰਾ ਪਤੀ ਪੈਗੰਬਰ ਹੋਵੇਗਾ, ਖਦੀਜ਼ਾ ਨੇ ਮੁਹੰਮਦ ਸਾਹਿਬ ਨੂੰ ਨਿਸਚੇ ਕਰਾਇਆ ਸੀ ਕਿ ਖੁਦਾ ਆਪ ਨੂੰ ਪੈਗੰਬਰ ਬਣੌਨ ਲਗਾ ਹੈ। ਪਹਾੜ ਵਿਚੋਂ ਜੋ ਆਵਾਜ਼ਾਂ ਮੁਹੰਮਦ ਸਾਹਿਬ ਨੂੰ ਆਈਆਂ ਉਨਾਂ ਦਾ ਉਲਥਾ ਇਉਂ ਹੈ:- ਐ ਆਪਣੇ ਉਪਰ ਕਪੜਿਆਂ ਨੂੰ ਓਢਨ ਵਾਲੇ ਖੜਾ ਹੋ ਤੇ ਲੋਕਾਂ ਨੂੰ ਡਰਾ ਤੇ ਆਪਨੇ ਪਾਲਣਹਾਰ ਦੀ ਉਪਮਾ ਕਰ ਅਤੇ ਆਪਣੇ ਬਸਤਰਾਂ ਨੂੰ ਪਵਿਤ੍ਰ ਕਰ ਅਤੇ ਗੰਦਗੀ (ਪਾਪ) ਛੱਡਦੇ (ਵੇਖੋ ਸੂਰਤ ਮੁਦਸਾ) ਪੈਗੰਬਰ ਬਣਨੇ ਵੇਲੇ ਆਪ ਦੀ ਉਮਰ ਚਾਲੀ ਸਾਲ ਸਤ

Digitized by Panjab Digital Library | www.panjabdigilib.org

ਮਹੀਨੇ ਦਸੀ ਹੈ। ਪੈਗੰਬਰੀ ਮਿਲਣ ਵੇਲੇ ਮੁਹੰਮਦ ਸਾਹਿਬ ਨੂੰ ਪਹਿਲਾ ਹੁਕਮ ਖੁਦਾ ਵਲੋਂ ਇਸਤਰਾਂ ਹੋਇਆ। 'ਐ ਨਬੀ ਤੂੰ ਮੇਰੇ ਹੁਕਮ ਦੀ ਤਾਮੀਲ ਵਾਸਤੇ ਖੜਾ ਹੋ ਜਾ ਔਰ ਆਪਣੀ ਕੌਮ (ਕੁਰੇਸ਼) ਔਣ ਵਾਲੇ ਗਜ਼ਬ ਇਲਾਹੀ ਸੇ ਡਰਾ'।

ਪਹਿਲਾਂ ਹਜ਼ਰਤ ਖਦੀਜ਼ਾ ਨੇ ਇਸਲਾਮ ਮਤਿ ਧਾਰਿਆ ਉਤਰੰਤ ਅਲੀ, ਅਬੂਬਕਰ ਜ਼ੈਦ, ਮੁਰੀਦ ਬਣੇ। ਵਿਰਕਾਂ ਜੋ ਖਦੀਜ਼ਾ ਦਾ ਭਰਾਤਾ ਦਸਿਆ, ਕਈ ਇਸਨੂੰ ਚਾਚੇ ਦਾ ਭਰਾ ਲਿਖਦੇ ਹਨ ਇਹ ਅਜੀਲ ਦਾ ਫਾਜ਼ਲ ਅਰ ਵਡਾ ਵਿਦਵਾਨ ਸੀ, ਇਸਲਾਮ ਮਤ ਦੇ ਪਰਚਾਰ ਸਮੇ ਮੁਹੰਮਦ ਸਾਹਿਬ ਨੇ ਬਹੁਤ ਤਸੀਹੇ ਝਲੇ ਕਈ ਵੇਰ ਕਤਲ ਕਰਨ ਲਈ ਸਾਕੇ ਵਾਪਰੇ ਪਰ ਬਚਦੇ ਰਹੇ।

ਦੇਸ ਅਰਬ ਵਿਚੋਂ ਜਹਾਲਤਾਂ ਨੂੰ ਦੂਰ ਕਰਣ ਲਈ ਮੁਹੰਮਦ ਸਾਹਿਬ ਨੇ ਬਹੁਤ ਯਤਨ ਕੀਤੇ, ਮੁਸਲਮਾਨ ਆਪਨੂੰ 'ਰਸੂਲ ਸ਼ਲਅਮ ਨਾਮ ਸੇ ਸਤਕਾਰਦੇ ਹਨ।

## ਖਾਸ ਬਾਤਾਂ

ਨੋਟ—ਇਸਲਾਮ ਮਤ ਸਬੰਧੀ ਕੁਛਕ ਖਾਸ ਬਾਤਾਂ—ਇਸਲਾਮ ਦੇ ਅਰਬ ਝੁਕਣਾ ਹੈਨ ਖੁਦਾ ਦਾ ਤਖਤ ਫਰਿਸਤਿਆਂ ਨੇ ਚੁਕਿਆ ਹੈ, ਖੱਟੀ ਦਾ ਚਾਲੀਸਵਾਂ ਹਿਸਾ ਜ਼ਕਾਤ ਦੇਣੀ ਲਾਜ਼ਮੀ ਹੈ, ਰਸੂਲ ਪਰ ਨਿਸਚਾ ਧਾਰੇ ਬਿਨਾਂ ਮੁਕਤ ਨਹੀਂ ਮਿਲਦਾ। ਸ਼ੈਤਾਨ (ਅਬਲੀਸ) ਬਦੀਆਂ ਕਰੌਂਦਾ ਹੈ। ਬਿਆਜ ਲੈਣਾ ਅਧਰਮ ਹੈ, ਕੁਰਾਨ ਦੇ ਅਰਥ ਕੇਵਲ ਪੜ੍ਹੀ ਜਾਣਾ ਹਨ, ਇਸੇ ਦਾ ਨਾਮ ਫੁਕਰਾਨ, ਅਲ ਕਤਾਬ,ਮਜੀਦ ਆਦਿ ਹੈ, ਪੱਚੀਸ ਸਾਲ ਕੁਰਾਨ ਉਤਰਦਾ ਰਿਹਾ। ਪਹਿਲਾਂ ਬੈਤੁਲ ਮਾਪਰ ਯਾਂ ਬੈਤਲ ਐਹਸਾਨ ਜਾਂ ਬੈਤੁਲ ਇਜ਼ਾ ਸਥਾਨ ਪਰ ਸੀ ਕੁਰਾਨ ਵਿਚ ਖੁਦਾ ਦੀ ਮਹਿਮਾਂ ਨਾਮ ਮਾਤ੍ਰ ਲਿਖੀ ਹੈ ਜਿਆਦਾ ਪ੍ਰਸੰਗ 'ਸ਼ੈਤਾਨ' ਮਜ਼ਬੀ ਜੰਗ, ਮੂਸਾ ਸੁਲੇਮਾਨ ਦੀ ਸਾਖੀਆਂ, ਹਰਾਮ ਹਲਾਕ ਦੇ ਮਸਲੇ, ਜਹਾਦ, ਜਕਾਤ, ਦੋਜ਼ਖਾਂ ਤੇ ਬਹਿਸ਼ਤਾਂ ਦੇ ਲਾਲਚ ਆਦਿ ਹਨ। ਕੁਲ ਇਕ ਸੌ ਚੌਦਾਂ ਸੂਰਤਾਂ ਹਨ। 'ਆਦਮ' 'ਹਵਾ' ਦੇ ਕਈ ਪ੍ਰਸੰਗ ਹਨ ਹਦੀਸਾਂ ਵਿਚ ਸ਼ਰਾਹ (ਮੁਯਾਦਾ) ਪਰ ਜ਼ੋਰ ਹੈ ਇਬਰਾਮੀ ਰਬ ਦਾ ਦੋਸਤ ਔਰ ਈਸਾ ਪੁਤ੍ਰ ਅਤੇ ਮੁਹੰਮਦ ਸਾਹਿਬ ਨੂੰ ਖੁਦਾ ਦਾ ਯਾਰ ਖਿਤਾਬ ਹਨ।

## ਪ੍ਰਣਵੋ ਆਦਿ ਏਕੰਕਾਰ

ਇਹ ਅਕਾਲ ਉਸਤਤ ਦੇ ਆਰੰਭ ਵਿਚ ਇਕ ਚੌਪਈ ਹੈ, ਕਈ ਥਾਂ ਇਹ ਵੱਖ ਭੀ ਹੈ। ਕੁਛ ਸਿੰਘ ਇਸ ਚਉਪਈ ਦਾ ਪਾਠ ਰਹਿਰਾਸ ਨਾਲ ਕਰਦੇ ਸੁਣੇ ਹਨ। ਬੇਨਤੀ ਚਉਪਈ ਪਾ: ੧੦ ਚਰਿਤ੍ਰਾਂ ਵਿਚ ਹੈ।

ਯਾਦ ਰਖੋ! ਪਾਠ 'ਓਮ' ਨਹੀਂ ਹੈ, ਇਕ ਓਅੰਕਾਰ ਕਹਿਣਾ ਸੁਧ ਹੈ। 'ਓਮ' ਦੇ ਅਰਥ ਤਿੰਨ ਦੇਵਤੇ (ਬ੍ਰਹਮਾ, ਵਿਸ਼ਨ, ਮਹੇਸ਼) ਹਨ। ਕਈ ਇਕ ਸ਼ਲੋਕ ਪੜ੍ਹਿਆ ਕਰਦੇ ਹਨ—ਅਕਾਰ, ਉਕਾਰ, ਮੁਕਾਰ ਪੁਨ ਅਰਧਬਿੰਦ ਪਹਿਚਾਨ। ਚਾਰੋਂ ਕੋ ਸਮਦਾਇ ਜੋ ਓਅੰਕਾਰ ਪਹਿਚਾਨ। ਸੰਸਕ੍ਰਿਤ ਵਾਲੇ ਅਕਾਰ ਤੋਂ ਵਿਸ਼ਨੂੰ ਔਰ ਉਕਾਰ ਥੀਂ ਬ੍ਰਹਮਾਂ ਅਤੇ ਮੁਕਾਰ ਤੋਂ ਸ਼ਿਵ, ਭਾਵ ਤਿੰਨ ਦੇਵਤੇ ਨਿਕਾਲਦੇ

Digitized by Panjab Digital Library | www.panjabdigilib.org

ਹਨ, ਸੋ ਇਹ ਗੁਰਮਤ ਸਿਧਾਂਤ ਨਹੀਂ ਹੈ। ਕਈ ਸੱਜਨ 'ਓਅੰ' ਪਾਠ ਕਰਦੇ ਹਨ ਜੋ ਗਲਤੀ ਹੈ, ਵੇਦਾਂ ਦਾ ਮੂਲ 'ਓਅੰ' ਕਿਹਾ ਹੈ, ਸੋ ਵੇਦ ਤ੍ਰੈਗੁਣੀ ਪਸਾਰਾ ਹੈ ਤੇ ਵੇਦ ਪਾਠ ਦਾ ਅਧਿਕਾਰ ਭੀ ਤ੍ਰਿਨਾਂ ਵਰਣਾਂ ਨੂੰ ਹੀ ਹੈ। ਸ਼ੂਦ੍ਰ ਇਸਤ੍ਰੀ, ਚੰਡਾਲ (ਚਮਾਰ ਚੂਹੜੇ ਅਛੂਤ) ਅਧਿਕਾਰੀ ਨਹੀਂ ਹਨ।

ਇਸ ਚੌਪਈ ਵਿਚ ਕਈਕ ਗੁਰਮਤ ਸਿਧਾਂਤ ਹਨ। ਪਾਠਕਾਂ ਦੀ ਵਿਚਾਰ ਹਿਤ ਅਗੇ ਕੁਝਕ ਕਠਨ ਪਦਾਂ ਦੇ ਅਰਥ ਲਿਖੇ ਜਾਂਦੇ ਹਨ।

## ਕਠਨ ਸ਼ਬਦਾਂ ਦੇ ਅਰਥ

ਪ੍ਰਣਵੋ=ਬੰਦਨਾ। ਏਕੰਕਾਰਾ=ਇਕ ਜੋਤ। ਮਹੀਅਲ = ਧਰਤੀ ਤੇ ਅਸਮਾਨ। ਅਬਗਤਿ = ਸਰੀਰ ਰਹਿਤ। ਹਸਤ ਕੀਟ= ਹਾਥੀ ਕੀੜੀ। ਰਾਵ ਰੰਕ = ਅਮੀਰ ਗਰੀਬ। ਅਦ੍ਵੈ=ਦ੍ਵੈਤਾ ਰਹਿਤ। ਅਲਖ ਪੁਰਖ = ਅਸਚਰਜ ਰੂਪ। ਅਬਿਗਾਮੀ=ਅਪਹੁੰਚ। ਅਛੈ=ਅਨੋਸ। ਅਨਹਦ=ਹਦ ਰਹਿਤ। ਅਨਾਹਦ=ਸਤੇ। ਮੁਖਚਾਰ = ਬ੍ਰਹਮਾਂ। ਉਪਇੰਦਰ = ਮੀਤ ਇੰਦਰ। ਰੁਦ੍ਰ = ਸ਼ਿਵ। ਫਨਿੰਦ=ਸ਼ੇਸ਼ ਨਾਗ। ਗੰਧ੍ਰਬ=ਦੇਵ ਰਾਗੀ। ਅਵਿਗਤ=ਗਤੀ ਰਹਿਤ। ਅਵਧੂਤਾ=ਅੱਚਲ (ਸ਼ੁਧ)। ਅਨਧਰਮ=ਸ਼ੰਕਾ ਰਹਿਤ। ਹਰਤਾ=ਦੂਰ ਕਰਤਾ। ਕਾਲਫਾਸਿ = ਜਮ ਫਾਹੀ। ੧੦ ॥

----

## ਕਹੂੰ ਨਿਜ ਨਾਰ ਪਰ ਨਾਰ ਕੇ ਨਿਕੇਤ ਹੋ!

ਗੁਰਮਤ ਸਿਧਾਂਤ ਹੈ 'ਪਰਤ੍ਰਿਅ ਰੂਪ ਨ ਪੇਖੈ ਨੇਤ੍ਰ' 'ਕਾਹੂ ਮਦਪਾਨ ਹੋ' 'ਐਸਾ ਮਦ ਮੂਲ ਨ ਪੀਚਈ' ਐਸੇ ਸਿਧਾਂਤ ਪਰ ਵਿਚਾਰ ਦੀ ਲੋੜ ਹੈ। ਪਰਧਨ ਪਾਹਨ ਤੁਲ ਤ੍ਰਿਯਾ ਪਰ ਮਾਤ ਹਮਾਰੈ ॥ (ਪਾ: ੧੦) ਸੁਧ ਜਬ ਤੇ ਹਮ ਧਰੀ ਬਚਨ ਗੁਰਦਏ ਹਮਾਰੇ ॥ ਪੂਤ ਇਹੈ ਪ੍ਰਣ ਤੋਹਿ ਪ੍ਰਾਨ ਜਬ ਲਗ ਘਟਿ ਥਾਰੇ ॥ ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥ ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ, ਨ ਜੈਯਹੁ ॥ ਪਰ ਨਾਰੀ ਕੇ ਭਜੇ ਸਹਸ ਭਗ ਬਾਸਵ ਪਾਏ ॥ ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥ ਪਰ ਨਾਰੀ ਕੇ ਭਜੇ ਸੀਸ ਦਸ ਸੀਸ ਗਵਾਏ ॥ ਪਰ ਨਾਰੀ ਕੇ ਭਜੇ ਕਟਕ ਕੌਰਵ ਕੇ ਘਾਏ ॥ ਪਰ ਨਾਰੀ ਸਿਉਂ ਨੇਹੁ ਛੁਰੀ ਪੈਨ੍ਹੀ ਕਰ ਜਾਨਹੁ ॥ ਪਰ ਨਾਰੀ ਸਿਉਂ ਨੇਹੁ ਕਾਲ ਬਿਆਪਜੋਂ ਤੁਮ ਮਾਨਹੁ ॥ ਅਧਿਕ ਹਰੀਫੀ ਜਾਨ ਭੋਗ ਪਰ ਤ੍ਰਿਅ ਜੋ ਕਰਹੀ ॥ ਅੰਤ ਸਵਾਨ ਕੀ ਮ੍ਰਿਤ ਹਾਥ ਲੇਂਡੀ ਕੇ ਮਰਹੀ ॥

(ਚਰਿਤ੍ਰ ੨੨ ਦਸਮ ਗ੍ਰੰਥ)

## ਕਠਨ ਸ਼ਬਦਾਂ ਦੇ ਅਰਥ

ਇਸ ਛੰਤ ਵਿਚ ਕਠਨ ਸ਼ਬਦ ਇਹ ਹਨ—

ਉਰਗ=ਸਰਪ। ਪਿਸਾਚ=ਰਾਖਸ਼। ਨਿਦਾਨ = ਅੰਤ, ਸਿੱਟਾ। ਮਾਰਤ ਅਹਾਰੀ = ਪੌਣ ਅਹਾਰੀ। ਨਾਰ ਕੇ ਨਕੇਤ=ਜਲ ਵਾਸੀ। ਸਯਾਮ ਸੇਤ = ਕਾਲਾ, ਸਫੇਦ। ਸਿਲਾਹਨ= ਸ਼ਸਤ੍ਰ

Digitized by Panjab Digital Library | www.panjabdigilib.org

ਧਾਰੀ। ਪਯੂਖ = ਅੰਮ੍ਰਿਤ। ਮਦਪਾਨ=ਸ਼ਰਾਬੀ। ਮਵਾਸਨ=ਆਕੀ, ਦੁਸ਼ਮਨ। ਹਰਮ=ਘਰ। ਛਾਲਾ ਧਰ= ਮ੍ਰਿਗ ਛਾਲਾ। ਛੈਲ=ਸ਼ੌਕੀਨ, ਐਸ਼ੀ। ਛਕਵਾਰੀ=ਛਲਾਂ ਦੀ ਮੁਯਾਦਾ, ਪ੍ਰਚਾਰਕ। ਲਾਖਨ= ਮੱਖਣ। ਧੇਨ ਕੇ ਚਰਯਾ = ਗੁਆਲੇ, ਕ੍ਰਿਸ਼ਨ। ਅਦ੍ਵੈ = ਦ੍ਵੈਤਾ ਰਹਿਤ। ਬ੍ਰਹਮ ਬਾਦ=ਚਰਚਾ। ਬਿਖਾਦ=ਝਗੜਾ। ਅਨੀਤ=ਕੁਨਿਆਇ, ਜ਼ੁਲਮੀ। ਛਿਨਾਇਲੇਤ = ਖੋਹ ਲੈਣ ਵਾਲੇ।

# ਸੁਧਾ ਸ੍ਵੈਯੇ ਪਾ: ੧੦

ਸੁਧ ਸ਼ਬਦ ਥੀਂ 'ਸੁਧਾ' ਅਰਥਾਤ ਅੰਮ੍ਰਿਤ ਛਕੌਣ ਵਾਲੇ ਸ੍ਵੈਯੇ, ਜੋ ਗਿਣਤੀ ਵਿਚ ਦਸ ਹਨ, ਇਹ ਅਕਾਲ ਉਸਤਤ ਰਚਨਾ ਦੀ ਸੁਰਖੀ ਤੋਂ ਸੁਤੰਤ੍ਰ ਹਨ। 'ਸ੍ਰਾਵਗ ਸੁਧ' ਇਥੇ ਜੈਨ ਔਰ ਬੋਧ ਮਤ ਵਾਸਤੇ ਸ਼ਬਦ ਭੀ ਹਨ। ਸੋਧੀ ਔਰ ਸਰੇਵੜੇ ਆਦਿ ਵੈਸ਼ਨਵ ਭੀ ਸੋਧੀਏ ਹਨ। 'ਸ੍ਰਾਵਗ, ਸਰੇਵੜੇ, ਢੂੰਡੀਏ, ਸੋਧੀ, ਜੈਨੀ, ਬੋਧੀ, ਵੈਸ਼ਨਵ ਤਕਰੀਬਨ ਆਪਸ ਵਿਚ ਦੀ ਮਿਲਦੇ ਹਨ। ਵੈਸ਼ਨਵ, ਸੁਯੰਪਾਕੀ, ਕਰਮ ਕਾਂਡੀ ਸਿੱਧ ਜਤੀ, ਸਨਯਾਸੀ, ਰਾਜੇ, (ਪੈਗੰਬਰ ਅਵਤਾਰ) ਆਦਿ ਮਤਾਂ ਦਾ ਉਕਤ ਹਸਤੀਆਂ ਸਬੰਧੀ ਨਿਰਣਯ ਹੈ।

## ਸ੍ਰਾਵਗੀ ਮਤ

ਸ੍ਰਾਵਗ (ਸ੍ਰਾਵਕ) ਸ਼ਬਦ ਜੈਨ ਔਰ ਬੋਧ ਮਤ ਹਿਤ ਹੈ, ਬੋਧ ਔਰ ਜੈਨ ਮਤ ਵਿਚ ਬਹੁਤਾ ਫਰਕ ਨਹੀਂ ਹੈ, ਅਗੇ ਜੈਨ ਮਤ ਬਾਰੇ ਕੁਝਕ ਵਾਕਫੀ ਦਰਜ ਹੈ:– ਜੈਨੀਆਂ ਦੇ ਆਗੂ ਬਹੁਤ ਹੋਏ ਹਨ ਪਰ ਪ੍ਰਸਿਧ ਰਿਸ਼ਵ ਦੇਵ, ਅਰਹੰਤ, ਪਾਰਸ ਨਾਥ, ਨੇਮੀ ਨਾਥ, ਬਰਧਮਾਨ, ਮਹਾਂਬੀਰ ਸਨ। ਜੈਨੀ ਇਨਾਂ ਨੂੰ ਤੀਰਥਾਂਕਾਰ ( ਅਚਾਰਜ ) ਆਖਦੇ ਹਨ। ਮੁਖ ਸਿਧਾਂਤ ਬੋਧੀਆਂ ਦੀ ਮਨਿੰਦ 'ਅਹਿੰਸਾ ਪਰਮੋਂ ਧਰਮ' ਹੈ। ਸਰੀਰ, ਮਨ ਦੀ ਸੁਧੀ, ਬ੍ਰਹਮ ਚਰਜ, ਤਪੱਸਿਆ ਆਦਿ ਕਰਮ ਧਾਰਦੇ ਹਨ। ਈਸ਼ਵਰ ਵਲੋਂ ਮੁਨਕਰ ਹੋਣ ਕਰਕੇ 'ਨਾਸਤਕਾਂ' ਦੀ ਸ਼ਾਖ ਮੰਨੀਦੇ ਹਨ।

ਮਹਾਤਮਾਂ ਰਿਸ਼ਵ ਦੇਵ ਦੀ ਹੋਂਦ ਬੁੱਧ ਥੀਂ ਪਹਿਲਾਂ ਸਿਧ ਹੁੰਦੀ ਹੈ। ਹਿੰਦੂ ਗ੍ਰੰਥਾਂ ਵਿਚ ਰਿਸ਼ਵ ਦੇਵ ਔਰ ਬੁੱਧ ਨੂੰ ਵਿਸ਼ਨੂੰ ਦੇ ਅਵਤਾਰ ਮੰਨਿਆਂ ਹੈ। ਰਿਸ਼ਵ ਦੇਵ ਅਜੁਧਿਆ ਦੇ ਰਾਜਾ 'ਨਾਭਿ' ਦਾ ਪੁਤ੍ਰ ਸੀ। ਇਸਦਾ ਪੁਤ੍ਰ 'ਭਰਤ' ਜਿਸਦੇ ਨਾਮ ਪਰ ਦੇਸ ਦਾ ਨਾਮ 'ਭਾਰਤ ਖੰਡ' ਸੀ ਉਪ੍ਰੰਤ ਭਾਰਤ ਵਰਸ਼ ਭੀ ਰਿਹਾ।

ਰਿਸ਼ਵ ਦੇਵ ਰਾਜ ਕਾਜ ਛੱਡ ਕੇ ਬੁਧ ਦੀ ਤਰਾਂ ਸੰਨਯਾਸੀ (ਤਯਾਗੀ) ਹੋਇਆ, ਯਾਂਤੇ ਜੈਨ ਮਤ ਤੋਂ ਬੋਧ ਮਤ ਦੀ ਸ਼ਾਖ ਚਲਣੀ ਸਿਧ ਹੈ। ਜੈਨੀ ਲੋਕ ਹਥਾਂ ਨਾਲ ਸਿਰ ਮੂੰਹ ਦੇ ਵਾਲ (ਕੇਸ) ਪੁਟਦੇ ਹੋਏ ਆਖਦੇ ਹਨ "ਇਥੇ ਦੁਖ ਅਗੇ ਸੁਖ।" ਜੈਨ ਸ਼ਬਦ ਦੇ ਅਰਥ ਜਿਤਣਾਂ, ਭਾਵ ਸ੍ਵੈ ਕਾਬੂ ਪੌਣਾ ਹਨ। ਇਨਾਂ ਦੇ ਗੁਰੂ ਹੀ ਤੀਰਥਾਂਕਾਰ (ਸ਼ਾਸਤ੍ਰ ਦਾ ਕਰਤਾ, ਤੀਰਥ ਸ਼ਾਸਤ੍ਰ ) ਹਨ, ਜੋ ਕਿ ਗਿਣਤੀ ਵਿਚ ਚੌਬੀਸ ਹਨ। ਜੈਨ ਔਰ ਬੋਧ ਮਤ ਵੇਦਾਂ ਕਤੇਬਾਂ ਤੋਂ ਬਿਲਕੁਲ ਅਡਰਾ ਸਿਧਾਂਤ ਹੈ, ਔਰ ਦੁਨੀਆਂ ਦਾ ਸਭ ਨਾਲੋਂ ਵਡਾ

Digitized by Panjab Digital Library | www.panjabdigilib.org

ਮਤ ਹੈ। ਇਹ ਹਿੰਦੂਆਂ ਯਾਂ ਮੁਸਲਮਾਨਾ ਦੇ ਕਿਸੀ ਭੀ ਆਗੂ ਨੂੰ ਨਹੀਂ ਅਪਣੌਂਦੇ।

ਜੈਨ ਮਤ ਦੇ ਚੌਬੀਸ ਅਵਤਾਰ ਅਗੇ ਲਿਖਦੇ ਹਾਂ–

ਰਿਸ਼ਵ ਦੇਵ, ਅਜਿੱਤ ਨਾਥ, ਸੰਭਵ ਨਾਥ, ਅਭਿਨੰਦਨ, ਸਮਤੀ ਨਾਥ, ਸ੍ਰੇ ਆਂਸ ਨਾਥ, ਵਸੂ ਪੂਜ, ਵਿਮਲ ਨਾਥ, ਅਨੰਤ ਨਾਥ, ਧਰਮ ਨਾਥ, ਸ਼ਾਂਤੀ ਨਾਥ, ਕੰਥੂ ਨਾਥ, ਅਰਹ ਨਾਥ, ਮੱਲਿ ਨਾਥ, ਮਨੋਸ੍ਰਰ ਬ੍ਰਤ, ਨੇਮੀ ਨਾਥ, ਨੇਮ ਨਾਥ, ਪਾਰਸ ਨਾਥ, ਵਰਧਮਾਨ, ਮਹਾਂਵੀਰ।

ਨੋਟ–ਕਈ ਨਾਮ ਆਪਸ ਵਿਚ ਦੀ ਮਿਲਦੇ ਹਨ ਜਿਸ ਕਰਕੇ ਗਿਣਤੀ ਘੱਟ ਵਧ ਹੋ ਜਾਂਦੀ ਹੈ।

ਉਕਤ ਵਿਯਕਤੀਆਂ ਦੇ ਹਾਲਾਤ ਪੜ੍ਹਨੇ ਹੋਣ ਤਾਂ ਦਸਮ ਗ੍ਰੰਥ ਦੇ ਭਾਗ 'ਅਵਤਾਰ ਕਥਾ' ਵਿਚੋਂ ਪੜ੍ਹੋ।

ਜੈਨੀ ਹਰ ਜ਼ਾਤ ਨੂੰ ਨਾਲ ਮਿਲੌਂਦੇ ਹਨ, 'ਜੀਵਾਂ ਨੂੰ ਦੁਖ ਨਾ ਦੇਣ' ਦੇ ਸਿਧਾਂਤ ਪਰ ਹਦੋਂ ਵਧ ਜ਼ੋਰ ਦਿੰਦੇ ਹਨ, ਇਸੇ ਕਾਰਨ ਮੁਖ ਪਰ ਪੱਟੀ ਬੰਧਣੀ, ਨੰਗੇ ਪੈਰੀਂ ਫਿਰਨਾ, ਆਪਣਾ ਵਿਸਟਾ ਫੋਲਣਾ, ਇਸ਼ਨਾਨ ਕਰਨੋਂ ਸੰਕੋਚ ਕਰਨੀ, ਜੂਆਂ ਨਾ ਮਾਰਨੀਆਂ, ਪਾਣੀ ਛਾਣ ਕੇ ਪੀਣਾ, ਪਸ਼ੂਆਂ ਦੀ ਸਵਾਰੀ ਨਾ ਕਰਨੀ ਆਦਿ ਵਡੇ ਕਠਨ ਸੰਜਮ ਹਨ। ਜੈਨੀ ਹਿੰਦੂਆਂ ਦੇ ਯੱਗ ਕਰਮਾਂ ਥੀਂ ਵਿਰੁਧ ਹਨ। ਜੈਨੀ ਸਿਧਾਂਤ ਤੋਂ ਬੁਧ ਸਿਧਾਂਤ ਦੀ ਨਿਯਮਾ-ਵਲੀ ਨਿਕਲੀ ਜਾਪਦੀ ਹੈ।

ਜੈਨੀ ਚਾਰ ਭਾਗਾਂ ਵਿਚ ਵੰਡੇ ਗਏ ਹਨ, ਜਿਹਾ ਕਿ 'ਮੁਨੀ, ਤਪਸੀ, ਬਨਵਾਸੀ, ਆਦਿ ਦੂਜੀ ਵੰਡ ਵਿੱਚ ਤਪਸੀਆਰਣਾ ਇਸਤ੍ਰੀਆਂ ਹਨ, ਤੀਜੀ ਵਿਚ ਗ੍ਰਹਿਸਤੀ ਚੌਥੀ ਵਿੱਚ ਸ਼੍ਰਾਵਕ ਔਰ ਸ੍ਰਾਵਕਾਂ। ਰਿਸ਼ਵ ਦੇਵ ਦੇ ਦਸ ਲੜਕੇ ਸਨ ਇਹ ਮੁਨੀ ਬਣੇ, ਦੋ ਲੜਕੀਆਂ ਬ੍ਰਹਮੀ ਤੇ ਸੁੰਦ੍ਰੀ ਤਪਸਣਾ ਸਨ। ਐਸੇ ਹੀ 'ਨੇਮੀ ਨਾਥ' ਅਰ ਉਸ ਦੀ ਅਰਧੰਗੀ 'ਰਾਜਮਤੀ' ਜੋ ਮਹਾਂ ਤਿਆਗਣ ਸੀ, ਇਕਠੇ ਹੀ ਸਾਧੂ ਬਣੇ ਸਨ। ਵਰਧਮਾਨ ਔਰ ਮਹਾਂਬੀਰ ਖਾਸ ਪ੍ਰਸਿੱਧ ਸਨ, ਇਹ ਮਹਾਤਮਾ ਈਸਾ ਤੋਂ ਪੰਜ ਕੁ ਸੌ ਸਾਲ ਪਹਿਲਾਂ ਹੋਏ। ਮਹਾਂਬੀਰ ਬਿਹਾਰ ਦੇ ਰਾਜਾ ਸਿਧਾਰਥ ਦਾ ਪੁਤ੍ਰ ਸੀ। ਇਸ ਨੇ ਲਗਾਤਾਰ ਬਾਰਾਂ ਸਾਲ ਉੱਗ੍ਰ ਤਪ ਕੀਤਾ। ਇਸਨੇ ਤੀਰਥ ਕਾਰਾਂ ਨੂੰ ਹੀ ਸਰਵੱਗਜ ਈਸ੍ਵਰ ਮੰਨਿਆਂ ਹੈ। ਰੱਬ ਦੀ ਹੋਂਦ ਤੋਂ ਮੁਨਕਰ ਸੀ। ਜੋ ਡਰ, ਅਗਿਆਨ, ਨਿੰਦਰਾ, ਅਹਿੰਸਾ, ਰਾਗੁ ਦ੍ਵੈਸ਼, ਕਾਮ ਕ੍ਰੋਧ, ਝੂਠ ਆਦਿ ਅਠਾਰਾਂ ਦੋਸ਼ਾਂ ਤੋਂ ਬਰੀ ਹੋਵੇ ਸੋਈ ਤੀਰਥਾਂਕਾਰ ਹੈ। ਜੈਨ ਸਿਧਾਂਤ ਮੰਨਦਾ ਹੈ ਕਿ ਧਰਤੀ ਅਨੰਤ ਜੀਵਾਂ ਦਾ ਸਮਦਾਉ ਹੈ, ਬਲਕਿ ਪਾਣੀ, ਹਵਾ, ਅਗਨੀ ਆਦਿ ਸਰਬ ਥ੍ਰੀਕ ਜੀਵ ਹਨ। ਪ੍ਰਿਥਵੀ ਅਥਾਹ ਕਜ਼ਾ ਅਨਾਦੀ ਸਿਲਸਿਲਾ ਹੈ। ਜੜ੍ਹ ਚੇਤਨ ਸਾਰੇ ਜੀਵ ਹੀ ਹਨ। ਪੰਜਾਂ ਇੰਦ੍ਰੀਆਂ ਤੋਂ ਇਕ ਇੰਦ੍ਰੇ ਤੀਕ ਗਿਣਿਆ ਹੈ। ਜੁਗਾਂ ਦੀ ਥਾਂ ਉਸਾਰੂ ਕਾਲ, ਉਤਸਰਿਣੀ, ਢਾਹੂ ਅਵਸਰਿਪਣੀ ਕਲਪਦੇ ਹਨ, ਹਮੇਸ਼ਾਂ ਇਹ ਚੋਬੀਸ ਤੀਰਥਾਂਕਾਰ ਨੂੰ ਔਂਦੇ ਜਾਂਦੇ ਮੰਨਦੇ ਹਨ ਜਿਵੇਂ ਕਿ ਹਿੰਦੂ ਅਵਤਾਰ ਹਨ।

ਜੀਵਾਂ ਦੇ ਪੁਨਰ ਜਨਮ ਨਹੀਂ ਮੰਨਦੇ, ਬ੍ਰਹਮ ਚਰਜ ਔਰ ਚੰਗੇ ਕੰਮ ਹੀ ਮੁਕਤੀ ਦਾਤੇ ਮੰਨਦੇ ਹਨ। ਕਿਧਰੇ ਕਰਮਾਂ ਨਾਲ

Digitized by Panjab Digital Library | www.panjabdigilib.org

ਪੁਨਰ ਜਨਮ ਹੋਣਾ ਭੀ ਮੰਨਦੇ ਹਨ। ਪੰਜ ਕਰਮ ਮੁਖ ਮੰਨਦੇ ਹਨ ਅਹਿੰਸਾ, ਸਦਾ ਚਾਰ, ਆਪਣਾ ਹੱਕ ਖਾਣਾ, ਬ੍ਰਹਮ ਚਰਜ, ਮਨ ਨੂੰ ਮੰਦੇ ਕਰਮਾਂ ਤੋਂ ਰੋਕਣਾ, ਦਾਨ ਨਹੀਂ ਲੈਣਾ। ਸਾਧੂਸ੍ਵੇਤੰਬਰ ਦਿਗੰਬਰ ਹਨ। ਸ੍ਵੇਤੰਬਰ ਤਾਂ ਮੂੰਹ ਪਰ ਪੱਟੀ ਔਰ ਹਥਾਂ ਵਿਚ ਝਾੜੂ (ਫੂੰਮਣ) ਰਖਦੇ ਹਨ, ਮੰਗਕੇ ਖਾਣਾ, ਹਥਾਂ ਨਾਲ ਸਿਰ ਮੂੰਹ ਦੇ ਰੋਮ ਪੁਟਣੇ, ਤੀਰਥਾਂਕਾਰਾਂ ਦੀਆਂ ਮੂਰਤੀਆਂ ਸ਼ਿੰਗਾਰ ਕੇ ਪੂਜਦੇ ਹਨ। ਇਸਤ੍ਰੀਆਂ ਨੂੰ ਮੁਕਤੀ ਦਾ ਅਧਿਕਾਰੀ ਨਹੀਂ ਸਮਝਦੇ ਦੂਜੇ ਜੋ ਦਿਗੰਬਰ ਹਨ ਹਥਾਂ ਨਾਲ ਰੋਮ ਪੁਟਣੇ, ਪਾਸ ਕਮੰਡਲ ਰਖਣੇ, ਝਾੜੂ ਭੀ ਪਾਸ ਹੁੰਦਾ ਹੈ, ਹਥਾਂ ਪਰ ਖਾਣਾ, ਇਹ ਖਾਣਾਂ ਖਾਣੇ ਵੇਲੇ ਕਪੜੇ ਉਤਾਰਕੇ ਦੂਰ ਰਖਦੇ ਹਨ। ਖੜੇ ਹੀ ਭਿੱਖਿਆ ਲੈਣੀ ਤੀਰਥ ਮੱਤ ਮੰਨਦੇ ਹਨ, ਵਰਤ ਰਖਣੇ, ਕਪੜੇ ਰੰਗਦਾਰ ਪੌਣੇ, ਇਹ ਬੁਧ ਨੂੰ ਭੀ ਲੀਡਰ ਮੰਨਦੇ ਹਨ, ਦਿਗੰਬਰ ਅਰਹੰਤ ਦੇਵ ਨੂੰ ਗੁਰੂ ਨਹੀਂ ਮੰਨਦੇ। ਸ੍ਵੇਤੰਬਰੀਏ ਬਾਰਾਂ ਸੁਰਗ ਤ੍ਰੇਸਟ ਇੰਦਰ ਦਸਦੇ ਹਨ ਦਿਗੰਬਰ ਸੋਲਾਂ ਸੁਰਗ ਕਲਪਦੇ ਹਨ, ਔਰ ਇਕ ਸੌ ਇੰਦਰ। ਸ੍ਵੇਤੰਬਰ ਤਾਂ ਆਪਣੇ ਧਰਮ ਸ਼ਾਸਤ੍ਰਾਂ ਨੂੰ ਕੇਵਲ ਮਾਨੁਖ ਕ੍ਰਿਤ ਬਾਤਾਂ ਮੰਨਦੇ ਨੇ, ਦਿਗੰਬਰਾਂ ਦੇ ਅਗੇ ਦੋ ਭਾਗ ਹਨ 'ਯਤੀ' ਔਰ 'ਗ੍ਰਹਿਸਤੀ' (ਸ੍ਰਾਵਕ) ਯਤੀ ਪੱਟੀ ਰਖਦੇ ਹਨ ਸ੍ਰਾਵਕ ਮੂੰਹ ਖੁਲ੍ਹੇ ਰਖਣ ਦਾ ਹੁਕਮ ਹੈ।

ਚੁਮਾਸੇ ਵਿੱਚ ਨਿਮਕ ਨਹੀਂ ਖਾਂਦੇ ਸਬਜ਼ੀ ਭਾਜੀ ਤੋਂ ਭੀ ਪ੍ਰਹੇਜ ਹੈ, ਐਸੇ ਭੇਦਾਂ ਕਰਕੇ ਇਹ ਕਈਆਂ ਰੰਗਾਂ ਵਿਚ ਹਨ। ਜੈਨੀਆਂ ਦੇ ਪ੍ਰਸਿੱਧ ਸਤ ਤੀਰਥ 'ਯਥਾ– ਆਬੂ (ਪਹਾੜ ਪਰ) ਅਸਟਾਪਦ, ਗਿਰਨਾਰ, ਚੰਪਾਪੁਰ, ਪਾਵਾ ਪੁਰੀ, ਪਾਲੀਤਾਣਾ, ਸਮੇਦ ਸ਼ਿਖਰ, ਆਦਿ ਇਸ ਥੀਂ ਬਿਨਾ ਰਿਸ਼ਵ ਦੇਵ, ਮਹਾਂਬੀਰ, ਪਾਰਸਨਾਥ ਦੇ ਮੰਦਰ ਕਲਕਤੇ ਤੋਂ ਅਗੇ ਦੋ ਕੁ ਮੀਲਾਂ ਪਰ ਸਨ। ਸੋਨਾ ਗਿਰ ਨਾਮੀ ਮੰਦਰ ਗਵਾਲੀਅਰ ਦੇ ਕਿਲ੍ਹੇ ਅੰਦਰ ਹੈ। ਜੈਨ ਮਤਾਂ ਨੇ ਖੇਤੀ ਬਾੜੀ ਔਰ ਰਾਜ ਕਰਮ ਨੂੰ ਤ੍ਰਿਆਗਣ ਕਰਕੇ ਗੁਲਾਮੀ ਲਿਆਂਦੀ ਮੰਗ ਖਾਣ ਦੀ ਲਹਿਰ ਵਧਾਈ। ਇਹ ਮਤਿ ਕੇਵਲ ਦੀਮਾਗੀ ਫਲਸਫਿਆਂ ਦੇ ਆਸਰੇ ਵਧਿਆ ਫੁਲਿਆ ਵੈਸੇ ਜੈਨ ਧਰਮ ਪਵਿਤ੍ਰਤਾ ਨੂੰ ਮੁਖ ਰਖਦਾ ਹੈ ਔਰ ਬਹੁਤ ਮੇਹਨਤਾਂ ਨਾਲ ਕਾਇਮ ਹੋਇਆ। ਇਸਦੇ ਆਗੂਆਂ ਨੇ ਬਹੁਤ ਸਾਧਨਾ ਕੀਤੀ।

## ਬੋਧ ਔਰ ਜੈਨ ਮਤ ਦਾ ਟਾਕਰਾ

ਬ੍ਰਾਹਮਣਾਂ ਨੇ ਮੁਕਤੀ ਦਾ ਪ੍ਰਚਾਰ ਕੀਤਾ ਔਰ ਬੁੱਧ ਨੇ 'ਨਿਰਬਾਣ' ਪਦਵੀ ਦਾ ਵਡਾ ਫਰਕ ਤਾਂ ਸੀ ਨਹੀ ਸੀ, ਪ੍ਰੰਤੂ ਬੋਧਾਂ ਦੇ ਵਧਣ ਦਾ ਕਾਰਣ ਜਾਤਪਾਤ ਦਾ ਤਜ਼ਾਗ ਜੀਵ ਅਹਿੰਸਾ ਔਰ ਕਠਨ ਤਪ ਸਨ। ਬੋਧੀ ਔਰ ਜੈਨੀ ਵੇਦਾਂ ਨੂੰ ਨਹੀ ਮੰਨਦੇ। ਸੰਸਕ੍ਰਿਤ ਤਜਕੇ ਦੋਹਾਂ ਨੇ ਪ੍ਰਾਕ੍ਰਿਤ ਭਾਸ਼ਾ ਨੂੰ ਅਪਣਾਇਆ। ਜੀਵ ਅਹਿਸਾ ਦੇ ਦੋਵੇਂ ਹਾਮੀ ਹਨ ਬ੍ਰਾਹਮਣਾਂ ਨੇ ਇਸਤ੍ਰੀਆਂ ਨੂੰ ਧਰਮੋਂ ਬਾਹਰ ਰਖਕੇ 'ਸੂਦ ਠਹਿਰਾਇਆ', ਬੋਧ ਜੈਨ ਨੇ ਮਿਲਾ ਲਿਆ, ਇਨ੍ਹਾਂ ਨੇ ਫਿਲਾਸਫੀ ਦੀ ਜਗਾ ਚੰਗੇ ਕਰਮ ਅਪਣਾਏ। ਆਵਾਗੌਣ ਨੂੰ ਮੰਨਦੇ ਹਨ! ਕਈ ਬਾਤਾਂ ਵਿਚ ਜੈਨ ਬੋਧ ਇਕੋ ਹਨ। ਹਿੰਦੂਆਂ ਵਿਚ ਗਊ ਦੀ ਪੂਜਾ ਯਾਂ ਨਾ

Digitized by Panjab Digital Library | www.panjabdigilib.org

ਮਾਰਨਾਂ ਜੈਨ ਬੋਧ ਦੀ ਸਿਖ੍ਯਾ ਹੈ 'ਪਹਿਲੇ ਹਿੰਦੂ ਯਾਂ ਆਰੀਏ' ਸ਼ਰਾਬ, ਮਾਸ ਦੇ ਮੁਸ਼ਤਾਕ ਸਨ।

ਜੈਨੀਆਂ ਬੋਧੀਆਂ ਵਿਚ ਕਈਕੁ ਫਰਕ ਭੀ ਹੈਨ ਜਿਵੇਂ ਕਿ ਬੋਧੀ ਘੋਰ ਤਪਾਂ ਤੋਂ ਉਲਟ ਹਨ, ਜੈਨੀ ਹਾਮੀ ਹਨ। ਇਹ ਭੁਖੇ ਮਰਨਾ ਪੁੰਨ ਸਮਝਦੇ ਹਨ। ਜੈਨ ਜੀਵ ਅਹਿੰਸਾ ਵਿੱਚ ਹਦੋਂ ਵਧ ਗਿਆ ਹੈ। ਗ੍ਰੰਥ ਇਨਾਂ ਦੇ ਅੜੇ ਅੜ ਹਨ ਤੇ ਧਰਮ ਸਥਾਨ ਤੇ ਰੂਤੂ ਵਖਰੇ ਹਨ। ਬੋਧੀ ਰਬ ਦੀ ਹੋਂਦ ਬਾਰੇ ਚੁਪ ਹਨ, ਔਰ ਜੈਨੀ ਇਨਕਾਰੀ ਹਨ, ਜਿਸ ਕਰਕੇ ਇਹ ਆਸਤਕ ਮਤ ਕਹੇ ਜਾਂਦੇ ਹਨ। ਜੈਨ ਮਤ ਹਿੰਦੁਸਤਾਨ ਵਿਚ ਰਿਹਾ, ਪਰੰਤੂ ਬੁੱਧ ਚੀਨ, ਮੰਗੋਲੀਆ, ਤਿੱਬਤ, ਜਾਪਾਨ, ਨੀਪਾਲ, ਬ੍ਰਹਮਾਂ, ਸਿਆਮ, ਹਿੰਦ ਚੀਨੀ ਵਿਚ ਫੈਲਿਆ, ਪੰਜਾਹ ਕਰੋੜ ਦੀ ਤਾਦਾਦ ਵਿਚ ਹੁਣ ਭੀ ਹੈਨ।

ਬੋਧ ਮਤ ਔਰ ਜੈਨ ਮਤ ਭਾਵੇਂ ਨਾਸਤਕ ਸਰੇਣੀ ਵਿਖੇ ਸ਼ੁਮਾਰ ਕੀਤੇ ਜਾਂਦੇ ਹਨ ਪਰ ਹਿੰਦੂਆਂ ਨੇ ਇਨਾਂ ਨੂੰ ਅਪਣਾਇਆ ਹੈ, 'ਗਊ ਬੱਧ' ਨਾ ਕਰਨੇ ਦਾ ਪ੍ਰਚਾਰ ਜੈਨ ਬੋਧ ਦੀ ਸਿਖਿਆ ਦਾ ਹੀ ਅਸਰ ਹੈ। ਵੈਸ਼ਨਵਾਂ ਨੇ ਭੀ 'ਜੀਵ ਅਹਿੰਸਾ' ਸਿਧਾਂਤ ਨੂੰ ਧਾਰਨ ਕੀਤਾ ਹੈ।

## ਤ੍ਵ ਪ੍ਰਸਾਦਿ ਤੋਮਰ ਛੰਦ

ਇਸ ਛੰਦ ਵਿਖੇ ਅਕਾਲ ਪੁਰਖ ਦੀ ਏਅੰਤਤਾ ਦਰਸਾਈ ਹੈ ਕਿ ਸੰਸਾਰ ਵਿਖੇ ਅਨੇਕਾਂ ਵਿਸ਼ਨ, ਕ੍ਰਿਸ਼ਨ, ਈਸਾ, ਮਹੰਮਦ, ਰਾਮ, ਰਹੀਮ ਆਦਿ ਹੋ ਚੁਕੇ ਹਨ। ਪਾਠਕਾਂ ਦੀ ਅਧਿਕ ਵਿਚਾਰ ਹਿਤ ਕਠਨ ਪਦਾਂ ਦੇ ਅਰਥ ਲਿਖੇ ਜਾਂਦੇ ਹਨ-

ਦਸ ਚਾਰ ਚਾਰ=ਚੌਦਾਂ ਵਿਦ੍ਯਾ।

ਅਨਛਿਤ=ਨਾਸ ਰਹਿਤ (ਅਚੱਲ)। ਮਹੰਤ=ਪ੍ਰਧਾਨ। ਭੂਭ੍ਰਿਤ=ਦਾਸ। ਭਾਨ=ਸੂਰਜ। ਨਿਧਾਨ=ਖਜਾਨਾ। ਅਕਲੰਕ=ਨਿਰਮਲ (ਸ਼ੁੱਧ)। ਸ਼ੋਕ=ਗਮੀ। ਬਿਦਾਰ = ਨਾਸ਼ਕ। ਅਵਖੰਡ=ਪੂਰਨ। ਅਨਖੇਦ=ਅਕੱਟ। ਨਿਗਮ = ਵੇਦਾਂਤਿ। ਪ੍ਰਚੰਡ = ਪ੍ਰਤਾਪ (ਤੇਜ਼)। ਅੰਡ=ਗੋਲਾ ਕਾਰ ਅੰਡਾ। ਅਬ੍ਯਕਤ=ਵਿਯਕਤੀ ਰਹਿਤ। ਇੰਦ੍ਰ ਨ੍ਰਿਪਾਰ=ਇੰਦ੍ਰ ਸਮਾਨ ਰਾਜੇ। ਰਸੂਲ=ਮੁਹੰਮਦ ਆਦਿ। ਸਿੰਧ=ਸਮੁੰਦਰ। ਬਿੰਧ = ਬਿੰਧਿਆ ਚਲ। ਨਗਿੰਦ੍ਰ=ਸੁਮੇਰ। ਮਛ ਕਛ=ਮਛੀ ਤੇ ਕਛੂ ਦੇ ਅਵਤਾਰ। ਆਦਿ ਕੁਮਾਰ=ਕੁਆਰੀਆਂ। ਬਾਰ ਬੁਹਾਰ=ਝਾੜੂ ਬਰਦਾਰ। ਭਣੰਤ=ਕਹਿੰਦੇ। ਅਗਨਿ ਹੋਤ੍ਰ=ਹਵਨ। ਉਰਧਤਾਪ=ਪੁਠੇ ਲਟਕ ਕੇ ਤਪ। ਦੁਰੰਤ=ਕਠਨ। ਨਯਾਇ=ਇਨਸਾਫ। ਵਿਪ੍ਰੀਤ = ਵਿਰੁਧ। ਥਿਰੰਤ = ਟਿਕੇ (ਅਚੱਲ)। ਰਾਜ ਰੀਤਿ=ਹਕੂਮਤ। ਅਕਰਮ=ਨਿਸ਼ਕਾਮ। ਸ਼ੇਖ=ਸ਼ੇਸ਼। ਬ੍ਰਹਮ ਸਰੂਪ = ਬ੍ਰਹਮਣ ਸ੍ਵਾਂਗੀ। ਨੀਤਿ ਰਾਜ=ਰਾਜ ਨੀਤੀ। ਬਯਾਸ ਵਤਾਰ=ਵੇਦ ਰਿਸ਼ੀ ਬਯਾਸ। ਨਾਮੁ ਚਰੰਤ=ਨਾਮ ਉਚਰਦੇ। ਫੋਟਕ=ਨਿਸਫਲ। (ਲਘੁ ਨਰਾਜ ਛੰਦ)। ਉਰੇ=ਹਿਰਦੇ ਵਿਚ। ਬਨੇ=ਬਣਾਂ ਵਿਚ। ਗਿਰੇ=ਪਹਾੜੀ। ਗੁਫੇ=ਕੰਦਰਾਂ। ਛਿਤੇ=ਧਰਤੀ ਪਰ। ਨਭੈ=ਅਸਮਾਨ। ਛਿਮੀ ਛਮਾ=ਧਰਤ ਅਸਮਾਨ। ਅਦੇਖ-

Digitized by Panjab Digital Library | www.panjabdigilib.org

ਨਿਰਲੇਪ। ਅਦ੍ਵੈਖ=ਦ੍ਵੈਸ਼ ਰਹਿਤ। ਅਪਾਲ=ਪਾਲਨਾ ਰਹਿਤ। ਸੁਤੇਜ=ਪ੍ਰਕਾਸ਼ਕ। ਅਮਾਤ=ਅਮਿਣਤ। ਅਜੇਯ=ਅਜਿਤ। ਅਭੰਡ=ਇਸਤਰੀ ਰਹਿਤ। ਅਡੰਡ=ਡੰਡ ਰਹਿਤ। ਅਤੇਵ=ਨਿਸਚੇ ਸਰੂਪ। ਅਜੇਵ=ਅਸੇਭ (ਕਿਸੇ ਦਾ ਸਾਨੀ ਨਹੀ)। ਅਛੇਵ=ਪ੍ਰਤੱਖ (ਪ੍ਰਗਟ)। ਭਜੋ=ਭਜਨ ਕਰੋ। ਥਪੋ=ਪੂਜੋ। ਨਦਿਸ=ਨਦੀਆ। ਨਦਸ=ਸਮੁੰਦਰ। ਬ੍ਰਿਛਸ=ਦਰਖਤਾਦਿ। ਛਿਤਸ=ਧਰਤੀ। ਉਟਧਸ=ਅਕਾਸ਼। ਠਟਸ=ਉਚਰਦੇ। ਮਕੀਂ=ਮਕਾਨਾਂ ਵਾਲਾ। ਮਕਾਂ=ਮਕਾਨ (ਸਥੂਲ)। ਅਭੂ=ਧਰਤੀ ਰਹਿਤ। ਅਛੂ=ਨਿਰਲੇਪ। ਬ੍ਰਤਸ=ਵਰਤਮਾਨ। ਗਤਸ=ਮੁਕਤ ਰੂਪ (ਕਲਿਆਣ)। ਮਤਸ=ਸਿਖਿਆ ਰੂਪ। ਤੂਹੀ ਤੂਹੀ=ਹਰ ਸਮੇਂ ਤੂੰ ਹੀ ਤੂੰ ਬ੍ਰਹਮ ਹੀ ਬ੍ਰਹਮ।

## ਕਈ ਦੇਵ ਆਦਿ ਕੁਮਾਰ

ਹਿੰਦੂ ਧਰਮ ਵਿਚ ਦੇਵੀਆਂ ਨੂੰ ਆਦ ਕੁਆਰੀਆਂ ਮੰਨਿਆਂ ਹੈ। ਇਸੇ ਕਰਕੇ ਕੁਆਰੀਆਂ ਲੜਕੀਆਂ ਨੂੰ ਦੇਵੀਆਂ ਕਿਹਾ ਜਾਂਦਾ ਹੈ, ਵੈਸੇ ਪਾਰਬਤੀ, ਲੱਛਮੀ ਆਦਿ ਵੀ ਦੇਵੀਆਂ ਵਿਚ ਸ਼ਾਮਲ ਹਨ।

## ਕਹੂੰ ਅਗਨਿ ਹੋਤ੍ਰ ਅਨੂਪ

ਅਗਨਿ ਹੋਤ੍ਰ ਦੇ ਅਰਥ 'ਅੱਗ ਵਿਚ ਘੀ ਆਦਿ ਸੁਗੰਧੀਆਂ ਨਾਲ ਹਵਨ (ਹੋਮ) ਕਰਨਾ ਹੈ।' ਹੋਤ੍ਰਿ (ਹੋਤ੍ਰੀ) ਹਵਨ ਕਰਨ ਵਾਲੇ ਨੂੰ ਕਹੀਦਾ ਹੈ। ਅਗਨ ਦੀ ਪੂਜਾ ਕਰਨੀ ਯਾ ਹਵਨ ਕਰਨਾ ਵੇਦਾਂ ਵਿਚ ਮੁਖ ਧਰਮ ਮੰਨਿਆਂ ਹੈ। ਜਿਸ ਟੋਏ ਵਿਚ ਅੱਗ ਪਾ ਕੇ ਹਵਨ ਕਰਦੇ ਹਨ, ਉਸ ਨੂੰ ਅਗਨਿ ਕੁੰਡ ਕਹਿੰਦੇ ਹਨ। ਪੁਰਾਣਾਂ ਵਿਚ ਦਸਿਆ ਹੈ ਕਿ ਦੇਵਤਿਆਂ ਦੀ ਜਿਹਵਾ ਅਗਨੀ ਹੈ। ਇਸੇ ਕਰਕੇ ਅੱਗ ਵਿਚ ਹਵਨ ਕਰਨਾ (ਹਿੰਦੂ ਧਰਮ ਅਨੁਸਾਰ) ਦੇਵਤਿਆਂ ਨੂੰ ਪਹੁੰਚਾ ਮੰਨਿਆਂ ਹੈ। ਹਿੰਦੂਆਂ ਦੇ ਯੱਗਾਂ ਵਿਚ ਜੋ ਚੀਜ਼ ਸਭ ਤੋਂ ਪਹਿਲਾਂ ਲਿਆਂਦੀ ਜਾਂਦੀ ਹੈ, ਓਹ ਅਗਨ ਹੈ। ਇਕ ਪੁਰਾਣ ਦਾ ਨਾਉਂ ਵੀ 'ਅਗਨਿ ਪੁਰਾਣ' ਹੈ। ਸੂਰਜ ਮੁਖੀ ਤੇ ਪਾਰਸੀ ਲੋਕ ਸੂਰਜ ਦੀ ਥਾਂ ਅਗਨਿ ਦੀ ਪੂਜਾ ਕਰਦੇ ਹਨ ਅਤੇ ਪਾਰਸੀ ਤਾਂ ਵਿਸ਼ੇਸ਼ ਕਰ ਕੇ ਪੱਕੇ ਅਗਨਿ ਪੂਜਕ ਹਨ। ਇਨ੍ਹਾਂ ਦਾ ਬਜ਼ੁਰਗ ਯਾ ਪੈਗੰਬਰ ਜਰਤਸਤ ਅਗਨ ਪੂਜਾ ਦਾ ਪ੍ਰਚਾਰਕ ਸੀ, ਜਿਸ ਦੀ ਸੰਖੇਪ ਕਥਾ ਅਗੇ ਦਰਜ ਕਰਦੇ ਹਾਂ:—

ਪਾਰਸੀ 'ਫਾਰਸ' ਦੇਸ਼ ਦੇ ਬਾਸ਼ਿੰਦੇ ਹਨ। ਅਜ ਕਲ ਬੰਬਈ, ਕਰਾਚੀ ਆਦਿ ਭੀ ਕਾਫੀ ਹਨ, ਜ਼ਰਤਸਤ (ਜ਼ਰਦਸਤ) ਦੀ ਹੋਂਦ ਨੂੰ ਹਜ਼ਾਰ ਕੁ ਸਾਲ ਹੋਇਆ ਹੈ। ਇਸ ਦਾ ਪਿਓ ਪੁਰਸ਼ਾਸਪ ਔਰ ਮਾਤਾ ਦਾ ਨਾਮ ਦਗਦੋਆ ਸੀ। ਇਸ ਦੀ ਪੈਦਾਇਸ਼ ਇਕ ਦਰਖਤ ਦੇ ਪਤ੍ਰਾਂ ਦੇ ਬਣੇ ਬੀਰਜ ਥੀਂ ਮੰਨੀ ਹੈ, ਇਸੀ ਕਾਰਨ ਪਾਰਸੀ ਦਰਖਤਾਂ ਦੇ ਸੁਕੇ ਪੱਤ੍ਰ ਚਬੋਣੇ ਪਵਿਤ੍ਰ ਦਸਦੇ ਹਨ, ਹਰੇ ਪੱਤ੍ਰ ਖਾਣੇ ਅਪਵਿਤ੍ਰ ਦਸਦੇ ਹਨ। ਮਹਾਤਮਾਂ ਜ਼ਰਤਸਤ ਦੀ ਪੈਦਾਇਸ਼ ਬਾਰੇ ਈਸਾ ਦੀ ਮਾਨਿੰਦ ਕਈ ਕਥਾਵਾਂ ਹਨ ਕਿ ਇਸ ਦੀ ਮਾਤਾ ਦਗਦੋਆਂ ਨੂੰ ਗਰਭ ਦੀ ਹਾਲਤ ਵਿਚ ਪੰਜਵੇਂ ਮਹੀਨੇ ਇਕ ਸੁਪਨਾ ਆਇਆ ਸੀ। ਅਸਮਾਨੀ ਦੇਵਤੇ ਨੇ ਕਿਹਾ ਕਿ ਤੇਰੇ

Digitized by Panjab Digital Library | www.panjabdigilib.org

ਬਚੇ ਦਾ ਰਾਖਾ ਯਜ਼ਦਾਨ (ਦੇਵਤਾ) ਜੋ ਕਿ ਈਸਾਈਆਂ ਦੇ ਗਾਡ ਦੀ ਮਾਨਿੰਦ ਦੇਵਤਾ ਸੀ, (ਈਹੋ ਨਾਮ ਖੁਦਾ ਦੇ ਟਿਕ ਰਏ) ਹੋਵੇਗਾ ਔਰ ਇਹ ਨਬੀ ਹੋਊਗਾ। ਨਜੂਮੀਆਂ ਨੇ ਬਚੇ ਦਾ ਨਾਮ ਜ਼ਰਤਸਤ ਰਖਿਆ ਨਜੂਮੀਆਂ ਨੇ ਕਿਹਾਕਿ ਇਹ ਨਬੀ ਹੋਊਗਾ, ਫਾਰਸ ਦਾ ਬਾਦਸ਼ਾਹ ਜੋ ਸ਼ੈਤਾਨ ਦਾ ਉਪਾਸ਼ਕ ਸੀ ਉਸ ਨੇ ਜ਼ਰਤਸਤ ਨੂੰ ਅਗਨੀ ਵਿਚ ਸਾੜਨ ਲਈ ਸੁਟਵਾ ਦਿਤਾਂ, ਅਗਨੀ ਸ਼ਾਂਤ ਹੋ ਗਈ। ਇਸੀ ਕਾਰਨ ਪਾਰਸੀ ਲੋਕ ਅਗਨੀ ਦੀ ਪੂਜਾ ਦਾ ਮਹਾਤਮ ਮੰਨਦੇ ਹਨ। ਪ੍ਰਹਿਲਾਦ ਦੀ ਤਰਾਂ ਜ਼ਰਤਸਤ ਨੂੰ ਬਹੁਤ ਸੇ ਯਤਨ ਮਾਰਨ ਦੇ ਕੀਤੇ, ਪਰ ਓਹ ਨਾ ਹੀ ਮਾਰਿਆ ਗਿਆ।

ਆਖਰ ਉਥੋ ਦਾ ਬਾਦਸ਼ਾਹ ਗਸਤਾਸ਼ਪ ਜ਼ਰਤਸਤ ਦਾ ਮੁਰੀਦ ਹੋਗਿਆ, ਪਰ ਇਸ ਨੂੰ ਤੀਸ ਸਾਲਾਂ ਦੀ ਉਮਰ ਵਿਚ ਗਜ਼ਾਨ ਹੋਇਆ ਸੀ ਕਿ ਮੈਂ ਨਬੀ ਹਾਂ। ਇਸਦੀਆਂ ਕਰਾਮਾਤਾਂ ਭੀ ਕਾਫੀ ਲਿਖੀਆਂ ਹਨ ਕਿ ਈਰਾਨ ਨੂੰ ਔਣ ਵੇਲੇ ਇਸ ਦੀ ਪ੍ਰਾਰਥਨਾ ਪਰ ਦਰਿਆਇ ਸੁਕ ਗਿਆ ਤਾਂ ਪਾਰ ਨਿਕਲੇ ਆਦਿ ਆਦਿ। ਫਰਿਸ਼ਤਿਆਂ ਦੇ ਸਰਦਾਰ 'ਬਹਮਨ' ਨੇ ਪੁਛਿਆ ਕਿ ਤੈਨੂੰ ਕਿਸ ਚੀਜ ਦੀ ਲੋੜ ਹੈ ਅਗੋਂ ਜ਼ਰਤਸਤ ਨੇ ਕਿਹਾ ਕਿ ਜੋ ਯਜ਼ਦਾਨ (ਦੇਵਤਾ) ਕਰੇਗਾ ਠੀਕ ਹੈ। ਓਹ ਫਰਿਸ਼ਤਾ ਇਸ ਨੂੰ ਯਜ਼ਦਾਨ (ਉਸ ਵੇਲੇ ਦਾ ਖੁਦਾ ਯਾਂ ਦੇਵਤਾ) ਪਾਸ ਲੈ ਗਿਆ, ਯਜ਼ਦਾਨ ਨੇ ਉਸ ਨੂੰ ਨਬੀ ਥਾਪ ਦਿਤਾ, ਉਸ ਵੇਲੇ ਜ਼ਰਤਸਤ ਨੂੰ ਨਿਸਚਾ ਹੋ ਗਿਆ ਕਿ ਮੈਂ ਨਬੀ ਹਾਂ। ਉਸਦੇ ਵਿਰੋਧੀਆਂ ਨੇ ਮੁਖਾਲਫਿਤ ਕੀਤੀ, ਇਹ ਨੱਠਕੇ ਈਰਾਨ ਵਿਚ ਜਾ ਰਿਹਾ ਪਰ ਉਥੋਂ ਦੇ ਬਾਦਸ਼ਾਹ ਗਸ਼ਤਾਸ਼ਪ ਨੇ ਉਸਦਾ ਮਤ ਸਿਧਾਂਤ ਸੁਣਕੇ ਜ਼ਰਤਸਤ ਨੂੰ ਕੈਦ ਕਰ ਦਿਤਾ, ਸੱਤ ਸਾਲ ਕੈਦ ਵਿਚ ਰਖਿਆ। ਮਤ ਸਿਧਾਂਤ ਛਡੌਣ ਵਾਸਤੇ ਤਸੀਹੇ ਭੀ ਦਿਤੇ ਪਰ ਇਹ ਪੱਕਾ ਰਿਹਾ। ਚੂੰਕਿ ਬਾਦਸ਼ਾਹ ਦਾ ਮਤਿ ਅਹਿਰਰਾਨ (ਸ਼ੈਤਾਨ) ਦਾ ਸੀ, ਇਸ ਲਈ ਉਸ ਨੇ ਦੇਸ਼ ਭਰ ਵਿਚੋਂ ਪ੍ਰਸਿਧ ਪ੍ਰਚਾਰਕ ਮੰਗਵਾਕੇ ਜ਼ਰਤਸਤ ਨਾਲ ਚਰਚਾ ਕਰਵਾਈ ਜਿਸ ਵਿੱਚ ਜ਼ਰਤਸਤ ਜਿੱਤ ਗਿਆ।

ਜਿਸ ਪਰ ਬਾਦਸ਼ਾਹ ਔਰ ਹੋਰ ਕਾਫੀ ਵਿਦਵਾਨਾ ਨੇ ਜ਼ਰਤਸਤ ਦੇ ਮੱਤ ਨੂੰ ਧਾਰਨ ਕਰ ਲਿਤਾ, ਈਰਾਨ ਵਿਚ ਕਾਫੀ ਪ੍ਰਚਾਰ ਹੋ ਗਿਆ ਤੇ ਜ਼ਰਤਸਤ ਨੂੰ ਨਬੀ ਮੰਨ ਲਿਆ। ਜ਼ਰਤਸਤ ਨੇ 'ਬੰਦ' ਨਾਮ ਪੋਥੀ ਲਿਖਕੇ ਬਾਦਸ਼ਾਹ ਦੇ ਪੇਸ਼ ਕੀਤੀ ਨਿਸਚੇ ਕਰਾਇਆ ਕਿ ਇਹ ਰੱਬ ਦਾ ਹੁਕਮ ਹੈ। ਭਾਵ ਇਹ ਪੋਥੀ ਖੁਦਾ ਵਲੋਂ ਮੇਰੇ ਪਾਸ ਏਸੇ ਤਰਾਂ ਆਈ ਹੈ। ਬਾਦਸ਼ਾਹ ਨੇ ਇਕਲਖਤ ਬਾਰਾਂ ਹਜ਼ਾਰ ਕਾਪੀ ਕਰਾਕੇ 'ਬੰਦ' ਨਾਮਕ ਗ੍ਰੰਥ ਦੀ ਤਕਸੀਮ ਕੀਤੀ। ਬਾਦਸ਼ਾਹ ਗਸ਼ਤਾਸ਼ਪ ਦੇ ਪੁੱਤ੍ਰ 'ਅਸਟੰਯਾਰ' ਨੇ ਵਿਚਾਰਕੇ ਇਸ ਮਤ ਦਾ ਕਾਫੀ ਪ੍ਰਚਾਰ ਕੀਤਾ। ਈਰਾਨ ਦੀ ਉਸ ਵੇਲੇ ਵਡੀ ਤਾਕਤ ਸੀ, ਜਿਸ ਕਾਰਨ ਇਹ ਮਤ ਜ਼ੋਰ ਫੜ ਗਿਆ। ਲੋਕਾਂ ਨੂੰ ਦਸਿਆ ਗਿਆ ਕਿ ਸੂਰਜ ਰੱਬ ਦਾ ਨੂਰ ਹੈ ਔਰ ਅਗਨੀ ਸੂਰਜ ਦੀ ਸੰਸਾਰ ਪਰ ਪ੍ਰਤੀਨਿਧ ਹੈ। ਸੂਰਜ ਨੂੰ ਨਾਰਾਇਣ ਦਾ ਜਾ ਨਸ਼ੀਨ ਅਥਵਾ ਧਰਮ ਰਾਜਾ ਦਾ ਪੁਤ੍ਰ ਮੰਨਣੇ ਵਾਲੇ ਹਿੰਦਸਤਾਨ ਵਿਚ ਭੀ ਕਾਫੀ ਲੋਕ ਸਨ। ਪਾਰਸੀ ਲੋਕ ਪੱਕੇ ਆਤਸ਼ਪ੍ਰਸਤ ਬਣ ਗਏ। ਤਾਤਾਰੀਆਂ

Digitized by Panjab Digital Library | www.panjabdigilib.org

ਨੇ ਇਸ ਮਤ ਦੀ ਸਖਤ ਵਿਰੋਧਤਾ ਕੀਤੀ ਇਸੇ ਕਾਰਨ ਈਰਾਨੀਆਂ ਨਾਲ ਭਿਆਨਕ ਜੰਗ ਹੋਈ । ਤਾਤਾਰ ਦਾ ਬਾਦਸ਼ਾਹ 'ਅਰਜਾਸਪ' ਈਰਾਨ ਅਗੇ ਹਾਰ ਗਿਆ, ਉਸ ਵੇਲੇ ਇਕ 'ਸਫਰੰਗੇਨਾ' ਨਾਮ ਦੀ ਕਤਾਬ ਈਰਾਨੀਆਂ ਨੇ ਰਚੀ ਜਿਸ ਵਿਚ ਕਿ ਜ਼ਰਤਸਤ ਦੇ ਖਿਆਲ ਗੁੰਥਨ ਹਨ, ਜ਼ਰਤਸਤ (ਜ਼ਰਦਸਤ) ਨੂੰ ਇਕ ਮੰਦਰ ਵਿਚ ਇਕ ਤਾਤਾਰੀ ਸਿਪਾਹੀ ਨੇ ਕਤਲ ਕਰ ਦਿਤਾ ਸੀ, ਉਸ ਵੇਲੇ ਓਹ ਸੱਤਰ ਸਾਲਾਂ ਦਾ ਸੀ। ਇਸ ਦੀ ਯਾਦ ਵਿਚ ਰੂਸ ਦੇ 'ਲੂਕ' ਨਾਮਕ ਜ਼ਿਲੇ ਵਿਚ ਮੰਦਰ ਭੀ ਬਣਿਆਂ । ਈਰਾਨ ਦੇ ਬਾਦਸ਼ਾਹ ਸਿਕੰਦਰ (ਸਿਕੰਦਰ ਆਜ਼ਮ) ਦਾ ਮਤ ਭੀ ਪਾਰਸੀ ਸੀ, (ਅਗਨੀ ਪੂਜਾ ਸਿਧਾਂਤ) ਆਖਰ ਅਰਬੀਆਂ ਨੇ ਈਰਾਨ ਨੂੰ ਫਤਹ ਕਰ ਲੀਤਾ ਸੀ, ਜਿਸ ਕਾਰਨ ਪਾਰਸੀ ਮਤਿ ਨੂੰ ਸਖਤ ਨੁਕਸਾਨ ਪਹੁੰਚਿਆ, ਕਿਤਨੇ ਪਾਰਸੀ ਲੋਕ ਅਰਬੀਆਂ ਤੋਂ ਡਰਦੇ ਹੋਏ ਏਸ਼ੀਆ ਦੇ ਕਈਕੁ ਹਿਸਿਆਂ ਵਿਚ ਜਾ ਆਬਾਦ ਹੋਏ । ਕਈਆਂ ਨੇ ਜ਼ਰਤਸਤ ਨੂੰ 'ਜੋਰਾਸਟ੍ਰਸ ਪਿਟਾਮਾਂ' ਨਾਮ ਸੇ ਲਿਖਿਆ ਹੈ। ਐਸੇ ਨਾਮ ਦੇਸਾ ਚਾਲ ਕਰਕੇ ਸੀ। ਵੈਸੇ ਇਹ ਤੈਹਰਾਤ ਵਿਚ ਜਨਮਿਆਂ, ਇਸ ਦੇ ਪਿਤਾ ਦਾ ਨਾਮ ਭੀ ਕਈਆਂ ਨੇ ਪੇਰਮ'ਬਲਖ' ਵਾਲਾ ਲਿਖਿਆ ਹੈ। ਇਸ ਦੀ ਹੋਂਦ ਕਈ ਵਿਦਵਾਨਾ ਨੇ ਈਸਾ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਦੀ ਮੰਨੀ ਹੈ। ਕਿਸੇ ਨੇ ਸਾਢੇ ਕੁ ਪੰਜ ਸੌ ਸਾਲੀਂ।

ਜ਼ਰਤਸਤ ਦਾ ਸਿਧਾਂਤ ਹਿੰਦ ਦੇ ਮਤਾਂ ਨਾਲੇ ਰਲਦਾ ਸੀ । ਕਿਉਂਕਿ ਇਹ ਭੀ ਅਗਨੀ ਪੂਜ ਸਨ, ਇਸ ਦੀ ਰਚਨਾ ਬੰਦ (ਜ਼ੰਦ-ਬੰਦ) ਵਿਚ ਵੇਦਾਂ ਦਾ ਜ਼ਿਕਰ ਭੀ ਹੈ । ਈਰਾਨ ਦਾ ਪਹਿਲਾ ਬਾਦਸ਼ਾਹ 'ਕੈਖਸਰੋ' ਇਸ ਮਤ ਦਾ ਪੱਕਾ ਵਿਰੋਧੀ ਰਿਹਾ, ਉਸਦੇ ਜਾਂ ਨਸ਼ੀਨ 'ਗੁਸ-ਤਸ਼ਪ' ਨੇ ਪਾਰਸੀ ਮਤ ਦਾ ਪ੍ਰਚਾਰ ਕੀਤਾ।

ਇਸ ਦੇ ਆਪਣੇ ਪੁਤ੍ਰ ਅਸਫੰਦਿਆਰ (ਜਗਤ ਪ੍ਰਸਿਧ ਪਹਿਲਵਾਨ) ਨੇ ਯੂਨਾਨ ਤੋਂ ਲੈਕੇ ਕਾਬਲ ਤੀਕਰ 'ਪਾਰਸੀ ਮਤ' ਫੈਲਾਇਆ, ਅਰਬੀ ਔਰ ਤੁਰਕੀ ਉਸ ਵੇਲੇ ਈਰਾਨ ਦਾ ਸਿੱਕਾ ਮੰਨਦੇ ਸਨ। ਪਾਰਸੀ ਅਗਨੀ ਪੂਜ ਹੋਣ ਕਰਕੇ ਹੁੱਕਾ ਚੁਰਟ ਆਦਿ ਨਹੀਂ ਪੀਂਦੇ, ਤਾਂਕਿ ਅਗਨੀ ਦੀ ਬੇਅਦਬੀ ਨਾ ਹੋਵੇ । ਇਸੇ ਕਾਰਨ ਮੁਰਦਿਆਂ ਨੂੰ ਭੀ ਨਹੀਂ ਸਾੜਦੇ ਕਈ ਏਨ੍ਹਾਂ ਦਾ ਨਿਕਾਸ 'ਖੁਰਾਸਾਨ' ਤੋਂ ਮੰਨਦੇ ਹਨ। ਬੰਬਈ ਵਿਚ ਪਾਰਸੀਆਂ ਦੀ ਆਮਦ ੧੭੩੫ ਈ: ਵਿਚ ਦੱਸੀ ਗਈ ਹੈ। ਇਹ ਲੋਕ ਤਕੜੇ ਬਪਾਰੀ ਹਨ।

ਜ਼ਰਤਸਤ ਬੀਸ ਸਾਲਾਂ ਦਾ ਹੋ ਕੇ ਘਰੋਂ ਨਿਕਲਿਆ ਸੀ, ਉਸ ਦੇ ਸਿਧਾਂਤਾਂ ਦਾ ਜ਼ਿਆਦਾ ਮੁਕਾਬਲਾ 'ਮਾਜ਼ੀ' ਨਾਮ ਦੇ ਪ੍ਰੋਹਤਾਂ (ਪੋਪਾਂ) ਨਾਲ ਹੋਇਆ। 'ਕੈਖਸਰੋ' ਮਾਜੀਆਂ ਦਾ ਉਪਾਸ਼ਕ ਸੀ। ਜ਼ਰਤਸਤ ਨੇ ਉਪਨਿਸ਼ਟਾਂ ਦੇ ਖਿਆਲ ਭੀ ਪ੍ਰਚੁਰ ਕੀਤੇਂ, ਪਰ ਦੇਵੀ ਪੂਜਾ ਔਰ "ਸੋਮ ਰਸ" (ਸ਼ਰਾਬ) ਪੀਣ ਥੀਂ ਉਲਟ ਸੀ । ਆਰਦ ਸੀਤ ਮਹਾਤਮਾਂ ਭੀ ਉਸ ਸਮੇਂ ਦਾ ਆਗੂ ਸੀ। ਈਰਾਨ ਵਿਚ ਸਿਕੰਦਰ, ਨੌਸੀਰਵਾਂ, ਬਹਿਰਾਮ ਆਦਿ ਪ੍ਰਸਿਧ ਬਾਦਸ਼ਾਹ ਹੋਏ ਹਨ, ਜੋ ਸਾਰੇ ਪਾਰਸੀ ਸਨ। ਪਾਰਸੀ ਲੋਕ ਗਊ ਦੀ ਪੂਜਾ ਕਰਦੇ ਆਏ ਹਨ, ਪਰ ਮੂਰਤੀ

Digitized by Panjab Digital Library | www.panjabdigilib.org

ਨਹੀਂ ਪੂਜਦੇ। ਜੀਵ ਅਹਿੰਸਾ, ਇਸ਼ਨਾਨ ਸੰਧਿਆ ਆਦਿ ਦੇ ਤ੍ਰੀਕੇ ਵੈਸ਼ਨਵਾਂ ਨਾਲ ਰਲਦੇ ਹਨ। ਉੱਨ ਦਾ ਇਕ ਲੰਬਾ ਜੰਞੂ ਲੱਕ (ਕਮਰ) ਨਾਲ ਬੰਧਦੇ ਹਨ ਇਸਨੂੰ 'ਕਸ਼ਤੀ' ਕਹਿੰਦੇ ਹਨ।

ਮੁਰਦੇ ਖੂਹਾਂ ਵਿਚ ਸੁਟਦੇ ਹਨ ਜਾਂ ਜਾਨਵਰਾਂ ਅਗੇ ਪੌਂਦੇ ਹਨ, ਬੱਚਤ ਹਡੀਆਂ ਪਾਣੀ ਵਿਚ ਜਾ ਗਿਰੌਂਦੇ ਹਨ। ਸ੍ਵਰਗ ਨੂੰ 'ਸਦ' ਔਰ ਨਰਕ ਨੂੰ 'ਅਸਦ' ਆਖਦੇ ਹਨ। ਪ੍ਰਧਾਨ ਦੇਵਤਾ 'ਮਿਥ' ਹੈ, ਸ਼ਾਦੀਆਂ ਹਿੰਦੂਆਂ ਮੁਸਲਮਾਨਾਂ ਦੋਹਾਂ ਨਾਲ ਕਰਦੇ ਹਨ। ਈਰਾਨੀ ਔਰ ਆਰੀਯਨ ਇਕੋ ਨਸਲ ਦੇ ਮਾਨੁਖ ਹਨ। ਫਾਰਸ ਈਰਾਨ, ਯੂਨਾਨ ਆਦਿ ਵਿਚ ਇਨਾਂ ਦਾ ਕੋਈ ਰਾਜ ਨਾ ਹੋਣ ਕਰਕੇ ਇਹ ਮਤਿ ਹੁਣ ਬਹੁਤ ਉਘਾ ਨਹੀਂ ਰਿਹਾ। ਪੁਰਾਣਾ ਇਤਿਹਾਸ ਗਵਾਹ ਹੈ ਕਿ ਜਿਸ ਦਾ ਰਾਜ ਹੋਵੇ ਉਸੀ ਦਾ ਮਤਿ ਸਿਧਾਂਤ ਤ੍ਰੱਕੀ ਕਰਦਾ ਰਿਹਾ ਹੈ।

## ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ ॥੧॥੭੧॥

ਉਕਤ ਤ੍ਵ ਪ੍ਰਸਾਦਿ ਕਬਿਤਾਂ ਵਿਖੇ ਪ੍ਰੇਮਾ ਭਗਤੀ ਹੀਣੇ ਪਾਖੰਡੀਆਂ ਦਾ ਖੰਡਣ ਹੈ। ਮਲ ਧਾਰੀ ਤੋਂ ਭਾਵ 'ਵਿਸਟਾ ਮੂਤ੍ਰ' ਖਾਣੇ ਪੀਣੇ ਵਾਲੇ ਅਘੋਰੀ ਹਨ ਜੋ ਸੂਰਾਂ ਭੇਡਾਂ ਨਾਲੋਂ ਭੀ ਵਧ ਗੰਦੀ ਕ੍ਰਿਆ ਰਖਦੇ ਹਨ। ਇਹ ਉਨਮਤ ਭੈਰਵ ਮਤ ਦੀਆਂ ਸ਼ਾਖਾਂ ਹਨ, ਇਨਾਂ ਵਿਚ 'ਸਟਬੰਗੀ' ਲੋਕ ਹਨ ਜਿਨਾਂ ਦਾ ਗੁਰੂ ਇਕ ਬ੍ਰਾਹਮਣ ਸੀ, ਉਨਾਂ ਵਲ ਇਥੇ ਇਸ਼ਾਰਾ ਹੈ ਇਹ ਅਘੋਰੀਆਂ ਦੀ ਤਰਾਂ ਮੁਰਦਾਰ ਦੀ ਖੋਪਰੀ ਵਿਚ ਪਿਸ਼ਾਬ ਵਿਸਟਾ ਘੋਲਕੇ ਪੀ ਜਾਂਦੇ ਹਨ, ਮੂੰਹ ਵਿਚੋਂ ਉਕਾਰੀ ਕਰਕੇ ਫਿਰ ਫਿਰ ਪੀਂਦੇ ਹਨ। ਇਹ ਲੋਕ ਗੰਗਾ ਜਮਨਾ ਦੇ ਵਿਚਕਾਰ ਮਿਲਦੇ ਹਨ। ਉਨ ਮਤ ਭੈਰਵ ਇਸਤ੍ਰੀਆਂ ਦੀ ਰਜ ਪਿਸ਼ਾਬ ਤਕ ਪੀਂਦੇ ਹਨ, ਔਰ ਵੀਰਜ ਸਿਰ ਮੂੰਹ ਪਰ ਮਲਦੇ ਹਨ। ਚੋਲੀ ਪੰਥ, ਦੂਹੜ ਪੰਥ ਇਕਰ ਦੇ ਕਈ ਫਿਰਕੇ ਹਨ।

ਨੋਟ–ਸ਼ੰਕਰ ਸ੍ਵਾਮੀ ਤੋਂ ਪਹਿਲਾਂ ਹਿੰਦੁਸਤਾਨ ਵਿਚ ਇਕ 'ਕ੍ਰਿਕਚ' ਨਾਮੀ ਪੁਰਸ਼ ਨੇ ਉਨ ਮਤ ਭੈਰਵ ਨਾਮ ਦਾ ਮਤ ਚਲਾਇਆ ਸੀ, ਇਹ ਮਾਨੁਖ ਦਾ ਸਿਰ ਕੱਟ ਕੇ ਭੈਰਵ ਨੂੰ ਚਾੜ੍ਹਦੇ ਹਨ, ਖੋਪਰੀ ਵਿਚ ਸ਼ਰਾਬ ਪੀਣੀ, ਪਰ ਇਸਤ੍ਰੀ ਗਮਨ ਕਰਨਾ ਆਦਿ ਬਹੁਤ ਗੰਦੇ ਨੇਮ ਹਨ, ਇਸੀ ਦੇ ਨਾਲ ਦੇ 'ਔਘੜ' ਹਨ ਕੁਤਿਆਂ ਨਾਲ ਖਾਂਦੇ ਪੀਂਦੇ ਹਨ। ਇਕ ਸ਼ਾਖ 'ਅਘੋਰੀ' ਹੈ ਜੋ ਕਿ ਮੁਰਦੇ ਮਾਨੁਖਾਂ ਦਾ ਮਾਸ ਖਾ ਜਾਂਦੇ ਹਨ। ਮਲ ਮੂਤ੍ਰ ਪੀਣੀ ਸਾਧਾਰਨ ਬਾਤਾਂ ਹੈਨ। ਭੂਤਾਂ ਪ੍ਰੇਤਾਂ ਨੂੰ ਮੰਨਦੇ ਹਨ। ਗ੍ਰੰਥ ਪ੍ਰਬੋਧ ਚੰਦ੍ਰ ਨਾਟਕ ਵਿਖੇ ਇਨਾਂ ਦੇ ਪ੍ਰਸੰਗ ਔਂਦੇ ਹਨ। ਮੰਤ੍ਰ ਸਿਧੀ ਪਰ ਜ਼ੋਰ ਦਿੰਦੇ ਹਨ ਅਘੋਰੀਆ ਕਿਨਾ ਰਾਮੀਏਂ ਭੀ ਅਖੌਂਦੇ ਹਨ। ਕਿਨਾ ਰਾਮ ਦਾ ਜਨਮ ੧੬੮੪ ਬਿ: ਦਾ ਗੰਗਾ ਦੇ ਕਿਨਾਰੇ ਨਗਰ ਰਾਮ ਗੜ੍ਹ ਹੋਇਆ। ਇਸ ਦਾ ਦੇਹਾਂਤ ੧੮੨੬ ਬਿ: ਦਾ ਹੈ ਇਕ ਸੌ ਬਿਆਲੀ ਸਾਲਾਂ ਦੀ ਉਮਰ ਭੋਗੀ। ਅਘੋਰੀਆਂ ਦੇ ਗ੍ਰੰਥਾਂ ਦਾ ਨਾਮ ਰਾਮ ਸਾਲਾ, ਰਾਮ ਗੀਤਾ, ਰਾਮ ਮੰਗਲ, ਰਾਮ ਚਪੇਟਾ ਆਦਿ ਹਨ 'ਵਿਵੇਕਸਾਰ' ਖਾਸ ਪ੍ਰਸਿਧ ਹੈ।

Digitized by Panjab Digital Library | www.panjabdigilib.org

## ਕਠਨ ਪਦਾਂ ਦੇ ਅਰਥ

ਖੂਕਮਲਹਾਰੀ=ਵਿਸ਼ਟਾ ਖਾਣਾ ਸੂਰ। ਗਜ=ਹਾਥੀ। ਗਿਦੂਆ=ਗਿੱਦੜ। ਮਸਾਨ=ਮੜ੍ਹੀਆਂ। ਘੁਘੂ=ਉੱਲੂ। ਤਰਵਰ=ਦਰਖਤ। ਹੀਜ=ਹੀਜੜਾ। (ਨਿਪੁੰਸਕ)। ਅੰਗਨਾ=ਇਸਤ੍ਰੀ। ਛੀਨ=ਲੁਟੇ (ਨੀਚ) ॥੧॥ ਬਨਚਾਰੀ=ਜੰਗਲੀ। ਛਿਤ ਛੌਨਾ=ਧਰਤੀ ਦੇ ਬੱਚੇ। ਬ੍ਰਿਖ ਭੈਯਾ=ਬੈਲਾਂ ਦੇ ਭਾਈ (ਬੈਲ)। ਬਿਲਾੜ=ਬਿੱਲਾ। ਬ੍ਰਿਕ=ਬਘਿਆੜ। ਆਨੀਅਤ=ਲਿਔਣੇ ॥੨॥ ਭੂਚਰੀ=ਸੂਸਨੀ(ਘਾਸ)। ਚਿਰੈਯਾ=ਚਿੜੀਆਂ (ਪੰਖੀ)। ਆਤਿਸ਼=ਅਗਨੀ। ਗੰਗੇਰੀ=ਜਲਜੁਲਾਹਾ। ੩॥ ਕਵੀ=ਕਮੀਆ। ਨਰਾਯਣ=ਜਲਵਾਸੀ। ਤਿੰਦੂਆ=ਪਾਣੀ ਦਾ ਜਾਨਵਰ। ਕਉਲਨਾਭ=ਕੌਲ ਫੁਲ (ਨਾਪੇ)। ਗੋਪੀਨਾਥ=ਗਵਾਲਿਆਂ ਦਾ ਪਾਲਕ। ਧੇਨੁਚਾਰੀ=ਗੁਵਾਲੇ। ਰਿਖੀਕੇਸ਼=ਸਰੋਮਣੀ ਰਿਸ਼ੀ। ਮਾਧਵ=(ਮਾਇਆ ਪਤੀ) ਭੌਰ। ਅਟੇਰੂ=ਭੌਰਾ। ਕਨ੍ਹੈਯਾ=ਕਾਨ੍ਹ (ਕ੍ਰਿਸ਼ਨ)। ਰੂੜ੍ਹ=ਬੇ ਅਕਲ ॥ ੪ ॥ ਵਿਸ੍ਵਪਾਲ=ਸ੍ਰਿਸਟੀ ਪਾਲਕ। ਬੈਰੀਸਾਲ=ਦੁਸ਼ਟਾਂ ਨੂੰ ਦੰਡ ਦੇਣ ਵਾਲਾ। ਪਾਵਕ=ਅਗਨ। ਅਧੋਮੁਖ=ਪੁਠੇ ਪੈਣਾ। ਮਾਨਵ=ਮਾਨੁਖ ॥੫॥ ਦਾਮਨੀ=ਬਿਜਲੀ। ਭਾਉ=ਚਮਤਕਾਰ। ਸਨਤ ਕੁਮਾਰ=ਬ੍ਰਹਮਾਂ ਦੇ ਪੁਤ੍ਰ। ੬॥ ਮੋਨਦੀ=ਮੋਨੀ। ਅਸੁਨੀ ਕੁਮਾਰ=ਘੋੜੇ ਤੋਂ ਜੰਮੇ ਦੇਵ। ਪਿਕਾਂਬਰ=ਪੈਗੰਬਰ ॥੭॥ ਬ੍ਰਹਮਚਾਰੀ=ਜਤੀ (ਬਿੰਦ ਰੋਕੂ)। ਛਤ੍ਰਧਾਰੀ=ਰਾਜੇ। ਦ੍ਰਪ=ਹੰਕਾਰ। ਦਾਰਾ=ਦਾਰਾ ਸ਼ਿਕੋਹ ਜੈਸੇ ॥ ੮ ॥ ਅਸਟਾਂਗ=ਅਠਾਂ ਅੰਗਾਂ ਦੀ ਡੰਡੌਤ। ਅਤਿਥੀਤ=ਅਤਿਥੀਆਂ ਦਾ ਸ੍ਵਾਮੀ। ਨਿਹੁਰਾਯੋ=ਨਿਵਾਇਆ ॥੯॥ ਸ਼ੋਕ=ਅਫਸੋਸ। ਬੋਕ=ਬਕਰਾ ॥੧੦॥ ਦਾਦੁਰ=ਡੱਡੂ। ਸ਼ੋਰ=ਰੌਲਾ। ਘਨ=ਬੱਦਲ। ਸ੍ਰਾਵਗ=ਜੈਨੀ (ਬੋਧੀ)। ਚੀਲ=ਇੱਲਾਂ ਆਦਿ। ਦੀਨ=ਕੰਗਾਲ ॥੧੧॥ ਤਾਰੀ=ਸਮਾਧੀ। ਖੁਮਾਰੀ=ਮਸਤੀ। ਬਾਰੀ=ਛਲਦਾ ਬਾਜੀ ॥੧੨॥ ਸੀਤ-ਕਾਲ=ਸਵੇਰੇ (ਸਿਆਲੇ)। ਕੁੰਚਰ=ਹਾਥੀ। ਕਲਵਤ=ਕਰਵੱਤ੍ਰ। ਕੁਠਾਰਨ=ਕੁਹਾੜੇ ਨਾਲ ॥ ੧੩ ॥ ਅਤਾਪਨਾਥ=ਸ਼ਾਂਤ ਰੂਪ (ਕਰਤਾਰ)। ਪੂਦਨਾ=ਪਿੱਦਾ ਜਨੌਰ। ਅਨਿਲ=ਅਸਮਾਨੀ ਪੰਛੀ। ਭੁਜੰਗ=ਸਰਪ ॥੧੪॥ ਅਨਮਾਨਬੋ=ਸਮਝ ਲਵੇ। ਰਾਫਜ਼ੀ=ਇਸਲਾਮ ਵਿਚ ਰਾਫਜੀ ਅਰ ਇਮਾਮਸਾਫੀ ਫਿਰਕੇ ਹੈਨ। ਰਾਜ਼ਕ=ਰੋਜੀ ਦਾਤਾ ।੧੫॥ ਪ੍ਰਭਾਊ=ਦਿਖਾਵਾ। ਅਦੇਵ=ਰਾਖਸ਼। ਖਾਕਬਾਦ=ਪੰਜੇ ਤੱਤ ਦਾ ਮੇਲ। ਕਨੂਕਾ=ਲਾਟਾਂ (ਚਿਣਗਾਂ) ਕਿਣਕੇ। ਨਦ=ਸਮੁੰਦ੍ਰ। ਭੂਤ ਅਭੂਤ=ਵਡੇ ਛੋਟੇ ਜੀਵ ।।੧੭॥ ਅਛਵੱਛ=ਅੰਡੇ ਤੇ ਬੱਚੇ। ਪ੍ਰਤੱਛ=ਪ੍ਰਤੱਖ।੧੮॥ ਸੂਆ=ਸੂਲੀ (ਫਾਂਸੀ)। ਗੈਨ=ਅਸਮਾਨ। ਜਕ ਜਰੇ=ਹਠ ਵਿਚ ਸੜਦੇ॥੧੯॥ ਸੋਧ=ਪਵਿੱਤ੍ਰਤਾ। ਦਾਨੋ=ਦੈਂਤ। ਬੋਧਕ=ਬੋਧੀ। ਪ੍ਰਬੋਧ=ਉਪਦੇਸ਼ ਕਰਕੇ। ਲਾਪਸੀ=

Digitized by Panjab Digital Library / www.panjabdigilib.org

ਕੜ੍ਹੀ। ਗੋਰਨ = ਕਬਰਾਂ।
ਭੀਤਨ = ਕੰਧਾਂ। ਗੰਧ੍ਰਬ ਕਿੰਨਰ = ਗਵਈਏ ॥੨੦॥

## ਸੂਰਜ ਸਿਵੱਯਾ ਤਾਹਿ ਕਉਲ ਕੀ ਬੱਡਯਾ ਦੇਤ, ਚੰਦ੍ਰਮਾ ਸਿਵੱਯਾ ਕੋ ਕਵੀ ਕੈ ਪਹਿਚਾਨੀਐ ॥

'ਸੌਰਜ' (ਸੂਰਜ ਮੁਖੀਏ) ਸੂਰਜ ਦੇਖੇ ਬਿਨਾ ਅਨ ਜਲ ਨਹੀਂ ਕਰਦੇ। ਸੂਰਜ ਨੂੰ ਬਹੁਤ ਹਿੰਦੂ ਪੂਜਦੇ ਹਨ, ਬਲਕਿ ਮੁਸਲਮਾਨ ਭੀ ਚੰਦ੍ਰਮਾਂ ਦੇਖੇ ਬਿਨਾ ਈਦ ਨਹੀਂ ਮੰਨ ਸਕਦੇ। ਦੂਜ, ਤੀਜ ਦਾ ਚੰਦ੍ਰਮਾ ਵੇਖਣੇ ਦੇ ਵਹਿਮ ਬਹੁਤ ਹਨ। ਸਾਇੰਸ ਨੇ ਮੰਨਿਆਂ ਹੈ ਕਿ ਸੂਰਜ ਸਾਡੀ ਧਰਤੀ ਤੋਂ ਨੌਂ ਕਰੋੜ ਸੱਤਰ ਲੱਖ ਮੀਲਾਂ ਪਰ ਹੈ, ਇਸਦਾ ਅਕਾਰ ਜ਼ਮੀਨ ਨਾਲੋਂ ਇਕ ਸੌ ਨੌਂ ਗੁਣਾ ਵਧ ਹੈ। ਔਰ ਵਜ਼ਨ ਸਾਡੀ ਧਰਤੀ ਨਾਲੋਂ ਸਵਾ ਤੇਈਸ ਗੁਣਾ ਜ਼ਿਆਦਾ ਹੈ। ਇਸ ਦੀ ਗਰਮੀ ਦਾ ਹਜ਼ਾਰਵਾਂ ਹਿਸਾ ਧਰਤੀ ਪਰ ਔਂਦਾ ਹੈ, ਸੂਰਜ ਦੇ ਪਾਸ ਦੀ ਤਪਸ਼ ਨੂੰ 'ਪੈਂਤੀਸ ਸੌ ਸੈਂਤੀਸ ਗ੍ਰੇਡ' ਦਾ ਮੰਨਿਆਂ ਹੈ, ਇਹ ਗਾਲ ਦੀ ਤਰ੍ਹਾਂ ਪਿਘਲਿਆ ਕੇਵਲ ਗਰਮ ਮਾਦਾ ਹੈ। ਇਸ ਦੇ ਲਾਵੇ ਵਿਚ੍ਰ ਪਦਾਰਥ ਵਿਦਜਾ ਵਾਲੇ ਲੋਹਾ, ਪਿੱਤਲ, ਚਾਂਦੀ, ਤਾਂਬਾ, ਕੋਲਾ, ਐਲੂਮੀਨੀਆਂ, ਸਿੱਕਾ ਆਦਿ ਭੀ ਆਖਦੇ ਹਨ। ਬਾਕੀ ਔਕਸੀਜ਼ਨ, ਹਾਈਡਰੋਜਨ ਗੈਸਾਂ ਹਨ। ਪਰ ਪੁਰਾਣੇ ਲੋਕ ਸੂਰਜ ਨੂੰ ਸਭ ਨਾਲੋਂ ਵੱਡਾ ਦੇਵਤਾ ਤੇ ਧਰਮ ਰਾਜ ਦਾ ਪੁਤ੍ਰ ਮੰਨ ਕੇ ਪੂਜਦੇ ਔਂਦੇ ਹਨ। ਜੋਤਿਸ਼ ਵਾਲੇ ਇਸ ਨੂੰ 'ਗ੍ਰਹਿ' ਆਖਦੇ ਹਨ, ਜਿਹਾ ਕਿ ਬੁਧ, ਸ਼ੁਕ੍ਰ, ਮੰਗਲ, ਬ੍ਰਹਸਪਤ, ਸਨੀਚਰ, ਨੈਪਚਿਊਨ, ਯੂਰੇਨਜ, ਪਲਟੋ, ਜ਼ਮੀਨ। ਯਾਂਤੇ ਸਾਡੀ ਜ਼ਮੀਨ ਭੀ ਇਕ ਸਿਆਰਾ ਹੈ, ਜੋ ਸੂਰਜ ਦੇ ਗਿਰਦੇ ਘੁੰਮਦੀ ਆਖਦੇ ਹਨ। ਇਸ ਦੇ ਵਿਚਾਲੇ ਫ਼ਰਜ਼ੀ 'ਮਧ ਰੇਖਾ' ਕਲਪਕੇ ਰੁਤਾਂ ਬਦਲਨੇ ਦੇ ਲੇਖਾ ਲੌਂਦੇ ਹਨ, ਨੱਵੇ ਦਰਜੇ ਮਿਥੇ ਹਨ, ਯਾਂਤੇ ਭੂ-ਮੱਧ ਰੇਖਾ ਦੇ ਤੇਈਸ ਦਰਜੇ ਉੱਤਰ ਦੀ ਤਰਫੋਂ ਇਕ ਹੋਰ ਲਕੀਰ (ਰੇਖਾ) ਮਾਰਦੇ ਹਨ ਜੋ 'ਮੱਕਰ' ਰੇਖਾ ਹੈ। ਇਸੇ ਤਰਾਂ 'ਕਰਕ' ਰੇਖਾ ਹੈ। ਇਨਾਂ ਰੇਖਾਂ ਨਾਲ ੨੨ ਸਤੰਬਰ ਔਰ ੨੩ ਮਾਰਚ ਨੂੰ ਸੂਰਜ ਦੀਆ ਕਿਰਨਾਂ 'ਭੂ-ਮਧ' ਰੇਖਾ ਪਰ ਸਿਧੀਆਂ ਪੈਂਦੀਆਂ ਹਨ ਉਸ ਵੇਲੇ ਉੱਤ੍ਰੀ ਔਰ ਦਖਣੀ ਹਿਸੇ ਵਿਚ ਸਰਦੀ ਹੁੰਦੀ ਹੈ ਉੱਤ੍ਰੀ ਔਰ ਦਖਣੀ ਸਿਰੇ ਪਰ ਸੂਰਜ ਹੁੰਦਾ ਹੈ, ਭਾਵ ਮਕਰ ਰੇਖਾ ਪਰ ਹੋਣ ਵੇਲੇ ਛੀ ਮਹੀਨੇ ਦੇ ਰਾਤ ਦਿਨ ਧ੍ਰੁਵ ਦੀ ਤਰਫ ਹੁੰਦੇ ਹਨ।

ਵਾਸਤਵ ਵਿਚ ਸੂਰਜ ਸੰਸਾਰ ਦਾ ਦੀਪਕ ਹੀ ਹੈ 'ਸੂਰਜ ਏਕੋ ਰੁਤ ਅਨੇਕ' ਇਹ ਸਭ ਨਾਸਵੰਤ ਹਨ—ਬ੍ਰਹਮਾਂ ਬਿਸ਼ਨ, ਰੁਦ੍ਰ, ਸੂਰਜ ਸਸ ਤੇ ਬਸਿ ਕਾਲ ਸਬੈ ਹੈ। (ਹਜ਼ਾਰੇ ਸ਼ਬਦ ਪਾ: ੧੦)

ਸਾਇੰਸ ਵਾਲਿਆਂ ਨੇ ਅੰਦਾਜ਼ਾ ਲਾਇਆ ਹੈ ਕਿ ਚੰਦ੍ਰਮਾਂ ਸਾਡੀ ਧਰਤੀ ਤੋਂ ਤੇਈਸ ਲੱਖ ਅੱਠ ਹਜ਼ਾਰ ਅੱਠ ਸੌ ਮੀਲ ਪਰ ਹੈ, ਔਰ ਇਕ ਸੌ ਬਾਸਟ ਮੀਲ ਲੰਬਾਈ ਚੌੜਾਈ ਹੈ। ਇਹ ਧਰਤੀ ਦੇ ਗਿਰਦੇ ਸਤਾਈ ਦਿਨ ਸੱਤ ਘੰਟੇ ਤ੍ਰਿਤਾਲੀ ਮਿੰਟਾਂ ਸਾਢੇ ਗਿਆਰਾਂ ਸੈਕਿੰਟਾਂ ਵਿਚ ਦੀ ਚੱਕ੍ਰ ਕਟਦਾ ਹੈ। ਪੁਰਾਣਕ ਲੋਕ ਇਸ ਨੂੰ

Digitized by Panjab Digital Library | www.panjabdigilib.org

ਦੇਵਤਾ ਸਮਝਦੇ ਰਹੇ ਹਨ, ਇਸ ਦੀਆਂ ਅਗੇ ਲਿਖੀਆਂ ਸੋਲਾਂ ਕਲਾਂ ਹਨ—
ਅਮ੍ਰਿਦਾ, ਮਾਨਦ, ਪੂਸਾ, ਪੁਸ੍ਰਿ, ਤੁਸ੍ਰਿ, ਰਤਿ, ਧ੍ਰਿਤਿ, ਸਸਿਨੀ, ਚੰਦ੍ਰਕਾ, ਕਾਂਤਿ, ਜਯੋਤਸਨਾ, ਸ੍ਰੀ, ਪ੍ਰੀਤਿ, ਅੰਗਦਾ, ਪੂਰਾਣ, ਪੂਸਣਾ। ਇਕਰ ਹੀ ਸੋਲਾਂ ਬਾਰਾਂ ਆਦਿ ਕਲਾਂ ਵਾਲੇ ਅਵਤਾਰ ਹਨ, ਕਲਾਂ ਤੋਂ ਭਾਵ ਗੁਣ ਹਨ।

ਨੋਟ-ਸੂਰਜ ਚੰਦ੍ਰਮਾਂ ਦੇ ਪੁਜਾਰੀ ਚਕਵੀ, ਚਕੋਰ, ਕਮੀਆਂ, ਕੌਲ ਫੁਲਾਂ ਨਾਲੋਂ ਵਧ ਦਰਜਾ ਨਹੀਂ ਰਖਦੇ। ਜੋਤਿਸ਼ ਵਿਦਜਾ ਵਿਚ ਰਾਸਾਂ ਯਾਂ ਨਛੱਤ੍ਰਾਂ ਦਾ ਇਕ ਲੇਖਾ ਲੈਂਦੇ ਹਨ ਕਿ ਜਿਸ ਨੂੰ ਸ਼ਪਤ ਨਾੜੀ ਚੰਦ੍ਰ ਯਾਂ ਸਤ ਰੋਹਣੀ ਮਾਰਗ ਕਹਿੰਦੇ ਹਨ. ਭਾਵ ਸੂਰਜ ਦੀ ਵਾਯੂ ਨਾੜੀ, ਜਿਸ ਵਿਚ ਕਿ ਰੋਹਣੀ, ਸੁਰਸ੍ਰਤੀ, ਜੇਸ਼ਟਾ ਹੈ। ਇਹ ਅਸ੍ਵਨੀ ਨਛਤ੍ਰ ਮੰਨੇ ਹਨ। ਮੰਗਲ ਦੀ ਦਹਿਨੀ ਨਾੜੀ ਜਿਸ ਵਿਚ ਕਿ ਮ੍ਰਿਗ ਸਿਰ, ਚਿੱਤ੍ਰਾ ਮੂਲਾ, ਰੇਵਤੀ, ਇੱਕਰ ਬ੍ਰਿਹਸਪਤ ਦੀ ਸੌਮਯ, ਇਸ ਵਿਚ ਆਰਦ੍ਰਾ, ਹਸਤ, ਪੂਰਬਾਖਾੜਾ, ਉਤ੍ਰਾ ਭਾਦ੍ਰ ਪਦ, ਲਿਖੇ ਹਨ। ਸ਼ੁਕ੍ਰ ਦੀ ਨੀਰ, ਇਸ ਵਿਚ ਪੁਨਰਵਸ, ਉਤ੍ਰਾਫਲ ਗੁਣੀ, ਰਬ ਭਾਦ੍ਰ ਪਦ, ਔਰ ਬੁਧ ਦੀ ਜਲਨਾੜੀ ਹੈ, ਏਸ ਵਿਚ ਪੁਖ, ਪੂਰਬਾ ਫਾਲ ਗੁਣੀ, ਅਭਿਜਿਤ (ਅਭੀਚ ਪੁਰਬ) ਸੱਤ ਭਿਖ, ਲਿਖੇ ਹਨ। ਸ਼ਨੀ ਦੀ ਉਰਧਾ ਨਾੜੀ, ਜਿਸ ਵਿਚ ਕ੍ਰਿਤੱਕ, ਵਿਸਾਖਾ, ਅਨੁਰਧਾ, ਔਰ ਭਰਣੀ ਹਨ। ਚੰਦ੍ਰਮਾਂ ਦੀ ਅੰਮ੍ਰਿਤ ਨਾੜੀ, ਜਿਸ ਵਿਚ ਕਿ ਅਸਲੇਖਾ, ਮਘਾ, ਸ੍ਰਵਨ, ਧਨਿਸ਼ਟਾ ਹਨ। ਉਕਤ ਲੇਖਾਂ ਨਾਲ ਫਲ ਅਫਲ, ਵਰਖਾ ਆਦਿ ਨਿਕਾਲਦੇ ਹਨ। ਉਕਤ ਰਾਸਾਂ ਨਾਲ ਦਸ ਪੂਰਬੀਆਂ ਮਨੌਂਦੇ ਹਨ, ਜੈਸਾ ਕਿ ਅਮਾ-ਵਸ, ਚੌਦਸ, ਅਸ਼ਟਮੀ, ਪੂਰਣਮਾਸੀ, ਸ਼ੰਕ੍ਰਾਂਤ, ਵਯਤਿਪਾਤ, ਉਤ੍ਰਾਇਣ, ਦਖ-ਣਾਯਣ, ਚੰਦ੍ਰ ਗ੍ਰਹਿਣ, ਸੂਰਜ ਗ੍ਰਹਿਣ ਆਦਿ ਹਨ।

ਹਿੰਦੂ ਲੋਕਾਂ ਨੂੰ ਵਹਿਮ ਹੈ ਕਿ ਸੂਰਜ ਉਹਨਾਂ ਦੇ ਪਿਤਰਾਂ ਲਈ ਪੁੰਨ ਕੀਤੀਆਂ ਗਈਆਂ ਵਸਤਾਂ 'ਛਤ੍ਰੀ, ਜੁੱਤੀ, ਬਸਤਰ, ਛਾਪ, ਕ੍ਰਮੰਡਲ, ਆਸਨ, ਬਰਤਨ, ਸੋਟਾ, ਤਸਟਾ, ਅਨਾਜ ਪਕਿਆ ਅੰਨ, ਨਕਦੀ, ਜਨੇਊ ਆਦਿ, ਭਾਵ ਤੇਰਾਂ ਵਸਤਾਂ ਬ੍ਰਹਮਣ ਨੂੰ ਦੇਣ ਪਰ ਪਾਰਸਲ ਅਗੇ ਦਿੰਦਾ ਹੈ। ਪਿਤ੍ਰ ਪੂਜਾ ਵਿਚ ਅਗੇ ਪਹੁੰਚਦਾ ਹੈ। ਸੂਰਜ ਦੀ ਪੂਜਾ ਸੰਸਾਰ ਵਿਚ ਬਹੁਤ ਦੇਰ ਤੋਂ ਚਲੀ ਔਂਦੀ ਹੈ, ਵੇਦਾਂ ਵਿਚ ਇਹ ਦੇਵਤਾ ਮੁਖੀ ਮੰਨਿਆਂ ਹੈ, ਕੇਤੇ ਸਸ ਰਾਸੀ, ਕੇਤੇ ਸੂਰਜ ਪ੍ਰਕਾਸੀ ॥ ੨੧੭ ॥ ਭਾਈ ਸਾਹਿਬ ਗੁਰਦਾਸ ਜੀ ਨੇ ਲਿਖਿਆ ਹੈ—
"ਕੋਈ ਪੂਜੈ ਚੰਦ੍ਰ ਸੂਰ, ਕੋਈ ਧਰਤ ਅਕਾਸ਼ ਮਨਾਵੈ॥ ਪਉਣ ਪਾਣੀ ਬੈਸੰਤਰੋ, ਧਰਮ ਰਾਜ ਕੋਈ ਤ੍ਰਿਪਤਾਵੈ॥ ਫੋਕਟ ਧਰਮੀ ਭ੍ਰਮ ਭੁਲਾਵੈ।" (ਵਾਰ ੧ ਪੌ: ੧੮)

ਕਈ ਅਗਿਆਨੀ ਵੇਖੇ ਹਨ ਜੋ ਨਮੋ ਸੂਰਜ ਸੂਰਜੇ, ਨਮੋ ਚੰਦ੍ਰ ਚੰਦ੍ਰੇ॥ ਆਦਿ ਕਹਿਕੇ ਸੂਰਜ ਚੰਦ੍ਰ ਪੂਜਦੇ ਹਨ, ਕਈ ਨਵੇਂ ਚੰਦ ਦੀ ਰਾਮ ਰਾਮ ਬੋਲਕੇ ਅਗਿ-ਆਨਤਾ ਜਤੌਂਦੇ ਹਨ ਔਰ ਪਗੜੀ ਆਦਿ ਨਾਲੋਂ ਤਾਰਾਂ ਤੋੜਕੇ ਚੰਦ੍ਰਮਾਂ ਨੂੰ ਅਤਪਦੇ ਹਨ।

ਸੂਰਜ ਭਗਤਾਂ ਨੂੰ 'ਸੌਰ ਪੂਜ' ਭੀ ਕਹਿੰਦੇ ਹਨ ਇਹ ਗਲੇ ਵਿਚ ਰਿਟ ਮ[illegible]

Digitized by Panjab Digital Library / www.panjabdigilib.org

ਦੀ ਮਾਲਾ, ਮਥੇ ਪਰ ਲਾਲ ਚੰਦਨ ਦਾ ਟਿੱਕਾ ਲੈਂਦੇ ਹਨ। ਸੌਰ ਪੂਜਕ ਇਕ ਮੰਤ੍ਰ ਪੜ੍ਹਦੇ ਹਨ। ਯਥਾ:-

ਰਕਤ ਵਰਣੰ ਮਹਾਂ ਤੇਜੰ ਰਤਨ ਕੰਠ ਵਿਭੂਖਣੇ॥ ਸਰਬ ਪਾਪ ਪ੍ਰਲਾਪ ਜਾਤੇ ਪ੍ਰਭਾਤੇ ਰਵਿ ਦਰਸਨੰ॥

## ਮੋਨ ਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ, ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ

ਮੁਸਲਮਾਨਾਂ ਦੇ ਫਿਰਕਿਆਂ ਦੇ ਪੀਰ ਇਹ ਮੋਨ ਦੀ ਮਦਾਰ (ਪੈਗੰਬਰ) ਭਾਵ ਇਸਲਾਮ ਦੇ ਸਹਾਇਕ ਮਦਾਰ ਤੋਂ ਭਾਵ ਸੈਨਾਪਤੀ ਤਥਾ ਜਰਨੈਲ ਦਾ ਹੈ।

ਅਸ੍ਵਨੀ ਕੁਮਾਰ ਕੇਤੇ (ਪਾ: ੧੦)- ਨਿਰੁਕਤ ਹਰਵੰਸ ਗ੍ਰੰਥ ਦੀ ਕਥਾ ਹੈ ਕਿ ਇਹ ਦੋਵੇਂ ਦੇਵਤੇ ਸੰਝ ਤੇ ਸਵੇਰ ਦੇ ਪਹਿਰੇਦਾਰ ਹਨ। ਇਨ੍ਹਾਂ ਨੂੰ ਦੇਵਤਿਆਂ ਦੇ ਹਕੀਮ, ਡਾਕਟਰ, ਮੰਨਿਆਂ ਜਾਂਦਾ ਹੈ। ਇਹਨਾਂ ਦੀ ਪੈਦਾਇਸ਼ ਇਸ ਪ੍ਰਕਾਰ ਦੱਸੀ ਹੈ:-

ਸੂਰਜ ਭਗਵਾਨ ਦੀ ਇਸਤ੍ਰੀ ਸੰਗਜਾ ਨੇ ਸੂਰਜ ਦਾ ਤੇਜ਼ ਨਾ ਸਹਾਰ ਕੇ ਆਪਣੀ ਥਾਂ ਇਕ 'ਛਾਯਾ' ਨਾਮ ਦੀ ਬਨੌਟੀ ਇਸਤ੍ਰੀ ਰਚ ਦਿਤੀ ਤੇ ਆਪ ਘੋੜੀ ਬਣ ਕੇ ਜੰਗਲ ਨੂੰ ਚਲੀ ਗਈ। ਸੂਰਜ ਨੂੰ ਇਸ ਫਰੇਬ ਦਾ ਪਤਾ ਲੱਗਿਆ ਤਾਂ ਓਹ ਘੋੜਾ ਬਣ ਕੇ ਪਿਛੇ ਗਿਆ, ਜਿਸ ਤੋਂ ਅਸ੍ਵਨੀ ਤੇ ਕੁਮਾਰ ਦੋ ਜੋੜੇ ਪੁਤ੍ਰ ਪੈਦਾ ਕੀਤੇ। ਇਨ੍ਹਾਂ ਨੂੰ ਹਿੰਦੂ ਗ੍ਰੰਥਾਂ ਵਿਚ ਦੇਵਤ ਮੰਨਿਆਂ ਹੈ। ਮੂੰਹ ਇਨ੍ਹਾਂ ਦਾ ਘੋੜੇ ਦਾ ਹੁੰਦਾ ਹੈ। ਮਹਾਂ ਭਾਰਤ ਵਿਚ ਹੋਰ ਇਕ ਕਥਾ ਲਿਖੀ ਮਿਲਦੀ ਹੈ ਕਿ ਰਾਜਾ ਪਾਂਡੂ ਦੀ ਇਸਤ੍ਰੀ ਮਾਦ੍ਰੀ ਨੇ ਅਸ੍ਵਨੀ ਕੁਮਾਰਾਂ ਨਾਲ ਸੰਜੋਗ ਕਰ ਕੇ ਸਹਿਦੇਵ ਅਤੇ ਨਕੁਲ ਦੋ ਪੁਤ੍ਰ ਪੈਦਾ ਕੀਤੇ ਸਨ। ਮਾਦ੍ਰੀ ਵਿਧਵਾ ਸੀ। ਅਰਜਨ ਤੇ ਭੀਮ ਅਰ ਯੁਧਿਸ਼ਟਰ ਇਨ੍ਹਾਂ ਦੇ ਮਤ੍ਰੇਏ ਭਰਾ ਸਨ। ਅਸ੍ਵਨੀ ਕੁਮਾਰ ਦੇਵਤੇ ਦੀ ਇਕੱਠੀ ਤਸਵੀਰਾਂ ਜੋੜ੍ਰੀਆਂ ਵਿਚ ਭੀ ਹੁੰਦੀਆਂ ਹਨ। ਇਹ ਸਵੇਰੇ ਔਰ ਸ਼ਾਮ ਦੇ ਦੋ ਦੇਵਤੇ ਭੀ ਮੰਨੇ ਗਏ ਹਨ। ਦੇਵਤਿਆਂ ਦੇ ਹਕੀਮ ਭੀ ਹਨ, ਅੰਸਾ ਅਵਤਾਰ ਤੋਂ ਭਾਵ ਅਵਤਾਰਾਂ ਦੇ ਸਬੰਧੀ ਯਾਂ ਘਟ ਵਧ ਕਲਾਂ (ਸ਼ਕਤੀਆਂ) ਵਾਲੇ ਅਵਤਾਰ ਹਨ।

## ਦਾਰਾ ਸੇ ਦਿਲੀਸਰ ਦ੍ਰੁਜੋਧਨ ਸੇ ਮਾਨਧਾਰੀ, ਭੋਗ ਭੋਗ ਭੂਮਿ ਅੰਤ ਭੂਮਿ ਮੇ ਮਿਲਏ ਹੈਂ॥

'ਦਾਰਾ' ਨਾਮ ਦੇ ਸੰਸਾਰ ਵਿਚ ਕਈ ਬਾਦਸ਼ਾਹ ਹੋ ਗੁਜਰੇ ਹਨ। ਦਾਰਾ ਤੋਂ ਭਾਵ ਪ੍ਰਜਾਪਤਿ ਯਾ ਸੰਸਾਰੀ ਬਾਦਸ਼ਾਹ ਦਾ ਹੈ। ਇਸ ਨਾਮ ਦਾ ਇਕ ਪ੍ਰਸਿਧ ਬਾਦਸ਼ਾਹ ਫਾਰਸ ਵਿਚ ਹੋਇਆ ਹੈ, ਜਿਸ ਦਾ ਨਾਮ ਦਰਾਯੁਸ਼ ਯਾ ਡੇਰੀਅਸ ਲਿਖਿਆ ਹੈ ਇਹ 'ਕੈਯਾਨ' ਖਾਨਦਾਨ ਵਿਚੋਂ ਹੋਇਆ ਹੈ। ਇਕ ਹੋਰ 'ਦਾਰਾ ਗੁਸ਼ਤਾਸਪ' ਵੀ ਹੋਇਆ ਹੈ। ਜਿਸ ਨੇ ਸਿੰਧ ਤੇ ਪੰਜਾਬ ਨੂੰ ਫਤਹ ਕਰਕੇ ਰਾਜ ਕੀਤਾ। ਇਸ ਦਾ ਸਿਕੰਦਰ ਆਜ਼ਮ ਨਾਲ ਵੀ ਜੰਗ ਹੋਣਾ ਲਿਖਿਆ ਹੈ। ਇਹ ਸੰਨ ਈਸਵੀ ਤੋਂ ਸਾਢੇ ਕੁ ਪੰਜ ਸੌ ਸਾਲ ਪਹਿਲੋਂ ਹੋ ਚੁਕਿਆ ਹੈ।

Digitized by Panjab Digital Library | www.panjabdigilib.org

ਮੁਗਲੀਆ ਖਾਨਦਾਨ ਦੇ ਇਕ ਬਾਦ-ਸ਼ਾਹ ਸ਼ਾਹ ਜਹਾਨ ਦੇ ਬੜੇ ਪੁਤਰ ਦਾ ਨਾਉਂ ਵੀ ਦਾਰਾ ਸ਼ਕੋਹ ਸੀ। ਇਹ ਸੰਨ ੧੬੪੮ ਵਿਚ ਗੁਜਰਾਤ ਦਾ ਸੂਬਾ ਰਿਹਾ ਹੈ। ਇਸਨੇ ਔਰੰਗਜ਼ੇਬ ਨਾਲ ਆਗਰੇ ਦੇ ਪਾਸ ਸੰਨ ੧੬੫੮ ਵਿਚ ਜੰਗ ਕੀਤਾ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਭੱਜੇ ਜਾਂਦੇ ਨੂੰ ਦਰਿਆ ਬਿਆਸਾ ਪਾਰ ਕਰਨ ਲਈ ਸਹੈਤਾ ਕੀਤੀ। ਸੰਨ ੧੬੫੯ ਵਿਚ ਔਰੰਗਜ਼ੇਬ ਨੇ ਇਸਨੂੰ ਕਾਫਰਾਂ ਦਾ ਫਤਵਾ ਦੇ ਕੇ ਬਹੁਤ ਹੀ ਬੁਰੀ ਤਰਾਂ ਬੇ-ਰਹਿਮੀ ਨਾਲ ਕਤਲ ਕਰਵਾ ਦਿਤਾ, ਇਹ ਸੂਫੀ ਖਿਆਲਾਂ ਦਾ ਵਿਦਜਵਾਨ ਸੀ, ਇਸ ਨੇ ਉਪਨਿਸ਼ਦਾਂ ਦੇ ਤਰਜਮੇਂ ਕਰ-ਵਾਏ ਸਨ।

## ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ,ਪੋਸਤੀ ਅਨੇਕਦਾ ਨਿਵਾਵਤ ਹੈਂ ਸੀਸ ਕੋ॥

'ਸਿਜਦਾ' ਮੱਥਾ ਟੇਕਣ ਤਥਾ ਨਮਸ਼-ਕਾਰ ਕਰਨ ਤੋਂ ਭਾਵ ਹੈ, ਜੋ ਜ਼ਮੀਨ ਪਰ ਮਸਤਕ ਰਖ ਕੇ ਕਈ ਤ੍ਰੀਕਿਆਂ ਨਾਲ ਵਖੋ ਵੱਖ ਤਰਾਂ ਟੇਕਿਆ ਜਾਂਦਾ ਹੈ, ਪਰ ਗੁਰੂ ਜੀ ਨੇ ਨਿਸਕਪਟ ਹੋ ਕੇ ਮੱਥਾ ਟੇਕਣ ਦਾ ਉਪਦੇਸ਼ ਕੀਤਾ ਹੈ। 'ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ' 'ਖਾਲਸਾ ਧਰਮ' ਵਿਚ ਅਕਾਲ ਪੁਰਖ ਨੂੰ ਦਸੋ ਦਿਸ਼ਾ ਵਿਚ ਪਰੀ ਪੂਰਣ ਮੰਨ ਕੇ ਹਰ ਪਾਸੇ ਸਿਜਦਾ ਯਾ ਨਮਸਕਾਰ ਕੀਤੀ ਜਾਂਦੀ ਹੈ, ਪਰੰਤੂ ਮੁਸਲਮਾਨਾਂ ਵਿਖੇ ਲਹਿੰਦੇ (ਪੱਛਮ) ਵਲ ਨੂੰ ਮੁਖ ਕਰ ਕੇ ਸਿਜਦਾ ਕਰਨਾ ਜ਼ਰੂਰੀ ਮੰਨਿਆਂ ਹੈ ਅਤੇ ਹਿੰਦੂਆਂ ਵਿਚ ਚੜ੍ਹਦੇ (ਪੂਰਬ) ਵਲ ਨੂੰ ਵਿਧਾਨ ਹੈ ਜਿਹਾ ਕਿ 'ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਯੋ॥' ਅਰਥਾਤ ਹਿੰਦੂ ਜਗਨਨਾਥ ਵਿਚ ਹੀ ਰੱਬ ਨੂੰ ਮੰਨਦੇ ਹਨ, ਤੇ ਮੁਸਲ-ਮਾਨ ਮੱਕੇ ਵਿਚ ਸਮਝਦੇ ਹਨ।

ਸਿਜਦੇ ਕਰਨ ਦੇ ਸਬੰਧ ਵਿਚ ਨਿਵਾਜਾਂ ਵਿਚ ਮੁਸਲਮਾਨ ਕਈ ਤ੍ਰੀਕਿਆਂ ਨਾਲ ਉਠਦੇ ਬੈਠਦੇ ਹਨ, ਪਾਠਕਾਂ ਦੀ ਹੋਰ ਵਾਕਫੀ ਵਾਸਤੇ ਅਗੇ ਵਿਸਥਾਰ ਨਾਲ ਲਿਖਦੇ ਹਾਂ–

ਨਿਮਾਜ਼ ਪੜ੍ਹਨੇ ਦੀ ਮ੍ਰਿਯਾਦਾ–

ਪਹਿਲਾਂ ਵਜੂ ਕਰ ਕੇ ਕੱਪੜਾ ਆਦਿ ਵਿਛਾ ਕਰ, ਮਕੇ ਦੀ ਤਰਫ ਮੂੰਹ ਕਰ ਕੇ ਖੜੇ ਹੁੰਦੇ ਹਨ ਤੇ ਦੋਨਾਂ ਕੰਨਾਂ ਪਰ ਹੱਥ ਰੱਖ ਕੇ ਔਰ ਪਿਛੇ ਨਾਭੀ ਵਿਖੇ ਦੋਨੋਂ ਹਥ ਕੱਠੇ ਕਰ ਕੇ, 'ਅੱਲਹਹਮਦ' ਪੜ੍ਹ ਕਰ, ਪਿਛੋਂ ਇਕ ਫਰਜ਼ ਦੀ ਰਕਾਤ ਪੜ੍ਹਕੇ, ਗੋਡਿਆਂ ਪਰ ਹਥ ਧਰਕੇ ਝੁਕਦੇ ਹਨ, ਅਰ ਰਕਾਤ ਪੂਰੀ ਹੋਈ ਤੋਂ ਜ਼ਮੀਨ ਪਰ ਮਥਾ ਟੇਕਦੇ ਹਨ। ਬੱਸ! ਇਸਤਰਾਂ ਹਰ ਵਾਰ ਕਰਦੇ ਜਾਂਦੇ ਹਨ।

'ਫਰਜ਼' ਨਾਮ ਅੱਲਾ ਦੇ ਹੁਕਮ ਦਾ ਹੈ। ਸੁੰਨਤ ਨਾਮ ਰਸੂਲ ਦੀ ਕ੍ਰਿਆ ਦਾ ਹੈ, ਭਾਵ ਜਿਨਾਂ ਰਕਾਤਾਂ ਨੂੰ ਮੁਹੰਮਦ ਸਾਹਿਬ ਪੜਦੇ ਰਹੇ ਉਨਾਂ ਦਾ ਨਾਮ ਸੁੰਨਤ ਦੀ ਰਕਾਤ ਹੈ ਔਰ ਨਫਲ ਨਾਮ ਨਫੇ ਵਾਲੇ ਪਾਠ ਦਾ ਹੈ ਜੋ ਮਨ ਬਾਂਛਤ ਲਈ ਪੜ੍ਹਿਆ ਜਾਵੇ। ਇਸ ਤਰਾਂ ਚਾਰ ਫਰਜ਼ ਦੀ ਔਰ ਬਾਰਾਂ ਜੁਹਰ ਦੀ ਔਰ ਚਾਰ ਅਸ਼ਰਕ ਦੀ ਅਰ ਸੱਤ ਮਗਰਬ ਦੀ, ਸਤਾਰਾਂ ਇਸ਼ਾਂ ਔਰ ਬਸਰ ਦੀ ਔਰ ਚਾਰ

Digitized by Panjab Digital Library | www.panjabdigilib.org

ਅਲਹਮਦ ਦੀ, ਭਾਵ ਸਾਰੀ ਨਿਮਾਜ਼ ਵਿਚ ਅਠਤਾਲੀ ਰਕਾਤਾਂ ਹਨ, ਇਨਾਂ ਦੇ ਪੜ੍ਹਨ ਦਾ ਮਨੋਰਥ ਮੁਕਤੀ ਦਸਿਆ ਜਾਂਦਾ ਹੈ ਪਰੰਤੂ ਕੁਰਾਨ ਸ਼ਰੀਫ ਵਿਖੇ ਨਿਮਾਜ਼ ਦਾ ਕੇਵਲ ਜ਼ਿਕਰ ਦਾ ਜ਼ਿਕਰ ਹੈ–

ਮੁਸਲਮਾਨੋ ! ਨਿਮਾਜ਼ਾਂ ਅਤੇ ਵਿਚਲੀ ਨਿਮਾਜ ਦੀ ਤਾਕੀਦ ਰਖੋ, ਅਰ ਅੱਲਾ ਦੇ ਅੱਗੇ ਅਦਬ ਨਾਲ ਖੜੇ ਰਹੋ ! (ਸੂ: ਬਕਰ ਮੰ: ੧ ਪਾਰਾ ੨ ਅ: ੧੩੭)

ਮੁਸਲਮਾਨੋ ! ਜਦੋਂ ਤੁਸੀ ਮਦੋਨ ਮਤਿ 'ਸ਼ਰਾਬੀ' ਹੋਵੋ ਤਾਂ ਨਿਮਾਜ਼ ਦੇ ਪਾਸ ਭੀ ਨਾ ਜਾਣਾਂ, ਏਥੋਂ ਤਕ ਕਿ ਨਸ਼ਾ ਉਤਰ ਜਾਵੇ, ਔਰ ਜੋ ਕੁਛ ਬੋਲਦੇ ਹੋ ਓਹ ਸਮਝ ਵਿਚ ਆ ਜਾਵੇ।.........੫ (ਸੂਰਤ ਨਿਸ਼ਾਇ ੪ ਮੰ:੧ ਪਾ:੫ ਅ:੪੨)

ਨੋਟ–ਖੋਜ ਤੋਂ ਪਤਾ ਲਗਦਾ ਹੈ ਕਿ ਮਦੀਨੇ ਵਿਖੇ ਜਾਣ ਸਮੇਂ ਹਜਰਤ ਮਹੰਮਦ ਸਾਹਿਬ ਈਸਾਈਆਂ ਦੇ ਬੈਤੁਲ ਮੁਕਦਸ ਵੱਲ ਮੁਖ ਕਰਕੇ ਨਿਮਾਜ਼ ਪੜ੍ਹਦੇ ਪੜ੍ਹਾਂਦੇ ਸਨ, ਪਰੰਤੂ ਜਦੋਂ ਆਪਣਾ ਸਿੱਕਾ ਜੰਮ ਗਿਆ ਤਾਂ ਵਖਰੇ ਰਹਿਣੇ ਦੇ ਢੰਗ ਨਾਲ ਮੁੜ ਮਕੇ ਵਲ ਮੁਖ ਕਰਕੇ ਨਿਮਾਜ ਗੁਜ਼ਾਰਨ ਲਗੇ ਅਰ ਹੌਲੇ ਹੌਲੇ ਨੂੰ ਥੰਮਣ ਹਿਤ ਹੇਠਾਂ ਲਿਖੀ 'ਵਹੀ' ਨਾਜ਼ਲ ਹੋਣੀ ਫੁਰਮਾਈ, ਜਿਨਾਂ ਲੋਗਾਂ ਦੀ ਮੱਤ ਮਾਰੀ ਗਈ ਹੈ ਵੈ ਤਾਂ ਕਹਿਣਗੇ ਕਿ ਮੁਸਲਮਾਨ ਜਿਸ ਕਿਬਲੇ ਉਤੇ 'ਪਹਿਲੇ ਬੈਤਉਲ ਮੁਕੱਦਸ' ਸਨ, ਉਸ ਵਲੋਂ ਇਨਾਂ ਦੇ ਮੁੜ ਜਾਣ ਦਾ ਕੀ ਕਾਰਨ ਹੋਇਆ ? .....

ਹੇ ਪੈਗੰਬਰ ! ਜਿਸ ਕਿਬਲੇ ਉਤੇ ਤੁਸੀ ਪਹਿਲੇ ਸੇ ਅਸਾਂ ਉਸਨੂੰ ਇਸ ਵਾਸਤੇ ਹੀ ਸਥਾਪਤ ਕੀਤਾ ਸੀ ਕਿ ਜੋ ਲੋਗ ਰਸੂਲ ਦੇ ਆਗਿਆ ਵਰਤੀ ਹੋਣਗੇ, ਉਨਾਂ ਨੂੰ ਅਸੀ ਉਨਾਂ ਲੋਕਾਂ ਨਾਲੋਂ ਵੱਖਰਿਆਂ ਲੱਭ ਲਈਏ, ਜੋ ਆਪਣੀ ਪਿਛਲੀ ਪੈਰੀਂ ਤੁਰ ਜਾਣ ਔਰ ਕਿਬਲੇ ਦਾ ਬਦਲਿਆ ਜਾਣਾ ਸਭਨਾਂ ਉਤੇ ਹੀ ਕਠਨ ਹੋਇਆ।..........

## ਇਸਲਾਮੀ ਕਾਨੂਨ

ਨਮਾਜ਼-ਸਮੇਂ ਤੋਂ ਅੱਗੇ ਪਿੱਛੇ ਪੜ੍ਹਨ ਦੀ ਸ਼ਰਹ ਨਹੀਂ ਬਲਕਿ ਸਮੇਂ ਨੀਯਤ ਤੋਂ ਬਿਨਾਂ ਨਮਾਜ਼ ਪੜ੍ਹਨੀ ਮਕਰੂਹ ਦੱਸੀ ਗਈ ਹੈ। ਕਾਬੇ ਦੀ ਛੱਤ ਔਰ ਰਸਤਾ ਕੋਠੀਉਂ ਅਰ ਕੁਮੀਲੋਂ ਪਰ ਜਾਂ ਬੁਥੜ ਖਾਨੇ ਵਿਚ ਅਰ ਗੁਸਲਖਾਨੇ ਤੇ ਹਮਾਮ ਮੇਂ ਅਰ ਨਾਲੇ ਮੇਂ ਟਟੀ ਦੀ ਛੱਤ ਪਰ ਅਰ ਈਦਗਾਹ ਵਿਚ ਨਿਮਾਜ ਪੜ੍ਹਨੀ ਮਕਰੂਹ ਦੱਸੀ ਗਈ ਹੈ। ਹਰ ਇਕ ਮੁਸਲਮਾਨ ਵਾਸਤੇ ਪਹਿਲਾ ਅਸਲਾਮ, ਦੂਜੀ ਸੇਹਤ ਅਰ ਅਕਲ, ਤੀਜੇ ਬਲੋਗ, ਚੌਥੇ ਵਕਤ ਮੁਕਰਰਾ ਪਰ ਹਰ ਇਕ ਮੁਸਲਮਾਨ ਨੂੰ ਜੋ ਆਕਲ ਅਰ ਬਾਲਗ ਹੋਵੇ ਨਿਮਾਜ ਦਾ ਪੜ੍ਹਨਾ ਜ਼ਰੂਰੀ ਹੈ। ਜੋ ਨਾ ਪੜ੍ਹੇ ਓਹ 'ਕਾਫਰ' ਠਹਿਰਾਇਆ ਹੈ ਅਰ ਢਿਲੜ ਨੂੰ 'ਫਾਸਕ' ਦਸਿਆ ਹੈ। ਉਸਦੀ ਸਜ਼ਾ ਕੈਦ ਹੈ, ਜਦੋਂ ਤੀਕ ਓਹ ਤੋਬਾ ਨਾ ਕਰੇ। ਇਸਤਰਾਂ ਨਿਮਾਜੋਂ ਵਿਰੁਧ ਚੱਲਣ ਵਲਾ ਕਤਲ ਦਾ ਭਾਗੀ ਹੈ। ਸਿੱਟਾ ਕੀ ! ਬਿਨਾਂ ਕਿਸੀ ਖਾਸ ਉਜ਼ਰ ਦੇ ਨਮਾਜ ਨਹੀਂ ਛੱਡ ਸਕਦਾ ਅਰ ਬਾਲਗ ਅਰਥਾਤ ਮਨੁਖ ਵਾਸਤੇ ਇਹਤਲਾਮ ਅਰ ਇਸਤ੍ਰੀ ਵਾਸਤੇ ਹੈਜ਼ ਔਣਾ ਬਾਲਗਪਣਾ ਦਸਿਆ ਹੈ, ਤਥਾ ਲੜਕੇ ਦੇ ਹਕ ਵਿਚ ਬਾਰਾਂ ਬਰਸ ਔਰ ਲੜਕੀ

Digitized by Panjab Digital Library | www.panjabdigilib.org

ਦੇ ਹੱਕ ਵਿਚ ਨੌਂ ਬਰਸ ਅਥਵਾ ਪੰਦਰਾਂ ਸਾਲ ਤੋਂ ਬਾਦ ਨਮਾਜ ਪੜ੍ਹਨਾ ਜਰੂਰੀ ਹੈ, ਅਗਰ ਨਮਾਜੀ ਕਿਸੇ ਨਾਪਾਕ ਦੇ ਨਾਲ ਵੀ ਲੱਗ ਜਾਵੇ ਤਾਂ ਵੀ ਨਮਾਜ ਪੜ੍ਹਨੀ ਮਨ੍ਹਾ ਹੈ ਅਰ ਕਪੜੇ ਪਰ ਜੇ ਕੋਈ ਮਾੜਾ ਦਾਗ ਹੋਵੇ ਤਾਂ ਵੀ ਨਹੀਂ ਪੜ੍ਹ ਸਕਦਾ ਅਰ ਨਾ ਕੋਈ ਨੰਗਾ ਪੜ੍ਹ ਸਕਦਾ ਹੈ, ਬਲਕਿ ਪੁਰਸ਼ਾਂ ਲਈ ਧੁੰਨੀ ਤੋਂ ਹੇਠਾਂ ਨੰਗਾ ਹੋਣਾ ਸ਼ਰਹ ਵਿਰੁਧ ਹੈ। ਔਰਤਾਂ ਨੂੰ ਸਾਰਾ ਬਦਨ ਢੱਕਣਾ ਜਰੂਰੀ ਹੈ। ਲੌਂਡੀਆਂ ਨੂੰ ਪੇਟ ਅਰ ਪਿੱਠ ਦੇ ਜ਼ਾਨੂੰ ਤਕ ਢੱਕਣਾ ਜਰੂਰੀ ਹੈ। ਨਮਾਜ ਵਿਖੇ ਅਲਾ ਹੂ ਅਕਬਰ ਕਹਿਣਾ ਅਰ ਸਿਧੇ ਖੜੇ ਹੋਣਾ, ਬਾਹਾਂ ਲਟਕੌਣੀਆਂ, ਆਇਤ ਦਾ ਪੜ੍ਹਨਾ ਫਿਰ ਰਕੂਹ ਭਾਵ ਇਤਨਾ ਝੁਕਣਾ ਕਿ ਗੋਡਿਆਂ ਤਾਂਈਂ ਹਥ ਪਹੁੰਚ ਜਾਣ ਅਰ ਬੈਠ ਕੇ ਰਕੂਹ ਕਰਨ ਵੇਲੇ ਐਸਾ ਬੈਠਣਾ ਕਿ ਮੌਢੇ ਦਿਸ ਸਕਣ, ਜਿਸ ਦਾ ਭਾਵ ਨਮਸ਼ਕਾਰ ਕਰਨੀ ਕਿ ਨੱਕ ਅਰ ਮੱਥਾ ਜਮੀਨ ਪਰ ਲਗੇ ਅਰ ਘਟ ਤੋਂ ਘਟ ਇਕ ਉਂਗਲੀ ਦਾ ਜਮੀਨ ਤੇ ਟਿਕੇ ਰਹਿਣਾ ਜਰੂਰੀ ਹੈ, ਜੇ ਦੋਨੋਂ ਪੈਰ ਉਠ ਖੜੋਣ ਤਾਂ ਸਿਜਦੇ ਵਿਚ ਮਕਰੂਹ ਹੋ ਜਾਂਦਾ ਹੈ ਅਰ ਨਮਾਜ ਬੈਠ ਕੇ ਪੜ੍ਹਨੀ ਸ਼ਰਹ ਤੋਂ ਵਿਰੁਧ ਹ ਬੀਮਾਰ ਜਾਂ ਨੰਗੇ ਮਾਫ ਹਨ ਜੇ ਨੱਕ ਦੇ ਸਿਰੇ ਤਕ ਮੱਥਾ ਜਮੀਨ ਪਰ ਨਾ ਲਗੇ ਤਾਂ ਸਿਜਦਾ ਨਾਜਾ-ਇਜ ਮੰਨਿਆਂ ਹੈ। ਨਮਾਜ ਪੜ੍ਹਨ ਵੇਲੇ ਇੱਕਰ ਦੇ ਬੈਠਕ ਊਠਕ ਦੇ ਕਿਤਨੇ ਹੀ ਕਾਇਦੇ ਹਨ ਜਿਹਾ ਕਿ—ਕੰਨਾਂ ਨੂੰ ਹੱਥ ਲੌਣਾ, ਮੂੰਹ ਪਰ ਹਥ ਫੇਰਨਾ, ਸਜੇ ਖੱਬੇ ਤੱਕਣਾ, ਸਿਜਦੇ ਵਿਚ ਬੈਠਣਾ, ਕਈ ਵਾਰ ਝੁਕਣਾ ਤੇ ਉਠਣਾ, ਭਾਵ ਕੀ ਬਹੁਤ ਊਠਕ ਬੈਠਕ ਕਰਨੀ ਪੈਂਦੀ ਹੈ ਪਰੰਤੂ ਔਰਤਾਂ ਵਾਸਤੇ ਆਪਣੇ ਮੋਢੇ ਤਕ ਹਥ ਨਾ ਉਠਾਣਾ ਅਰ ਆਸਤੀਨ ਤੋਂ ਬਾਹਿਰ ਹਥ ਨਾਂ ਕਢੇ ਔਰ ਸਜੇ ਹਥ ਦੀ ਹਥੇਲੀ ਖਬੇ ਹਥ ਦੀ ਪਿੱਠ ਪਰ ਰਖੇ ਔਰ ਇਸੇ ਤਰਾਂ ਔਰਤਾਂ ਸੀਨੇ ਪਰ ਹਥ ਬੰਧਣ ਔਰ ਮਰਦ ਧੁੰਨੀ ਦੇ ਹੇਠਾਂ ਹਥਬੰਧ ਰਕੂਹ ਵਿਚ ਔਰਤਾਂ ਮਰਦਾਂ ਨਾਲੋਂ ਘਟ ਝੁਕਦੀਆਂ ਹਨ ਅਤੇ ਉਂਗਲੀਆਂ ਨੂੰ ਖੁਲ੍ਹੀਆਂ ਨਾ ਰਖੇ ਅਰ ਗੋਡਿਆਂ ਪਰ ਹਥ ਰਖੇ ਅਤੇ ਸਿਜਦੇ ਵਿਚ ਆਪਣੀਆਂ ਬਗਲਾਂ ਨਾਂ ਖੋਲ੍ਹੇ ਅਤੇ ਰੁਕੂਹ ਵਿਚ ਲਿਪਟੀ ਰਹੇ ਅਤੇ ਸਿਜਦੇ ਵਿਚ ਆਪਣੇ ਹਥ ਬਿਛਾਵੇ। ਜੇਕਰ ਕੋਈ ਆਦਮੀ ਨਮਾਜ਼ ਪੜਦੀ ਹੋਈ ਔਰਤ ਦੇ ਅਗੇ ਦੀ ਲੰਘੇ ਤਾਂ ਓਹ ਔਰਤ ਹਥ ਪਰ ਹਥ ਮਾਰੇ ਅਰ ਆਦਮੀ ਸੁਭਾਨ ਅਲਾ ਕਹੇ। ਇਸੇਤਰਾਂ ਦੇ ਇਕੀ ਨਿਯਮ ਹਨ ਜੋ ਔਰਤਾਂ ਨੂੰ ਮਰਦਾਂ ਤੋਂ ਉਲਟ ਕਰਨੇ ਪੈਂਦੇ ਹਨ ਭਾਵ ਮਰਦਾਂ ਅਰ ਔਰਤਾਂ ਦੀ ਨਮਾਜ ਅੰਦਰ ਬਹੁਤ ਸੇ ਫਰਕ ਹਨ। ਜੇ ਛਿੱਕ ਆਵੇ ਤਾਂ ਨਮਾਜ ਨਹੀਂ ਮੰਨੀ ਜਾਂਦੀ ਅਤੇ ਕੁਰਾਨ ਸ਼ਰੀਫ ਤੋਂ ਵੇਖ ਕੇ ਨਮਾਜ਼ ਪੜ੍ਹਨ ਦਾ ਹੁਕਮ ਨਹੀ ਹੈ ਇਸ ਤੋਂ ਇਲਾਵਾ ਨਮਾਜ ਵਿਚ ਕੁਝ ਖਾਣਾ ਅਰ ਕਿਬਲੇ ਵਲੋਂ ਮੂੰਹਫੇਰਨਾ ਅਗੇਨੂੰ ਕਦਮਪੁਟਣਾ ਔਰ ਨਮਾਜ ਵਿਚ ਲਿਖਣਾ, ਰੋਣਾ, ਕਿਸੇਬਾਲਗ ਦਾ ਹਸਣਾ ਜਾਂ ਬੇ ਨਮਾਜ਼ੇ ਦੀ ਗਲ ਮੰਨਣਾ ਜਾਂ ਸੁਣਨਾ ਆਦਿ ਆਦਿ ਗਲਾਂ ਨਮਾਜ ਤੋੜਨ ਵਾਲੀਆਂ ਦਸੀਆਂ ਹਨ, ਬਲਕਿ ਬਿਨਾ ਕਾਰਨ ਖੰਘਣਾਂ ਜਾਂ ਮਠਾਰਣਾ ਇਨਾਂ ਨਾਲ ਵੀ ਨਮਾਜ ਟੁਟ ਜਾਂਦੀ ਹੈ॥ ਜੇਕਰ

Digitized by Panjab Digital Library | www.panjabdigilib.org

ਨਮਾਜਪੜ੍ਹਨ ਵੇਲੇ ਔਰਤ ਮਰਦਾਂ ਦੀ ਕਤਾਰ ਵਿਚ ਮਿਲ ਜਾਵੇ ਤਾਂ ਸਜੇ ਖਬੇ ਪਿਛਲੇ ਤਿੰਨ ਆਦਮੀਆਂ ਦੀ ਨਮਾਜ ਟੁਟ ਜਾਂਦੀ ਹੈ। ਜੇਕਰ ਔਰਤ ਨਮਾਜ ਪੜ੍ਹਦੀ ਹੋਵੇ ਤਾਂ ਆਦਮੀ ਬਰਾਬਰ ਹੋ ਜਾਵੇ ਤਾਂ ਵੀ ਨਮਾਜ ਮਕਰੂਹ ਤੈਹਰੀਮੀ ਦੱਸੀ ਹੈ। ਜੇਕਰ ਕਿਸੇ ਦੇ ਦੰਦਾਂ ਵਿਚ ਕੋਈ ਚੀਜ ਹੋਵੇ ਅਤੇ ਉਹ ਨਮਾਜ ਵੇਲੇ ਨਿਕਲ ਜਾਵੇ ਤਾਂ ਵੀ ਨਮਾਜ ਟੁਟ ਜਾਂਦੀ ਹੈ। ਜੇਕਰ ਥੁਕ ਨਾਲ ਲਹੂ ਆਵੇ, ਜੇ ਖਾਧੀ ਹੋਈ ਮਠਿਆਈ ਤਿਲ ਭਰ ਵੀ ਮੂੰਹ ਵਿਚਹੋਵੇ ਅਰ ਓਹ ਅੰਦਰ ਨਿਗਲ ਜਾਵੇ ਤਾਂ ਭੀ ਨਮਾਜ਼ ਫਾਸਦ ਮੰਨੀ ਹੈ। ਜੇ ਨਮਾਜ ਪੜ੍ਹਨ ਵੇਲੇ ਬੱਚਾ ਮਾਤਾ ਦਾ ਦੁਧ ਚੁੰਘੇ ਤਾਂ ਵੀ ਨਮਾਜ ਟੁਟ ਜਾਂਦੀ ਹੈ ਅਤੇ ਕੈ ਔਣ ਪਰ ਜਾਂ ਅੰਦਰ ਨਿਗਲਨ ਪਰ ਵੀ ਨਮਾਜ ਟੁਟ ਜਾਂਦੀ ਹੈ । ਇਸੇਤਰਾਂ ਇਕੋ ਰੁਕਨ ਵਿਚ ਕਈ ਵਾਰੀ ਖੁਜਲੀ (ਖਾਜ ਆਦਿ) ਕਰਨਾ ਮਕਰੂਹ ਹੈ । ਨਮਾਜੀ ਦੇ ਅਗੇ ਦੀ ਗੁਜਰਨਾ ਪਾਪ ਦਸਿਆ ਹੈ ਜੇਕਰ ਨਮਾਜ ਵਿਚ ਪਖਾਨਾ ਪਸ਼ਾਬ ਆਜਾਵੇ ਅਰ ਕੋਈ ਫਰਿਆਦੀ ਆ ਪਹੁੰਚੇ ਅਤੇ ਕਿਸੇ ਜਲਦੇ ਅਰ ਡੁਬਦੇ ਹੋਏ ਨੂੰ ਬਚੌਣਾ ਹੋਵੇ ਅਰ ਅੰਨ੍ਹੇ ਨੂੰ ਖੂਹ ਵਲੋਂ ਰੋਕਣਾ ਹੋਵੇ, ਐਸੇ ਸਮੇਂ ਪਰ ਨਮਾਜ਼ ਤੋੜ ਲੈਣਾ ਵਾਜਬ ਦਸਿਆ ਹੈ। ਸੱਪ, ਬਿੱਛੂ ਨੂੰ ਮਾਰਨ ਵਾਸਤੇ ਅਰ ਸਵਾਰੀ ਦੇ ਭੱਜ ਜਾਣ ਪਰ, ਕੋਈ ਡਰ ਹੋਣ ਪਰ ਪੰਜ ਆਨੇ ਦੀ ਚੀਜ ਦੇ ਨੁਕਸਾਨ ਹੋਣ ਦੇ ਡਰ ਤੋਂ ਨਮਾਜ ਦਾ ਤੋੜਨਾ ਬੁਰਾ ਨਹੀਂ ਮੰਨਿਆਂ ਪਰੰਤੂ ਉਂਗਲੀਆਂ ਦੇ ਮਟਕੌਣ, ਇਕ ਹੱਥ ਦੀਆਂ ਉਂਗਲਾਂ ਦੂਜੇ ਹੱਥ ਵਿਚ ਫਸੌਣ, ਨਮਾਜ ਵਿਚ ਲੱਕ ਪਰ ਹਥ ਰਖਣ ਨਾਲ ਕਿਧਰੇ ਮੂੰਹ ਫੇਰਨ ਪਰ ਏਧਰ ਉਧਰ ਦੇਖਣ ਨਾਲ ਕੁੱਤੇ ਦੀ ਤਰਾਂ ਬੈਠਣ ਪਰ ਦੋਨੋਂ ਗੋਡੇ ਛਾਤੀ ਨਾਲ ਲੌਣ ਪਰ ਜਾਂ ਅੱਡੀਆਂ ਭਾਰ ਬੈਠਨ ਪਰ ਦੋਨੋਂ ਹਥ ਜ਼ਮੀਨ ਪਰ ਰੱਖਣ ਨਾਲ, ਇਕ ਨਮਾਜ਼ੀ ਦਾ ਦੂਜੇ ਨਮਾਜ਼ੀ ਵਲ ਮੂੰਹ ਕਰਕੇ ਨਮਾਜ ਪੜ੍ਹਨਾ ਆਸਤੀਨ ਦੇ ਚੜ੍ਹਨ ਪਰ ਕਿਸੇ ਚੀਜ਼ ਦੇ ਮੂੰਹ ਵਿਚ ਰਖਣ ਨਾਲ ਨਮਾਜ ਮਕਰੂਹ ਹੋ ਜਾਂਦੀ ਹੈ ਏਸੇ ਤਰਾਂ ਜਾਨਵਰਾਂ ਦੀ ਤਸਵੀਰਾਂ ਵਾਲਾ ਕਪੜਾ ਜਾਂ ਤਸਵੀਰ ਅਗੇ ਪਿਛੇ ਸੱਜੇ ਖਬੇ ਕਿਸੇ ਵੀ ਤਸਵੀਰ ਦਾ ਹੋਣਾ ਸ਼ਰਹ ਤੋਂ ਵਿਰੁਧ ਹੈ। ਜੰਗਲ ਦੀ ਹਾਜਤ ਵੇਲੇ ਨਮਾਜ ਪੜ੍ਹਨੀ ਜਾਂ ਬਚਾਲੇ ਤੋਂ ਸਿਰ ਨੰਗਾ ਰੱਖਣਾ ਠਾਠਾ ਬੰਨ੍ਹਕੇ ਨਿਮਾਜ ਪੜ੍ਹਨਾ, ਕੱਲੇ ਪਜਾਮੇ ਨਾਲ ਨਮਾਜ ਪੜ੍ਹਨੀ ਨਮਾਜ ਵਿਚ ਮਕਰੂਹ ਦਸੀਆਂ ਹਨ, ਮੈਲੇ ਕਪੜਿਆਂ ਨਾਲ ਨਮਾਜ ਪੜ੍ਹਨਾ ਅਰ ਕੇਸਾਂ ਦਾ ਜੂੜਾ ਕਰਕੇ ਨਮਾਜ ਪੜ੍ਹਨਾ ਸਿਜਦੇ ਵੇਲੇ ਕੰਕਰਾਂ ਨੂੰ ਪਰੇ ਹਟਾਉਣਾ ਜਾਂ ਸਿਜਦੇ ਵੇਲੇ ਚੱਪ ਮਾਰ ਕੇ ਬੈਠਨਾ ਮੂੰਹ ਦਾ ਖੁਲ੍ਹੇ ਰਹਿਣਾ ਅੱਖਾਂ ਬੰਦ ਰਖਣੀਆਂ ਸੁਭਾਨ ਅਲਾ ਨੂੰ ਗਿਣਨਾ ਜਾਂ ਮਾਲਾ ਨਾਲ 'ਸੁਭਾਨ ਅਲਾਹ' ਕਹਿਣਾ ਮਕਰੂਹ ਮੰਨਿਆਂ ਹੈ। ਬਿਨਾਂ ਕਾਰਨ ਥੁਕਣਾ, ਨਮਾਜ ਵੇਲੇ ਪਖੇ ਜਾਂ ਕੁੜਤੇ ਨਾਲ ਹਵਾ ਲੈਣੀ, ਨੰਗੇ ਸਿਰ ਨਮਾਜ ਪੜ੍ਹਨਾ ਮਨ੍ਹਾ ਹੈ। ਸਿਜਦੇ ਵਿਚ ਪੈਰਾਂ ਨੂੰ ਢਕਣਾਂ ਤੇ ਖੱਬੇ ਸਜੇ ਝੁਕਣਾਂ, ਏਸੇ ਤਰਾਂ ਸਿਜਦੇ ਵਿਚ ਖਬੇ ਜਾਂ ਸਜੇ ਪੈਰ ਪਰ ਦਬਾ ਦੇਣਾ, ਨਮਾਜ ਵਿਚ ਖੁਸ਼ਬੂ ਦਾ

Digitized by Panjab Digital Library | www.panjabdigilib.org

ਸੁੰਘਣਾ, ਆਪਣੇ ਪੈਰ ਹਥਾਂ ਦੀਆਂ ਉਂਗ-ਲੀਆਂ ਕਿਬਲ ਦਾ ਤਰਫੋਂ ਮੋੜਨੀਆਂ ਮਨ੍ਹਾ ਹਨ। ਨਮਾਜ਼ ਵਾਸਤੇ ਜਗ੍ਹਾ ਮੁਕਰਰ ਨਾ ਕਰਨਾ, ਇਮਾਮ ਨੂੰ ਮਿਜਦਾ ਕਰਨ ਵਿਚ ਦੇਰ ਕਰਨੀ, ਰੁਕੂਹ ਵਿਚ ਗੋਡਿਆਂ ਪਰ ਹਥ ਰਖਣਾ, ਮਿਜਦੇ ਵਿਚ ਜ਼ਮੀਨ ਤੇ ਹੱਥ ਨਾਂ ਰਖਣਾ, ਦੋਨਾਂ ਹਥਾਂ ਨੂੰ ਕੰਨਾਂ ਉਪਰ ਉਠਾਣਾ ਜਾਂ ਮੋਢਿਆਂ ਤੋਂ ਹੇਠਾਂ ਰਖਣਾਂ, 'ਵਤ ਨਾਲ ਰੋਤੇ ਲੈਣੇ, ਬਗੈਰ ਅਮਾਮ ਦੇ ਸਫਾ ਪਰ ਖੜੇ ਹੋ ਜਾਣਾ, ਮੱਖੀ ਮੱਛਰ ਨੂੰ ਬਿਨਾਂ ਲੋੜ ਹਟਾ ਦੇਣਾ, ਐਸੀਆਂ ਬਾਤਾਂ ਨਮਾਜ਼ ਦੀ ਕਵਾਇਦ ਤੋਂ ਸਖਤ ਵਿਰੁਧ ਮੰਨੀਆਂ ਹਨ ਇਕੋ ਆਇਤ ਨੂੰ ਬਾਰ ਬਾਰ ਪੜ੍ਹਨ ਦਾ ਹੁਕਮ ਨਹੀਂ।

## ਏਕ ਪਾਇ ਠਾਢੇ ਸਦਾ ਬਨ ਮੈ ਰਹਤ ਬ੍ਰਿਛ, ਫੂਕ ਫੂਕ ਪਾਵ ਭੂਮਿ ਸ੍ਰਾਵਗ ਧਰਤ ਹੈ॥

ਸ੍ਰਾਵਗ ਯਾ ਸੇਵੜਿਆਂ (ਜੈਨੀਆਂ) ਦਾ ਜ਼ਿਕਰ ਪਿਛੇ ਕਾਫੀ ਆ ਚੁਕਿਆ ਹੈ ਸ੍ਰਾਵਗ ਅਸਲ ਵਿਚ ਜੈਨ ਤੇ ਬੁਧ ਦੇ ਚੇਲਿਆਂ ਦਾ ਜੋ ਉਪਦੇਸ਼ ਸੁਣਦੇ ਹਨ ਇਨਾਂ ਨੂੰ ਸ੍ਰਾਵਗ ਯਾਂ ਸ੍ਰਾਵਕ ਕਿਹਾ ਜਾਂਦਾ ਹੈ। ਇਹ ਪ੍ਰਚਾਰਕਾਂ ਨੂੰ 'ਯਤੀ' ਕਹਿੰਦੇ ਹਨ ਅਤੇ ਇਨਾਂ ਦੇ ਸੁਆਮੀਆਂ ਨੂੰ ਜਿੰਨ ਬੁਧ ਯਾ ਸਾਵਗੇਸ ਆਦਿ ਕਹਿੰਦੇ ਹਨ।

## ਜਾਪ ਕੇ ਕੀਯੇ ਤੇ ਜੋਪੈ ਪਾਯਤ ਅਜਾਪ ਨਾਥ, ਪੂਦਨਾ ਸਦੀਵ 'ਤੁਹੀ ਤੁਹੀ' ਉਚਰਤ ਹੈ।

ਜਾਪ ਤੋਂ ਭਾਵ ਪੁਨਾ ਪੁਨਾ ਕਹਿਣਾ ਹਨ, ਇਥੇ ਨਾਮ ਜਾਪ ਦਾ ਖੰਡਣ ਨਹੀਂ ਹੈ ਇਹ "ਰਾਮ ਰਾਮ ਸਭ ਕੋ ਕਹੈ, ਕਹਿਐ ਰਾਮ ਨ ਹੋਇ॥" ਅਨੁਸਾਰ ਜ਼ਬਾਨੀ ਜਮਾਂ ਖਰਚ ਹੈ। ਪ੍ਰੇਮ ਗਯਾਨ ਵਿਚਾਰ ਬਿਨਾਂ ਜਾਪ ਨਿਸਫਲ ਹੈਨ, ਜਿਵੇਂ ਪੂਦਨਾ (ਚੋਰਹਾ ਜਾਨਵਰ) ਦੀ ਆਵਾਜ਼ 'ਤੂਹੀ ਤੂਹੀ' ਹੈ। ਨਾਮ ਸਿਮਰਨ ਜਾਪ ਲਈ ਤਾਕੀਦ ਹੈ 'ਭਜੋ ਸੁ ਏਕ ਨਾਮਯੰ। ਜੁ ਕਾਮ ਸਰਬ ਠਾਮਯੰ।' ਭਾਵ ਕੇਵਲ ਕਰਤਾਰ ਦੇ ਨਾਮ ਦਾ ਜਾਪ ਜਪੋ। ਨ ਜਾਪ ਆਨ ਕੋ ਜਪੋ! ਹੋਰ ਕੋਈ ਜਾਪ ਨਾ ਜਪੋ। ਨ ਔਰ ਥਾਪਨਾ ਥਪੋ॥ (ਬਿ: ਨਾ:, 'ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨ ਅੰਤ ਕੋ ਅੰਤ ਕੇ ਧਾਮ ਸਿਧਾਰੇ। (ਪਾ:੧੦) ਆਦਿ ਅਨਾਦਿ ਅਗਾਧ ਅਭੇਖ, ਅਦ੍ਵੈਖ ਜਪਜੋ ਤਿਨ ਹੀ ਕੁਲ ਤਾਰੇ॥ (ਅਕਾਲ ਉਸਤਤ) ਸਿਧਾਂਤ ਇਹ ਹੈ ਕਿ ਮਨ ਬਾਣੀ ਕਰਕੇ ਸਿਮਰਨ ਫਲਦਾ ਇਕ ਹੈ।

## ਅਨਲ ਅਕਾਸ ਪੰਛੀ ਡੋਲਬੋ

ਇਕ ਰਵਾਇਤ ਹੈ ਕਿ ਅਨਲ ਨਾਮੀ ਪੰਖੀ ਜਿਸ ਨੂੰ ਕਿ ਸੰਸਕ੍ਰਿਤ ਦੇ ਵਿਦਵਾਨ 'ਅਲਿਲ ਪੰਖ' ਆਖਦੇ ਹਨ, ਇਹ ਸਦਾ ਹੀ ਅਸਮਾਨ ਵਿਚ ਰਹਿੰਦਾ ਔਰ ਅਕਾਸ਼ ਵਿਚੇ ਅੰਡੇ ਦਿੰਦਾ ਹੈ, ਉਸ ਦਾ ਅੰਡਾ ਧਰਤੀ ਪਰ ਪਹੁੰਚਣ ਥੀਂ ਪਹਿਲਾਂ ਹੀ ਫੁਟ ਕੇ ਉਸ ਵਿਚੋਂ ਬੱਚਾ ਨਿਕਲਨ ਸਾਰ ਉਡ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ 'ਅਨਲ ਮਨਲ ਪੰਖਣੁ ਲੈਣ ਉਡਾਰੀ, ਅੰਤ ਨ ਜਾਣੇ।' ਕਈ ਇਸ ਨੂੰ 'ਅਲਲਾ ਚੀਨ' ਆਖਦੇ ਹਨ। ਪੁਰਖਾਬ ਭੀ ਇਸੀ ਕਿਸਮ ਦਾ ਪੰਖੀ ਹੈ, ਅਥੇਤ ਹੈ

Digitized by Panjab Digital Library / www.panjabdigilib.org

ਕਿ ਜਿਸ ਦੇ ਸਿਰ ਪਰ ਦੀ ਇਹ ਗੁਜਰੇ ਯਾਂ ਸਿਰ ਪਰ ਖੰਭ ਰਖੇ ਓਹ ਬਾਦਸ਼ਾਹ ਹੋ ਜਾਂਦਾ ਹੈ, ਇਹ ਪੁਰਾਣੇ ਖਿਆਲ ਹਨ। ਪੂਦਨਾ ਇਕ ਭੁਸਲੀ ਰੰਗ ਦਾ ਨਿਕਾ ਜਿਹਾ ਪੰਖੀ ਹੈ ਇਹ ਅੰਡੇ ਤਾਂ ਜ਼ਮੀਨ ਪਰ ਦਿੰਦਾ ਹੈ, ਇਸ ਦੀ ਆਵਾਜ਼ 'ਤੂਹੀ ਤੂਹੀ' ਕਰਕੇ ਔਂਦੀ ਹੈ, ਹਮੇਸ਼ਾਂ ਉਡਦਾ ਫਿਰਦਾ ਹੈ।

## ਗੂੜ੍ਹ ਗਊਡ ਭੀਲ ਭੀਕਰ

ਗੌੜ ਯਾਂ ਗੌਂਡ ਸੀ. ਪੀ. ਵਿਖੇ ਇਕ ਕੌਮ ਹੈ। ਉੜੀਸਾ ਔਰ ਬੰਗਾਲ ਦੇ ਮਧ ਦਾ ਨਾਮ ਭੀ 'ਗੌੜ' ਹੈ ਉਧਰ ਗੌੜ ਬ੍ਰਾਹ-ਮਣ ਜ਼ਿਆਦਾ ਹਨ। ਰਾਜਪੂਤੀ ਇਕ ਸ਼ਾਖ਼ ਦੀ ਸੰਗਿਆ ਭੀ ਗੌੜ ਹੈ, ਭੀਲ ਆਦਿ ਹਿੰਦ ਦੇ ਅਸਲੀ ਬਾਸ਼ਿੰਦੇ ਸਨ, ਵਧ ਜਾਂਗਲੀ ਹਨ ਜੋ ਕਿ ਰਾਜਪੂਤਾਨੇ ਸਿੰਧ ਮੱਧ ਭਾਰਤ ਦੇ ਜੰਗਲਾਂ ਵਿਚ ਮਿਲਦੇ ਹਨ ਪਹਾੜਾਂ ਵਿਚ ਭੀ ਹਨ।

ਨੋਟ—ਮੌਜੂਦਾ ਹਿੰਦੀ ਲੋਕ ਪੱਛਮੀ ਰੂਸ, ਆਸਟਰੀਆ, ਤਿਬਤ ਆਦਿ ਵਲੋਂ ਆਏ ਸਨ, ਜੋ ਏਰੀਅਨ ਯਾਂ ਆਰੀਯਨ ਕਹੇ ਜਾਂਦੇ ਸਨ। ਅੰਗ੍ਰੇਜ਼, ਜਰਮਨ, ਫਰਾਂਸੀਸੀ, ਅਤਾਲਵੀ, ਯੂਨਾਨੀ ਇਸੀ ਨਸਲ ਦੇ ਹਨ। ਆਰੀਯਨ ਪੰਜ ਛੀ ਹਜਾਰ ਬਰਸਾਂ ਤੋਂ ਆਏ, ਪਹਿਲਾਂ ਇਥੇ ਭੀਲ, ਗਊਂਡ, ਭੀਕਰ ਆਦਿ ਸਨ। ਆਰੀਯਾ ਯਾਂ ਈਰਾਨੀ ਸ਼ਬਦ ਪੁਰਾਣਾ ਹੈ ਮੰਢੀ ਈਰਾਨ ਹੈ। ਸਪਤ ਸਿੰਧੂ ਕਹੇ ਜਾਣ ਕਰਕੇ ਹਿੰਦੂ ਪੁਕਾਰੇ ਗਏ, ਹਿੰਦੂ ਨਾਮ ਚੋਰ ਦਾ ਭੀ ਹੈ। ਦੱਖਣ ਵਲ ਦਰਾਵੜ ਕੌਮ ਵਧ ਸੀ। ਪਹਿਲੀ ਤਾਕਤ ਕੋਰੋ ਯਾਂ ਕੌਰਵਾਂ ਦਲ ਦੀ ਵਧੀ, ਜਿਨਾਂ ਨੇ ਕਿ ਹਸਤਨਾਪੁਰ (ਦਿੱਲੀ) ਰਾਜਧਾਨੀ ਰਚੀ। ਪੰਚਾਲ ਰਾਜ (ਰੁਹੇਲ ਖੰਡ, ਕਾਮ ਪੀਲਾ) ਕੌਸ਼ਲ ਰਾਜ (ਅਜੁਧਿਆ) ਕਾਂਸੀ ਰਾਜ (ਬਨਾਰਸ) ਵਿਦੇ ਰਾਜ (ਮਿਥਲਾ ਜਨਕ ਪੁਰੀ) ਮਗਧ ਰਾਜ (ਦੱਖਣੀ ਬਿਹਾਰ) ਆਦਿ ਸ਼ਾਖਾਂ ਵਿਚ ਵਧੇ ਫੁਲੇ। ਮਹਾਂ ਭਾਰਤ ਔਰ ਰਾਮਾ-ਇਣ ਤੋਂ ਹਾਲ ਮਿਲਦੇ ਹਨ ਕਿ ਹਿੰਦ ਪਰ ਪਹਿਲਾ ਹਮਲਾ ਈਰਾਨੀ ਸਕੰਦਰ ਨੇ ਕੀਤਾ, ਜੋ ਕਿ ਇਨਾਂ ਵਿਚੋਂ ਹੀ ਸੀ। ਪਹਿਲਾਂ 'ਸ਼ਾਹ ਦਾਰਾ' ਨੇ ਪੰਜਾਬ ਪਰ ਕਬਜ਼ਾ ਕੀਤਾ ਸੀ, ਦਾਰਾ ਪੰਜਾਬ ਤੋਂ ਖਿਰਾਜ ਲੈਂਦਾ ਰਿਹਾ। ਮਹਾਂ ਸਿਕੰਦਰ ਵੈਸੇ ਯੂਨਾਨੀ ਰਿਆਸਤ ਮਕਦੂਨੀਆਂ ਦੇ ਰਾਜਾ ਫਿਲਪ ਦਾ ਪੁਤ੍ਰ ਸੀ, ਬਹਾਦਰ ਇਤਨਾ ਮੰਨਿਆਂ ਗਿਆ ਕਿ ਇਸ ਨੇ ਛੋਟੀ ਉਮਰ ਵਿਚ (ਈਸਵੀ ਤੋਂ ੩੨੬ ਸਾਲ ਪਹਿਲਾਂ) ਹਿੰਦ ਪਰ ਹਮਲਾ ਕਰਕੇ ਰਾਜਾ ਪੋਰਸ ਨੂੰ ਹਾਰ ਦਿਤੀ। ਉਸ ਵੇਲੇ ਹਿੰਦੁਸਤਾਨ ਦਾ ਨਾਮ ਆਰਯਾ ਯਾਂ ਬ੍ਰਹਮ ਵੈਵਰਤੁ ਸੀ, ਪਿਛੋਂ ਭਾਰਤ ਖੰਡ ਯਾਂ ਭਾਰਤ ਵਰਸ਼ ਭੀ ਰਿਹਾ।

ਹਿੰਦ ਵਿਚ ਰਾਜਪੂਤਾਂ ਨੇ ਬੋਧੀਆਂ ਨੂੰ ਹਰਾਇਆ, ਰਾਜਾ ਹਰਸ਼ ਦੀ ਮੌਤ ਪਿਛੋਂ ਇਨਾਂ ਨੇ ਤਕਰੀਬਨ ਪੰਜ ਸੌ ਰਿਆਸਤ ਕਾਇਮ ਕਰਕੇ ਰਾਜਪੂਤਾਨਾ ਬਣਾ ਲੀਤਾ। ਇਹ ਆਪ ਨੂੰ ਸੂਰਜ ਚੰਦ੍ਰ ਵੰਸੀ ਕਹੌਂਦੇ ਸਨ। ਜਾਟ, ਅਹੀਰ, ਸ਼ਕ ਆਦਿ ਬਦੇਸ਼ੀ ਨਸਲੋਂ ਮੰਨੇ ਗਏ, ਪਰ ਹਨ ਰਾਜਪੂਤਾਂ ਵਿਚੋਂ ਹੀ। ਬੁੰਦਲੇ ਔਰ ਚੰਦੇਲ ਗੌਂਡ ਨਸਲੀ ਬਿੰਧਿਆਂ ਦੇ ਲਾਗੇ ਦੇ ਸਨ। ਅਕਸਰ ਰਾਜਪੂਤ ਕਹਿੰਦੇ ਹਨ ਕਿ

Digitized by Panjab Digital Library | www.panjabdigilib.org

ਸਾਡਾ ਵਡੇਰਾ ਆਬੂ ਪਹਾੜ ਪਰ ਅਗਨੀ ਵਿਚੋਂ ਜਨਮਿਆਂ। (ਹਵਨ ਕੁੰਡ) ਆਖਦੇ ਹਨ ਕਿ ਜਦੋਂ ਪਰਸ ਰਾਮ ਨੇ ਛਤ੍ਰੀਆਂ ਦਾ ਨਾਸ ਕੀਤਾ, ਉਪ੍ਰੰਤ ਚਾਰ ਸੂਰਮੇ ਪੈਦਾ ਹੋਏ, (ਪਰਮਾਰ, ਪਹੀਹਾਰ, ਚੌਹਾਨ ਚਾਲੂਕਯ) ਇਹ ਅਗਨੀ ਕੁਲ ਰਾਜਪੂਤ ਕਹਾਏ। ਜਿਸ ਵੇਲੇ (੧੧੭੫ ਈ:) ਸ਼ਹਾਬ-ਉ-ਦੀਨ ਮਹੰਮਦ ਗੌਰੀ ਨੇ ਹਿੰਦ ਪਰ ਹਮਲਾ ਕੀਤਾ ਸੀ ਉਸ ਵੇਲੇ ਦਿਲੀ, ਤਨਵਾਰ, ਰਾਠੌਰ, ਚੌਹਾਨ ਕਨੌਜ, ਅਜਮੇਰ, ਬਘੇਲੇ, ਗੁਜਰਾਤ, ਕਾਠੀਆ ਵਾੜ ਵਲ ਰਾਜਪੂਤ ਹੀ ਹੁਕਮਰਾਨ ਸਨ, ਪ੍ਰਿਥੀ ਚੰਦ ਅਜਮੇਰੀਆ, ਜੈ ਚੰਦ ਕਨੌਜੀਆ ਪ੍ਰਿਥੀ ਰਾਜ ਅਨੰਗ ਪਾਲ ਦਾ ਮਤਵੰਨਾ ਸੀ। ਪ੍ਰਿਥੀ ਰਾਜ ਪਤਤ ਸੀ, ਇਸ ਨੇ ਆਪਣੇ ਭਾਈ ਦੀ ਲੜਕੀ ਨੂੰ ਵਿਵਾਹ ਵੇਲੇ ਚੋਰੀ ਨਾਲ ਚੁਕਿਆ, ਜੋ ਮਹਾਂ ਅਧਰਮ ਪਣਾਂ ਸੀ।

ਐਸੇ ਕੁਕਰਮਾਂ ਦਾ ਫਲ ਸੀ ਜੋ ੧੧੯੩ ਈ: ਵਿਚ ਮਹੰਮਦ ਗੌਰੀ ਨੇ ਅਸਲੀ ਭੇਤ ਪਾ ਕੇ ਪਹਿਲਾਂ ਜੈ ਚੰਦ ਨੂੰ ਉਪ੍ਰੰਤ ਪ੍ਰਿਥੀ ਰਾਜ ਨੂੰ ਮਾਰਿਆ, ਮਹੰਮਦ ਗੌਰੀ ਨੂੰ ੧੨੦੬ ਈ: ਵਿਚ ਗੱਖੜਾਂ ਨੇ ਚੋਰੀ ਨਾਲ ਕਤਲ ਕੀਤਾ ਸੀ। ਇੱਕਰ ਹੀ ਰਾਜਪੂਤ ਆਪਸ ਵਿਚ ਦੀ ਫੁਟ ਮਰੇ ਔਰ ਮਹਿਮੂਦ ਨੇ ਹਮਲੇ ਸ਼ੁਰੂ ਕਰ ਦਿਤੇ। ਗੁਲਾਮੀ ਈਰਖਾ, ਫੁਟ ਔਰ ਆਚਰਨ ਗਿਰਨ ਨਾਲ ਹੀ ਔਂਦੀ ਹੈ।

## ਕੋਊ ਭਇਓ ਮੁੰਡੀਆ ਸਨਿਆਸੀ

ਸੰਨਯਾਸੀ ਮਤਾਂ ਦਾ ਨਿਰਣਯ:—

ਸੰਨਯਾਸੀ ਮਤ ਦਾ ਆਰੰਭਕ ਮਹਾਤਮਾਂ ਦੱਤਾਤ੍ਰੇਯ ਅਵਧੂਤ ਸੀ। ਦੱਤਾਤ੍ਰੇਯ ਨੇ ਜਿੱਥੇ ਜਿੱਥੇ ਫਿਰਕੇ ਜਿਸਨੂੰ ਪ੍ਰਚਾਰ ਕੀਤਾ ਉਸੀ ਦੇ ਨਾਮ ਪਰ ਦਸ ਪੰਥ ਟੁਰ ਪਏ ਜਿਨ੍ਹਾਂ ਦੇ ਪ੍ਰਸਿੱਧ ਨਾਮ ਬਿਸਵ ਰੂਪ, ਪਦਮ-ਪਾਦ, ਤ੍ਰੋਟਕ, ਪ੍ਰਿਥਵੀ ਧਰ ਸੀ। ਇਨਾਂ ਚੋਹਾਂ ਵਿੱਚੋਂ ਤੀਰਥ ਅਰ ਆਸ਼ਰਮ ਇਹ ਦੋਵੇਂ ਨਾਮ ਬਿਸ੍ਵਰੂਪ ਦੇ ਹਨ। ਬਨ ਅਰ ਆਰਨਯ ਪਦੱਮ ਪਾਦ ਦੇ ਨਾਮ ਪਰ ਹੈਨ। ਗਿਰ ਪਰਬਤ ਸਾਗਰ ਇਹ ਤਿੰਨੇ ਤ੍ਰੋਟਕ ਦੇ ਹਨ! ਸੁਰਸ੍ਵਤੀ, ਭਾਰਤੀ, ਪੁਰੀ ਇਹ ਤਿੰਨੇ ਨਾਮ ਪ੍ਰਿਥਵੀ ਧਰਦੇ ਹਨ। ਦੂਸਰੇ ਖ਼ਯਾਲ ਇਹ ਹਨ ਕਿ ਦੱਤਾਤ੍ਰੇਯ ਨੇ ਜਿਸ ਨੂੰ ਪਹਾੜਾਂ ਵਿਚ ਉਪਦੇਸ਼ਿਆ, ਓਹ ਪਰਬਤ ਪੰਥੀ ਅਖਵਾਏ। ਬਨਾਂ ਵਿਚਲੇ ਬਨ ਅਰ ਪਿੰਡਾਂ ਵਿਚਲੇ ਚੇਲੇ 'ਪੁਰੀ' ਸਦਾਏ। ਸਮੁੰਦਰ ਕੰਢੇ ਦੇ ਸਾਗਰੀ। ਇਕਰ ਹੀ ਗਿਰੀ, ਪੁਰੀ, ਸਾਰਸੁਤੀ ਭਾਰਤੀ, ਪਰਬਤ, ਸਾਗਰ ਬਨ, ਆਰਨਯ, ਤੀਰਥ, ਆਸ਼ਰਮ ੧੦ ਪੰਥ ਬਣ ਗਏ।

ਤੀਜੇ ਸ਼ੰਕ੍ਰਾ ਸ੍ਵਾਮੀ ਨੇ ਸੰਨਯਾਸ ਧਾਰਨ ਕਰਕੇ ਚਰਚਾ ਨਾਲ ਚੋਟੀ ਦੇ ਪੰਡਤ ਜਿੱਤ ਲਏ, ਸ਼ੰਕ੍ਰਾ ਸ੍ਵਾਮੀ ਪੱਚੀਸ ਸਾਲ ਦੀ ਉਮਰ ਵਿਚ ਇਤਨਾਂ ਵੱਡਾ ਪੰਡਤ ਸੀ ਕਿ ਉਸ ਦੀ ਵਿਦਯਾ ਅੱਗੇ ਕੋਈ ਖੜੋ ਨਾ ਸਕਿਆ, ਜਿਸ ਕਾਰਨ ਹਿੰਦੂ ਲੋਕ ਸ਼ੰਕ੍ਰਾ ਚਾਰਜ ਨੂੰ ਸ਼ਿਵ ਜੀ ਦਾ ਅਵਤਾਰ ਮੰਨ ਗਏ। ਸ਼ੰਕ੍ਰਾ ਸ੍ਵਾਮੀ ਸ਼ਿਵ ਗੁਰੂ ਨਾਮੀ ਪੰਡਤ ਦਾ ਪੁਤ੍ਰ ਸੀ। ਇਸ ਦਾ 'ਗੁਰੂ' ਗੋਬਿੰਦਾ ਨੰਦ ਸਨਯਾਸੀ ਸੀ। ਸ਼ੰਕ੍ਰਾ ਸ੍ਵਾਮੀ ਨੇ ਸਨਯਾਸ ਧਾਰ ਕੇ ਸ਼ਿਵ ਪੂਜਾ ਦਾ ਪ੍ਰਚਾਰ ਕੀਤਾ। ਇਸ ਦੇ ਚੇਲੇ 'ਸ੍ਮਾਰਤ'

Digitized by Panjab Digital Library | www.panjabdigilib.org

ਕਹੌਂਦੇ ਹਨ। ਸ਼ੰਕ੍ਰਾ ਸਵਾਮੀ ਨੇ ਆਪਣੀ ਬੱਤੀਸ ਸਾਲਾ ਆਯੂ ਵਿਚ ਮੁੰਡਿਨ ਮਿਸ਼ਰ ਜੈਸੇ ਅਜਿੱਤ ਪੰਡਤ ਭੀ ਹਰਾ ਦਿਤੇ ਅਰ ਉਸ ਦੀ ਅਰਧੰਗੀ ਭਾਰਤੀ ਪੰਡਤਾਂ ਨਾਲ ਭੀ ਸਤਾਰਾਂ ਦਿਨ ਚਰਚਾ ਹੋਈ। ਅੰਤ ਪੰਡਿਤ ਮੁੰਡਿਨ ਮਿਸਰ ਅਰ ਉਸ ਦੀ ਅਰਧੰਗੀ ਭਾਰਤੀ ਹਾਰ ਮੰਨ ਕੇ ਸਨਯਾਸੀ ਪ੍ਰਚਾਰਕ ਬਣ ਗਏ। ਜਿਸ ਪਰ ਸ਼ੰਕ੍ਰਾ ਸ੍ਵਾਮੀ ਦਾ ਹੌਂਸਲਾ ਇਤਨਾ ਵਧ ਗਿਆ ਕਿ ਓਹ ਘਿਉ ਦਾ ਕੜਾਹਾ ਤਲ ਕੇ ਹਾਰਨ ਵਾਲੇ ਨੂੰ ਉਸ ਵਿਚ ਤਲਨ ਦੀ ਸ਼ਰਤ ਰਖਦਾ। ਇਸ ਤਰਾਂ ਸ਼ੰਕ੍ਰਾ ਚਾਰਜ ਨੇ ਬੁਧ ਮਤ ਨੂੰ ਭੀ ਭਾਜੜਾਂ ਪਾ ਦਿਤੀਆਂ। ਗਲ ਕੀ ਪੰਡਤ ਗਿਆਨ ਚੰਦ ਵਿਸ਼ਨੂੰ ਗੁਪਤ ਸੁੱਧ ਕੀਰਤੀ, ਚਿਰੀਲਾਸ, ਸਮਿਤ੍ਰਾਣਾ, ਕ੍ਰਿਸ਼ਨ ਦਰਸ਼ਨ, ਭਾਨੂ ਮਰੀਚੀ, ਅਨੰਤਾ ਨੰਦ, ਬੁਧਿ ਬਿਧੋ, ਚਿਰੰਜੀਵਪਾਦ ਆਦਿਕ ਅਨੇਕਾਂ ਪੰਡਤ ਹਾਰ ਖਾ ਕੇ ਚੇਲੇ ਬਣ ਗਏ, ਜੋ ਭਾਰੇ ਪ੍ਰਚਾਰਕ ਹੋਏ। ਇਨਾਂ ਦੇ ਨਾਮਾਂ ਪਰ ਵੀ ਸਨਿਆਸੀ ਫਿਰਕੇ ਚੱਲ ਪਏ। ਸ਼ੰਕ੍ਰਾ ਸ੍ਵਾਮੀ ਨੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਪ੍ਰਚਾਰ ਕਰ ਕੇ ਧਾਂਕਾਂ ਪਾ ਦਿਤੀਆਂ ਜਿਸਨੇ ਬੋਧ ਮਤ ਨੂੰ ਦੇਸ ਨਿਕਾਲਾ ਦਿਵਾਇਆ ਪਰ ਸ਼ੰਕ੍ਰਾ ਚਾਰਜ ਬੱਤੀਸ ਸਾਲ ਦੀ ਉਮਰ ਵਿਚੇ ਕਿਦਾਰ ਖੰਡ ਜਾ ਕੇ ਪ੍ਰਲੋਕ ਸਿਧਾਰ ਗਿਆ। ਸ਼ੰਕ੍ਰਾ ਚਾਰਜ ਦੀ ਰਚਿਤ ਭਗਵਤ ਗੀਤਾ ਭਾਸ਼ਜ, ਵੇਦਾਂਤ ਭਾਸ਼ਜ ਆਦਿ ਕਿਤਨੇ ਹੀ ਗ੍ਰੰਥ ਹਨ। ਸ਼ੰਕ੍ਰਾ ਚਾਰਜ ਨੇ ਆਪਣੇ ਜੀਊਂਦੇ ਜੀ ਪਰਚਾਰ ਲਈ ਹਿੰਦੁਸਤਾਨ ਦੇ ਦੱਖਣ ਵੱਲ ਸ੍ਰਿੰਗੇਮਠ (ਇਲਾਕਾ ਮੈਸੂਰ) ਪੱਛਮ ਦਿਸ਼ਾ ਵਿਚ 'ਸਾਰਦਾ ਮੱਠ' (ਦੁਆਰਕਾ ਪੁਰੀ ਵਿਖੇ) ਉੱਤਰੀ ਦਿਸ਼ਾ ਵਿਖੇ ਜੋਸ਼ੀ ਮਠ (ਜ਼ਿਲਾ ਗੜ੍ਹਵਾਲ) ਅਰ ਪੂਰਬੀ ਦਿਸ਼ਾ ਵਿਖੇ ਗੋਵਰਧਨ ਮਠ (ਉੜੀਸਾ ਵਿਖੇ) ਕੇਂਦਰ ਸਥਾਨ ਬਣਾਏ। ਹਿਮਾਲੇ ਪਰਬਤ ਵਾਲਾ (ਬੈਜ ਨਾਥ ਦੇ ਪਾਸ) ਮੰਦਰ ਅਰ ਜਗੰਨਾਥ ਵਾਲਾ ਮੰਦਰ ਵਡੇ ਮਸ਼ਹੂਰ ਔਰ ਸਨਯਾਸੀਆਂ ਦੇ ਪੂਜਯ ਸਥਾਨ ਹੈਨ। ਸ਼ੰਕ੍ਰਾ ਸ੍ਵਾਮੀ ਤੋਂ ਪਿਛੋਂ ਸਨਯਾਸੀਆਂ ਦੇ ਅਨੇਕਾਂ ਫਿਰਕੇ ਹੋ ਗਏ। ਜਿਥੇ ਜਿਸ ਪ੍ਰਚਾਰਕ ਦੀ ਮੜ੍ਹੀ ਬਣੀ ਉਥੇ ਹੀ ਪੂਜੀ ਜਾਣ ਲੱਗੀ। ਚਾਲੀ ਪੰਜਾਹ ਮੜ੍ਹੇ ਸਥਾਨ ਤਾਂ ਖਾਸ ਹੀ ਹੈਨ, ਜਿਨਾਂ ਪਰ ਵੱਖੋ ਵੱਖ ਖਯਾਲਾਂ ਦੇ ਸੰਨਯਾਸੀ ਮੁਕੀਮ ਹੈਨ। ਇਸੇਤਰਾਂ ਸਨਯਾਸੀਆਂ ਦੇ ਨਿਰੰਜਨੀ, ਅਟੱਲੀ, ਨਿਰਬਾਣੀ, ਜੂਨਾ, ਅਘੋਰਾ, ਅਨੰਦ ਅਗਨ, ਭੂਤ ਨਾਥ ਆਦਿ ਕਈ ਅਖਾੜੇ ਭੀ ਹੈਨ। ਸਨਯਾਸੀ ਭਾਵੇਂ ਦਸਾਂ ਪੰਥਾਂ ਵਿਚ ਵੰਡੇ ਹੈਨ, ਪਰੰਤੂ ਅੱਡੋ ਅੱਡ ਖਿਆਲਾਂ ਦੀ ਬਹੁਤ ਸੀ ਮੰਡਲੀਆਂ ਹੈਨ। ਇਨਾਂ ਦੇ 'ਪਰਮਤਕਾਲਨ' ਨਾਮੀ ਪ੍ਰਚਾਰਕ ਨੇ ਸ਼ਿਵ ਭਗਤੀ ਦਾ ਪਰਚਾਰ ਕੀਤਾ ਪਰ ਹਸਤਾਮਲ ਅਰ ਲਖਮੀਚਾਰਜ ਨੇ ਵਿਸ਼ਨੂੰ ਭਗਤੀ ਦਾ ਅਤੇ ਦਿਬਾਚਾਰਜ ਨੇ ਸੂਰਜ ਉਪਾਸ਼ਨਾਂ ਦੱਸੀ ਔਰ ਤ੍ਰਿਪਰਕਾਰ ਨੇ ਸ਼ਾਕਤਕ (ਸ਼ਕਤੀ ਪੂਜਾ) ਮਤ ਦਾ ਹੀ ਪ੍ਰਚਾਰ ਕੀਤਾ ਅਤੇ ਬਟਕ ਨਾਥ ਨੇ ਭੈਰੋਂ ਦੀ ਉਪਾਸ਼ਨਾ ਦ੍ਰਿੜਾਈ। ਸਿੱਟਾ ਕੀ ! ਆਪਾ ਧਾਪੀ ਮਚਾ ਦਿਤੀ। ਜਿਸ ਕਰਕੇ ਕੋਈ ਸੰਨਯਾਸੀ ਤਾਂ ਜਟਾ ਜੂਟ ਹੈ, ਕੋਈ ਮੋਨਾ ਘੋਨਾ ਹੈ ਅਰ ਕੋਈ ਰੁਦ੍ਰਾਖ ਦੀ ਮਾਲਾ ਦਾ ਪ੍ਰੇਮੀ ਹੈ। ਇਕਰ ਭੀ ਦਸਨਾਮੀ ਸਨਯਾਸੀ ਟੁਰੇ। ਪਰਮ ਸ਼ੋਕ ! ਅੱਜ ਕਲ

Digitized by Panjab Digital Library | www.panjabdigilib.org

ਸਨਯਾਸੀਆਂ ਵਿਚ ਕੋਈ ਗਾਂਜਾ ਪੀਂਦਾ ਹੈ, ਕੋਈ ਭੰਗੜ ਹੈ, ਕੋਈ ਸੁਲਫੇ ਵਿਚ ਮਸਤ ਹੈ, ਕੋਈ ਸ਼ਰਾਬ, ਖਾਨਾ ਖਰਾਬ ਨੂੰ ਚਿੰਬੜ ਰਿਹਾ ਹੈ। ਇਸਤਰਾਂ ਸਨਯਾਸੀ ਲੋਕ ਢੈਂਹਦੀ ਦਸ਼ਾ ਵਲ ਦੌੜਦੇ ਹਨ। ਸਨਯਾਸੀਆਂ ਦੀ ਖਾਸ ਸ਼ਾਖ ਦੰਡੀ ਸਨਯਾਸੀ ਹਨ, ਜਿਨਾਂ ਦਾ ਸਿਰ ਮੂੰਹ ਮੁੰਡਿਆ ਅਰ ਹਥ ਵਿਚ ਡੰਡਾ ਅਰ ਕਰਮੰਡਲ ਹੁੰਦਾ ਹੈ (ਦੰਡਾ ਛੋਟਾ ਜਿਹਾ ਬਾਂਸ ਦਾ ਗੰਢੀਲਾ ਸੋਟਾ ਹੁੰਦਾ ਹੈ) ਇਸ ਨਾਲ ਕਈ ਜੰਞੂ ਅਤੇ ਭਗਵੀਂ ਟਾਕੀ ਬੰਧ ਛਡਦੇ ਹਨ। ਇਸ ਤੋਂ ਇਹ ਭਾਵ ਲਿਆ ਜਾਂਦਾ ਹੈ, ਕਿ ਡੰਡੇ ਪਰ ਮਹਾਂ ਮਾਈ ਅਰ ਮਹਾਂ ਕਾਲੀ ਰਹਿੰਦੀ ਹੈ। ਦੰਡੀ ਮਤ ਦੇ ਸਨਯਾਸੀ ਅਕਸਰ ਬ੍ਰਾਹਮਣਾਂ ਵਿਚੋਂ ਹੀ ਹੁੰਦੇ ਨੇ। ਦੰਡੀ ਬਣਨ ਸਮੇਂ 'ਗੁਰੂ' ਸਨਯਾਸੀ ਬਣਨ ਵਾਲੇ ਬ੍ਰਾਹਮਣ ਦੀ ਬੋਦੀ ਭੀ ਕੁਤਰ ਸੁਟਦਾ ਹੈ, ਭਾਵ ਜੰਞੂ ਉਤਾਰ ਕੇ ਮੰਤ੍ਰ ਪੜ੍ਹ ਸਨਯਾਸਪਣੇ ਦੀ ਫੂਕ ਮਾਰਦਾ ਹੈ। ਕਈ ਘਿਉ ਅਰ ਮਿੱਟੀ ਵਿਚ ਸਪਾਰੀ ਭੁੰਨ ਕੇ ਉਸ ਨੂੰ ਖੁਲਾ ਦਿੰਦੇ ਨੇ। ਭਗਵੇ ਬਸਤਰ ਪਹਿਰਾਏ ਜਾਂਦੇ ਨੇ। ਸਨਯਾਸੀਆਂ ਦੇ ਨਾਮ ਪਿਛੋਂ ਅਕਸਰ ਭਾਰਥੀ, ਸੁਰਸ੍ਵਤੀ, ਆਸ਼੍ਰਮ ਆਦਿ ਸ਼ਬਦਾਂ ਵਾਲਾ ਨਾਮ ਰਖਦੇ ਨੇ। ਇਹ ਲੋਕ ਦਾੜ੍ਹੀ ਮੁੱਛ ਕੁਝ ਭੀ ਨਹੀਂ ਛੋਡਦੇ, ਬਲਕਿ ਦੰਡੀ ਸਨਯਾਸੀਆਂ ਦਾ ਵੱਡਾ ਕੰਮ ਭੀ ਹਰ ਮਹੀਨੇ ਸਿਰ ਮੂੰਹ ਚਟਮ ਕਰੌਣਾ ਹੈ। ਇਹ ਲੋਕ ਰੁਪਏ ਪੈਸੇ ਨੂੰ ਹਥ ਨਹੀਂ ਲਗੌਂਦੇ, ਪਰ ਲੋੜ ਪਈ ਤੇ ਕਪੜੇ ਨਾਲ ਬੰਧਾ ਕੇ ਦੂਜੇ ਤੋਂ ਹੀ ਖੁਲਵੌਂਦੇ ਨੇ। ਸਨਯਾਸੀ ਅਕਸਰ ਬ੍ਰਾਹਮਣਾਂ ਦੇ ਘਰੋਂ ਮੰਗ ਖਾਂਦੇ ਨੇ। ਭੋਜਨ ਅੱਠ ਪਹਿਰਾ ਹੁੰਦਾ ਹੈ। ਪਿੰਡਾਂ ਵਿਚ ਨਾ ਟਿਕਣਾਂ, ਕਪੜੇ ਨਾ ਪਹਿਰਨੇ ਇਹੋ ਜਿਹੇ ਕਿਤਨੇ ਨਿਯਮ ਹੈਨ ਪਰ ਸ਼ਰਾਬ ਵਲੋਂ ਐਡਾ ਪਰਹੇਜ਼ ਨਹੀਂ ਹੈ। ਕਈ ਤਾਂ ਬਾਮਮਾਰਗੀਆਂ ਦੀ ਤਰਾਂ ਪੰਜ ਤਤ੍ਵ ਸੇਵਨਾ ਕਰਦੇ ਨੇ।

ਸਨਯਾਸੀ 'ਓਅੰ ਸ਼ਿਵੋਹੰ' ਦਾ ਜਾਪ ਕਰਦੇ ਨੇ ਅਰ ਪਰਮਹੰਸ 'ਪ੍ਰਣਵ' ਹੀ ਆਖਦੇ ਨੇ। ਕਈ ਸੰਧਿਆ ਗਾਯਤ੍ਰੀ ਭੀ ਪੜ੍ਹਦੇ ਨੇ ਅਰ ਤ੍ਰਿਪੁੰਡ ਤਿਲਕ ਮਥੇ ਪਰ ਲਾ ਰਖਦੇ ਨੇ। ਬਾਰਾਂ ਸਾਲਾਂ ਦਾ ਦੰਡੀ ਸਨਯਾਸੀ ਆਪੇ ਹੀ 'ਪਰਮਹੰਸ' ਬਣ ਜਾਂਦਾ ਹੈ ਪਰੰਤੂ ਸ਼ਿਵ ਭਗਤੀ ਪਰਧਾਨ ਹੈ। ਦੰਡੀ ਸਾਧ ਮੁਰਦੇ ਸਾੜਦੇ ਨਹੀਂ, ਬਲਕਿ ਦੱਬਦੇ ਅਥਵਾ ਪਾਣੀ ਵਿਚ ਬਹਾ ਦਿੰਦੇ ਨੇ। ਇਨਾਂ ਦੇ ਹੰਸ, ਪਰਮਹੰਸ ਸਾਧ ਭੀ ਕੋਟੀਚਕ ਹੰਸ ਬਹੂਦਕ, ਪਰਮਹੰਸ ਆਦਿ ਸ੍ਰੇਣੀਆਂ ਵਿਚ ਵੰਡੇ ਪਏ ਨੇ। ਇਨਾਂ ਵਿਚੋਂ ਹੰਸ ਅਰ ਕੋਟੀਚਕ ਫਿਰਕੇ ਤਾਂ ਸ਼ਿਵ ਲਿੰਗ ਦੀ ਪੂਜਾ ਕਰਦੇ ਨੇ ਪਰ ਬਹੂਦਕ ਸ਼ਾਕਤਕ ਮਤ ਦੀ ਤਰਾਂ ਮਨਭੌਂਦੀ ਦੇਵੀਆ ਦੀ ਪੂਜਾ ਕਰਦੇ ਨੇ। ਇਨਾਂ ਤੋਂ ਨੀਚੇ ਅਵਧੂਤ ਸਾਧੂ ਹੈਨ। ਇਹ ਭੀ ਚਾਰ ਕਿਸਮਾਂ ਦੇ ਹਨ—ਹੰਸ, ਸ਼ਿਵ ਭਗਤ ਅਤੇ ਅਵਧੂਤ। ਇਹ ਕੇਸਾਂ ਵਿਚ ਸੁਆਹ ਪਾ ਕੇ ਜਟਾਂ ਬਣੌਂਦੇ ਨੇ। ਕਿਸੀ ਦੇ ਗੁੰਦੀ ਹੋਈ ਜਟਾਂ, ਕੋਈ ਬਾਵਰੀਆਂ ਖਿੰਡਾਈ ਫਿਰਦਾ ਹੈ, ਕੋਈ ਪਿਛੇ ਲਟਕਾਈ ਉੱਚਾ ਜਿਹਾ ਮੰਡਾਸਾ ਬਣਾ ਛਡਦਾ ਹੈ। ਕਿਸੇ ਦੇ ਤੇੜ ਲੰਗੋਟਾ ਹੈ, ਕਿਸੀ ਦੇ ਪਰਨਾ ਹੈ, ਕੋਈ ਸਰੀਰ ਪਰ ਸੁਵਾਹ ਮਲਦਾ ਹੈ,

Digitized by Panjab Digital Library | www.panjabdigilib.org

ਕੋਈ ਲਾਲ ਚੰਦਨ ਮਲਦਾ ਹੈ। ਇਸ ਤਰਾਂ ਅਨੇਕ ਭੇਖ ਹੈਨ। ਅਵਧੂਤਾਂ ਨਾਲ ਅਕਸਰ ਅਵਧੂਤਨੀਆਂ ਭੀ ਸਿਰ ਵਿਚ ਸੁਵਾਹ ਪਾ ਕੇ ਸਰੀਰ ਪਰ ਸੁਆਹ (ਬਿਭੂਤ) ਮਲ ਰਖਦੀਆਂ ਹੈਨ। ਅਵਧੂਤਾਂ ਦਾ ਵੱਡਾ ਕੰਮ ਮੰਗ ਖਾਣਾ ਤੇ ਤੀਰਥਾਂ ਪਰ ਭਰਮਣਾ ਹੀ ਹੈ। ਇਹ ਲੋਕ ਅਵਧੂਤਨੀਆਂ ਨੂੰ ਸ਼ੂਦਰਾਂ ਦੀ ਤਰਾਂ ਲੰਗਰ ਦੀ ਪੰਗਤੋਂ ਬਾਹਰ ਰਖਦੇ ਨੇ। ਮੰਤਰ ਭੀ ਅਵਧੂਤਨੀਆਂ ਹੀ ਦਿੰਦੀਆਂ ਹੈਨ। ਭਾਵ ਇਸਤ੍ਰੀਆਂ ਲਈ ਪੂਰਨ ਤੌਰ ਪਰ ਧਰਮ ਦੇ ਅਧਿਕਾਰ ਨਹੀਂ ਰਖੇ। ਵੈਸੇ ਅਵਧੂਤ ਅਤੇ ਅਵਧੂਤਨੀਆਂ ਸਾਖਸ਼ਾਤ ਸ਼ਿਵ ਤੇ ਪਾਰਬਤੀ ਮੰਨੇ ਜਾਂਦੇ ਹੈਨ।

ਅਵਧੂਤ ਸਨਯਾਸੀ ਵਡੇ ਪ੍ਰੇਮ ਨਾਲ ਸ਼ਿਵ ਲਿੰਗ ਦੀ ਪੂਜਾ ਕਰਦੇ ਨੇ, ਜਾਂ ਉਂਗਲਾਂ ਨਾਲ ਹੀ ਸ਼ਿਵ ਲਿੰਗ ਤੇ ਯੋਨੀ ਬਣਾ ਕੇ ਪੂਜਦੇ ਨੇ ਅਥਵਾ ਪਹਾੜਾਂ ਜਾਂ ਨਦੀ ਦੇ ਕਿਨਾਰੇ ਜਾ ਕੇ ਸ਼ਿਵ ਲਿੰਗੀ ਸ਼ਕਲ ਦੇ ਪੱਥਰ ਭਾਲ ਕੇ ਪੂਜਦੇ ਨੇ। 'ਸ਼ਿਵ ਲਿੰਗ' ਨੂੰ ਯੋਨੀ ਵਿਚ ਟਕੋਣ ਸਮੇ 'ਓ' ਨਮਯ ਸ਼ਿਵਾਯ' ਆਦਿ ਦਾ ਜਾਪ ਹੁੰਦਾ ਹੈ। ਅਵਧੂਤ ਗਲੇ ਵਿਚ ਰੁਦ੍ਰਾਖ, ਬਸਤਰ ਭਗਵੇ ਅਤੇ ਤੇੜ ਕਪੀਨ ਰਖਦੇ ਨੇ। ਕਈ ਪਿੱਤਲ ਤਾਂਬੇ ਦਾ ਕੰਗਨਾ ਰਖਦੇ ਨੇ। ਸੰਨਯਾਸੀ ਮਿਲਨ ਸਮੇਂ 'ਨਮੋਂ ਨਾਰਾਯਣ' ਆਦਿ ਬੋਲਦੇ ਨੇ। ਕਈਆਂ ਦੇ ਗਲ ਵਿਚ ਠੁਮਰਿਆਂ ਦੀ ਕੰਠੀ ਜੋ ਹਿੰਗਲਾਜ ਦੇਵੀ ਦੀ ਹੁੰਦੀ ਹੈ। ਕੋਈ ਰੰਜੇਸ਼ਵਰੀ ਦੇਵੀ ਦੀ ਜੋੜੀ, ਕੋਈ ਨੇਪਾਲ ਦੀ ਪੁਤਰੀ ਦਾ ਮਣਕਾ, ਕੋਈ ਸੁਪਾਰੀ ਤੇ ਸੁਨੈਹਰੀ ਮਛਲੀ, ਕੋਈ ਸੰਖੇ ਚੌੜੀ, ਕੋਈ ਕੰਕਰ ਆਦਿ ਪਹਿਨੇ ਹੁੰਦੇ ਨੇ। ਸਿੱਟਾ ਕੀ! ਜਿਤਨਾ ਵੱਡਾ ਸਨਯਾਸੀ ਉਤਨਾ ਹੀ ਵੱਡਾ ਉਸ ਦਾ ਚੱਕ੍ਰ ਚਿੰਨੀ ਭੇਖ ਹੁੰਦਾ ਹੈ। ਇਹ ਭੀ ਜੋਗੀਆਂ ਦੀ ਤਰਾਂ ਖਿੰਥਾ ਝੋਲੀ ਪੌਣੀ, ਹੱਥੀਂ ਕਰਮੰਡਲ ਰੱਖਣੇ ਤੇ ਧੂਏਂ ਸੇਕਣੇ ਆਦਿ ਕਰਮ ਕਰਦੇ ਨੇ।

ਕਈ ਸਨਯਾਸੀ ਬਾਮ ਮਾਰਗੀਆਂ ਦੀ ਤਰਾਂ 'ਬਾਲਾ ਸੁੰਦਰੀ' ਦੀ ਪੂਜਾ ਕਰਦੇ ਨੇ ਇਸ ਦਾ ਨਾਮ 'ਜੋਤ ਪੂਜਾ' ਹੈ ਜੋਤ ਮਾਰਗ ਪੂਜਾ ਵਿਚ ਬ੍ਰਹਮਾਂ, ਵਿਸ਼ਨੂੰ, ਕਾਲੀ ਮਾਈ ਤੇ ਭੈਰੋਂ ਦੀ ਪੂਜਾ ਭੀ ਹੁੰਦੀ ਹੈ, ਕਿਧਰੇ ਹਨੂਮਾਨ ਭੀ ਪੂਜੀਦਾ ਹੈ, ਪਰੰਤੂ ਪਰਧਾਨਤਾ ਬਾਲਾ ਸੁੰਦਰੀ ਦੀ ਹੈ। ਇਹ ਕਰਤਬ ਲੁਕ ਕੇ ਹੁੰਦਾ ਹੈ। ਓਥੇ ਮਾਸ ਸ਼ਰਾਬ ਉਡਦੇ ਤੇ ਭੋਗ ਬਿਲਾਸ ਹੁੰਦੇ ਨੇ। ਇਸ ਤਰਾਂ ਕਾਪੜੀਏ, ਨਗਨ, ਕਰਮੰਡਲੀ, ਦੰਡੀ, ਅਲਖੀਏ, ਕਪੀਨੀ, ਲੰਗੋਟੀਏ ਸਾਧੂ ਅਨੇਕਾਂ ਤਰਾਂ ਦੇ ਨੇ।

ਕਈ ਸਨਯਾਸੀ ਗੋਲਾ ਸਾਹਿਬ ਵਿਚ ਸਵਾਹ, ਚੰਦਨ ਅਰ ਕੇਸਰ ਆਦਿ ਮਥ ਕੇ ਪਿੰਨਾ ਜਿਹਾ ਬਣਾ ਲੈਂਦੇ ਨੇ, ਜੋ ਗੋਲ ਮੋਲ ਖੁਦੇ ਦੀ ਤਰਾਂ ਹੁੰਦਾ ਹੈ। ਕਈ ਚੌਰਸ (ਇਟ ਵਰਗਾ) ਬਣਾ ਲੈਂਦੇ ਨੇ, ਉਸ ਨੂੰ ਗੋਲਾ ਸਾਹਿਬ ਕਹਿਕੇ ਉਸ ਅਗੇ ਮੱਥੇ ਟੇਕਦੇ ਅਤੇ ਚੌਲ, ਫੁਲ, ਚੰਦਨ ਸ਼ੀਰਣੀ ਆਦਿ ਭੇਟਾ ਕਰਦੇ ਹਨ।

ਸਨਯਾਸੀਆਂ ਵਿਚ ਨਾਂਗੇ ਸਾਧੂ ਬਹੁਤ ਹਠੀਅਲ ਮੰਨੇ ਗਏ ਨੇ। ਇਹ ਕਠਨ ਤਪ ਕਰਦੇ ਨੇ। ਕੋਈ ਉਤਾਹਾਂ ਬਾਹਾਂ ਕਰ ਕੇ ਸੁਕਾ ਲੈਂਦਾ ਹੈ। ਕੋਈ ਖੜਾ ਹੀ ਸੁੱਕਦਾ ਹੈ। ਕੋਈ ਉਤਾਹਾਂ ਨੂੰ ਮੁੱਖ ਕਰਕੇ ਗਰਦਨ

Digitized by Panjab Digital Library | www.panjabdigilib.org

ਹੀ ਵਿੰਗੀ ਕਰਕੇ 'ਉਰਧ ਮੁਖੀ' ਖਿਤਾਬ ਪੌਂਦਾ ਹੈ। ਇਨ੍ਹਾਂ ਵਿਚ ਅਕਾਸ ਮੁਖੀਏ ਤੇ ਉਰਧ ਮੁਖੀਏ ਭੀ ਪਾਏ ਜਾਂਦੇ ਨੇ। ਕਈ ਨਾਂਗੇ ਸਾਧੂ ਅਲਫ ਨੰਗੇ ਹੋ ਕੇ ਬਨਾਂ ਵਿਚ ਪਸੂਆਂ ਦੀ ਤਰਾਂ ਵਿਚਰਦੇ ਨੇ। ਇਨ੍ਹਾਂ ਵਿਚ ਕਈ ਚੰਮ ਬੰਧੀ ਫਿਰਦੇ ਨੇ। ਕੋਈ ਸਿਰ ਮੂੰਹ ਮੁੰਨ ਕੇ ਬ੍ਰਹਮਚਾਰੀ ਹੈ। ਕੋਈ 'ਮੋਨੀ' ਹੈ। ਇੱਕਰ ਹੀ ਕੋਈ ਲੰਬੇ ਲੰਬੇ ਨਾਖੁਨ ਵਧਾਈ ਫਿਰਦਾ ਹੈ। ਇਹ ਨਖੀ ਸਨਜਾਸੀ ਹੈਨ। ਕਈ ਸਾਰਾ ਦਿਨ ਖੜੇ ਕੇ ਸੁੱਕਣ ਹਾਰੇ 'ਠਾਂਡੇਸ੍ਵਰੀ' ਸਦੌਂਦੇ ਨੇ। ਇਸੇ ਤਰਾਂ ਕੋਈ ਝੂਲੇ ਪਰ ਲਟਕਦਾ ਹੈ। ਕੋਈ ਤ੍ਰਿਖੀ ਸੀਖਾਂ ਦੇ ਮੰਜੇ ਪਰ ਪਿਆ ਤੜਫਦਾ ਹੈ। ਕੋਈ ਪੁੱਠਾ ਲਟਕਦਾ ਹੈ। ਕੋਈ ਪੁੱਠਾ ਲਟਕ ਕੇ ਸਿਰ ਹੇਠਾਂ ਅੱਗ ਜਲੌਂਦਾ ਹੈ। ਕੋਈ ਪਾਣੀ ਵਿਚ ਠਰਦਾ ਹੈ। ਕੋਈ ਜਲ ਵਿਚ ਜਲ-ਧਾਰਾ ਕਰਦਾ ਹੈ। ਕੋਈ ਪੰਜ ਧੂਣੀਆਂ ਤਪਦਾ ਹੈ (ਚਾਰੇ ਪਾਸੇ ਚਾਰ ਧੂਏਂ ਉੱਪਰ ਪੰਜਵਾਂ ਸੂਰਜ ਇਹ ਪੰਜ ਅਗਨੀ ਤਪ ਸਦੌਂਦਾ ਹੈ) ਕੋਈ ਮੋਨੀ ਹੈ। ਕੋਈ ਮੁਢੋਂ ਪਿਸ਼ਾਬ ਇੰਦਰੀ ਕਟਾਈ ਫਿਰਦਾ ਹੈ। ਕੋਈ ਇੰਦਰੀ ਪਰ ਲੋਹੇ ਦਾ ਕੜਾ ਚੜ੍ਹਾਕੇ ਜਤੀ ਬਣਦਾ ਹੈ। ਕੋਈ ਅਲਫ ਨੰਗਾ ਹੈ। ਕੋਈ ਜੰਜੀਰ ਨਾਲ ਲੰਗੋਟ ਕੱਸਦਾ ਹੈ। ਕੋਈ ਇਸ਼ਾਰੇ ਨਾਲ ਹੀ ਬੋਲਦਾ ਹੈ। ਕੋਈ ਮੱਛੀ ਡੱਡੂ ਦੀ ਮਾਨਿੰਦ (ਜਲ ਸੇਜਾ) ਪਾਨੀ ਵਿਚ ਬੈਠਦਾ ਹੈ। ਕੋਈ ਦੂਧਾ ਧਾਰੀ ਹੈ। ਕੋਈ ਫਲੇਹਾਰੀ ਸਨਜਾਸੀ ਹੈ। ਕੋਈ ਨਿਮਕ ਨਾ ਖਾ ਕੇ 'ਅਲੂਣੀਆਂ ਸਨਜਾਸੀ' ਅਖਵੌਂਦਾ ਹੈ।

ਸਿੱਟਾ ਕੀ ! ਭਾਵੇਂ ਸਨਜਾਸੀ ਲੋਕ ਦਸ ਪੰਥਾਂ ਵਿਚ ਮੰਨੇ ਗਏ ਹਨ ਅਰ ਭੁਖੜ, ਕੁਕੜ, ਧੁਕੜ ਆਦਿ ਕਈ ਸੰਪ੍ਰਦਾਇ ਹਨ, ਪਰੰਤੂ ਗੋਰਖ ਨਾਥ ਦੇ ਚੇਲੇ ਬ੍ਰਹਮ ਗਿਰੀ ਦੇ ਉਘਰ ਨਾਮੀ ਸਨਜਾਸੀ ਹਨ। ਇਸੇ ਤਰਾਂ ਉੱਘੜਕੇ ਸੁਘੜਕੇ ਕਈ ਧੂਏਂ ਹਨ। ਕਿਧਰੇ ਸੁਖੜ ਕੇ ਰੂਖੜ ਕੇ ਸਨਜਾਸੀ ਹਨ। ਗਲ ਕੀ ! ਸਨਜਾਸੀਆਂ ਦੀ ਸ਼ਾਖਾਂ ਦਾ ਲੇਖਾ ਪੱਤਾ ਕਰਨਾ ਕਠਨ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਜਿਤਨੇ ਸਨਜਾਸੀ ਹਨ ਉਤਨੇ ਹੀ ਫਿਰਕੇ ਅਰ ਉਤਨੇ ਪ੍ਰਕਾਰ ਦੇ ਭੇਖ ਅਰ ਕਰਮ ਹੈਨ।

## ਹਿੰਦੂ ਤੁਰਕ ਕੋਈ ਰਾਫਜੀ ਇਮਾਮ ਸਾਫੀ

ਰਾਫਜੀ—ਮੁਸਲਮਾਨਾਂ ਦਾ ਇਕ ਫਿਰਕਾ ਅਥਵਾ ਫ਼ਿਰਕਾ ਜਿਸ ਨੇ ਕੁਕਰਮ ਛਡ ਦਿਤੇ ਹਨ ਸੋ ਰਾਫਿਜੀ ਅਥਵਾ ਰਾਫਜੀ ਅਰ ਇਮਾਮ ਸਾਫੀ ਦੋ ਫ਼ਿਰਗੀਆਂ ਹੈਨ ਵੈਸੇ ਮੁਸਲਮਾਨਾਂ ਵਿਚ ਦੋ ਖਿਆਲਾਂ ਦੀ ਤਾਦਾਦ ਦੇ ਲੋਕ ਵਧ ਹਨ। ਸੁੰਨੀ ਅਤੇ ਸ਼ੀਅਹ=ਸ਼ੀਅਹ ਮੁਸਲਮਾਨਾਂ ਨੇ ਉਨ੍ਹਾਂ ਨੂੰ ਸੁੰਨੀ ਥਾਪ ਲਿਆ ਹੈ ਜੋ ਸੱਤਜ ਦੇ ਤਿਆਗੀ ਹਨ, ਸੁੰਨੀ ਲੋਕ ਤਾਂ ਚਾਰੇ ਯਾਰਾਂ ਨੂੰ ਯਕਸਾਂ ਮੰਨਦੇ ਹਨ ਪਰੰਤੂ ਸ਼ੀਅਹ ਹਜ਼ਰਤ ਅਲੀ ਨੂੰ ਹੀ ਖਲੀਫਾ ਮੰਨਦੇ ਹਨ ਇਹ ਕਹਿੰਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਖਾਨਦਾਨ ਤੋਂ ਬਾਹਰ ਕੋਈ ਖਲੀਫਾ ਨਹੀਂ ਹੋ ਸਕਦਾ। ਹਜ਼ਰਤ ਅਲੀ ਅਤੇ ਬੀਬੀ ਫਾਤਿਆਂ ਦੇ ਵੰਸ ਵਾਲਿਆਂ ਨੂੰ ਸੈਯਦ ਆਖਦੇ ਨੇ।

Digitized by Panjab Digital Library | www.panjabdigilib.org

ਸਯਦਾਂ ਨੂੰ ਹਿੰਦੂਆਂ ਵਿਚ ਬ੍ਰਹਮਣਾਂ ਦੀ ਤਰਾਂ ਆਗੂ ਮੰਨਿਆਂ ਜਾਂਦਾ ਹੈ ਮੁਸਲਮਾਨ ਭਾਵੇਂ ਬਹੁਤ ਸਾਰੇ ਭ੍ਰਮਾਂ ਤੋਂ ਦੂਰ ਨਿਕਲ ਗਏ ਹਨ ਪਰ ਹਿੰਦੂਆਂ ਦੀ ਤਰਾਂ ਇਨ੍ਹਾਂ ਵਿਚ ਵਹਿਮਾਂ ਦਾ ਪੱਕਾ ਡੇਰਾ ਹੈ ਕਈ ਬਾਤਾਂ ਤਾਂ ਨਿਰੋਲ ਹਿੰਦੂ ਮਤ ਦੇ ਪੈਰ ਦਰ ਪੈਰ ਚਲਕੇ ਜ਼ਰਾਕੁ ਉਲਟ ਹਨ ਜੈਸੇ ਰੋਜ਼ੇ, ਵਰਤ, ਈਦ ਚੰਦ, ਦੂਜ ਦਾ ਚੰਦ, ਤੀਰਥ ਯਾਤਰਾ ਹਜ, ਮੜ੍ਹੀਆਂ ਦੀ ਪੂਜਾ ਕਬਰਾਂ ਦੀ ਜ਼ਿਆਰਤ ਕੇਵਲ ਨਾਮ ਅਰ ਢੰਗ ਹੀ ਅਡ ਅਡ ਜਾਪਦੇ ਹਨ। ਸ਼ਿਵਲਿੰਗ ਤੇ ਸੁੰਨਤ ਆਦਿ ਦੀਆਂ ਰਸਮਾਂ।

ਸੁੰਨੀ—ਹਜਰਤ ਮੁਹੰਮਦ ਸਾਹਿਬ ਦੀ ਸੁੰਨਤ ਨੂੰ ਪ੍ਰਵਾਨ ਕਰਨੇ ਵਾਲੇ ਸੁੰਨੀ ਹਨ। ਸੁੰਨੀ ਲੋਕ ਚਾਰ ਯਾਰਾਂ ਨੂੰ ਖਲੀਫੇ ਮੰਨਦੇ ਹਨ, ਇਹ ਹਜਰਤ ਅਲੀ ਵਿਚ ਕੋਈ ਖਾਸ ਵਾਧਾ ਨਹੀਂ ਸਮਝਦੇ ਸੁੰਨੀਆਂ ਵਿਚ ਚਾਰ ਇਮਾਮ ਪ੍ਰਸਿਧ ਜੋ ਹੋਏ ਹਨ ਓਹ ਇਹ ਹਨ:—

'ਅਬੂਹਨੀਫਾ, ਸਾਫੀ ਮਾਲਿਕ, ਅਹਮਦ ਇਬਲ, ਹੰਬਲ, ਉਕਤ ਚਾਰੇ ਇਮਾਮਾਂ ਦੇ ਚਲਾਏ ਹੋਏ ਚਾਰ ਮਾਰਗ ਹੈਨ। ਹਨਫੀ ਸ਼ਾਫਈ, ਮਾਲਿਕੀ ਹੰਬਲ, ਕੋਈ ਇਨ੍ਹਾਂ ਨੂੰ ਹਨਫੀਯਹ ਸਾਫੀਯਹ, ਮਾਲਿਕੀਯਹ, ਹੰਬਲੀਯਹ ਕਹਿੰਦਾ ਹੈ, ਸੁੰਨੀ ਲੋਕ ਸ਼ੀਆ ਆਦਿ ਮੁਸਲਮਾਨਾਂ ਨਾਲੋ ਵਧੇਰੇ ਹਨ ਭਾਈ ਗੁਰਦਾਸਜੀ ਨੇ ਲਿਖਿਆ ਹੈ, ਚਾਰ ਵਰਣ, ਚਾਰ ਮਜ਼ਬਾ ਜਗ ਵਿਚ ਹਿੰਦੂ ਮੁਸਲਮਾਣੇ॥ ਇਸ ਤਰਾਂ ਚਾਰ ਫਿਰਕੇ ਭੀ ਹਿੰਦੂਆਂ ਦੇ ਚਾਰ ਵਰਨਾਂ ਦੀ ਨਕਲ ਜਾਪਦੀ ਹੈ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ—
"ਬਹੁ ਸੁੰਨੀ ਸੀਆ ਰਾਫਜੀ ਮਨ ਭਾਣੇ॥ ਮੁਲਹਦ ਹੋਇ ਮਨਫਕਾ ਸਭ ਭਰਮ ਭੁਲਾਣੇ॥ਈਸਾਈ ਮੂਸਾਈਏ ਹਉਮੈ ਹੈਰਾਣੇ॥ ਹੋਇ ਫਿਰੰਗੀ ਅਰਮਨੀ ਰੂਮੀ ਗਰਬਾਣੇ॥ ਕਾਲ਼ੀ ਪੋਸ ਕਲੰਦਰਾ ਦਰਵੇਸ਼ ਦੁਗਾਣੇ॥ ਗੁਰਮੁਖ ਰੋਮ ਨ ਪੁਜਨੀ ਗੁਰ ਹਟ ਵਿਕਾਣੇ॥ ॥੩੮॥੧੫॥

ਨੋਟ—ਕਈ ਜਗ੍ਹਾ ਰਾਫਜੀ ਸੀਆ ਇਕੋ ਨਾਮ ਹੈ ਸ਼ੀਆ ਦੇ ਅਰਥ ਤਯਾਗੀ ਹਨ, ਪਰੰਤੂ ਸੁੰਨੀ ਰਾਫਜੀ ਸ਼ੀਆ ਨੂੰ ਸਚਾਈ ਦੇ ਤਯਾਗੀ (ਕਾਫਰ) ਆਖਦੇ ਹਨ। ਔਰ ਮੁਲਹਦ ਦੇ ਅਰਥ ਸਚਾਈ ਦਾ ਤ੍ਯਾਗੀ, (ਬੇਈਮਾਨ) ਹੈ ਅਰ, ਮਨਾਫਕਾ, ਭਾਵ ਨਿਫਾਕੀਆ (ਕਚਾ ਪੁਰਸ਼ ਕਪਟੀ) ਮੁਸਲਮਾਨੀ ਫਿਰਕੇ ਬੰਦੀਆਂ ਕਰ ਕੇ ਇਕ ਦੂਜੇ ਦੇ ਜਾਨੀ ਦੁਸ਼ਮਨ ਰਹੇ ਹਨ। ਜਿਸ ਕਾਰਨ ਹਮੇਸ਼ਾਂ ਪਰਸਪਰ ਮਜ਼ਬੀ ਜੰਗ ਕਰਦੇ ਆਏ ਹਨ। ਮੂਸਾ ਦੇ ਮੁਸਾਈ, ਈਸਾ ਦੇ ਈਸਾਈ, ਆਰਮੇਨੀਆਂ ਦੇ ਅਰਮਨੀ, ਫਿਰੰਗਸਤਾਨ ਦੇ ਫਿਰੰਗੀ, ਕਾਲ਼ੀ ਪੋਸ਼ (ਮਾਤਮੀ ਫਕੀਰ ਮੰਗਤੇ) ਕਲੰਦਰ (ਤਯਾਗੀ ਫਕੀਰ) ਆਦਿ ਅਨੇਕ ਫਿਰਕੇ ਹਨ। ਸੂਫੀ ਦੇ ਅਰਥ ਭੀ ਤਯਾਗੀ ਹਨ। ਪਾਸ ਕੰਬਲ ਹੀ ਰੱਖਣਾ ਤੇ ਕਾਲੇ ਬਸਤ੍ਰ ਪਹਿਨਣੇ ਜਿਵੇਂ ਕਿ 'ਸ਼ੇਖ ਫਰੀਦ' ਜੀ ਫੁਰਮੌਂਦੇ ਹਨ:—

'ਕਾਲੇ ਮੈਂਡੇ ਕਪੜੇ, ਕੰਬਲੜੀ ਪਹਿਰੇਉ।'

ਇਹ ਵੇਦਾਂਤੀ ਸਿਧਾਂਤ ਦੇ ਪ੍ਰਚਾਰਕ ਹਨ। ਇਨ੍ਹਾਂ ਦਾ ਮੋਢੀ ਅਬੂ ਹਾਸਮ ੭੭੦ ਈ: ਵਿਖੇ ਹੋਇਆ ਸੀ। ਪੈਗੰਬਰ (ਰਬ ਦਾ ਸਾਥੀ ਯਾ ਵਕੀਲ) ਨੂੰ ਇਹ ਸਰਵਗਯ

Digitized by Panjab Digital Library | www.panjabdigilib.org

ਨਹੀਂ ਸਮਝਦੇ। ਸਹਾਬ, ਖਲੀਫ਼ੇ, (ਜਾ-ਨਸ਼ੀਨ) ਜ਼ਾਹਦ (ਪਵਿਤ੍ਰ ਪੁਰਸ਼) ਆਦਿ ਦਰਜੇ ਹਨ। ਜੀਵ ਨੂੰ ਈਸ਼੍ਵਰ ਅੰਸ਼ ਔਰ ਸੰਕ੍ਰਾਂ ਚਾਰਜ ਵਾਲਾ ਇਹ ਅਦ੍ਵੈਤ ਮਤ ਸਿਧਾਂਤ ਨੂੰ ਪ੍ਰਚਾਰਦੇ ਹਨ। ਆਰੰਭ ਇਸ਼ਕ ਮਜਾਜ਼ੀ ਤੋਂ ਹਕੀਕੀ ਵਲ ਚਲਦੇ ਹਨ। ਜਿਹਾ ਕਿ ਸਰਮਦ ਦਾ ਇਕ ਲੜਕੇ ਪਰ ਆਸ਼ਕ ਹੋਣਾ ਪ੍ਰਸਿੱਧ ਹੈ। 'ਅਲਾਹੂ' ਜਾਪ ਮੰਤ੍ਰ ਠਾਣਦੇ ਹਨ, ਫਰਿਸ਼ਤੇ, ਨਰਕ, ਸ੍ਵਰਗ, ਸੈਤਾਨ, ਇਲਹਾਮ, ਕਬਰਾਂ ਦੇ ਮਸਲੇ, ਅਗਨੀ ਦੇ ਅਜ਼ਾਬ ਆਦਿ ਸਭ ਮੁਸਲਮਾਨਾਂ ਦੀ ਸ਼ਰਹ ਦੇ ਸਿਧਾਂਤ ਮੰਨਦੇ ਹਨ ਪਰ ਸ਼ਰਈ ਮੁਸਲਮਾਨ ਇਨਾਂ ਨੂੰ ਕਾਫਰ ਠਾਣਦੇ ਹਨ।

ਮੁਸਲਮਾਨਾਂ ਵਿਚ ਗੁਰੂ ਡੰਭ ਮਹੰਤੀ ਦੇ ਬਹੁਤ ਝਗੜੇ ਚਲੇ ਆਏ ਹਨ। ਮਹੰ-ਮਦ ਸਾਹਿਬ ਦੇ ਪਿਛੋਂ ਚਾਰੇ ਯਾਰ ਉਨ੍ਹਾਂ ਦੇ ਜਾਨਸ਼ੀਨ ਰਹੇ, ਅਬੂਬਕਰ, ਉਮਰ, ਉਸਮਾਨ, ਅਲੀ ਚਾਰੇ ੬੬੧ ਈ: ਤਕ ਨੰਬਰਵਾਰ ਜਾ ਨਸ਼ੀਨ ਸਨ। ਉਸਮਾਨ ਅਲੀ ਦੀ ਵੰਸ ਦਾ ਹਾਮੀ ਸੀ, ਜਿਸ ਦੀ ਉਮਰ ਬਿਆਸੀ ਸਾਲਾਂ ਦੀ ਹੋਈ, ਪਰ ਅੰਤ ਬਨੀ ਓਮਈਆਂ ਨੇ ਉਸ ਨੂੰ ਘਰ ਜਾ ਕੇ ਕਤਲ ਕੀਤਾ। ਇਕਰ ਅਲੀ ਭੀ ਤ੍ਰੇਸਟ ਸਾਲਾਂ ਦਾ ੧੭ ਰਮਜ਼ਾਨ ਹਿਜਰੀ ੪੦ ਨੂੰ ਅਮੀਰ ਮੁਆਵੀਆਂ ਦੀ ਚੁਕ ਨਾਲ ਕਤਲ ਹੋਇਆ। ਅਲੀ ਤੋਂ ਪਿਛੋਂ ਗੱਦੀ ਦਾ ਹੱਕੀ ਬੀਬੀ 'ਫਾਤਮਾਂ' ਦਾ ਸਪੁਤ੍ਰ ਹੁਸੈਨ ਸੀ, ਜਿਸ ਕਾਰਨ ਹੁਸੈਨ ਨੂੰ ਮੁਆਵੀਆਂ ਨੇ ਜ਼ਹਿਰ ਦੇਕੇ ਮਾਰ ਘੱਤਿਆ ਇਸ ਦਾ ਕਾਤਲ ਅਜੀਦ ਸੀ। ਫਰੇਬ ਨਾਲ ਬਸਰੇ ਦੀ ਰਾਜਧਾਨੀ ਕੂਫਾ ਸੱਦਕੇ ਮਾਰੂ ਥਲਾਂ ਵਿਚ ਮਾਰਿਆ ਤੇ ਮਜ਼ਲੂਮ ਬਿਨਾਂ ਪਾਣੀ ਦੇ ਤੜਫ ਕੇ ਮਰਿਆ ਸੀ। ਇਸੇ ਕਾਰਨ ਹਸਨ ਹੁਸੈਨ ਲਈ ਇਸ-ਲਾਮ ਵਾਲੇ ਤਾਜ਼ੀਏ ਨਿਕਾਲ ਕੇ ਉਨਾਂ ਨੂੰ ਪਿੱਟਦੇ ਹਨ। ਅੰਤ ਉਨਤਾਲੀ ਸਾਲਾਂ ਪਿਛੋਂ ਮੁਆਵੀਏ ਖਲੀਫੇ ਬਣਨ ਲੱਗੇ, ਜੋ ਕਿ ੬੬੨ ਈਸਵੀ ਤੋਂ ੭੪੭ ਈ: ਤਕ ਰਹੇ। ਸ਼ਈਆ ਸੁੰਨੀ ਦੇ ਵੰਡਾਂ ਦਾ ਇਖਤ-ਲਾਫ ਭੀ ਇਥੋਂ ਹੀ ਹੋਇਆ, ਬਨੀ ਉਮ-ਈਆ ਯਾਂ ਮੁਆਵੀਆਂ ਦੀ ਖਿਲਾਫਤ ਦਗੇ ਫਰੇਬ ਦੇ ਕਾਰਨ ਬਣੀ ਮੰਨੀ ਗਈ। ਅੰਤ ਇਹ ਬਾਦਸ਼ਾਹੀ ਪਾਸ ਆਈ ਉਨ੍ਹਾਂ ਨੇ ਮਦੀਨਾ ਦੀ ਬਜਾਏ ਦਮਿਸ਼ਕ ਕੇਂਦਰ ਰਖਿਆ। ਮੁਆਵੀਆਂ ਨੇ ਹਜ਼ਰਤ ਵੰਸੀਆਂ ਨੂੰ ਖਤਮ ਕਰਕੇ ਖਿਲਾਫਤ ਖੋਹੀ ਸੀ ਅਗੋਂ ਕੂਫਾ ਦੇ ਸਰਦਾਰ ਅਬਦੁਲ ਅਬਾਸ ਨੇ 'ਅਠਵੇਂ' ਮੁਆਵੀਏ 'ਇਬਨ' ਨੂੰ ਕਤਲ ਕਰਕੇ ਆਪ ੭੫੪ ਈ: ਤੱਕ ਖਲੀਫਾ ਰਿਹਾ। ਇਸਨੇ 'ਬਨੀ ਉਮਈਆਂ' (ਮੁਆਵੀਏ) ਦਾ ਵੰਸ ਨਾਸ ਕਰ ਦਿਤਾ, ਕੇਵਲ ਇਕ ਸ਼ਹਿਜਾਦਾ ਅਬਦਿਲ ਰਹਿਮਾਨ, ਨਠਕੇ ਸਪੇਨ ਜਾ ਲੁਕਿਆ ਸੀ। ਅਬਾਸ ਜੋ ਖਲੀਫਾ ਮਨਸੂਰ ਦਾ ਪੁਤ੍ਰ ਸੀ ਉਸਨੇ ਆਪਣੀ ਰਾਜਧਾਨੀ 'ਬਗਦਾਦ' ਬਣਾਈ, ਸੰਨ ੧੦੩੭ ਈ: ਤੀਕ ਇਸੇ ਵੰਸ ਦੇ ਖਲੀਫੇ ਹੁੰਦੇ ਰਹੇ ਅੰਤ ਸੰਨ ੧੯੧੪ ਤੋਂ ੧੮ ਈਸਵੀ ਦੇ ਮਹਾਂਯੁਧ ਯੂਰਪ ਨੇ ਤਬਦੀਲੀ ਲਿਆਂਦੀ, ਤੁਰਕੀ ਦਾ ਖਲੀਫਾ ਅਬਦੁਲ ਹਮੀਦ ਅੰਗ੍ਰੇਜ਼ਾਂ ਦੇ ਹਥੋਂ ਖਿਲਾਫਤ ਤੋਂ ਵਖ ਕੀਤਾ ਗਿਆ। ਅਖੀਰ ਤੁਰਕੀ ਦੇ ਪ੍ਰਸਿਧ ਲੀਡਰ ਕਮਾਲ ਪਾਸ਼ਾ ਨੇ ੧੪ ਅਕਤੂਬਰ ਸੰਨ ੧੯੨੩ ਈ: ਨੂੰ

Digitized by Panjab Digital Library | www.panjabdigilib.org

ਖਿਲਾਫਤ ਦਾ ਸੋਹਿਲਾ ਹੀ ਪੜ੍ਹ ਦਿਤਾ, ਹੁਣ ਖਿਲਾਫਤ ਕਿਧਰੇ ਨਹੀਂ ਹੈ।

ਸ਼ਈਏ ਮੁਸਲਮਾਨ ਹਜਰਤ ਅਲੀ ਦੀ ਖਿਲਾਫਤ ਮੰਨਦੇ ਸਨ, ਈਰਾਨ ਵਾਲੇ ਸਾਰੇ ਸ਼ਈਆਂ ਦੇ ਖਿਆਲ ਦੇ ਹਨ, ਸੁੰਨੀ ਦੂਜੀ ਸ਼ਾਖ ਦੇ ਹਨ, ਸ਼ਈਏ ਆਖਦੇ ਹਨ ਕਿ ਉਸਮਾਨ ਨੇ ਕੁਰਾਨ ਦੀਆਂ ਕਈਕੁ ਆਇਤਾਂ ਭੀ ਬਦਲੀਆਂ ਸਨ।

ਨੋਟ—ਇਸਲਾਮ ਮਤ ਵਿਚ ਖਲੀਫਿਆਂ ਤੋਂ ਅੱਡ ਇਕ ਇਮਾਮਾਂ ਦੀ ਪੀੜ੍ਹੀ ਹੈ, ਜੋਕਿ ੭੬੭ ਤੋਂ ੮੨੦ ਈ: ਤੀਕ ਰਹੇ ਹਨ, ਅਬੂ, ਹਨੀਫਾ, ਮਾਲਕ, ਸਾਫੀ ਖਲੀਫੇ ਰਹੇ ਉਪ੍ਰੰਤ ਅਹਿਮਦ ਬਿਨ ਹੰਬਲ ਹਨੀਫਾ (ਕੂਫਅਰਾਕਦਾ) ਇਸਦੇ ਪੈਰੋਕਾਰ ਹਨੀਫੇ ਕਹੌਂਦੇ ਹਨ, ਮਾਲਕ ਪਿਛੋਂ ਅਹਿਲੇ ਅਦੀਸ ਵਾਲੇ ਤੇ ਸਾਫੀ ਨਾਮ ਪਰ ਫਿਰਕਾ ਹੈ, ਇਕੁਰ ਇਮਾਮਾਂ ਨੇ ਬਹੱਤਰ ਫਿਰਕੇ ਬਣਾ ਦਿਤੇ ਸਨ। ਸੰਸਾਰ ਵਿਚ ਮੁਸਲਮਾਨ ਚੌਬੀਸ ਕਰੋੜ ਹਨ ਪਰ ਫਿਰਕੇ ਬੇਸ਼ੁਮਾਰ ਹਨ। ਈਸਾਈ ਪਚੰਤ੍ਰ ਕਰੋੜ ਫਿਰਕਿਆਂ ਨਾਲ ਹਨ। ਦੋ ਕਰੋੜ ਯਹੂਦੀ ਭੀ ਫਿਰਕਾਬੰਦੀਆਂ ਨਾਲ ਕਮਜ਼ੋਰ ਹੋਗਏ। ਇਸ ਵੇਲੇ ਪਚੰਤ੍ਰ ਫੀ ਸਦੀ ਮੁਸਲਮਾਨ ਈਸਾਈ ਬਾਦਸ਼ਾਹਾਂ ਦੇ ਗੁਲਾਮ ਹਨ, ਸੁੰਨੀ, ਸ਼ੀਆ, ਰਾਫਜੀ ਇਮਾਮ ਸਾਫੀ, ਆਪਸ ਵਿੱਚ ਦੀ ਬਹੁਤ ਮਤ ਭੇਦ ਰਖਦੇ ਹਨ, ਮੌਕਾ ਲਗੇ ਤਾਂ ਇਕ ਦੂਸਰੇ ਨੂੰ ਕਤਲ ਕਰਨ ਤੀਕਰ ਜਾਂਦੇ ਰਹੇ ਹਨ। ਭਾਈ ਸਾਹਿਬ ਨੇ ਤਦੇ 'ਕੌਮ ਕਤੇਲੇ' ਸ਼ਬਦ ਵਰਤਿਆ ਹੈ, ਕੌਮੀ ਭਾਈ ਦਾ ਕਾਤਲ ਹੋਣਾ ਉੱਗਰ ਪਾਪ ਹੈ।

## ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ

ਆਮ ਤੌਰ ਪਰ ਪੰਜ ਤੱਤ ਮੰਨੇ ਹਨ, ਪਰ ਅਕਾਸ਼ ਕੇਵਲ ਪਲਾੜ ਰੂਪ ਹੈ। ਕਈ ਚਾਰੇ ਤੱਤ ਮੰਨਦੇ ਹਨ, ਤੱਤਾਂ ਤੋਂ ਭਾਵ ਤੱਤ੍ਵ 'ਮੂਲ ਸਰੂਪ' ਵਸਤੂ ਹੈ ਹਰ ਮਤ ਵਿਚ ਤਤਾਂ ਦਾ ਚਰਚਾ ਹੈ, ਪਰ ਇਧਰ ਧਜਾਨ ਨਹੀਂ ਹੈ, ਤੱਤ ਕਿਨ ਕੀਨਰੇ ! ਭਾਵ—ਤੱਤ ਕਿਸ ਬਣਾਏ ? ਕਈਆਂ ਨੇ ਇਨ੍ਹਾਂ ਨੂੰ ਅਨਾਦੀ (ਅਮਰ) ਲਿਖ ਦਿਤਾ ਹੈ, ਕਈਆਂ ਨੇ ਛੀ ਅੱਠ ਆਦਿ ਗਿਣ ਘਤੇ, ਤਤਾਂ ਦਾ ਝੇੜਾ ਬਾਲ ਦੀ ਖਾਲ ਉਤਾਰਨ ਵਾਲਾ ਹੈ।

## ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

ਮਾਨੁਖ ਦੀ ਜ਼ਾਤ ਮਾਨੁਖ ਹੈ, ਹਾਂ ! ਦੋ ਅੰਗ ਹਨ—'ਇਸਤ੍ਰੀਆਂ ਔਰ ਮਾਨੁਖ।' ਜਨਮ ਥੀਂ ਕੋਈ ਜ਼ਾਤੀ ਪਾਤੀ ਨਹੀਂ ਹੈ। 'ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ, ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।' ਸੂਰਤ ਦੀ ਦੇਹੀ ਪੰਜਾਂ ਤੱਤਾਂ ਦੀ ਹੈ। ਯਾਂਤੇ 'ਏਕ ਹੀ ਸਰੂਪ ਸਬੈ ਏਕ ਹੀ ਬਨਾਉ' ਅਨੁਸਾਰ 'ਆਦਮ ਜ਼ਾਤੰ' ਇਕੋ ਹੈ, 'ਫਕੜ ਜਾਤੀ ਫਕੜ ਨਾਉ' ਜ਼ਾਤਾਂ ਪਾਤਾਂ ਫਜ਼ੂਲ ਝੇੜਾ ਹਨ। ਜਾਤੀ ਪਾਤੀ ਦੇ ਕਲੇਸ਼ ਔਰ ਵਿਤਕਰੇ ਹਿੰਦੂਆਂ ਦੇ ਗ੍ਰੰਥ 'ਮਨੂ ਸਿਮ੍ਰਤੀ' ਨੇ ਘੜੇ ਹਨ। ਜਿਸ ਦਾ ਫਲ ਮਾਨੁਖ ਜ਼ਾਤੀ ਵਿਖੇ ਈਰਖਾ, ਦ੍ਵੈਸ਼, ਨਫਰਤ ਆਈ। 'ਔਨਸ਼ ਸਿਮ੍ਰਤੀ' ਨੇ ਜਨਮ ਥੀਂ ਅੱਗੇ ਲਿਖੇ ਅਨੁ-

Digitized by Panjab Digital Library | www.panjabdigilib.org

ਸਾਰ ਦੱਸੀਆਂ ਹਨ–

ਖੜ੍ਰੀ ਤੇ ਬ੍ਰਹਮਣੀ ਤੋਂ ਸੂਦ।
ਸੂਦ ਤੇ ਬ੍ਰਹਮਣੀ ਤੋਂ ਬਾਣੀਆਂ।
ਖੜ੍ਰੀ ਤੇ ਸੂਦਰਨੀ ਤੋਂ ਚਮਾਰ।
ਬ੍ਰਹਮਣੀ ਔਰ ਵੈਸ਼ ਦੀ ਅੰਸ ਭੱਟ ਯਾ ਭਾਟ।
ਬ੍ਰਾਹਮਣੀ ਔਰ ਵੈਸ਼ ਥੀਂ ਚੂਹੜਾ (ਚੰਡਾਲ)।
ਚੰਡਾਲ ਔਰ ਵੈਸ਼ਣੀ ਥੀਂ ਸਪੁਚ।
ਵੈਸ਼ ਤੇ ਖੜ੍ਰਾਣੀ ਤੋਂ ਜੁਲਾਹਾ।
ਬ੍ਰਾਹਮਣੀ ਤੇ ਜੁਲਾਹੇ ਤੋਂ ਠਠਿਆਰੇ।
ਖੜ੍ਰਾਣੀ ਤੇ ਸੁਨਿਆਰੇ ਥੀਂ ਧੋਬੀ।
ਖੜ੍ਰਾਣੀ ਤੇ ਸੂਦਰ ਥੀਂ ਕਰਾਲ।
ਖੜ੍ਰਾਣੀ ਤੇ ਬ੍ਰਾਹਮਣ ਤੋਂ ਸੁਨਾਰ (ਜਾਂ ਵੈਸ਼ ਦੀ ਲੜਕੀ ਤੇ ਖੜ੍ਰੀ ਤੋਂ)।

ਸਿਟਾ ਕੀ ! ਹਰ ਇਕ ਜ਼ਾਤੀ ਇਸ ਪ੍ਰਕਾਰ ਇਸਤ੍ਰੀ ਮਨੁਖਾਂ ਦੇ ਮੇਲ ਤੋਂ (ਮਿਸ਼੍ਰ) ਘੜੀ ਹੈ, ਹਿੰਦੁਸਤਾਨ ਦੇ ਮੁਸਲਮਾਨਾਂ ਵਿੱਚ ਬਹੱਤ੍ਰ ਫਿਰਕੇ ਤਾਂ ਪਹਿਲਾਂ ਹੀ ਸਨ, ਪਰ ਜੁਲਾਹੇ, ਤੇਲੀ, ਅਰਾਈ, ਆਦਿ ਜ਼ਾਤਾਂ ਉਨ੍ਹਾਂ ਨੇ ਹਿੰਦੂਆਂ ਦੀ ਲਾਗ ਨਾਲ ਸਹੇੜੀਆਂ ਹਨ।

ਮਨੂੰ ਸਿਮ੍ਰਤੀ ਨੇ ਜ਼ਾਤਾਂ ਪਾਤਾਂ ਦੀ ਜੋ ਨਫਰਤ ਫੈਲਾਈ ਹੈ, ਉਸਦੇ ਨਮੂਨੇ ਪਾਠਕਾਂ ਦੀ ਵਾਕਫੀ ਹਿਤ ਅਗੇ ਦਰਜ ਹਨ।

ਜਿਵੇਂ ਅਗਨ ਦੇਵਤਾ ਕਰਮ ਕਰਕੇ ਭਾਵੇਂ ਨਾਸ ਕਰੇ ਭਾਵੇਂ ਸਾੜ ਸਟੇ ਤਾਂ ਭੀ ਓਹ ਦੇਵਤਾ ਹੈ, ਇਸੇ ਤਰਾਂ ਬ੍ਰਾਹਮਣ ਪੰਡਤ ਹੋਵੇ, ਭਾਵੇਂ ਮੂਰਖ ਹੋਵੇ ਭਾਵੇਂ ਅਨਜਾਣ ਉਜੱਡ ਹੋਵੇ ਤਾਂ ਭੀ ਵੱਡਾ ਦੇਵਤਾ ਹੈ। [ ਮਨੂ ਅ: ੯ ਸ: ੩੧੩ ] ਏਸੇ ਤਰਾਂ ਭਾਵੇਂ ਬ੍ਰਾਹਮਣ ਸਭੇ ਖੋਟੇ ਕਰਮ ਕਰਦੇ ਹਨ ਤਾਂ ਭੀ ਪੂਜਨੇ ਜੋਗ ਹੈਨ ਤੇ ਵਡੇ ਦੇਵਤਾ ਹਨ (ਮਨੂ ਅ: ੯ ਸ: ੩੧੫ ) ਖੱਤ੍ਰੀ ਸਭਨਾਂ ਗੱਲਾਂ ਕਰਕੇ ਵੱਡਾ ਹੋਵੇ ਤਾਂ ਭੀ ਬ੍ਰਾਹਮਣ ਨੂੰ ਅਪਨੇ ਵੱਸ ਨਹੀਂ ਕਰ ਸਕਦਾ ਕਿਉਂ ਜੋ ਓਹ ਬ੍ਰਹਮਣ ਤੋਂ ਹੋਇਆ ਹੈ, ਇਸ ਵਾਸਤੇ ਬ੍ਰਾਹਮਣ ਖੱਤ੍ਰੀਆਂ ਨੂੰ ਅਪਨੇ ਵੱਸ ਕਰ ਸਕਦਾ ਹੈ [ ਮਨੂ ਅ: ੯ ਸ: ੩੧੬ ]

ਇਸ ਤੋਂ ਬਿਨਾ ਦਸ ਵਰਹੇ ਦਾ ਬ੍ਰਾਹਮਣ ਔਰ ਸੌ ਵਰਹੇ ਦਾ ਖੱਤਰੀ ਪਿਉ ਪੁਤਰ ਸਦਰਸ਼ ਹੈ, ਭਾਵ ਬ੍ਰਾਹਮਣ ਪਿਓ ਅਰ ਖੱਤਰੀ ਪੁਤਰ (ਮਨੂ ਅ: ੨ ਸ: ੧੩੮)

ਸੂਦਰ ਸੁਰਗ ਜਾਂ ਰੋਟੀ ਲਈ ਬ੍ਰਾਹਮਣ ਦੀ ਸੇਵਾ ਕਰਨ ਵਾਲਾ ਹੈ, ਇਸ ਲਈ ਉਧਾ ਹੋਣਾ ਸ਼ੂਦਰ ਵਾਸਤੇ ਅਜੇਹਾ ਹੈ ਕਿ ਉਹ ਸੂਦਰ ਨਾ ਕਰਨੇ ਯੋਗ ਸਾਰੇ ਕੰਮ ਕਰ ਚੁੱਕਾ ਹੈ॥ ( ਮਨੂ ਅ: ੧੦ ਸ: ੧੨੨ ) ਬ੍ਰਾਹਮਣ ਦੀ ਸੇਵਾ ਸੂਦਰ ਦਾ ਵਡਾ ਕੰਮ ਹੈ ਉਸ ਤੋਂ ਬਿਨਾਂ ਹੋਰ ਸਾਰਾ ਕੰਮ ਨਿਸਫਲ ਹੈ (ਅ: ੧ ਸ: ੧੨੩) ਜੇਹੜਾ ਸੂਦਰ ਆਪਣਾ ਟਹਿਲੀਆ ਹੋਵੇ, ਉਸਨੂੰ (ਬ੍ਰਾਹਮਣ, ਦਾਣੇ ਪੁਰਾਣਾ ਕਪੜਾ ਆਦਿ ਦੇਵੇ (ਮਨੂ ਅ: ੧੦ ਸ: ੧੨੫) ਸੂਦਰ ਦਾ ਮਾਨ ਹੋਵੇ ਤਾਂ ਵੀ ਮਾਇਆ ਇਕੱਠੀ ਨਾ ਕਰੇ, ਕਿਉਂਕਿ ਸੂਦਰ ਧਨ ਪਾਕੇ ਬ੍ਰਹਮਣ ਨੂੰ ਦੁਖ ਦੇਂਦਾ ਹੈ। (ਮਨੂ ਅ: ੧੦ ਸ: ੧੨੯)

ਨੀਵੀਂ ਜ਼ਾਤ ਵਾਲਾ ਵਡਿਆਂ ਦੇ ਕੰਮ ਨਾਲ ਗੁਜ਼ਾਰਾ ਕਰੇ ਤਾਂ ਰਾਜਾ ਉਸਨੂੰ ਕੰਗਾਲ ਕਰਕੇ ਆਪਣੇ ਰਾਜ ਵਿਚੋਂ ਬਾਹਰ ਨਿਕਾਲ ਦੇਵੇ। [ਮਨੂ ਅ: ੯ ਸ: ੯੬]

ਬ੍ਰਹਮਣ ਬਦਚਲਣ ਭੀ ਪੂਜਣੇ ਯੋਗ ਹੈ। ਸੂਦਰ ਜਤੇਂਦ੍ਰੀ ਭੀ ਪੂਜਣੇ ਯੋਗ ਨਹੀਂ॥

Digitized by Panjab Digital Library | www.panjabdigilib.org

ਕੌਣ ਖਟਰ ਗਊ ਨੂੰ ਛੱਡਕੇ ਸੁਸ਼ੀਲ ਗਧੀ ਨੂੰ ਚੋਂਦਾ ਹੈ ? (ਪਰਾਸਰ ਸੰਹਿਤਾ ਅਧ੍ਯਾਇ ੬) ਖੇਤੀ ਕਰਨ ਵਾਲਾ ਬ੍ਰਾਹਮਣ ਜਿਤਨੀ ਜ਼ਮੀਨ ਚਾਹੇ ਵਾਹ ਲਵੇ ਔਰ ਕਿਸੇ ਨੂੰ ਮੁਆਮਲਾ ਮਸੂਲ ਕੁਛ ਨ ਦੇਵੇ, ਕਿਉਂਕਿ ਸਭ ਚੀਜ਼ ਦਾ ਮਾਲਿਕ ਬ੍ਰਾਹਮਣ ਹੀ ਹੈ (ਵ੍ਰਿਹਤ ਪਰਾਸਰ ਸੰਹਿਤਾ ਅਧ੍ਯਾਇ ੩)

ਬ੍ਰਾਹਮਣ ਵੇਦ ਵਿਰੁੱਧ ਕਰਮ ਕਰਨ ਕਰਕੇ ਭੀ ਦੋਸੀ ਨਹੀਂ ਹੁੰਦਾ। ਜਿਵੇਂ ਅਗਨੀ ਸਭ ਪਦਾਰਥਾਂ ਨੂੰ ਭਸਮ ਕਰਦੀ ਹੋਈ, ਔਰ ਇਸਤ੍ਰੀ ਯਾਰ ਨਾਲ ਭੋਗ ਕਰਕੇ ਭੀ ਬਿਭਚਾਰਨ (ਦੂਸ਼ਿਤ) ਨਹੀਂ ਹੁੰਦੀ ਦੇਖੋ ਵ੍ਰਿਹਤ ਪਰਾਸਰ ਸੰਹਿਤਾ ਅ: ੨ ਔਰ ਅਤ੍ਰਿ ਸੰਹਿਤਾ ਅ: ੨ (ਹਮ ਹਿੰਦੂ ਨਹੀ)

ਨੋਟ—ਵਿਸ਼ਨੂ ਪੁਰਾਣ ਦੇ ਚੌਥੇ ਅਧਿਆਇ ਦੇ ਅੰਸ਼ ੨ ਵਿਖੇ ਲਿਖਾ ਹੈ ਕਿ 'ਗੋਰੇ ਰੰਗ ਵਾਲਾ ਬ੍ਰਹਮਣ ਹੈ ਤੇ ਲਾਲ ਰੰਗ ਵਾਲਾ ਛੱਤਰੀ, ਪੀਲੇ ਰੰਗ ਵਾਲਾ ਵੈਸ਼, ਕਾਲੇ ਰੰਗ ਵਾਲਾ ਮਨੁਖ ਸੂਦਰ ਹੈ।' ਪਰ ਇਸ ਲੇਖ ਮੂਜਬ ਯੂਰਪ ਅਮਰੀਕਾ ਦੇ ਗੋਰੇ ਰੰਗ ਵਾਲੇ ਅੰਗਰੇਜ਼ ਲੋਕ ਬ੍ਰਾਹਮਣ ਸਿੱਧ ਹੋਏ॥ ਹਿੰਦੁਸਤਾਨ ਅਰ ਚੀਨ, ਰੂਸ ਆਦਿ ਦੇ (ਕਣਕਵੰਨੇ) ਛਤ੍ਰੀ ਅਤੇ ਮੰਗੋਲੀਅਨ, ਬਰਮਾ ਆਦਿ ਦੇ ਵੈਸ਼ ਤੇ ਅਫਰੀਕਾ ਆਦਿਦੇ ਕਾਲੇ ਹਬਸ਼ੀ (ਸ਼ੂਦਰ) ਸਿੱਧ ਹੋਏ। ਪਰ ਹੁਣ ਇਉਂ ਵੰਡ ਨਹੀਂ ਰਹੀ।

ਨੋਟ—ਮੁਹੰਮਦ ਸਾਹਿਬ ਨੇ ਹਦੀਸ ਤਿਰਜਮੀ ਵਿੱਚ ਆਪ ਹੀ ਮੰਨਿਆਂ ਹੈ ਕਿ ਬਨੀ ਇਸਰਾਈਲ ਦੇ ਬਹਤਰ ਫਿਰਕੇ ਹੋ ਗਏ ਹਨ, ਔਰ ਮੇਰੀ ਉਮੱਤ ਦੇ ਤਿਹਤ੍ਰ ਹੋਣਗੇ। ਪਰ ਇਕ ਥੀਂ ਬਿਨਾ ਸਾਰੇ ਨਰਕਾਂ ਵਿਚ ਜਾਣਗੇ। ਓਹ ਕੇਹੜਾ ? ਜੋ ਮੇਰੀ ਔਰ ਸ਼ਹਾਬ ਦੀ ਮਰਯਾਦਾ ਪਰ ਚਲੇਗਾ। ਇਸ ਕਥਨ ਮੂਜਬ ਸੁੰਨੀ ਆਖਦੇ ਹਨ ਕਿ ਓਹ ਅਸੀ ਹਾਂ। ਪਰ ਸ਼ੀਆ ਲੋਕ ਵਿਰੁਧ ਹਨ।

## ਤੁਰਕ ਹਿੰਦੂ ਨਯਾਰੇ ਨਯਾਰੇ

ਤੁਰਕਿਸਤਾਨ ਦੀ ਖਲਾਫਤ ਕਰਕੇ 'ਤੁਰਕ' ਕਹੇ ਗਏ, ਹੁਣ ਭੀ ਹਿੰਦੁਸਤਾਨ ਵਿਚ ਤੁਰਕ ਹੀ ਕਹੇ ਜਾਂਦੇ ਹਨ। ਹਿੰਦੀਆਂ ਨਾਲ ਇਹ ਸੁਭਾਉ, ਬੋਲੀ, ਰਹਿਣੀ ਕਰਕੇ ਹੁਣ ਭੀ ਵਖਰੇ ਹਨ। ਅਸਲੋਂ ਇਹ ਹਿੰਦੁਸਤਾਨ ਨੂੰ ਆਪਣਾ ਮ੍ਰੈ-ਵਤਨ ਨਹੀਂ ਸਮਝਦੇ ਰਹੇ। ਜਿਤਨੇ ਭੀ ਤੁਰਕ ਬਾਦਸ਼ਾਹ ਹੋਏ ਉਨ੍ਹਾਂ ਨੇ ਆਪਣੀਆਂ ਕਬਰਾਂ ਕਾਬਲ, ਕੰਧਾਰ, ਗਜ਼ਨੀ ਆਦਿ ਰਖੀਆਂ। ਸੋ ਇਹ ਦੇਸ ਔਰ ਭੇਸ ਦੇ ਸੁਭਾਉ ਕਰਕੇ ਹੈ। ਹਿੰਦ ਵਿਚ ਭੀ ਕਬਰਾਂ ਅਡਰੀਆਂ ਹੀ ਰਖੀਆਂ।

## ਸੋਧ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਵਡੇ, ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪ ਸੀ ॥

ਸੋਧੀ ਪ੍ਰਬੋਧੀ ਬੋਧਕ ਆਦਿ ਸ਼ਬਦ ਬੁਧ ਮੱਤ ਲਈ ਹਨ। ਈਸਵੀ ਤੋਂ ਸਾਢੇ ਕੁ ਪੰਜ ਸਾਲ ਪਹਿਲਾਂ ਬੁਧ ਮੱਤ ਚਲਿਆ ਕਪਲ ਮੁਨੀਆਂ ਕੁਟੀਆ ਪਾਸ ਕਪਲ ਨਾਮੀ ਸ਼ਹਿਰ ਸੀ, ਜੋ ਰਾਜਾ ਸਜ਼ਾਤ ਨੇ ਬਸਾਇਆ। (ਹਿਮਾਲੇ ਦੀ ਗੁੱਠ ਵਿਚ) ਉਥੇ ਦੇ ਰਾਜਾ ਸੁਧੋਨ ਪੁਤ੍ਰ ਸਿਧਾਰਸ ਸੀ, ਮਹਾਂ ਮਾਇਆ ਦਾ ਗੋਤ੍ਰ ਗੋਤਮੀ ਹੋਣ ਕਰਕੇ ਸਾਖੀ ਮੁਨੀ ਗੋਤਮ ਆਖਿਆ ਹੈ। ਇਹ ਕੁਲ ਕਰਕੇ ਸ਼ਕਯ ਸਨ। (ਸ਼ਾਕਯ

Digitized by Panjab Digital Library | www.panjabdigilib.org

ਸੰਘ) ਪ੍ਰੋਹਤ ਵਿਸਵਾ ਮਿੱਤ੍ਰ ਨਾਮੀ ਸੀ। ਇਸਤ੍ਰੀ ਦਾ ਨਾਮ ਗੋਪਾਂ, ਪੁਤ੍ਰ ਦਾ ਨਾਮ ਰਾਹੁਲ, ਗੋਪਾਂ ਦੇ ਨਾਮ, ਉਤਪਲ, ਮ੍ਰਿਗਜਾ ਬਦੁਸ਼ੁਰ ਆਦਿ ਵਰਤੇ ਹਨ, ਸ਼ਾਦੀ ਸਵੰਬਰ ਰੀਤੀ ਨਾਲ ਹੋਈ। ਗੋਤਮ ਨੂੰ ਪਹਿਲੀ ਸੰਗਤ ਸੰਨਿਆਸੀਆਂ ਦੀ ਸੀ। ਜਿਥੋਂ ਸੰਸਾਰ ਤੋਂ ਉਪ੍ਰਾਮਤਾ ਦੀ ਲਾਗ ਲੱਗੀ। ਦੰਡਕ ਯਾਂ ਚੰਡਕ ਰਥਵਾਹੀ ਸੀ। ਗੋਤਮ ਇਸਤ੍ਰੀ ਪੁਤ੍ਰ ਨੂੰ ਸੁਤਿਆਂ ਛੱਡ ਕੇ ਰਾਤ੍ਰ ਨੂੰ ਤੀਸ ਸਾਲ ਦੀ ਉਮਰ ਵਿਚ ਰਾਜ ਤਯਾਗ ਕਰ ਗਿਆ। ਰਾਜ ਕੁਮਾਰੀ ਗੋਪਾਂ ਅਜ਼ਾਦ ਖਿਆਲਾਂ ਦੀ ਵਿਦਜਵਾਨ ਸੀ। ਗੋਤਮ ਨੇ ਆਪਣੇ ਕੇਸ਼ ਆਪਣੀ ਕਟਾਰ ਨਾਲ ਕੱਟ ਸੁਟੇ, ਏਧਰ ਓਧਰ ਘੁੰਮਕੇ ਆਰਾਡ ਕਲਾ (ਅਲਾਰ ਕਾ ਨਾਮ) ਦਾ ਸੰਨਿਆਸੀ ਚੇਲਾ ਜਾ ਹੋਇਆ। ਉਸ ਨੇ ਇਹ ਮੰਤ੍ਰ ਦਿੱਤਾ–'ਕੁਝ ਨਹੀਂ ਹੈ।' ਪਰ ਇਸ ਥੀਂ ਸ਼ਾਂਤੀ ਨ ਆਈ, ਭਿਖਿਆ ਮੰਗ ਕੇ ਪੇਟ-ਪੂਜਾ ਕਰਦਾ ਸੀ। ਉਪ੍ਰੰਤ ਰੁਦ੍ਰਕ ਫਿਲਾਸਫਰ ਦਾ ਚੇਲਾ ਬਣ ਕੇ ਉਚ ਗਯਾਨ ਵਲ ਦੌੜਿਆ। ਵਿਦਯਾ ਪੜ੍ਹੀ, ਪਰ ਸ਼ਾਂਤੀ ਕਿਥੋਂ ? ਪੰਜ ਸਾਥੀ ਚੁਣੇ (ਭਲੇ ਲੋਕ), ਉਪ੍ਰੰਤ ਅਤੀ ਵਿਆਕੁਲ ਹੋ ਕੇ ਯੋਗੀਆਂ ਪਾਸੋਂ ਯੋਗਾ ਅਭਯਾਸ ਦੇ ਸਾਧਨ ਕੀਤੇ, ਗਯਾ ਵਿਖੇ (ਗਯਾ ਫਲਗੂ) ਤਪ ਕਰ ਕੇ ਦੇਹੀ ਨੂੰ ਬਹੁਤ ਦੁਖ ਦਿਤੇ, ਸੁੱਕ ਕੇ ਪਿੰਜਰਾ ਰਹਿ ਗਿਆ, ਤਾਂ ਭੀ ਸ਼ਾਂਤੀ ਨਾ ਆਈ। ਅੰਤ ਗਯਾ ਦੇ ਇਕ ਪਿੱਪਲ ਹੇਠਾਂ ਜੋ ਵਿਚਾਰ ਫੁਰੇ ਉਸ ਦਾ ਨਾਮ 'ਬੁਧ ਮਤ' ਹੈ। ਇਹੋ ਬੋਧਕ ਮਤ ਉਸ ਨੇ ਲੋਕਾਂ ਨੂੰ ਪ੍ਰਬੋਧਿਆ। ਦਰਖਤ ਭੀ ਬੁਧ ਪ੍ਰਕਾਸ਼ੀ ਯਾਂ ਅਸ਼ਵ ਕਹਾਇਆ। ਹੁਣ ਉਥੇ ਦ੍ਰਮਜਾ ਬੋਧੀ ਖੰਡ ਸਥਾਨ ਹੈ। ਬਾਰਾਂ ਸੌ ਸਾਲ ਬੋਧੀ ਉਸ ਪਿੱਪਲ ਨੂੰ ਪੂਜਦੇ ਰਹੇ ਹਨ। ਆਖਰ ਓਹ ਖਤਮ ਹੋਇਆ, ਹੁਣ ਏਥੇ ਹੋਰ ਅਸ਼ੋਕ ਦਾ ਲਾਇਆ ਹੋਇਆ ਪਿੱਪਲ ਹੈ। ਪਰ ਹੁਣ ਉਥੇ ਦੇ ਕਾਬਜ਼ ਸਨਾਤਨੀ ਹਿੰਦੂ ਬ੍ਰਾਹਮਣ ਹਨ। ਛੀ ਸਾਲਾਂ ਪਿਛੋਂ ਗੋਤਮ ਨੇ 'ਬੁੱਧੀ' ਪਾ ਕੇ ਸ਼ਨਾਨ ਕੀਤਾ ਸੀ। ਸਮਾਧੀ ਥਾਂ ਦਾ ਨਾਮ 'ਨਗਰੁਧ' ਹੈ, ਆਪਣਾ ਮਾਰਗ ਨਿਰਬਾਣ ਪਦ ਦਸਿਆ ਹੈ। ਪ੍ਰਕਾਸ਼ ਜੋ ਡਿਠਾ ਉਸਨੂੰ 'ਬਜਾਸਨ' ਕਿਹਾ ਗਿਆ। ਇਸੇ ਤ੍ਰੀਕੇ ਨਾਲ ਪੰਜਾਹ ਕਰੋੜ ਆਦਮੀ ਬੋਧੀ ਬਣਿਆਂ ਔਰ ਬੁਧ ਨੂੰ ਵਿਸ਼ਨੂੰ ਦਾ ਅਵਤਾਰ ਲਿਖਿਆ ਗਿਆ, ਹਾਲਾਂ ਕਿ ਬੁਧ ਮਤ ਵੇਦ ਮਤ ਦਾ ਮਹਾਂ ਵਿਰੋਧੀ ਹੈ। ਬੋਧੀ ਬਾਰਾਂ ਨਿਦਾਨ ਕਹਿੰਦੇ ਹਨ ਯਥਾ–ਅਵਿਦਯਾ ਸੰਸਕਾਰ, ਆਵਾਗਵਣ, ਨਾਮ, ਰੂਪ, ਜਰਾ, ਤ੍ਰਿਸ਼ਨਾ, ਵੇਦਨਾ, ਉਪਾਦਾਨ, ਭੈ, ਜਾਤ ਪਾਤ ਬੱਸ ! ਉਸੀ ਸਮੇਂ ਤੋਂ ਬੁਧ ਮਤ ਵੈਦਕ ਮਤ ਦੀ ਥਾਂ ਨਵਾਂ ਜਾਰੀ ਹੋਇਆ ਬੁਧ ਨੇ ਦ੍ਰਿਸ਼ਟਮਾਨ ਸੰਸਾਰ ਤੋਂ ਪਰੇ ਕੋਈ ਚੀਜ਼ ਨਹੀਂ ਮੰਨੀ। ਕੇਵਲ ਸੁੰਨ ਜਾਂ ਗਯਾਨ ਦਸਿਆ ਹੈ। ਗਯਾਨ ਹੋਣ ਵੇਲੇ ਗੋਤਮ ੩੬. ਸਾਲ ਦਾ ਸੀ ਇਸ ਨੇ ਇਸਤਰਾਂ ਸਿਧਾਂਤ ਨਿਕਾਲੇ–ਕਰਮਾ ਕਰਕੇ ਜਨਮ ਹੁੰਦਾ ਹੈ ਜਨਮ ਮਰਨ ਤੇ ਸਾਰੇ ਦੁਖਾਂ ਦਾ ਕਾਰਨ ਤ੍ਰਿਸ਼ਨਾ ਹੈ। ਆਤਮਕ ਗਯਾਨ ਦੇ ਤਿੰਨ ਦਰਜੇ ਦਸੇ ਜੈਸਾ ਕਿ (੧) ਪੂਰਨ ਗਯਾਨ (੨) ਕੇਵਲ ਗਯਾਨ (੩, ਜੀਵਨ ਮੁਕਤ, ਤਿੰਨਾਂ ਨੂੰ ਪ੍ਰਾਪਤ ਕਰਤਾ ਅਰਹੰਤ ਹੈ ਯਾਂਤੇ ਅਸਲੀ ਬੁਧ ਦਾ ਨਾਮ ਨਹੀਂ ਹੁੰਦਾ

Digitized by Panjab Digital Library | www.panjabdigilib.org

ਅਖੇ ! ਜਦ ਸੰਸਾਰ ਵਿਚ ਅਵਿਦਯਾ ਜ਼ੋਰ ਪਕੜੇ, ਤਾਂ ਮੁੜ ਫੇਰ ਬੁਧ ਜਨਮ ਲੈਂਦਾ ਹੈ।

ਗੋਤਮ ਦੇ ਮਾਤਾ ਪਿਤਾ ਵੀਜੀਰੇ ਸਭ ਨੇ ਉਸਦਾ ਧਰਮ ਗ੍ਰਹਿਣ ਕੀਤਾ, ਰਾਜ ਗ੍ਰਹਿ ਦਾ ਰਾਜਾ ਬਿੰਬਸਾਰ ਭੀ ਬੋਧੀ ਹੋ ਗਿਆ ਪਰ ਇਸਤ੍ਰੀਆਂ ਨੂੰ ਬੋਧ ਧਰਮ ਵਿਚ ਸ਼ਾਮਲ ਕਰਨ ਵਾਸਤੇ ਉੱਕਾ ਤਯਾਰ ਨਹੀਂ ਸੀ, ਉਹ ਆਖਦਾ ਸੀ, ਇਨ੍ਹਾਂ ਨੂੰ ਧਰਮ ਵਿਚ ਲਿਆਵਣ ਪਰ ਧਰਮ ਖਾਤਮੇ ਵਲ ਜਾਇਗਾ।

ਬੁਧ ਧਰਮ ਵਿੱਚ ਮੁਖੀਏ ੬੦ ਸੱਠ ਪ੍ਰਚਾਰਕ ਹੋ ਗਏ, ਜੋ ਇਲਾਕੇ ਵਾਰ ਪ੍ਰਚਾਰ ਕਰਦੇ ਸਨ। ਉਸੇ ਵੇਲੇ ਬੁਧ ਧਰਮ ਦੇ ਭਾਵੇਂ ਦੋ ਫਿਰਕੇ ਬਣ ਗਏ ਸਨ ਪਰ ਮੁੱਢਲੀ ਸਿਖਿਆ ਹੇਠਾਂ ਲਿਖੇ ਦਸ ਅਸੂਲਾਂ ਪਰ ਹੀ ਚਲੀ ਆਈ ਹੈ ਜਿਨਾਂ ਨੂੰ ਗੰਗਾ ਦੇ ਉਤ੍ਰ ਵਿਚ ਜਾਂ ਮਗਧ ਰਾਜੇ ਦੇ ਗ੍ਰਹਿ ਵਿਖੇ ਤਥਾ ਕੋਸਲ ਦੇਸ ਦੀ ਸਰਵਸਤੀ ਵਿਚ ਵਧ ਪ੍ਰਚਾਰਿਆ ਸੀ (੧) ਜੀਵ ਹਿੰਸਾ ਭਾਵ ਜੀਵ ਨਾ ਮਾਰਨੇ (੨) ਪਰ ਇਸਤ੍ਰੀ ਗਮਨ ਨਾ ਕਰਨੀ (੩) ਝੂਠ ਨਾ ਬੋਲਣਾ (੪) ਚੋਰੀ ਠਗੀ ਨਾ ਕ੍ਰਨੀ (੫) ਨਸ਼ਿਆਂ ਦਾ ਸੇਵਨ ਨਾ ਕਰਨਾ (੬) ਰਾਗ ਨਾਦ ਜਾਂ ਖੁਸ਼ੀ ਭਰੇ ਸਮਾਗਮ ਤੋਂ ਦੂਰ ਰਹਿਣਾ (੭) ਸੋਨਾਂ ਚਾਂਦੀ ਮਾਇਆ ਦਾ ਤ੍ਯਾਗ ਭਾਵ ਕਿਸੇ ਪਾਸੋਂ ਗ੍ਰਹਿਣ ਨਹੀਂ ਕਰਨਾ (੮) ਚੰਗੇ ਬਸਤ੍ਰ ਨਹੀਂ ਪਹਿਰਨੇ ਤੇ ਮੰਜੇ ਪਰ ਨਹੀਂ ਸੌਣਾ ਭਾਵ ਜ਼ਮੀਨ ਪਰ ਲੇਟਣਾ (੯) ਸੁਗੰਧੀ ਆਦਿ ਵਸਤਾਂ ਤੋਂ ਪ੍ਰਹੇਜ਼ ਰਖਣਾ (੧੦) ਪ੍ਰਸ਼ਾਦਾ ਦੁਪਹਿਰ ਤੋਂ ਮਗਰੋਂ ਛਕਣਾ।

ਬੁਧਮਤ ਨਿਰਬਾਣਪਦਵੀ ਨੂੰਹੀ ਜੀਵਨ ਮੁਕਤੀ ਜਾਂ ਪ੍ਰਾਪਤੀ ਮੰਨਦੇ ਹਨ ਗਿਆਨ-ਵਾਨ ਹੋਣਾ ਜਾਂ ਬੁਧ ਫਿਲਾਸਫੀ ਡਿਗਰੀ ਉਚੀ ਮੰਨੀ ਹੈ ਜ਼ਾਤ ਪਾਤ ਬੋਧ ਮਤ ਵਿਚ ਉਕੀ ਨਹੀਂ ਮੰਨੀ ਗਈ ਏਹ ਹਿੰਦੂਆਂ ਦੇ ਸਿਧਾਂਤ ਆਵਾ ਗਵਨ ਨੂੰ ਮੰਨਦੇ ਹਨ। ਮਹਾਤਮਾ ਬੁਧ ਨੇ ਪੰਤਾਲੀ ਕੁ ਸਾਲ ਪ੍ਰਚਾਰ ਕੀਤਾ ਇਨ੍ਹਾਂ ਦੇ ਜੀਉਂਦੇ ਜੀ ਬੁਧ ਦੇ ਦੋ ਫਿਰਕੇ ਬਣੇ ਜਿਨ੍ਹਾਂ ਦਾ ਨਾਮ ਸ੍ਰੀ ਪਤ ਤੇ ਲੋਗਾਨ ਪਿਆ ਸੀ ਬੁਧ ਮਤ ਪੁਰਾਣਾ ਮਤ ਹੈ ਇਕ ਵਾਰ ਤਾਂ ਉਸਨੇ ਵੇਦਕ ਧਰਮ ਨੂੰ ਉੱਕਾ ਹੀ ਲੁਕਾ ਦਿਤਾ ਸੀ ਬੁਧ ਦੇ ਜੀਊਂਦੇ ਜੀ ਉਸਦੇ ਚੇਲਿਆਂ ਨੇ ਨੈਪਾਲ, ਤਾਤਾਰ, ਤਿਬਤ, ਜਾਵਾ, ਜਾਪਾਨ, ਮੰਗੋਲੀਆ, ਚੀਨ, ਆਸਾਮ, ਬ੍ਰਹਮਾ, ਮਲਾਯਾ, ਸਯਾਮ, ਕੋਰੀਆ, ਮਨਚੋਰੀਆ, ਲੰਕਾ, ਸਾਇ-ਬੇਰੀਆ, ਅਫਗਾਨਿਸਤਾਨ, ਕੰਧਾਰ ਤੱਕ ਚੇਲਿਆਂ ਨੇ ਪਹੁੰਚਕੇ ਬੁਧ ਧਰਮ ਦੇ ਪ੍ਰਚਾਰ ਦਾ ਝੰਡਾ ਝੁਲਾ ਦਿਤਾ ਸੀ। ਅਖੀਰ ਬੁਧ ਜੀ ਪੇਚਸ ਰੋਗ ਵਿਚ ਗ੍ਰਸੇ ਗਏ ਜੋ ਮੁੜ ਰਾਜੀ ਨਾ ਹੋ ਸਕੇ ਜਦ ਆਪ ਹਿਰਣਯਵੰਤੀ ਨਦੀ ਦੇ ਕੰਢੇ ਤੇ ਪਹੁੰਚੇ ਤਾਂ ਹਾਲਤ ਖਰਾਬ ਹੋਗਈ (ਕਈਆਂ ਦਾ ਖਿਆਲ ਹੈ ਕਿ ਇਕ ਸੁਨਿਆਰੇ ਨੇ ਆਪ ਨੂੰ ਸੂਰ ਦਾ ਮਾਸ ਖੁਲਾ ਦਿਤਾ ਸੀ) ਪਾਵਾ ਨਾਮੀ ਨਗਰ ਵਿਚ ਤਿਨ੍ਹਾ ਦੇ ਚੇਲਿਆਂ ਨੇ ਭਾਰੀ ਇਕੱਠ ਕੀਤਾ, ਤਥਾ ਉਨਾਂ ਦੇ ਮੁਖੀ ਚੇਲੇ ਨੰਦ ਨੇ ਕੀਤਾ ਸੀ ਮਹਾਤਮਾਂ ਗੋਤਮ ਜੀ ਅੱਸੀ ਸਾਲਾਂ ਦੀ ਉਮਰ ਵਿਚ ਸਾਖੂ ਨਾਮੀ ਦੋ ਦਰਖਤਾਂ ਦੇ ਹੇਠਾਂ ਸਦਾ ਦੀ ਨਿੰਦ੍ਰਾ ਸੌਂ ਗਏ ਕੁਸ਼ੀ ਯਾ

Digitized by Panjab Digital Library | www.panjabdigilib.org

ਕਸੀਰਾ ਪਿੰਡ ( ਜ਼ਿਲਾ ਗੋਰਖਪੁਰ ) ਦੇ ਲੋਕਾਂ ਨੇ ਚਿਖਾ ਤਿਆਰ ਕਰਕੇ ਅਚਿਰਾਵਤੀ ਨਦੀ ਪਾਸ ( ਮਲਕਸ ) ਸਸਕਾਰ ਕੀਤਾ । ਮਹਾਤਮਾਂ ਬੁਧ ਦੇ ਸਰੀਰ ਦੀ ਰਾਖ ਤੇ ਫੁਲ ( ਹਡੀਆਂ ) ਥਾਂ ਥਾਂ ਵੰਡੇ ਗਏ, ਫੁਲਾਂ ਵਿਚੋਂ ਸੱਤ ਹਿੱਸੇ ਕੁਸ਼ੀ ਨਗਰ ਰਹੇ ਬਾਕੀ ਪਾਵਾ, ਵੈਸਾਲੀ, ਕਪਲਵਸਤੂ, ਅਲਕਲਮ. ਰਾਮਗਰਾਮ ਕੁਝ ਰਾਜਗ੍ਰਿਹਿ ਦੇ ਰਾਜੇ ਲੈ ਗਏ ਕਿਸੇ ਨੇ ਸੁਆਹ ਦੀ ਮੁੱਠੀ ਹੀ ਲੈ ਲਈ ਜੋ ਥਾਂ ਥਾਂ ਉਸ ਪਰ ਪੂਜਯਸਥਾਨ ਬਣਾਏ ਗਏ, ਲੰਕਾ ਵਿੱਚ ਆਪਦੇ ਦੰਦ ਦੀ ਪੂਜਾ ਹੁੰਦੀਹੈ ਕਿਸੇਪਾਸ ਫੁਲ ਪੌਣ ਵਾਲਾਬਰਤਨ ਹੀ ਪੂਜਾ ਯੋਗ ਬਣ ਰਿਹਾ ਹੈ। ਬੋਧ ਜੀ ਦੀ ਪ੍ਰਭਤਾ ਬਹੁਤ ਜ਼ਿਆਦਾ ਵਧੀ ਹਿਨਾਯੇਨ ਅਰ ਮਹਾਂਯੇਨ ਵਡੇ ਫਿਰਕੇ ਹੋਏ। ਮਹਾਯੇਨ ਦਾ ਚੀਨ, ਜਾਪਾਨ ਤੇ ਤਿੱਬਤ, ਮੰਗੋਲੀਆ ਵਿਚ ਹੈ। ਹਿਨਾਯੇਨ ਨਿਜ ਦੀ ਮੁਕਤੀ ਨੂੰ ਮੁਖ ਮੰਨਦੇ ਹਨ ਮਹਾਂਯੇਨ ਸੰਸਾਰ ਦੇ ਭਲੇ ਲਈ ਜ਼ੋਰ ਦਿੰਦੇ ਹਨ। ਇਸ ਤੋਂ ਅਗੇ ਇਹ ਹੋਰ ਭੀ ਛੀ ਵੰਡਾਂ ਵਿਚ ਹੋ ਗਏ ਹਨ। ਯਥਾ—

੧ ਸ਼ਿਮ ਗਿਮ, ੨ ਟਿੰਡੀ, ੩ ਜੀਨ, ੪ ਨਚਰੀਅਨ, ੫ ਜੋਡੋ, ੬ ਸ਼ਿਨ। ਪਹਿ-ਲੀਆਂ ਚਾਰ ਸਰੇਣੀਆਂ ਆਤਮ ਅਵਸਥਾ ਪਰ ਨਿਸਚਾ ਰਖਦੀਆਂ ਹਨ ਪਿਛਲੀਆਂ ਦੋ ਕਹਿੰਦੀਆਂ ਹਨ ਕਿ ਮਨੁਖ ਬੁੱਧ ਦੀ ਸਹਾਇਤਾ ਬਿਨਾਂ ਕੁਝ ਨਹੀਂ ਕਰ ਸਕਦਾ। ਸ਼ਿਨ ਕਹਿੰਦੇ ਹਨ ਕਿ ਅਸੀਂ ਸਾਰੇ ਬੁਧ ਸਰੂਪ ਹਾਂ ਸਭ ਵਿਚ ਬੁਧ ਦਾ ਪ੍ਰਕਾਸ਼ ਹੈ। ਜਾਪਾਨ ਵਿਚ ਮਹਾਤਮਾਂ ਬੋਡਸ ਅਰ ਹਿੰਦੁਸਤਾਨ ਵਿਚ ਮਹਾਤਮਾਂ ਨਾਗ ਅਰਜਨ ਨੇ ਉਕਤ ਸਿਧਾਂਤ ਦਾ ਕਾਫੀ ਪਰਚਾਰ ਕੀਤਾ ਸੀ। ਜ਼ੀਨ ਫਿਰਕੇ ਵਾਲੇ ਸੂਫੀਆਂ ਦੀ ਤਰਾਂ ਗੁਪਤ ਮੰਤ੍ਰ ਭੀ ਮੰਨਦੇ ਹਨ ਅਰ ਬਾਹਰ ਮੁਖੀ ਬਾਤਾਂ ਤੋਂ ਮੁਨਕਰ ਹਨ ਜ਼ੀਨ ਦਾ ਅਰਥ ਭੀ ਧਿਆਨ ਹੈ ਦਸਮ ਦੁਆਰ ਵਿਚ ਠਕਾਣਾ ਮੰਨ ਕੇ ਸਿਮਰਨ ਕਰਦੇ ਨੇ ਤਥਾ ਗੁਰੂ ਸਰੂਪ ਯਾਂ ਖਾਸ ਨਿਸ਼ਾਨ ਦਾ ਧਿਆਨ ਧਰਦੇ ਨੇ ਇਸੇ ਕਾਰਨ ਬੁਤ ਪੂਜਾ ਭੀ ਚਲ ਪਈ ਹੈ ਇਸ ਤਰਾਂ ਸ਼ਿਨ ਵਾਲੇ ਭਗਤੀ ਪਰ ਅਤੇ ਟਿੰਡੋਈ ਵਾਲੇ ਕਰਮ ਕਾਂਡ ਪਰ ਜ਼ੋਰ ਦਿੰਦੇ ਹਨ ਬੁਧ ਦੇ ਬੁਤ ਬਣਾ ਕੇ ਆਮ ਪੂਜੀਦੇ ਹਨ ਬੁਤ ਖਾਨਿਆਂ ਦਾ ਨਾਮ 'ਫਹੋ' ਆਦਿ ਹੈ। ਬੋਧੀ ਗ੍ਰੰਥਾਂ ਦੇ ਤਰਜਮੇਂ ਅੰਗਰੇਜ਼ੀ ਫਰੈਂਚ ਆਦਿ ਜ਼ਬਾਨਾਂ ਵਿਚ ਦੇਰ ਤੋਂ ਹੋਏ ਹਨ ਕਈਆਂ ਦਾ ਨਿਸਚਾ ਹੈ ਕਿ ਇਸਾਈ ਮਤ ਬੋਧ ਮਤ ਦੀ ਹੀ ਇਕ ਸ਼ਾਖ ਹੈ। ਗੋਤਮ ਤੋਂ ਗੋਡਮ ਕਿਹਾ ਗਿਆ। ਏਸੇ ਦਾ ਨਾਮ ਗਾਡ ਪਿਆ। ਪਹਿਲੇ ਇਹ ਬੁਧ ਦੀ ਮੂਰਤ ਹੈਸੀ ਹੁਣ ਗਾਡ ਖੁਦਾ ਨੂੰ ਕੈਹਣ ਲਗ ਪਏ ਹਨ। ਹਜ਼ਰਤ ਈਸਾ ਦਾ ਵੀ ਬੋਧਾਂ ਪਾਸੋਂ ਵਿਦਯਾ ਪ੍ਰਾਪਤ ਕਰਨਾ ਤੇ ਹਿੰਦੀ ਯੋਗੀਆਂ ਪਾਸੋਂ ਯੋਗਾ ਅਭਿਆਸ ਦੁਆਰਾ ਰਿਧੀਆਂ ਸਿਧੀਆਂ ਹਾਸਲ ਕਰਨ ਦਾ ਅਨੁਮਾਨ ਹੈ। ਵਿਦ-ਵਾਨਾਂ ਨੇ ਬੁਧ ਮਤ ਨੂੰ ਇਨਸਾਫ ਵਾਲਾ (ਨਜਾਯ ਪੂਰਤ) ਮੰਨਿਆਂ ਹੈ। ਕਿਉਂਕਿ ਅਹਿੰਸਾ, ਇੰਦਰੇ ਦਮਨ, ਚੋਰੀ ਨਾ ਕਰਨੀ, ਝੂਠ ਨਾ ਬੋਲਣਾ, ਛਲ ਨਾ ਕਰਨਾ, ਝੂਠੀ ਗਵਾਹੀ ਨਾ ਦੇਣੀ, ਨਸ਼ੇ ਨਾ ਪੀਣੇ, ਗੰਦੇ ਗੀਤ ਨਾ ਗੌਣੇ, ਨਾਚ ਨਾ ਕਰਨਾ, ਸੋਹਣੇ ਗਹਿਣੇ ਨਾ ਪੌਣੇ, ਅਤਰ ਨਾ ਲੌਣਾ। ਸਾਧੂ ਲਈ ਹੋਰ ਵੀ ਉਪਦੇਸ਼ ਹਨ, ਗਦੈਲੇ ਯਾਂ

Digitized by Panjab Digital Library / www.panjabdigilib.org

ਮੰਜੇ ਪਰ ਨਾ ਸਵੇਂ, ਤਿਆਗੀ ਰਹੋ। ਅੰਜੀਲ ਭੀ ਲਗ ਪਗ ਇਤਆਦਿ ਕਰਮ ਦਸਦੀ ਹੈ, ਈਸਾਈ ਮਤ ਤੇ ਬੋਧ ਮਤ ਦੇ ਵਿਚਾਰਨ ਤੋਂ ਇਨ੍ਹਾਂ ਦੀ ਏਕਤਾ ਦਾ ਪਤਾ ਲਗਦਾ ਹੈ।

ਸਿੱਟਾ—ਮਹਾਤਮਾਂ ਬੁਧ ਦਾ ੧੯ ਸਾਲ ਦੀ ਉਮਰ ਵਿਚ ਸਵੰਬਰ (ਵਿਆਹ) ਹੋਇਆ, ੨੯ ਸਾਲ ਦੀ ਉਮਰ ਵਿਚ ਗ੍ਰਹਿਸਤ ਤਯਾਗ ਕੇ ਸਾਧੂ ਬਣੇ। ੩੬ ਸਾਲ ਦੀ ਉਮਰ ਵਿਚ ਬੁਧਮਤ (ਗਿਆਨ) ਪਾਇਆ, ੫੧ ਸਾਲ ਦੀ ਉਮਰ ਵਿਚ ਨਿਰਬਾਨ ਪਦਵੀ ਪਾਈ। ਅੱਸੀਆਂ ਸਾਲਾਂ ਦੀ ਸਾਰੀ ਆਯੂ ਭੋਗੀ, ਭਾਵ ੫੧ ਸਾਲ ਤੋਂ ਅੱਸੀ ਸਾਲ ਤੱਕ ਨਿਰੋਲ ਪਰਚਾਰ ਕੀਤਾ। ਰਾਜੇ ਉਸ ਸਮੇਂ ਲਗ ਭਗ ਬੋਧੀ ਹੋ ਗਏ ਸੀ, ਜਿਸ ਕਰ ਕੇ ਬਹੁਤ ਪਰਚਾਰ ਹੋਇਆ। ਆਪ ਦੇ ਚਲਾਣੇ ਵੇਲੇ ਰਾਜਿਆਂ ਦੇ ਅਕਠੇ ਹੋਣ ਤਕ ਅੱਠ ਦਿਨ ਲੋਥ ਸਸਕਾਰਵਲੋਂ ਪਈ ਰਹੀ ਬੁਧ ਮਤ ਦਾ ਪਰਚਾਰ ਬਾਰਵੀਂ ਬੈਠਕ ਤਕ ਤੇਰਾਂ ਸੌ ਸਾਲ ਜ਼ੋਰਾਂ ਪਰ ਰਿਹਾ ਰਾਜਾ ਅਸ਼ੋਕ ਨੇ ਬਹੁਤ ਪ੍ਰਚਾਰ ਕੀਤਾ। ਮਹਾਤਮਾ ਬੁਧ ਜੀ ਨੇ ਖੁਦ ਕੋਈ ਗ੍ਰੰਥ ਨਹੀ ਰਚਿਆ ਪਹਿਲਾਂ ਜ਼ਬਾਨੀ ਪਰਚਾਰ ਹੁੰਦਾ ਰਿਹਾ। ਬੁਧ ਦੇ ਚਲਾਣੇ ਪਰ ਬੋਧੀਆਂ ਨੇ ਭਾਰੀ ਅਕੱਠ ਕਰਕੇ ਸਾਰੇ ਹਾਲਾਤ ਲਿਖੇ ਫਿਰ ਸੌ ਸਾਲ ਪਿਛੋਂ ਵੈਸਾਲੀ ਵਿਚ ਵੱਡੀ ਬੈਠਕ ਹੋਈ। ਅਸ਼ੋਕ ਦੇ ਸਮੇ ਤੀਜਾ ਇਕੱਠ ਹੋਇਆ। ਇਸ ਸਮੇ ਬੋਧ ਮਤ ਸਿਖਰਲੇ ਡੰਡੇ ਪਰ ਸੀ ਫਿਰ ਹਿੰਦੁਸਤਾਨ ਵਿਚੋਂ ਘਟਦਾ ਗਿਆ। ਹੁਣ ਹਿੰਦੁਸਤਾਨ ਵਿਚ ਨਾਮਮਾਤ੍ਰਹੈ ਸੰ: ੧੯੧੧ ਦੀ ਮਰਦਮ ਸ਼ੁਮਾਰੀ ਵਿਚ ਦਸ ਕ੍ਰੋੜ ਤੋਂ ਉਪਰ ਬੋਧੀ ਗਿਣੇ ਗਏ ਸਨ। ਅਰ ਲੰਕਾ ਅਤੇ ਚੀਨ ਦੇ ਭਾਗਾਂ ਵਿਚ ਸਾਢੇ ਪੰਤਾਲੀ ਕ੍ਰੋੜ ਮੰਨੇ ਗਏ ਹਨ ਅਜਾਂ ਤਕ ਇਹ ਮਤ ਸਭਸ ਨਾਲੋਂ ਵਧ ਗਿਣਤੀ ਵਿਚ ਹੈ॥

ਬੁਧ ਸਿਧਾਂਤ ਮੰਨਦਾ ਹੈ ਕਿ ਮਨੁੱਖ ਹੋਂਦ ਮੰਨਕੇ ਹਉਮੈ ਵਿਚ ਫਸ ਜਾਂਦਾ ਹੈ ਕਿ 'ਮੈਂ ਹਾਂ' ਇਕਰ ਅਗਿਆਨ ਵਸ ਹੋਕੇ ਡਰ ਹੋ ਜਾਂਦਾ ਹੈ। ਪੰਜ ਵਿਸ਼ੇ (ਕਾਮਾਦਿ) ਪਿਛੇ ਲੱਗ ਜਾਂਦੇ ਹਨ, ਤਸੱਲੀ ਲਈ ਵਾਸ਼ਨਾ ਤੇ ਤ੍ਰਿਸ਼ਨਾ ਚਿੰਬੜ ਗਈਆਂ, ਇਸ ਤਰਾਂ ਓੜਕ ਨੂੰ ਮੌਤ ਔਂਦੀ ਹੈ।

ਬੁੱਧ ਮਤ ਵਿਚ ਮੈਂ ਤੇ ਮੇਰਾ ਸ਼ਬਦ ਧੋਖਾ ਦੇਹੂ ਮੰਨੇ ਹਨ ਯਾਂਤੇ ਮਨੁੱਖ ਮੈਂ ਮੇਰੀ ਦੀ ਕੈਦ ਛੱਡਕੇ ਅਰਹੰਤ (ਜਨਮ ਮਰਨ ਰਹਿਤ) ਹੋ ਕੇ ਨਿਰਬਾਣ ਪਦ ਪੌਂਦਾ ਹੈ।

ਬੁੱਧ ਮਤ ਕਰਮ ਨੂੰ ਉਚਾਈ ਵਲ ਲੈ ਜਾਣ ਲਈ ਅਠ ਹਿੱਸਿਆਂ ਵਿਚ ਵੰਡਦਾ ਹੈ। ਇਸਦਾ ਅਠ ਅੰਗ (ਅਸ-ਟਾਂਗ) ਨਾਮ ਪ੍ਰਸਿਧ ਹੈ। (੧) ਭੁਲਾਂ ਦਾ ਰੋਕਣਾ (੨) ਮੌਜੂਦਾ ਪਵਿਤ੍ਰਤਾ ਨੂੰ ਵਧੌਣਾ (੩) ਕੀਤੀ ਭੁਲਾਂ ਦਾ ਤਿਆਗ (੪) ਹੋਰ ਪਵਿੱਤ੍ਰਤਾ ਪੈਦਾ ਕਰਨੀ। ਇਸਤਰਾਂ ਦੋ ਕਰਮ (ਸਾਧਨ) ਅਰਹੰਤ ਪਦਵੀ ਲਈ ਦਸੇ ਹਨ। ਅਗੇ ਅਰਹੰਤ ਬਣਨ ਵਾਲੇ ਨੇਮ ਸੱਤ ਪ੍ਰਕਾਰ ਦੇ ਹੈਨ।

ਬੁੱਧਾਂ ਲੇਵ, ਯਥਾ-ਖੋਜ, ਧਯਾਨ ਜੋਸ਼, ਆਰਾਮ, ਪਵਿਤ੍ਰਤਾ, ਖੁਸ਼ੀ, ਚਤੁਰਤਾ ਆਦਿ ਅੱਠ ਅੰਗ ਪਹਿਲੇ ਰਲਾਕੇ ਸੈਂਤੀਸ ਨੇਮ ਘੜੇ ਹਨ। ਇਸਤਰਾਂ ਤੀਸ ਨੇਮ

Digitized by Panjab Digital Library | www.panjabdigilib.org

ਦਯਾ, ਪਵਿਤ੍ਰਤਾ ਆਦਿ ਦੇ ਹਨ। ਬੁਧ ਮਤ ਈਸ਼੍ਵਰ ਤੇ ਦੇਵਤੇ ਦੀ ਮਦਦ ਯਾਂ ਸ਼ਕਤੀਆਂ ਨੂੰ ਨਹੀਂ ਮੰਨਦਾ, ਓਹ ਸਭ ਕੁਝ ਆਪਣੀ ਕਲਿਆਣ ਕਰਨੀ ਆਪ ਹੀ ਮੰਨਦਾ ਹੈ, ਆਪਣੇ ਪਰ ਭਰੋਸਾ ਰਖਣਾ ਸਿਖਾਉਂਦਾ ਹੈ। ਹਰੇਕ ਬੋਧੀ ਬਣਨ ਵਾਲਿਆਂ ਨੂੰ ਤਿੰਨ ਰਹਿਬਰਾਂ ਦੇ ਮਗਰ ਲਗਣਾ ਜ਼ਰੂਰੀ ਹੈ। ਜਿਸ ਨੂੰ ਕਿ ਤਿਸਰਣੰ ਕਹਿੰਦੇ ਹਨ। ਯਥਾ- "ਬੁਧੰ ਸਰਣੰ, ਮੱਛਮੀ, ਪ੍ਰਮੇਸਰੰ ਗਛਾਮੀ, ਸੰਗਮ ਸਰਣੰ, ਗੱਛਮੀ" ਭਾਵ ਮੈਂ ਬੁਧ ਦੀ ਸ਼ਰਣ ਹਾਂ, ਮੈਂ ਧਰਮ ਦੀ ਸ਼ਰਣ ਵਿਚ ਹਾਂ, ਮੈਂ ਸੰਘ ਦੀ ਸ਼ਰਣ ਵਿਚ ਜਾਂਦਾ ਹਾਂ ਅਸਲੋਂ ਬੁਧ ਮਤ ਇਨ੍ਹਾਂ ਤਿੰਨਾਂ ਦਾ ਸੰਗ੍ਰਹਿ ਹੈ, ਤ੍ਰਿਪਿਟਿਕ ਧਾਰਮਕ ਗ੍ਰੰਥ ਵਿਚ ਇਸ ਦਾ ਬਿਸਥਾਰ ਹੈ। ਬੁਧ ਮਤ ਧਾਰਨ ਕਰਕੇ ਕੁਝ ਸਮਾ ਮੰਗਣਾ (ਭਿਖਿਆ) ਜ਼ਰੂਰੀ ਹੈ। ਹਰ ਕੋਈ ਇਕ ਵੇਰ ਭਿਖਸ਼ੂ ਹੁੰਦਾ ਹੈ, ਪੱਕੇ ਸੰਨਿਆਸੀ ਯਾਂ ਗ੍ਰਿਸਤੀ ਬਾਲਗ ਹੀ ਮੰਨੇ ਜਾਂਦੇ ਹਨ, ਇਸਤ੍ਰੀਆਂ ਅਤੇ ਮਰਦਾਂ ਦੇ ਵਖੋ ਵਖ ਅਸਥਾਨ ਬਣੌਂਦੇ ਹਨ, ਇਸ-ਤ੍ਰੀਆਂ ਸਤਵੇਂ ਦਿਨ ਭਿਖਿਆ ਮੰਗਦੀਆਂ ਹਨ, ਅਰ ਮਰਦ ਰੋਜ਼ਾਨਾ ਮੰਗਦੇ ਹਨ। ਮੰਗਣ ਵੇਲੇ ਕਿਸੇ ਦੇ ਦਰ ਪਰ ਨਹੀਂ ਖੜਦੇ, ਸੁਤੇ ਹੀ ਹਥ ਵਿਚ ਠੂਠਾ ਫੜਕੇ ਤੁਰੇ ਜਾਣ ਦਾ ਰਿਵਾਜ ਹੈ। ਇਸ ਵੇਲੇ ਬੋਧ ਮਤ ਦੀ ਬੇਅੰਤ ਸ਼ਾਖਾਂ ਹਨ। ਪੁਰਾਣੇ ਨੇਮ ਨਹੀਂ ਰਹੇ, ਜੀਵ ਹਿੰਸਾ ਦਾ ਪਰਚਾਰ ਉੱਕਾ ਬੰਦ ਹੈ। ਚੀਨ ਜਪਾਨ ਦੇ ਬੋਧੀ ਤਾਂ ਮਾਨੋ ਜ਼ੀਆ ਘਾਤ ਦੇ ਪ੍ਰਚਾਰਕ ਹੋ ਰਹੇ ਹਨ। ਬੁੱਧ ਮਤ ਦੇ ਗ੍ਰੰਥ ਚੀਨੀ ਜਾਪਾਨੀ ਬ੍ਰਹਮੀ ਬੋਲੀ ਵਿੱਚ ਭੀ ਹਨ ਪਰ ਪਹਿਲੇ ਗ੍ਰੰਥ ਪਾਲੀ ਭਾਸ਼ਾ ਵਿਖੇ ਹਨ ਜੋ ਕਿ ਲੰਕਾ ਵਿਚ ਬੋਲੀ ਜਾਂਦੀ ਹੈ।

ਬੁਧ ਮਤ ਵਿਚ ਯੋਗਾ ਅਭਿਆਸ ਭੀ ਜਾਰੀ ਔਂਦਾ ਹੈ ਪਰ ਓਹ ਨਿਰਾਲੇ ਢੰਗ ਦਾ ਹੈ ਕਈ ਬੋਲੀਃ ਓ ਮਾਨੇ ਪਦਮੇ ਹੁੰਓਂ ਜਪਦੇ ਹਨ,ਪੁਨਾ 'ਓਅੰ ਨਮੋ ਦੇਵਾਯ' ਇਹ ਭੀ ਕਹਿੰਦੇ ਹਨ।

ਬੁਧ ਮਤ ਵਿਚ ਗਿਆਨ ਚਰਚਾ ਬਹੁਤ ਹੈ ਪਰ ਸੰਖੇਪਤ ਸਿਧਾਂਤ ਇਹ ਹੈਃ-

ਦੁਖ ਦਾ ਮੂਲ ਕਾਰਨ ਤ੍ਰਿਸ਼ਨਾ, ਪੰਜ ਗਿਆਨਿੰਦ੍ਰਯ, ਪੰਜ ਕਰਮ ਇੰਦ੍ਰਯ, ਪੰਜ ਮਹਾਂ ਭੂਤ। ਪੰਜ ਤਨ ਮਾਤ੍ਰਾ ਤੋਂ ਬਣਿਆਂ ਅਨਾਤਮਾ ਹੈ, ਆਤਮਾ ਨਹੀਂ ਹੈ। ਨਿਰਬਾਣ ਪਦਵੀ ਪੌਣ ਵਾਲਾ ਮੁਨੀ ਬ੍ਰਹਮਣ ਮੰਨਿਆਂ ਹੈ। ਆਪਣੇ ਕਰਤੱਬ ਹੀ ਫਲ ਪਰਦਾਤਾ ਹੈਨ। ਇਥੋਂ ਦੇ ਕਰਮ ਅਗੇ ਭੋਗਣੇ ਮੰਨੇ ਹਨ, ਵਾਸ਼ਨਾ ਤਿਆਗ ਕਰਨਾ ਮੁਕਤੀ ਹੈ, ਹੋਮ ਯਗ ਆਦਿਕ ਖੰਡੇ ਹਨ। ਬੁਧ ਦੇ ਪਹਿਲੇ ਉਪਦੇਸ਼ ਦਾ ਨਾਮ ਧਰਮ ਚੱਕ੍ਰ ਪਰ ਵਰਤਨ ਲੁਸਤਰ ਹੈ ਸਾਧੂ ਤੇ ਗ੍ਰਿਹਸਤੀ ਦੋ ਪ੍ਰਕਾਰ ਦੇ ਚੇਲੇ ਅਤੇ ਅਡ ਬਣਾਏ ਗਏ, ਸਾਧੂਆਂ ਨੂੰ ਸਾਮਾਨ ਅਤੇ ਗ੍ਰਿਹਿਸਤੀਆਂ ਨੂੰ ਆਵ ਪਾਬਸਕ ਬੋਲਦੇ ਹਨ। ਈਸਾਈ ਮਤ ਵਿਚ ਭੀ ਇੱਕਰ ਦੀ ਵੰਡ ਹੈ ਬੋਲੀ ਸਾਧੂ ਮਹਾਤਮਾ ਬੁਧ ਦੀ ਤਰਾਂ ਚਮਾਸਾ ਠਹਿਰ ਕੇਅੱਠ ਮਹੀਨੇ ਪ੍ਰਚਾਰ ਲਈ ਫਿਰਦੇ ਹਨ।

ਇਸ ਵੇਲੇ ਬੌਧਾਂ ਵਿਚ ਬਹੁਤ ਫਿਰਕੇ ਬਣ ਰਹੇ ਹਨ, ਪਰ ਸੌਤ੍ਰਾਂਤਿਕ, ਯੋਗਾ-ਚਾਰ ਮਾਧਮਿਕ ਵੈਭਾਸ਼ਕ, ਚਾਰ ਤਾਂ ਵਡੇ ਵਡੇ ਹਨ, ਬੌਧਾਂ ਦੇ ਪੂਜਯ ਸਥਾਨ

Digitized by Panjab Digital Library | www.panjabdigilib.org

ਭੀ ਅਤੇ ਅਤ ਹਨ ਕਾਰਲੀ, ਅਜੰਤਾ ਚੰਦ੍ਰਗਿਰੀ ਵਿਖੇ ਬੋਧਗੁਫਾ ਖਾਸ ਹਨ, ਸਾਧੂ ਲੋਕ ਲਾਲ ਚੋਲਾ ਰਖਦੇ ਹਨ।

ਬੋਧ ਮਤ ਦੇ ਵਧਣ ਦਾ ਅਸਲ ਕਾਰਨ ਮਨੁਸ਼ ਮਾਤ੍ਰ ਦਾ ਭਲਾ ਕਰਣ ਸੀ ਅਤੇ ਉਸ ਸਮੇ ਲੋਕ ਬ੍ਰਾਹਮਣਾਂ ਦੇ ਪਖੰਡਾਂ ਕਰਕੇ ਬਹੁਤ ਤੰਗ ਆਏ ਹੋਏ ਸਨ। ਇਸ ਮਤ ਨੇ ਦਸਿਆ ਕਿ ਮਾਨੁਸ਼ ਮਾਤ੍ਰ ਦੇ ਹੱਕ ਬਰਾਬਰ ਹਨ ਤਥਾ ਜਾਤਿ ਪਾਤਿ ਕੋਈ ਨਹੀਂ। ਕਿਸੇ ਦਾ ਚਿੱਤ ਨਹੀਂ ਦੁਖੌਣਾ ਚਾਹੀਦਾ ਤੇ ਨੇਕੀ ਕਰਨੀ ਚਾਹੀਦੀ ਹੈ। ਜੀਵ ਮਾਰ ਕੇ ਕੁਰਬਾਨੀ ਦੇਣੀ ਬੇ-ਅਰਥ ਹੈ ਆਦਿ।

ਬੋਧ ਮਤ ਰੂਹ ਤਥਾ ਆਤਮਾ (ਜ਼ਮੀਰ) ਸਬੰਧੀ ਕੋਈ ਪੂਰਾ ਨਿਰਣਯ ਨਹੀ ਕਰ ਸਕਿਆ ਇਸ ਮਤ ਨੇ ਬੁਧ ਨੂੰ ਸਦਾ ਜਿੰਦਾ ਮੰਨਕੇ ਉਸ ਦੀ ਗੱਦੀ ਪਰ ਬੈਠਣ ਵਾਲਾ ਮਹੰਤ 'ਬੁਧ' ਹੀ ਸਿਧ ਕੀਤਾ ਹੈ। ਇਹੋ ਤ੍ਰੀਕਾ ਹਜ਼ਰਤ ਈਸਾ ਦੇ ਮਗਰੋਂ ਪੋਪ ਦਾ ਉਸ ਦੀ ਥਾਂ (ਜਾਨਸ਼ੀਨ) ਹੋਣਾ ਈਸਾਈ ਮਤ ਦਸਦਾ ਹੈ। ਬੁਧ ਮਤ ਵਿਚ ਇਸਤ੍ਰੀਆਂ ਭਿਖਸ਼ੂ ਬਣ ਸਕਦੀਆਂ ਹਨ, ਪ੍ਰੰਤੂ ਇਨਾਂ ਦਾ ਦਰਜਾ ਅਤੀ ਨੀਵਾਂ ਰੱਖਿਆ ਹੈ। ਇਹ ਮਤ ਇਸ ਗਲ ਪਰ ਬੜਾ ਜ਼ੋਰ ਦਿੰਦਾ ਹੈ, ਕਿ ਦੁੱਖ ਦਾ ਮੂਲ ਕਾਰਨ ਤ੍ਰਿਸ਼ਨਾ ਹੈ ਅਤੇ ਸ਼ਰੀਰ ਦੇ ਪੰਜ ਗਜ਼ਾਨ ਤੇ ਕਰਮ ਇੰਦਰੇ ਤਥਾ ਪੰਜ ਮਹਾਂ ਭੂਤਾਂ ਤੇ ਪੰਜ ਤਨ ਮਾਤਰਾਂ ਤੋਂ ਬਣਿਆਂ ਅਨਾਤਮਾਂ ਹੈ। ਇਸਦਾ ਸਿਧਾਂਤ ਹੈ ਕਿ ਆਤਮਾ ਕੁਝ ਵੀ ਨਹੀਂ ਹੈ, ਯਾਂਤੇ ਅਨਾਤਮਾ ਵਿਚ ਸੰਕਲਪਾਂ ਨਾਲ ਬਣੀ ਤ੍ਰਿਸ਼ਨਾਂ ਨੂੰ ਮਾਰੇ। ਇਸਨੂੰ ਮਾਰਨ ਦਾ ਸਾਧਨ ਸਤ ਵਾਕਯ, ਸਤ ਵੀਚਾਰ, ਸਤ ਕਰਮ, ਸਤ ਤਨ, ਸੁਚਿੰਤਨ, ਸਤ ਧਿਆਨ, ਸਤ ਜੀਵਨ, ਸਤ ਵਿਸ਼ਵਾਸ਼ ਇਕਰ ਦੇ ਸਾਧਨ ਦਸੇ ਹਨ, ਭਾਵ ਪਾਪ ਦੂਰ ਹੋਕੇ ਤ੍ਰਿਸ਼ਨਾ ਮਰਦੀ ਹੈ। ਉਪਰੰਤ ਨਿਰਬਾਣ ਪਦ ਮਿਲਦਾ ਹੈ। ਪੁਰਸ਼ ਇਸਤ੍ਰੀ ਬ੍ਰਹਮ ਤੋਂ ਵੀ ਉਚਾ ਹੋ ਜਾਂਦਾ ਹੈ ਜਾਂ ਇਹ ਲੋਕ 'ਦੁਆਦਸਿ ਤਨ ਪੂਜਾ' ਵੀ ਕਰਦੇ ਹਨ, ਅਤੇ ਦਸ ਇੰਦ੍ਰੀਆਂ ਮਨ ਤੇ ਬੁਧਿ ਦਾ ਅਨੰਦ ਵਿਚ ਲੈਣਾ। ਇਹ ਅਕਸਰ ਇਸ ਪ੍ਰਕਾਰ ਦੇ ਚਿੰਨ ਰਖਣੇ ਮੰਨਦੇ ਹਨ:—ਹਰਨ ਦੇ ਚੰਮ ਦਾ ਆਸਣ, ਹਥ ਵਿੱਚ ਕਮੰਡਲ, ਸਿਰ ਮੂੰਹ ਚਟਮ ਕਰੌਣਾ, ਭੋਜ ਪੱਤਰ ਦੇ ਵਸਤਰ ਪਹਿ-ਰਣੇ ਤੇ ਪੂਰ ਬਾਹਣ ( ਛੇ ਬਜੇ ਤੋਂ ਪਹਿਲੋਂ ਭੋਜਨ ਖਾਣਾ ) ਇਨਾਂ ਦੇ ਸਾਧੂ ਲਾਲ ਬਸਤਰ ਪਹਿਰਦੇ ਹਨ ਤੇ ਸਭ ਤੋਂ ਵਡੇ ਦਾ ਨਾਉਂ ਸੁਗਤਦੇਵ ਹੈ। ਇਨਾਂ ਦੇ ਸਾਧੂ ਨਰਮ ਗੁਦੇਲਿਆਂ ਪਰ ਨਹੀ ਸੌਂ ਸਕਦੇ, ਜੈਸਾ ਕਿ ਈਸਾਈ ਪਾਦਰੀ ਕਰਦੇ ਹਨ। ਇਹ ਬ੍ਰਹਮਣਾਂ ਨੂੰ ਪਖੰਡੀ ਮੰਨਦੇ ਹਨ। ਮਹਾਤਮਾ ਬੁਧ ਦਾ ਮਿਰਤਕ ਸੰਸਕਾਰ ਅਗਨੀ ਦੁਆਰਾ ਕੀਤਾ ਗਿਆ ਸੀ ਪਰ ਚੀਨ ਜਾਪਾਨ ਵਿਚ ਇਹ ਬਹੁਤ ਕਰਕੇ ਦਬਦੇ ਹੀ ਹਨ। ਇਨਾਂ ਵਿਚ ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਦਾ ਨਿਯਮ ਪ੍ਰਧਾਨ ਹੈ। ਕਈ ਗ੍ਰੰਥਾਂ ਵਿਚ ਚਾਰਪਾਕ ਤੋਂ ਜੈਨੀ ਅਤੇ ਜੈਨੀਆਂ ਤੋ ਬੋਧ ਮਤ ਦਾ ਪ੍ਰਚਾਰ ਹੋਣਾ ਮੰਨਦੇ ਹਨ, ਜਿਸ ਕਰਕੇ ਇਨਾਂ ਵਿਚ ਥੋੜਾ ੨ ਭੇਦ ਸਿਧ ਕੀਤਾ ਹੈ। ਬੁੱਧ ਮਤ ਵਿਚ ਬੁੱਧ ਭਗਵਾਨ ਤੇ ਜਗਤ ਦੇਵ ਨੂੰ ਪੂਜਾ ਯੋਗ ਮੰਨੀਦਾ ਹੈ

Digitized by Panjab Digital Library | www.panjabdigilib.org

ਅਤੇ ਜਗਤ ਨੂੰ ਨਾਸ਼ਵੰਤ ਦਸਿਆ ਹੈ ਇਹ ਲੋਕ ਪ੍ਰਤਖ ਤੇ ਅਨੁਮਾਨ ਦੋ ਹੀ ਪ੍ਰਮਾਣ ਮੰਨਦੇ ਹਨ। ਸ੍ਵਾਮੀ ਸੰਕਰਾ ਚਾਰਯ ਨੇ ਇਨਾਂ ਦੋਹਾਂ ਪ੍ਰਮਾਣਾਂ ਦਾ ਬੜੇ ਜ਼ੋਰ ਨਾਲ ਖੰਡਣ ਕੀਤਾ ਹੈ। ਇਸ ਮਤ ਵਿਚ ਸਤ ਗਿਆਨ, ਸੁੰਦਰ ਤੇ ਚਾਰਤਰਿ 'ਰਤਨ ਤ੍ਰੈ' ਕਹੌਂਦਾ ਹੈ, ਅਰਥਾਤ ਸੰਸੇ ਦੂਰ ਕਰਦੇ ਹਨ, ਅਹਿੰਸਾ ਅਸਤੇਯ, ਸੂਨਤ, ਬ੍ਰਹਮਚਰਯ, ਅਪ੍ਰ ਗ੍ਰਹਿ ਇਹ ਪੰਜ ਤਰਾਂ ਦਾ ਗਿਆਨ ਮੰਨਦੇ ਹਨ ਅਰਥਾਤ ਜੀਵ ਦਾ ਨਾ ਮਾਰਨਾ, ਲੋਭ ਕਰਨਾ, ਮਿੱਠਾ ਤੇ ਸੱਚ ਬੋਲਣਾ, ਕਾਮ ਕ੍ਰੋਧ ਤੇ ਮੋਹ ਦਾ ਤਿਆਗਣਾ, ਪ੍ਰਧਾਨ (ਅਪਚਿਤ)।

ਬੋਧ ਮਤ ਹੁਣ ਅਸਲ ਰੂਪ ਵਿਚ ਸ਼ਾਇਦ ਹੀ ਕਿਧਰੇ ਹੋਵੇ। ਚੀਨ, ਜਾਪਾਨ, ਬ੍ਰਹਮਾਂ ਆਦਿ ਵਿਚ ਮਾਂਸ, ਸ਼ਰਾਬ, ਅਫੀਮ ਦੀ ਆਮ ਖੁਲ੍ਹ ਹੈ। ਭੂਤਾਂ ਪ੍ਰੇਤਾਂ ਨੂੰ ਬਹੁਤ ਮੰਨਦੇ ਹਨ, ਸਚ ਹੈ 'ਕਲਿਜੁਗ ਬੋਧ ਅਵਤਾਰ ਹੈ' "ਬੋਧ ਅਬੋਧ ਨ ਦ੍ਰਿਸਟੀ ਆਵੈ॥" (ਭਾ: ਗੁਰਦਾਸ ਜੀ)

## ਤ੍ਵ ਪ੍ਰਸਾਦਿ ਭੁਯੰਗ ਪ੍ਰਯਾਤ ਛੰਦ

'ਸਰਬ ਸ਼ਕਤੀ ਸਪੰਨ' ਅਕਾਲ ਪੁਰਖ ਦੀ ਉਸਤਤ ਹੈ। 'ਨ ਰਾਗੇ ਨ ਰੰਗੇ' ਤੋਂ ਆਰੰਭ ਹੋ ਕੇ ਅਗੇ ਦੋ ਸੌ ੨੦੦ ਅੰਕ ਤੀਕਰ ਕਠਨ ਪਦਾਂ ਦੇ ਅਰਥ ਲਿਖੇ ਜਾਂਦੇ ਹਨ—

ਕ੍ਰੋਹੰ=ਕਰੋਧ। ਦ੍ਰੋਹੰ=ਧ੍ਰੋਹ। ਗ੍ਰੇਹੰ=ਘਰ। ਕਹਾ=ਕਿਥੇ ? । ਮਾਤ੍ਰੇ=ਮਾਤਾ। ਪਰੇਅੰਪਰਾ=ਪਰੇ ਤੋਂ ਪਰੇ। ਪ੍ਰਗਯਾ=ਬੁਧੀ ਪ੍ਰਕਾਸ਼ਕ। ਗੜ੍ਹੇ=ਘੜੇ। ਚੋਥੰ=ਈਰਖਾ। ਪ੍ਰਾਸੰ=ਪਰਾਈ ਆਸ। ਨਿਰਕਤੰ=ਅਕਥਨੀਯ। ਆਦਜਵਕਤੇ=ਵਜਕਤੀ ਰਹਿਤ। ਸਾਕੰ=ਅੰਗ ਸਾਕ। ਕੰਜ=ਕੰਵਲ। ਮੰਜ=ਸੁਗੰਧੀ। ਧਰਮ ਲੁਨੇ=ਧਰਮ ਹੀਣੇ। ਬਾਜਤਾਮੇ=ਬਾਜਾਂ ਦੇ ਖਾਜੇ। ਅਛ੍ਹ=ਖਾਜਾ। ਪਛ੍ਹ=ਅਪਛਰਾਂ। ਦੈਂਤਬਾਨੀ=ਮੂਰਖਾਂ ਦੇ ਬੋਲੇ। ਪ੍ਰਿਸ੍ਟ=ਪਿੱਠ। ਰਿਸ੍ਟੰ=ਤਕੜੀ। ਪੰਨਯਾ=ਸ਼ੇਸ਼। ਵਜੋਮਬਾਨੀ=ਅਕਾਸ਼ ਬਾਣੀ। ਅਦ੍ਰਬਰੰ=ਪ੍ਰਭਤਾ। ਭਦ੍ਰ=ਕਲਿਆਣ। ਮਦ੍ਰ ਬਾਨੀ=ਪੰਜਾਬੀ। ਪਿੰਗਲ ਚਾਣੀ=ਪਿੰਗਲਾਦਿ ਚਰਚਾ। ਬੀਨ ਵਿਦਜਾ=ਬਜੰਤ੍ਰ। ਨਾਗਬਾਨੀ=ਪਿੰਗਲ। ਮਲੇਛ ਭਾਸ਼ਾ=ਯਵਨ ਭਾਸ਼ਾ। ਅਛਰਾ=ਪਤਾਲ ਵਾਸੀ। ਮਛਰਾ=ਮਾਤਲੋਕੀ। ਅਭੂਤੰ=ਅਸਚਰਜ। ਧਿਰਾਜਾਧਿਰਾਣ=ਰਾਜ ਅਧਿਕਾਰੀ। ਤ੍ਰਸਤੰ=ਡਰ। ਗ੍ਰਸਤੰ=ਫੜਿਆ। ਤ੍ਵਅਸਤੰ=ਤੂੰ ਹੈਂ। ਅਬਯਕਤ=ਬਿਅਕਤੀ ਰਹਿਤ। ਹਰਤਾ=ਹਰਨੇ ਵਾਲਾ। ਬਯੋਤਬਾਨ=ਵਿਆਕਰਨ ਨਾਲ ਸੋਧੀ ਬਾਣੀ। ਬਰਗ=ਦੁਖ। ਰਾਸ=ਸ਼ੁਕਲ (ਨੁਹਾਰ)। ਬਯਾਲ=ਸਰਪ। ਕਲਪ=ਲਖਾਂ ਸਾਲ। ਘਾਮ=ਗਰਮੀ। ਮੱਧ=ਵਿਚਕਾਰ। ਨੈਕ=ਥੋੜਾ। ਤਾਸ=ਤਿਸਦਾ। ਸਭਰਮ=ਭ੍ਰਮ ਸਹਿਤ। ਅਸ੍ਵਮੇਧ=ਘੋੜੇ ਦੇ ਹਵਨ ਦਾ ਯਗ। ਅਰਘ ਦਾਨ=ਚਮਚਿਆਂ ਨਾਲ ਦੇਵਾਂ ਨੂੰ ਪਾਣੀ ਅਰਪਣਾ। ਨਿਰਾਧਰ=ਨਿਰ ਆਸਰੇ। ਮੁਰਾਰ=ਕਰਤਾਰ। ਜੁਧੰ=ਜੁੜਨ।

Digitized by Panjab Digital Library | www.panjabdigilib.org

ਛਤ੍ਰ ਛਿਤੰ=ਛਤ੍ਰਧਾਰੀ ਰਾਜੇ। ਸਚਯੇ=ਬਣਾਏ। ਅਨਭੌ ਪਦ=ਸੁਤੇ ਪ੍ਰਕਾਸ਼। ਸ੍ਰਿਅ=ਮਹਾਂ ਸਾਗਰ। ਨਬਿੰਧ=ਬਿੰਧਿਆ ਚਲ। ਨਗੰ=ਅਤ ਵਡੇ। ਨ੍ਰਿਪਾਲ=ਰਾਜ ਮਹਲ। ਕਰਾਲ=ਭਿਆਨਕ। ਤ੍ਰਿਗੰ=ਟੇਢੀ ਜੂਨ। ਨਪੁੰਸਕ=ਹੀਜੜਾ। ਬਾਜਿ=ਘੋੜੇ। ਕਲ੍ਹੀ=ਬੰਦ ਫੁਲ। ਚੰਦ੍ਰ ਬ੍ਰਿਤੰ=ਚੰਦ੍ਰਾ-ਇਣ ਬ੍ਰਤ। ਦਿਨੀਸਰ=ਸੂਰਜ। ਅਨਧੂਤ=ਸੁਧ। ਰੁਗੰ=ਰੋਗ। ਭੂਅ ਭੰਜਨ=ਜਨਮ ਨਾਸ਼ਕ। ਸ੍ਰੁਤਸਿੰਧ=ਮਹਾਂ ਪੰਡਤ (ਵੇਦਾਚਾਰਯ)। ਪੁਨਰ=ਫੇਰ। ਬ੍ਰਿਤੀ=ਦਲੀਲਾਂ (ਫਿਲ-ਸਫੇ)। ਚਸਕੇ=ਥੋੜਾ ਸਮਾਂ। ਕਾਲ ਫਧਾ=ਕਾਲ ਫਾਂਸ। ਸਮਸ੍ਤ=ਸਾਰੇ। ਬਿਸ੍ਵੰਭਰ=ਪ੍ਰਿਥੀ ਪਾਲਕ। ਬਾਨਿ=ਨਫਾ। ਅਪ੍ਰਮਾਨ=ਬੇ ਅੰਦਾਜ਼ਾ। ਸੰਕ=ਸੰਗ। ਅਖਯੋਲ=ਧਿਆਨ ਬਿਨਾ। ਪਰੇਯ=ਪਿਆਰ। ਪਰਾਨ=ਆਦੀ। ਭੰਡ=ਬਦਨਮਾ। ਘ੍ਰਾਮ=ਬਰਫ। ਬਾਲ=ਬਜਾਲ। ਅਭੂਮ=ਜ਼ਮੀਨ ਰਹਿਤ। ਕਾਰ=ਹੰਕਾਰ। ਭਾਉ=ਚੰਚਲਤਾ। ਗਜਾਧਿਪੰ=ਗਣੇਸ਼। ਨਰਾਧਿਪੀ=ਨਰੇਸ਼। ਸਿਤਸ ਪਤੀ=ਚੰਦ੍ਰਮਾਂ (ਸ਼ਾਂਤ)। ਤਪਸਪਤੀ=ਸੂਰਜ। ਬਨਸਪਤੀ=ਸ਼ੇਰ (ਜੰਗਲ ਪਤਿ)। ਅਗਸ੍ਤ=ਇਕ ਰਿਸ਼ੀ। ਦਹੈ=ਸਾੜਨਾ। ਅਬਿਖਾਦ=ਝਗੜੇ ਰਹਿਤ। ਲੇਬ=ਹਿਸਾਬ। ਮੁਰਗ=ਪੰਛੀ। ਉਰਗ=ਸਰਪ। ਸ਼ਕ੍ਰ=ਇੰਦਰ। ਧਿਰਾਜ ਰਾਜ=ਸ਼ਹਿਨ ਸ਼ਾਹ। ਗਉੜੇ=ਗੌੜ ਬ੍ਰਹਮਣ। ਗੜ੍ਹ ਗਾੜ=ਕਵਿ ਰਚਨਾ। ਭੂਤ ਭਬ ਭਵਾਨ=ਤਿੰਨੇ ਸਮੇਂ। ਬਾਇ=ਹਵਾ। ਨਿਹ ਸਨੇਹ=ਪੂਰਨ ਪ੍ਰੇਮੀ। ਅਨਭੀਤ=ਨਿਰਭਉ। ਸ੍ਰੀ ਪਤਿ=ਸ੍ਰੋਮਣੀ ਸਵਾਮੀ (ਕਰਤਾਰ)। ਗੋਤ੍ਰ ਗਾਬਾ=ਗੋਤ੍ਰ ਸੰਗਲੀ। ਪ੍ਰਮਾਥ=ਮਥਨ ਤੋਂ ਪਰੇ। ਪੁਸ਼ਟ ਕਰਤਾ=ਪਾਲਕ (ਸੱਤਾ ਦਾਤਾ)। ਸ਼ਤ੍ਰੁਘਾਲਕ=ਮਨਮੁਖਾਂ ਦਾ ਨਾਸ਼ਕ। ਸਿੰਮ੍ਰਤਨ=ਇੱਛਾ ਪੂਰਕ। ਪੁਸ਼ਟ ਖੰਡਣ=ਹੰਕਾਰ ਨਾਸ਼ਕ। ਸ੍ਰਿਸਟਿਚਾਰ=ਉੱਤਮ ਚੱਜ ਅਚਾਰ। ਪ੍ਰਹਾਰ=ਮਾਰਨਾ। ਮਹਿੰਦ੍ਰ=ਮਹੀਪਤ। ਜਦਪਿ=ਜਦੋਂ ਕਿ। ਤ੍ਰੈਣਤੰਤ੍ਰ=ਤਿਸਦਾ ਤੰਤ੍ਰ। ਕਰੀਮ=ਸਖੀ (ਦਾਤਾ)। ਕਾਦਰ=ਕੁਦਰਤਾਂ ਦਾ ਮਾਲਕ। ਵਾਰ ਪਾਰ=ਆਰ ਪਾਰ। ਪੱਤ੍ਰ ਪੂਜਾ=ਪੱਥਰ ਪੂਜਾ। ਸਿਵੰਤ=ਸੇਂਵਦੇ। ਕਰੁਣਾ ਨਿਧਾਨ=ਕ੍ਰਿਪਾ ਸਾਗਰ। ਕਾਮਲ=ਪੂਰਾ। ਅੰਜਨ ਬਹੀਨ=ਨਿਰਲੇਪ। ਕਾਰਣ ਸਰੂਪ=ਸਰਬ ਮੂਲ। ਅਦਾਗ=ਨਿਸ਼ ਕਲੰਕ। ਪਾਨਿਹਾਰ=ਪਾਣੀ ਰਨਾਭ

## ਕਹੂੰ ਆਰਬੀ ਪਾਰਸੀ ਤੋਰਕੀ ਹੋ॥

ਇਥੇ ਸੰਸਾਰ ਦੀ ਪ੍ਰਸਿੱਧ ਬੋਲੀਆਂ ਦਾ ਜ਼ਿਕਰ ਔਂਦਾ ਹੈ। ਮੁਲਕਾਂ ਦੇ ਨਾਮ ਪਰ ਹੀ ਅਕਸਰ ਬੋਲੀਆਂ ਯਾਂ ਮਨੁਖਾਂ ਦੇ ਨਾਮ ਪਏ ਹਨ, ਜਿਹਾ ਕਿ—ਪੰਜਾਬ ਵਿਖੇ ਪੰਜਾਬੀ, ਫਾਰਸ ਵਿਖੇ ਫਾਰਸੀ, ਚੀਨ ਵਿਖੇ ਚੀਨੀ, ਬੰਗਾਲ ਵਿਖੇ ਬੰਗਾਲੀ, ਤੁਰਕਿ-ਸਤਾਨਵਿਖੇ ਤੁਰਕੀ ਯਾ ਤੋਰਕੀ, ਅਫਗਾਨਿ-ਸਤਾਨ ਦੀ ਬੋਲੀ ਪਸ਼ਤਵੀ (ਪਸ਼ਤੋ) ਕਹੀ ਜਾਂਦੀ ਹੈ। ਪਾਰਸ (ਫਾਰਸ) ਦੇਸ ਦੀ ਪਾਰਸੀ (ਫਾਰਸੀ) ਕਹੌਦੀ ਹੈ ਵਿਦਜਵਾਨਾਂ

Digitized by Panjab Digital Library | www.panjabdigilib.org

ਨੇ ਫਾਰਿਸੀ ਦੀਆਂ ਸੱਤ ਕਿਸਮਾਂ ਮੰਨੀਆਂ ਹਨ ਜਿਨਾਂ ਵਿਚੋਂ ਪਹਲਵੀ, ਫਾਰਸੀ, ਸਕਜ਼ੀ, ਸਗਦੀ, ਹਰਵੀ, ਜ਼ਾਬੁਲੀ ਤੇ ਦਰੀ ਹਨ । ਸੰਸਕ੍ਰਿਤ ਨੂੰ ਵੀ ਪਹਲਵੀ ਕਿਹਾ ਜਾਂਦਾ ਹੈ । ਇਸੇ ਦਾ ਨਾਮ ਦੇਵ ਬਾਣੀ ਹੈ । ਪਹਲਵੀ ਜ਼ਬਾਨ ਈਰਾਨ (ਪਹਲਵ) ਵਿਚ ਬੋਲੀ ਜਾਂਦੀ ਹੈ। ਪਾਰਸੀ ਇਕ ਮਤ ਵੀ ਹੈ, ਜੋ ਅਗਨਿ ਪੂਜਕ ਹਨ । ਅਰਬ ਦੇਸ਼ ਦੀ ਬੋਲੀ ਅਰਬੀ ( ਆਰਬੀ ) ਕਹੌਂਦੀ ਹੈ ਜਿਸ ਵਿਚ ਮੁਸਲਮਾਨਾਂ ਦੀ ਕੁਰਾਨ ਲਿਖੀ ਗਈ ਹੈ। ਅਰਬ ਦੇ ਵਸਨੀਕ ਵੀ ਆਰਬੀ ਕਹੀਦੇ ਹਨ। ਸਹਸਕ੍ਰਿਤੀ ਜ਼ਬਾਨ ਪਾਲੀ ਤੇ ਪ੍ਰਾਕ੍ਰਿਤ ਭਾਸ਼ਾ ਤੋਂ ਮਿਲਕੇ ਬਣੀ ਹੈ। ਇਸੇ ਦਾ ਨਾਉਂ ਗਾਥਾ ਵੀ ਹੈ। ਸੰਸਕ੍ਰਿਤ ਤੋਂ ਭਾਵ ਹੈ ਕਿ ਸੰਸਕਾਰ ਕੀਤੀ ਹੋਈ ਬੋਲੀ ਤਥਾ ਵਯਾਕਰਣ ਦੇ ਨੇਮਾਂ ਵਿਚ ਆਈ ਹੋਈ ਪ੍ਰਾਕ੍ਰਿਤ ਯਾ ਬਹੋ ਸਵਾਰੀ ਹੋਈ ਭਾਸ਼ਾ । ਜੋ ਭਾਸ਼ਾ ਆਮ ਬੋਲੀ ਜਾਂਦੀ ਸੀ ਓਹ ਸਹਸਕ੍ਰਿਤੀ ਸੀ। ਦੋ ਸੌ ਈਸਵੀ ਥੀਂ ਪਹਿਲਾਂ ਪਿੰਗਲ ਤੇ ਵਿਆਕਰਣ ਦਾ ਪ੍ਰਚਾਰ ਨਹੀਂ ਸੀ।

## ਕਹੂੰ ਅਛਰਾ ਪਛਰਾ ਮੱਛਰਾ ਹੋ ॥

ਗ੍ਰੰਥਾਂ ਵਿੱਚ ਤਿੰਨ ਪ੍ਰਕਾਰ ਦੀਆਂ ਇਸਤਰੀਆਂ ਮੰਨੀਆਂ ਹਨ। ਅੱਛਰਾ ਤਥਾ ਅਪਸਰਾ ਸੁਰਗ ਯਾ ਇੰਦਰ ਲੋਕ ਦੀਆਂ ਸੁੰਦਰ ਨੇਤਰਾਂ ਵਾਲੀਆਂ ਇਸਤਰੀਆਂ ਤਥਾ ਦੇਵ ਲੋਕ ਦੀਆਂ ਪੱਛਰਾ ਇਨਾਂ ਦਾ ਸਬੰਧ ਅਕਸਰ ਇੰਦਰ ਪੁਰੀ ਯਾ ਇੰਦਰ ਦੇ ਅਖਾੜੇ ਨਾਲ ਜੋੜਿਆ ਜਾਂਦਾ ਹੈ । ਮੱਛਰਾ-ਭਾਵ (ਮਰਤ) ਪਤਾਲ ਲੋਕ ਦੀਆਂ ਸੁੰਦਰ ਇਸਤ੍ਰੀਆਂ, ਇਨਾਂ ਨੂੰ ਨਾਗ ਕੰਨਿਆਂ ਕਿਹਾ ਜਾਂਦਾ ਹੈ, ਤਥਾ ਨਾਗਾਂ ਦੀਆਂ ਰੂਪਵੰਤੀਆਂ (ਇਸਤਰੀਆਂ) ਇਹ ਸ਼ੇਸ਼ ਨਾਗ ਦੀ ਛਤ੍ਰ ਛਾਯਾ ਹੇਠ ਰਹਿੰਦੀਆਂ ਮੰਨੀਆਂ ਹਨ, ਇਸ ਤਰਾਂ ਮਾਤ ਲੋਕ ਵਿਚ ਭੀ ਮੰਨੀਆਂ ਜਾਂਦੀਆਂ ਹਨ। ਪਿਛਲੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਕਸ਼ਮੀਰ ਦੀਆਂ ਤਥਾ ਠੰਢੇ ਪਹਾੜੀ ਇਲਾਕਿਆਂ ਦੀਆਂ (ਰੂਪਵੰਤੀਆਂ) ਇਸਤਰੀਆਂ ਨੂੰ ਪਰੀਆਂ ਕਿਹਾ ਜਾਂਦਾ ਸੀ ਤੇ ਕਿਸੇ ਸਮੇਂ ਯੂਰਪ ਵੀ ਪਰੀਆਂ ਦਾ ਦੇਸ਼ ਮੰਨਿਆਂ ਜਾਂਦਾ ਸੀ ਅਤੇ ਹਿੰਦੁਸਤਾਨ ਵਿਚ ਦੇਵਤਿਆਂ ਦੀਆਂ ਇਸਤਰੀਆਂ ਮੰਨੀਆਂ ਜਾਂਦੀਆਂ ਸਨ । ਪਾਤਾਲ ਤੋਂ ਭਾਵ ਦੇਸ ਅਮਰੀਕਾ ਦੇ ਵਾਸੀ ਵੀ ਹੋ ਸਕਦੇ ਹਨ ਅਤੇ ਸੁਰਗ ਕਸ਼ਮੀਰ ਦੇ ਤਥਾ ਉਚੇ ਠੰਢੇ ਪਹਾੜੀ ਇਲਾਕੇ ਨੂੰ ਮੰਨਿਆਂ ਜਾ ਸਕਦਾ ਹੈ।

## ਏਕ ਸਮੇ ਸ੍ਰੀ ਆਤਮਾ॥ ੨੦੧ ॥

ਇਹ ਦਸੇ ਦੋਹਰੇ ਪ੍ਰਸ਼ਨ ਰੂਪ ਹਨ ਪਰ ਇਨ੍ਹਾਂ ਦੇ ਉਤ੍ਰ ਲਿਖਣੇ ਰਹਿ ਗਏ ਹਨ। ਕਈ ਵਿਦਜਵਾਨਾਂ ਦਾ ਖਿਆਲ ਹੈ ਕਿ ਇਨ੍ਹਾਂ ਦੇ ਉਤ੍ਰ 'ਅੰਤਰ ਅਲਾਪਿਕਾ, ਤੁਕੇ ਨਾਲ ਵਿਚੋਂ ਹੀ ਮਿਲਦੇ ਹਨ' ਤਥਾ ਉਕਤ ਦੋਹਰਿਆਂ ਨੂੰ 'ਬਾਹਰ ਅਲਾਪਿਕਾ ਅਲੰਕਾਰ ਮੰਨਦੇ ਹਨ।' ਜਿਵੇਂ ਕਬੀਰ ਜੀ ਦਾ ਸ਼ਬਦ ਹੈ 'ਝਗਰਾ ਏਕ ਨਬੇਰਹੁ ਰਾਮ ! ਯਾਂਤੇ ਹੋਰ ਖੋਜ ਦੀ ਲੋੜ ਹੈ । ਪਰ ਇਹ ਦੋਹੇ ਅਕਾਸ਼ ਬਾਣੀ ਰੂਪ ਦਾ ਦਰਜਾ ਨਹੀ ਰਖਦੇ, ਵਿਦਜ਼ਾ ਦਾ ਚਮਤਕਾਰ੍ਹ ਹਨ। ਇਹ ਗਿਣਤੀ ਵਿਚ ਦਸ ਦੋਹਰੇ ਹਨ। ਇਨ੍ਹਾਂ ਦੀ ਰਚਨਾ ਨਜਾਰੀ ਹੀ ਹੈ।

Digitized by Panjab Digital Library / www.panjabdigilib.org

ਇਸਦੇ ਪਾਠ ਕੋਈਖਾਸ ਕਠਨ ਨਹੀਂ ਹਨ। ਸੁਘੜ=ਚਤਰ। ਅਵਤਰਕ=ਬਿਪ੍ਰੀਤ। ਰਿਸ਼ਟ=ਮੋਟਾ। ਪੁਸ਼ਟ=ਤਰੋ ਤਾਜ਼ਾ। ਚੇਸ਼ਟਾ=ਲਗਨ, ਕਰਤਵਜਤਾ।

## ਤ੍ਵਪ੍ਰਸਾਦਿ ॥ ਦੀਰਘ ਤ੍ਰਿਭੰਗੀ ਛੰਦ

ਦੁਜਨ ਦਲ ਦੰਡਨ, ਇਹ ਛੰਦ ਦੇਵੀ ਉਸਤਤ ਦੇ 'ਅਕਾਲ ਉਸਤਤ ਵਿਚ' ਗਲਤੀ ਨਾਲ ਲਗ ਗਏ ਹਨ ਜਾਂ ਦੇਵੀ ਭਗਤੀ ਦੀ ਪਰਪਾਟੀ ਲਈ ਹਨ। ਦੇਵੀ ਉਸਤਤ ਲਈ ਅਨੇਕਾਂ ਉਪਾਂ ਦੇ ਸ਼ਬਦ ਹਨ ਜਿਹਾ ਕਿ 'ਭਦ੍ਰਾਂਨਮ, ਰੋਦ੍ਰਾ, ਨਿਤਯਾਗੋਗ, ਬਾਤੀ, ਜਯੋਤਸ਼ਾ, ਇੰਦ੍ਰ ਰੁਪਣੀ, ਸੁਖਾ, ਕਲਿਯਾਣੀ, ਬ੍ਰਿਧੀ, ਸਿਧਿ, ਨੈਰੰਤਿ, (ਰਾਜ ਲਛਮੀ) ਸਰਬਾਣੀ, ਦੁਰਗਾ, ਦੁਰਗਪਾਰਾ, ਸਾਰਾ-ਸਰਬ ਕਾਰਣ, ਖਯਾਤੀ, ਕ੍ਰਿਸਣਾ, ਧੁਮ੍ਰਾ, ਅਤਯੰਤ ਸੁੰਦਰੀ ਭਯੰਕਾਰੀ, ਪ੍ਰਤਿਸਠਾ, ਕ੍ਰਿਤੀ ਆਦਿ ਇਕਰ ਅਨੇਕਾਂ ਖਿਤਾਬ ਦੇਵੀ ਲਈ ਵਰਤੀਂਦੇ ਹਨ। ਅਗੇ ਲਿਖੇ ਛੰਤਾਂ ਦੇ ਕਠਨ ਪਦਾਂ ਦੇ ਅਰਥ ਪਾਠਕਾਂ ਦੀ ਸੁਖਾਲ ਹਿਤ ਲਿਖੇ ਹਨ।

ਦੁਰਜਨ=ਦੁਸ਼ਟ। ਬਿਹੰਡਣ=ਨਾਸ ਕਰਤੀ। ਨਿਕੰਦਨ=ਮਾਰਨ। ਆਦਿ ਬ੍ਰਿਤੀ=ਆਦੋਂ। ਉਦੰਡੇ=ਸਜ਼ਾ ਰਹਿਤ। ਰੰਮ=ਸੁੰਦਰ। ਕਪਰਦਨ=ਕੇਸਾਂ ਦਾ ਜੂੜਾ। ਬਵਰ=ਸ਼ੇਰ ਬੱਦਲ। ਲੰਕੜੀਆ=ਹਨੂਮਾਨ ਦੇਵੀ ਦਾ ਬਾਡੀਗਾਡੀਆ। ਆਯੁਧ=ਸਸਤ੍ਰ। ਅਸਟ ਯੁਧ=ਅਠਾਂ ਹਥਾਂ ਵਿਚ ਸ਼ਸਤ੍ਰ। ਖੂਨਖਿਤ੍ਰ=ਯੁਧ ਭੂਮੀ। ਪ੍ਰਰਖਣ=ਮਾਰਨਾ ਖਿਚਣਾ। ਸ੍ਰੋਣੰਤ=ਲਹੂ ਪੀਣ ਵਾਲੀ। ਅਨਲਾ ਬਿਵੰਤ=ਮੁਖੋ ਅਗਨੀ ਨਿਕਾਲਨੇ ਵਾਲੀ। ਅਘਓਘ=ਸਾਰੇ ਪਾਪ। ਬਾਘ=ਸ਼ੇਰ। ਚਾਚਰ=ਖੰਡੇ। ਦ੍ਰਪ=ਹੰਕਾਰ। ਦਾੜਵੀ=ਅਨਾਰਾਂ ਸਮਾਨ ਦੰਦ। ਮਨੁਸ਼=ਮਾਨੁਖ। ਕੇਸਰੀ=ਸ਼ੇਰ। ਬਾਹਿਣੀ=ਸਥਿਰ। ਸਨਾਹਿ=ਸੰਜੋਇ। ਵਿਰਤੀ=ਦਲੀਲ। ਕਾਵਰੂ=ਦੇਸ਼ ਦੀ ਕੁਆਰੀ। ਕਿੰਕਣੀ=ਤੜਾਗੀ। ਸਿੰਘ=ਸ਼ੇਰ। ਅਰੋਹਣ=ਇਸਥਿਤ। ਬਾਇ=ਹਵਾ। ਜਯੰਤੀ=ਕਢਣਾ। ਸਮਰਪਣ=ਅਰਪਨਾ। ਦੱਖ=ਨੇਤ੍ਰ। ਅਲਕਾਂ=ਜ਼ੁਲਫਾਂ। ਤਰੰਗਣੀ=ਹਿਰਨੀ ਘੋੜੀ। ਸਰ=ਬਾਣ। ਕੁਠਾਰ=ਕੁਹਾੜਾ। ਤੂਰ=ਉਚੀਆਂ। ਅਤੁੱਕ=ਦੇਖਣ ਰਹਿਤ। ਚਕਰਦ=ਭ੍ਰਮੌਣਾ। ਬਾਰਜ=ਕੰਵਲ। ਕਉਚ=ਸੰਜੋਇ। ਸੁਕ=ਤੋਤੇ। ਘੰਟਕਾ=ਤੜਾਗੀ। ਜੋਧਨ=ਸੂਰਮਾਂ। ਅਰੋਧਨ=ਰੁਕਣਾ। ਪ੍ਰਜੋਧਨ=ਗਰਜ। ਕਰੂਰ=ਭਿਆਨਕ। ਪ੍ਰਨੂੰਸਨ=ਨਾਸ਼ਕ। ਖਤੰਗੀ=ਬਾਣਾ ਵਾਲੀ। ਉਨਤਨ=ਉਚੀਆਂ। ਬਿਤਲ=ਪਾਤਾਲ। ਸਾਰੰਗ=ਖੰਡੇ। ਪ੍ਰਵਾਨੋ=ਹੁਕਮ। ਭਟ=ਸੂਰਮਾ। ਆਨਨ=ਮੁਖ। ਚਾਰੋ=ਸੁੰਦਰ। ਅਮਰਖਣ=ਕ੍ਰੋਧ। ਪਾਤਿ=ਮਾਰਾ।

## ਦੁਰਜਨ ਦਲ ਦੰਡਣ (੨੧੧)

ਇਹ ਦੇਵੀ ਉਸਤਤ ਦਾ ਤ੍ਰਿਭੰਗੀ ਛੰਦ "ਚੰਡੀ ਚਰਿਤ੍ਰ ਦਾ ਅੰਗ ਹੈ।" ਇਥੇ ਗਲਤੀ ਨਾਲ ਲਿਖਿਆ ਗਿਆ ਹੈ। ਇਨ੍ਹਾਂ ਛੰਤਾਂ ਦਾ ਨਾਮ ਦੁਰਗਾ ਸਤੋਤ੍ਰ ਹੈ ਜਿਸਦੇ ਕਰਤਾ ਪੰਡਿਤ ਰਾਮ ਕ੍ਰਿਸ਼ਨ ਜੀ ਹਨ। ਕਈਆਂ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਇਨਾਂ ਦਾ ਅਨੁਵਾਦ ਪੰਡਤ ਕਾਂਸੀ ਰਾਮ ਨੂੰ

Digitized by Panjab Digital Library | www.panjabdigilib.org

ਸੁਣਾਇਆ ਸੀ,ਪਰ ਇਹਬਾਤ ਨਿਰਮੂਲ ਹੈ ਇਹ ਛੰਦ ਭਗਵਤੀ"ਪਦਯ ਪੁਸ਼ਪਾਂਜਲਿ" ਸਤੋਤ੍ਰ ਦਾ ਪੰਜਾਬੀ ਉਲਥਾ ਹਨ ਇਸ ਵਿਚੋਂ 'ਮਹਿਖਾਸੁਰ' ਚੰਡਾਸੁਰ ਧੂਮ੍ਰ ਆਦਿ ਚੰਡੀ ਚਰਿਤ੍ਰਾਂ ਵਾਲੇ ਦੈਤਾਂ ਦੇ ਨਾਮ ਔਂਦੇ ਹਨ।

## ਅਸਟਾਯੁਧ ਚਮਕੈ ॥ ੨੧੩ ॥

ਇਨ੍ਹਾਂ ਛੰਦਾਂ ਵਿਖੇ ਅਸ਼ਟ ਭੁਜਾ ਦੇਵੀ ਦੀ ਉਸਤਤ ਹੈ, ਜਿਸਦੇ ਅੱਠਾਂ ਹੱਥਾਂ ਵਿੱਚ ਤ੍ਰਿਸੂਲ, ਸੰਖ, ਚੱਕ੍ਰ, ਘੰਟਾ, ਗਦਾ, ਅਸਿ (ਤਲਵਾਰ) ਬਾਨ, ਸਰਾਸਨ (ਧਨੁਸ਼) ਆਦਿ ਅਠ ਸ਼ਸਤ੍ਰ ਦਖਲਾਏ ਜਾਂਦੇ ਹਨ। ਰੱਕਤਾਸੁਰ ਆਦਿ ਦੈਂਤਾਂ ਦੇ ਜਰਨੈਲ ਸਨ ਜਿਨ੍ਹਾਂ ਨੂੰ ਕਿ ਦੇਵੀ ਨੇ ਮਾਰਿਆ ਸੀ। ਸ਼ੇਰ ਦੀ ਸਵਾਰੀ ਕਰਦੀ, ਮੁਖ ਵਿਚੋਂ ਅਗਨੀ ਨਿਕਲਦੀ, ਲਹੂ ਭਖਦੀ ਆਦਿ ਚਿਨ੍ਹਾਂ ਵਾਲੀ ਦੇਵੀ ਮੰਨੀ ਹੈ। ਇਸ ਦੇਵੀ ਦਾ ਪੀਠ ਜਾਂ ਕੇਂਦਰੀ ਸਥਾਨ ਆਸਾਮ ਦੇ ਜਿਲਾ ਕਾਮ ਵਿਚ ਹੈ (ਗੋਹਾਟੀ ਨਗਰ ਪਾਸ) ਇਥੇ ਇਸ ਨੂੰ ਕਾਮੱਖਯਾ ਦੇਵੀ ਆਖਦੇ ਹਨ, ਉਥੇ ਯੋਨੀ ਅਰਥਾਤ ਭਗ ਦੀ ਪੂਜਾ ਹੁੰਦੀ ਹੈ। 'ਜਾਲਪਾ ਜਯੰਤੀ' ਨਾਮ ਦੀ ਦੇਵੀ ਪੂਰਬੀ ਬੰਗਾਲ ਦੇ ਜਾਲਪਾ ਪਹਾੜ ਵਿੱਚ ਨਦੀ ਕਿਨਾਰੇ ਮਹਾਂਦੇਵ ਦਾ ਮੰਦਰ ਹੈ। ਦੇਵੀਆਂ ਦਾ ਸਿਲਸਿਲਾ 'ਮਹਾਂਦੇਵ' ਜੀ ਦੀ ਸੱਤੀ ਇਸਤ੍ਰੀ ਤੋਂ ਆਰੰਭ ਹੋਇਆ ਹੈ। ਉਸ ਸਤੀ ਦੇ ਜਿਥੇ ਜਿਥੇ ਭੀ ਅੰਗ ਡਿਗੇ ਓਹੀ ਨਾਮ ਪਿਆ, ਜਿਵੇਂ ਕਿ ਨੈਨਾਂ ਤੋਂ ਨੈਨਾ ਦੇਵੀ। ਜ਼ਿਹਬਾ ਤੋਂ ਜੁਆਲਾ ਮੁਖੀ 'ਕਾਲਕਾ' ਪੁਰਾਣ ਵਿਚ ਇਸ ਕਥਾ ਦਾ ਵਿਸਥਾਰ ਹੈ। ਇਕਵੰਜਾ ਥਾਵੀਂ ਅੰਗ ਡਿਗਣੇ ਦਸੇ ਹਨ।

ਵਾਰ ਚੰਡੀ ਵਿਖੇ ਭੀ ਕਈ ਦੇਵੀਆਂ ਦਾ ਜ਼ਿਕਰ ਆਇਆ ਹੈ, ਜਿਹਾ ਕਿ ਚਾਮੁੰਡਾ ਦੇਵੀ ਜਿਸ ਦਾ ਮੰਦਰ ਚੰਬੇ ਰਾਜ ਵਿਚ ਸਿੰਧਾਲ ਪਿੰਡ ਦੇ ਲਾਗੇ ਹੋਈ ਲਿਖੀ ਹੈ, ਹਿੰਦੂ ਲੋਕ ਇਸ ਨੂੰ ਪਸੂਆਂ ਦੀ ਬਲੀ ਦੇਣ ਜਾਂਦੇ ਹਨ। ਮਾਸ ਖਾਣ ਪਰ ਖੁਸ਼ੀ ਹੈ, ਚੰਡ ਮੁੰਡ ਦੈਂਤਾਂ ਨੂੰ ਜਿਨਾਂ ਦਾ ਜ਼ਿਕਰ ਚੰਡੀ ਵਾਰ ਵਿਚ ਹੈ ਇਸੀ ਨੇ ਮਾਰਿਆ ਸੀ, ਇਸ ਦੀ ਪੈਦਾਇਸ਼ ਦੁਰਗਾ ਦੇ ਮਥੇ ਵਿਚੋਂ ਹੋਈ ਲਿਖੀ ਹੈ (ਪੜ੍ਹੋ ਵਾਰ ਚੰਡੀ)।

ਚਾਮੁੰਡਾ ਦੇਵੀ ਦੀ ਸ਼ਕਲ ਭਿਆਨਕ, ਅਖੀਆਂ ਲਾਲ, ਇਸ ਦੇ ਇਕ ਹਥ ਵਿਚ ਫਾਹੀ ਦੂਜੇ ਵਿਚ ਤਲਵਾਰ ਮੋਢੇ ਪਰ ਭਾਰੀ ਗਦਾ, ਗਲੇ ਵਿਚ ਮੁੰਡਾਂ ਦੀ ਮਾਲਾ ਸਰੀਰ ਪਰ ਹਾਥੀ ਦੀ ਖੱਲ, ਜਿਹਬਾ ਬਾਹਰ ਨਿਕਲੀ ਹੋਈ।

ਹਿੰਗਲਾਜ ਦੇਵੀ ਜਹਾਂ ਸਤੀ ਪਾਰਬਤੀ ਦਾ ਤਾਲੂਆ ਡਿਗਿਆ ਸੀ ਹਿੰਗੋਲ ਨਦੀ ਦੇ ਕੰਢੇ ਪਰਬਤ ਦਾ ਨਾਮ ਭੀ ਹਿੰਗਲਾ ਹੈ ਜੋ ਕਿ ਮੇਕਰਾਯ ਦੇ ਕਿਨਾਰੇ ਪਰ ਹੈ ਇਸ ਪ੍ਰਕਾਰ ਹੱਥਾਂ ਬਾਹਾਂ ਜਿਹਬਾਂ ਆਦਿ ਤੋਂ ਅਰ ਮੁਖ ਵਿਚੋਂ ਉਤਪਤੀ ਹੋਣੀ ਭੀ ਲਿਖੀ ਮਿਲਦੀ ਹੈ।

ਹਿੰਗਲਾਜ ਦੀ ਪੈਦਾਇਸ਼ ਸਰੀਰ ਦੇ ਇਕ ਅੰਗ ਤਾਲੂਏ ਵਿਚੋਂ ਲਿਖੀ ਹੈ ਹਿੰਗਲਾਜ ਨੂੰ ਮੰਨਣ ਵਾਲੇ ਇਸ ਦੇ ਗੁਣ ਗੌਂਦੇ ਹਨ।

## ਤ੍ਵ ਪ੍ਰਸਾਦਿ ਪਾਧੜੀ ਛੰਦ

ਉਕਤ ਛੰਦ ਪ੍ਰਸ਼ਨੋਤ੍ਰੀ ਸ਼ਕਲ ਵਿਚ ਹੈ। ਜੋ ਹੋਰਸ ਪਾਸੇ ਦਾ ਪ੍ਰਸੰਗ ਹੈ।

Digitized by Panjab Digital Library | www.panjabdigilib.org

ਤ੍ਰੈਣ ਤੰਤ=ਤਿਸਦਾ ਸਿਧਾਂਤ। ਅਭੁਤ-ਅਚਰਜ। ਦਰੰਤ=ਬੇਅੰਤ। ਪ੍ਰਭਾਉ=ਪ੍ਰਤਾਪ। ਪਲਟ=ਪਿਠ। ਕਾਮਲ=ਪੂਰਨ। ਅੰਜਨ=ਮਾਇਆ। ਰੇਖਾ=(ਕਛ ਮਛ ਆਦਿ)। ਕਾਰਣ=ਕਰਤਾ। ਉਰਧ=ਉਚਤਾ। ਸਿਧੰ=ਕਲਿਆਣ। ਰਾਗ=ਪ੍ਰੇਮ। ਉਦਾਰ=ਸਖੀ। ਨੇਤਿ=ਬੇਅੰਤ।

—o—

# ਸਵੈਯੇ ਤ੍ਵਪ੍ਰਸਾਦਿ

## ਦੀਨਨ ਕੀ ਪ੍ਰਿਤਿਪਾਲ ਕਰੈ।੨੪੩।

ਇਹ ਤ੍ਵਪ੍ਰਸਾਦਿ ਸਵੈਯੇ ਨਿਰੋਲ ਗੁਰਬਾਣੀ ਹਨ ਔਰ ਸਤੰਤ੍ਰ ਰਚਨਾ ਹੈ, ਪਰ ਲਿਖੇ ਇਥੇ ਹਨ। ਇਨ੍ਹਾਂ ਵਿਚ ਪਦਮਾਂ ਪਤਿ ਸ਼ਬਦ ਅਕਾਲ ਪੁਰਖ ਲਈ ਵਰਤਿਆ ਹੈ, ਮਾਯਾ ਦਾ ਪਤੀ, ਪਰ ਹਿੰਦੂ ਵਿਸ਼ਨੂੰ ਨੂੰ ਪਦਮਾਂ ਪਤਿ ਮੰਨਦੇ ਹਨ। ਸ਼ਿਵਜੀ ਨੂੰ ਉਮਾਪਤ ਆਖਦੇ ਹਨ, ਇਨ੍ਹਾਂ ਸਵਈਆਂ ਵਿਖੇ ਪਾਖੰਡਾਂ ਦਾ ਖੰਡਣ ਹੈ ਜਿਵੇਂ ਕਿ ਆਸਨ ਕੋਟ ਕਰੇ (ਚੋਰਾਸੀ ਆਸਨ ਸ੍ਰਿਧਾਂ ਦੇ) ਅਸਟਾਂਗ (ਆਸਨ, ਨਿਯਮ, ਯਮ ਪ੍ਰਾਣਾਯਾਮ, ਪ੍ਰਤਹਾਰ, ਧਯਾਨ ਧਾਰਨਾ ਸਮਾਧੀ) ਮੰਤ੍ਰ ਪੜ੍ਹਕੇ ਅੰਗਾਂ ਨੂੰ ਛੂਹਣਾ ਇਹ ਨਿਆਸ ਕਰਮ ਕਹੌਂਦੇ ਹਨ। ਜਿਨ੍ਹਾਂ ਦਾ ਕਿ ਖੰਡਣ ਹੈ। ਇਹ ਦਸੇ ਸਵਈਏ ਸੁਤੰਤ੍ਰ ਬਾਣੀ ਹਨ। ਲਿਖਣ ਵੇਲੇ ਅਕਾਲ ਉਸਤਤ ਦੀ ਸੁਰਖੀ ਹੇਠਾਂ ਦਿਤੇ ਹਨ।

ਨੋਟ—ਇਨ੍ਹਾਂ ਸਵਈਆਂ ਨੂੰ ਵਿਚਾਰਨ ਹਿਤ ਅਗੇ ਕਠਨ ਸ਼ਬਦਾਂ ਦੇ ਅਰਥ ਲਿਖੇ ਜਾਂਦੇ ਹਨ।

ਦੀਨਨ=ਗ੍ਰੀਬ (ਸੰਤ)। ਗਨੀਮਨ=ਹੰਕਾਰੀ। ਗਾਰੈ=ਮਾਰੇ। ਨਗ=ਪਰਬਤ। ਨਿਰਾਧਿਪ=ਨਰਪਤਿ (ਰਾਜੇ)। ਪੇਖਤ=ਪਾਲਦਾ। ਕਲਿਕੇ=ਕਲੇਸ਼ਾਤੁਰ ਕਰਮ। ਦੋਖਨ=ਦੋਸ਼ (ਕਸੂਰ) ॥੧॥ ਦਾਹਤ=ਸਾੜਨੇ। ਦੁਜਨ=(ਦੁਰਜਨ) ਖੋਟੇ ਮਨ। ਰਾਜ਼=ਭੇਦ (ਗੁਪਤ ਕੰਮ) ਬਿਲੋਕਤ=ਦੇਖਦਾ। ਰੂਹਾਨ=ਜੀਵਾਂ ਦੀ ॥੨॥ ਅਹੰਮੇਵ=ਹੰਕਾਰ ਸੇ। ਹਸਿਬ=ਲੇਖਾ ਲਾਕੇ। ਪਦਮਾਪਤਿ=ਮਾਇਆ ਪਤਿ (ਕਰਤਾਰ) ਕਿਧਰੇ ਇਹ ਵਿਸ਼ਨੂੰ ਵਾਚਯ ਭੀ ਹੈ ॥੩॥ ਅਗਾਧ=ਬੇਅੰਤ। ਅਨਾਤਮ=ਆਤਮੇ ਰਹਿਤ। ਵੈ=ਓਹ ॥੪॥ ਅਗੇਹ=ਅਫਤ। ਜਾਨ=ਸਿਆਣਪ। ਅਜਾਣ=ਭੋਲਾ। ਸੁਧ=ਖਬਰ ॥੫॥ ਜਲਜੋਗਿਨ=ਘੁਮਨ ਘੇਰੀ (ਪਾਣੀ ਦੇ ਭਵਰ, ਤੋਫਾਨ)। ਪਟ=ਪੜਦਾ ॥੬॥ ਅਭੇਵ=ਭੇਤ ਰਹਿਤ। ਰਸਾਤਲ=ਨਰਕ (ਅਧੋਗਤੀ)। ਪ੍ਰਭਾ=ਸੋਭਾ। ਖੁਜੀਆ=ਖੋਜੀ ॥੭॥ ਚਤੁਰਾਨਨ=ਬ੍ਰਹਮਾਂ। ਰੁਮਨਾਰਿਖ=ਲੋਮਸ ਆਦਿ ਰਿਸ਼ੀ। ਸਨਾਥ=ਨਾਥ ਸਹਿਤ। ਸਨੰਤਨ=ਬ੍ਰਹਮੇ ਦੇ ਪੁਤ੍ਰ। ਅਮਿਤੋਜ=ਬਲ ਪ੍ਰਕਾਸ਼ਕ ॥੮॥ ਪਚਹਾਰੇ=ਥਕ ਟੁਟ ਗਏ ॥੯॥ ਮਹਾਂਬ੍ਰਤ=ਵੱਡੇ ਬ੍ਰਤ। ਧਨਕੇ ਸਧਰੇ=ਦੌਲਤ ਬਦਲੇ। ਅਸ਼ਟਾਂਗ=ਅਠਅੰਗੀ ਡੰਡੌਤ। ਅਠ ਆਸਨ=ਯਮ, ਨੇਮ, ਆਸਨ ਧਾਰਨਾ, ਧਿਆਨ, ਸਮਾਧੀ, ਪ੍ਰਾਣ ਯਾਮ, ਪ੍ਰਤਯਾਹਾਰ। ਨਯਾਸ=ਸੰਨਿਆਸ। ਅੰਤ ਕੇ ਧਾਮ=ਪ੍ਰਲੋਕ ਨੂੰ।

Digitized by Panjab Digital Library | www.panjabdigilib.org

## ਪਤਿ ਸਯੋਂ ਕਿਨ ਸ੍ਰੀ ਪਦਮਾਪਤਿ ਪਾਏ ॥

ਹਿੰਦੂ ਗ੍ਰੰਥਾਂ ਵਿਚ 'ਪਦਮਾ ਪਤਿ' ਖਿਤਾਬ ਵਿਸ਼ਨੂੰ ਦਾ ਹੈ, ਗੁਰੂ ਜੀ ਨੇ ਕਈ ਥਾਂ ਇਸੇ ਸ਼ਬਦ ਨੂੰ ਅਕਾਲ ਪੁਰਖ ਪ੍ਰਥਾਇ ਵਰਤਿਆ ਹੈ ਔਰ ਵਿਸ਼ਨੂੰ ਵਾਸਤੇ ਭੀ ਹੈ, ਯਾਂਤੇ ਪ੍ਰਥਾਇ ਅਰਥ ਕਰਨੇ ਲੋੜੀਏ। ਜਿਵੇਂ 'ਰਾਮ ਗਇਓ ਰਾਵਨ ਗਇਓ' ਅਗੇ ਔਂਦਾ ਹੈ 'ਰਾਮ ਨਾਮ ਉਰ ਮਹਿ ਗਹਿਓ'! ਸੋ ਪਹਿਲਾ 'ਰਾਮ' ਸ੍ਰੀ ਰਾਮ ਚੰਦਰ ਪ੍ਰਥਾਇ ਹੈ। ਔਰ ਦੂਜਾ 'ਰਾਮ' ਰਮਤ ਰਾਮ ਪ੍ਰਥਾਇ ਹੈ। 'ਸੁੰਦਰ ਸ੍ਰੀ ਪਦਮਾਪਤਿ ਏ ਹੈ' ਅਰਥਾਤ ਸੁੰਦਰ ਸ੍ਰੀ ਪਦਮਾਪਤਿ ਅਕਾਲ ਪੁਰਖ ਦਾ ਪ੍ਰਤਾਪ ਅਸੀਂ ਦਸਦੇ ਹਾਂ, 'ਪਾਰ ਨ ਪਾਯ ਸਕੈ ਪਦਮਾਪਤਿ'।

## ਨਾਰਦ ਸੇ ਚਤੁਰਾਨਨ ਸੇ ਰੁਮਨਾਰਿਖਿ ਸੇ ਸਭਹੂੰ ਮਿਲ ਗਾਯੋ ॥੮॥ ੨੫੦ ॥

ਨਾਰਦ ਮੁਨੀ ਤੇ ਚਤੁਰਾਨਨ (ਚਾਰ ਮੁਖਾਂ ਵਾਲਾ ਭਾਵ ਬ੍ਰਹਮਾਂ ਦਾ ਜ਼ਿਕਰ ਪਿਛੇ ਆ ਚੁਕਾ ਹੈ) ਰੁਮਨਾ ਰਿਖ ਤੋਂ ਭਾਵ ਇਕ ਲੋਮ ਹਰਣਨਾਮੀ ਰਿਸ਼ੀ ਤੋਂ ਹੈ, ਜੋ ਉਗਰਸ਼੍ਰਵਾ ਦਾ ਪੁਤਰ ਅਤੇ ਵਿਆਸ ਦਾ ਚਾਟੜਾ ਸੀ। ਕਈ ਥਾਂ ਏਸੇ ਨੂੰ 'ਸੁਤ ਰਿਖੀ' ਕਰਕੇ ਵੀ ਲਿਖਿਆ ਹੈ। ਦਸਿਆ ਹੈ ਕਿ ਇਕ ਵੇਰ ਇਸਨੇ ਸ੍ਰੀ ਕ੍ਰਿਸ਼ਨ ਜੀ ਦੇ ਭਰਾਤਾ ਬਲਭੱਦਰ ਜੀ ਦੀ ਖੜੇ ਹੋਕੇ 'ਆਓ ਭਗਤ' ਨ ਕੀਤੀ, ਜਿਸ ਕਾਰਣ ਬਲਭੱਦਰ ਨੇ ਏਸਨੂੰ ਜਾਨੋਂ ਮਾਰਿਆ।

## ਵੇਦ ਪੁਰਾਨ ਕਤੇਬ ਕੁਰਾਨ, ਅਭੇਦ ਨ੍ਰਿਪਾਨ ਸਭੈ ਪਚਹਾਰੇ ॥

ਵੇਦ ਪੁਰਾਨ ਔਰ ਕਤੇਬਾਂ ਪ੍ਰਭੂ ਦੀ ਪ੍ਰੇਮ ਭਗਤੀ ਵਲੋਂ ਪ੍ਰੇਡੇ ਰਹਿ ਗਏ ਹਨ ਚਾਰੇ ਵੇਦਾਂ ਦਾ ਇਕੋ ਆਸ਼ਾ ਯਾਂ ਸਿਧਾਂਤ ਨਹੀਂ ਹੈ। ਲਿਖਿਆ ਹੈ ਰਿਗ ਵੇਦ ਦੇਵਤਿਆਂ ਦਾ ਹੈ ਔਰ ਯੁਜੁਰ ਮਾਨੁਖਾਂ ਲਈ ਹੈ ਔਰ ਸ਼ਾਮ ਪਿਤ੍ਰਾਂ ਵਾਸਤੇ ਇਸ ਲਈ ਇਸਦੀ ਧੁਨੀ ਅਪਵਿਤ੍ਰ ਹੈ। (ਮਨੂ ਸਿਮ੍ਰਤੀ ਅ: ੪ ਸ਼ਲੋਕ ੧੨੪) ਇੱਕਰ ਕਤੇਬਾਂ ਭੀ ਇਕੋ ਸਿਧਾਂਤ ਨਹੀਂ ਦੱਸਦੀਆਂ ਛੀਆਂ ਸ਼ਾਸਤ੍ਰਾਂ ਦਾ ਮਤ ਸਿਧਾਂਤ ਵਖੋ ਵਖ ਹੈ ਜਿਸ ਕਾਰਨ ਸੰਸਾ ਨਵਿਰਤੀ ਨਹੀਂ ਹੁੰਦੀ, ਗੁਰਵਾਕ ਹੈ 'ਛਿਅ ਘਰ ਛਿਅ ਗੁਰ ਛਿਅ ਉਪਦੇਸ'ਮਿਸਾਲ ਦੇ ਤੌਰ ਪਰ ਨਿਰਣਯ ਲਿਖਦੇ ਹਾਂ।

ਨਜਾਯ ਸ਼ਾਸਤ੍ਰ ਸੋਲਾਂ ਪਦਾਰਥ ਦਸਦਾ ਹੈ। ਜਿਹਾ ਕਿ-ਪ੍ਰਮਾਣ, ਪ੍ਰਮੇਯ, ਸੰਸ਼ਯ, ਪ੍ਰਯੋਜਨ, ਦ੍ਰਿਸ਼ਟਾਂਤ, ਸਿਧਾਂਤ, ਅਵਯਵ, ਤਰਕ, ਨਿਰਨਯ ਵਾਦ, ਜਲਪ, ਵਿਤੰਡਾ, ਹੇਤ੍ਵਾਭਾਸ, ਜਾਤਿ, ਛਲ, ਨਿਗ੍ਰਹ ਸਥਾਨ। ਇਨਾਂ ਸੋਲਾਂ ਪਦਾਰਥਾਂ ਦੇ ਯਥਾ ਕ੍ਰਮ ਤਤ੍ਵ ਗਜਾਨੀ ਤੋਂ ਮੁਕਤੀ ਹੋਣੀ ਦੱਸੀ ਹੈ। ਇਹੋ ਦੂਖਾਂ ਦਾ ਨਸ਼ਟ ਕਰਦੇ ਨੇ।

ਸਾਂਖਯ ਇਸਤੋਂ ਵਿਰੁਧ ਪੱਚੀਸ ਤਤ੍ਵਾਂ ਦੇ ਗਜਾਨ ਦਾ ਨਾਮ ਮੁਕਤੀ ਦੱਸਦਾ ਹੈ ਜਿਹਾ ਕਿ-ਪ੍ਰਕ੍ਰਿਤ, ਮਹਤੱਤ, ਅਹੰਕਾਰ, ਪੰਜੇ ਤਨ ਮਾਤ੍ਰ ਅਰ ਗਿਆਰਾਂ ਇੰਦ੍ਰੀਆਂ ਪੰਜੇ ਮਹਾਂ ਭੂਤ, ਚੇਤੰਨਤਾ ਸ਼ਕਤੀ। ਅਖੇ! ਜਗਤਨਿੱਤਜ ਹੈ ਪਰੰਤੂ ਪਰਿਣਾਮ ਰੂਪ ਪਰਵਾਹ ਨਾਲ ਬਦਲੀ ਜਾਂਦਾ ਹੈ। ਪ੍ਰਕ੍ਰਿਤੀ ਤੇ ਪੁਰਸ਼ ਇਕ

Digitized by Panjab Digital Library | www.panjabdigilib.org

ਦੂਏ ਦੇ ਮੱਦਦੀ ਹਨ। ਜੀਵ ਆਤਮਾ ਅੱਡੋ ਅੱਡ ਹੈ॥ ਲਿੰਗ ਸਰੀਰ ਮਰ ਦਾ ਨਹੀ ਵਾਸ਼ਨਾ ਬੱਧਾ ਸੂਖਮ ਸਰੀਰ ਦੇਹ ਬਦਲਦਾ ਹੈ। ਜਦੋਂ ਪੁਰਸ਼ ਗਯਾਨ ਦੀ ਵੀਚਾਰ ਨਾਲ ਆਪ ਨੂੰ ਬੁਧੀ ਤੋਂ ਵੱਖ ਵੇਖਦਾ ਹੈ ਤਾਂ ਬੁਧੀ ਕਰਕੇ ਮਿਲੇ ਸੰਤਾਪਾਂ ਨਾਲ ਦੁਖੀ ਨਹੀ ਹੁੰਦਾ। ਬੱਸ! ਇਸੀ ਅਵਸਥਾ ਦਾ ਨਾਮ ਮੁਕਤੀ ਕਿਹਾ ਹੈ।

ਪਾਤੰਜਲ ਨੇ ਦ੍ਰਿਸ਼ਯ ਅਰ ਦ੍ਰਿਸ਼ਟਾ ਦੋ ਹੀ ਪਦਾਰਥ ਦੱਸੇ ਨੇ। ਪੁਰਸ਼ਦ੍ਰਿਸ਼ਟਾ ਤੇ ਪ੍ਰਕ੍ਰਿਤ ਰੂਪ ਸੰਸਾਰ ਦ੍ਰਿਸ਼ਯ ਹੈ॥ ਸਿਧਾਂਤ ਕੀ! ਪ੍ਰਕ੍ਰਿਤੀ ਤੋਂ ਵੱਖ ਹੋਣ ਦਾ ਨਾਮ ਮੁਕਤੀ ਧਰ ਲਿੱਤਾ ਹੈ॥

"ਮੀਮਾਂਸਾ" ਇਹ ਸ਼ਾਸਤ੍ਰ ਵੇਦਾਂ ਵਿਚ ਦੱਸੇ ਯਗ ਕਰਮਾਂ ਦਾ ਹਮਾਇਤੀ ਹੈ। ਕਹਿੰਦਾ ਹੈ ਕਿ ਕਰਮ ਕਾਂਡ ਹੀ ਦੇਵਤਾ ਰਾਖਸ਼ ਬਣਾ ਦਿੰਦਾ ਹੈ। ਸ਼ੁਭ ਅਸ਼ੁਭ ਕਰਮਾਂ ਨਾਲ ਨਰਕ ਸੁਰਗ ਮਿਲਦੇ ਹੈਨ॥

'ਵੇਦਾਂਤ' ਬ੍ਰਹਮ ਗਯਾਨ ਦੁਆਰੇ ਭੇਦ ਭਾਵ ਦੂਰ ਕਰਕੇ ਸਿੱਟਾ ਇਹ ਨਿਕਾ-ਲਦਾ ਹੈ ਕਿ ਚਿਤ ਦੀ ਬ੍ਰਿਤੀਆਂ ਰੋਕਣ ਨਾਲ ਹੀ ਭਾਵ ਹੋਰ ਦ੍ਰਿਸ਼ਯ ਨਾ ਹੋਣ ਕਰਕੇ ਦ੍ਰਿਸਟਾ (ਪੁਰਸ਼) ਆਪਣੇ ਆਪ ਵਿੱਚ ਸਥਿਤ ਹੋ ਜਾਂਦਾ ਹੈ। ਚਿੱਤ ਬ੍ਰਿਤੀਆਂ ਵੈਰਾਗ ਅਰ ਅਭਯਾਸ ਨਾਲ ਰੋਕੋ। ਬੱਸ! ਏਕਾਗ੍ਰਤਾ ਦਾ ਨਾਮ ਯੋਗ ਦੱਸਕੇ ਈਹੋ ਮੁਕਤੀ ਦਸੀ ਹੈ। ਇਸ ਵਿੱਚ ਯਮ, ਨਿਯਮ, ਆਸਨ, ਪ੍ਰਾਣਾਯਾਮ, ਧਾਰਣਾ, ਪ੍ਰਤਯਾਹਾਰ, ਸਮਾਧੀ, ਗਯਾਨ ਸਾਧਨ ਦੱਸੇ ਨੇ। ਜਿਸ ਕਰਕੇ ਆਤਮਾ ਸਾਖ-ਯਾਤ ਹੁੰਦਾ ਹੈ। ਜੀਵ ਹੀ ਬ੍ਰਹਮ ਹੈ। ਹੋਰ ਕੋਈ ਰੱਬ ਨਹੀ, ਈਹੋ ਮੁਕਤੀ ਦੱਸੀ ਹੈ ਇਕਰ ਵਖੋ ਵਖ ਆਸ਼ੇ ਹਨ। 'ਸਿੰਮ੍ਰਿਤਿ ਸ਼ਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ (ਬ੍ਰਹਮ ਗਯਾਨ) ਸਾਰ ਨ ਜਾਣੀ।'

(ਰਾਮਕਲੀ ਅਨੰਦ ਮ: ੩)

## ਬਹੁ ਦਾਨ ਮਹਾਂ ਬ੍ਰਤ ਧਾਰੇ

ਗੁਰਮਤ ਸਿਧਾਂਤ ਹੈ ਕਿ ਬਰਤ ਰਖਣੇ ਸੇ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਹੁਕਮ ਹੈ 'ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ'(ਸਵੈਯੇ ੩੩ ਪਾ: ੧੦) ਮੜ੍ਹੀਆਂ ਮਸਾਣਾਂ ਕਬਰਾਂ ਦਾ ਪੂਜਣਾ ਔਰ ਬ੍ਰਤਾਂ ਦਾ ਧਾਰਨਾ ਭੁਲ ਕੇ ਭੀ ਸਿੱਖ ਨਾ ਕਰੇ। 'ਗੁਰਮੁਖ ਵਰਤ ਪਤਿਬ੍ਰਤ ਭਾਯਾ॥'।੭॥੧੧॥ ਗੁਰ ਸਿਖਾਂ ਦਾ ਬ੍ਰਤ ਪਤੀ ਅਰ ਇਸਤ੍ਰੀ ਬ੍ਰਤ ਧਰਮ ਹੈ। ਪਾਖੰਡੀਆਂ ਨੇ ਜੋ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਕਵਿਤਾਵਾਂ ਯਾਂ ਸਾਖੀਆਂ ਘੜ ਕੇ ਪੂਰਨਮਾਸੀ ਦੀ ਕਥਾਵਾਂ ਔਰ ਬ੍ਰਤ ਤੇ ਇਕਾਦਸ਼ੀ ਮਹਾਤਮ ਲਿਖੇ ਹਨ ਇਹ ਪੋਪ ਪਾਖੰਡ ਹਨ, ਚਾਹੇ ਕੋਈ ਭੀ ਸ਼ਬਦ ਦੇ ਕੇ ਫਲ ਅਫਲ ਲਿਖੇ ਹਨ ਜਿਹਾ ਕਿ ਸੁਧਾ ਪੂਰਨ ਆਦਿ ਗ੍ਰੰਥਾਂ ਵਿਚ ਹੈ, ਇਹੀ ਸਭ ਇੰਦਰ ਜਾਲ ਹਨ। 'ਓ ਅੰ ਹਰੀਅੰ ਸ੍ਰੀ ਅੰ ਲਰੀਅੰ ਸੁੰਦਰ ਬਾਲਯ ਨਮਹਿ' ਐਸੇ ਮੰਤ੍ਰ ਨਿਸਫਲ ਹਨ, ਕਿਸੀ ਕੋ ਜੋ ਵਸ ਕੀਨਾ ਚਾਹੇ, ਪੈਂਤੀ ਅੱਖਰ ਜਾਪ ਕਰਾਏ॥ ਗਪੌੜਿਆਂ ਦਾ ਸਿਖ ਸਿਧਾਂਤ ਨਾਲ ਕੋਈ ਸਨਬੰਧ ਨਹੀਂ ਹੈ।

## ਕੇਸ ਧਰੇ ਨ ਮਿਲੇ ਹਰਿ ਪਯਾਰੇ

ਪਾਠ ਧਨ ਕੇ ਸਧਰੇ ਸੁਧ ਹੈ, ਭਾਵ ਦੌਲਤ ਬਦਲੇ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਜੇ ਕੋਈ ਬਦੋਬਦੀ 'ਕੇਸ ਧਰੇ' ਪਾਠ

Digitized by Panjab Digital Library | www.panjabdigilib.org

ਭੀ ਕਰੇ ਤਦ ਭੀ ਕੇਸਾਂ ਦਾ ਖੰਡਣ ਨਹੀਂ ਹੁੰਦਾ, ਕਿਉਂਕਿ ਧਾਰਨ ਵਾਲੀ ਚੀਜ਼ ਜਟਾਂ ਹਨ ਜਿਨ੍ਹਾਂ ਵਿਚ ਵਧੂ ਉੱਨ ਯਾਂ ਕੇਸ ਧਰਦੇ ਹਨ, ਕੇਸ ਕੁਦਰਤੀ ਹਨ, ਧਾਰਨੇ ਵਾਲੀ ਚੀਜ ਵਖਰੀ ਹੁੰਦੀ ਹੈ। ਕੇਸ ਲਤਾਂ ਬਾਹਾਂ ਦੀ ਮਾਨਿੰਦ, ਸਰੀਰ ਦੇ ਅੰਗ ਹਨ, ਵੈਸੇ 'ਕੇਸਾਂ ਦਾ ਸਿਧਾਂਤ' ਰਬ ਮਿਲਾਪ ਨਹੀਂ ਹੈ, ਇਹ ਤਾਂ ਮਾਨੁਖੀ ਸ਼ਕਲ ਹੈ ਇਸਤ੍ਰੀਆਂ ਦੇ ਕੇਸ ਕੋਈ ਰਬ ਮਿਲਣ ਵਾਸਤੇ ਨਹੀਂ ਹਨ, ਸਰੀਰ ਦੀ ਖੂਬਸੂਰਤੀ ਹਨ। ਹਾਂ ਸਿਰ ਮੂੰਹ ਮੁਡੌਣਾਂ ਬੇਮੁਖਤਾ ਹੈ ਜਿਹਾ ਕਿ ਮੁੰਡਨ ਸੰਸਕਾਰ ਨੂੰ ਧਰਮ ਦਾ ਅੰਗ ਮੰਨਿਆਂ ਹੈ, ਹਜ਼ਾਮਤਾਂ ਨਾਲ ਮਜ਼ੂਬ ਪ੍ਰਚੂਰ ਕੀਤੇ ਜਾਂਦੇ ਹਨ, ਹਜਾਮਤਾਂ ਮਜ਼ੂਬੀ ਚਿੰਨ੍ਹ ਘੜੀਦੇ ਹਨ, 'ਪੜ੍ਹੋ ਗ੍ਰੰਥ ਕਕਾਰ ਫਿਲਾਸਫੀ।'

## ਆਸਨ ਕੋਟ ਕਰੇ ਅਸ਼ਟਾਂਗ, ਧਰੇ ਬਹੁ ਨਜਾਸ ਕਰੇ ਮੁਖ ਕਾਰੇ॥੧੦॥

ਜੋਗੀਆਂ ਦੇ ਪ੍ਰਸਿੱਧ ਆਸਨ ਚੌਰਾਸੀ ਹਨ। ਭਾਵੇਂ ਕਰੋੜਾਂ ਕਰੇ ਸਭ ਨਿਸਫਲ ਹਨ। ਅਸ਼ਟਾਂਗ=ਅਠਾਂ ਅੰਗਾਂ ਨਾਲ ਨਮਸ਼ਕਾਰ ਤਥਾ ਦੋ ਗੋਡੇ, ਦੋ ਹਥ, ਦੋ ਪੈਰ, ਇਕ ਸਿਰ ਤੇ ਇਕ ਛਾਤੀ ਏਹ ਅਠੇ ਅੰਗ ਜ਼ਮੀਨ ਪਰ ਲੌਣਾ ਅਸ਼ਟਾਂਗ ਪ੍ਰਣਾਮ ਹੈ ਅਰ ਜੋਗ ਦੇ ਅਸ਼ਟਾਂਗ 'ਯਮ, ਨਿਯਮ, ਆਸਨ, ਪ੍ਰਾਣਾਯਾਮ, ਧਯਾਨ, ਧਾਰਨਾ ਪ੍ਰਤਯਾਹਾਰ, ਸਮਾਧਿ' ਕਹੌਂਦੇ ਹਨ।

## ਹਠ ਯੋਗ ਨਿਰਣਯ

ਕੰਗਰੋੜ ਦੀ ਹੱਡੀ ਤੇਤੀਸ ਹੱਡੀਆਂ ਦਾ ਜੋੜ ਹੈ। ਇਹ ਵਿਚਕਾਰੋਂ ਪੋਲੀ ਤੇ ਨੀਚੇ ਤੋਂ ਬਰੀਕ ਨੋਕਦਾਰ ਹੈ। ਇਸਦੇ ਗਿਰਦੇ ਨੂੰ ਕੰਦ ਮੂਲ ਆਖਦੇ ਨੇ। ਇਸ ਵਿਚੋਂ ਕੁੰਡਲਨੀ ਨਾੜ ਸੁਤੀ ਪਈ ਨੂੰ ਜਗੌਂਦੇ ਹਨ। ਸਰੀਰ ਦੀਆਂ ਕੁਲ ਨਾੜਾਂ ਬਹੱਤਰ ਹਜ਼ਾਰ ਦਾ ਤਾਣਾ ਪੇਟਾ ਹੈ। ਇਨ੍ਹਾਂ ਵਿਚ ਇੜਾ, ਪਿੰਗਲਾ, ਸੁਖਮਨਾ ਤਿੰਨ ਖਾਸ ਨਾੜਾਂ ਹਨ। ਇੜਾ ਰੀੜ ਦੀ ਹੱਡੀ ਦੇ ਖਬੇ ਪਾਸਿਓਂ ਉਠ ਕੇ ਰੀੜ ਦੀ ਹੱਡੀ ਦੇ ਗਿਰਦੇ ਲਿਪਟੀ ਹੈ। ਸੁਖਮਨਾ ਰੀੜ ਦੇ ਵਿਚਕਾਰ ਹੈ। ਪਿੰਗਲਾ ਕੰਦ ਮੂਲ ਤੋਂ ਉੱਠਕੇ ਸਹੰਸ਼ਰ ਦਲ ਕੰਮਲ (ਦਸਮ ਦੁਆਰ) ਤੀਕਰ ਜਾਂਦੀ ਹੈ। ਸੁਖਮਨਾ ਨਾੜੀ ਦੇ ਵਿਚਕਾਰ ਬਜ੍ਰਾਚਿੱਤਣੀ (ਬ੍ਰਹਮ ਨਾੜੀ) ਹੈ। ਇਨ੍ਹਾਂ ਦਾ ਰੂਪ ਕੇਲੇ ਦੇ ਛਿੱਲੜਾਂ ਸਦਰਸ਼ ਕਈ ਦਲਾਂ ਦਾ ਹੈ। ਇਨ੍ਹਾਂ ਨਾੜੀਆਂ ਰਾਹੀਂ ਸ੍ਵਾਸਾਂ ਦੇ ਸਾਧਨਾਂ ਨਾਲ ਕੁੰਡਲਣੀ ਨੂੰ ਜਗੌਣ ਦਾ ਨਾਮ ਜੋਗ-ਅਭਿਆਸ ਹੈ। ਕੁੰਡਲਣੀ ਦੇ ਜਾਗਣੇ ਪਰ ਬ੍ਰਹਮ ਨਾੜੀ ਦੇ ਰਸਤੇ ਸਿਰ ਵਿਚ ਬ੍ਰਹਮ ਇੰਦਰ ਤੀਕਰ (ਖੋਪਰੀ ਦੀ ਹੜੀਆਂ ਦਾ ਮਿਲਾਪ) ਉਥੇ ਮੁੜਦੀ ਹੈ। ਜਿਥੋਂ ਅਮ੍ਰਿਤ ਰਸ ਟਪਕਦਾ ਹੈ। ਬ੍ਰਹਮ ਨਾੜੀ ਵਿਚ ਛੀ ਸਥਾਨ ਹਨ, ਇਹੋ ਛੀ ਚਕ੍ਰ ਕਵਲ ਦਲ ਹਨ। ਪਹਿਲਾ ਮੂਲਾਧਾਰ, ਰੀੜ ਦੇ ਸਿਰੇ ਕੰਦ ਮੂਲ ਵਿਚ ਜੋ ਕਿ ਗੁਦਾ ਔਰ ਲਿੰਗ ਦੇ ਠੀਕ ਵਿਚਾਲੇ ਹੈ। ਇਸ ਦਾ ਰੰਗ ਲਾਲ, ਪਤੀਆਂ ਚਾਰ, ਇਸਦੇ ਵਿਚਾਲੇ 'ਸੁਭ ਲਿੰਗ' ਹੈ। ਗਿਰਦੇ ਸਰਪ ਦੀ ਮਾਨਿੰਦ ਕੁੰਡਲਨੀ ਨਾੜੀ ਸਾਢੇ ਤਿੰਨਾਂ ਵਲਾਂ ਨਾਲ ਲਿਪਟੀ ਹੈ, ਪੂੰਛ ਉਸ ਨੇ ਮੂੰਹ ਵਿਚ ਲੀਤੀ ਹੈ। ਸ੍ਵਾਸਾਂ ਦੇ ਪ੍ਰਾਣਾਯਾਮ ਨਾਲ ਇਸ ਦੇ ਜਗੌਣ ਦੇ ਕਈ ਸਾਧਨ ਹਨ। ਵਿਦਯਲ ਯਾਂ ਲਤਾਂ

Digitized by Panjab Digital Library | www.panjabdigilib.org

ਵੇ ਰੂਪ ਵਿਚ ਰੀੜ ਦੀ ਹੱਡੀ ਦੇ ਪੋਲ ਵਿਚ ਦੀ ਇਹ ਮੱਛੀ ਵਾਂਗਰ ਤਰਦੀ ਹੋਈ ਉਪਰ ਨੂੰ ਚਲਦੀ ਹੈ। ਅਗੇ ਦੂਜੇ ਚੱਕ੍ਰ ਸ੍ਵਧਿਸ੍ਟਗਨ, ਜੋ ਕਿ ਲਿੰਗ ਸਥਾਨ ਤੋਂ ਚਾਰ ਕੁ ਉਂਗਲ ਉੱਚਾ ਹੈ ਅਟਕਦੀ ਹੈ, ਇਸ ਚੱਕ੍ਰ ਕੰਵਲ ਦਾ ਰੰਗ ਸੰਧੂਰੀ ਹੈ, ਪਤੀਆਂ ਛੀ ਹਨ। ਸ਼ਕਲ ਅੱਧੇ ਚੰਦ੍ਰਮਾਂ ਸਦਰਸ਼ ਹੈ।

ਤੀਜਾ ਚੱਕ੍ਰ 'ਮਣ ਪੂਰਕ' ਹੈ। ਪੇਟ ਦੀ ਧੁੰਨੀ ਦੇ ਸਾਹਮਣੇ ਰੀੜ੍ਹ ਦੀ ਹੱਡੀ ਵਿਚ ਹੈ। ਰੰਗ ਨੀਲਾ, ਪੱਤੀਆਂ ਦਸ ਔਰ ਸ਼ਕਲ ਤ੍ਰਿਕੋਣੀ ਹੈ। ਚੌਥਾ ਚੱਕ੍ਰ 'ਅਨਾਹਤ' ਦਿਲ ਦੇ ਐਨ ਸਨਮੁਖ ਹੈ, ਰੰਗ ਇਸਦਾ ਅਰੁਣ, ਪਤੀਆਂ (ਦਲ) ਬਾਰਾਂ, ਧੂੰਏਂ ਰੰਗਾ ਬਣਤਰ ਹੈ, ਵਿਚਾਲੇ ਤ੍ਰਿਕਣੀ ਸ਼ਕਲ ਦਾ ਪ੍ਰਕਾਸ਼ ਹੈ। ਪੰਜਵਾਂ 'ਵਿਸ਼ੁੱਧ' ਚੱਕ੍ਰ ਜੋ ਕੰਠ (ਗਲੇ) ਵਿਚ ਹੈ। ਧੂੰਏਂ ਰੰਗਾ, ਸੋਲਾਂ ਪਤੀਆਂ, ਸ਼ਕਲ ਪੂਰਨ ਚੰਦ੍ਰਮਾਂ ਸਦਰਸ਼ ਹੈ। ਛੀਵਾਂ ਚੱਕ੍ਰ ਅੱਖਾਂ ਦੀਆਂ ਦੋਨਾਂ ਭਵਾਂ ਦੇ ਵਿਚਾਲੇ ਹੈ, ਬ੍ਰਹਮ ਨਾੜੀ ਦੇ ਵਿਚਕਾਰ, ਰੰਗ ਸਫੈਦ, ਪਤੀਆਂ ਦੋ ਹਨ। ਇਸ ਥਾਂ ਅਗੇ ਕੰਗਰੋੜ ਦੀ ਹੱਡੀ ਦਾ ਸਿਰਾ ਹੈ ਜਿਥੇ ਸਹੰਸਰ ਦਲ ਚਕ੍ਰ ਹੈ, ਇਸ ਦੀ ਇਕ ਹਜ਼ਾਰ ਪੱਤੀ ਹੈ, ਪਰਮ ਸ਼ਿਵ ਨਾਲ ਕੁੰਡਲਨੀ ਸ਼ਕਤੀ ਦਾ ਸੰਜੋਗ ਹੈ, ਅਰਥਾਤ ਲਯ ਜੋਗ ਦਾ ਉਥੇ ਪ੍ਰਯੋਗ ਹੈ। ਇਸ ਥਾਂ ਦਾ ਨਾਮ ਸ਼ਿਵ ਪੁਰੀ ਹੈ। ਸ਼ਿਵਪੁਰੀ ਵਿਚ ਪਹੁੰਚਣੇ ਦਾ ਨਾਮ 'ਅਮਰ ਅਦ੍ਵੈਤ' ਰੂਪ ਅਵਸਥਾ ਹੈ। ਭਗਤਾਂ ਦੀ ਬਾਣੀ ਵਿਚ ਜੋਗਾ ਅਭਿਆਸ ਦੇ ਕਈ ਸ਼ਬਦ ਹਨ। ਜਿਸ ਤੋਂ ਸਿੱਧ ਹੈ ਕਿ ਭਗਤ ਜੋਗਾ ਅਭਿਯਾਸ ਕਰਦੇ ਸਨ। ਖੂਨ ਦੀਆਂ ਗਰਦਸ਼ਾਂ ਦਾ ਨਾਮ ਵਾਹਨ (ਸਵਾਰੀ) ਹੈ। ਯੋਗ ਮਤੀਆਂ ਵਿਖੇ ਕਈ ਮਤਭੇਦ ਭੀ ਹਨ, ਕਈਕੁ ਕੁੰਡਲਨੀ, ਨਾਭੀ ਵਿਚ ਮੰਨਦੇ ਹਨ।

ਕੁੰਡਲਨੀ ਸੁਤੀ ਪਈ ਹੈ ਇਸਦੇ ਜਾਗਣ ਨਾਲ 'ਬ੍ਰਹਮ ਗਯਾਨ' ਹੋਣਾਂ ਮੰਨਿਆਂ ਹੈ, ਦੂਜਾ ਅਭਯਾਸ ਹੈ 'ਨੇਤ੍ਰੀ ਧੋਤੀ ਵਸਤੀ' ਆਦਿ ਦਾ ਅਰਥਾਤ ਅੰਦਰ ਦੀ ਸਫਾਈ ਕਰਨੀ, ਇਸ ਸਾਧਨ ਦਾ ਨਾਮ ਭੀ ਪ੍ਰਾਣਾਯਾਮ ਹੈ, ਇਹ ਸਾਧਨ ਅੱਠ ਪ੍ਰਕਾਰ ਦੇ ਹਨ ਅਰਥਾਤ ਪ੍ਰਾਣਾ ਯਾਮ ਨਾਲ ਛੀਏ ਚੱਕ੍ਰ ਭੇਦਣੇ ਹਨ। ਉਪ੍ਰੰਤ ਮੁਦ੍ਰਾਵਾਂ ਹਨ ਜਿਨ੍ਹਾਂ ਨੂੰ ਕਿ ਮਹਾਂ ਮੁਦਰਾ, ਮਹਾਂ ਬੇਧ, ਵਿਪਰੀਤ, ਤਾਰਣ, ਪ੍ਰੀਧਾਨ ਆਦਿ ਕਹਿੰਦੇ ਹਨ, ਇਸ ਸਾਧਨਾ ਦੇ ਲੰਬੇ ਹਾਲਾਤ ਹਨ, ਜੋ ਅਗੇ ਸੰਖੇਪ ਨਾਲ ਲਿਖੇ ਜਾਂਦੇ ਹਨ। ਮੂਲਾ ਧਾਰ ਚਕ੍ਰ ਜੋ ਗੁਦਾ ਅਰ ਲਿੰਗ ਦੇ ਵਿਚਾਲੇ ਹੈ, ਇਸਦਾ ਦੇਵਤਾ, 'ਗਣਪਤਿ' ਹੈ ਜਿਸ ਕਾਰਨ 'ਗਣੇਸ਼' ਦੀ ਪੂਜਾ ਹੁੰਦੀ ਹੈ, ਦੂਜੇ ਚਕ੍ਰ ਦਾ ਸਵਾਧਿਸ਼ਟਾਨ ਦਾ ਦੇਵਤਾ ਬ੍ਰਹਮਾ, ਤੀਜੇ ਦਾ ਵਿਸ਼ਨੂੰ, ਚੌਥੇ ਦਾ ਰੁਦ੍ਰ (ਸ਼ਿਵ) ਪੰਜਵੇਂ ਦਾ ਚੰਦ੍ਰਮਾਂ ਛੀਵੇਂ ਦਾ ਸਦਾ ਸ਼ਿਵ, ਛੀ ਚੱਕ੍ਰਾਂ ਦੇ ਭੇਦਨ, ਛੀਏ ਦੇਵਤਿਆਂ ਦਾ 'ਅਰਾਧਨ' ਹੈ।

ਯਾਦ ਰਖੋ! ਚਕ੍ਰਾਂ ਦੇ ਨਾਮ ਟਿਕਾਣੇ ਉਪਰ ਦਸੇ ਗਏ ਹਨ, ਆਗਿਆ ਚਕ੍ਰ ਦੇ ਭੇਦ ਦਾ ਜਾਪ 'ਸੋਹੰ' (ਸੋ ਮੈ ਹਾਂ) ਛੀਵਾਂ ਚਕ੍ਰ ਜੋ ਸਹੰਸਰ ਦਲ ਜਾਂ ਦਸਮ ਦੁਆਰ ਹੈ, ਉਸਦਾ ਮਾਲਕ ਨਿਰੰਕਾਰ (ਨਿਰਗੁਣ ਸਰੂਪ), ਉਸ 'ਸ਼ੁਧ ਚੇਤਨ' ਵਿਚ ਲੀਣਤਾ ਦਾ ਨਾਮ ਸਿਰੇ ਦਾ ਭੇਤ ਹੈ। ਛੀਆਂ ਚਕ੍ਰਾਂ

Digitized by Panjab Digital Library / www.panjabdigilib.org

ਦੀਆਂ ਪੱਤੀਆਂ ਪਰ ਅੱਖਰ ਭੀ ਲਿਖੇ ਹੋਏ ਮੰਨੇ ਹੈਨ। ਉਨ੍ਹਾਂ ਦੁਆਰੇ ਹੀ ਕਈਕੁ ਜਾਪਾਂ ਦਾ ਵੇਰਵਾ ਹੈ। ਸਹੰਸਰਦਲ 'ਪਦਮ ਚਕ੍ਰ' ਵਿਚ ਕੁੰਡਲਨੀ ਸ਼ਕਤੀ ਪ੍ਰਚੰਡੀ ਸਾਰੇ ਪ੍ਰਆੜੇ ਹਨ। ਕੰਗਰੋੜ ਦੇ ਖਬੇ ਪਾਸੇ ਚੰਦ ਰੂਪ ਨਾੜੀ ਦਾ ਨਾਮ ਇੜਾ, ਦਖਣ ਦੇ ਪਾਸੇ 'ਪਿੰਗਲਾ' ਔਰ ਵਿਚਾਲੇ ਦੀ ਸੁਖਮਨਾ ਕਹੀਦੀ ਹੈ, ਇਨ੍ਹਾਂ ਰਾਹੀਂ ਅਕਸਰ ਜੋਗੀ ਮੂੰਹ ਬੰਦ ਕਰਕੇ ਔਰ ਤਾਲੂਏ ਨਾਲ ਜ਼ਿਹਬਾ ਨੂੰ ਲਾਕੇ 'ਸੰਧ' ਅਰਥਾਤ ਗਲਾ ਬੰਦ ਕਰਕੇ ਸੁਾਸਾਂ ਨੂੰ ਰੋਕਦੇ ਹਨ ਉਪ੍ਰੰਤ ਨੱਕ ਦੇ ਰਸਤੇ ਸੁਾਸਾਂ ਨੂੰ ਅੰਦਰ ਖਿਚਦ ਹਨ, ਇਸਤਰਾਂ ਓਹ ਹਵਾ ਕੁੰਡਲਨੀ ਸ਼ਕਤੀ ਪਾਸ ਜਾਂਦੀ ਹੈ, ਉਥੋਂ 'ਅਮਿਉ ਰਸ' ਪੀਣਾ ਦਸਦੇ ਹਨ। ਇਸ ਤ੍ਰੀਕੇ ਨਾਲ ਅਭਿਆਸ ਕਰਕੇ ਕੁੰਡਲਨੀ ਨੂੰ ਜਗੌਂਦੇ ਰਹਿੰਦੇ ਹਨ।

ਜੋਗੀ ਜਨ ਸਰੀਰ ਨੂੰ ਪਿੰਡ (ਵ੍ਯਸ਼ਟੀ), ਸਮਸਟਿ ਨੂੰ ਬ੍ਰਹਿਮੰਡ ਕਹਿੰਦੇ ਹਨ। ਸੋ ਪਿੰਡ ਵਿਚ ਬ੍ਰਹਮੰਡ ਨੂੰ ਵੇਖਦੇ ਹਨ। 'ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ।' ਭਾਵ ਬ੍ਰਹਮੰਡ ਦਾ ਅਕਸ ਪਿੰਡ ਵਿਚ ਪੈਣ ਨਾਲ ਸਾਰੀ ਦੁਨੀਆਂ ਨੂੰ ਅੰਦਰ ਹੀ ਵੇਖਦੇ ਹਨ। ਇਸਨੂੰ ਹੋਮ ਵਿਸ਼ਯ ਭੀ ਕਹਿੰਦੇ ਨੇ. ਇਸ ਸਾਧਨ ਹਿਤ ਮੂਲਾਧਾਰ ਪਦਮ ਵਿਚ ਪ੍ਰਕ੍ਰਿਤ ਸ਼ਕਤ ਨੂੰ ਸਥਿਤ ਮੰਨਦੇ ਹਨ। ਯਾਂਤ੍ਰੇ ਬ੍ਰਹਮੰਡ ਵ੍ਯਾਪੀ ਪੁਰਸ਼ ਦਾ ਕੇਂਦਰ 'ਸ਼ਟੰਸੇਰ ਦਲ ਕੰਵਲ' ਆਖਦੇ ਹਨ। ਉਥੇ ਦੀ ਪਹੁੰਚ ਦਾ ਨਾਮ 'ਲ੍ਯ ਜੋਗ' ਹੈ। ਦਸਮ ਦੁਆਰ ਵਿਚ ਬ੍ਰਹਮੰਡ ਦਾ ਨਕਸ਼ਾ ਹੈ। ਇਸ ਦੇ ਵੇਖਣ ਦੇ ਸਾਧਨ ਯਮ, ਨੇਮ ਸਥੂਲ ਕ੍ਰਿਯਾ, ਸੂਖਮ ਕ੍ਰਿਆ, ਪ੍ਰਤਯਾਹਾਰ, ਧਾਰਨਾ, ਧ੍ਯਾਨ, ਲਯ, ਕ੍ਰਿਆ, ਸਮਾਧੀ ਆਦਿ ਹਨ ਜਿਨ੍ਹਾਂ ਦਾ ਵਿਸਤਾਰ ਲੰਬਾ ਹੈ। ਇੜਾ, ਪਿੰਗਲਾ, ਸੁਖਮਨਾ, ਤਿੰਨਾਂ ਨਾੜਾਂ ਦੇ ਰਾਹੀਂ ਗਯਾਨ ਹੁੰਦਾ ਹੈ। ਪ੍ਰਾਣਾਯਾਮ ਨਾਲ ਸੁਖਮਨਾ, ਦਾ ਮੂੰਹ ਖੋਲਦੇ ਹਨ, ਜਦੋਂ ਸੁਖਮਨਾ ਵਿਚ ਸੁਾਸ ਚਲਦੇ ਹਨ, ਇਹ ਉਨਮਨੀ ਅਵਸਥਾ ਹੈ, ਮੱਥੇ ਵਿਚ ਜਾਣ ਵੇਲੇ ਸਹਿਜ ਅਵਸਥਾ ਹੈ, ਉਪ੍ਰੰਤ ਨਿਰਵਿਕਾਰ ਰੂਪ ਅਵਸਥਾ ਹੈ, ਦਸਮ ਦੁਆਰ ਵਿਚ ਜਾ ਕੇ ਸੁਾਸ ਅਟਕਣੇ, ਸੁਾਸਾਂ ਦਾ ਨਾਮ ਹੀ ਸੂਖਮ ਜੀਵ ਕਲਪਦੇ ਹਨ। ਜੇ ਸੁਾਸਾਂ ਵਿਚ ਫੁਰਨੇ ਰਹਿਣ ਤਾਂ ਕੰਬਣੀ ਲਗਦੀ ਹੈ, ਇਹ ਫੁਰਨੇ ਰੋਕਣੇ ਜ਼ਰੂਰੀ ਹਨ। ਇਨਾਂ ਫੁਰਨਿਆਂ ਨੂੰ ਜੋਗੀ ਜਨ 'ਮਨ' ਆਖਦੇ ਹਨ, ਫੁਰਨੇ ਮਾਰਨੇ ਦਾ ਨਾਮ 'ਮਨ ਮਾਰਨਾ' ਪ੍ਰਸਿਧ ਹੈ।

ਉਕਤ ਦੋ ਸਾਧਨਾਂ ਥੀਂ ਬਿਨਾਂ ਇਕ 'ਹਠ ਜੋਗ' ਹੈ, ਇਸ ਦੇ ਮੁਖ ਸਾਧਨ ਆਸਨ, ਮੁਦਰਾ, ਪ੍ਰਤ੍ਯਾਹਾਰ, ਪ੍ਰਾਣਾਯਾਮ ਧ੍ਯਾਨ, ਸਮਾਧੀ ਆਦਿ ਹਨ। ਸਿਧਾਂਤ ਇਹ ਹੈ ਕਿ ਚੌਰਾਸੀ ਆਸਨ ਲੌਣੇ 'ਸਿਧ ਚੌਰਾਸੀ ਆਸਨ ਇਹ ਭੀ ਕਰ ਕਰ ਰਹਿਆ॥' ਪ੍ਰਤਯਾਹਾਰ ਤੋਂ ਭਾਵ ਇੰਦਰੇ ਦਮਨ ਹੈ, ਜਿਸ ਦੇ ਕਈ ਸਾਧਨ ਹਨ। ਤੀਜੀ 'ਧਾਰਨਾ' ਅਰਥਾਤ ਸੋਲਾਂ ਸਥਾਨਾਂ-ਪਰ ਸੁਾਸਾਂ ਨੂੰ ਟੇਕਣਾ ਤੇ ਦ੍ਵਾਦਸ ਕੰਵਲ ਵਲ ਸਹੰਸਰ ਪਦਮ ਵਲ ਲੈ ਜਾਣਾ। ਪਹਿਲਾ ਇਸ਼ਟ ਮੂਰਤ ਉਪਾਸ਼ਨਾ ਹੈ, ਉਪਰੰਤ ਨਿਰਾਕਾਰ ਵਿਚ ਬਿਰਤੀ ਲੌਣੀ। ਧ੍ਯਾਨ ਤੋਂ ਭਾਵ 'ਇਕਾਗਰ' ਚਿਤ ਬ੍ਰਿਤੀ

Digitized by Panjab Digital Library | www.panjabdigilib.org

ਤਥਾ 'ਬ੍ਰਹਮ ਚਿੰਤਨ' ਸਮਾਧੀ ਹੈ। ਜੀਵ ਆਤਮਾਂ ਔਰ ਪ੍ਰਮਾਤਮਾਂ ਦੀ ਏਕਤਾ ਦਾ ਚਿੰਤਨ ਸਿੱਟਾ ਆਤਮਾਂ ਪ੍ਰਤੱਖ ਕਰਨਾ ਹੈ। ਪ੍ਰਾਣਾਯਾਮ ਤੋਂ ਭਾਵ ਸ੍ਵਾਸਾਂ ਦੇ ਰੋਕਣੇ ਦੇ ਸਾਧਨ ਹਨ। ਇਨਾਂ ਕ੍ਰਿਆਵਾਂ ਦਾ ਨਾਮ 'ਮੁਦ੍ਰਾ' ਹੈ। ਇਹ ਭੀ ਕਈ ਹਨ ਜਿਹਾ ਕਿ ਮਹਾਂ ਮੁੰਦ੍ਰ, ਨਾਭ੍ਰੇ, ਉਡੀਯਾਨ, ਜਾਲੰਧਰ ਬੰਧ, ਮੂਲਾ ਬੰਧ, ਮਾਹਬੰਧ, ਮਹਾਂ ਵੇਧ ਆਦਿ ਆਦਿ। ਇਸ ਦੇ ਕਈ ਭੇਦ ਹਨ, ਹਠ ਯੋਗ ਪ੍ਰਦੀਪਕਾ ਨੇ ਛੀ ਕਰਮ ਲਿਖੇ ਹਨ—ਧੋਤਿ, ਵਸਤਿ, ਨੇਤਿ, ਨੌਲ, ਕਪਾਲਿ ਭਾਤ, ਤਰਾਟਕ। ਇਨਾਂ ਦੇ ਭਾਵ ਨੂੰ ਅਗੇ ਲਿਖਦੇ ਹਾਂ—

"ਨੌਲੀ ਕਰਮ" ਭਾਵ ਪਦਮ ਆਸਨ ਲਾ ਕੇ ਸ੍ਵਾਸਾਂ ਨੂੰ ਬਾਹਰ ਕਰਕੇ ਪੇਟ ਨੂੰ ਖਬੇ ਸਜੇ ਹਲਾਵੇ, ਪਸੀਨਾ ਭੀ ਔਂਦਾ ਹੈ। ਪੇਟ ਹਲਕਾ ਹੁੰਦਾ ਹੈ, ਵਖੀਆਂ ਦਬ ਜਾਂਦੀਆਂ ਹਨ। ਮੂਲਾਧਾਰ ਤੇ ਹਿਰਦ ਤੀਕਰ ਗੋਲਾ ਕਾਰ ਪੰਧ ਖੜਾ ਹੁੰਦਾ ਹੈ। ਉਪਰੰਤ ਸੀਘਰਤਾ ਨਾਲ ਸਜੇ ਖਬੇ ਪੇਟ ਨੂੰ ਹਲਾਂਦੇ ਹਨ, ਏਹ ਤ੍ਰੀਕਾ ਅਪਾਨ ਵਾਯੂ ਦੇ ਵਸ-ਕਰਨ ਦਾ ਹੈ। ਉਪਰੰਤ ਮੁਖ ਰਾਹੀਂ ਪਾਣੀ ਪੀ ਕੇ ਅੰਤੜੀਆਂ ਵਿਚ ਪਾਣੀ ਨੂੰ ਘੁਮਾ ਕੇ ਨਿਕਾਲਨਾ, ਫਿਰ 'ਵਸਤੀ ਕਰਮ' ਅਰਥਾਤ ਧੋਣਾ। ਇਹ ਸ੍ਵਾਸਾਂ ਨਾਲ ਯਾਂ ਪਾਣੀ ਨਾਲ ਕਰਦੇ ਹਨ ਇਹ ਅਪਾਨ ਵਾਯੂ ਦੇ ਉਪਰ ਨੂੰ ਖਿਚਣ ਵਾਸਤੇ ਹੈ, ਔਰ 'ਮਿਊਰ' ਆਸਨ ਨਾਲ ਬਾਹਰ ਨਿਕਾਲਦੇ ਹਨ, ਇਹ ਸਾਧਨ ਪਵਨ ਵਸਤੀ ਕਹੌਂਦਾ ਹੈ। ਸ੍ਵਾਸ ਨਾਲ ਪਾਣੀ ਬਾਹਰ ਖਿਚਣਾ, 'ਜਲ ਵਸਤੀ' ਪਾਣੀ ਨੂੰ ਅੰਦਰ ਖਿਚਣਾ, ਇਕ ਹੋਰ ਭੀ ਤ੍ਰੀਕਾ ਹੈ—ਛੀ ਕੁ ਉਂਗਲਾਂ ਬਾਂਸ ਦੀ ਪੋਲੀ ਨਾਲੀ ਉਂਗਲੀ ਸਮਾਨ ਛੇਕ ਵਾਲੀ ਲੈ ਕੇ ਉਸ ਨੂੰ ਘਿਓ ਜਾਂ ਤੇਲ ਨਾਲ ਚੋਪੜ ਕੇ ਆਪਣੀ ਗੁਦਾ ਵਿਚ ਚਾੜ੍ਹ ਕੇ ਪਾਣੀ ਦੇ ਟਪ ਯਾਂ ਹੌਜ਼ ਵਿਚ ਬੈਠ ਕੇ ਸ੍ਵਾਸਾਂ ਨਾਲ ਪਾਣੀ ਨੂੰ ਅੰਦਰ ਖਿਚਦੇ ਹਨ, ਨਲਕੀ ਦੋ ਕੁ ਉਂਗਲ ਗੁਦਾ ਥੀਂ ਬਾਹਰ ਹੁੰਦੀ ਹੈ। ਧੁੰਨੀ ਤੀਕਰ ਪਾਣੀ ਨਾਲ ਪੇਟ ਭਰਦੇ ਹਨ। ਅੱਡੀਆਂ ਪਰ ਚੁਤੜ ਧਰ ਕੇ, ਪੱਬਾਂ ਭਾਰ ਬੈਠਣਾ, ਅਧਾਰ ਕੁੰਚਨ ਸਾਧਨ ਸੇ ਪਾਣੀ ਆਪੇ ਹੀ ਅੰਦਰ ਨੂੰ ਜਾਂਦਾ ਹੈ। ਇਕਰ ਪੇਟ ਦੀ ਸਫਾਈ ਕਰਦੇ ਹਨ। ਮਲ ਆਦਿ ਪਾਣੀ ਰਾਹੀਂ ਬਾਹਰ ਨਿਕਾਲਦੇ ਹਨ। ਇਹ ਵਸਤੀ ਕਰਮ ਹਨ।

ਦੂਜਾ ਤ੍ਰੀਕਾ—

ਦੋਵਾਂ ਗਜ਼ ਢਿੱਲਾ ਕਪੜਾ ਦੋ ਕੁ ਉਂਗਲਾਂ ਚੌੜਾ ਸਾਧਨਾ ਨਾਲ ਮੂੰਹ ਰਸਤੇ ਨਿਗਲ ਕੇ ਉਸ ਦਾ ਸਿਰਾ ਦੰਦਾਂ ਵਿਚ ਦਬਾ ਕੇ ਹਵਾ ਦੀ ਤਾਕਤ ਨਾਲ ਅੰਦਰ ਸਾਫ ਕਰਨ ਦਾ ਨਾਮ ਇਹ ਨੇਤੀ ਕਰਮ ਹੈ। ਇਕ ਹੋਰ ਸਾਧਨ ਹੈ-ਸੂਤ੍ਰ ਨਾਲ ਮੂੰਹ ਤੇ ਨਕ ਵਿਚ ਦੀ (ਨਥ ਵਾਂਗ) ਧਾਗਾ ਫੇਰਦੇ ਔਰ ਪਾਣੀ ਨਾਲ ਧੋਂਦੇ ਹਨ। ਜਦੋਂ ਪਾਣੀ ਇਕ ਨਾਸ ਨਾਲ ਖਿੱਚ ਕੇ ਦੂਜੀ ਦੁਆਰੇ ਨਿਕਾਲੇ, ਫਿਰ ਨਾਸਕਾਂ ਦਾ ਮੂੰਹ ਰਸਤੇ ਨਿਕਾਲਨਾ। ਇਸ ਨੂੰ ਘਰਿ-ਸਣ ਨੇਤੀ ਕਹਿੰਦੇ ਹਨ (ਦੁਧ ਮਥਣ ਵਤ ਨੇਤਾ ਫੇਰਣ)।

'ਤ੍ਰਾਟਕ' ਤੋਂ ਭਾਵ ਨੇਤ੍ਰਾਂ ਦਾ (ਨਿਗਾਹ ਦਾ) ਕਿਸੇ ਚੀਜ਼ ਕਾਲੇ ਦਾਗ ਆਦਿ ਪਰ ਟਿਕੌਣਾ ਹੈ। ਅਖੀਆਂ ਫਰਕਦੇ ਨਹੀਂ ਹਨ। ਇਸ ਦੇ ਤਿੰਨ ਸਾਧਨ ਹੈਨ-ਆਂਤਰੇ

Digitized by Panjab Digital Library / www.panjabdigilib.org

ਤ੍ਰਾਟਕ, ਚੰਦਮਾਂ ਤ੍ਰਾਟਕ, ਮਧਯ ਤ੍ਰਾਟਕ। ਅੱਖਾਂ ਬੰਦ ਕਰ ਕੇ ਹਿਰਦੇ ਵਿਚ ਨੇਤ੍ਰ ਮਿਲੌਣੇ, ਜਾਂ ਭ੍ਰਿਕੁਟੀ ਪਰ ਨਜ਼ਰ ਜਮੌਣੀ, ਚਮਕਣ ਵਾਲੇ ਤਾਰੇ ਆਦਿ ਨਿਗਾਹ ਲੌਣੀ, ਇਹ ਬ੍ਰਾਹਯ ਤ੍ਰਾਟਕ ਸਾਧਨ ਹੈ। ਸੂਰਜ ਪਰ ਭੀ ਲੌਂਦੇ ਹਨ (ਕਈ ਤਾਂ ਅੰਧੇ ਹੋ ਜਾਂਦੇ ਹਨ) 'ਮਧਯ ਤ੍ਰਾਟਕ' ਕਾਗਜ਼ ਪਰ ਕਾਲੀ ਸਿਆਹੀ ਲਗਾ ਕੇ ਉਸ ਪਰ ਅਫੁਰ ਦੇਖੀ ਜਾਂਦੇ ਹਨ।

ਇਹ ਵੇਰਵੇ ਅਗਾਧ ਹੀ ਹਨ ਜਿਨਾਂ ਦਾ ਇਥੇ ਪੂਰਨ ਤੌਰ ਪਰ ਲਿਖਣਾਂ ਕਠਨ ਹੈ। ਯੋਗਾ ਅਭਿਆਸ ਦੇ ਗ੍ਰੰਥਾਂ ਵਿਚ ਬਹੁਤ ਕੁਝ ਹੈ, ਗੁਰਮਤ ਵਿਖੇ ਉਕਤ ਸਾਧਨਾਂ ਦਾ ਜ਼ੋਰਦਾਰ ਖੰਡਣ ਹੈ। ਗੁਰਮਤ ਨੇ 'ਪ੍ਰੇਮਾ ਭਗਤੀ' ਨੂੰ ਮੁਖ ਰਖਿਆ ਹੈ। ਹਠ ਜੋਗ ਸਾਧਨਾਂ ਨਾਲ ਕਈਕ ਅਜਰ ਬੀਮਾਰੀਆਂ ਲਗ ਜਾਂਦੀਆਂ ਹਨ, ਕਿਤਨੇ ਲੋਕ ਮਰ ਜਾਂਦੇ ਹਨ। ਗ੍ਰਿਹਿਸਤੀ ਲੋਕ ਯਾਂ ਕ੍ਰਿਤੀ ਪੁਰਸ਼ ਇਤਨਾਂ ਵੇਹਲੇ ਰਹਿ ਕੇ ਬਾਲ ਬਚਾ ਭੀ ਨਹੀਂ ਸੰਭਾਲ ਸਕਦਾ। ਇਹ ਕਰਮ ਨਿਸਫਲ ਯਾਂ ਫੋਕਟ ਸਿਧ ਹੋਏ ਹਨ।

## ਤ੍ਵ ਪ੍ਰਸਾਦਿ ਕਬਿਤ

'ਅਤ੍ਰ ਕੇ ਚਲੱਯਾ' ਤੋਂ ਆਰੰਭ ਹੈ। ਇਸ ਵਿਚ ਅਗੇ ਲਿਖੇ ਕਠਨ ਪਦ ਹਨ—

ਛਿਤ=ਧਰਤੀ। ਅਵਸਾਨ=ਉਦਮ। ਕਾਲ=ਦੁਰ ਭਿੱਖ। ਵਡੇ ਕਾਲ=ਧਰਮ ਰਾਜ। ਗੋਰ=ਗੋਰਖ ਦੇਸ। ਫਰਾ=ਦੇਸ ਯਾਂ ਫਰਾਂਸੀਸੀ। ਕੁਰੇਸੀ=ਕੌਮੀ। ਮਘੇਲੇ=ਸੂਰਮੇ। ਰੋਹ=ਦੇਸ। ਸੁਰੇਸ਼=ਇੰਦ੍ਰ ਯਾਂ ਵਿਸ਼ਨੂੰ। ਧਾਨ=ਧਾਰਣਾ। ਚੀਟੀ=ਕੀੜੀ। ਸਮਰਾਸੀ=(ਕ੍ਰਿਣਾ ਦੀ ਖਾਂਡ ਚੰਦ੍ਰਮਾਂ)। ਮੁੰਡੀਆ=ਸਨਿਆਸੀ। ਮਹਾਂਦੀਨ=(ਇਬਰਾਹੀਮ ਯਾਂ ਮਹੰਮਦ)। ਗਸ਼ੀ=ਖਾਣਾ। ਛਟਾ=ਪ੍ਰਕਾਸ਼। ਅਨੁਮਾਨੀ=ਵਿਚਾਰੀ। ਤੰਤ੍ਰ=ਵਸੀ ਕਰਨ ਸਾਧਨ। ਜੰਤ੍ਰ=ਮੋਹਤ ਕਰਨਾ। ਤਰੁ=ਕਲਪ ਬ੍ਰਿਛ। ਸਰ=ਸਮੁੰਦਰ। ਸਾਣ=ਤ੍ਰਿਖਾ ਕਰਨ ਵਾਲਾ। ਗਨੀਮਾਂ=ਵੈਰੀਆਂ। ਖੂਬੀ=ਵਡਿਆਈ। ਤੇਜ਼=ਪ੍ਰਤਾਪ। ਸਾਲ=ਜ਼ਖਮ। ਬ੍ਰਿਧਤਾ=ਵਡਿਆਈ। ਸਿਧਤਾ=ਮੋਖਸ਼। ਸੁਧਤਾ=ਪਵਿਤ੍ਰਤਾ। ਕਾਮਨਾ=ਇੱਛਾ। ਮੰਡਣ=ਬਨਾਉਣਾ। ਬਿਸ੍ਵ=ਦੁਨੀਆਂ। ਅੰਜਨ=ਕਾਲਖ, ਮਾਇਆ, ਵ੍ਰਿਕਤੀ। ਬਾਲਾਂ=ਇਸਤ੍ਰੀਆਂ।

## ਅਤ੍ਰ ਕੇ ਚਲਯਾ ਛਿਤ ਛੱਤ੍ਰ

ਇਹ ਤ੍ਵਪ੍ਰਸਾਦਿ ਕਬਿੱਤ ਵਖਰੀ ਤਰਜ਼ ਦੇ ਹਨ। ਇਨ੍ਹਾਂ ਵਿਖੇ ਕਿਤਨੇ ਹੀ ਦੇਸ਼ਾਂ ਸ਼ਹਿਰਾਂ ਟਾਪੂਆਂ ਦਾ ਨਾਮ ਆਇਆ ਹੈ ਜਿਹਾ ਕਿ ਪੂਰਬ, ਹਿੰਗਲਾ, ਹਿਮਾਲਾ (ਪਹਾੜ) ਫਰੰਗਸਤਾਨ, ਕੰਧਾਰ, ਤਿਲੰਗੀ ਔਰ ਮਰਹੱਟੇ, ਬੰਗਾਲੀ ਆਦਿ ਕੌਮਾਂ ਦਿਲੀ ਵਾਸ਼ੀ, ਰੁਹੇਲੇ, ਮਘੇਲੇ, ਬੁੰਦੇਲੇ ਗੋਰਖੇ, ਚੀਨੀ, ਤਿੱਬਤੀ, ਆਦਿ ਨਾਮ ਹਨ, ਪਾਠਕਾਂ ਦੀ ਵਾਕਫੀ ਹਿਤ ਅਗੇ ਸੰਖੇਪ ਹਾਲ ਲਿਖੇ ਜਾਂਦੇ ਹਨ। ਇਹ ਸਿਧਾਂਤ ਕੇਵਲ ਵਾਕਫੀ ਵਧਾਉਣ ਵਾਸਤੇ ਹਨ। ਔਰ ਇਸ ਦੀ ਤਰਜ਼ ਦੇਵੀ ਉਸਤਤ ਦੇ ਛੰਤਾਂ ਨਾਲ ਮਿਲਦੀ ਹੈ, 'ਕ੍ਰੁਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੇ

Digitized by Panjab Digital Library | www.panjabdigilib.org

ਭੇਦ ਨ ਪਾਯੋ' (ਪਾ: ੧੦) ਬਿਨ ਨਾਵੈ ਸਭ ਜਗ ਕਮਲਾ ਫਿਰੈ, ਗੁਰਮੁਖ ਨਦਰੀ ਆਇਆ।'

## ਕਾਲ ਹੂੰ ਕੇ ਕਾਲ ਮਹਾਂਕਾਲ ਹੂੰ ਕੇ ਕਾਲ ਹੈਂ॥ ੨੫੩॥

ਸ਼ਾਕਤਕਾਂ (ਸ਼ਕਤੀ ਉਪਾਸ਼ਕ) ਦੇ ਗ੍ਰੰਥਾਂ ਵਿਚ ਮਹਾਂਕਾਲ ਦੀ ਪੂਜਾ ਪਰਧਾਨ ਹੈ, ਮਹਾਂਕਾਲ ਨੂੰ ਉਹ ਸਰਬ ਸਰੋਮਣੀ ਵੱਖਰੀ ਹਸਤੀ ਸਮਝਕੇ ਪੂਜਦੇ ਹਨ, ਇਹ ਕਾਲ ਦਾ ਕਾਲ ਮਹਾਂਕਾਲ ਮੰਨਿਆਂ ਹੈ ਪਰ ਮਹਾਂਕਾਲ ਦਾ ਭੀ ਕਾਲ ਅਕਾਲ ਪੁਰਖ ਹੈ ਇਸਤਰ੍ਹਾਂ ਲੰਬਾ ਸਮਾਂ ਤਥਾ ਅਨੰਤ ਰੂਪ ਕਾਲ। ਕਈ ਮਤ ਸਮੇਂ ਨੂੰ ਹੀ ਕਾਲ ਕਹਿੰਦੇ ਹਨ, ਇਸੇ ਕਰਕੇ ਇਹ ਸਮੇਂ ਦਾ ਸਮਾਂ (ਮਹਾਂਕਾਲ) ਹੈ।

ਸ਼ਿਵਜੀ ਦੇ ਇਕ ਪੁਤ੍ਰ ਦਾ ਨਾਮ ਮਹਾਂ ਕਾਲ ਲਿਖਿਆ ਹੈ, ਸ਼ਿਵਜੀ ਇਕ ਵਾਰ ਆਪਣੇ ਵੀਰਯ ਨੂੰ ਅਗਨ ਵਿਚ ਸਥਾਪਨ ਕਰਨ ਲੱਗਾ ਤਾਂ ਦੋ ਬੂੰਦਾਂ ਬਾਹਰ ਗਿਰਨੇ ਸੇ ਮਹਾਂਕਾਲ ਤੇ ਭ੍ਰਿੰਗੀ ਜਨਮੇਂ। ਉਕਤ ਤੁਕ ਵਿਖੇ ਮਹਾਂਕਾਲ ਅਕਾਲ ਪੁਰਖ ਨੂੰ ਦਸਿਆ ਹੈ-ਗ੍ਯਾਨ ਹੂੰ ਕੇ ਗਯਾਤਾ ਮਹਾਂ ਬੁੱਧਿਤਾ ਕੇ ਦਾਤਾ ਦੇਵ, ਕਾਲ ਹੂੰ ਕੇ ਕਾਲ, ਮਹਾਂ-ਕਾਲ ਹੂੰ ਕੇ ਕਾਲ ਹੈਂ (ਅਕਾਲ ਉਸਤਤ) ਮਹਾਂਕਾਲ ਦਾ ਭੀ ਕਾਲ (ਅਕਾਲ ਪੁਰਖ) ਹੈ, ਉਜੈਨ ਵਿਚ ਮਹਾਂਕਾਲ ਨਾਮ ਦਾ ਇਕ ਸ਼ਿਵਲਿੰਗ ਮੰਦਰ ਹੈ। ਪ੍ਰੰਤੂ ਚੌਪਈ ਪਾ: ੧੦ ਵਿਖੇ "ਮਹਾਕਾਲ ਰਖਵਾਰ ਹਮਾਰੋ" ਤੋਂ ਉਸੀ ਮਹਾਂਕਾਲ ਦਾ ਸੰਬੋਧਨ ਜਾਪਦਾ ਹੈ।

ਪ੍ਰੰਤੂ ਗੁਰੂ ਜੀ ਨੇ ਸੰਸਾਰ ਕਲਪਤ ਯਾਂ ਸਿਫਤੀ ਨਾਮ ਅਕਾਲ ਪੁਰਖ ਵਲ ਜੋੜ ਕੇ ਅਕਾਲ ਭਗਤੀ ਦ੍ਰਿੜਾਈ ਹੈ।

ਬਚਿੱਤ੍ਰ ਨਾਟਕ ਦੇ ਪੰਜਵੇਂ ਅਧਿਆਇ ਵਿਚ ਲਿਖਿਆ ਹੈ 'ਗਜੇ ਗੈਣ ਕਾਲੀ। ਹਸੀ ਖਪ੍ਰ ਵਾਲੀ' ਕਾਲੀ ਨਾਮ ਕਾਲਕਾ ਦਾ ਹੈ ਖਪਰ ਵਾਲੀ ਤੋਂ ਭਾਵ ਯੋਗਨੀਆਂ ਅਰਥਾਤ ਦੇਵੀ ਦੀਆਂ ਬਾਡੀ ਗਾਰਡਾਂ ਹਨ ਜਿਨ੍ਹਾਂ ਦੇ ਨਾਮ ਮਹਾਂਕਾਲੀ, ਰੁਦ੍ਰਾਣੀ, ਉਗ੍ਰਾ, ਭੀਮਾ, ਭੈਰਵੀ ਮਹਾਂ ਰਾਤ੍ਰ, ਘੋਰਾ ਭ੍ਰਾਮਰੀ ਇਹ ਅਠੇ ਯੋਗਨੀਆਂ ਹਨ, ਇਨ੍ਹਾਂ ਦੀ ਪੂਜਾ ਕਰਨ ਵਾਲੇ ਕਈ ਫਿਰਕੇ ਹਨ।

ਕਾਲਿਕਾ ਦਾ ਸਰੂਪ ਕਾਲਿਕਾ ਆਦਿ ਪੁਰਾਣਾਂ ਵਿਚ ਦਸਿਆ ਹੈ ਕਾਲਾ ਰੰਗ, ਚਾਰ ਬਾਹਾਂ। ਸਜੇ ਪਾਸੇ ਦੇ ਦੋਹਾਂ ਹਥਾਂ ਵਿਚ ਉਪਰਲੇ ਵਿਚ ਖੜਗ (ਤਲਵਾਰ) ਔਰ ਹੇਠਲੇ ਵਿਚ ਪਦਮ। ਖਬੇ ਪਾਸੇ ਦੇ ਦੋਹਾਂ ਹਥਾਂ ਵਿਚ ਉਪਰਲੇ ਵਿਚ ਕਟਾਰ ਤੇ ਹੇਠਲੇ ਹੱਥ ਵਿਚ ਖੱਪਰ, (ਲਹੂ ਪੀਣ ਦਾ ਪਿਆਲਾ) ਸਿਰ ਪਰ ਜਟਾਂ, ਗਲ ਵਿਚ ਮਨੁਖੀ ਸਿਰਾਂ ਦੀ ਮਾਲਾ ਤੇ ਗਲੇ ਵਿਚ ਸਰਪ ਲਿਪਟੇ ਹੋਏ, ਲਾਲ ਅਖੀਆਂ, ਲਕ ਨਾਲ ਸ਼ੇਰ ਦੀ ਖੱਲੜੀ, ਕਾਲੇ ਕਪੜੇ ਔਰ ਖੱਬਾ ਪੈਰ ਮੁਰਦੇ ਦੀ ਛਾਤੀ ਉਪਰ ਧਰਿਆ ਹੋਇਆ ਤੇ ਸੱਜਾ ਪੈਰ ਸ਼ੇਰ ਦੀ ਪਿੱਠ ਉੱਪਰ, ਡਰੌਣੇ ਵਾਲਾ ਮੁਖੜਾ ਔਰ ਹੱਸਦੀ ਹੈ। ਦੇਵੀਆਂ ਤਾਂ ਅਨੇਕਾਂ ਹਨ ਪਰ ਮੁਖ ਦੇਵੀ ਇਕੋ ਹੈ ਜਿਸ ਨੂੰ ਕਿ ਬੰਗਾਲੀ ਲੋਕ ਬਕਰ, ਝੋਟੇ (ਮੈਂਸੇ) ਆਦਿ ਭੇਟਾ ਦਿੰਦੇ ਹਨ। 'ਮਹਾਂ ਕਾਲੀ' ਕਲਕਤੇ ਵਾਲੀ। ਪਰ ਇਨਾਂ ਦੀ ਪੈਦਾਇਸ਼ ਸ਼ਿਵਾਂ ਦੀ 'ਸਤੀ' ਇਸਤ੍ਰੀ ਦੇ ਅੰਗਾਂ ਥੀਂ ਆਰੰਭ ਕੀਤੀ ਹੈ।

Digitized by Panjab Digital Library | www.panjabdigilib.org

ਦਸਮ ਗੁਰੂ ਜੀ ਨੇ 'ਮਹਾਂਕਾਲ' ਸ਼ਬਦ ਅਕਾਲ ਪੁਰਖ ਪ੍ਰਥਾਇ ਭੀ ਵਰਤਿਆ ਹੈ, ਯਾਂਤੇ ਪ੍ਰਥਾਇ ਅਰਥ ਲਗਦੇ ਹਨ, ਨਿਰਾ ਪੂਰਾ ਮਹਾਂ ਕਾਲ ਸ਼ਬਦ ਵੇਖਕੇ ਹੀ ਡਰਨਾ ਨਹੀਂ ਚਾਹੀਦਾ। ਸਿਧਾਂਤ ਵਲ ਗਹੁ ਕਰਨਾ ਜ਼ਰੂਰੀ ਹੁੰਦਾ ਹੈ।

**ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੈ ਧਯਾਵੈ, ਗੋਰ ਗਰਦੇਜ਼ੀ ਗੁਨ ਗਾਵੈ ਤੇਰੋ ਨਾਮ ਹੈਂ॥੨੫੪॥**

ਪੂਰਬੀ ਤੋਂ ਭਾਵ ਪੂਰਬੀਏ, ਪੂਰਬ ਦੇ ਵਾਸੀ ਹਨ, ਦਿੱਲੀ ਤੋਂ ਅਗੇ ਬੰਗਾਲ ਤੱਕ ਪੂਰਬ ਦੇਸ਼ ਹੈ, ਅਥਵਾ ਪੂਰਬ ਦਿਸ਼ਾ ਵਲ ਦੇ ਸਾਰੇ ਦੇਸ਼। ਹਿੰਗਲਾ ਤਥਾ ਹਿੰਗਲਾਜ ਇਕ ਦੇਵੀ ਦਾ ਮੰਦਰ ਹੈ, ਜਿਥੇ ਕਿ ਸਤੀ ਦੇਵੀ ਦਾ ਤਾਲੂਆ ਡਿਗਣਾ ਮੰਨਿਆਂ ਹੈ। ਏਹ ਸਥਾਨ ਹਿੰਗੁਲਾ ਪਰਬਤ ਵਿਖੇ ਹੈ। ਏਥੇ ਇਕ ਹਿੰਗੋਲ ਨਾਮੀ ਨਦੀ ਵੀ ਚਲਦੀ ਹੈ ਇਸ ਦੇਵੀ ਨੂੰ ਜੰਗਮ ਆਦਿ ਸਾਧੂ ਪੂਜਦੇ ਹਨ। ਗੋਰ ਦਾ ਭਾਵ ਏਥੇ ਗਜ਼ਨੀ ਤੇ ਹਰਾਤ ਦੇ ਵਿਚਕਾਰਲੇ ਦੇਸ਼ ਤੋਂ ਹੈ। ਏਥੇ ਇਕ ਪ੍ਰਧਾਨ ਨੱਗਰ ਦਾ ਨਾਉਂ ਵੀ ਗੋਰ ਹੈ। ਗਜ਼ਨੀ ਤੇ ਹਿੰਦੁਸਤਾਨ ਦੇ ਵਿਚਕਾਰਲੇ ਇਲਾਕੇ ਦਾ ਨਾਉਂ ਗਰਦੇਜ਼ ਹੈ। ਕਈ ਹੁਸੈਨੀ ਸਯਦਾਂ ਦੀ ਇਕ ਜ਼ਾਤ ਨੂੰ ਵੀ ਗਰਦੇਜ਼ੀ ਤੇ ਕਈ ਬਗਦਾਦੀ ਕਹਿੰਦੇ ਹਨ।

**ਫਰਾ ਕੇ ਫਰੰਗੀ ਮਾਨੈ ਕੰਧਾਰੀ ਕੁਰੇਸੀ ਜਾਨੈ ਪੱਛਮ ਕੇ ਪੱਛਮੀ ਪਛਾਨੈ ਨਿਜ ਕਾਮ ਹੈਂ ॥੨੫੪॥**

ਫਰਾ ਤੋਂ ਭਾਵ ਫਰਾਂਸ ਹੈ। ਏਥੇ ਦੇ ਵਾਸੀ ਫਰਾਂਸੀਸੀ ਕਹੀਦੇ ਹਨ। ਫਰੰਗੀਆਂ ਦਾ ਜ਼ਿਕਰ ਹੋਰ ਜਗ੍ਹਾ ਆ ਚੁਕਿਆ ਹੈ। ਕੰਧਾਰ ਦਾ ਵਾਸੀ ਕੰਧਾਰੀ। ਅਫਗਾਨਿਸਤਾਨ ਵਿਚ ਇਕ ਪ੍ਰਸਿੱਧ ਨਗਰ ਦਾ ਨਾਉਂ ਕੰਧਾਰ ਹੈ। ਰਾਜਪੂਤਾਂ ਦੀ ਇਕ ਸੰਤਾਨ ਵੀ ਕੰਧਾਰ ਕਹੌਂਦੀ ਹੈ। ਅਰਬ ਵਿਚ ਇਕ ਪੁਰਾਣੇ ਖਾਨ ਦਾਨ ਦਾ ਨਾਉਂ ਕੁਰੈਸ਼ ਹੈ। ਮੁਹੰਮਦ ਸਾਹਿਬ ਵੀ ਕੁਰੇਸ਼ੀ ਸਨ। ਪੱਛਮ ਦੇ ਦੇਸ਼ਾਂ ਤਥਾ ਯੂਰਪ ਅਮਰੀਕਾ ਆਦ ਦੇ ਵਾਸੀ ਪੱਛਮੀ ਕਹੌਂਦੇ ਹਨ।

**ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਯਾ ਕਰੈ ਦਿੜਵੈ ਤਿਲੰਗੀ ਪਹਿਚਾਨੈ ਧਰਮਧਾਮ ਹੈਂ॥੨੫੪॥**

ਮਰਹੱਟਾ ਇਕ ਕੌਮ ਹੈ ਜੋ ਮਹਾਂਰਾਸ਼ਟਰ ਦੇ ਰਹਿਣੇ ਵਾਲੇ ਹਨ, ਬੰਬਈ ਦੇ ਇਲਾਕੇ ਵਿਚ ਪੂਨਾ ਸਤਾਰਾ, ਨਾਸਿਕ ਆਦਿ ਜ਼ਿਲਿਆਂ ਵਿਚ ਅਕਸਰ ਮਰਹਟ ਹਨ, ਮਘਧ ਦੇ ਇਲਾਕੇ ਦੇ ਮਘੇਲੇ ਕਹੇ ਜਾਂਦੇ ਹਨ। ਤਿਲੰਗੀ ਤੋਂ ਤਿਲੰਗ ਦੇ ਵਾਸੀ ਹਨ ਪਹਿਲਾਂ ਅੰਗਰੇਜ਼ੀ ਫੌਜਾਂ ਵਿਚ ਤਿਲੰਗੀ ਭਰਤੀ ਹੋਏ ਸਨ ਜਿਸ ਕਰਕੇ ਫੌਜੀਆਂ ਦੀ ਤਿਲੰਗਾ ਅੱਲ ਪੈ ਗਈ ਹੈ।

ਨੋਟ—ਇਨ੍ਹਾਂ ਛੰਤਾਂ ਵਿਚ ਦੇਵੀ ਉਪਾਸ਼ਨਾ ਦੀ ਝਲਕ ਭੀ ਪਾਈ ਜਾਂਦੀ ਹੈ ਵਿਦਜਵਾਨ ਵਿਚਾਰ ਕਰਨ। [ਲਾਲ ਸਿੰਘ

**ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾ ਵਾਲੀ ਦਿਲੀ ਕੇ ਦਿਲ ਵਾਲੀ ਤੇਰੀਆਗਯਾ ਮੇਂ ਚਲਤਹੈਂ**

ਬੰਗਾਲ ਦੇਸ ਦੇ ਬੰਗਾਲੀ ਕਹੌਂਦੇ ਹਨ। ਰਤਨਾਕਰ ਤੋਂ ਲਾਕੇ ਦਰਿਆ ਬ੍ਰਹਮ ਪੁਤਰ

Digitized by Panjab Digital Library | www.panjabdigilib.org

ਤੱਕ ਦਾ ਦੇਸ ਬੰਗਾਲ ਕਹੌਂਦਾ ਹੈ। ਫਿਰੰਗ-ਸਤਾਨ ਦੇ ਫਰੰਗੀ ਕਹੇ ਜਾਂਦੇ ਹਨ। ਕਲਿੰਗਾਂ ਨੂੰ ਭੀ ਬੰਗਾਲੀ ਕਹਿੰਦੇ ਨੇ ਤਥਾ ਪੂਰਬੀ ਬੰਗਾਲ ਗ੍ਰੰਥ ਮਹਾਂਭਾਰਤ ਦਸਦਾ ਹੈ ਕਿ 'ਅੰਧੇ ਦੀਰਘ ਤਮਾ ਰਿਖੀ' ਦੀ ਅੰਸ ਜੋ ਰਾਜਾ ਬਲਿ ਦੀ ਇਸਤਰੀ ਸਦੇਸ਼ਣਾ ਤੋਂ ਹੋਈ ਸੀ, ਇਨ੍ਹਾਂ ਦੇ ਨਾਮ ਅੰਗ, ਵੰਗ, ਕਾਲਿੰਗ ਸਨ, ਇਸੇ ਤੋਂ ਕੌਮਾਂ ਯਾ ਦੇਸਾਂ ਦੇ ਨਾਮ ਪ੍ਰਸਿੱਧ ਹੋ ਗਏ।

ਦਿਲ ਵਾਲੀ ਭਾਵ ਦਿਲੀ ਦੇ ਵਾਸੀ। ਦਿਲੀ ਇਕ ਪੁਰਾਣਾ ਸ਼ਹਿਰ ਹੈ, ਪਾਂਡਵਾਂ ਵੇਲੇ ਇਸਨੂੰ ਇੰਦਰ ਪ੍ਰਸਥ ਕਿਹਾ ਜਾਂਦਾ ਸੀ, ਜਮਨਾ ਨਦੀ ਦੇ ਕਿਨਾਰੇ ਪਹਿਲਾਂ ਇਹ ਕਿਲ੍ਹਾ ਸੀ। ਮਯੂਰ ਵੰਸੀ ਰਾਜਾ ਦਿਲੂ ਦੇ ਨਾਮ ਪਰ ਦਿਲੀ ਨਾਮ ਹੋ ਗਿਆ। ਵਿਸ਼ਾਲ ਦੇਵ ਰਾਜਪੂਤ ਨੇ ਇਸਨੂੰ ਆਪਣੀ ਰਾਜਧਾਨੀ ਬਣਾਇਆ, ਸੰਨ ੧੧੯੨ ਈ: ਤੋਂ ਮੁਗਲ ਬਾਦਸ਼ਾਹ ਹੋਏ ਸੰਨ ੧੮੫੭ ਦੇ ਗਦਰ ਤੋਂ ਬਾਦ ਅੰਗਰੇਜ਼ਾਂ ਦੀ ਹਕੂਮਤ ਵਿਚ ਹੋ ਗਈ। ਸਿਖਾਂ ਦੇ ਏਥੇ ਕਈ ਧਰਮ ਸਥਾਨ ਹਨ ਜੈਸਾ ਕਿ ਗੁਰਦਵਾਰਾ ਬਾਲਾ ਸਾਹਿਬ, ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਮਜਨੂੰ ਦਾ ਟਿੱਲਾ, ਮਾਤਾ ਸੁੰਦਰ ਕੌਰ ਜੀ ਦਾ ਸਥਾਨ, ਦਮਦਮਾ ਸਾਹਿਬ ਸੀਸ ਗੰਜ, ਰਕਾਬ ਗੰਜ ਆਦਿ।

**ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥੨੫੫॥**

ਰੁਹੇਲ ਖੰਡ ਦੇ ਵਾਸੀ ਰੁਹੇਲੇ, ਇਹ ਯੂ. ਪੀ. ਵਿਚ ਹੈਨ, ਬਿਜਨੌਰ, ਬਰੇਲੀ ਬਦਾਉ ਆਦਿ ਇਸਦੇ ਜ਼ਿਲੇ ਹਨ ਮਘਹੂ ਦੇਸ ਦੇ ਮਘੇਲੇ ਹਨ ਦਸਿਆ ਹੈ ਕਿ ਰੋਧ ਪਹਾੜ ਤੋਂ ਔਣ ਵਾਲੇ ਰੁਹੇਲੇ ਕਹੇ ਗਏ। ਪਠਾਣ ਭੀ ਰੁਹੇਲੇ ਜ਼ਾਤ ਕਰਕੇ ਹਨ। ਰੋਹ, ਪਹਾੜ ਸੁਲੇਮਾਨ ਦਾ ਹਿੱਸਾ ਹੈ।

ਬੁੰਦੇਲੇ

ਕਿਹਾ ਜਾਂਦਾ ਹੈ ਕਿਸੀ ਤਪਸੀ ਰਾਜ ਪੂਤ ਨੇ ਵਿੰਧਯਾਵਾਸਿਨੀ ਦੇਵੀ ਅਗੇ ਸੀਸ ਅਰਪਨ ਕਰ ਦਿਤਾ ਸੀ ਉਸਦੀ ਲਹੂ ਬਿੰਦ ਤੋਂ ਜੋ ਮਾਨੁਖ ਪੈਦਾ ਹੋਇਆ ਉਸੇ ਦਾ ਨਾਮ ਬੁੰਦੇਲਾ ਪੈ ਗਿਆ, ਇਸ ਤੋਂ ਬੁੰਦੇਲੇ ਰਾਜ ਪੂਤ ਚਲ ਪਏ ਵੈਸੇ ਬੁੰਦੇਲ ਖੰਡ ਇਲਾਕੇ ਦੇ ਲੋਕ ਭੀ ਬੁੰਦੇਲ ਕਹੇ ਜਾਂਦੇ ਹਨ ਜਮਨਾ ਅਰ ਚੰਬਲ ਦੇ ਵਿਚਕਾਰ ਦਾ ਇਲਾਕਾ ਬੁੰਦੇਲ ਖੰਡ ਕਿਹਾ ਜਾਂਦਾ ਹੈ॥

**ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ ਤਿੱਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ॥੨੫੫॥**

ਗੋਖਾ ਅਰਥਾਤ ਗੋਰਖੇ ਲੋਕ, ਚੀਨ ਦੇ ਚੀਨੇ, ਮਚੀਨ ਨਾਮ ਕੋਹਚੀਨ ਦਾ ਹੈ। ਤਿੱਬਤ ਦੇ ਵਾਸੀ ਤਿੱਬਤੀ ਆਖੀਦੇ ਹਨ। ਤਿੱਬਤ ਦਾ ਇਲਾਕਾ ਹਿੰਦੁਸਤਾਨ ਦੇ ਉਤਰ ਵਲ ਇਕ ਪਹਾੜੀ ਇਲਾਕੇ ਦਾ ਨਾਮ ਹੈ ਜਿਸਦੇ ਉਤਰ ਪੂਰਬ ਵੱਲ ਚੀਨ ਹੈ ਅਤੇ ਦੱਖਣ ਦੀ ਵੱਲ ਗੋਰਖਿਆਂ ਦੇ ਇਲਾਕੇ ਨੇਪਾਲ ਤੇ ਭੂਟਾਨ ਆਦਿ ਹਨ। ਹਿਮਾਲਾ ਪਹਾੜ ਦੀਆਂ ਹੱਦਾਂ ਵੀ ਇਸਦੇ ਨਾਲ ਲੱਗਦੀਆਂ ਹਨ ਇਸਦੇ ਪੱਛਮ ਵੱਲ ਕਸ਼-ਮੀਰ ਹੈ। ਤਿੱਬਤ ਵਿਚ ਚੀਨੀਆਂ ਦਾ ਰਾਜ ਹੈ। ਰਾਜਧਾਨੀ 'ਲਾਸਾ' ਹੈ। ਮਾਨਸਰੋਵਰ ਝੀਲ ਵੀ ਤਿੱਬਤ ਦੇ ਇਲਾਕੇ

Digitized by Panjab Digital Library | www.panjabdigilib.org

ਵਿਚ ਹੈ। ਲਾਸਾ ਸ਼ਹਿਰ ਵਿਚ ਬੜੇ ਬੜੇ ਬੋਧ ਪਾਦਰੀ ਰਹਿੰਦੇ ਹਨ।

**ਕੇਤੇ ਮਹਾਦੀਨ, ਕੇਤੇ ਬਯਾਸ ਸੇ ਪ੍ਰਬੀਨ, ਕੇਤੇ ਕੁਮੇਰ ਕੁਲੀਨ, ਕੇਤੇ ਜੱਛ ਕਹੀਅਤ ਹੈਂ ॥੨੫੭॥**

ਮਹਾਂਦੀਨ ਸ਼ਬਦ ਇਥੇ ਹਜ਼ਰਤ ਮੁਹੰਮਦ ਔਰ ਇਬਰਾਹੀਮ ਵਾਸਤੇ ਆਇਆ ਹੈ, ਅਰਥਾਤ ਸੰਸਾਰ ਵਿਚ ਇਬਰਾਹੀਮ, ਮੁਹੰਮਦ ਸਾਹਿਬ ਜਿਹੇ ਰਸੂਲ ਅਨੇਕਾਂ ਹੋ ਚੁਕੇ ਹਨ। ਪੰਡਤ ਬਯਾਸ ਦਾ ਜ਼ਿਕਰ ਪਿਛੇ ਆ ਚੁਕਿਆ ਹੈ। ਇਸ ਜੇਹੇ ਵੀ ਹੋਰ ਅਨੇਕਾਂ ਪ੍ਰਬੀਨ ਪੰਡਿਤ ਹੋ ਚੁਕੇ ਹਨ। ਕੁਮੇਰ ਤੋਂ ਭਾਵ ਕੁਬੇਰ ਦੇਵਤਾ ਹੈ। ਕਿਧਰੇ ਕੁਬੇਰ ਨੂੰ ਰਾਵਣ ਦਾ ਮਤਰੇਆ ਭਰਾ ਦਸਿਆ ਹੈ। ਜੱਖ ਅਤੇ ਕਿੰਨਰਾਂ ਦਾ ਰਾਜਾ ਵੀ ਏਹੀ ਹੈ। ਇਸ ਦੇ ਤਿੰਨ ਪੈਰ ਤੇ ਅੱਠ ਦੰਦ ਮੰਨੇ ਹਨ। ਦੇਵਤਿਆਂ ਦਾ ਭੰਡਾਰੀ ਵੀ ਏਹੀ ਹੈ। ਇਸ ਦੇ ਪਿਤਾ ਦਾ ਨਾਮ ਵਿਸ਼ਰਵਾ ਅਤੇ ਮਾਤਾ ਦਾ ਨਾਮ ਇਲਵਿਲਾ ਲਿਖਿਆ ਹੈ।

ਜੱਛ ਗੰਧ੍ਰਬਾਂ ਦਾ ਜ਼ਿਕਰ ਪਹਿਲੇ ਭਾਗ ਵਿਚ ਕਾਫੀ ਹੈ।

**ਹਿੰਗਲਾ ਹਿਮਾਲੈ ਗਾਵੈ ਹਲਬੀ ਹਲਬੀ ਧੁਜਾਵੈ, ਪੂਰਬੀ ਨ ਪਾਰ ਪਾਵੈ ਆਸਾ ਤੇ ਅਨਾਸ ਹੈ॥**

ਹਿਮਾਲਾ ਪਰਬਤ ਵਿਖੇ ਹਿੰਗਲਾ ਦੇਵੀ ਦੇ ਉਪਾਸ਼ਕਾਂ ਤਥਾ ਹਿਮਾਲਾ ਦੇ ਵਾਸੀਆਂ ਤੋਂ ਭਾਵ ਹੈ। ਸ਼ਾਮ ਦੇਸ ਵਿਚ ਹਲਬ ਇਕ ਸ਼ਹਿਰ ਦਾ ਨਾਉਂ ਹੈ। ਇਸ ਦੇ ਇਰਦ ਗਿਰਦ ਦੇ ਵਾਸੀ ਹਲਬੀ ਕਹੌਂਦੇ ਹਨ। ਹਲਬ ਨੂੰ ਹਲਬਾਨੇਰ ਵੀ ਕਿਹਾ ਜਾਂਦਾ ਹੈ। ਪੂਰਬੀ=ਪੂਰਬੀ ਦੇਸ।

**ਛੀਰ ਕੈਸੀ ਛੀਰਾ ਨਿਧਿ॥੨੬੩॥**

ਇਸ ਤੋਂ ਅਗਲੇ ਛੰਤ ਆਪਣੇ ਤਰਜ਼ ਦੇ ਅੱਡਰੇ ਹਨ, ਅਗੇ ਸ਼ਹਿਰਾਂ ਦੇ ਰੰਗ ਢੰਗ ਦੱਸੇ ਹਨ, ਇਹ ਕਵਿਤਾ ਦੇ ਚਮਤਕਾਰ ਹਨ, ਕਠਨ ਸ਼ਬਦ ਅਗੇ ਲਿਖੇ ਹਨ—

ਖੀਰ=ਰਿਟੀ। ਛੀਰਾ ਦਧਿ=ਖੀਰ ਸਮੁੰਦਰ। ਛਾਛ=ਲੱਸੀ ਰੰਗੀ। ਛਪਾਕਰ=ਚੰਦ੍ਰਮਾਂ। ਛਬ=ਸ਼ੋਭਾ। ਇੰਦ੍ਰੀ=ਨਦੀ ਜਮਨਾ। ਕੂਲ=ਕਿਨਾਰਾ। ਹੰਸ=ਉੱਜਲ ਹੰਸ ਸਮਾਨ। ਤੂਲ=ਟੱਪਕੇ। ਝੂਲ=ਪ੍ਰਕਾਸ਼। ਚੰਪੇ=ਚੰਬਾ ਫੁਲ। ਹਿਮਾ=ਬਰਫ। ਹਰ=ਸ਼ਿਵ ਜਾਂ ਮੋਤੀ। ਜੌਨ=ਸੋਭਾ। ਬਕਾਨ=ਬਗਲੇ ਜਨੌਰ। ਕਾਮ ਰੂਪ=ਕਾਮਰੂ ਦੇਸ। ਇਸ ਵਿਚ ਸ਼ਹਿਰਾਂ ਦੇ ਨਾਮ ਹਨ, ਅਕਸਰ ਇਹ ਵਡੇ ਵਡੇ ਸ਼ਹਿਰ ਗਿਣੇ ਹਨ।

**ਛੀਰ ਕੈਸੀ ਛੀਰਾਵਧ ਛਾਛ ਕੈਸੀ ਛਤ੍ਰਾਨੇਰ ਛਪਾਕਰ ਕੈਸੀ ਛਬਿ ਕਾਲਿੰਦ੍ਰੀ ਕੇ ਕੂਲ ਕੇ ॥੨੬੪॥**

ਛੀਰ (ਦੁਧ) ਤੇ ਛੀਰਾਵਧ ਤੋਂ ਭਾਵ ਦੁਧ ਦੇ ਸਮੁੰਦਰ ਤੋਂ ਹੈ। ਪੁਰਾਣੇ (ਹਿੰਦੂ) ਗ੍ਰੰਥਾਂ ਵਿਚ ਦੁਧ, ਖੀਰ, ਘ੍ਰਿਤ ਦਹੀਂ ਆਦਿ ਪਦਾਰਥਾਂ ਦੇ ਸਮੁੰਦਰ ਮੰਨੇ ਜਾਂਦੇ ਹਨ। ਛਤ੍ਰਾਨੇਰ ਇਲਾਕਾ ਬੁੰਦੇਲਖੰਡ ਵਿਚ ਇਕ ਸ਼ਹਿਰ ਦਾ ਨਾਉਂ ਹੈ। ਅਜਕਲ ਇਸਨੂੰ ਛੱਤ੍ਰਪੁਰ ਕਹਿੰਦੇ ਹਨ। 'ਛਪਾਕਰ'

Digitized by Panjab Digital Library | www.panjabdigilib.org

ਤੋਂ ਮਤਲਬ ਛੁਪਿਆ ਹੋਇਆ ਚੰਦ੍ਰਮਾ ਹੈ ਭਾਵ ਪਤਲੇ ਬਦਲਾਂ ਵਿਚ ਛੁਪੇ ਹੋਏ ਚੰਦ੍ਰਮਾ ਦੀ ਕਿਰਨਾਂ ਦਾ ਪ੍ਰਕਾਸ਼ ਅਨੰਦਮਯ ਨਜ਼ਾਰਾ ਹੁੰਦਾ ਹੈ। ਕਾਲਿੰਦਰੀ ਦੇ ਅਰਥ ਜਮਨਾ ਨਦੀ ਹੈਨ। ਕਾਲਿੰਦੀ ਪਹਾੜ ਵਿਚੋਂ ਨਿਕਲਣ ਕਰਕੇ ਇਸਦਾ ਨਾਉਂ ਕਾਲਿੰਦ੍ਰੀ ਪਿਆ ਹੈ। ਕਾਲਿੰਦ ਨਾਮ ਸੂਰਜ ਦਾ ਹੈ। ਪੁਰਾਣਾ ਵਿਚ ਜਮਨਾ ਨੂੰ ਸੂਰਜ ਦੀ ਪੁਤਰੀ ਦਸਿਆ ਹੈ।

**ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ ਗੰਗਾ ਕੀ ਸੀ ਧਾਰ ਚਾਲੀ ਸਾਤੋ ਸਿੰਧ ਰੂਲ ਕੇ॥**

ਹੰਸਨੀ ਤੋਂ ਭਾਵ ਹੰਸ ਦੀ ਮਦੀਨ ਹੈ। 'ਸੀਹਾ' ਸ਼ੀਹਣੀ (ਸ਼ੇਰਨੀ)। ਰੂਮ ਇਕ ਪੁਰਾਤਨ ਦੇਸ਼ ਹੈ। ਇਸ ਦੀ ਰਾਜਧਾਨੀ ਕੁਸਤੁਨਤੁਨੀਆਂ ਹੈ। ਰੋਮ ਇਕ ਸ਼ਹਿਰ ਦਾ ਨਾਮ ਵੀ ਹੈ, ਜੋ ਇਟਲੀ ਵਿਚ ਪਰਧਾਨ ਨਗਰ ਹੈ। ਇਸੇ ਵਿਚ ਰੋਮਨ ਕੈਥੋਲਿਕ ਚਰਚ ਦਾ ਪਰਧਾਨ ਤਥਾ 'ਪੋਪ' ਰਹਿੰਦਾ ਹੈ। ਇਹ ਬਹੁਤ ਪੁਰਾਣਾ ਸ਼ਹਿਰ ਹੈ। ਹੁਸੈਨਾ ਬਾਦ ਜ਼ਿਲਾ ਗਯਾ ਵਿਖੇ ਇਕ ਪਰਸਿਧ ਸ਼ਹਿਰ ਹੈ, ਇਹ ਬਿਹਾਰ ਦੇ ਸੂਬੇ ਵਿਚ ਹੈ। ਸਤੋ ਸਿੰਧ ਤੋਂ ਭਾਵ ਸਤ ਸਮੁੰਦ੍ਰ। ਖੀਰ-ਦੁਧ ਸਮੁੰਦ੍ਰ ਆਦਿ।

**ਪਾਰਾ ਸੀ ਪਲਾਊਗਢ ਰੂਪਾ ਕੈਸੀ ਰਾਮਪੁਰ ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੇ॥ ੨੬੪॥**

ਛੋਟੇ ਨਾਲ ਦੇ ਇਲਾਕੇ ਵਿਚ ਪਲਾਊਗੜ ਇਕ ਪ੍ਰਸਿਧ ਸ਼ਹਿਰ ਤੇ ਜ਼ਿਲਾ ਹੈ। ਇਸ ਦੇ ਇਰਦੇ ਗਿਰਦੇ ਪਹਾੜ ਹਨ, ਜਿਸ ਕਰਕੇ ਇਸਨੂੰ ਪਨਾਹ ਦੀ ਥਾਂ ਤਥਾ ਕਿਲਾ ਮੰਨਿਆਂ ਗਿਆ ਹੈ। ਰਾਮ ਪੁਰ ਇਲਾਕਾ ਰੋਹੇਲ ਖੰਡ ਵਿਚ ਇਕ ਰਿਆਸਤ ਹੈ। ਰਾਜਧਾਨੀ ਵੀ ਇਸੇ ਨਾਮ ਦੇ ਸ਼ਹਿਰ ਵਿਚ ਹੈ। ਮੱਧ ਭਾਰਤ (ਸੀ. ਪੀ.) ਦੇ ਇਲਾਕੇ ਵਿਚ ਸੁਰੰਗਾਬਾਦ ਯਾ ਸਾਰੰਗ ਪੁਰਾ ਇਕ ਸ਼ਹਿਰ ਹੈ। 'ਪਾਰਸੀ ਸੋਰਾ ਸੀ, ਰੂਪਾ (ਚਾਂਦੀ, ਧਾਂਤ ਵਤ ਚਮਕੀਲੀ।' ਇਹ ਕੇਵਲ ਕਵਿਤਾ ਕਟਾਖਸ਼ ਹਨ।

**ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜ੍ਹ, ਕੀਰਤ ਤਿਹਾਰੀ ਰਹੀ ਮਾਲਤੀ ਸੀ ਫੂਲ ਕੇ॥**

ਚੰਪਾ ਯਾ ਚੰਪਕ ਚੰਬੇ ਦੇ ਬੂਟੇ ਨੂੰ ਕਹਿੰਦੇ ਹਨ, ਜੋ ਬੜਾ ਸੁਗੰਧੀ ਵਾਲਾ ਹੁੰਦਾ ਹੈ। ਹਿੰਦੂ ਲੋਕ ਇਸਦੇ ਫੁਲ ਦੇਵਤਿਆਂ ਨੂੰ ਚੜ੍ਹਾਣੇ ਸ੍ਰੇਸ਼ਟ ਮੰਨਦੇ ਹਨ। ਚੰਪਾ ਇਕ ਸ਼ਹਿਰ ਵੀ ਹੈ, ਜੋ ਅੰਗ ਦੇਸ਼ ਦੀ ਰਾਜਧਾਨੀ ਹੈ ਜੋ ਕਿ ਭਾਗਲਪੁਰ ਦੇ ਨੇੜੇ ਹੀ ਹੈ। ਇਸਨੂੰ ਚੰਪਾਵਤੀ ਵੀ ਕਹਿੰਦੇ ਹਨ। ਚੰਦੇਰੀ ਮੱਧ ਭਾਰਤ ਵਿਚ ਜ਼ਿਲਾ ਲਲਿਤ ਪੁਤ ਦਾ ਇਕ ਪੁਰਾਣਾ ਸ਼ਹਿਰ ਹੈ। ਇਸ ਨੂ ਚੰਦ੍ਰਵਤੀ ਵੀ ਕਹਿੰਦੇ ਹਨ। ਕਿਸੇ ਸਮੇਂ ਰਾਜਾ ਸ਼ਿਸ਼ੂਪਾਲ ਦੀ ਰਾਜਧਾਨੀ ਵੀ ਇਥੇ ਸੀ। ਚਾਂਦਾਗੜ੍ਹ (ਸੀ.ਪੀ.) ਵਿਖੇ ਸੀ, ਇਹ ਪੁਰਾਣਾ ਸ਼ਹਿਰ ਹੈ। ਪਹਿਲੋਂ ਇਸ ਦਾ ਨਾਉਂ ਚੰਦਰ ਪੁਰ ਸੀ।

**ਫਟਕ ਸੀ ਕੈਲਾਸ ਔ ਕਮਾਊ ਗੜ ਕਾਂਸ਼ੀਪੁਰ, ਸੀਸਾ ਸੀ ਸੁਰੰਗਾ ਬਾਦ ਨੀਕੇ ਸੋਹੀਅਤ ਹੈ॥੨੬੫॥**

ਕੈਲਾਸ਼ ਪਰਬਤ ਦਾ ਜ਼ਿਕਰ ਪਿਛੇ

Digitized by Panjab Digital Library | www.panjabdigilib.org

ਆ ਚੁਕਾ ਹੈ। ਕਮਾਊ ਗੜ੍ਹ ਨਾਮ ਦਾ ਇਕ ਕਿਲਾ ਹੈ, ਜੋ 'ਕਾਮ ਰੂਪ' ਇਲਾਕੇ ਦੀ ਰਾਜਧਾਨੀ ਹੈ। ਕਾਮ ਰੂਪ ਪੂਰਬੀ ਬੰਗਾਲੀ ਯਾ ਭੂਟਾਨ ਦੀ ਹੱਦ ਪਰ ਆਸਾਮ ਦੇ ਸੂਬੇ ਵਿਚ ਇਕ ਜ਼ਿਲਾ ਹੈ। ਜਨਮ ਸਾਖੀ ਵਿਚ ਇਸ ਦੇਸ਼ ਦਾ ਜ਼ਿਕਰ ਕਈ ਥਾਂਈਂ ਔਂਦਾ ਹੈ। ਇਥੇ ਦੀਆਂ ਇਸਤ੍ਰੀਆਂ ਮੰਤ੍ਰਾਂ ਯੰਤ੍ਰਾਂ ਲਈ ਪ੍ਰਸਿਧ ਦਸੀਆਂ ਹਨ। ਗੁਹਾਟੀ ਬੜਾ ਪ੍ਰਸਿਧ ਸਥਾਨ ਹੈ। ਇਥੇ ਕਾਮਖ੍ਯਾ ਦੇਵੀ ਦਾ ਇਕ ਪ੍ਰਸਿੱਧ ਮੰਦਰ ਹੈ, ਜੋ ਗੋਹਾਟੀ ਸ਼ਹਿਰ ਦੇ ਨਜ਼ਦੀਕ ਹੈ। ਏਥੇ ਸਤੀ ਦੀ ਭਗ ਦੀ ਪੂਜਾ ਹੁੰਦੀ ਹੈ। ਕਾਂਸ਼ੀ ਪੁਰ ਇਲਾਕਾ ਸੀ. ਪੀ. ਦੀ ਰਿਆਸਤ ਕਰੌਂਦ ਵਿਚ ਇਕ ਸ਼ਹਿਰ ਹੈ।

## ਹਿਮਾ ਸੀ ਹਿਮਾਲੇ ਹਰਹਾਰ ਸੀ ਹਲਬਾਨੇਰ, ਹੰਸਕੇ ਸੀ ਹਾਜੀ ਪੁਰ ਦੇਖੇ ਮੋਹੀਅਤ ਹੈ ॥੨੬੫॥

ਹਰਹਾਰ ਦੇ ਅਰਥ ਸ਼ਿਵ ਜੀ ਦਾ ਹਾਰ ਹੈਨ। ਪੁਰਾਣਾ ਵਿਚ ਦਸਿਆ ਹੈ, ਕਿ ਸ਼ਿਵ ਜੀ ਦੇ ਗਲ ਵਿਚ ਚਿੱਟੇ ਸੱਪ ਦਾ ਹਾਰ ਹੈ। ਹਲ ਬਾਨੇਰ (ਹਲਬ) ਦਾ ਜ਼ਿਕਰ ਪਿਛੇ ਆ ਚੁਕਾ ਹੈ।

ਬਿਹਾਰ ਦੇ ਇਲਾਕੇ ਵਿਚ ਹਾਜੀਪੁਰ ਮੁਜ਼ੱਫ਼ਰ ਪੁਰ ਜ਼ਿਲੇ ਵਿਖੇ ਇਕ ਪ੍ਰਸਿੱਧ ਨੱਗਰ ਹੈ।

## ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾਗਿਰਿ, ਚਾਂਦਨੀ ਸੀ ਚਾਂਦਾ ਗੜ੍ਹ ਜੋਨ ਜੋਹੀਅਤ ਹੈ ॥੨੬੫॥

ਜੈ ਪੁਰ ਦੀ ਰਿਆਸਤ ਵਿਖੇ ਚੰਪਾਵਤੀ (ਚਾਤਸੁਨਗਰ) ਇਕ ਪੁਰਾਣਾ ਸ਼ਹਿਰ ਹੈ। ਚੰਦ੍ਰਾਗਿਰਿ (ਚੰਦ੍ਰਗਿਰਿ) ਨਾਮੀ ਨੇਪਾਲ ਦੇ ਇਲਾਕੇ ਵਿਚ ਇਕ ਪਹਾੜ ਹੈ। ਚਾਂਦਾਗੜ੍ਹ ਦਾ ਹਾਲ ਪਿਛੇ ਆ ਚੁਕਾ ਹੈ।

## ਗੰਗਾ ਸਮ ਗੰਗਧਾਰ ਬਕਾਨ ਸੀ ਬਿਲੰਦਾਵਾਦ, ਕੀਰਤਿ ਤਿਹਾਰੀ ਸ੍ਰੀ ਉਜਿਆਰੀ ਸੋਹੀਅਤ ਹੈ ॥੨੬੫॥

ਗੰਗਾ ਭਾਰਤ ਦੀ ਇਕ ਪ੍ਰਸਿੱਧ ਨਦੀ ਹੈ। ਇਸ ਵਿਚ ਬਹੁਤ ਸਾਰੀ ਛੋਟੀ ੨ ਨਦੀਆਂ ਨਾਲੇ ਹੋਰ ਵੀ ਆਕੇ ਮਿਲਦੇ ਹੈਨ। ਪੁਰਾਣਾ ਵਿਚ ਗੰਗਾ ਸਬੰਧੀ ਬਹੁਤ ਸਾਰੀਆਂ ਕਥਾਂ ਹਨ, ਜਿਹਾ ਕਿ ਕਈ ਥਾਂ ਬਾਵਨ ਭਗਵਾਨ ਦੇ ਪੈਰਾਂ ਦਾ ਜਲ ਲਿਖਿਆ ਹੈ। ਜਦ ਬਾਵਨ ਦਾ ਪੈਰ ਬ੍ਰਹਮ ਲੋਕ ਵਿਚ ਟਿਕਿਆ ਸੀ ਤਾਂ ਬ੍ਰਹਮਾ ਜੀ ਨੇ ਜਲ ਨਾਲ ਚਰਨ ਧੋਕੇ ਪਾਣੀ ਕਰਮੰਡਲ ਵਿਚ ਪਾ ਲਿਆ ਅਤੇ ਭਾਗੀਰਥ ਦੇ ਤਪ ਕਰਨੇ ਪਰ ਉਹੀ ਜਲ ਬ੍ਰਹਮ ਲੋਕ ਤੋਂ ਸ਼ਿਵ ਜੀ ਦੀਆਂ ਜਟਾਂ ਤਾਂਈ ਭਾਰਤ ਵਿਚ ਆਇਆ ਜੋ ਗੰਗਾ ਕਹਾਈ। ਕਈ ਥਾਂ ਗੰਗਾ ਨੂੰ ਰਾਜਾ ਸ਼ਾਂਨਤਨ ਦੀ ਇਸਤ੍ਰੀ ਲਿਖਿਆ ਹੈ ਜਿਸ ਤੋਂ ਭੀਸ਼ਮ ਪੈਦਾ ਹੋਯਾ ਤਦੇ ਉਸਦਾ ਨਾਮ ਗਾਂਗੇਯ (ਗੰਗੇਵਪਿਤਾਮਾ) ਲਿਆ ਜਾਂਦਾ ਹੈ। ਬਾਲਮੀਕੀ ਰਾਮਾਇਣ ਦਾ ਕਥਨ ਹੈ ਕਿ ਹਿਮਾਲਾ ਪਹਾੜ ਦੇ ਘਰ ਕੁਮੇਰ ਦੀ ਲੜਕੀ ਮੇਣਕਾ ਦੇ ਪੇਟੋਂ ਉਮਾ ਤੇ ਗੰਗਾ ਦੋਵੇਂ ਪੈਦਾ ਹੋਈਆਂ। ਭਾਵੇਂ ਗੰਗਾਧਾਰ ਦੇ ਅਰਥ ਗੰਗਾ ਦੀ ਧਾਰਾ ਵੀ ਹੈ ਪਰੰਤੂ ਇਥੇ ਰਾਜਪੂਤਾਨੇ ਵਿਚ ਰਿਆਸਤ ਝਾਲਾਬਾਰ ਦੇ ਇਕ ਸ਼ਹਿਰ ਤੋਂ ਭਾਵ ਹੈ। ਬਕਾਨ (ਬਕ ਦਾ ਬਹੁ ਵਚਨ) ਭਾਵ ਬਗਲੇ ਬਿਲੰਦਾਵਾਦ ਯਾ ਬੁਲੰਦ ਸ਼ਹਿਰ ਸੰਮਿਲਤ ਸੂਬੇ ਵਿਖੇ

Digitized by Panjab Digital Library | www.panjabdigilib.org

ਤਥਾ ਮੇਰਠ ਦੇ ਇਲਾਕੇ ਵਿਖੇ ਈ. ਆਈ. ਰੇਲਵੇ ਦਾ ਸਟੇਸ਼ਨ ਵੀ ਹੈ।

**ਫਰਾਂਸੀ ਫਿਰੰਗੀ ਫਰਾਸੀਸ ਕੇ ਦੁਰੰਗੀ, ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤ ਹੈ॥੨੬੬॥**

ਫਰਾਂਸ ਦੇਸ ਯੂਰਪ ਵਿਖੇ ਹੈ, ਫਰਾਂਸੀ ਤੋਂ ਭਾਵ ਫਰਾਂਸ ਦਾ ਵਾਸੀ ਹੈ ਤਥਾ ਫਰੈਂਚ ਨਪੋਲੀਅਨ ਬਹਾਦਰ ਏਸੇ ਦੇਸ ਦਾ ਸੀ। ਫਰਾਂਸ ਯੂਰਪ ਦੇ ਪੱਛਮ ਵਲ ਹੈ, ਨਪੋਲੀਅਨ ਤੀਜੇ ਦੀ ਹਕੂਮਤ ੧੮੭੦ ਈਸਵੀ ਵਿਚ ਖਤਮ ਹੋਈ, ਹੁਣ ਉਥੇ ਜਮਹੂਰੀ ਸਲਤਨਤ ਹੈ ਇਥੋਂ ਦੀ ਰਾਜਧਨੀ 'ਪੈਰਸ' ਹੈ, ਫਰਾਂਸ ਦੇ ਗਿਰਦੇ ਜਰਮਨੀ, ਬੈਲਜੀਯਮ, ਇੰਗਲਿਸ਼ ਚੈਨਲ ਆਦਿ ਇਲਾਕੇ ਹਨ, ਪੱਛਮ ਵਲ ਇਟਲਾਂਟਕ ਸਮੁੰਦਰ ਹੈ।

ਫਰਾਂਸੀਸੀ ੧੬੬੪ ਵਿਚ ਹਿੰਦੁਸਤਾਨ ਵਿਚ ਆਏ, ਇਨਾਂ ਦੇ ਕਬਜ਼ੇ ਵਿਚ ਪਾਂਡੀਚਰੀ, ਚੰਦਰ ਨਗਰ ਆਦਿ ਹੁਣ ਵੀ ਹਨ। 'ਫਿਰੰਗੀ' ਤੋਂ ਮੰਤਵ ਫਿਰੰਗ ਦੇਸ਼ ਦੇ ਵਾਸੀ ਦਾ ਹੈ। ਹਿੰਦੁਸਤਾਨ ਵਿਚ ਇਨਾਂ ਨੂੰ ਫਿਰੰਗੀ ਨਾਮ ਸੇ ਕਹਿੰਦੇ ਸੀ, ਹੁਣ ਵੀ ਯੂਰਪੀਨਾਂ ਲਈ ਫਿਰੰਗੀ ਸ਼ਬਦ ਪ੍ਰਚਲਤ ਹੈ। ਤਥਾ ਫਿਰੰਗਸਤਾਨੀ ਹਿੰਦੀ ਲੋਕ ਪੁਰਤਗਾਲੀਆਂ ਨੂੰ ਭੀ ਫਿਰੰਗੀ ਕਹਿੰਦੇ ਸੀ। 'ਫਰਾਂਕ' ਨਾਮੀ ਜੱਥਾ ਜੋ ਜਰਮਨੀ ਤੋਂ ਚੱਲ ਕੇ ਫਰਾਂਸ ਵਿਚ ਫੈਲਿਆ, ਇਹ ਭੀ ਫਿਰੰਗੀ ਕਹਾਏ।

ਮਕਰਾਨ ਇਲਾਕਾ ਬਲੋਚਸਤਾਨ ਦੇ ਉਪਰ ਹੈ, ਤਥਾ ਦੇਸ ਈਰਾਨ, ਪੁਨਾ ਬਲੋਚਸਤਾਨ ਦੀ ਰਿਆਸਤ ਕਲਾਤ ਦੇ ਪਾਸ ਦਾ ਇਲਾਕਾ ਮਕਰਾਨ ਹੈ, ਏਥੇ ਮਕਰ ਜ਼ਾਤ ਵਸਦੀ ਹੈ।

**ਭੱਖਰੀ ਕੰਧਾਰੀ ਗੋਰ ਗੱਖਰੀ ਗਰਦੇਜਾ ਚਾਰੀ, ਪੌਨ ਕੇ ਅਹਾਰੀ ਤੇਰੋ ਨਾਮ ਧਯਾਈਅਤ ਹੈ॥**

ਭੱਖਰੀ ਦੇ ਅਰਥ 'ਭੱਖਰ' ਦੇਸ਼ ਦੇ ਵਸਨੀਕ ਹਨ। ਭੱਖਰ ਇਲਾਕਾ ਸਿੰਧ ਦੇ ਜ਼ਿਲਾ ਸੱਖਰ ਦਾ ਇਕ ਹਿੱਸਾ ਹੈ। ਏਥੇ ਇਕ ਕਿਲਾ ਵੀ ਮਸ਼ਹੂਰ ਹੈ। ਕੰਧਾਰੀ ਤੋਂ ਭਾਵ ਕੰਧਾਰ ਦੇ ਵਾਸੀਆਂ ਤੋਂ ਹੈ। ਗੋਰ ਤੇ ਗਰਦੇਜਾ ਚਾਰੀ (ਗਰਦੇਜੀ) ਦਾ ਹਾਲ ਪਿਛੇ ਆ ਚੁਕਾ ਹੈ। ਮੁਸਲਮਾਨ ਰਾਜਪੂਤਾਂ ਦੀ ਇਕ ਜ਼ਾਤ ਦਾ ਨਾਉਂ ਹੈ, ਜੋ ਅਕਸਰ ਜੇਹਲਮ ਦੇ ਆਸ ਪਾਸ ਰਹਿੰਦੇ ਹਨ।

ਗੱਖਰੀ ਯਾਂ ਗੱਕਰੀ 'ਕਕਾ' ਨਿਵਾਸੀ ਕਸ਼ਮੀਰੀ ਹਨ। ਸੰਸਾਰ ਦੀ ਵਾਕਫੀ ਦਾ ਸਬੂਤ ਭੀ ਇਸ ਕਵਿਤਾ ਤੋਂ ਪਾਇਆ ਜਾਂਦਾ ਹੈ।

**ਪੂਰਬ ਪਲਾਊ ਕਾਮ ਰੂਪ ਔ ਕਮਾਊ, ਸਰਬ ਠੌਰ ਮੈ ਬਿਰਾਜੈ ਜਹਾਂ ਜਹਾਂ ਜਾਈਅਤ ਹੈ॥੨੬੬॥**

ਪੂਰਬ, ਪਲਾਊ, ਕਾਮ ਰੂਪ ਦਾ ਜ਼ਿਕਰ ਪਿਛੇ ਆ ਚੁਕਾ ਹੈ। ਕਮਾਊ ਵੀ ਕਾਮ ਰੂਪ ਦੇਸ਼ ਦਾ ਹੀ ਦੂਜਾ ਨਾਉਂ ਹੈ। ਇਹ ਇਲਾਕਾ ਆਸਾਮ ਦੇਸ਼ ਦੇ ਪੱਛਮ ਵੱਲ ਹੈ। ਕਈ ਬੰਗਾਲ ਦੇ ਪੂਰਬ ਉਤਰ ਦੇ ਹਿੱਸੇ ਨੂੰ ਵੀ ਕਾਮਰੂਪ (ਕਮਾਊ) ਕਹਿੰਦੇ ਹਨ। ਇਸ ਦੀ ਰਾਜਧਾਨੀ ਕਮਾਊ ਗੱਢ ਹੈ।

Digitized by Panjab Digital Library | www.panjabdigilib.org

ਨੋਟ—ਅਗੇ ਇਸ ਰਚਨਾ ਦੇ ਅੰਤ ਪਰ 'ਅਦ੍ਵੈ ਅਨਾਸ' ਪਾਧੜੀ ਛੰਦ ਵਿਖੇ 'ਚੱਕ੍ਰ ਚਿਹਨ ਰਹਿਤ' ਅਕਾਲ ਉਪਾਸ਼ਨਾਂ ਤੋਂ ਉਲਟ ਮਹਾਂਕਾਲ ਯਾਂ ਸ਼ਾਂਤ ਸੁੰਦਰ ਸਰੂਪਾਂ ਦਾ ਜ਼ਿਕਰ ਹੈ।

## ਤ੍ਵਪ੍ਰਸਾਦਿ ਪਾਧੜੀ ਛੰਦ ॥੨੬੭॥

ਇਹ ਛੰਦ ਅਦ੍ਵੈ ਅਨਾਸ ਤੋਂ ਆਰੰਭ ਹੁੰਦਾ ਹੈ ਕਠਨ ਪਦ ਅਗੇ ਦਰਜ ਹਨ—

ਅਦ੍ਵੈਤ=ਦ੍ਵੈਤਾ ਰਹਿਤ। ਅਸਤ=ਇਸਥਿਤ। ਅਵਯਕਤਿ=ਸਰੀਰ ਰਹਿਤ ਯਾਂ ਸੂਖਮ ਸਰੀਰ। ਆਜਾਨ ਬਾਹੁ=ਬਾਹਾਂ ਲੰਬੀਆਂ ਗੋਡਿਆਂ ਤੀਕ (ਵਿਸ਼ਨ ਰੂਪ ਅਵਤਾਰਾਂ ਦੀਆਂ ਬਾਹਾਂ ਗੋਡਿਆਂ ਤੋਂ ਨੀਵੀਆਂ ਦਸੀਦੀਆਂ ਹਨ)। ਪ੍ਰਫੂਲ=ਫੈਲ ਰਹੀ। ਦਰੰਤ=ਬੇਅੰਤ। ਬਨ ਤਨ=ਬਨਾਉਟ। ਖਗ=ਪੰਛੀ। "ਫੁਲੰਤ ਪ੍ਰਫੁਲ" ਪੰਗਤੀ ਦਾ ਭਾਵ ਹੈ, ਪ੍ਰਫੁਲਤ ਔਰ ਚੰਗੇ ਫਲ ਵਾਂਗ ਲਹਿਲਹਾਉਂਦਾ ਹੈ। ਸਿਰ ਪਰ ਮੋਰ ਦੇ ਖੰਭ ਵਾਂਗਰ ਕਲਗੀ ਹੈ, ਜਾਣੋਂ ਸੀਸ ਪਰ ਕਾਮ ਦੇਵ ਚੌਰ ਝੁਲਾ ਰਿਹਾ ਹੈ। ਕਮਾਲ ਸ਼ਕਤੀ ਵਾਲਾ ਰਿਜ਼ਕ ਦਾਤਾ (ਰਜੋ ਗੁਣੀ ਵਿਸ਼ਨੂੰ) ਕ੍ਰਿਪਾ ਦਾ ਭੰਡਾਰਾ ਆਦਿ। ਜਿਥੇ ਵੇਖੀਦਾ ਹੈ ਚੰਗੀ ਸ਼ੋਭਦਾ ਹੈ ਵਿਸ਼ਨੂੰ ਜੀ ਦੀਆਂ ਗੋਡਿਆਂ ਤੀਕਰ ਬਾਹਾਂ ਹਨ। ਆਦਿ ਆਦਿ—

ਰੋਸੁ=ਗੁਸਾ। ਅੰਬਰ=ਅਕਾਸ਼। ਇਤਿਆਦਿ ਗੁਣਾਂ ਯਾ ਚੱਕ੍ਰਾਂ ਚਿਹਨਾਂ ਵਾਲਾ ਪ੍ਰਭੂ। ਵਿਸ਼ਨੂੰ ਹੀ ਕਿਹਾ ਜਾ ਸਕਦਾ ਹੈ।

## ਸਾਤੇ ਅਕਾਸ ਸਾਤੇ ਪਾਤਾਲ

ਸੱਤ ਪਤਾਲ, ਸੱਤ ਅਕਾਸ ਨੀਯਤ ਕਰਨੇ ਗੁਰਮਤ ਸਿਧਾਂਤ ਨਹੀਂ ਹੈ, ਗੁਰਮਤ ਸਿਧਾਂਤ ਨੇ 'ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ' ਪ੍ਰਗਟਾਏ ਹਨ, ਉਕਤ ਛੰਤ ਸੰਪੂਰਨ ਨਹੀਂ ਲਿਖਿਆ ਹੋਇਆ ਤਦੇ ਇਸਦਾ ਅੰਕ ਨਹੀਂ ਲਿਖਿਆ ਗਿਆ ਨਾ ਹੀ ਇਹ ਅਕਾਲ ਉਸਤਤ ਦਾ ਅੰਗ ਹੈ। ਬੀੜਾਂ ਵਿਚ ਅਕਾਲ ਉਸਤਤ ॥੫॥੨੭੧॥ ਅੰਕ ਪਰ ਸੰਪੂਰਨ ਕੀਤੀ ਹੈ।

॥ ਅਕਾਲ ਉਸਤਤ ਸਮਾਪਤ ॥

# ਅਥ ਬਚਿਤ੍ਰ ਨਾਟਕ

## ਗ੍ਰੰਥ ਲਿਖ੍ਯਤੇ

ਦਸਮ ਗ੍ਰੰਥ ਵਿਖੇ ਇਹੋ ਵਡਾ ਭੁਲੇਖਾ ਪਾਇਆ ਗਿਆ ਹੈ ਕਿ ਹਰ ਇਕ ਲੇਖ ਪਰ 'ਸ੍ਰੀ ਮੁਖ ਵਾਕ ਪਾਤਸ਼ਾਹੀ ੧੦' ਲਿਖਿਆ ਗਿਆ ਹੈ। ਜਿਸ ਕਾਰਨ ਸ਼ੰਕਾ ਜਾਂ ਵਿਚਾਰ ਕਰਨ ਵਲੋਂ ਸੰਕੋਚ ਹੁੰਦਾ ਹੈ, ਪਰ 'ਸ੍ਰੀ ਮੁਖ ਵਾਕ' ਸ਼ਬਦ ਸੁਰਖੀਆਂ ਲਿਖਾਰੀਆਂ ਵਲੋਂ ਹੈਨ, ਸਤਿਗੁਰੂ ਜੀ ਨੇ ਆਪ ਲਈ ਸ੍ਰੀ ਮੁਖ ਵਾਕ ਸ਼ਬਦ ਖ਼ੁਦ ਨਹੀਂ ਵਰਤਿਆ। ਨੌਆਂ ਗੁਰੂ ਸਾਹਿਬਾਨ ਨੇ ਭੀ 'ਮਹਲਾ' ਸ਼ਬਦ ਵਰਤਿਆ ਹੈ, ਭਾਵੇਂ ਮਹਲਾ ਯਾ ਪਾਤਸ਼ਾਹੀ ਬਾਤ ਇਕੋ ਹੀ ਹੈ ਪਰ 'ਸ੍ਰੀ ਮੁਖ ਵਾਕ' ਅਤਰੇ ਸਿਧਾਂਤ ਦੀ ਪੰਗਤੀ ਹੈ। ਦਸਮ ਗ੍ਰੰਥ ਵਿਚ ਜਿਥੇ ਭੀ ਪ੍ਰਸੰਗ ਚਲਾਇਆ ਹੈ 'ਸ੍ਰੀ ਭਗੌਤੀ ਜੀ ਸਹਾਇ' ਅਰਥਾਤ ਦੇਵੀ ਦਾ ਮੰਗਲਾ ਚਰਨ ਦਿਤਾ ਹੈ। ਪਰੰਤੂ ਗੁਰਬਾਣੀ ਦਾ ਮੁਢ ਯਾਂ ਮੂਲ ਮੰਤ੍ਰ 'ਇਕ ਓਅੰਕਾਰ ਹੀ ਹੈ। ਯਾਂਤੇ ਦਸਮ ਗ੍ਰੰਥ ਦੀ ਵਿਚਾਰ ਵੇਲੇ ਕੇਵਲ ਸ੍ਰੀ ਮੁਖ ਵਾਕ ਸ਼ਬਦ

Digitized by Panjab Digital Library | www.panjabdigilib.org

ਵੇਖ ਕੇ ਹੀ ਚੁਪ ਕਰਨਾ ਖੋਜ ਯਾਂ ਵਿਚਾਰ ਦਾ ਅਸੂਲ ਨਹੀਂ ਹੈ। ਬਲਕਿ ਰਚਨਾ ਦਾ ਸਿਧਾਂਤ ਵੇਖਣਾ ਜ਼ਰੂਰੀ ਹੁੰਦਾ ਹੈ।

ਬਚਿਤ੍ਰਨਾਟਕਦੇ ਅਰਥ ਅਸਚਰਜ ਕੌਤਕ ਤਥਾ 'ਅਦਭੁਤ ਦ੍ਰਿਸ਼ਜ' ਹਨ। ਇਹਅਸਲੋਂ ਇਤਿਹਾਸਕ ਕਥਾ ਹੈ। ਚੌਵੀ ਅਵਤਾਰਾਂ ਦਾ ਹਾਲ ਵੀ ਇਸੇ ਵਿਚ ਸ਼ਾਮਲ ਹੈ। ਵੈਸੇ ਇਸਦੇ ਚੌਦਾਂ ਅਧਿਆਇ ਖਾਸ ਮੰਨੇ ਗਏ ਹਨ। ਇਸ ਵਿਚ ਦਸਮੇਸ਼ ਜੀ ਦੇ ਜੀਵਨ ਵਿਚੋਂ ਕਈ ਪ੍ਰਸੰਗ ਮਿਲਦੇ ਹਨ ਪਰ ਇਸ ਵਿਚੋਂ ਤੇਰਾਂ ਅਧਿਆਇ ਵੱਖ ਰਖਕੇ ਚੌਧਵਾਂ ਅਧਿਆਇ ਨਿਰੋਲ ਚਵੀਸ ਅਵਤਾਰਾਂ ਸਬੰਧੀ ਹੈ।

ਦਸਮ ਗ੍ਰੰਥ ਦੇ ਪਾਠ ਤੋਂ ਪਤਾ ਲਗਦਾ ਹੈ ਕਿ ਬਚਿਤ੍ਰ ਨਾਟਕ ਵਿਖੇ ਅਨੇਕ ਪ੍ਰਕਾਰ ਦੇ ਨਾਟਕ ਸ਼ਾਮਲ ਹਨ, ਔਰ ਇਹ ਹੋਰ ਭੀ ਵਡਾ ਹੋਵੇਗਾ। ਚੰਡੀ ਚਰਿਤ੍ਰ ਅਤੇ ਉਕਤ ਬਿਲਾਸ ਔਰ ਗਜਾਨ ਪ੍ਰਬੋਧ ਵਿਚ (ਸੁਧਿ ਦਾਨ ਧਰਮ ਦਰਪਣ) ਨਾਟਕਾਂ ਦੇ ਹੀ ਪਾਰਟ ਹਨ। ਚੌਬੀਸ ਅਵਤਾਰ ਭੀ ਇਕ ਨਾਟਕ ਹੀ ਹਨ। ਸਿੱਟਾ ਕੀ! ਨਿਰੋਲ ਗੁਰਬਾਣੀ ਨੂੰ ਵਖ ਰਖਕੇ ਸਾਰਾ ਦਸਮ ਗ੍ਰੰਥ ਹੀ ਬਚਿਤ੍ਰ ਨਾਟਕ ਦੀ ਸੁਰਖ਼ੀ ਵਿਚ ਹੇਠਾਂ ਆ ਸਕਦਾ ਹੈ।

## ਅੰਕ ੧ ਤੋਂ ਲਾਕੇ ੨੦ ਤੀਕਰ ਕਠਨ ਸ਼ਬਦਾਂ ਦੇ ਅਰਥ

–ਤ੍ਰਿਭੰਗੀ ਸ੍ਰੀ ਕਾਲ ਕੀ ਉਸਤਤਿ–

ਤ੍ਰਿਭੰਗੀ ਛੰਦ ਦੁਆਰੇ ਕਾਲ ਯਾਂ ਕਾਲੀ ਦੀ ਮਹਿਮਾਂ ਦਾ ਬਚਿੱਤ੍ਰ ਚਿੱਤ੍ਰ=ਨਾਟਕ।

ਖਗ=ਤਲਵਾਰ। ਬਿਹੰਡ=ਰਹਿਤ। ਖਲ=ਮੂਰਖ। ਮੰਡੰ=ਰਚਨਾਂ। ਪ੍ਰਚੰਡੰ=ਤੇਜ ਪ੍ਰਕਾਸ਼। ਅਮੰਡੰ=ਮਲਣੇ ਰਹਿਤ। ਭਾਨ=ਸੂਰਜ। ਪ੍ਰਭੰ=ਸੋਭਾ। ਦਰਣੰ=ਦਲਣੇ ਵਾਲੀ। ਕਿਲਵਿਖ=ਪਾਪ। ਅਸਿ=ਤਲਵਾਰ। ਤੇਗੰ=ਤਲਵਾਰ। ਦੇਵੰ=ਪ੍ਰਕਾਸ਼ ਰੂਪ। ਭੂਪ=ਰਾਜਾ। ਕਲੰ ਕਾਰਣੇਯੰ=ਕਲਹ ਕਰਤਾ। ਰੰਕੰ=ਕੰਗਾਲ। ਰਾਯੰ=ਰਾਜਾ। ਰਾਗੰ=ਪ੍ਰੇਮ। ਅਜੇਯੰਤ=ਅਜੀਤ। ਅਭੇਯੰ=ਭੇਦ ਰਹਿਤ। ਅਨੇਲ=ਅਗਿਣਤ। ਅਨਾਦ=ਬਿਨਾਂ ਉਤਪਤੀ। ਮਹੇਸੰ=ਧਰਤੀ ਦਾ ਮਾਲਕ। ਰੋਖੰ=ਗੁਸਾ। ਸੋਖੰ=ਮਾਰਨਾ। ਅਜੋਹੰ=ਅਛੂਹ। ਪ੍ਰੋਯੰ=ਆਸਰਾ। ਭੁਵਨੰ=ਵਰਤਮਾਨ। ਅਜਾਯੰ=ਜਨਮ ਰਹਿਤ। ਪ੍ਰਬੀਨ=ਚਤਰ। ਭਵੇਯੰ=ਹੋ ਗਿਆ। ਨਿਰਜੁਰੇਯੰ=ਜੁੜਨ ਰਹਿਤ। ਨਿਰਾਲੰਬ=ਆਸਰਾ ਰਹਿਤ। ਰਾਜਾ ਧਿਰਾਜ=ਅਧਿਪਤੀ ਰਾਜਾ। ਅਭੂਤ=ਤੱਤਾਂ ਰਹਿਤ। ਰਾਜ=ਸੋਭਾਇਮਾਨ। ਪਾਰਧੀ-ਸ਼ਿਕਾਰੀ। ਤਾਤ=ਪਿਤਾ। ਨੇਹੰ=ਪ੍ਰੇਮ ਘਰ। ਅਸੰਭੰ=ਅਸਚਰਜ। ਪ੍ਰਮਾਥੰ=ਮਥਣਹਾਰਾ। ਦੀਨ=ਗਰੀਬੀ ਯਾਂ ਧਰਮ। ਅਦਾਗੰ=ਕਲੰਕ ਰਹਿਤ। ਅਦੰਗੰ=ਦਗੇ ਹੀਣ। ਕਰੰ=ਹਥ। ਬਾਮ=ਖੱਬਾ। ਚਾਪਯੰ=ਧਨਸ਼। ਕਰਾਲੰ=ਭਿਆਨਕ। ਬਿਸਾਲੰ=ਵੱਡਾ। ਚਰਬੀਯੰ=ਚੱਬਾ ਸੁਟੇ (ਮਾਰੇ)। ਸਿਤਾ ਸੇਤ=ਚਿੱਟਾ ਔਰ ਕਾਲਾ। ਹਾਹਾ ਹੂਹੂ=ਗੰਧਰਬ ਯਾਂ ਭਿਆਨਕ ਹਾਸਾ। ਅਤ੍ਰ=ਅਸਤ੍ਰ।

—o—

Digitized by Panjab Digital Library | www.panjabdigilib.org

## ਨਮਸਕਾਰ ਸ੍ਰੀ ਖੜਗ ਕਉ

ਇਹ ਬਚਿਤ੍ਰ ਨਾਟਕ ਦਾ ਮੰਗਲਾ ਚਰਨ ਹੈ,ਅਗੇ ਜੰਗਾਂ ਜੁਧਾਂ ਦੇ ਪ੍ਰਸੰਗ ਔਣ ਕਰਕੇ ਸ੍ਰੀ ਖੜਗ ਦੇ ਅਰਥ ਇਥੇ ਸ੍ਰੀਦ੍ਰ ਤਲਵਾਰ ਹਨ, ਅਕਾਲ ਪੁਰਖ ਅਰਥ ਕਰਨੇ ਭੁਲ ਹੈ। ਇਹ ਨਾਟਕ (ਪਹਿਲਾ ਚਰਿਤ੍ਰ) ਮਹਾਂਕਾਲ ਕਾਲਕਾ ਦਾ ਹੈ। 'ਖਗ ਖੰਡ ਬਿਹੰਡੰ' ਇਹ ਉਸ ਦੀ ਤਲਵਾਰ ਦੀ ਉਸਤਤੀ ਹੈ। 'ਕਲੰਕਾਰਣੇਯੰ ਨਮੋ ਖੜਗ ਪਾਣੰ' ਸਪਸ਼ਟ ਹੈ ਕਿ ਇਹ ਮਹਾਂ ਕਾਲ ਕਾਲਕਾ ਦਾ ਨਾਟਕ ਹੈ। 'ਕਰੰ ਬਾਮ ਚਾਪਯੰ ਕ੍ਰਿਪਾਣੰ ਕਰਾਲੰ' ਮਹਾਂ ਕਾਲ ਦੇ ਖਬੇ ਹਥ ਵਿਚ ਧਨੁਸ਼ ਤੇ ਸਜੇ ਵਿਚ ਭਿਆਨਕ ਤਲਵਾਰ ਹੈ।

'ਮਹਾਂ ਕਾਲ' ਓਹ ਸ਼ਕਤੀ ਦੱਸੀ ਜਾਂਦੀ ਹੈ ਜੋ ਕਿ ਬ੍ਰਹਮਾਂ, ਵਿਸ਼ਨੂੰ, ਮਹੇਸ਼ ਦੇ ਉਪਰ ਦੀ ਭਾਵ ਉਨਾਂ ਦਾ ਭੀ ਕਾਲ ਕਰਤੀ ਹੈ। ਉਸ ਦੀ ਸ਼ਕਲ—ਚਾਰ ਬਾਹਾਂ ਤੇ ਸਿਰ ਪਰ ਕੇਸ, (ਭਿਆਨਕ ਜਟਾਂ ਦਾ ਜੂੜਾ) ਇਕ ਹਥ ਵਿਚ ਗਦਾ, (ਗੁਰਜ) ਸੁਰਖ ਬਾਹਰ ਨੂੰ ਨਿਕਲੀ ਜਿਹਬਾ, ਸਰੀਰ ਕਾਲਾ, ਸੀਸ ਪਰ ਚਿਟਾ ਛਤ੍ਰ, ਮੋਟੇ ਲਾਲ ਨੇਤ੍ਰ ਲਿਖਿਆ ਹੈ। 'ਗਦਾ ਸੈਂਖ਼ਚਕ੍ਰ ਦਿਪੈ ਕਰ ਬਕ੍ਰੰ' ॥ ੪੪ ॥

ਸਿੱਟਾ ਕੀ ! ਮਹਾਂਕਾਲ ਕਾਲਕਾ ਲੋਕ ਪਾਲ,(ਦਿਕ ਪਾਲ ਦੇਵਤੇ, ਇੰਦ੍ਰ, ਅਗਨ, ਯਮ, ਸੂਰਜ, ਵਰਣ ਵਾਯੂ, ਕੁਵੇਰ ਸੋਮ) ਨਰਸਿੰਘ, ਬਾਵਨ ਆਦਿ, ਇਹ ਸਰਬ ਦੀ ਕਾਲ ਹੈ। ਯਾਂਤੇ ਏਕ ਹੀ ਕਾਲ ਅਕਾਲ (ਮਹਾਂਕਾਲ) ਸਦਾ ਹੈ। ਇਹ ਓਹੀ ਸ਼ਕਤੀ ਹੈ ਜੋ 'ਮਹਾਂਕਾਲ ਕਾਲਕਾ ਅਰਾਧੀ' ਲਿਖੀ ਹੈ। ਗੁਰਮਤ ਵਿਖੇ ਕੋਈ ਸ਼ਕਤੀ ਕਰਤਾਰ ਤੋਂ ਭਿੰਨ ਯਾਂ ਉਸ ਦੀ ਸ਼ਰੀਕ ਨਹੀਂ ਮੰਨੀ।

'ਨਮੋ ਖੜਗ ਖੰਡੇ ਕ੍ਰਿਪਾਣੰ ਕਟਾਰੰ' ਇਹ ਉਪਮਾਂ 'ਕਾਲ ਕ੍ਰਿਪਾਨ' ਦੀ ਹੈ। 'ਨਮੋ ਬਾਣ ਪਾਣੰ' ਧਨਸ਼ ਧਾਰੀ ਕਾਲ। ਇਸ ਵਿਚ ਸ਼ਸਤ੍ਰ ਨਾਮ ਮਾਲਾ ਦੇ ਭੀ ਬੰਦ ਮਿਲੇ ਹਨ।

'ਜਿਤੇ ਸ਼ਸਤ੍ਰ ਨਾਮੰ, ਨਮਸਕਾਰ ਤਾਮੰ॥
ਜਿਤੇ ਅਸਤ੍ਰ ਭੇਯੰ, ਨਮਸਕਾਰ ਤੇਯੰ।'

ਇਹ ਜੜ੍ਹ ਪੂਜਾ ਸਿਧਾਂਤ ਨਹੀਂ ਹੈ, ਬਲਕਿ ਸ਼ਸਤ੍ਰ ਮਹਿਮਾਂ ਹੈ। ਤਲਵਾਰ ਖੰਡਾ ਆਦਿ ਸ਼ਸਤ੍ਰ ਹਨ ਔਰ ਧਨੁਸ਼, ਬੰਦੂਕ, ਬੰਬ ਆਦਿ ਅਸਤ੍ਰ ਹਨ। ਸਭ ਕਾਲ ਕ੍ਰਿਪਾਨ (ਮਹਾਂ ਕਾਲ ਕਾਲਕਾ ਦੀ) ਭਾਰੀ ਭੁਜਾਨ ਕੇ ਭਾਰੀ ਭਰੋਸੇ ॥ ॥ ੯੨॥ ਅਗੇ 'ਮਹਾਂ ਕਾਲ' ਕਾਲਕਾ (ਭਗਉਤੀ, ਦੁਰਗਾ) ਦਾ ਸੁੰਭ ਨਿਸੁੰਭ, ਨਿਸਾਚਰ ਆਦਿ ਦੈਤਾਂ ਨਾਲ ਜੰਗ ਕਰ ਕੇ ਮਾਰਨੇ ਦਾ ਜ਼ਿਕਰ ਹੈ। ਯਾਂਤੇ ਇਹ ਛੰਤ ਨਿਰੋਲ ਦੇਵੀ ਮਹਿਮਾਂ ਨਾਲ ਸਬੰਧਤ ਹਨ।

## ਰਸਾਵਲ ਛੰਦ

'ਕ੍ਰਠਨ ਸ਼ਬਦ ਅੰਕ ੨੦੩ ਤੋਂ ਪਰ ਤੀਕਰ'—

ਘਣੰ=ਸ਼ਬਦ। ਧਣੰ=ਧੁੰਨੀ।
ਸਦ=ਸੱਦਾ। ਹੜਿਓ=ਹੜ੍ਹ, ਗੂੰਜ।
ਨੀਰਧੇਵੰ=ਜਿਵੇਂ ਸਮੁੰਦਰ। ਘੁਰੰ=ਘੋਰਨਾ। ਨਵਰੇਯੰ=ਝਾਂਜਰਾਂ।
ਣਾਦੰ=ਸਬਦ। ਨਿਰਬਿਖਾਦੰ=ਇਕ ਰਸ। ਰੁੱਦ੍ਰ=ਸ਼ਿਵ। ਚਾਰ=ਸੁੰਦਰ। ਚਿਤ੍ਰੰ=ਟਿਕਾਏ।

Digitized by Panjab Digital Library | www.panjabdigilib.org

ਸ੍ਵੰ=ਚੋਣਾ। ਸ੍ਰੋਣ=ਲਹੂ।

ਭੁਜੰਗ ਪ੍ਰਯਾਤ ਛੰਤ

ਅੰਡਜ, ਜੇਰਜ, ਸੇਤਜ, ਉਤਭੁਜ=ਚਾਰੇ ਖਾਣੀਆਂ। ਬਿੰਦੰ=ਬਹੁਤ। ਜ਼ੇਰ=ਅਧੀਨ। ਉਪਾਰੇ=ਉਖਾੜੇ। ਗੜੇ=ਘਾੜਤ। ਘਨਿਓ=ਬਹੁਤੇ। ਕੀਟ=ਤੁਛ। ਮਹਾਂਦੀਨ=ਇਬਰਾਹੀਮ। ਅਉਲੀਆ=ਵਲੀ। ਅੰਬੀਆ=ਨਬੀ ਆਦਿ। ਜੇਲੈ=ਕੈਦ ਘਰ। ਸ਼ਾਮ=ਸ਼ਰਨ। ਅਭੂਤੰ=ਅਸਚਰਜ। ਨ੍ਰਿਜਟੰ=ਕੇਸਾਂ ਦੇ ਜੂੜੇ। ਕਰਾਲੰ=ਡਰੌਣੀ। ਚਿੱਤ੍ਰ=ਟਿੱਕੇ। ਭੁਜੰਗ ਪ੍ਰਯਾਤ ਛੰਦ। ਸੁਭੰ=ਸੁੰਦਰ। ਛੈਲ=ਸੁੰਦ੍ਰਤਾ। ਬਿਸਾਲ=ਵੱਡਾ। ਅਘ=ਘਰ। ਅੰਸਮਾਲ=ਸੂਰਜ। ॥੩੬॥ ਕੰਨਿਆ=ਅਪੱਛਰਾਂ। ਮੋਹਤ=ਗੋਰ ਦਿੰਦੇ। ਖੱਗ=ਖੰਡਾ। ਮਾਨੀ=ਹੰਕਾਰੀ। ਰੂੰਡਾ=ਧੜਾ। ਝੂੰਡਾਂ=ਸਮੂੰਹ। ਅਭਿਰਾਮੰ=ਸੁੰਦ੍ਰ। ॥ ੪੪ ॥ ਚਤ੍ਰ ਬਾਂਹ=ਵਿਸ਼ਨੂੰ। ਅਲੌਕਕ=ਅਸਚਰਜ। ਨਾਗਾਂ=ਚਾਤ੍ਰਤਾ। ਗ੍ਰਿਸਟ=ਗਦਾ। ਅਲੰਕ੍ਰਿਤ=ਸੁੰਦਰ। ਨੂਪਰ=ਝਾਂਜਰਾਂ। ਨਵੀਨ=ਸੁੰਦ੍ਰ।

## ਤੋਟਕ ਛੰਦ ਤ੍ਵਪ੍ਰਸਾਦਿ॥

ਕਠਨ ਪਦ ਅੰਕ ੫੩ ਤੋਂ ਲਾਕੇ ੮੪ ਤੱਕ

ਪ੍ਰਜੁਲ=ਪ੍ਰਕਾਸ਼। ਕਰਿ=ਹਾਥੀ। ਮਦਰਾ=ਸ਼ਰਾਬ। ਭਭਕੰ=ਲਲਕਾਰੇ। ਭੂਤ=ਗਿਆ ਸਮਾਂ। ਭਵ=ਪੈਦਾ ਕਰਤਾ। ਭਵਾਨ=ਵਰਤਮਾਨ। ਕਲ=ਸ਼ਕਤੀ। ਕਾਰਨ ਰੂਪ=ਮਾਇਆ। ਮ੍ਰਿਦ=ਕੋਮਲ ਸੁੰਦਰ। ਦ੍ਰਿੜ=ਤਕੜੀਆਂ। ਕਰਾਲ-ਡਰੌਣੀ। ਉਧੰ=ਉਚੀ। ਅਸਰੰ=ਦੈਂਤ। ਕਿੰਕਣ=ਤੜਾਗੀ। ਘਣ=ਆਵਾਜ਼। ਬਾਣੀ=(ਪਰਾ, ਪਸੰਤੀ, ਮਧਮਾ, ਬੈਖਰੀ) ਚਰ ਅਚਰ=ਜੜ੍ਹ। ਚੇਤਨ। ਚੱਕ੍ਰ ਹੁਕਮ। ਹਰੀਅੰ=ਘਾਟੇ ਵਾਲੇ। ਸੁਬਰੰ=ਲਬਾਲਬ। ਆਇਸੁਅੰ=ਆਗਯਾ। ਮਲ੍ਹੇ=ਹਟਾਵੇ। ਰਦਾਂ=ਦੰਦਾਂ। ਘੁਮਕੰ=ਬੋਲੇ। ਨਗਿਯੰ=ਪਹਾੜਾਂ। ਕਾਮਦੇਵ=ਅਤਿ ਸੁੰਦਰ। ਕੋਟ=ਕਿਲੇ। ਆਂਟ=ਦੋ ਉਂਗਲਾਂ ਤੇ ਗੂਠਾ, (ਚੁਟਕੀ)। ਤੰਨ=ਸਜ਼ਾ। ਅੰਤਕੇ=ਯਮ ਰਾਜ। ਅੰਤ=ਅਤੀ, ਇਤਿ। ਦੁਹਾਈ=ਦਬਾਉ। ਛੋਨਿ=ਧਰਤੀ। ਬੰਕੇ=ਛਬੀਲੇ। ਦੁਰਗ=ਕਿਲੇ। ਸਾਕੇ=ਜੰਗ। ਦੀਨ=ਗ੍ਰੀਬ। ਰਸ=ਮਿਠੇ। ਅਨਰਸ=ਖੱਟੇ। ਪਧਾਰੇ=ਚਲੇ। ਬੋਧ=ਬੋਧੀ ਜੈਨੀ। ਮਹਾਂ ਮੁੱਛ=ਮੱਛ ਅਵਤਾਰ। ਬੰਕਯੰ=ਟੇਢੇ। ਨਿਦਾਨ=ਅੰਤ। ਬਾਟ=ਬਣਾਉਟ। ਲੋਕ ਪਾਲੰ=ਅਠ ਦੇਵਤੇ। ਨਬ=ਨਬਣਾ ਵਸੀਕਾਰ। ਚੰਦ ਸੂਰੰ=ਅਵਤਾਰ ਚੰਦ੍ਰ ਸੂਰਜ ਵੰਸੀ ਆਦਿ ਭਗਵਾਨ=ਵਿਸ਼ਨੂੰ। ਜਾਗਤ=ਪ੍ਰਗਟ।

## ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੇ॥

ਬਚਿਤ੍ਰ ਨਾਟਕ ਵਿਚ ਭੀ ਸ਼ੈਵ ਮਤ ਪ੍ਰਚਾਰਨ ਲਈ ਯਤਨ ਕੀਤੇ ਹਨ, ਸ਼ੈਵ ਮਤ ਦੇ ਉਪਾਸ਼ਕ ਦੈਂਤ ਕਹੇ ਗਏ ਇਹ ਸ਼ਬਦ ਦੂਜੇ ਦੀ ਭੰਡੀ ਹਿਤ ਸਨ। ਭੂਮਾ-ਸੁਰ (ਨਰਕਾ ਸੁਰ) ਪੁਤ੍ਰ ਤਾਂ ਵਿਸ਼ਨੂੰ ਦਾ ਸੀ ਜੋ ਪ੍ਰਿਥਵੀ ਦੇ ਸੰਜੋਗ ਥੀਂ ਦਸਿਆ ਹੈ, ਪਰ ਮਾਰਿਆ ਇਸਨੂੰ ਦੈਂਤ ਮੰਨਕੇ ਸ੍ਰੀ

Digitized by Panjab Digital Library | www.panjabdigilib.org

ਕ੍ਰਿਸ਼ਨ ਜੀ ਨੇ। ਮਹਾਂ ਭਾਰਤ ਵਿਚ ਇਕ ਲੇਖ ਹੈ ਕਿ ਭੀਮ ਸੈਨ ਨੇ ਹਿੜੰਬਾ ਦੈਂਤ ਨੂੰ ਮਾਰਿਆ। ਜਿਸਦੀ ਭੂਮੀ ਨੂੰ ਹੜੰਬਾ ਧਰਤੀ ਕਿਹਾ ਗਿਆ। ਇਸ ਨੂੰ ਮਾਰ ਕੇ ਭੀਮ ਨੇ ਉਸਦੀ ਭੈਣ ਨਾਲ ਸ਼ਾਦੀ ਕਰਕੇ ਘਟੋਤਕਚ ਪੁਤ੍ਰ ਪੈਦਾ ਕੀਤਾ। ਸੋ ਉਹ ਦੈਂਤ ਕਿਵੇਂ ਹੋਇਆ। ਉਪਰ ਜਿਨ੍ਹਾਂ ਦੈਂਤਾਂ ਦਾ ਜ਼ਿਕਰ ਹੈ ਇਹ ਹਰਨਾਖਸ਼ ਦੀ ਵੰਸ ਵਿਚੋਂ ਮੰਨੇ ਹਨ, ਸੁੰਭ ਔਰ ਨਿਸੁੰਭ ਦੋਵੇਂ ਭਾਈ ਸਨ, ਜਿਨ੍ਹਾਂ ਦੀ ਪੈਦਾਇਸ਼ ਇਕ ਕਸ਼ਪਮ ਰਿਖੀ ਤੋਂ ਸੀ, ਇਨ੍ਹਾਂ ਦੀ ਮਾਤਾ ਦਾ ਨਾਮ ਦਾਨੋ ਸੀ। ਸ੍ਰੋਣਤ ਬੀਜ ਇਨ੍ਹਾਂ ਦਾ ਸੈਨਾ ਪਤੀ ਸੀ, ਨਿਸੁੰਭ ਵਡਾ ਭਾਈ ਰਾਜਾ ਸੀ। ਸ੍ਰੋਣਤ ਬੀਜ ਨੂੰ ਹੀ ਰਕਤ ਬੀਜ ਸ੍ਰੋਣਤਿ ਬਿੰਦ ਆਦਿ ਕਿਹਾ ਹੈ, ਇਨ੍ਹਾਂ ਦੀ ਕਥਾ ਮਾਰਕੰਡੇ ਪੁਰਾਣ ਵਿਚ ਦੇਵੀ ਦੇ ਪ੍ਰਸੰਗ ਵਿਚ ਹੈ। ਸ੍ਰੋਣਤ ਬੀਜ ਦੀ ਇਹ ਸਿਫਤ ਲਿਖੀ ਹੈ ਕਿ ਇਸਦੇ ਸਰੀਰ ਵਿਚੋਂ ਫੱਟ ਲੱਗਣ ਨਾਲ ਜਿਤਨੇ ਭੀ ਲਹੂ ਦੇ ਤੁਬਕੇ ਜ਼ਮੀਨ ਪਰ ਗਿਰਦੇ ਉਤਨੇ ਹੋਰ ਦੈਂਤ ਜਨਮ ਪੈਂਦੇ ਸਨ।

## ਬਲੀ ਪ੍ਰਿਥੰ ਮਾਨ ਧਾਤਾ ਮਹੀਪੰ

ਰਾਜ ਪ੍ਰਿਥੂ ਬੇਣ ਦਾ ਪੁਤ੍ਰ ਸੀ, ਜਿਸ ਥੀਂ ਪ੍ਰਿਥ਼ਵੀ ਸੰਗਿਆ ਹੋਈ। ਪ੍ਰਿਥਵੀ ਇਸਦਾ ਭਾਂਡਾ ਲਿਖੀਹੈ।ਇਹਪਹਿਲਾ ਰਾਜਾ ਮੰਨਿਆਂ ਹੈ ਪਿਛੇ ਬੇਣ ਦੇ ਹਾਲ ਵਿਚ ਜ਼ਿਕਰ ਆ ਗਿਆ ਹੈ। ਰਾਜਾ ਮਾਨ ਧਾਤਾ ਦਾ ਹਾਲ ਭੱਟਾਂ ਦੇ ਸਵਈਆਂ ਵਿਖੇ ਆਉਂਦਾ ਹੈ। (ਮਾਂਤਾਤਾ ਗੁਣ ਰਵੈ) ਇਸਦੇ ਰਥਾਂ ਦੇ ਪਹੀਆਂ ਦੀ ਲੀਹਾਂ ਨਾਲ ਸੱਤ ਸਮੁੰਦਰ ਬਣਨੇ ਲਿਖੇ ਹਨ। ਅਗੇ ਪ੍ਰਯਤਬ੍ਰਤ ਰਾਜਾ ਜੋ ਉਤਾਨ ਰਾਜੇ ਦਾ ਭ੍ਰਾਤਾ ਸੀ, ਔਰ ਸ੍ਵੰਭੂਮਨ ਪੁਤ੍ਰ ਸੀ ਅਗੇ ਦੁਸਯੰਤ ਦਾ ਪੁਤ੍ਰ ਸਕੁੰਤਲਾ ਦੇ ਪੇਟੋਂ ਰਾਜਾ 'ਪੁਰ' ਅਗੇ ਇਸ ਦੀ ਵੰਸ ਤੋਂ ਚੰਦ੍ਰ ਵੰਸ ਚਲਾਈ ਹੈ।

ਨੋਟ—ਮਹਾਂ ਭਾਰਤ ਦਾ ਲੇਖ ਹੈ ਕਿ ਪਾਂਡੋ ਨੇ ਕਿਪੰਦੇ ਰਿਖੀ ਨੂੰ ਹਿਰਨੀ ਨਾਲ ਭੋਗ ਕਰਦੇ ਨੂੰ ਵੇਖਕੇ ਮਾਰ ਘੱਤਿਆ, ਜਿਸ ਪਰ ਰਿਖੀ ਨੇ ਰਾਜੇ ਨੂੰ ਸਰਾਪ ਦਿਤਾ ਕਿ ਤੂੰ ਭੋਗ ਕਰਕੇ ਏਵੇਂ ਮਰੇਂਗਾ। ਸੋ ਐਸੇ ਹੀ ਹੋਇਆ ਜਿਸ ਪਰ ਮਹਾਰਾਣੀ ਕੁੰਤੀ ਨੇ ਸੂਰਜ ਨਾਲ ਭੋਗ ਕਰਕੇ ਯੁਧਿਸ਼ਟਰ ਔਰ ਹਵਾ ਨਾਲ ਸੰਜੋਗ ਸੇ ਭੀਮ ਔਰ ਇੰਦ੍ਰ ਨਾਲ ਭੋਗ ਸੇ ਅਰਜਨ ਪੁਤ੍ਰ ਪੈਦਾ ਕੀਤੇ ਔਰ ਉਸਦੀ ਸੌਂਕਣ ਮਾਂਦਰੀ ਨੇ ਅਸ੍ਵਨੀ ਕੁਮਾਰ ਦੇਵਤੇ ਤੋਂ ਸ਼ਹਿਦੇਵ ਔਰ ਨੁਕਲ ਪੈਦਾ ਕੀਤੇ ਸੋ ਇਹ ਨਯੋਗ ਦੀ ਰਸਮ ਸਮਝੋ ਜਿਸਤੋਂ ਸ਼ੰਕ੍ਰ ਵਰਣ ਲਹਿਰ ਦਾ ਆਰੰਭ ਹੁੰਦਾ ਹੈ।

## ਧੂਮ ਲੋਚਨ ਚੰਡ ਅਉ ਮੁੰਡ ਸੇ

ਇਸ ਧਿਆਇ ਵਿਖੇ ਦੇਵੀ ਮਹਿਮਾਂ ਦਾ ਪ੍ਰਸੰਗ ਭੀ ਲਿਖ ਦਿਤਾ ਹੈ। ਇਹ ਅਪ੍ਰਸੰਗ ਲੇਖ ਹੈ ਧੂਮਰ ਲੋਚਨ (ਧੂੰਏ ਸਮਾਨ ਅਖਾਂ ਵਾਲਾ) ਸੁੰਭ ਰਾਜੇ ਦਾ ਸਰਦਾਰ ਸੀ। ਚੰਡ ਔਰ ਮੁੰਡ ਦੋਵੇਂ ਭਾਈ ਸਨ, ਇਹ ਭੀ ਸੁੰਭ ਦੇ ਸੈਨਾਪਤੀ ਸਨ। ਚੰਡ ਨੂੰ ਮਾਰਨ ਕਰਕੇ ਦੇਵੀ ਨੂੰ ਚੰਡਕਾ ਯਾਂ ਚੰਡੀ ਕਿਹਾ ਗਿਆ। ਜਿਵੇਂ ਕਿ ਦੁਰਗਾ ਨਾਮ ਉਸ ਦੇ ਕਿਲੇ ਤੋਂ ਪਿਆ, ਮਹਿਖਾਸੁਰ ਨੂੰ ਮੱਝ ਥੀਂ ਜੰਮਿਆਂ ਕਿਹਾ ਹੈ, ਇਸ ਦੇ ਪਿਤਾ ਦਾ ਨਾਮ ਰੰਭਾ ਸੀ, (ਰੰਭਾ ਅਪੱਛਰਾਂ ਭੀ ਮੰਨੀ ਹੈ, 'ਚਾਮਰ ਸੇ

Digitized by Panjab Digital Library | www.panjabdigilib.org

ਰਣਚਿਛਰ ਸੇ, ਰਕਤਿਛਣ ਸੇ।' ਚਾਮਰ ਔਰ ਰਣਚਿਛਰ ਬਾਰੇ ਲਿਖਿਆ ਹੈ ਕਿ ਇਹ ਇਕੋ ਨਜ਼ਰ (ਨਿਗਾਹ) ਨਾਲ ਵੈਰੀਆਂ ਨੂੰ ਮਾਰ ਘੱਤਦਾ ਔਰ ਬਦਲਾਂ ਦੀ ਮਾਨਿੰਦ ਗਜਦਾ ਸੀ। ਰਕਤਿਛਣ ਤੋਂ ਭਾਵ ਲਾਲ ਅਖਾਂ ਵਾਲਾ ਮਨੁਖ ਹਨ, ਇਹ ਦੁਰਗਾ ਨੇ ਮਾਰੇ ਦਸੇ ਹਨ।

## ਬਾਰਦ ਨਾਦ ਅਕੰਪਨ ਸੇ

'ਬਾਰਦ' ਤੋਂ ਭਾਵ ਬਦਲਾਂ ਦੀ ਮਾਨਿੰਦ ਗਰਜਨੇ ਵਾਲਾ 'ਮੇਘਨਾਦ' ਜੋ ਰੌਣ ਦਾ ਪੁਤ੍ਰ ਸੀ, 'ਇੰਦਰ ਜੀਤ' ਭੀ ਈਹੋ ਸੀ। ਅਕੰਪਨ ਨਾਮ ਦਾ ਰਾਵਣ ਦਾ ਇਕ ਵਜ਼ੀਰ ਸੀ ਜੋ ਸਨਬੰਧ ਕਰਕੇ ਰੌਣ ਦਾ ਮਾਮਾ ਲਗਦਾ ਸੀ। ਅਰਥਾਤ ਰਾਵਣ ਦੀ ਮਾਤਾ ਕੈਕਿਸੀ ਦਾ ਭ੍ਰਾਤਾ ਸੀ; ਇਸ ਨੂੰ ਹਨੂਮਾਨ ਨੇ ਮਾਰਿਆ ਸੀ।

## ਕੁੰਭ ਅਕੁੰਭ ਸੇ

ਕੁੰਭ ਕਰਣ ਯਾਂ ਕੁੰਭਕਾਣ (ਘੜੇ ਸਮਾਨ ਕੰਨਾਂ ਵਾਲਾ) ਰਾਵਣ ਦਾ ਛੋਟਾ ਭ੍ਰਾਤਾ। ਇਹ ਸਮਾਲੀ ਰਾਖਸ਼ ਦੀ ਪੁਤ੍ਰੀ ਕੈਕਸੀ ਦਾ ਪੁਤ੍ਰ ਸੀ। ਪਰ ਪਿਤਾ ਦਾ ਨਾਮ ਵਿਸ੍ਰਵਾ ਲਿਖਿਆ ਹੈ। ਦਸਿਆ ਹੈ ਕਿ ਕੁੰਭ ਨੇ ਤਪ ਕਰ ਕੇ ਬ੍ਰਹਮਾਂ ਪਾਸੋਂ ਵਰ ਲੀਤਾ, ਤਾਂ ਦੇਵਤਿਆਂ ਨੇ ਵਲ ਛਲ ਕਰਕੇ ਛੀ ਮਹੀਨੇ ਸੁਤੇ ਰਹਿਣ ਦਾ ਵਰ ਲੈਣ ਦੀ ਵਿਉਂਤ ਦਸੀ। ਸੋ ਇਹ ਛੀ ਮਹੀਨੇ ਪਿਛੋਂ ਜਾਗ ਕੇ ਰੋਟੀ ਪਾਣੀ ਕਰਦਾ ਸੀ। ਕੁੰਭ ਕਰਣ ਯਾਂ ਘਟਕਾਨ ਦੇ ਇਕੋ ਅਰਥ ਹਨ। ਕੁੰਭ ਕਰਣ ਦਾ ਪਿਤਾ ਵਿਸ਼੍ਰਵਾ ਰਿਖੀ ਪੁਲਸਤਯ ਦਾ ਪੁਤ੍ਰ ਦਸਿਆ ਹੈ, ਜੋ ਕਿ ਕਈ ਕੁ ਵੇਦ ਮੰਤ੍ਰਾਂ ਦਾ ਕਰਤਾ ਦਸਿਆ ਹੈ। ਅਗੇ ਪੁਲਸਤਯ ਦਾ ਪਿਤਾ 'ਹਰਿਰਭੂ' ਸੀ। ਇਹੋ ਰਾਵਣ ਦਾ ਪਿਤਾ ਭੀ ਕਿਹਾ ਹੈ, ਇਸੇ ਦੀ ਇਸਤ੍ਰੀ ਕੈਕਸੀ (ਕੇਕਸ਼ੀ) ਸੀ, ਇਸੀ ਦੇ ਉਦਰ ਥੀਂ ਰਾਵਣ, ਕੁੰਭ ਕਰਣ, ਭਭੀਖਨ ਤਿੰਨ ਪੁਤਰ ਜਨਮੇਂ ਸਨ। ਚੌਥੀ ਇਨਾਂ ਦੀ ਭੈਣ 'ਸਰੂਪਨਖਾ' ਸੀ, ਜਿਸ ਦਾ ਨੱਕ ਲਛਮਣ ਨੇ ਕੱਟ ਕੇ ਜੰਗ ਦਾ ਕਾਰਨ ਬਣਾਇਆ। ਦੇਵਤਾ ਕੁਬੇਰ ਨੂੰ ਰੌਣ ਦਾ ਮਸੇਰਾ ਭਾਈ ਔਰ ਪੁਲਸਤਯ ਰਿਖੀ ਦਾ ਪੁਤ੍ਰ ਔਰ ਇਸ ਦੀ ਮਾਤਾ ਦਾ ਨਾਮ 'ਇਲਵਿਲਾ' ਲਿਖਿਆ ਹੈ।

## ਭੁਜੰਗ ਪ੍ਰਯਾਤ ਛੰਦ

### ਕਠਨ ਪਦ ਅੰਕ ੯੫ ਤੋਂ ੧੦੧

ਭਵਾਵੰ=ਵਰਤਮਾਨ। ਸੈਹਥੀਐਂ=ਬਰਛੀ। ਬੀਯੰ=ਦੂਜਾ। ਖਬੀਸੰ=ਪੈਂਦੇ। ਬੀਜੇ। ਉੱਗ੍ਰ=ਵਡੀਆਂ। ਗ੍ਰਿਸਟ=ਭਾਰੀਆਂ। ਘੇਪੰ=ਮਾਰਨਾ। ਧੋਪ=ਕਟਾਰਾ। ਪੱਟੇ=ਤੇਗਾ। ਅਸਤ੍ਰ=ਕਮਾਨ, ਬੰਦੂਖ ਆਦਿ। ਤ੍ਰਿਣਾ=ਤੁਛ ਘਾਹ। ਮੇਰ=ਸਮੇਰ। ਭਰੋਸ=ਆਸਰਾ। ਧੂਮਰ ਲੋਅ-ਧੂੰਏ ਅੱਖਾਂ (ਬਿੱਲਾ)। ਰਕਤ ਛਨ=ਲਾਲ ਨੇਤਰਾ। ਝੜਕਾਰੇ=ਝਾੜੇ। ਘਟ ਕਾਨਹੁ=ਕੁੰਭ ਕਰਨ। ਬਾਰਨਾਦ=ਮੇਘ ਨਾਦ। ਅਕੰਪਨ=ਰਾਵਨ ਦਾ ਪੁਤ੍ਰ। ਬਿਕਟੇ=ਡਰਾਵੇ। ਸਿੰਧ ਹਥਿਆਰ ਪਖਾਰੇ=ਸ਼ਸਤ੍ਰ ਧੋਤੇ ਕਿ ਹੁਣ ਸਾਡੇ ਨਾਲ ਕੋਈ ਨਹੀਂ ਲੜ ਸਕੇਗਾ। ਕਢਿਆ=ਸਵਾਰਿਆ। ਕਸੀਰੇ=ਧੇਲੇ। ਕੁੰਡ=ਨਰਕ। ਪਰਾਹੀ=ਦੂਰ ਪਰੇ।

Digitized by Panjab Digital Library | www.panjabdigilib.org

ਨੋਟ-ਰਾਵਣ ਤੋਂ ਵੱਡਾ ਮਹਿਰਾਵਣ ਜਿਸਦੇ ਦੋ ਹਜ਼ਾਰ ਸਿਰ ਔਰ ਹਜ਼ਾਰ ਬਾਹਾਂ ਸਨ ਇਸ ਨੂੰ ਸੀਤਾ ਨੇ ਕਾਲੀ ਰੂਪ ਧਾਰਕੇ ਮਾਰਿਆ ਸੀ ਕੁੰਭ ਕਰਨ ਰਾਵਣ ਦਾ ਛੋਟਾ ਭਰਾਤਾ ਸੀ।

'ਰਾਵਣ ਸੇ ਮਹਿਰਾਵਣ ਸੇ ਘਟ ਕਾਨਹੁ' (ਕੁੰਭ ਕਰਨ) ਮਹਿਰਾਵਣ ਨੇ ਸ੍ਰੀ ਰਾਮ ਚੰਦਰ ਜੀ ਨੂੰ ਸਮੇਤ ਫੌਜ ਦੇ ਮਾਰਿਆ ਇਹ ਕਥਾ ਰਾਮਾਇਣ ਵਿਖੇ ਔਂਦੀ ਹੈ।

## ਕਾਮ ਕਾ ਮੰਤ੍ਰ ਕਸੀਰੇ ਕੇ ਕਾਮਨ॥

ਘੋਲ ਕੇ ਪਲਾਉਣ ਵਾਲੇ ਮੰਤ੍ਰ, ਟੂਣੇ ਟਾਮਣਾਂ ਨੂੰ ਤੰਤ੍ਰ ਆਖਦੇ ਹਨ, ਜੋ ਕਈ ਚੀਜ਼ਾਂ ਦਾ ਮੇਲ ਕਰਕੇ ਚੌਰਾਹੇ ਵਿਚ ਧਰਨੇ। ਮੂੰਹ ਨਾਲ ਪੜ੍ਹਣ ਵਾਲੇ ਮੰਤ੍ਰ ਹਨ। ਤੰਤ੍ਰਾਂ ਨਾਲ ਧਾਗੇ, ਤਾਵੀਜ ਆਦਿ ਭੀ ਕਰਦੇ ਹਨ ਵਾਕ ਹੈ 'ਕਾਮ ਕਾ ਮੰਤ੍ਰ ਕਸੀਰੇ ਕੇ ਕਾਮਨ, ਕਾਲਕੋ ਘਾਉ ਕਿਨਹੂ ਨ ਬਚਾਯੋ॥ (ਬਚਿਤ੍ਰ ਨਾਟਕ) ਤੰਤ੍ਰ ਸ਼ਾਸਤ੍ਰ ਦੇ ਲੇਖਾਂ ਅਨੁਸਾਰ ਕਾਮਨਾ (ਇੱਛਾ) ਪੂਰਨ ਕਰਨ ਵਾਲੇ ਜੋ ਮੰਤ੍ਰ ਹਨ, ਗੁਰਮਤ ਕਸੌਟੀ ਅਗੇ ਇਨ੍ਹਾਂ ਦੀ ਕੋਈ ਕੀਮਤ ਜਾਂ ਹੈਸੀਅਤ ਨਹੀਂ ਹੈ। ਕੋਈ ਮੰਤ੍ਰ ਕਾਲ ਥੀਂ ਨਹੀਂ ਬਚਾ ਸਕਦਾ। ਪ੍ਰਭੂ 'ਲਗਨ ਸਗਨ ਤੇ ਰਹਿਤ ਨਿਰਾਲਮ' ਹੈ 'ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ। ਭੇਖ ਕਰਤ ਕਿਨ ਹੂੰ ਨਹਿ ਪਾਯਾ। (ਬਚਿਤ੍ਰ ਨਾਟਕ)। ਭਾਵ ਲਗਨ ਸਗਨ 'ਮੰਤ੍ਰ ਯੰਤ੍ਰ' ਆਦਿ ਅਕਾਲ ਉਪਾਸ਼ਨਾ ਥੀਂ ਬੇਮੁਖ ਕਰਨੇ ਵਾਲੇ ਹਨ। ਤੰਤ੍ਰ ਮੰਤ੍ਰ ਪਾਖੰਡ ਕਰ, ਕਲਹਿ ਕ੍ਰੋਧ ਬਹੁ ਵਾਦ ਵਧਾਵੈ। (ਭਾਈ ਗੁਰਦਾਸ) ਤੰਤ ਮੰਤ ਰਾਸਾਇਣਾ ਕਰਾਮਾਤ ਕਾਲਖ (ਕਲੰਕ ਰੂਪ) ਲਪਟਾਏ (ਭਾਈ ਗੁਰਦਾਸ)। ਪਰਮ ਸ਼ੋਕ ਹੈ ਜੋ ਕਈ ਭ੍ਰਮ ਗਿਆਨੀਆਂ ਨੇ ਸਿਖਾਂ ਵਿਚ ਭੀ ਸ਼ਰਧਾ ਪੂਰਨ ਜਪੁਜੀ ਦੀਆਂ ਪੌੜੀਆਂ ਦੇ ਫਲ ਦੱਸ ਕੇ ਇੰਦਰ ਜਾਲ ਬਣਾ ਧਰੇ ਹਨ, ਜੋ ਮਹਾਨ ਅਗਿਆਨਤਾ ਹੈ। ਕਈ ਮੰਤ੍ਰ ਗੁਰੂ ਨਾਨਕ ਦੇਵ ਜੀ ਦੇ ਨਾਮ ਲੈਕੇ ਘੜ ਰਖੇ ਹਨ, ਜਿਹਾ ਕਿ 'ਡਰਕਣ ਭੂਕਣ ਬਾਂਧੀ ਗੁਰ ਸਬਦ ਬੀਚਾਰ। ਨਾਨਕ ਪੜ੍ਹਿਆ ਨਾਮਾਂ ਚਾਰ।' ਨਾਨਕ ਬਾਂਧੇ ਦੇਵਤੇ ਮਸਾਣ। ਐਸੀਆਂ ਤੁਕਾਂ ਪੜ੍ਹਕੇ ਆਖਣਗੇ 'ਫੁਰੋ ਮੰਤ੍ਰ ਸ਼ਬਦ ਸਾਚਾ ਪਿੰਡ ਕਾਚਾ, ਜਨ ਨਾਨਕ ਤੇਰੀ ਬਾਚਾ। ਪੁਨਾ-'ਓਅੰ ਹਾਕਣੀ ਡਾਕਣੀ ਝਾਕਣੀ ਸੰਘਾਰੀ। ਸ੍ਰੀ ਗੁਰੂ ਨਿਰੰਕਾਰ ਕੇ ਸ਼ਬਦ ਸੇ ਬਾਂਧੇ ਡਾਰੀ ਐਸੀਆਂ ਮਨ-ਘੜਤ ਤੁਕਾਂ ਪਰ ਕਦੀ ਨਾ ਭੁਲੋ। ਇਹ ਪਾਖੰਡੀਆਂ ਦੇ ਜਾਲ ਹਨ।

ਨੋਟ-ਪ੍ਰਿਥਮ ਅਧਿਆਇ ਦੀ ਸੰਪੂਰਨਤਾ ਪਰ ਲਿਖਿਆ ਹੈ 'ਸ੍ਰੀ ਕਾਲ ਜੀ ਕੀ ਉਸਤਤ ਪ੍ਰਿਥਮ ਧਿਆਇ ਸੰਪੂਰਨ ਸੁਭ ਮਸਤ' ਅਫਜੂ ॥ ੧੧੦ ॥ ਸੋ ਪ੍ਰਿਥਮ ਧਿਆਇ ਮਹਾਂਕਾਲ ਕਾਲਕਾ ਦਾ ਨਾਟਕ ਹੈ। ਸੁਭ ਮਸਤ ਤੋਂ ਭਾਵ ਹੈ ਖੂਬ ਨਿਭਿਆ ਜਿਵੇਂ ਕਿ ਨਾਇਕ ਕਹਿੰਦੇ ਹਨ, ਖੂਬ! ਖੂਬ!! ਅਫਜੂ ਤੋਂ ਭਾਵ ਹੈ, ਪਿਛਲਾ ਜੋੜ ਯਾਂ ਚਲਦਾ ਪ੍ਰਸੰਗ।

## ਅਧਿਆਇ ਦੂਜਾ

'ਤੁਮਰੀ ਮਹਿਮਾਂ' ਤੋਂ ਚੌਪਈ ਦਾ ਇਕੋ ਬੰਦ ਹੈ। ਇਸ ਧਿਆਇ ਵਿਚ ਸੋਢ ਬੰਸ ਉਤਪਤੀ ਚਿਤ੍ਰ (ਨਾਟਕ) ਹੈ। ਓਅੰਕਾਰ ਜੀ ਉਤਪਤੀ (ਜਿਵੇਂ ਕੁਨ ਥੀਂ) ਦਸੀ

Digitized by Panjab Digital Library | www.panjabdigilib.org

ਹੈ। ਪਹਿਲਾ ਪੁਰਸ਼ ਕਾਲ ਸੈਣ (ਬਾਬਾ ਆਦਮ ਯਾਂ ਸ਼ਿਵ ਜੀ ਦੀ ਤਰਾਂ) ਉਪਰੰਤ 'ਕਾਲ ਕੇਤ, ਕੂਰ ਬਰਸ, ਕਾਲ ਧੁਜ, ਪ੍ਰਜਾਪਤ, ਪੁਰਖ '(ਹਜ਼ਾਰ ਅਖਾਂ ਪੈਰਾਂ ਵਾਲਾ, ਇਸ ਨੂੰ 'ਸ਼ੇਖ ਸਾਂਈ' ਸਮੁੰਦਰ ਵਾਸੀ, ਸ਼ੇਸ਼ ਨਾਗ ਦੀ ਛੇਜਾ ਕਰ ਕੇ ਸੁਤਾ ਪਿਆ (ਵਿਸ਼ਨ ਪੁਰਾਣ ਦੀ ਕਥਾ ਅਨੁਸਾਰ, ਮੰਨਿਆਂ ਹੈ। ਵਿਸ਼ਨੂੰ ਨੇ ਇਕ ਕੰਨ ਵਿਚੋਂ ਮਧ ਦੈਤਾ, ਜਿਸ ਤੋਂ ਮੇਧਨੀ ਭਾਵ ਉਸੇ ਦੀ ਮਿੱਝ ਥੀਂ ਧਰਤੀ ਕੈਟਬ ਥੀਂ ਉਤਪਤੀ ਆਦਿ ਦਸੀ ਹੈ ਪ੍ਰਜਾਪਤਿ ਯਾਂ ਦੱਖਯ ਦੀਆਂ ਚਾਰ ਲੜਕੀਆਂ ਸਨ (ਬਿਨਤਾ, ਕਦ੍ਰੂ, ਦਿਤ, ਆਦਿਤ)। ਇਹ ਚਾਰੇ ਕਸ਼ੱਯਪ ਰਿਖੀ ਨੇ ਬਰੀਆਂ, "ਕਦ੍ਰੂ ਤੋਂ ਸਰਪਾਂ ਦੀ ਕੁਲ, ਬਿਨਤਾ ਤੋਂ ਗਰੜ ਪੰਛੀ ਆਦਿ, ਦ੍ਰਿਤੀ ਤੋਂ ਦੈਂਤ ਔਰ ਆਦਿਤੀ ਤੋਂ ਦੇਵਤੇ ਅਥਵਾ ਚੰਦ੍ਰ, ਸੂਰਜ ਵੰਸੀ ਹੋਏ। ਅਗੇ ਕਈ ਰਾਜਿਆਂ ਦੀਆਂ ਪੀੜ੍ਹੀਆਂ ਗਿਣੀਆਂ ਹਨ। ਅਖੀਰ ਰਾਜਾ ਅਜ ਤੋਂ ਜਸਰਥ, ਰਾਮ ਚੰਦਰ, ਲਊ, ਕੁਸ਼ੂ। ਇਸ ਤੋਂ ਅਗੇ 'ਕਾਲਕੇਤ' ਲਊ ਥੀਂ ਕਾਲ ਰਾਇ। ਲਊ ਤੋਂ ਲਾਹੌਰ ਅਰ ਕੁਸ਼ੂ ਦੇ ਨਾਮ ਪਰ ਕਸੂਰ ਸ਼ਹਿਰ ਵਸੇ। ਕਾਲ ਕੇਤ ਨੇ ਕਾਲ ਰਾਇ ਲਾਹੌਰੀ ਨੂੰ ਜੰਗ ਕਰਕੇ ਨਠਾਇਆ, ਓਹ ਭੱਜਕੇ ਸਨੌਤ(ਇਲਾਕਾ ਮਥਰਾ, ਭਰਤ ਪੁਰ ਆਦਿ) ਜਾ ਬਸਿਆ। ਇਥੋਂ ਸੋਢ ਵੰਸ ਚਲਾਈ ਹੈ। ਤਾਕਤ ਪਾ ਕੇ ਸੋਢੀਆਂ ਨੇ ਲਾਹੌਰ ਔਰ ਕਸੂਰ ਪਰ ਧਾਵਾ ਕਰਕੇ ਕਾਲ ਰਾਇ ਵੰਸੀਆਂ ਨੂੰ ਜੰਗ ਕਰਕੇ ਨਠਾ ਦਿਤਾ। ਦਸਿਆ ਹੈ ਕਿ ਇਸ ਜੰਗ ਦਾ ਕਾਰਨ ਕੇਵਲ ਧਨ ਭੂਮ ਦਾ ਵੈਰ ਸੀ। ਲਊ ਵੰਸੀ ਜਿੱਤੇ ਔਰ ਕੁਸ਼ੂ ਵੰਸੀ ਹਾਰ ਕੇ ਕਾਂਸ਼ੀ (ਬਨਾਰਸ) ਜਾ ਬਸੇ, ਉਥੇ ਜਾ ਕੇ ਵੇਦ ਪੜ੍ਹਨ ਕਰ ਕੇ ਵੇਦ ਪਾਠੀ ਨਾਮ ਸੇ ਵੇਦੀ ਕਹਾਏ।

ਨੋਟ:-ਇਸ ਪ੍ਰਸੰਗ ਦੇ ਲਿਖਣੇ ਦਾ ਇਹੋ ਭਾਵ ਜਾਪਦਾ ਹੈ ਕਿ ਸੋਢੀ ਔਰ ਵੇਦੀ ਚੰਦਰ ਵੰਸੀ ਯਾਂ ਰਾਮ ਚੰਦ੍ਰ ਜੀ ਦੀ ਕੁਲ ਵਿਚੋਂ ਸਨ, ਔਰ ਵੇਦ ਧਰਮ ਦੇ ਪ੍ਰਚਾਰਕ ਸਨ।

ਸੋ ਗੁਰਮਤ ਵਿਚ ਉਚੀ ਕੁਲਾਂ ਦਾ ਕੋਈ ਮਾਣ ਨਹੀਂ ਹੈ, ਔਰ ਨਾ ਹੀ ਵੇਦ ਪਾਠ ਦੀ ਕੋਈ ਪ੍ਰਭਤਾ ਹੈ। ਸੋਢੀਆਂ ਵੇਦੀਆਂ ਦੇ ਪ੍ਰਸੰਗਾਂ ਤੋਂ ਇਹ ਸਿਖਿਆ ਮਿਲਦੀ ਹੈ ਕਿ ਉਨਾਂ ਨੇ ਆਪਸ ਵਿਚ ਦੀ ਲੜ ਭਿੜ ਕੇ ਰਾਜ ਗਵਾ ਲੀਤਾ ਸੀ। ਇਹ ਕੋਈ ਸਿਖ ਇਤਿਹਾਸ ਨਹੀਂ ਹੈ।

## ਅਧਿਆਇ ਦੂਜਾ

ਚੌਪਈ 'ਤੁਮਰੀ ਮਹਿਮਾਂ ਤੋਂ ਅਗੇ' ਕਠਨ ਪਦ ਅੰਕ ੧ ਤੋਂ ਲਾਕੇ ੩੬ ਤੀਕਰ

ਮੂਕ=ਗੂੰਗਾ। ਬਧਰੋ=ਬੋਲਾ। ਸਹਸ=ਹਜ਼ਾਰ। ਰਟਤ=ਕਹਿੰਦਾ। ਬਿਰਧ=ਮੋਟਾ। ਛੋਰ=ਖੋਲ੍ਹਕੇ ਯਾਂ ਛਡ ਕੇ। ਪ੍ਰਿਥਮ ਕਾਲ=ਰਚਨਾ। ਕਾਲ ਸੈਣ=ਵਿਸ਼ਨੂੰ। ਅਨੂਪਮ=ਅਤਿ ਸੁੰਦਰ। ਕਾਲ ਕੇਤ=ਬ੍ਰਹਮਾਂ। ਕਰ ਬਰਸ=ਸ਼ਿਵ। ਕਾਲ ਧੁਜ= ਸੈਂਹਾਂ ਵਿਸ਼ਨੂੰ (ਕਲਪਤ ਈਸ਼੍ਵਰ)। ਸ਼ੇਖ ਸਾਂਈਂ=ਜਗਤ ਪਾਲਕ ਵਿਸ਼ਨੂੰ। ਕਕ੍ਰਿਤ=ਖੋਟੇ। ਬਿਨਤਾ=ਚਾਰ ਲੜਕੀਆਂ ਦੇ ਨਾਮ। ਬਰੀਆਂ=ਵਿਵਾਹੀਆਂ। ਨਾਗਰਿਪ=ਗਰੜ। ਮਹਾਂਰਥੀ=ਅਤੀ ਸੂਰਮਾਂ।

Digitized by Panjab Digital Library | www.panjabdigilib.org

ਰਾਜਪਾਟ=ਰਾਜ ਗੱਦੀ। ਤੀਨ ਤ੍ਰਿਆਨ= ਕੌਸ਼ਲਿਆ, ਸੁਮਿਤ੍ਰਾ, ਕੇਕਈ। ਸ਼ਤ੍ਰੂ ਬਿਦਾਰ=ਸ਼ਤ੍ਰੂ ਘਨ। ਦੇਨਾ=ਲਉ, ਕੁਸ਼ੂ। ਛਾਜਾ=ਫਬਿਆ।
ਮਧਰ ਦੇਸ=ਪੰਜਾਬ। ਏਸ਼੍ਵਰਜਾਂ=ਸ਼ਾਹ ਜ਼ਾਦੀਆਂ। ਪੁਰ=ਸ਼ਹਿਰ।
ਨਿਰਖ=ਦੇਖਕੇ। ਅਮਰਾਵਤੀ=ਸ੍ਵਰਗ। ਭੂਪਜਾ=ਸ਼ਾਹਜਾਦੀ। ਸਨੌਢ=ਦੇਸ। ਅੱਤ੍ਰ=ਚਵਰ। ਪੱਤ੍ਰ=ਛੱਤ੍ਰ।
ਰਾਜਸੂਅ=ਰਾਜੇ ਜਿੱਤ। ਦੇਸੇਸ੍ਵਰਾਂ= ਰਾਜਿਆਂ। ਬਾਜ ਮੇਧ=ਬੱਘੀ ਘੋੜਾ। ਬਨੈਤ=ਕੇਸ਼ ਧਾਰੀ। ਘੇਰਾ=ਲਾਲਚ ਸਮਾਰਾ=ਕਾਲ ਗਤੀ।

ਨੋਟਃ—ਲਛਮਣ* ਸਮਿਤ੍ਰਾ ਰਾਣੀ ਦਾ ਪੁਤਰ ਸੀ, ਇਸ ਨੂੰ ਸ਼ੇਸ਼ ਨਾਗ ਦਾ ਅਵ-ਤਾਰ ਲਿਖਿਆ ਹੈ। ਜਨਕ ਦੀ ਛੋਟੀ ਪੁਤ੍ਰੀ ਉਰਮਿਲਾ ਨਾਲ ਇਸ ਦੀ ਸ਼ਾਦੀ ਹੋਈ, 'ਪਰ ਜਤੀਆਂ ਵਿਚ ਇਸ ਨੂੰ ਗਿਣਦੇ ਹਨ।' ਜਨਕ ਦੇ ਭ੍ਰਾਤਾ 'ਕੁਸ਼ਧ੍ਵਜ' ਦੀਆਂ ਪੁਤ੍ਰੀਆਂ ਭਰਤ ਔਰ ਸ਼ਤ੍ਰੂ ਘਨ ਨਾਲ ਵਿਆਹੀਆਂ ਗਈਆਂ ਸਨ।

## ਤੀਜਾ ਧਿਆਇ

ਭੁਜੰਗ ਪ੍ਰਯਾਤ ਛੰਦ 'ਰਚਾ ਬੈਰ' ਅੰਕ ੧ ਤੋਂ ੧੮ ਤੀਕ 'ਕਠਨ ਪਦ'

ਬਿਧਾਤੇ=ਫਲ ਦਾਤਾ। ਅਗੇ ਕਾਮ ਕਰੋਧ ਲੋਭ ਆਦਿ ਦਾ ਨਾਟਕ ਲਿਖਿਆ ਹੈ। ਬੀਰ ਔਰ ਬਿਭਰਸ ਮਿਲਵੇਂ ਛੰਤ ਹਨ।

ਖਪਰੀ=ਤਲਵਾਰ। ਬੈਤਾਲ=ਭੂਤਨੇ। ਈਸ=ਸ਼ਿਵ। ਢਾਕਣੀ=ਡੈਣਾ। ਡਉਰੂ= ਸ਼ਿਵ ਬਾਜਾ। ਕਹੂੰਕੰ=ਬੋਲਦੇ। ਚਵੀ= ਬੋਲਦੀ। ਗੁਬੀ=ਗੁੰਨੀ। ਬਹੇ= ਫਿਰਦੇ। ਜੂਥ=ਇਕੱਠਾ। ਤੂੰਡ ਮੁੰਡ=ਵਢੇ ਟੁੱਕੇ। ਉਭੈ=ਦੋਨੋਂ। ਉਰਧ=ਉਪਰ। ਡਾਰੇ=ਪਾਏ। ਖੋਲ੍ਹ= ਟੋਪ। ਪਿੰਗ=ਧਨੁਸ਼। ਖਤੰਗ= ਬਾਣਾ। ਖੇਤ=ਜੁਧ ਭੂਮੀ। ਖੰਗਾ= ਖੰਡੇ। ਨਿਖੰਗ=ਭੱਥੇ। ਚਾਵੜੀਆਂ= ਇੱਲਾਂ। ਚਵਦੀਆਂ=ਬੋਲਦੀਆਂ। ਡਾਕ=ਕੂਕਾ ਰੌਲੀ। ਬਕਾਰਦੇ=ਬੋਲਦੇ। ਬੀਰ=ਬਵੰਜਾ। ਬੈਕੋ=ਟੇਢੇ। ਬਿਹਾਰੰ= ਫਿਰਦੇ। ਗਾਢੇ=ਤਕੜੇ। ਮੰਡੇ= ਫਬੇ। ਹੱਕੰ=ਧਰਤੀ ਹਿੱਕੀ। ਸਰੋਹੀ= ਤਲਵਾਰ। ਕਾਤੀ=ਛੁਰੀਆਂ। ਸੇਲੇ= ਨੇਜੇ। ਸਾਰਾਂ=ਬਰਛੀਆਂ। ਰੇਲ ਪੇਲ=ਧੱਕ ਮਧੱਕਾ। ਸਰੋਖ ਗੁੱਸੇ। ਬਜਦੇ=ਲੜਦੇ। ਕਾਨ=ਕਨੌਡ। ਹਾਕਾਂ=ਲਲਕਾਰੇ। ਰੇਲ ਦੇ=ਧਕਦੇ। ਹੂਰਅੰ=ਅਪੱਛਰਾਂ। ਬਿਰੁਧ=ਜੁਧ ਭੂਮੀ। ਹਰੋਲਾ=ਟੋਲਾ। ਨਿਸਾਣ=ਧੌਂਸੇ। ਅਜਾਤ=ਬੇਖਬਰੇ ਨਿਸ਼ੰਕ। ਬਿਰੁਧ= ਜੁਧ। ਰਾਜਿਯੰ=ਫਬਾਉਂਦੇ। ਮੇਘ= ਬਦਲ। ਬਾੜ=ਮਾਰ। ਸਿਧਾਰ= ਚਲੇ। ਦੇਵ ਲੋਕ=ਸ੍ਵਰਗ।

## ਕਠਨ ਪਦ ਅੰਕ ੧੯ ਤੋਂ ੫੨

• ਤੂੰਦ=ਤ੍ਰਿਖੇ। ਨਦ=ਧੌਂਸੇ। ਨਿਰ ਬਿਖਾਦ=ਅਖੰਡ। ਹਕੇ ਬਕੇ= ਹੈਰਾਣ। ਦੀਰ=ਵੱਡਾ। ਪ੍ਰਯੋਗ= ਸ਼ਸਤ੍ਰ। ਪ੍ਰਹਾਰ=ਮਾਰਨਾ। ਰਕਤ= ਲਹੂ। ਗੈਣ=ਆਕਾਸ਼। ਖਪਰ ਵਾਲੀ=ਕਾਲੀ ਦੇਵੀ (ਮਹਾਂਕਾਲੀ)। ਮੁੰਦੇ=ਜੁੜੇ। ਛਕੰ=ਸਜੌਟ। ਚਿਰੋ= ਕਰੋਧਵਾਨ। ਰੁਕੇ=ਬਿੰਨੇ। ਢਹੇ=

Digitized by Panjab Digital Library | www.panjabdigilib.org

ਆਸਰਾ ।ਤਾਜੀ=ਘੋੜੇ। ਰੌਦ੍ਰਰਸ=ਬੀਰ ਰਸ। ਪਲੰਹਾਰ=ਮਾਂਸਹਾਰੀ। ਢੀਠ=ਹਠੀ। ਮਹਾਂ ਦੇਵੀ=ਦੁਰਗਾ। ਅੰਸ=ਹਿਸਾ। ਗਾਢਾ=ਡੂੰਘਾ। ਗਜਗਾਂਹ=ਸ਼ਸਤ੍ਰ, (ਘੋੜ ਸਵਾਰ)। ਗਜ=ਹਾਥੀ। ਰੁਝੇ=ਫਸੇ। ਗਾਜ਼ੀ=ਬਹਾਦਰ। ਜੂਹ=ਟੋਲੇ। ਮਤ=ਮਸਤੀ। ਮਦ=ਹੰਕਾਰ। ਬੇਗ=ਛੇਤੀ। ਬਾੜ=ਝੜਾਈ। ਗੰਦੋਰੀ=ਜਲ ਜੁਲਾਹਾ। ਅਭੂਤ=ਅਸਚਰਜ। ਭੇਰੀ=ਪੀਪਨੀਆਂ। ਨਿਸ਼ਾਨ=ਢੋਲ। ਤਛੇ=ਛਿਲੇ। ਐਠ ਵਾਰੇ=ਆਕੜ ਖਾਂ। ਘੁਟੇ=ਸਨਦੱਧ। ਲੋਹੇ=ਸ਼ਸਤ੍ਰ। ਕੂਹ=ਕੂਕਾਂ। ਜੂਹ=ਸਮੂਹ। ਸਮਰ=ਜੰਗ। ਸਾਰ=ਲੋਹਾ। ਬਿਚਰਦੇ=ਫਿਰਦੇ। ਖੱਤ੍ਰੀ=ਸੂਰਮੇ। ਝੰਮਣ=ਚਮਕਣ। ਬ੍ਰਿਤਰਾਸੰ=ਦੈਂਤਾਂ ਦਾ ਰਾਜਾ ਬ੍ਰਿਖ ਪ੍ਰਭਾ। ਬਸੰਤ=ਹੋਲੀ। ਮਾਹੰਤ=ਵਡੇ। ਰੁਝੇ=ਮਿਲੇ। ਬਰਮਾਂ=ਸੰਜੋਆਂ। ਚਰਮਾਂ=ਢਾਲਾਂ। ਮਖੰ=ਮਾਰੇ। ਪਰਮ=ਵਡੀਆਂ। ਬੰਦੀ=ਸੁੰਦਰ। ਢਕਾ ਢੁਕ-ਵੱਢ ਟੁਕ। ਹਾਲ ਚਾਲ=ਦੋਹਾਈ। ਸੰਗ੍ਰਾਮ=ਜੁੱਧ। ਮੰਡਿ=ਠਾਣਿਆ। ਭਟਨ=ਸੂਰਮੇ ਆ ਹੁਟ=ਆਣ ਕੱਠੇ ਹੋਏ। ਸਰ=ਸੀਸ। ਧੂਮ=ਅਗਿਨ। ਸੂਰ ਸੂਰਿ ਧਾਮਾਂ=ਸੂਰਜ ਦਾ ਘਰ ਸੁਰਗ ਪੁਰੀ। ਪ੍ਰਭਾ=ਸੋਭਾ। ਚਤਰ=ਚਾਰ ॥ ੫੨ ॥ ਅਫਜੂ ੧੮੯ ॥

ਨੋਟ-ਅਗੇ ਸੋਢੀਆਂ ਵੇਦੀਆਂ ਦੇ ਆਪਸ ਵਿਚ ਦੀ ਵੈਰ ਵਿਰੋਧ ਦੇ ਝਗੜਿਆਂ ਦੇ ਜੰਗਾਂ ਦਾ ਪ੍ਰਸੰਗ ਹੈ। ਜਿਸ ਦਾ ਸਿਟਾ 'ਲਵੀ ਸਰਬ ਜੀਤੇ, ਕੁਸੀ ਸਰਬ ਹਾਰੇ' ਹੈ ਜੋ ਬਚੇ ਉਹ ਕਾਂਸੀ (ਬਨਾਰਸ) ਵੇਦ ਪੜ੍ਹਨੇ ਜਾ ਲਗੇ। ਨਾਟਕ ਦੇ ਇਸ ਅਧਿਆਇ ਵਿਚੋਂ ਜੰਗ ਕਰਨੇ ਦੀ ਸਿਖਿਆ ਮਿਲਦੀ ਹੈ ਪਰ ਇਹ ਧਾਰਮਕ ਜੰਗ ਨਹੀਂ ਹੈਨ ਬਲਕਿ ਧਨ ਭੂਮ ਦਾ ਲਾਲਚ ਔਰ ਪਰਸਪਰ ਵੈਰ ਵਾਦ ਹਨ।

## ਮਨੋ ਜੁਧ ਇੰਦ੍ਰ ਜੁਟਿਓ ਬ੍ਰਿਤਾਸੁਰ

ਕਥਾ ਹੈ ਕਿ ਬ੍ਰਿਤਾਸੁਰ ਕੌਣ ਸੀ? ਇੰਦ੍ਰ ਦੇ ਹੰਕਾਰੀ ਹੋਣ ਪਰ ਦੇਵਤਿਆਂ ਦਾ ਗੁਰੂ ਬ੍ਰਹਸਪਤਿ ਇੰਦ੍ਰ ਪਰ ਇਕ ਵਾਰ ਨਾਰਾਜ਼ ਹੋ ਗਿਆ। ਜਿਸ ਕਾਰਨ ਦੈਂਤਾਂ ਨੇ ਆਪਣੇ ਗੁਰੂ 'ਬ੍ਰਿਖ ਪ੍ਰਭਾ' ਦੀ ਮੱਦਦ ਨਾਲ ਹੱਲਾ ਬੋਲ ਦਿਤਾ, ਅਗੋਂ ਗੁਰੂ ਤੋਂ ਬੇ-ਮੁਖ ਹੋਇਆ ਇੰਦਰ ਬ੍ਰਹਮਾਂ ਪਾਸ ਨਠਿਆ ਗਿਆ। ਬ੍ਰਹਮਾਂ ਨੇ ਕਿਹਾ ਕਿ ਪਹਿਲਾਂ ਤੂੰ ਤ੍ਰਸਟਾ ਨਾਮੀ ਬ੍ਰਾਹਮਣ ਨੂੰ 'ਗੁਰੂ' ਧਾਰਨ ਕਰ! ਨਿਗੁਰੇ ਦੀ ਕੋਈ ਮੱਦਦ ਨਹੀਂ ਹੁੰਦੀ.ਅਗੋਂ ਤ੍ਰਿਸਟਾ ਨੇ ਕਿਹਾ ਕਿ ਮੇਰੇ ਪੁਤ੍ਰ ਬਿਸ੍ਵ ਨੂੰ ਗੁਰੂ ਧਾਰਨ ਕਰੋ! ਇਕਰ ਇੰਦਰ ਨੇ ਬਿਸ੍ਵ ਨੂੰ ਗੁਰੂ ਧਾਰ ਕੇ ਭਾਰੀ ਯੱਗ ਆਰੰਭਿਆ। ਚੂੰਕਿ ਬਿਸ੍ਵ ਇਕ ਦੈਂਤਣੀ ਦਾ ਪੁਤ੍ਰ ਸੀ, ਦੈਂਤਾਂ ਨੇ ਕਿਹਾ ਕਿ ਤੂੰ ਸਾਡਾ ਸਾਕ ਹੈਂ, ਯਗ ਵਿਚ ਇਕ ਅਹੂਤੀ ਸਾਡੇ ਨਾਮ ਦੀ ਭੀ ਪਾ ਦਿਆ ਕਰੀਂ। ਐਸਾ ਕਰਨੇ ਪਰ ਬਿਸ੍ਵ ਦੀ ਬੇਈਮਾਨੀ ਦਾ ਪਤਾ ਇੰਦਰ ਨੂੰ ਲਗ ਗਿਆ, ਇੰਦਰ ਨੇ ਕ੍ਰੋਧ ਵਸ ਹੋ ਕੇ ਆਪਣੇ ਗੁਰੂ ਬਿਸ੍ਵ ਦਾ ਸਿਰ ਵਢ ਦਿਤਾ। ਜਿਸ ਪਰ ਬਿਸ੍ਵ ਦੇ ਪਿਤਾ ਤ੍ਰਿਸਟਾ ਨੇ ਕ੍ਰੋਧ ਵਸ ਹੋਕੇ ਹਵਨ ਕਰਕੇ ਮੰਤ੍ਰਾਂ ਦੇ

Digitized by Panjab Digital Library / www.panjabdigilib.org

ਬਲ ਨਾਲ ਬ੍ਰਿਤਾਸੁਰ ਨਾਮੀ ਦੈਂਤ ਇੰਦ੍ਰ ਨਾਲ ਜੰਗ ਕਰਨ ਹਿਤ ਪੈਦਾ ਕੀਤਾ, ਉਸ ਦੈਂਤ ਤੋਂ ਡਰਦਾ ਮਾਰਿਆ ਇੰਦਰ ਵਿਸ਼ਨੂੰ ਪਾਸ ਗਿਆ। ਉਸ ਨੇ ਕਿਹਾ ਕਿ ਬ੍ਰਿਤਾਸੁਰ ਰਿਖੀ ਦਧੀਚ ਦੀ ਹੱਡੀਆਂ ਦੇ ਬਣੇ ਧਨੁਖ ਨਾਲ ਹੀ ਮਰ ਸਕਦਾ ਹੈ। ਸੋ ਇੰਦਰ ਨੇ ਉਸ ਧਨੁਸ਼ ਨਾਲ ਬ੍ਰਿਤਾਸੁਰ ਨੂੰ ਮਾਰਿਆ। ਉਕਤ ਲੰਬੀ ਕਥਾਵਾਂ ਹਨ ਸ੍ਰੀ ਮਤ ਭਾਗਵਤ ਦੇ ਸਕੰਧ ੬ ਅਧਿਆਇ ਸਤਵੇਂ ਵਿਖੇ ਅੰਕ ਸੱਤ ਤੋਂ ਬਾਰਾਂ ਤੀਕਰ ਲਿਖੀ ਮਿਲਦੀ ਹੈ, ਉਥੋਂ ਵਿਚਾਰੋ।

ਨੋਟ:—ਇਕ ਹੋਰ ਕਥਾ ਹੈ ਕਿ ਇੰਦਰ ਦਾ ਸ਼ਸਤ੍ਰ ਵੱਜਰ (ਪਥਰ ਰੂਪ) ਹੈ। ਇਸ ਬਾਰੇ ਕਈ ਲੇਖ ਹਨ। ਇਕ ਹੋਰ ਕਥਾ ਹੈ, ਉਸ ਵਿਚ ਬੱਜਰ ਦਧੀਚ ਦੀ ਹੱਡੀਆਂ ਦਾ ਦਸਿਆ ਹੈ ਕਿ ਦਧੀਚ ਵਿਚ ਇਹ ਸ਼ਕਤੀ ਸੀ ਕਿ ਉਸ ਨੂੰ ਦੈਂਤ ਵੇਖਣ ਸਾਰ ਹੀ ਨੱਠ ਜਾਂਦੇ ਸਨ। ਬੱਜਰ ਕਿਵੇਂ ਬਣਿਆਂ ? ਬ੍ਰਿਤਾਸੁਰ ਦੇ ਮਾਰਨ ਹਿਤ ਇੰਦਰ ਦਧੀਚ ਨੂੰ ਭਾਲਣੇ ਗਿਆ ਸੀ, ਪਰ ਅਗੋਂ ਓਹ ਮਰ ਚੁਕਿਆ ਸੀ। ਇੰਦਰ ਨੇ ਭਾਲ ਕੇ ਉਸ ਦੇ ਸਿਰ ਦੀ ਹਡੀ ਪੁਸਕਰ ਖੇਤ੍ਰ ਵਿਚੋਂ ਚੁਕ ਲਿਆਂਦੀ, ਉਸ ਹਡੀ ਦਾ ਸ਼ਸਤ੍ਰ ਵੱਜਰ ਬਣਿਆਂ। ਮਤਸ ਪੁਰਾਣ ਇਸ ਕਥਾ ਤੋਂ ਉਲਟ ਹੈ, ਓਹ ਕਹਿੰਦਾ ਹੈ ਕਿ ਵਿਸ਼ਕ੍ਰਮਾਂ ਨੇ ਸੂਰਜ ਨੂੰ ਖ਼ਾਦ ਕੇ ਵੱਜਰ ਬਣਾਇਆ ਔਰ ਛਿਲੜਾ ਦਾ ਸ਼ਿਵ ਜੀ ਦਾ ਤ੍ਰਿਸੂਲ ਔਰ ਵਿਸ਼ਨੂੰ ਦਾ ਸੁਦਰਸ਼ਨ ਚੱਕ੍ਰ ਬਣਿਆਂ।

ਵਾਮਨ ਪੁਰਾਣ ਆਖਦਾ ਹੈ ਕਿ ਇੰਦਰ ਨੇ ਦਿਤੀ ਦੇ ਗਰਭਵਾਸ ਵਿਚ ਜਾ ਕੇ ਉਥੋਂ ਉਸ ਨੂੰ ਮਾਸ ਦਾ ਲੋਥੜਾ ਮਿਲਿਆ ਜੋ ਖਿਚਣ ਔਰ ਦਬੋਣ ਨਾਲ ਸੌ ਗੰਢਾਂ ਵਾਲਾ ਕੋਰੜਾ (ਰੱਸਾ, ਛੈਂਟਾ) ਹੋ ਗਿਆ। ਕਿਸੇ ਨੇ ਕਿਹਾ ਕਿ ਇੰਦਰ ਦਾ ਬੱਜਰ ਬਿਜਲੀ ਪੱਥਰ ਹੈ। ਸੋ ਅਸਲੀਅਤ ਨੂੰ ਲਿਖਣੇ ਵਾਲੇ ਜਾਨਣ।

ਇਹ ਭੀ ਇਕ ਲੇਖ ਹੈ ਕਿ ਪਹਿਲਾਂ ਪਹਾੜ ਖੰਭਾਂ ਵਾਲੇ ਹੁੰਦੇ ਸਨ, ਜਿਸ ਕਾਰਨ ਹਰ ਇਕ ਨੂੰ ਜਾ ਦਬੋਂਦੇ ਸਨ। ਇੰਦਰ ਨੇ ਆਪਣੇ ਬੱਜਰ ਨਾਲ ਉਨਾਂ ਦੇ ਖੰਭ ਤੋੜ ਸੁਟ, ਤਾਂ ਜਾ ਕੇ ਇਹ ਟਿਕੇ। ਪਰ ਖੰਭ ਤੋੜਨ ਵੇਲੇ ਇਕ 'ਮੇਨਕਾ' ਨਾਮਕ ਪਹਾੜ ਸਮੁੰਦਰ ਵਿਚ ਜਾ ਛੁਪਿਆ ਸੀ, ਓਹ ਖਬਰੇ ਹੁਣ ਕਿਥੇ ਹੈ ?

ਪਹਾੜਾਂ ਦੇ ਖੰਭ ਤੋੜਨ ਕਰ ਕੇ ਹੀ ਇੰਦਰ ਦਾ ਖਿਤਾਬ 'ਨਗਾਹਿਪ' ਹੈ।

## ਚੌਥਾ ਅਧਿਆਇ

'ਜਿਨੈ ਬੇਦ ਪਠਯੋ' ਕਠਨ ਪਦ ਅੰਕ ੧ ਤੋਂ ਲਾ ਕੇ ੧੦ ਤੀਕ—

ਕਾਗਦ=ਪਤ੍ਰਕਾ। ਪਠੋ=ਭੇਜੀ।
ਮੁਕਲਿਯੋ=ਘਲਿਆ। ਦੂਤ=ਦਾਸ।
ਭਾਖ=ਕਹਿ। ਪ੍ਰਣਾਮ=ਨਿਮਸ਼ਕਾਰ।
ਭਾਵ ਹਬੰ=ਭੱਦ੍ਰਾ ਮੂੰਦ੍ਰਾਂ ਕਰਮ।
ਰੀਝਤ=ਸਾੜ੍ਹਾ। ਪਾਗੇ=ਮਿਲੇ।
ਅਗ਼ਿਲ=ਛੰਤ ਦਾ ਨਾਮ। ਹੁਲਸਾਇ=ਖੁਸ਼ੀ। ਸਮਾਜ=ਪਦਾਰਥ।
ਭੂਅ=ਧਰਤੀ। ਕਲਨਹਿ=ਬਨਵਾਸ।

## ਜਿਨੈ ਬੇਦ ਪਠਿਯੋ ਸੁ ਵੇਦੀ

ਵੇਦ ਪੜ੍ਹਨਾ ਬ੍ਰਾਹਮਣਾਂ ਦਾ ਕਰਮ ਹੈ। ਕੀ ਜੋ ਹੁਣ ਵੇਦ ਨਾ ਪੜ੍ਹੇ ਉਹ ਵੇਦੀ ਨਹੀਂ ਹੋ ਸਕਦਾ ? ਵੇਦ ਪਾਠ ਸੇ ਪਾਪਾਂ ਦਾ ਨਸ਼ਟ ਹੋਣਾ ਗੁਰਮਤ ਵਿਰੁਧ ਸਿਧਾਂਤ ਹੈ,

Digitized by Panjab Digital Library | www.panjabdigilib.org

ਇਹ ਲਾਲਚ ਔਰ ਵੇਦਾਂ ਦਾ ਗੁਝਾ ਪ੍ਰਚਾਰ ਹੈ। ਇਹ ਇਕ ਟਪਲਾ ਹੈ ਕਿ ਸੋਢੀਆਂ ਦੇ ਪਾਪ ਵੇਦ ਸੁਣਕੇ ਨਸ਼ਟ ਹੋਏ ਸਨ। ਇਹ ਭੀ ਗੁਰਮਤ ਸਿਧਾਂਤ ਨਹੀਂ ਹੈ ਕਿ ਵੇਦੀਆਂ ਨੇ ਸੋਢੀਆਂ ਨੂੰ ਗੁਰੂ ਗੱਦੀ ਬਖਸ਼ੀ, ਸਤਿਗੁਰੂ ਨਾਨਕ ਜੀ ਨੇ ਜੰਵੂ ਸੰਸਕਾਰ ਦਾ ਤਿਆਗ ਕਰਕੇ ਹਿੰਦੂ ਵੇਦੀ ਧਰਮ ਨੂੰ ਗ੍ਰਹਿਣ ਹੀ ਨਹੀਂ ਕੀਤਾ। ਅਗੇ ਸ੍ਰੀ ਗੁਰੂ ਅੰਗਦ ਜੀ ਲਹਿਣੇ ਤ੍ਰੇਹਣ ਖੱਤ੍ਰੀ ਪੁਣੇ ਨੂੰ ਛੱਡ ਗੁਰ ਸਿਖ ਸਜੇ, ਉਪ੍ਰੰਤ ਤੀਜੇ ਗੁਰੂ ਜੀ ਭੱਲਿਆਂ ਵਿਚੋਂ ਨਿਕਲਕੇ ਸਿਖ ਹੋਏ। ਸਿਖ ਸਜਣ ਪਰ ਕਿਸੀ ਦੀ ਭੀ ਪਿਛਲੀ ਜ਼ਾਤ ਨਹੀਂ ਰਹਿੰਦੀ। ਐਸੇ ਹੀ ਗੁਰੂ ਕੀ ਪਿਛਲੀ ਜ਼ਾਤ ਕਲਪਣੀ ਭਾਰੀ ਭੁਲ ਹੈ, ਵੇਦਾਂ ਦੇ ਪ੍ਰਚਾਰ ਯਾਂ ਪਾਠ ਧੁਨ ਦਾ ਫਲ (ਗੁਰੂ ਨਾਨਕ ਗੱਦੀ ਕਾਲ ਰਾਇ ਵੰਸ ਤੋਂ ਆਉਣੀ) ਉਕੀ ਗਲਤ ਹੈ, ਗੁਰੂ ਗੱਦੀ ਧੁਰ ਦਰਗਾਹੀ ਦਾਤ ਪ੍ਰਾਪਤ ਵਸਤੂ 'ਜਬ ਬਰ ਦਾਨਿ ਸਮੈ ਵਹ ਆਵਾ।ਰਾਮਦਾਸ ਤਬ ਗੁਰੂ ਕਹਾਵਾ।' ਇਹ ਉੱਕਾ ਹੀ ਠੀਕ ਨਹੀਂ ਹੈ। ਗੁਰੂ ਗੱਦੀ ਦੀ ਪ੍ਰਾਪਤੀ ਤੀਜੇ ਗੁਰੂ ਜੀ ਪਾਸੋਂ ਹੋਈ, ਨਾ ਹੀ ਗੁਰੂ ਗੱਦੀ ਦਾ ਕਿਸੀ ਖਾਨਦਾਨ ਨਾਲ ਵਰਦਾਨ ਦਾ ਸਨਬੰਧ ਹੋ ਸਕਦਾ ਹੈ। ਇਹ ਸਰਾਸਰ ਝੂਠ ਹੈ ਕਿ ਕਾਲਰਾਇ ਯਾ ਕਾਲ ਕੇਤ ਆਦਿ ਕਿਸੀ ਵਿਯਕਤੀ ਨੇ ਗੁਰੂ ਗੱਦੀ ਬਖਸ਼ੀ ਹੈ।

ਤੀਜੇ ਗੁਰੂ ਜੀ ਵੇਦੀਆਂ ਵਿਚੋਂ ਨਹੀਂ ਸਨ, ਗੁਰੂ ਰਾਮਦਾਸ ਜੀ ਜਦ ਸਿਖ ਸਜੇ ਸਨ ਤਾਂ ਉਹ ਭੀ ਵੇਦੀ ਖੱਤ੍ਰੀ ਪੁਣਾ ਤਜ਼ਾਗ ਕੇ ਹੀ ਸਿਖ ਹੋਏ। ਜਦ ਸਿਖ ਦੀ ਪਿਛਲੀ ਜ਼ਾਤੀ ਪਾਤੀ ਨਹੀਂ ਰਹਿੰਦੀ ਤਾਂ ਗੁਰੂ ਕੀ ਕਿਵੇਂ ਰਹਿ ਸਕਦੀ ਹੈ ? ਯਾਂਤੇ ਕਿਸੇ ਗੁਰੂ ਜੀ ਦੀ ਪਿਛਲੀ ਜ਼ਾਤੀ ਪਾਤੀ ਕਲਪਣੀ ਗੁਰੂ ਕੀ ਭਾਰੀ ਨਿਰਾਦਰੀ ਕਰਨੀ ਹੈ। ਗੁਰੂ ਰਾਮਦਾਸ ਜੀ ਨੂੰ ਸੋਢੀ ਰਾਜਾ ਯਾਂ ਸੋਢੀ ਸੁਲਤਾਨ (ਪਾਤਸ਼ਾਹ) ਆਦਿ ਕਹਿਣਾਂ ਗੁਰਮਤ ਵਿਰੁਧ ਹੈ। ਵੈਸੇ ਭੀ ਸੋਢੀ ਪਾਤੀ ਖਤ੍ਰੀਆਂ ਵਿਚ ਕੋਈ ਉਚੀ ਪੰਗਤ ਨਹੀਂ ਮੰਨੀ ਗਈ।

ਇਸ ਪ੍ਰਸੰਗ ਵਿਖੇ ਗੁਰੂ ਸਾਹਿਬਾਨ ਨੂੰ ਵੇਦਾਂ ਦੇ ਸ੍ਰਧਾਲੂ ਹਿੰਦੂ ਸਾਬਤ ਕਰਨ ਦੀ ਕੋਸ਼ਸ਼ ਕੀਤੀ ਹੈ। 'ਤਿਲਕ ਜੰਞੂ ਰਾਖਾ ਪ੍ਰਭੁ ਤਾਕਾ' ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਦੇ ਤਿਲਕ ਜੰਞੂ ਦੀ ਰਖਿਆ ਕੀਤੀ। ਸੋ 'ਔਰੰਗਜ਼ੇਬ' ਦੀ ਜ਼ੁਲਮੀ ਤਲਵਾਰ ਅਗੇ ਆਪ ਦਾ ਸੀਸ ਵਾਰਨਾ ਮਜ਼ਲੂਮ ਹਿੰਦੂਆਂ ਪਰ ਭਾਰੀ ਅਹਿਸਾਨ ਹੈ। ਜੇ ਹਿੰਦੂ ਇਸ ਉਪਕਾਰ ਨੂੰ ਭੁਲੌਣ ਤਾਂ ਮਹਾਂ 'ਅਕ੍ਰਿਤਘਣ' ਸਿਧ ਹੋਣਗੇ। ਪਰ ਤਿਲਕ ਜੰਞੂ ਦੀ ਰਾਖੀ ਕਰਨ ਕਰਕੇ ਗੁਰੂ ਜੀ ਹਿੰਦੂ ਨਹੀਂ ਸਨ। ਜੇ ਮੁਸਲਮਾਨਾਂ ਪਰ ਹਿੰਦੂ ਉਸੀ ਤਰਾਂ ਜ਼ੁਲਮ ਕਰਦੇ; ਤਦ ਭੀ ਗੁਰੂ ਜੀ ਮਜ਼ਲੂਮ ਮੁਸਲਮਾਨਾਂ ਦੀ ਜ਼ਰੂਰ ਇਮਦਾਦ ਕਰਦੇ। ਗੁਰੂ ਜੀ ਨੇ ਜ਼ਾਤੀ ਪਾਤੀ ਤੋਂ ਉਚਿਆਂ ਰਹਿਕੇ ਹਰ ਇਕ ਦੀਨ ਦੁਖੀ ਦੀ ਰੱਛਾ ਕੀਤੀ। ਉਨਾਂ ਲਈ ਮਾਨੁਖ ਮਾਤ੍ਰ ਇਕੋ ਰੂਪ ਵਿਚ ਸੀ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਬੇਦ ਪਾਠ ਭੇਟ ਰਾਜ ਚਤੁਰਥ ਧਿਆਇ ਸਮਾਪਤ ਮਸਤੁ ਸੁਭ ਮਸਤੁ ॥ ੪ ॥ ਅਫਜੂ॥ ੧੯੯।

ਧਿਆਵਾਂ ਦੇ ਸਮਾਪਤੀ ਪਰ ਜੋ ਨੋਟ

Digitized by Panjab Digital Library | www.panjabdigilib.org

ਦਿਤੇ ਹਨ; ਪ੍ਰਸੰਗ ਸਿਧਾਂਤ ਦਾ ਪੂਰਣ ਨਿਰਣਯ ਕਰਦੇ ਹਨ। ਪਰ ਜੇ ਕੋਈ ਜਾਣ ਬੁਝ ਕੇ ਅੱਖਾਂ ਮੀਟ ਛਡੇ ਤਾਂ ਉਸ ਦੀ ਖੁਸ਼ੀ ਹੈ।

## ਪੰਜਵਾਂ ਧਿਆਇ

ਨਹਾਜ ਛੰਦ 'ਬਹੁਰ ਬਿਖਾਧ' ਕਠਨ ਪਦ ਅੰਕ ੧ ਤੋਂ ੧੬ ਤੀਕਰ—

ਕਰਮ ਕਾਲ=ਗਤੀ। ਬਿਪ੍ਰ=ਬ੍ਰਾਹਮਣ। ਦਿਜ=ਵੈਸ਼। ਬ੍ਰਿਤ=ਉਪਜੀਵਕਾ। ਰਾਇ=ਸਰੋਮਣੀ। ਪੰਥ=ਸਿਧਾਂਤ ਮਤ, ਰਸਤਾ। ਹਰੇ=ਨਾਸ। ਬੈਕੁੰਠ ਪੁਰ=ਸਚਖੰਡ, ਚਲਾਣਾ। ਲਖਾ=ਜਾਣਿਆਂ। ਸਿਧੀ=ਮੁਕਤੀ ਠਹਿਰਾਇ=ਬੈਠਾਏ, ਟਿਕੇ। ਪ੍ਰਭੂ=ਨੌਵਮ ਗੁਰੂ ਜੀ। ਇਤੀ=ਸਮਾਪਤੀ। ਸੀ=ਹਾਇ। ਸਿਰਰ=ਸਿਦਕ, ਭਰੋਸਾ। ਸਾਕਾ=ਬ੍ਰਿਤਾਂਤ। ਦਿਲੀਸ=ਦਿਲੀ ਪਤ। ਪਿਆਨ=ਚਲਾਣਾ।

## ਹਰਿ ਗੋਬਿੰਦ ਤਿਹ ਠਾਂ ਠਹਿਰਾਏ

ਪ੍ਰਿਥਮ ਭਾਗ ਵਿਚ ਪ੍ਰਸੰਗ ਅਨੁਸਾਰ ਸੱਤ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਬ੍ਰਿਤਾਂਤ ਆ ਚੁਕਿਆ ਹੈ। ਅਗੇ ਛੀਵੇਂ, ਸਤਵੇਂ ਔਰ ਅਠਮੇਂ ਗੁਰੂ ਜੀ ਦਾ ਲਿਖਦੇ ਹਾਂ, ਵਿਸਥਾਰ ਵਾਸਤੇ। (ਦਾਸ ਰਚਿਤ ਤਵਾਰੀਖ 'ਗੁਰੂ ਖਾਲਸਾ ਪੰਥ' ਪੜ੍ਹੋ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਜਨਮ ਪਿੰਡ ਵਡਾਲੀ ( ਅਮ੍ਰਿਤਸਰ ) ਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਸ੍ਰੀ ਮਾਤਾ ਗੰਗਾ ਜੀ ਦੀ ਪਵਿੱਤ੍ਰ ਕੁਖੋਂ ੨੧ ਹਾੜ ( ਵਦੀ ੯ ) ਸੰਮਤ ੧੬੫੨ ਬਿ: ਮੁਤਾਬਕ ੧੪ ਜੂਨ ਸੰਨ ੧੫੯੫ ਈ: ਨੂੰ ਜਨਮੇ, ਆਪ ੨੧ ਜੇਠ (ਵਦੀ ੧੪) ਸੰਮਤ ੧੬੬੩ (੨੫ ਮਈ ਸੰ: ੧੬੦੬ ) ਨੂੰ ਗੁਰੂ ਗੱਦੀ ਪਰ ਬੈਠੇ, ਬਾਬਾ ਬੁਢਾ ਜੀ ਆਦਿ ਪੰਜਾਂ ਸਿੱਖਾਂ ਨੇ ਜਦ ਆਪ ਨੂੰ ਗੁਰਿਆਈ ਦਾ ਤਿਲਕ ਦਿਤਾ ਤਾਂ ਆਪ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪੈਹਰੀਆਂ। ਆਪ ਰਾਜ–ਜੋਗੀ ਹਾਲਤ ਵਿਚ ਦੀਨ ਦੁਨੀ ਦੇ "ਸਚੇ–ਬਾਦਸ਼ਾਹ" ਬਣੇ ਅਰ ਗੁਰ ਸਿਖਾਂ ਨੂੰ ਅਮਨੀ ਤੌਰ ਪਰ ਦੀਨਦੁਨੀ ਦੀ ਰੱਛਾ ਲਈ ਰੱਬਦੇ(ਅਕਾਲੀ)ਸਚੇ ਸੰਤਸਪਾਹੀ ਬਣਾਯਾ। ਸਿਖ ਮਾਤ੍ਰ ਨੂੰ ਸ਼ਸਤ੍ਰ ਅਸਤ੍ਰ ਵਿੱਦਯਾ ਤੇ ਘੋੜ ਸਵਾਰੀ ਗੱਤਕਾ ਆਦਿ ਸਿਖਾ ਕੇ ਆਪਣੀ ਰੱਛਾ ਆਪ ਕਰਨ ਦੇ ਯੋਗ ਬਣਾਯਾ। ਅਰ ਦੁਖੀਆਂ ਦੀਨਾਂ ਦੀ ਮਦੱਦ ਲਈ ਪਰ ਉਪਕਾਰੀ ਯੋਧੇ ਬਣਾਯਾ।

ਸੰਮਤ ੧੬੬੬ ਬਿ: ਰਾਜ ਜੋਗ ਦਾ ਤਖਤ ਅਕਾਲ ਬੁੰਗਾ ਕਾਇਮ ਕੀਤਾ। ਭਾਂਵੇਂ ਆਪ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਮੇਂ ਤੋਂ ਹੀ ਹਕੂਮਤ ਦਾ ਕਰੜਾ ਪਹਿਰਾ ਸੀ, ਪਰ ਸੰਮਤ ੧੬੬੯ (੧੬੧੨ ਈ:) ਗਵਾਲੀਅਰ ਦੇ ਕਿਲੇ (ਮੱਧ ਭਾਰਤ) ਵਿਚ ਕੈਦ ਕੀਤਾ ਗਿਆ, ਜਹਾਂ ਕਿ ਹਿੰਦੁਸਤਾਨ ਦੇ ਪਹਿਲੇ ਬਵੰਜਾ ਰਾਜੇ ਕੈਦ ਸਨ। ਉਸ ਵਿਚ ਆਪ ਨੂੰ ਰਖ ਕੇ ਖਤਮ ਕਰਨ ਦੀ ਵਿਉਂਤ ਸੀ। ਸਿਖ ਇਤਿਹਾਸ ਤਾਂ ਕਹਿੰਦਾ ਹੈ ਕਿ ਉਥੇ ਆਪ ਛੀ ਮਹੀਨੇ ਕੈਦ ਰਹੇ, ਪਰ ਮੁਸਲਮਾਨੀ ਤਵਾਰੀਖਾਂ ਨੇ ਆਪ ਦੀ ਕੈਦ ਦੀ ਸਾਰੀ ਤਾਦਾਦ ਬਾਰਾਂ ਸਾਲ ਦਸੀ ਹੈ। ਪਹਿਲੇ ਗੁਰੂ ਸਾਹਿਬਾਨ ਦੀਆਂ ਪੁਰਾਣੀਆਂ ਯਾਦਗਾਰਾਂ ਆਪ ਨੇ ਕਾਇਮ

Digitized by Panjab Digital Library | www.panjabdigilib.org

ਕਰਵਾਈਆਂ। ਸ੍ਰੀ ਗੁਰੂ ਜੀ ਦੇ ਗ੍ਰਿਹ ਗੁਰ-ਦਿਤਾ (ਬਾਬਾ) ਧੀਰ ਮੱਲ, ਅਣੀ ਰਾਇ, ਅਟਲ ਰਾਇ, ਤੇਗ ਬਹਾਦਰ (ਗੁਰੂ) ਛੀਵੇਂ ਬੀਬੀ ਵੀਰੋ ਨੇ ਜਨਮ ਲੀਤਾ ਛੀਵੇਂ ਗੁਰੂ ਜੀ ਨੇ ਗੁਰਿਆਈ ਗੱਦੀ (ਬਾਬਾ) ਗੁਰਦਿਤਾ ਜੀ ਦੇ ਸਪੁਤਰ 'ਹਰਿ ਰਾਇ' ਜੀ ਨੂੰ ਦਿਤੀ, ਔਰ ਆਪ ੧੭੦੧ ਬਿ: (੧੬੪੫ ਈ:) ਵਿਚ ਕੀਰਤ ਪੁਰ ਵਿਖੇ ਜੋਤੀ ਜੋਤ ਸਮਾਏ। ਤੇਗ ਬਹਾਦਰ ਜੀ ਸਤਵੇਂ ਅਠਮੇਂ ਗੁਰੂ ਸਾਹਿਬਾਨ ਤੋਂ ਪਿਛੋਂ ਗੁਰੂ ਗੱਦੀ ਪਰ ਸ਼ਸ਼ੋਭਤ ਹੋਏ। ਅਠਮੇਂ ਗੁਰੂ ਜੀ ਹਰਿਰਾਇ ਜੀ ਦੇ ਛੋਟੇ ਪੁਤ੍ਰ ਸਨ।

ਛੀਵੇਂ ਗੁਰੂ ਜੀ ਨੇ ਸੈਂਤੀਸ ਸਾਲ ਦਸ ਮਹੀਨੇ ਸੱਤ ਦਿਨ ਗੁਰਿਆਈ ਕੀਤੀ। ਸੰਮਤ ੧੬੮੫ ਬਿ: ਵਿਚ ਸ਼ਾਹ ਜਹਾਨ ਰਾਜ ਗੱਦੀ ਪਰ ਬੈਠਿਆ ਉਸ ਨੇ ਭੀ ਬਾਦਸ਼ਾਹ ਜਹਾਂਗੀਰ ਵਾਲੀ ਕਰੜੀ ਪਾਲਿਸੀ ਵਰਤੀ ਔਰ ਸਿਖਾਂ ਨੂੰ ਬਹੁਤ ਤੰਗ ਕਰਦਾ ਜਿਸ ਕਾਰਨ ਕਈ ਜੰਗ ਹੋਏ। ਚਾਰ ਤਾਂ ਖਾਸ ਘਮਸਾਨ ਦੇ ਜੰਗ ਸੰਮਤ ੧੬੮੫ ਵਿਚ ਅਮ੍ਰਿਤਸਰ, ਮੁਖਲਿਸ਼ ਖਾਨ ਨਾਲ। ੧੬੮੭ ਹਰ ਗੋਬਿੰਦ ਪੁਰੇ ੧੬੮੮ ਮਰਾੜ (ਮਾਲਵਾ) ਦੇ ਗਿਰਦੇ ੧੬੯੧ ਬਿ: ਵਿਚ ਕਰਤਾਰ ਪੁਰ ਜਿਸ ਵਿਚ ਪੈਂਦੇ ਖਾਂ ਮਾਰਿਆ ਗਿਆ। ਗੁਰ ਸਿਖਾਂ ਨੇ ੧੬੬੯ ਵਿਖੇ ਲਾਹੌਰ ਪੰਚਮ ਗੁਰੂ ਜੀ ਦਾ ਦੇਹੁਰਾ ਕਾਇਮ ਕੀਤਾ।

ਛੀਵੇਂ ਗੁਰੂ ਜੀ ਨੇ ਡੱਲਾ (ਦੁਆਬਾ) ਮੰਡਿਆਲੀ ਬਾਰਾਂ ਬਉਲੀਆਂ ਬਣਵਾਕੇ ਪ੍ਰਚਾਰ ਦੇ ਕੇਂਦਰ ਰਚੇ। ਅੰਮ੍ਰਿਤਸਰ ਵਿਖੇ ਲੋਹਗੜ੍ਹ ਕਿਲ੍ਹਾ ਔਰ ਕੌਲਸਰ ਤੇ ਬਿਬੇਕ ਸਰ ਸਰੋਵਰ ਬਣਵਾਏ, ਲਾਹੌਰ, ਮੀਆਂ ਮੀਰ, ਗੋਇੰਦਵਾਲ ਸੁਲਤਾਨਪੁਰ (ਦੁਆ ਬਾ) ਡਰੌਲੀ (ਭਾਈ ਕੀ) ਅਣਦੀ (ਸੰਗਰੂਰ) ਕਮਾਲ ਪੁਰ, ਪਹੋਆ ਦਿੱਲੀ, ਆਗਰੇ ਹੋਕੇ ਗਵਾਲੀਅਰ ਕਿਲੇ ਵਿਚ ਕੈਦ ਹੋਏ ਬਵਿੰਜਾ ਕੈਦੀ ਰਾਜੇ ਛੁਡਵਾਕੇ 'ਬੰਦੀ ਛੋੜ' ਕਹਾਏ। ਅਜਮੇਰ, ਕੁਰਛੇਤ੍ਰ, ਮੁਕੇਰੀਆਂ (ਦੁਆਬਾ) ਪੁਜਕੇ ਹਰ ਗੋਬਿੰਦ ਪੁਰਾ ਨੱਗਰ ਬਸਾਇਆ। ਇਥੋਂ ਬਟਾਲਾ, ਚੱਬਾ, ਵਜ਼ੀਰਾ ਬਾਦ, ਮੀਰ ਪੁਰ, ਸ੍ਰੀ ਨਗਰ ਆਦਿ ਸਥਾਨਾਂ ਪਰ ਪ੍ਰਚਾਰ ਕੇਂਦਰ ਕਾਇਮ ਕੀਤੇ। ਸ੍ਰੀ ਨਗਰ ਤੋਂ ਬਾਰਾਂ ਮੂਲਾ, ਮੁਜੱਫਰਾ ਬਾਦ, ਐਬਟਾ ਬਾਦ ਹਸਨ ਅਬਦਾਲ (ਪੰਜਾ ਸਾਹਿਬ) ਰਾਵਲ ਪਿੰਡੀ, ਜੇਹਲਮ, ਗੁਜਰਾਤ, ਹਾਫਜ਼ਾ ਬਾਦ ਪ੍ਰਚਾਰ ਕਰਦੇ ਨਨਕਾਣੇ ਸਾਹਿਬ ਪਹੁੰਚੇ ਤੇ ਮੰਦਰਾਂ ਮੰਡਿਆਲੀ ਦੇ ਰਸਤੇ ਕੀਰਤ ਪੁਰ ਪਹੁੰਚੇ।

ਕੀਰਤ ਪੁਰ ਤੋਂ ਗੜ੍ਹ ਮੁਕਤੇਸ੍ਵਰ, ਮੁਰਾਦਾਬਾਦ ਨਾਨਕ ਮਤੇ (ਬਾਬਾ ਅਲਮਸਤ ਨਿਵਾਜਿਆ) ਬਾਨੇਸਰ ਦੇ ਰਸਤੇ ਅਮ੍ਰਿਤਸਰ ਪਿਪਲੀ ਪਾਸ ਸ਼ਾਹੀ ਫੌਜ ਨਾਲ ਭਿਆਨਕ ਜੰਗ ਲੜੀ। ਇਥੋਂ ਝਬਾਲ, ਕਰਤਾਰ ਪੁਰ ਡੇਰਾ ਬਾਬਾ ਨਾਨਕ, ਰਾਮਦਾਸ, (ਬਾਬਾ ਬੁਢੇ ਦਾ ਨਗਰ) ਬਾਰਠ, (ਬਾਬਾ ਸ੍ਰੀ ਚੰਦ ਨੂੰ ਮਿਲੇ) ਇਥੋਂ ਛਿਹਰਟਾ, ਘੁਮਾਣ, ਜੀਰਾ (ਫੀਰੋਜ਼ ਪੁਰ) ਮਰਾੜ, ਇਥੋਂ ਭਦੌੜ ਸਿੱਧਮ, ਸੁਧਾਰ, ਰੂਪਾ, (ਭਾਈ) ਨਥਾਣਾ ਰੁਮਾਣਾ (ਇਥੇ ਦੀ ਢਾਬ ਪਰ ਤੁਰਕਾਂ ਨਾਲ ਭਾਰੀ ਜੰਗ ਹੋਈ)। ਕਾਂਗੜ, ਛਪਾਰ ਤਖਤੂ ਪੁਰਾ, ਹਠੂਰ, ਪੱਖੋ, ਗੁਜਰ ਵਾਲ, ਰਾੜਾ, ਘੁਡਾਣੀ, ਆਦਿ ਮਾਲਵੇ ਵਿਚ

Digitized by Panjab Digital Library | www.panjabdigilib.org

ਬਹੁਤ ਸਾਰੇ ਪ੍ਰਚਾਰ ਕੇਂਦਰ ਬਣਾਏ। ਧਮੋਟ, ਹਰੀ ਗੋਬਿੰਦ ਸਰ, ਜੰਡਾਲੀ, ਅਲ੍ਹਣਾਂ, ਈਸੜ, ਇਕਲਾਹਾ, ਸੋਂਟੀ, ਲੋਪੋਂ (ਫੀਰੋਜ਼ ਪੁਰ) ਖੁਮਾਣੋ, ਸੰਘੋਲ, ਚਮਕੌਰ ਸਾਹਿਬ, ਰੋਪੜ, (ਮੁੜ ਕੀਰਤ ਪੁਰ ਪਹੁੰਚ) ਇਥੋਂ ਦੁਰਗਾ ਪੁਰ, ਡੁਮੇਲੀ ਕਰਤਾਰ ਪੁਰ, ਫਗਵਾੜੇ ਪਹੁੰਚ ਕੇ ਫਿਰ ਸ਼ਾਹੀ ਸੈਨਾ ਨਾਲ ਜੰਗ ਹੋਈ। ਸਿਟਾ ਕੀ ਛੀਵੇਂ ਗੁਰੂ ਜੀ ਨੇ ਸਿਖਾਂ ਵਿਚ ਰਾਜ ਜੋਗ ਕਾਇਮ ਕਰਕੇ ਹਜ਼ਾਰਾਂ ਪ੍ਰਚਾਰ ਦੇ ਕੇਂਦਰ ਬਣਾਏ।

## ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ। ਹਰੀ ਰਾਇ ਤਿਹ ਠਾਂ ਬੈਠਾਰੇ॥

੨੦ ਮਾਘ ਸੰਮਤ ੧੬੮੬ (੨੬ ਫਰਵਰੀ ੧੬੩੦ ਈ:) ਆਪ ਦਾ ਜਨਮ ਮਾਤਾ ਨਿਹਾਲ ਕੌਰ ਤੋਂ ਬਾਬਾ ਗੁਰਦਿਤਾ ਜੀ ਦੇ ਗ੍ਰਹਿ ਵਿਖੇ ਹੋਇਆ। ੧੨ ਚੇਤ੍ਰ (ਸੁਦੀ ੧੦) ਸੰਮਤ ੧੭੦੧ ਬਿ: (੮ ਮਾਰਚ ੧੬੪੪ ਈ:) ਨੂੰ ਗੁਰ ਗੱਦੀ ਪਰ ਬਿਰਾਜੇ। ਆਪ ਨੇ ਭੀ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਰੀਆਂ, ਫੌਜ ਹਮੇਸ਼ਾਂ ਪਾਸ ਰਖਦੇ ਸਨ। ਛੀਵੇਂ ਗੁਰੂ ਜੀ ਦੇ ਹੁਕਮ ਮੁਜਬ ਤਲਵਾਰ ਮਿਆਨੋਂ ਬਾਹਰ ਨਹੀਂ ਨਿਕਾਲੀ, ਉਨਾਂ ਦੀ ਫੌਜ ਹਮੇਸ਼ਾਂ ਮਜ਼ਲੂਮਾਂ ਦੀ ਮੱਦਦ ਰਖਦੀ ਸੀ।

ਆਪ ਨੇ ਵੱਡੀ ਬਹਿਲੀ, ਹਰੀਆਂ ਬੇਲਾਂ, ਭੰਗਰਾਨੀ, ਬੰਬੇਲੀ, ਅੰਮ੍ਰਿਤਸਰ, ਨੂਰ ਮਹਿਲ, ਡਰੌਲੀ, ਭਾਈ ਰੂਪਾ, ਜ਼ੀਰਾ, ਕਾਂਗੜ ਮੁਰਾਝ ਇਥੇ ਭਾਈ ਸੰਦਲੀ ਔਰ ਫੂਲ ਨੂੰ ਰਾਜ ਦੇ ਵਰਦਾਨ ਦੀ ਪ੍ਰੋੜਤਾ ਕੀਤੀ) ਮੁਕੰਦ ਪੁਰ, ਗੋਇੰਦ ਵਾਲ, ਫਿਰਾਲਾ, ਦੁਸਾਂਝ, ਪਲਾਹ, ਹਕੀਮ ਪੁਰਾ, ਦੋਲੋਗਰੀ ਆਦਿ ਅਨੇਕਾਂ ਸਥਾਨਾਂ ਵਿਖੇ ਦੀਵਾਨ ਲਾ ਕੇ ਸਿਖ ਧਰਮ ਦਾ ਪ੍ਰਚਾਰ ਕੀਤਾ।

ਆਪ ੭ ਕੱਤਕ ਸੰਮਤ ੧੭੧੮ (੬ ਅਕਤੂਬਰ ਸੰਨ ੧੬੬੧ ਈ:) ਨੂੰ ਕੀਰਤ ਪੁਰ ਜੋਤੀ ਜੋਤ ਸਮਾਏ। ਗੁਰੂ ਜੀ ਨੇ ੧੭ ਸਾਲ ਪੰਜ ਮਹੀਨੇ ਅੱਠ ਦਿਨ ਗੁਰਿਆਈ ਗੱਦੀ ਸ਼ੁਸ਼ੋਭਤ ਕੀਤੀ। ਆਪ ਦੀ ਸਾਰੀ ਉਮਰ ਇਕੱਤੀ ਸਾਲ ਅੱਠ ਮਹੀਨੇ ਸਤਾਰਾਂ ਦਿਨਾਂ ਦੀ ਸੀ।

## ਹਰੀ ਕ੍ਰਿਸ਼ਨ ਤਿਨਕੇ ਸੁਤ ਭਏ

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਅੱਠ ਸਾਵਣ ਸੰਮਤ ੧੭੧੩ ਬਿ: ਮੁਤਾਬਿਕ ੭ ਜੁਲਾਈ ਸੰ: ੧੬੫੬ ਈ: ਨੂੰ ਮੁਕਾਮ ਕੀਰਤਪੁਰ (ਜ਼ਿਲਾ ਹੁਸ਼ਿਆਰ ਪੁਰ) ਵਿਖੇ ਸ੍ਰੀ ਗੁਰੂ ਹਰਿਰਾਇ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਉਦਰੋਂ ਹੋਇਆ। ਆਪ ਅੱਠ ਕੱਤਕ ਸੰਮਤ ੧੭੧੮ ਬਿ: ਮੁਤਾਬਿਕ ੭ ਅਕਤੂਬਰ ਸੰ: ੧੬੬੧ ਈ: ਨੂੰ ਗੁਰੂ ਗੱਦੀ ਪਰ ਬਰਾਜੇ, ਇਨਾਂ ਦੇ ਸਮੇਂ ਸ਼ਾਹ ਔਰੰਗਜ਼ੇਬ ਰਾਜ ਗੱਦੀ ਪਰ ਸੀ। ਸ੍ਰੀ ਗੁਰੂ ਜੀ ਨੇ ਛੋਟੀ ਉਮਰ ਵਿਚ ਕਾਫੀ ਪਰਚਾਰ ਕੀਤਾ। ਸ਼ਾਦੀ ਕੋਈ ਨਹੀਂ ਹੋਈ। ਇਨ੍ਹਾਂ ਨਾਲ ਰਾਮਰਾਇ ਬਹੁਤ ਈਰਖਾ ਕਰ ਦਾ ਰਿਹਾ, ਦਿੱਲੀ ਦਰਬਾਰ ਵਿਚ ਜਾਕੇ ਬਹੁਤ ਚੁਗਲੀਆਂ ਕੀਤੀਆਂ। ਇਨਾਂ ਨੇ ਵਡੇ ਵਡੇ ਪਾਂਧੇ ਪੰਡਿਤਾਂ ਨੂੰ ਉਪਦੇਸ਼ ਦੇਕੇ ਖਾਲਸਾ ਧਰਮ ਵਲ ਲਾਇਆ। ਮੂਰਖਾਂ ਨੂੰ ਪੰਡਤ ਬਣਾ ਦਿੱਤਾ। ਆਪ ਤਿੰਨ ਵਿਸਾਖ (ਚੇਤ ਸੁਦੀ ਚੌਦਾਂ) ਸੰਮਤ ੧੭੨੧ ਬਿ: ਮੁਤਾਬਿਕ

Digitized by Panjab Digital Library | www.panjabdigilib.org

੩੦ ਮਾਰਚ ਸੰ: ੧੬੬੫ ਈ: ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾਏ। ਉਥੇ ਆਪ ਜੀ ਦੀ ਯਾਦ ਵਿਚ ਡੇਹਰਾ ਬਾਲਾ ਜੀ (ਬੰਗਲਾ-ਸਾਹਿਬ) ਪ੍ਰਸਿੱਧ ਗੁਰਦੁਆਰਾ ਹੈ। ਇਨਾਂ ਦੀ ਕੁਲ ਆਯੂ ਸੱਤ ਬਰਸ 'ਅੱਠ ਮਹੀਨੇ ਛੱਬੀਸ ਦਿਨ ਦੀ ਸੀ। ਆਪ ਨੇ ਦੋ ਬਰਸ ਪੰਜ ਮਹੀਨੇ ਛੱਬੀਸ ਦਿਨ ਗੁਰਤਾ ਕੀਤੀ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਛੋਟੀ ਆਯੂ ਹੋਣ ਕਰਕੇ ਵਧ ਦੌਰੇ ਨਹੀਂ ਕਰ ਸਕੇ। ਕੀਰਤ-ਪੁਰ, ਪੰਜੋਖਰਾ ਇਥੇ ਹੀ ਇਕ ਮੂਰਖ ਝੀਵਰ ਪਾਸੋਂ ਗੀਤਾ ਪੜ੍ਹਾਕੇ ਇਕ ਲਾਲ ਚੰਦ ਨਾਮੀ ਪੰਡਿਤ ਦਾ ਅਭਿਮਾਨ ਤੋੜਿਆ ਇਥੋਂ ਆਪ ਥਾਨੇਸਰ ਦੀ ਰਾਂਹੀ ਪ੍ਰਚਾਰ ਕਰਦੇ ਹੋਏ ਦਿੱਲੀ ਪਹੁੰਚੇ ਸਨ।

---

# ਬਸੰਤ ਕੀ ਵਾਰ

ਸੁਖਮਨਾ ਸਾਹਿਬ ਨਾਮ ਦੀ ਰਚਨਾ ਪਾਤਿਸ਼ਾਹੀ ਛੇਵੀਂ ਦੇ ਪਵਿਤ੍ਰ ਨਾਮ ਹੇਠਾਂ ਮਿਲਦੀ ਹੈ। ਇਸੇ ਤਰਾਂ ਸਾਨੂੰ ਹੇਠ ਲਿਖੀ 'ਬਸੰਤ ਦੀ ਵਾਰ' ਦਾ ਬਹੁਤ ਪੁਰਾਣਾ ਨੁਸਖਾ ਪ੍ਰਾਪਤ ਹੋਇਆ ਹੈ। ਇਹ ਅਦੁਤੀ ਕੀਮਤੀ ਨੁਸਖਾ ਪੰਥ ਭੂਸ਼ਨ ਗਿਆਨੀ ਪ੍ਰਾਕਰਮ ਸਿੰਘ ਜੀ ਸੰਗਰੂਰ ਨੇ ਪ੍ਰਾਪਤ ਕੀਤਾ ਸੀ, ਇਨ੍ਹਾਂ ਪਾਸੋਂ ਸ੍ਰ: ਕਰੋੜਾ ਸਿੰਘ ਜੀ ਆਫ ਸੰਗਰੂਰ ਨੇ ਕਾਪੀ ਕੀਤੀ, ਇਨਾਂ ਪਾਸੋਂ ਅਸੀਂ ਪਰੇਮ ਸਹਿਤ ਪ੍ਰਾਪਤ ਕਰ ਕੇ ਪਾਠਕਾਂ ਦੀ ਭੇਟਾ ਕਰਦੇ ਹਾਂ। ਇਸ ਸੰਬੰਧੀ ਅਸੀਂ ਆਪਣੀ ਕੋਈ ਰਾਇ ਨੀਯਤ ਕੀਤੀ। ਪ੍ਰੰਤੂ ਇਸਦੇ ਛਾਪਣ ਦਾ ਕੇਵਲ ਏਹੋ ਹੀ ਲਾਭ ਸੋਚਿਆ ਗਿਆ ਹੈ ਕਿ ਏਹ ਬਹੁਤ ਕੀਮਤੀ ਨੁਸਖਾ ਪੁਸਤਕ ਵਿਚ ਆ ਜਾਣ ਨਾਲ ਸੰਭਾਲਿਆ ਜਾਵੇ।

ਇਹ ਲਿਖਤ ਸੰਮਤ ੧੭੨੧ ਬਿ: ਦੇ ਲੱਗਦੇ ਸਮੇਂ ਦੀ ਹੈ, ਇਸ ਵਿਚ ਛੀਵੇਂ ਸਤਵੇਂ ਔਰ ਅਠਵੇਂ ਗੁਰੂ ਜੀ ਦੀ ਰਚਨਾ ਭੀ "ਬਸੰਤ ਕੀ ਵਾਰ" ਵਿਖੇ ਸ਼ਾਮਲ ਹੋਈ ਮਿਲਦੀ ਹੈ। ਯਥਾ:-

ੴ ਸਤਿਗੁਰਪ੍ਰਸਾਦਿ ॥

## ਬਸੰਤੁ ਕੀ ਵਾਰ ॥

ਸਲੋਕਮਹਲਾ ੧ ॥ ਕਾਇਆਕੁਮਲਫੁਲਗੁਣਨਾਨਕਗੁਪਸਮਾਲ ॥ ਇਨੀ ਫੁਲੀਰਉਕਰੇਅਵਰਕਿਚੁਣਿਐਡਾਲ॥ ੧॥ ਮਹਲਾ ੨ ॥ ਨਾਨਕਤਿਨਾਬਸੰਤੁ ਹੈਜਿਨਾਘਰਿਵਸਿਆਕੰਤੁ। ਜਿਨਕੇਕੰਤੁਦਿਸਾਪੁਰੀਸੇਅਹਿਨਿਸਫਿਰਹਿਜਲੰਤੁ। ਪਉੜੀ ॥ ਹਰਿਕਾਨਾਮੁਧਿਆਇਕੈਹੋਹੁਹਰਿਆਭਾਈ ॥ ਕਰਮਿਲਿਖੰਤੈਪਾਈਐਇਹਰੁਤਿਸੁਹਾਈ। ਵਣੁਤ੍ਰਿਣੁਤ੍ਰਿਭਵਣੁਮਉਲਿਆਅਮ੍ਰਿਤਫਲਪਾਈ ॥ ਮਿਲਿਸਾਧੂਸੁਖਉਪਜੈਲਥੀਸਭਛਾਈ॥ ਨਾਨਕੁਸਿਮਰੈਏਕਨਾਮੁਫਿਰਿਬਹੁੜਿਨਧਾਈ॥ ੧॥ ਸਲੋਕਮਹਲਾ ੫ ॥ ਸਭਿਬਸੰਤੁ

Digitized by Panjab Digital Library | www.panjabdigilib.org

ਹਰਿਨਾਮੁਹੈਗੁਰਮੁਖਪਾਵੈਕੋਇ ॥ ਦਾਨਨਾਮਇਸਨਾਨੁਕਰਹਉਮੈਤਵੈਧੋਇ ॥ ਹਰਿ
ਦਰਗਹਿਪੈਨਾਈਐਸਦਾਅਨੰਦਸੁਖਹੋਇ ॥ ਨਾਨਕਨਾਮਤਿਨਕੋਮਿਲੈਜਿਨਪੁਰਬ
ਲਿਖਿਆਹੋਇ ॥ ੧ ॥ ਮਹਲਾ ੬ ॥ ਇਹੁਬਸੰਤਨਚਿਤਕਰਿਜੋਆਵੈਤੇਫਿਰ
ਜਾਇ ॥ ਨਾਨਕਸੋਈਬਸੰਤੁਅਰਾਧੀਐਜੋਸਦਹੀਰਹਿਆਸਮਾਇ ॥ ੨ ॥ ਪਉੜੀ ॥
ਗੁਰੁਕ੍ਰਿਪਾਤੇਪਾਈਐਹਰਿਕੀਵਡਿਆਈ ॥ ਗੁਰਕਿਰਪਾਤੇਜਾਣਿਆਸਤਸੰਗਮਿਲਾਈ ॥
ਗੁਰੁਕਿਰਪਾਤੇਛੂਟੀਐਜਮਪੰਥਨਜਾਈ ॥ ਗੁਰੁਕ੍ਰਿਪਾਤੇਬੁਝਿਆਹਰਿਸਿਉਬਣਿ
ਆਈ । ਗੁਰੁਕ੍ਰਿਪਾਤੇਆਇਆਗੁਰੁਕੀਸਰਣਾਈ ॥ ਸਲੋਕਮਹਲਾ ੩ ॥ ਮਨ
ਮੁਖਬਸੰਤਨਜਾਨਣੀਜਿਨਾਮਾਇਆਮੋਹਪਿਆਰ ॥ ਝਗੜਾਕਰਦਿਆਂਅਨਦਿਨੁਗੁਦਰੈਸਬਦ
ਨਕਰੈਬੀਚਾਰ ॥ ਗੁਰਮਤਿਕਰਤੇਹਰਿਲਈਮਨਮੁਖਅੰਧਅੰਧਾਰ ॥ ਨਾਨਕਬਸੰਤਹਰਨਾਮੁ
ਹੈਜਪਗੁਰਮੁਖਿਉਤਰੇਪਾਰ ॥ ੧ ॥ ਮਹਲਾ ੫ ॥ ਮਨਹਰਿਆਤਾਂਹੀਥੀਆਜਾਂ
ਦਿਨਆਇਮਿਤ ॥ ਨਾਨਕਕਬਹੂੰਨਸੁਕਈਗੁਰਪੂਰੇਦੀਆਮੰਤ ॥੨॥ ਪਉੜੀ ॥ ਹਰਿਹਰਿ
ਨਾਮਿਧਿਆਈਐਜਿਸਕਾਸਭਕੀਆ ॥ ਹਰਿਹਰਿਨਾਮਧਿਆਈਐਮਥਅਮ੍ਰਿਤਪੀਆ ॥
ਹਰਿਹਰਿਨਾਮਅਰਾਧੀਐਤਾਂਨਿਰਮਲਥੀਆ । ਹਰਿਹਰਿਨਾਮਿਸਮਾਲਤੂੰਸਦਸੁਖੀਆਕੀਆ
॥ ਹਰਿਹਰਿਨਾਮਿਸਮਾਲਣਾਹਰਿਜਨਕੋਦੀਆ ॥ ੩ ॥ ਸਲੋਕਮ:੨ ॥ ਆਈ
ਰੁਤਬਸੰਤਕੀਗੁਰਮੁਖਖੇਲਣਹਾਰ ॥ ਸਤਿਗੁਰਕੀਸੇਵਾਕਰੈਹਉਮੈਤਜਿਬਕਾਰ । ਸਾਧ
ਸੰਗਤਿਨਿਤਸੇਵਦੇਗੁਰਕਾਸਬਦਬੀਚਾਰ ॥ ਓਇਮਨਮੁਖਪਾਸਨਬੈਠਦੇਜਿਨ੍ਹਾਂਪਰਨਿੰਦਾ
ਨਾਲਪਿਆਰ ॥ ਨਾਨਕਗੁਰਮੁਖਿਗੁਰੁਨਾਲਸਦਾਸੋਹਿਦੇਮਨਮੁਖਹੋਇਗਏਕੂੜਿਆਰ ॥ ੧ ॥
ਮਹਲਾ ੬ ॥ ਮਨਮੁਖਾਂਕਾਕਿਆਕਰਮੁਹੈਗੁਰਮੁਖਾਂਕੀਕਿਆਜਾਤ ॥ ਮਨਮੁਖਅਧ
ਰਮਕਮਾਵਦੇਸੰਤਾਂਨਾਲਦੁਸ਼ਟੀਕਰੈਪਰਦਰਬਹਰੈਨਟਿਕਨਦਿਨਤੇਰਾਤ । ਨਾਨਕਗੁਰ
ਮੁਖਸਦਾਪਵਿਤ੍ਰਹੈਗੁਰਮਨਦੇਮਨਮੁਖਹੈਨਨਾਪਾਕ ॥ ੨ ॥ ਪਉੜੀ ॥ ਜੋਗੁਰਦਸੈਕਾਰਸੁਕਾਰ
ਕਮਾਈਐ ॥ ਨਹੋਵੈਪਛੋਤਾਵਜੋਗੁਰਮਖਿਪਾਈਐ । ਮਨਤਨਹੋਇਪੁਨੀਤਜਨਧੂੜੀਨਾਈਐ ॥
ਤਜੀਐਮਨਅਭਿਮਾਨੁਆਪਗਵਾਈਐ॥ਜਪੀਐਹਰਿਹਰਿਨਿਤਮਨਚਿੰਦਿਆਪਾਈਐ॥੪॥ਸਲੋਕ
ਮ:੩ ॥ ਨਾਨਕਤਿਸੈਬਸੰਤਹੈਜਿਸਸਤਿਗੁਰਮਿਉਚਿਤਹੋਇ ॥ ਹਰਿਵੁਠਾਸਭ
ਮਨੁਤਨੁਪਰਫੁੜੈਸਭਜਗਹਰੀਆਵਲਹੋਇ ॥ ਮਹਲਾ ੪ ॥ ਗੁਰਮੁਖਸਚੀ
ਆਸ਼ਕੀਜਿਤਪ੍ਰੀਤਮਸਚਾਪਾਈਐ॥ਕਬਹੂੰਨਹੋਵੈਭੰਗਨਾਨਕਹਰਿਗੁਣਗਾਈਐ। ੨॥ ਮ:੨॥
ਗੁਰਪੀਰਾਂਕੀਚਾਕਰੀਮਹਾਂਕਰੜੀਸੁਖਸਾਰ ॥ ਨਦਰਕਰੇਜਿਸੁਆਪਣੀਤਿਸਲਾਏਹੇਤ
ਪਿਆਰ॥੩॥ ਪਉੜੀ ॥ ਪੰਜੇਬਧੇਮਹਾਂਬਲੀਕਰਸਚਾਢੋਆ ॥ ਆਪਣੇਚਰਣਜਪਾਇਅਨੁ
ਵਿਚਿਦਯੁਖੜੋਆ ॥ ਰੋਗਸੋਗਸਭਿਮਿਟਿਗਏਨਿਤਨਵਾਂਨਰੋਆ ॥ ਦਿਨੁਰੈਣਿਨਾਮੁ
ਧਿਆਇਦਾਫਿਰਿਪਾਇਨਮੋਆ । ਜਿਸਤੇਉਪਜਿਆਨਾਨਕਾਸੋਈਫਿਰਿਹੋਆ ॥੫॥
ਸਲੋਕਮ:੪ ॥ ਸੋਈਬਸੰਤਜੋਕਰਤੇਭਾਵੈਹੋਰਹਉਮੈਸਭਅਭਿਮਾਨੁ ॥ ਆਪਣੀਕਿਰਪਾ
ਕਰਕੈਮਾਹੁਵਸਾਵੈਤਾਂਉਪਜੈਤ੍ਰਿਣਬਹੁਧਾਨੁ ॥ ਤਿਤੁਖਾਧੈਬਹੁਤ੍ਰਿਪਤਹੋਇਜੋਵੈਸਗਲਜਹਾਨੁ ॥
ਨਾਨਕਜੋਤਿਸਭਾਵੈਸੋਈਹੋਵੈਇਹਬਸੰਤਪ੍ਰਵਾਨੁ ॥ ਮਹਲਾ ੫ ॥ ਨਾਨਕਸੰਤ

Digitized by Panjab Digital Library | www.panjabdigilib.org

ਮਿਲੇਹਰਿਪਿਆਰੇਸਦਬਸੰਤਸੁਖਹੋਵੈ ॥ ਏਹਤ੍ਰੁਤੇਹਤ੍ਰਹਥਨਆਵੈਝੂਠੇਬਹਿਬਹਿਰੋਵੈ॥੨॥ ਪਉੜੀ ॥ ਸੰਤਮਿਲੇਪ੍ਰਭਪਿਆਰਿਆਤਾਂਮੰਗਲਹੋਇਆ ॥ ਬਹੁਖੁਸੀਆਂਨਿਤਮਾਣੀਅਹਿ ਗੁਰਸਬਦਪਰੋਇਆ ॥ ਜੀਵਜੰਤਸਭਿਬਖਸਿਓਨੁਪ੍ਰਭਬਖਸੀਹੋਇਆ ॥ ਆਪਾਪਰਦਾਮਿਟ ਗਇਆਸੰਤਸੰਗਸਮੋਇਆ ॥ ਪ੍ਰਭਜੀਤੂੰਸਭਨਾਕਾਕਰਨਹਾਰਸਭਤੂੰਹੈਤੇਹੋਇਆ ॥੬।

ਸਲੋਕ ਮਹਲਾ ੧ ॥ ਚਿੰਤਾਮਨਹੁਵਿਸਾਰਕੈਗੁਰਚਰਨੀਚਿਤਲਾਇ ॥ ਨਾਨਕਮਨ ਸੰਤੋਖਹੋਇਗੁਰਕਾਰਜਦੇਹਿਨਿਬਾਹਿ ॥ ੧ ॥ ਮਹਲਾ ੩ ॥ ਮਨਮੁਖਗੁਰੂ ਵਿਸਾਰਿਆਮਾਇਆਨੂੰਲਪਟਾਇ ॥ ਚਿੰਤਾਮਨਹੁਨਉਤਰੈਮਲਲਾਗੀਦੂਜੈਭਾਇ ॥ ਫਿਰਦਾਫਿਰਦਾਫਾਵਾਹੋਇਆਹਥਨਕਿਥਾਊਪਾਇ ॥ ਜਗਤਜਲੰਦਾਡਿਠਮੈਆਇਪਇਆ ਗੁਰਸਰਣਾਇ॥ ਨਾਨਕਸਚੇਪਾਤਿਸ਼ਾਹਜਲਦਾਲਇਆਛਡਾਇ ॥ ੨ ॥ ਪਉੜੀ ॥ ਖੇਲਨਿਰੰਜਨਜੋਕੀਆਸੋਹੋਵਣਹਾਰਾ ॥ ਕਾਰਣਕਰਤੇਵਸਹੈਗੁਰਸਬਦਬੀਚਾਰਾ ॥ ਲੇਖੈ ਗਣਤਨਛੁਟੀਐਪ੍ਰਭਅਗਮਅਪਾਰਾ ॥ ਏਕੋਠਾਕਰਸਾਹਹੈਸਭਜਗਤਵਣਜਾਰਾ ॥ ਗੁਰਸਿਖਾਂਕੇ ਮੁਖਉਜਲੇਸਚੇਦਰਬਾਰਾ । ੭ ॥

ਸਲੋਕਮਃ ੬ ॥ ਬਸੰਤਰੂਪਹਰਸੰਤਹੈਜੋਮੇਲੇ ਮੇਲਣਹਾਰ । ਸੰਤਮਿਲਿਐਮਨਤਨਮੌਲੀਐਝੜਪਵਨਸਭਬਿਕਾਰ ॥ ਮਰਨਮਿਟੈਜੀਵਤਮਰੈ ਸਭਕੁਲਕਾਕਰੈਉਧਾਰ ॥ ਧਨਧਨਤੇਜਨਨਾਨਕਾਜਿਨਗੁਰਰਸਖਾਇਆਸਭਸ੍ਰਿਸਟਿਛੁਡਾ ਵਣਹਾਰ ॥ ੧ ॥ ਮਹਲਾ ੬ ॥ ਸੰਤਬਸੰਤਹਿਭਿਨੁਨਕੋਈਗੁਰਮੁਖਖੇਲਣ ਹਾਰਾ ॥ ਮਨਮੁਖਖੇਲਹਿਖੇਲਨਜਾਣਹਿਸਿਰਊਪਰਜਮਡੰਡੁਕਰਾਰਾ ॥ ੨ ॥ ਪਉੜੀ ॥ ਗੁਰਮੁਖਖੇਲਹਿਸੰਤਮਿਲਕਰਸੇਵਾਚੇਵਹਿ ॥ ਹਰਿਗੁਣਗਾਵਹਿਦਿਨਸੁਰਾਤਿਪਾਪਾਂਮਲ ਧੋਵਹਿ ॥ ਦਾਨਨਾਮਇਸਨਾਨੁਕਰਇਹਰੰਗਸਮੋਵਹਿ ॥ ਸਤਿਗੁਰਪੂਰਾਸਾਹੁਸਿਖਵਣਜਾਰੇ ਹੋਵਹਿ ॥ ਗੁਰਸਿਖਾਂਮਨਵਸਾਈਆਮਨਮੁਖਿਬਹੁਰੋਵਹਿ ॥ ੮ ॥

ਸਲੋਕਮਃ ੬ ॥ ਮਨਮੁਖਬਸੰਤਕਾਭੇਦਨਜਾਣਹਿਵਿਚਹਉਮੈਕਰਮਕਮਾਵਹਿ ॥ ਘੁੰਘਰੂਬਾਧਹਿਤਾਲਪੂਰਾ ਵਹਿਨਚਲੋਕਾਂਨੂੰਦਿਖਲਾਵਹਿ ॥ ਜੋਨਦੇਹਿਤਿਸਮੰਦਾਬੋਲਹਿਹੋਰਨਾਨੂੰਆਖਸੁਣਾਵਹਿ ॥ ਘਰਘਰਮੰਗਹਿਤਿਪਤਨਆਵੈਧੋਹੀਜਨਮਗਵਾਵਹਿ ॥ ਨਾਨਕਐਸੇਮਨਮੁਖਾਂਨੂੰਕਿਆ ਕਹੀਐਆਪਡੂਬਹਿਸਭਕੁਲਡੁਬਾਵਹਿ ॥ ੧ ॥ ਮਃ ੬ ॥ ਮਨਮੁਖਾਂਨਾਲ ਭਿਟੀਐਜੋਮਨਹਠਕਰਮਕਮਾਹਿ ॥ ਨਾਨਕਗੁਰਮੁਖਾਮੇਤੀਮਿਲਰਹਾਜੋਸੰਤਾਮੇਵਸਮਾਹਿ ॥੨॥ ਪਉੜੀ ॥ ਬੇਮੁਖਨਾਲਨਰਲੀਐਜੋਬੁਰਾਅਲਾਵੈ ॥ ਜੋਉਸਕੀਸੰਗਤਕਰੈਤੈਸੋਹੋਇ ਆਵੈ ॥ ਧਿਗਅਜੇਹਾਜੀਵਿਆਬੁਰਾਬੋਲਅਘਾਵੈ ॥ ਬਹੁਜੂਨੀਭਰਮਾਈਐਫਿਰਆਵੈਜਾਵੈ ॥ ਜੇਹਾਬੀਜਉਨਬੀਜਿਆਫਲਤੇਹਾਪਾਵੈ ।. ੯ ॥

ਸਲੋਕਮਃ ੬ ॥ ਜੇਤੂੰਮਿਲਹ ਪਿਆਰਿਆਮੇਰਾਮਨਤਨਹਰਿਆਹੋਇ ॥ ਤੁਧਬਿਨਖਰੀਦੁਹੇਲੜੀਮੇਰੀਬਾਤਨਪੂਛੈਕੋਇ ॥ ਆਈਰੁਤਬਸੰਤਦੀਸਭਸਖੀਆਂਮਨਅਨੰਦੁ ॥ ਸਿਸਰਰੁਤਿਕੋਇਨਜਾਣਈਮੈਂਮਨਤਨਹੋਇਆ ਭੰਗੁ ॥ ਅਰੇਸਿਸਰਡਰਾਵਣੀਪਿਛੋਹਰੀਬਸੰਤ ॥ ਨਾਨਕਮਿਲਣਨਆਵਹੀਕੋਈਮਿਲਣਹਾਰਾ ਸੰਤ ॥ ੧ ॥ ਮਹਲਾ ੬ ॥ ਹੰਸਾਨਾਲਜੇਕੁਕੜਲੜਦੇਮਰਣੇਕੀਨਸਾਣੀ ॥ ਨਾਨਕਸੰਤਾਸਾਥਜੇਬੇਮੁਖਅੜਦੇਅਉਗਤਗਏਪਰਾਣੀ ॥੨॥ ਪਉੜੀ ॥ ਜਿਸ

Digitized by Panjab Digital Library | www.panjabdigilib.org

ਮਿਲਿਐਮਨਸਨਤੋਖਹੋਇਦੁਖਬੇਹੁਚਹੀਜੈ ॥ ਮੁਹਿਡਿਠੈਜਿਸਦੇਜੀਵੀਐਤਿਸਚਰਨਗਹੀਜੈ ॥
ਹਉਮੈਰੋਗੁਗਵਾਇਕੈਤਿਸਸਰਨਪੜੀਜੈ ॥ ਤਨੁਮਨੁਧਨਸਭਅਰਪੀਐਤਿਸਸੇਵਕਰੀਜੈ ॥
ਜਨਨਾਨਕਮੰਗੈਧੂੜਤਿਨਜਿਸਗੁਰਦਰਸਕਰੀਜੈ ॥ ੧੦ ॥ ਸਲੋਕਮਃ ੧ ॥
ਆਦਿਬੀਚਾਰਬੀਚਾਰੈਬੈਰਾਗੀ ॥ ਬੁਧਬਬੇਕਸਚਲਿਵਲਾਗੀ ॥ ਜਿਸਨਿਮਿਤਬਹੁਚਰਚਾ
ਕਰੀ॥ ਸਦਾਅਲੇਪਰਹੈਨਰਹਰੀ ॥ ਜਿਸਕਾਰਨਤਟਤੀਰਥਜਾਹੀ ॥ ਰਤਨਪਦਾਰਥਘਰਹੀ
ਮਾਹੀ ॥ ਬੀਜਹੁਸਾਖਾਉਗਵੈਸਾਖਹੁਬੀਜਹੋਇ ॥ ਇਹਬ੍ਰਹਮਬੀਚਾਰਨਾਨਕਕਹੈਗੁਰਮੁਖ
ਬੂਝੈਕੋਇ ॥ ੧ ॥ ਮਹਲਾ ੬ ॥ ਜੇਸੰਤਬਸੰਤਨੂੰਟੋਲਣਜਾਈਐਤਹਥਨਕਿਥਹੁ
ਆਵੈ ॥ ਸਤਿਗੁਰੁਪੂਰਾਨਾਨਕਤੁਸੇਘਰਬੈਠਿਆਨਉਨਿਧਿਪਾਵੈ॥੨॥ ਸਲੋਕ ਮਹਲਾ ੬ ॥
ਮੈਕਾਮਕ੍ਰੋਧਲੋਭਮੋਹਉਹੰਕਾਰਸੰਸਾਬਹੁਸੋਗੁ । ਜਿਸਸੰਗਮੇਰਾਮੇਲਭਇਆਪ੍ਰਭਕੀਆਕਰਨੈ
ਜੋਗੁ ॥ ਮੈਚਜਅਚਾਰਨਜਾਣਦਾਤੂੰਬਖਸ਼ਪ੍ਰਭਜੀਆਪ ॥ ਗੁਰਚਰਨੀਨਾਨਕਵਾਰਿਆ
ਜਿਨਪਧਰਦਸੀਵਾਟ । ੩॥ ਪਉੜੀ ॥ ਅਖੁਟਭੰਡਾਰਹਰਨਾਮਹੈਤੁਸਸਤਿਗੁਰ
ਦੀਆ ॥ ਖਾਣਖਰਚਣਬਿਲਛਣਲਗੇਫਿਰਪੁਛਨਲੀਆ ॥ ਭਾਈਸਿਖਪੁਤਬਹੁਪ੍ਰਸੰਨਹੋਇਜਾ
ਸਤਿਗੁਰਆਪਦਿਲਾਸਾਦੀਆ ॥ ਨਿੰਦਕਬਹੁਤਤੜਫਨਲਗੇਇਨਕਿਥਹੁਲੀਆ ॥ ਲਾਹਾ
ਮਿਲਿਆਗੁਰਪ੍ਰਸਾਦਿਫਿਰਤੋਟਨਥੀਆ ॥੧੧। ਸਲੋਕ ਮਃ ੬ ॥ ਰੁਤਆਈ
ਬਸੰਤਕੀਸਿਸਰਹੋਇਪਤਝਾੜ । ਗੁਰਮੁਖਹਰਦਰਗਹਪ੍ਰਵਾਣਹੋਇਬੇਮੁਖਕਢਦਿਤੇਕੁੜਿਆਰ ॥
ਓਇਲਖਚੌਰਾਸੀਫਿਰਪਏਨਰਕਘੋਰਗੁਬਾਰ । ਇਹਧਰਮਤੁਪਾਵਸੁਦੇਖਿਆਦਰਸਚੇਕੇਸਆਪ
ਸੁਣਾਇਆਤੁਸੀਗੁਰਸਿਖਕਰਤਵੀਚਾਰ ॥ ਨਾਨਕਓਇਬਚਾਰੇਕਿਆਕਰਹਿਜੋਆਪਮਾਰੇ
ਕਰਤਾਰ ॥ ੧ ॥ ਮਹਲ ੬ ॥ ਬਾਰਹਿਮਾਹਬਸੰਤੁਹੈਜਿਨਗੁਰਮਤਿਬਬਕ
ਬਿਚਾਰ । ਨਾਨਕਹਰਿਆਨਸੁਕਹੀਜਿਸਸਤਿਗੁਰਹੋਇਕ੍ਰਿਪਾਲ ॥ ਪਉੜੀ ॥
ਗੁਰਮੁਖਵਿਰਲੇਜਗਤਵਿਚਜਿਨ੍ਹਾਸਤਿਗੁਰਜਾਤਾ ॥ ਮੁਹਿਡਿਠਿਆਤਿਨਕੈਜੀਵੀਐਓਇ
ਪੁਰਖਬਿਧਾਤਾ ॥ ਜੋਉਨਕੀਸੇਵਾਕਰੈਤਿਸਦੁਖਨਸੰਤਾਪਾ । ਸਦਾਸੁਖਾਲਾਨਿਰਮਲਾਜਨਧੂੜੀ
ਨਾਤਾ । ਪ੍ਰਭਜੀਅਸਥਿਰਤੇਰੇਸੰਤਹੈਹੋਰਆਵਤਜਾਤਾ ॥ ੧੨ ॥ ਸਲੋਕ ਮਃ ੬ ॥
ਜੋਸੰਤਾਦੀਸੇਵਾਕਰੈਸੋਆਇਆਪਰਵਾਣੁ ॥ ਸੰਤਮੰਤ੍ਰਲੇਹਿਰਦੈਰਾਖੈਤਾਂਥਿਰਹੋਇਪਰਾਣੁ ॥
ਜਿਸਮਿਲਿਆਮਨਸੰਤੋਖਹੋਇਕੋਈਐਸਾਹੋਵੈਸੰਤ ॥ ਮਾਇਆਮੋਹਿਮੁਟਾਇਕੈਦਾਨਕਰੈਹਰ
ਮੰਤ ॥ ਮਃ ੬ ॥ ਨਾਨਕਸਤਿਗੁਰੂਪੂਰਾਤਾਂਮਿਲੈਜੋਪੂਰਣਹੋਵਹਿਭਾਗ ॥ ਮਨ
ਇਛਫਲਪਾਈਅਹਿਤਾਂਸਦਾਖੇਲੀਐਫਾਗ । ਪਉੜੀ ॥ ਫਾਗਨਫਾਗਰੁਮਾਹੜਾ
ਸਭਖੇਲਣਆਈਆ ॥ ਸਖੀਆਮਨਅਨੰਦਭਇਆਗੁਰਆਸਪੁਜਾਇਆ । ਗੁਰਮੁਖੀਆਂ
ਹਰਕੀਰਤਨੁਕਰੈਹਰਦਰਸਸਮਾਇਆ ॥ ਰੰਗਚਲੂਲਾਗੁਰਮੁਖੀਹਰਿਨਾਮਵਡਾਈਆ ॥
ਸੰਤਾਸੇਤੀਮਿਲਰਹੀਸੰਤਸੇਵਸਮਾਈਆ ॥ ੧੩ ॥ ਸਲੋਕ ਮਃ ੭ ਸਤਵਾਂ ॥ ਫਾਗਣ
ਖੇਲਹਿਸੁਹਾਗਣੀਜਿਨਾਸਤਿਗੁਰਨਾਲਪਿਆਰ ॥ ਸਦਾਪਿਆਰਾਤਿਨਾਰਾਵਿਆਗੁਰਕਾਸ਼ਬਦ
ਬੀਚਾਰ ॥ ਸੁਹਾਗੁਤਿਨਾਕਾਅਚਲੁਹੈਗੁਰਬਚਨੁਰਖਹਿਉਰਧਾਰ ॥ ਓਇਰਲਾਏਕਿਸੈਦੇਨ
ਰਲਨਜੋਬਖਸੇਬਖਸਣਹਾਰ ॥ ਨਾਨਕਆਇਆਤਿਨਾਕਾਸਫਲੁਹੈਜਿਸਸਤਿਗੁਰਸਿਰ

Digitized by Panjab Digital Library | www.panjabdigilib.org

ਕਰਤਾਰ ॥ ੧ ॥ ਮਹਲਾ ੨ ॥ ਲਿਖਦਿਆਪੜ੍ਹਦਿਆਂਜੁਗਭਏਹਰਨਾਮਹਿ ਨਹੀਅੰਤ ॥ ਗੁਰੁਨਾਨਕਪੂਰਾਪਾਇਆਹਰਿਮੰਤ੍ਰਦੀਆਗੁਰਸੰਤ ॥ ੨ ॥ ਪਉੜੀ ॥ ਹਉਅਤਿਮੂਰਖਢਾਡੀਅਜਾਣਪ੍ਰਭਦਰਕੇਆਇਆ ॥ ਕਿਛੁਦਇਆਧਰਮੁਨਹਿਦਾਨਪੁੰਨਨਹੀ ਹਰਜਸਗਾਇਆ ॥ ਸ੍ਰੀਅਕਾਲਪੁਰਖਕਿਰਪਾਕਰੀਮੁਹਿਨੀਚਜਾਣਕਰਮਹਲਬੁਲਾਇਆ ॥ ਮੇਰੇਮਸਤਕਿਊਪਹਿਹਥੁਧਰਿਓਮੈਂਚਰਨਗਹੇਸਭਦੁਖਗਵਾਇਆ ॥ ਸਰਬਕਾਜਪੂਰਨਭਏ ਜਾਸਤਿਗੁਰਨਾਨਕਪੂਰਾਭਾਇਆ ॥ ੫੪ ॥ ਸਲੋਕ ਮਃ ੨ ॥ ਪਹਿਲਾਬਸੰਤੈ ਆਗਮਨਿਪਹਿਲੋਮਉਲਿਉਸੋਇ ॥ ਜਿਸਮਉਲਿਐਸਭਮਉਲੀਐਤਿਸਹਿਨਮਉਲਹੁ ਕੋਇ ॥ ੧ ॥ ਪਹਿਲੋਬਸੰਤੈਆਗਮਨਿਤਿਸਕਾਕਰਹੁਬੀਚਾਰ ॥ ਨਾਨਕਸੋਸਾਲਾਹੀਐਸਭਸੈ ਦੇਆਧਾਰ ॥ ਮਹਲਾ ੮ ਅੱਠਵਾਂ ॥ ਮੀਂਹਵੁਠਾਹੋਈਹਰਿਆਵਲਪੂਰਨਹੋਈ ਬਸੰਤ ॥ ਹਰਨਾਮਸਭਸ੍ਰਿਸਟਛੁਡਾਈਗੁਰਨਾਨਕਪੂਰਨਸੰਤ ॥ ਪਉੜੀ ॥ ਕਿਥਹੁ ਉਪਜੈਕਹਿਰਹੈਕਾਹਮਹਿਸਮਾਵੈ ॥ ਜੀਅਜੰਤਸਭਿਖਸਮਕੇਕਉਣਕੀਮਤਪਾਵੈ ॥ ਕਹਨਿ ਧਿਆਇਨਿਸੁਣਨਿਨਿਤਸੇਭਗਤਸੁਹਾਵੈ ॥ ਅਗਮਅਗੋਚਰਸਾਹਿਬੋਦੂਸਰਲਵੈਨਲਾਵੈ ॥ ਸਚੁਪੂਰੈਗੁਰਿਉਪਦੇਸਿਆਨਾਨਕੁਸੁਣਾਵੈ ॥ ੧੫॥ ਸੁਧ॥

--o--

## ਵੇਦੀ ਵੰਸਾਵਲੀ

ਸਤਿਗੁਰੂ ਨਾਨਕ ਜੀ ਦੇ ਵਡੇ ਸਾਹਿਬ ਜ਼ਾਦੇ ਬਾਬਾ ਸ੍ਰੀ ਚੰਦ ਜੀ ਨੇ ਸ਼ਾਦੀ ਨਹੀਂ ਕਰਵਾਈ, ਬਾਲ ਜਤੀ ਹੈ ਸ੍ਰੀ ਚੰਦ। (ਭਾਈ ਗੁਰਦਾਸ) ਛੋਟੇ ਸਾਹਿਬਜ਼ਾਦੇ ਬਾਬਾ ਲਖਮੀ ਚੰਦ ਜੀ ਦੀ ਸ਼ਾਦੀ ੧੫੬੦ ਬਿਃ ਵਿਖੇ ਹੋਈ, ਆਪਦੇ ਗ੍ਰਿਹ ੧੫੭੨ ਬਿਃ ਵਿਚ ਧਰਮ ਚੰਦ ਜਨਮਿਆ। ਸੰਮਤ ੧੫੯੭ ਵਿਚ ਮਾਣਕ ਚੰਦ, ਬਾਬਾ ਲਖਮੀ ਚੰਦ ੧੬੧੨ ਬਿਃ ਵਿਖੇ ਪ੍ਰਲੋਕ ਸਧਾਰੇ। ਧਰਮ ਚੰਦ ਦੀ ਵੰਸ ਨਹੀਂ ਚਲੀ। ਮਾਣਕ ਚੰਦ ਤੋਂ ਅਗਲੀ ਪੀੜ੍ਹੀ ਇਸ ਪ੍ਰਕਾਰ ਹੈ— ਮਾਣਕ ਚੰਦ, ਦਾਤਾਰ ਚੰਦ, ਪਹਾੜ ਚੰਦ, ਕਰਨ ਚੰਦ, ਨਿਹਾਲ ਚੰਦ, (ਬਾਬਾ) ਕਲਾ ਧਾਰੀ ਅਗੇ ਅਮ੍ਰਿਤ ਛਕਣ ਲਗੇ। ਬਾਬਾ ਜੀਤ ਸਿੰਘ, ਸਾਹਿਬ ਸਿੰਘ ਆਦਿ ਇਹ ਆਪ ਨੂੰ ਵਖਰੇ ਗੁਰੂ ਮੰਨਦੇ ਮਨੌਂਦੇ ਆਏ ਹਨ, ਇਨ੍ਹਾਂ ਦੀ ਗੱਦੀ ਊਨਾ ਸ਼ਹਿਰ ਵਿਖੇ ਹੈ।

## ਸੋਢੀ ਵੰਸਾਵਲੀ

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਪੁਤ੍ਰ ਸਨ, ਪ੍ਰਿਥੀ ਚੰਦ, ਮਹਾਂ ਦੇਵ, ਗੁਰੂ ਅਰਜਨ ਦੇਵ ਆਪ ਸਿਖ ਵੰਸਾਵਲੀ ਵਿਚ ਲੀਨ ਹੋਏ। ਮਹਾਂਦੇਵ ਦੀ ਵੰਸ ਨਹੀਂ ਚਲੀ, ਗੁਰੂ ਅਰਜਨ ਦੇਵ ਜੀ ਸੰਮਤ ੧੬੩੮ ਪਰ ਗੁਰੂ ਗੱਦੀ ਪਰ ਬਿਰਾਜੇ, ਆਪ ਜੀ ਦਾ ਵੱਡਾ ਭਾਈ ਪ੍ਰਿਥੀ ਚੰਦ ਜਾਨੀ ਦੁਸ਼ਮਣ ਬਣ ਗਿਆ।

ਪ੍ਰਿਥੀ ਚੰਦ ਨੇ ਆਪਣੀ ਵਖਰੀ ਬੀੜ ਕੱਚੀਆਂ ਰਚਨਾਵਾਂ ਮਿਲਾ ਕੇ ਪ੍ਰਚੁਰ ਕੀਤੀ। ਪਿੱਤ ਹੇਹਰ ਆਪਣੀ ਗੁਰੂ ਗੱਦੀ ਚਲਾਈ। ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਮੀਣੇ ਸ਼ਬਦ ਨਾਲ ਫਿਟਕਾਰਿਆ ਸੀ। ਜਿਸ ਕਾਰਨ ਉਸਦੇ ਪਿਛਲੱਗਾਂ ਨੂੰ ਮੀਣੇ ਕਿਹਾ

Digitized by Panjab Digital Library | www.panjabdigilib.org

ਗਿਆ, ਨੱਗਰ ਹੇਹਰ ਵਿਚ ਦਾਲ ਨਾ ਗਲਣ ਕਰਕੇ ਇਸਨੇ ਜ਼ਿਲਾ ਫੀਰੋਜ਼ ਪੁਰ ਵਿਚ ਇਕ ਪਿੰਡ ਆਬਾਦ ਕਰਕੇ ਨਾਮ ਗੁਰੂ ਕਾ ਕੋਠਾ ਕੇਂਦਰ ਥਾਪਿਆ, ਸੁਲਹੀ ਖਾਨ ਪਠਾਣ ਇਥੇ ਹੀ ਆਕੇ ਮਸ਼ਵਰੇ ਕਰਦਾ। ਪ੍ਰਿਥੀ ਚੰਦ ਨੇ ਸੰਮਤ ੧੬੬੧ ਬਿ: ਵਿਚ ਹੇਹਰ ਆਕੇ ਚਲਾਣੇ ਕੀਤੇ। ਅਗੋਂ ਨੂੰ ਇਸਦਾ ਪੁਤਰ ਮੇਹਰਬਾਨ ਡੰਮ੍ਹੀ ਗੁਰੂ ਬਣਿਆਂ। ਇਸਨੇ ਇਕ ਜੰਗਲ ਵਿਚ ਹਰੀਏ ਬਾਲਾ ਦੇ ਜੱਟਾਂ ਨੂੰ ਦੀਵਾਨਾ ਭੇਖ ਦਿਤਾ, ਇਨ੍ਹਾ ਦਾ ਮੂੰਹ ਕਾਲਾ ਗਲੇ ਸੇਂਖ ਮਾਲਾ ਸਿਰ ਵਿਚ ਮੋਰ ਖੰਭ ਰਖਣੇ ਚਿਨ੍ਹ ਹਨ। ਇਹ ਦੀਵਾਨੇ ਸਿਖ ਪੰਥ ਨਾਲ ਵਿਰੋਧ ਕਰਨ ਵਾਲੀ ਤਕੜੀ ਪਾਰਟੀ ਸੀ। ਮੇਹਰਬਾਨ ਆਪਣੇ ਪਿਤਾ ਪ੍ਰਿਥੀ ਚੰਦ ਨਾਲੋਂ ਭੀ ਈਰਖਾ ਦ੍ਵੈਖ ਕਰਕੇ ਦਸ ਗੁਣਾਂ ਵਧ ਸੀ। ਹੁਣ ਇਨ੍ਹਾਂ ਦੀ ਵੰਸ ਕਰਤਾਰ ਪੁਰੀਏ ਸੋਢੀ ਹਨ। ਬਾਬਾ ਵਡਭਾਗ ਸਿੰਘ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਪਰ ਆਪ ਨੂੰ ਗੁਰੂ ਡੰਮ੍ਹ ਮਹੰਤ ਸਮਝਦੇ ਆ ਰਹੇ ਹਨ। ਕਰਤਾਰ ਪੁਰ ਵਾਲੀ ਬੀੜ ਨੂੰ ਪੰਥ ਵਲੋਂ ਧੀਰ ਮਲੀਆਂ ਦੀ ਬੀੜ ਕਿਹਾ ਜਾਂਦਾ ਹੈ।

ਸੋਢੀਆਂ ਦੀ ਦੂਜੀ ਸ਼ਾਖ ਅਨੰਦ ਪੁਰੀਏ ਸੋਢੀ ਹਨ, ਛੇਵੇਂ ਗੁਰੂ ਜੀ ਦੇ ਵੱਡੇ ਸਪੁਤ੍ਰ (ਬਾਬਾ) ਗੁਰਦਿਤਾ ਜੀ ਦਾ ਜਨਮ ੧੬੭੦ ਬਿ: ਵਿਚ ਡਰੌਲੀ (ਫੀਰੋਜ਼ ਪੁਰ) ਹੋਇਆ। ਬੀਬੀ ਵੀਰੋ ਦਾ ੧੬੭੨ ਬਿ: ਨੂੰ ਸੂਰਜ ਮਲ ਦਾ ੧੬੭੪ ਅਗੇ ਅਣੀ ਰਾਇ ਦਾ ਜਨਮ ੧੬੭੫ ਬਿ: ਅਟੱਲ ਰਾਇ ਜੀ ਦਾ ੧੬੭੬ ਬਿ: ਨੂੰ ਜਨਮ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ੧੬੭੮ ਬਿ: ਵਿਖੇ ਜਨਮੇ। ਬਾਬਾ ਗੁਰਦਿਤਾ ਜੀ ਨੇ ਕੀਰਤ ਪੁਰ ਬਸਾਇਆ। ਆਪਦਾ ਵੱਡਾ ਪੁਤ੍ਰ ਧੀਰ ਮੱਲ ਸੀ, ਇਹ ਭੀ ਗੁਰੂ ਘਰ ਦਾ ਵਿਰੋਧੀ ਸੀ, ਇਸੇ ਕਰਕੇ ਧੀਰ ਮੱਲੀਏ ਬਾਈਕਾਟ ਹੋਏ। ਅਜ ਕਲ ਇਹ ਵੰਸ ਭੀ ਕਰਤਾਰ ਪੁਰ ਹੈ, ਉਥੇ ਜੋ ਬੀੜ ਹੈ, ਇਹ ਧੀਰ ਮਲੀਆਂ ਨੇ ਆਪਣੀ ਮਨਸ਼ਾ ਨਾਲ ਅੱਡਰੀ ਕਿਸਮ ਦੀ ਤਯਾਰ ਕੀਤੀ। ਪੰਜਵੇਂ ਗੁਰੂ ਜੀ ਵਾਲੀ ਇਸੀ ਬੀੜ ਨੂੰ ਕਹਿਣਾ ਭਾਰੀ ਧੋਖਾ ਹੈ। ਬਾਬਾ ਗੁਰਦਿਤਾ ਜੀ ਦੇ ਛੋਟੇ ਪੁਤ੍ਰ ਸਤਵੇਂ ਸ੍ਰੀ ਗੁਰੂ ਹਰ ਰਾਇ ਜੀ ਸਨ, ਧੀਰ ਮੱਲ ਇਨ੍ਹਾਂ ਨਾਲ ਈਰਖਾ ਕਰਦਾ ਰਿਹਾ। ਬਾਬਾ ਗੁਰਦਿਤਾ ਜੀ ਨੇ ੧੬੯੫ ਬਿ: ਨੂੰ ਕੀਰਤ ਪੁਰ ਚਲਾਣੇ ਕੀਤੇ ਆਪਨੇ ਕੀਰਤ ਪੁਰ ਨਗਰ ਸੰਮਤ੧੬੮੬ ਵਿਖੇ ਬਸਾਇਆ ਸੀ। ਛੇਵੇਂ ਗੁਰੂ ਜੀ ਸੰਮਤ ੧੬੯੮ ਤੋਂ ਲੈਕੇ ਸੰਮਤ ੧੭੦੧ ਤੱਕ ਕੀਰਤ ਪੁਰ ਰਹੇ, ਉਥੇ ਹੀ ਜੋਤੀ ਜੋਤ ਸਮਾਏ। ਪਰ ਧੀਰ ਮੱਲ ਦੀ ਉਲਾਦ ਕਰਤਾਰ ਪੁਰ ਹੀ ਰਹੀ ਸੀ। ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁਤ੍ਰ ਸੂਰਜ ਮਲ ਸਨ, ਇਸ ਦੀ ਵੰਸ ਅਗੇ ਚਲੀ ਜਿਹਾ ਕਿ ੧੬੯੦ ਬਿ: ਦੀਪ ਚੰਦ ਔਰ ੧੭੦੭ ਵਿਖੇ ਗੁਲਾਬ ਰਾਇ ਇਹ ਦਸਮ ਗੁਰੂ ਜੀ ਪਾਸੋਂ ਅੰਮ੍ਰਿਤ ਛਕ ਕੇ ਗੁਲਾਬ ਸਿੰਘ ਹੋਇਆ। (ਦਸਮ ਗੁਰੂ ਦੇ ਪਿਛੋਂ ਇਸਨੇ ਭੀ ਗੁਰਤਾ ਵਾਸਤੇ ਲਾਲਸਾ ਕੀਤੀ)। ਗੁਲਾਬ ਸਿੰਘ ਦਾ ਛੋਟਾ ਭਾਈ ਸ਼ਿਆਮ ਚੰਦ ਸੰਮਤ ੧੭੧੮ ਵਿਖੇ ਜਨਮਿਆ। ਗੁਲਾਬ ਸਿੰਘ ਦੀ ਵੰਸ ਨਹੀਂ ਚਲੀ। ਅਣੀ ਰਾਇ ਅਟੱਲ ਰਾਇ ਜੀ ਦੀ ਸ਼ਾਦੀ ਨਹੀਂ ਹੋਈ। ਅਟੱਲ ਰਾਇ ਤਾਂ ਗਿਆਰਾਂ ਸਾਲਾਂ ਦੀ ਉਮਰ ਵਿਚ

Digitized by Panjab Digital Library | www.panjabdigilib.org

ਸੰਮਤ ੧੬੮੬ ਨੂੰ ਅਮ੍ਰਿਤਸਰ ਹੀ ਪ੍ਰਲੋਕ ਸਿਧਾਰੇ। ਯਾਂ ਤੇ ਦੀਪ ਚੰਦ ਦੀ ਸੋਢੀ ਵੰਸ ਚਲੀ ਇਥੇ ਇਹ ਭੀ ਸਮਝੋ ਕਿ ਸ੍ਰੀ ਗੁਰੂ ਹਰਿ ਰਾਇ ਜੀ ਦੇ ਵਡੇ ਪੁਤ੍ਰ ਬਾਬਾ ਰਾਮ ਰਾਇ ਸਨ। ਸੋ ਇਹ ਰਾਮ ਰਾਈਆਂ ਦੇ ਗੁਰੂ ਕਹਾਏ, ਪਰ ਵੰਸ ਨਹੀਂ ਚਲੀ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਸ਼ਾਦੀ ਹੀ ਨਹੀਂ ਹੋਈ ਸੀ, ਇਹ ਵੰਸ ਭੀ ਗੁਰੂ ਘਰ ਵਿਚ ਸਮਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਗਟੇ, ਅਗੇ ਚਾਰੇ ਸਾਹਿਬਜ਼ਾਦੇ ਬਿਨਾਂ ਸ਼ਾਦੀ ਕੀਤੇ ਸ਼ਹੀਦ ਹੋਏ ਇਹ ਸ਼ਾਖ ਭੀ ਗੁਰੂ ਘਰ ਵਿਚੇ ਲੀਨ ਹੋ ਗਈ। ਯਾਂਤੇ ਅਨੰਦ ਪੁਰੀਏ ਸੋਢੀ ਸਿਆਮ ਚੰਦ ਦੀ ਵੰਸ ਵਿਚੋਂ ਹਨ। ਅਥਵਾ ਇਹ ਸ਼ਾਖ ਬਾਬਾ ਸੂਰਜ ਮੱਲ ਥੀਂ ਚੱਲੀ ਹੈ। ਅਗੇ ਨੂੰ ਇਹ ਸਿੰਘ ਸਜਦੇ ਗਏ। ਯਥਾਃ—

ਬਾਬਾ ਸੂਰਜ ਮੱਲ, ਦੀਪ ਚੰਦ, ਸਿਆਮ ਚੰਦ(ਅੰਮ੍ਰਿਤ ਪਾਨ ਕਰਕੇ ਸਿਆਮ ਸਿੰਘ), ਨਾਹਰ ਸਿੰਘ, ਸੁਰਜਨ ਸਿੰਘ, ਦੀਵਾਨ ਸਿੰਘ, ਬ੍ਰਿਜ ਇੰਦ੍ਰ ਸਿੰਘ, ਰਾਮ ਨਾਰਾਇਣ ਸਿੰਘ, ਜਗਤਾਰ ਸਿੰਘ। ਇਹ ਆਪ ਨੂੰ ਟਿੱਕਾ ਅਥਵਾ ਸਾਹਿਬ ਜ਼ਾਦੇ ਕਹੌਂਦੇ ਹਨ। ਲੁਕਮੇਂ ਤੌਰ ਪਰ ਗੁਰੂ ਡੰਮ ਦਾ ਪ੍ਰਚਾਰ ਭੀ ਰਿਹਾ ਹੈ, ਪਰ ਪੰਥ ਦੀ ਸੇਵਾ ਲਈ ਇਨਾਂ ਦਾ ਨੰਬਰ ਅਗਲੀ ਕਤਾਰ ਵਿਚ ਹੈ। 'ਸਿਖ ਧਰਮ' ਲਈ ਪੂਰਨੇ ਭੀ ਪੌਂਦੇ ਆਏ ਹਨ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪਾਤ-ਸ਼ਾਹੀ ਬਰਨਨੰ ਨਾਮ ਪੰਚਮੋ ਧਿਆਇ ਸਮਾਪਤ ਮਸਤ ਸੁਭ ਮਸਤ।੫॥ ਅਫਜੂ ॥੧੫॥

ਸੋ ਉਕਤ ਸੋਢੀ ਵੇਦੀ ਵੰਸ ਕਥਾਵਾਂ ਇਤਿਹਾਸਕ ਤੌਰ ਪਰ ਲਿਖੀਆਂ ਹਨ। ਪਰੰਤੂ ਇਹ ਕੋਈ ਗੁਰਮਤ ਸਿਧਾਂਤ ਯਾਂ ਗੁਰਬਾਣੀ ਰੂਪ ਨਹੀਂ ਹਨ, ਕਈ ਭੇਦ ਇਨਾਂ ਪ੍ਰਸੰਗਾਂ ਤੋਂ ਪ੍ਰਾਪਤ ਹੁੰਦੇ ਹਨ। ਖੋਜਣਾਂ ਵਿਦਜਵਾਨਾਂ ਦਾ ਧਰਮ ਹੈ।

## ਛੀਵਾਂ ਅਧਿਆਇ

'ਅਬ ਮੈਂ ਆਪਣੀ ਕਥਾ' ਚੌਪਈ॥

ਕਠਨ ਪਦ ਅੰਕ ੧ ਤੋਂ ਲਾਕੇ ੨੮ ਤੀਕਰ

ਸਪਤ ਸ੍ਰਿੰਗ=ਸਤ ਚੋਟੀਆ ਪਹਾੜ। ਮਹਾਂ ਕਾਲਕਾ=ਕਾਲੀ (ਮਹਾਂ ਕਾਲੀ) ਮਹਾਂ ਕਾਲ। ਤਾਤ ਮਾਤ=ਮਾਤਾ ਪਿਤਾ। ਅਲੱਖ=ਪ੍ਰਭੂ। ਪ੍ਰਭੂ=ਰੱਖਯਕ ਈਸ਼੍ਵਰ। ਸੁਰਤੀ=ਵ੍ਰਿਤੀ॥ ੫॥ ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ=ਅਕਾਲ ਪੁਰਖ ਵਲੋਂ ਇਸ ਦਾਸ ਪ੍ਰਤਿ। ਜਬ ਪਹਿਲੇ ਹਮ=ਪ੍ਰਭੂ। ਬਵਰੇ=ਬੌਲੇ, ਹੰਕਾਰੀ। ਤੱਤ=(ਬ੍ਰਹਮ ਗਯਾਨ)। ਪ੍ਰਮਾਨੈ=ਮੰਨਣ ਲਗੇ। ਸਾਖ=ਸਾਖੀ (ਗਵਾਹ)। ਮਨੁਛਨ=ਮਾਨੁਖ। ਪੇਡ=ਬ੍ਰਿਛ (ਮੂਢ)। ਤਨਕਿ=ਜ਼ਰਾ ਕੁ। ਰਿਖੀ ਪ੍ਰਾਸਰ ਆਦਿ। ਅਨਰਾਗੀ=ਪ੍ਰੇਮੀ ਅਥਵਾ ਨਿਵਿਰਤ ਕਰਤੇ। ਸੰਦੇਹਿ=ਸਣ ਦੇਹੀ। ਜਾਤਨ=ਪੀੜਾ। ਪਰਮ ਪੁਰਖ=ਵਡੇ ਈਸ਼੍ਵਰ। ਬਪੁ=ਸਰੀਰ ਜਨਮ। ਕਰਨਖ=ਹਥਾਂ ਦੇ ਨਾਖੂਨ। ਸਵਾਰੀ=ਵਧਾਈਆਂ ਜਟਾਂ। ਉਪਰਾਜਾ=ਪੈਦਾ ਕੀਤਾ। ਰਾਜਾ=ਪੀਰ। ੨੮।

## ਅਕਾਲ ਪੁਰਖ ਵਾਚ ਚੌਪਈ

"ਮੈ ਆਪਨਾ ਸੁਤ"

ਕਠਨ ਪਦ ੨੯ ਤੋਂ ਲਾਕੇ ੬੪ ਤੀਕਰ

Digitized by Panjab Digital Library | www.panjabdigilib.org

ਕਬੁਧ=ਮਨਮਤਾਂ। ਠਾਢ=ਖੜਾ। ਕਰਜੋਰ=ਹਥ ਜੋੜ ਕੇ। ਮ੍ਰਿਤ ਲੋਕ=ਸੰਸਾਰ। ਕਾਣ=ਕਨੌਡ। ਅਲੇਖ=ਪਰਮੇਸ਼ਰ। ਤੁਮੇਵ=ਤੇਰੇ ਭਰੋਸੇ। ਦਾਨ=ਯਾਚਕ। ਮਾਰਿਯੰ=ਪਰਵਿਰਤ। ਉਪਾਰਨ=ਮਾਰਨ (ਉਖਾੜਨ)। ਬਿਦਾਰਾ=ਮਾਰਾ। ਗਉਸ=ਖੁਦਾ ਦਾ ਯਾਰ। ਅੰਬੀਆ=ਨਬੀ। ਮੈਂ ਮੈ=ਮੈ ਹੀ ਖੁਦਾ ਹਾਂ। ਨਿਦਾਨ=ਅੰਤ। ਢਵਾ=ਧਾੜਾਂ। ਲਖੋ=ਸਮਝੋ। ਡਿੰਭ ਵਿੰਭ=ਬਨੌਟ, ਫਰੇਬ। ਪਰ ਲੋਗਨ=ਪ੍ਰਲੋਕ। ਕਾਤੀ=ਛੁਰੀ ਬਿਬ=ਦ੍ਵੈਤਾ। ਆਇਸ=ਹੁਕਮ॥ ੬॥ ਅਫਜੂ॥ ੨੭੮॥

"ਅਬ ਮੈਂ ਅਪਨੀ ਕਥਾ ਬਖਾਨੋ॥"

ਇਸ ਧਿਆਇ ਵਿਚ ਦਸਮ ਗੁਰੂ ਆਗਮਨ ਤਥਾ ਜਨਮ ਕਥਾ ਹੈ। ਇਸ ਕਥਾ ਵਿਚੋਂ ਹੇਠਾਂ ਲਿਖੇ ਅੰਕਾਂ ਪਰ ਖਾਸ ਵਿਚਾਰ ਹੈ—

(੧) ਹੇਮ ਕੁੰਟ ਔਰ ਸਤ ਸ੍ਰਿੰਗ ਕਿਥੇ ਹਨ? ਹੇਮ ਕੁੰਟ ਹਿਮਾਲਾ ਪਹਾੜ ਹੈ, ਜਹਾਂ ਬਾਰਾਂ ਮਹੀਨੇ ਬਰਫ ਪੈਂਦੀ ਹੈ। ਉਥੇ ਸਪਤ ਸ੍ਰਿੰਗ (ਸਤ ਸ੍ਰਿੰਗ) ਪਹਾੜੀ ਹੈ ਅਥਵਾ ਸੱਤ ਚੋਟੀਆਂ ਵਾਲਾ ਪਹਾੜ। ਪੁਰਾਣਕ ਕਥਾ ਅਨੁਸਾਰ ਕਿੰਪੁਰਖ ਖੰਡ ਤੇ ਭਾਰਤ ਖੰਡ ਦੀ ਹਦ ਪਰ ਇਹ ਪਹਾੜੀ ਹੈ। ਗ੍ਰੰਥ ਮਹਾਂ ਭਾਰਤ ਦੀ ਕਥਾ ਮੂਜਬ ਇਹ ਪਹਾੜੀ ਹਿਮਾਲਾ ਦੀ ਧਾਰਾ ਵਿਚ ਇੰਦ੍ਰ ਦਯੁਮਨ ਦੇ ਲਾਗੇ ਹੈ, ਜਹਾਂ ਕਿ ਪੰਡੂ (ਪਾਂਡਵ) ਰਾਜੇ ਬਰਫ ਵਿਚ ਗਲੇ ਯਾ ਜੋਗ ਕੀਤਾ। ਪਰ ਉਥੇ ਨਾਮ ਇਸ ਦਾ 'ਨਾਗੁਸਤ' ਹੈ, ਉਥੇ ਮਹਾਂ ਤਪਸਿਆ ਕੀਤੀ ਔਰ ਮਹਾਂਕਾਲਕਾ ਦਾ ਅਰਾਧਨ (ਸਿਮਰਨ ਪੂਜਾ) ਕੀਤੀ। ਪਰ ਦਸਮ ਗੁਰਬਾਣੀ ਵਿਚ ਸਨਿਆਸ, ਤਪੱਸਿਆ ਔਰ ਅਨਸਕਤੀਆਂ ਦੀ ਪੂਜਾ ਦਾ ਖੰਡਣ ਹੈ, ਜਿਹਾ ਕਿ 'ਬਿਨ ਕਰਤਾਰ ਨ ਕਿਰਤਮ ਮਾਨੋ' 'ਰੇ ਮਨ ਐਸੋ ਕਰ ਸਨਿਆਸਾ' 'ਰੇ ਮਨ ਏਹ ਬਿਧ ਜੋਗ ਕਮਾਓ।' ਆਦਿ ਸ਼ਬਦ ਹਨ। ਸੋ ਜੋ ਸਿਧਾਂਤ ਗੁਰਬਾਣੀ ਵਿਖੇ ਹਨ; ਉਸਦਾ ਮੰਡਣ ਯਾਂ ਮਹਾਤਮ ਸਿਖ ਧਰਮ ਦੇ ਪ੍ਰਚਾਰ ਦਾ ਹਿਸਾ ਨਹੀਂ ਹੋ ਸਕਦਾ। ਨਾ ਹੀ ਪਿਛਲੇ ਜਨਮ ਦਾ ਕੋਈ ਅਸਰ ਸਿਖ ਧਰਮ ਤੇ ਪੈ ਸਕਦਾ ਹੈ, ਜਿਵੇਂ ਕਿ ਭਾਈ ਲਹਿਣਾਂ ਪਹਿਲੀ ਉਮਰ 'ਦੇਵੀ ਭਗਤ' ਸਨ ਔਰ ਗੁਰੂ ਅਮਰ ਦੇਵ ਜੀ ਪਹਿਲੀ ਉਮਰੇ 'ਗੰਗਾ ਭਗਤ' ਸਨ। ਪਰ ਜਦੋਂ ਓਹ ਗੁਰਸਿੱਖ ਯਾਂ ਗੁਰੂ ਬਣੇ ਪਿਛਲੀ ਵਰਤੋਂ ਨਿਸਫਲ ਯਾਂ ਗੁਰਮਤ ਥੀਂ ਦੂਰ ਰਹਿ ਗਈ, ਇਕਰ ਇਸ ਕਥਾ ਦਾ ਸਨਬੰਧ ਗੁਰਤਾ ਯਾਂ 'ਗੁਰ ਪਦ' ਦਾ ਨਹੀਂ ਕਿਹਾ ਜਾ ਸਕਦਾ. 'ਜਟਾਂ ਨ ਮੁੱਦ੍ਰਕਾ ਸੁ ਧਾਰਹੂ' ਆਦਿ ਵਾਕ ਇਸ ਕਥਾ ਨੂੰ ਨਿਸਫਲ ਸਿਧ ਕਰਦੇ ਹਨ।

ਇਹ ਬਿਧਿ ਕਰਤ ਤਪਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ। ਇਹ ਮਹਾਂ-ਕਾਲ ਕਾਲਕਾ ਨਾਲ ਅਭੇਦਤਾ ਦਾ ਜ਼ਿਕਰ ਹੈ, ਅਕਾਲ ਪੁਰਖ ਨਾਲ ਏਕਤਾ ਦਾ ਇਹ ਪ੍ਰਸੰਗ ਨਹੀਂ ਹੈ। ਗੁਰ ਪ੍ਰਤਾਪ ਸੂਰਜ ਔਰ ਤਵਾਰੀਖ ਖਾਲਸਾ ਨੇ ਸੌ ਸਾਖੀ ਔਰ ਐਸੀ ਕਥਾਵਾਂ ਨੂੰ ਲੈਕੇ ਹੀ ਦਸਮੇਸ਼ ਜੀ ਨੂੰ ਦੇਵੀ ਭਗਤ ਬਨੌਣ ਦੀ ਬੇ-ਅਰਥ ਕੋਸ਼ਸ਼ ਕੀਤੀ ਹੈ। ਹੇਮ ਕੁੰਟੀਆ ਤਪੱਸੀ ਪਹਿਲਾਂ

Digitized by Panjab Digital Library | www.panjabdigilib.org

ਕੌਣ ਸੀ ? ਅਕਸਰ ਕਿਸੇ ਦਾ ਪੁਤ੍ਰ ਤਾਂ ਹੋਣਾ ਹੀ ਹੈ। ਉਸ ਦਾ ਉੱਤ੍ਰ ਦੇਵੀ ਪੁਰਾਣਾਂ ਆਦਿ ਹਿੰਦੂ ਗ੍ਰੰਥਾਂ ਵਿਚੋਂ ਇੱਕਰ ਮਿਲਦਾ ਹੈ–

ਉਤ੍ਰਾ ਖੰਡ ਦੇ ਮਹਾਰਾਜਾ ਦੀਰਘ ਦੇਵ ਦੀ ਰਾਣੀ ਸਤਜਵੰਸੀ ਸੀ, ਜਿਸ ਨੂੰ ਕਿ ਪੁਤ੍ਰ ਦੀ ਕਾਮਨਾ ਹੋਈ। ਦੋਹਾਂ ਨੇ ਉੱਗ੍ਰ ਤਪ ਕੀਤਾ। ਕਾਂਸ਼ੀ ਵਿਚ ਇਹ ਤਪੱਸੀ ਉਨਾਂ ਦੇ ਗ੍ਰਿਹ ਜਨਮਿਆਂ।

ਦੂਜੀ ਹੇਮ ਕੁੰਟ ਦੀ ਤਪੱਸਿਆ ਦਵਾਰੇ ਦੇਵੀ ਦੇ ਪ੍ਰਸੰਗਾਂ ਵਿਚ ਆਇਆ ਹੈ, ਔਰ ਮਾਰ ਕੰਡੇ ਆਦਿ ਪੁਰਾਣਾਂ ਤੋਂ ਭੀ ਸਾਬਤ ਹੁੰਦਾ ਹੈ ਕਿ ਇਸ ਤਪੱਸੀ ਪਾਸ ਆਕੇ ਦੈਂਤਾਂ ਨੇ ਪੁਛਿਆ ਕਿ ਇਧਰ ਕਿਧਰੇ ਦੇਵੀ ਦੁਰਗਾ ਆਈ ਹੈ ? ਜਿਸ ਪਰ ਤਪੱਸੀ (ਦਸਮ ਗੁਰੂ) ਜੀ ਨੇ ਕਿਹਾ ਕਿ ਉਹ ਤਾਂ ਪਰਮ ਸ਼ਕਤੀ ਹੈ ਤੁਸਾਡਾ ਨਸ਼ਟ ਕਰੇਗੀ, ਐਸਾ ਕਹਿਣ ਪਰ ਉਨ੍ਹਾਂ ਦੈਂਤਾਂ ਨੇ ਤਪੱਸੀ ਅਰਥਾਤ ਦਸਮ ਗੁਰੂ ਜੀ ਨੂੰ ਕੁਟ ਕੁਟ ਕੇ ਖੂਬ ਹੀ ਮੁੰਜ ਬਣਾਇਆ, ਵਿਚਾਰੇ ਤਪੱਸੀ ਨੇ ਤਪ ਭੰਗ ਹੋਣ ਦੇ ਡਰ ਤੋਂ ਤਾਮਸੀ ਨਾ ਲਿਆਂਦੀ ਭਾਵ ਖਿਮਾ ਰੱਖੀ ਪ੍ਰੰਤੂ ਓਸ ਤਪੱਸੀ ਨੇ ਓਅੰ ਦਾ (ਓਮ ਵੇਦ ਮੰਤ੍ਰ) ਕਹਿਕੇ ਐਸਾ ਨਾਹਰਾ ਮਾਰਕੇ ਆਸਣ ਝਾੜਿਆ (ਫਟਕਿਆ) ਕਿ ਉਸ ਵਿਚੋਂ ਇਕ ਤੇਜ ਪੁੰਜ ਪੁਰਸ਼ ਨਿਕਲ ਪਿਆ ਕਿ ਉਸਨੇ ਸਾਰੇ ਦੈਂਤ ਮਾਰ ਘੱਤੇ। ਜਿਸ ਪਰ ਦੇਵੀ ਨੇ ਅਤਿ ਪ੍ਰਸੰਨ ਹੋਕੇ ਦੁਸ਼ਟ ਦਮਨ ਦਾ ਖਿਤਾਬ ਬਖਸ਼ਕੇ ਵਰ ਦਿਤਾ ਕਿ ਹਾਲੀ ਆਪ ਇਥੇ ਹੀ ਤਪੱਸਿਆ ਕਰੀ ਚਲੋ ! ਚੌਥੇ ਜੁਗ ਵਿਚ ਤੂੰ ਅਬਿਨਾਸ਼ੀ ਪੁਰਸ਼ ਸਰੂਪ ਵਿਚ ਅਵਤਾਰ ਲਵੇਂਗਾ। ਪਸ ! ਦੇਵੀ ਦੁਰਗਾ ਦੇ ਵਰ ਨਾਲ ਦਸਮ ਗੁਰੂ ਜੀ ਨੇ ਅਵਤਾਰ ਲਿਤਾ, ਔਰ ਇਸੇ ਭਾਵਨਾ ਦੀ ਕਥਾ ਗੁਰ ਪ੍ਰਤਾਪ ਸੂਰਜ ਆਦਿ ਸਿਖ ਇਤਿਹਾਸਕਾਰਾਂ ਨੇ ਲਿਖੀ ਹੈ ਜੋ ਪੂਰੀ ਪੂਰੀ ਮਨ ਮਤ ਔਰ ਦੇਵੀ ਪੁਰਾਣ ਆਦਿ ਗ੍ਰੰਥਾਂ ਦਾ ਪ੍ਰਚਾਰ ਕੀਤਾ ਹੈ। ਜਿਸ ਨੂੰ ਖੋਜ ਦੀ ਲੋੜ ਹੈ। ਉਹ ਗੁਰ ਪ੍ਰਤਾਪ ਸੂਰਜ (ਸੂਰਜ ਪ੍ਰਕਾਸ਼) ਗ੍ਰੰਥ ਦੀ ਰਾਸ ੧੧ ਗਿਆਰਾਂ ਦਾ ਅੰਕ ੫੦, ੫੧, ੫੨ ਆਦਿ ਅਧਿਆਵਾਂ ਵਿਚੋਂ ਪੜ੍ਹੇ, ਜੋ ਪੂਰਨ ਪੋਪ ਲੀਲ੍ਹਾਂ ਦੀ ਨਕਲਾਂ ਉਤਰਦੀਆਂ ਹਨ।

ਇਕ ਪ੍ਰਸੰਗ ਹੋਰ ਹੈ ਜੋ ਕਿ ਚਮੁੰਡਾ ਦੇਵੀ ਔਰ ਦੁਰਗਾ ਦਾ ਹੈ, ਜਿਸਨੇ ਦੈਂਤ ਮਾਰੇ ਸਨ। ਇਹ ਪ੍ਰਸੰਗ ਭੀ ਸੂਰਜ ਪ੍ਰਕਾਸ਼ ਰਾਸ ਗਿਆਰਾਂ ਦੇ ਅੰਕ ੪੮ ਤੋਂ ਲਾਕੇ ਇਕਵੰਜਾ ਤਕ ਸਪਸ਼ਟ ਹੈ। ਜਿਸ ਦਾ ਭਾਵ ਗੁਰੂ ਜੀ ਨੂੰ ਦਵੀ ਭਗਤ ਸਿੱਧ ਕਰਨਾ ਹੈ। ਅਖੇ ! ਤਪੱਸੀ ਦਾ ਪ੍ਰਤਾਪ ਵੇਖਕੇ ਵਿਚਾਰਾ ਇੰਦਰ ਡਰਿਆ ਕਿ ਮਤਾਂ ਮੇਰੀ ਗੱਦੀ ਹੀ ਸੰਭਾਲ ਨਾ ਲਵੇ, ਇੰਦਰ ਬ੍ਰਹਮਾਂ ਪਾਸ ਜਾ ਫਰਯਾਦੀ ਹੋਇਆ, ਬ੍ਰਹਮਾਂ ਨੇ ਕਿਹਾ ਕਿ ਤੂੰ ਕੋਈ ਫਿਕਰ ਨਾ ਕਰ ਇਸਦੇ ਹਥੋਂ ਤਾਂ ਦੁਸ਼ਟਾਂ ਦਾ ਨਾਸ਼ ਹੋਣਾ ਹੈ ਇੰਦ੍ਰ ਨੇ ਬ੍ਰਹਮਾਂ ਨੂੰ ਪੁਛਿਆ ਕਿ ਇਹ ਕੌਣ ਹੈ ? ਯਥਾ– ਬ੍ਰਹਮਾ ਵਾਚ॥ ਇਕ ਸਮੇਂ ਰਕਤ ਬੀਜ ਨਾਮੀ ਦੈਂਤ ਨੇ (ਈਹੋ ਕਥਾ ਚੰਡੀ ਦੇ ਪ੍ਰਸੰਗਾਂ ਤੋਂ ਪ੍ਰਗਟ ਹੈ ਪੜ੍ਹੋ ਚੰਡੀ ਚਰਿਤ੍ਰ ਔਰ ਵਾਰ ਭਗਉਤੀ) ਦੇਵਤੇ ਸਣੇ ਇੰਦਰ ਦੇ ਮਾਰ ਮਾਰਕੇ ਸੁਰਗਾਂ ਵਿਚੋਂ ਨਠਾ

Digitized by Panjab Digital Library | www.panjabdigilib.org

ਦਿਤੇ, ਉਨ੍ਹਾਂ ਨੇ ਭਗਉਤੀ ਅਗੇ ਹਿਮਾਲਾ ਪਰਬਤ ਪਰ ਜਾ ਅਰਜ਼ ਕੀਤੀ, ਦੇਵੀ ਨੇ ਆਕੇ ਦੈਂਤ ਖੂਬ ਮਾਰੇ ਪਰ ਜਿਉਂ ਜਿਉਂ ਉਹ ਮਾਰੇ ਹੋਰ ਵਧਦੇ ਹੀ ਜਾਣ ਦੈਂਤਾਂ ਦੀ ਫੌਜ ਨੌ ਪਦਮ ਦੀ ਗਿਣਤੀ ਵਿਚ ਲਿਖੀ ਹੈ ਪਰ ਨੌ ਪਦਮ ਦੁਨੀਆਂ ਭਰ ਦੀ ਭੀ ਆਦਮ ਗਿਣਤੀ ਕਦੀ ਨਹੀਂ ਹੋਈ, ਉਪ੍ਰੰਤ ਦੇਵੀ ਦੈਂਤਾਂ ਨੂੰ ਮਾਰਕੇ ਪਹਾੜ ਬਿੰਧਿਆ ਚਲ ਪਰ ਜਾ ਬਿਰਾਜੀ। ਉਥੇ ਕਿਧਰੇ ਢੂੰਢਦਾ ਢੂੰਢਦਾਂ ਬਲ ਸਬੇਲ ਨਾਮਕ ਦੈਂਤ ਜਾ ਨਿਕਲਿਆ। ਉਸਨੇ ਕਿਹਾ ਕਿ ਹੇ ਦੁਰਗਾ! ਤੂੰ ਸਾਡੇ ਰਾਜੇ ਸੁੰਭ ਨਾਲ ਸ਼ਾਦੀ ਕਰਵਾ ਲੈ। ਉਹ ਤ੍ਰਿਲੋਕੀ ਦਾ ਰਾਜਾ ਹੈ, ਸੁੰਭ ਦਾ ਛੋਟਾ ਭਾਈ ਨਸੁੰਭ ਸੀ। ਦੇਵੀ ਨੇ ਕਿਹਾ ਕਿ ਜੋ ਮੈਨੂੰ ਜੰਗ ਕਰਕੇ ਜਿਤੇਗਾ ਉਸਦੇ ਨਾਲ ਸ਼ਾਦੀ ਕਰਾਵਾਂਗੀ। ਸੋ ਇਸ ਸ੍ਵੰਬਰ ਵਿਵਾਹ ਦੀ ਸ਼ਰਤ ਹੋਣ ਨਾਲ ਜੰਗ ਹੁੰਦੇ ਰਹੇ, ਇੱਕਰ ਦੇ ਪ੍ਰਸੰਗ ਮੰਗਲ ਪ੍ਰਕਾਸ਼ ਦਸ ਪਾਤਸ਼ਾਹੀ (੧੦) ਨਾਮਕ ਗ੍ਰੰਥ ਵਿਚ ਲਿਖੇ ਹੋਏ ਹਨ। ਜਿਥੋਂ ਕਿ ਭਾਈ ਸੰਤੋਖ ਸਿੰਘ ਨੇ ਕਈ ਪ੍ਰਸੰਗ ਲੈ ਕੇ ਕਵਿਤਾਵਾਂ ਰਚੀਆਂ ਹਨ, ਪਰ ਉਸ ਵਿਚ ਪ੍ਰਸੰਗ ਹੋਰ ਢੰਗ ਨਾਲ ਹੈਨ। ਯਥਾ- ਉਸਦਾ ਸੰਖੇਪ ਭਾਵ ਇਉਂ ਹੈ। ਅਸਲ ਵੱਛਲ ਰਾਇ ਨਾਮੀ ਅਮਰ ਕੋਟ ਦਾ ਰਾਜਾ ਸੀ, ਉਸਦਾ ਪੁਤ੍ਰ ਸੀ ਬਿਜੈ ਰਾਇ, ਵੱਛਲ ਰਾਇ ਨੇ ਹੇਮ ਕੁੰਟ ਪਰ ਤਪ ਕੀਤਾ ਸੀ, (ਜਿਸਨੂੰ ਕਿ ਦਸਮ ਗੁਰੂ ਤਪਸੀ ਬਣਾਇਆ ਗਿਆ ਤੇ ਨਾਮ ਧਰ ਲਿਆ ਦੁਸਟ ਦਮਨ) ਭਾਵ ਇਸਦਾ ਖਿਤਾਬ ਸੀ ਦੁਸਟ ਦਮਨ (ਇਹ ਸਮੁੰਤਨ ਰਿਖੀ ਦਾ ਚੇਲਾ ਸੀ) ਪਸ! ਇਸ ਸਾਖੀ ਨੂੰ ਅਗੇ ਧਰਕੇ ਹੀ ਨਈ ਸਾਖੀ ਘੜੀ ਗਈ ਹੈ, ਦਸਮ ਗੁਰੂ ਜੀ ਨੂੰ ਦੁਸਟ ਦਮਨ ਆਪ ਹੀ ਬਣਾ ਘੱਤਿਆ। ਇਨ੍ਹਾਂ ਕਥਾਵਾਂ ਦਾ ਅਨਵਾਦ ਬਚਿੱਤ੍ਰ ਨਾਟਕ ਵਿਖੇ ਲਿਆਂਦਾ ਹੈ। ਵਿਚੋਂ ਤੁਕਾਂ ਲਿਤੀਆਂ ਹਨ, ਦੁਸਟ ਸਭਿਨ ਕੋ ਮੂਲਿ ਉਪਾਰਨ। ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕਰ ਪਛਾਰੋ। ਦੁਸਟ ਸਬਦ ਵੇਖ ਕੇ ਹੀ ਦੁਸਟ ਦਮਨ ਬਣਾ ਲਿਤਾ ਹੈ, ਕਈ ਭੁਲੜ ਵੀਰ ਪਹਾੜਾਂ ਵਿਚ ਦੁਸਟ ਦਮਨ ਭਾਲਣ ਜਾਂਦੇ ਹਨ ਜੋ ਹਾਸੋ ਹੀਣੀ ਹਾਲਤ ਹੈ। ਦੁਸਟ ਦਮਨ ਤਾਂ ਦੇਵੀ ਦਾ ਭਗਤ ਸੀ।

## ਅਕਾਲ ਪੁਰਖ ਵਾਚ ਇਸ ਕੀਟ ਪ੍ਰਤਿ

ਅਕਾਲ ਪੁਰਖ ਵਲੋਂ ਜੋ ਹੁਕਮ ਗੁਰੂ ਨਾਨਕ ਜੀ ਨੂੰ ਮਿਲੇ (ਤੇਹਾ ਦੁਲਾਇਆ ਨਾਨਕ ਦਾਸ ਬੋਲੇ। ਇਹ ਧੁਰ ਕੀ ਬਾਣੀ ਆਈ) ਉਸ ਨਾਲੋਂ ਕੋਈ ਹੁਕਮ ਉਲਟ ਯਾਂ ਵਖਰਾ ਨਹੀਂ ਹੋ ਸਕਦਾ, ਜਦੋਂ ਕਿ ਗੁਰੂ ਨਾਨਕ ਜੀ ਦੇ ਦਸਾਂ ਸਰੂਪਾਂ ਦਾ ਮਿਸ਼ਨ ਇਕੋ ਹੈ। ਕੀਟ ਪ੍ਰਤਿ ਮਹਾਨ ਨਿੰਮ੍ਰਤਾ ਭਰਿਆ ਸ਼ਬਦ ਹੈ। ਉਕਤ ਪ੍ਰਸੰਗ ਇਤਿਹਾਸ ਰੂਪ ਹੈ। ਔਰ ਮਹਾਨ ਉੱਤਮ ਨਾਟਕ ਹੈ। ਸ੍ਰੀ ਨਾਨਕ ਅੰਗਦ ਕਰ ਜਾਨਾ। ਪ੍ਰਸੰਗ ਵਿਖੇ ਦਸੋ ਗੁਰੂ ਇਕੋ ਜੋਤ ਫੁਰਮਾਏ ਹਨ, ਫਿਰ ਭਿੰਨਤਾ ਕਿਸ ਬਾਤ ਦੀ। ਤਿਨ ਇਹ ਕਲ ਮੋ ਧਰਮ ਚਲਾਇਓ। ਖਾਲਸਾ ਧਰਮ ਦੇ ਬਾਨੀ ਸਤਿਗੁਰੂ ਨਾਨਕ ਜੀ ਹਨ। ਸਾਰੀ ਮ੍ਰਯਾਦਾ ਗੁਰੂ ਨਾਨਕ ਜੀ ਨੇ ਆਰੰਭ ਤੋਂ

Digitized by Panjab Digital Library | www.panjabdigilib.org

ਨੀਯਤ ਕੀਤੀ ਹੈ। ਦਸਮ ਗੁਰੂ ਜੀ ਨੂੰ ਅੱਡਰਾ ਗੁਰੂ ਸਾਬਤ ਕਰਨਾ ਅਨੀਤੀ ਹੈ।

ਇਹ ਠੀਕ ਹੈ ਕਿ ਦਸਾਂ ਗੁਰਾਂ ਤੋਂ ਪਹਿਲਾਂ ਅਨੇਕਾਂ ਮਹਾਂ ਪੁਰਸ਼ ਹੋਏ, ਜਿਨਾਂ ਨੇ ਕਿ ਵੇਦਾਂ ਕਤੇਬਾਂ ਪੁਰਾਣ ਆਦਿ ਗ੍ਰੰਥ ਲਿਖਕੇ ਕਿਹਾ ਕਿ ਇਹੋ 'ਅਕਾਲ ਪੁਰਖ' ਦਾ ਹੁਕਮ ਹੈ। ਪਰੰਤੂ ਗੁਰੂ ਨਾਨਕ ਜੀ ਨੇ ਉਨਾਂ ਸਿਧਾਂਤਾਂ ਨੂੰ ਅਕਾਲ ਪੁਰਖ ਦਾ ਹੁਕਮ ਨਹੀਂ ਮੰਨਿਆਂ ਔਰ ਗੁਰ-ਬਾਣੀ ਵਿਖੇ ਵੇਦਾਂ ਕਤੇਬਾਂ ਦੇ ਆਸ਼ੇ ਦਾ ਖੰਡਣ ਮੌਜੂਦ ਹੈ।

ਇਹ ਗੁਰਮਤ ਸਿਧਾਂਤ ਨਹੀਂ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸੰਮਤ ੧੫੨੬ ਬਿ: ਨੂੰ ਪ੍ਰਗਟ ਹੋ ਕੇ ਆਪਣੇ ਨੌਆਂ ਸਰੂਪਾਂ ਵਿਚ ਸਿਖ ਧਰਮ ਦਾ ਪ੍ਰਚਾਰ ਕਰ ਕੇ ਹੇਮ ਕੁੰਟ ਵਾਲੇ ਤਪੱਸੀ ਦਾ ਮਤ ਸਿਧਾਂਤ ਖੰਡਣ ਕਰਦੇ ਆ ਰਹੇ ਹੋਣ! ਉਧਰ ਤਪੱਸੀ ਜੀ ਸੰਮਤ ੧੭੨੩ ਬਿ: ਤਕ ਅਰਥਾਤ ਦੋ ਸੌ ਸਾਲ ਗੁਰਮਤ ਵਿਰੁਧ ਸਿਧਾਂਤ 'ਸਨਿਆਸੀ' ਮਤ ਨੂੰ ਧਾਰਨ ਕਰ ਰਖਣ! ਅਥਵਾ ਹਿਮਾਲੇ ਵਿਚ ਤਪਸਿਆ ਕਰਦੇ ਹੋਏ ਸੁਆਹ ਆਦਿ ਮਲ ਕੇ ਸਾਧ ਹੀ ਬਣੇ ਰਹਿਣ। ਜੇ ਇਹ ਠੀਕ ਹੈ ਤਾਂ ਇਹ ਪਿਛਲੇ ਜਨਮ ਦੀ ਕਥਾ ਹੈ, ਜਦੋਂ ਕਿ ਓਹ 'ਗੁਰੂ' ਨਹੀਂ ਥਾਪੇ ਗਏ ਸਨ। ਜੇ ਕਿਸੇ ਭੀ ਜੁਗਤੀ ਨਾਲ ਮੰਨਿਆਂ ਜਾਵੇ ਕਿ ਓਹ ਇਸੇ ਤਰਾਂ ਤਪਸਿਆ ਕਰਦੇ ਰਹੇ ਸਨ, ਚਲੋ ਠੀਕ ਹੀ ਸਹੀ! ਪਰੰਤੂ ਉਸ ਤਪਸਿਆ ਯਾਂ ਮਤ ਸਿਧਾਂਤ ਦਾ ਗੁਰਮਤ ਨਾਲ ਕੋਈ ਸਬੰਧ ਨਹੀਂ ਹੋ ਸਕਦਾ। ਜੋ ਸਜਨ ਹੇਮ ਕੁੰਟ ਜਾ ਕੇ ਹਵਨ ਕੁੰਡ ਯਾਂ ਬਿਭੂਤੀ ਮਾਲਾ ਆਦਿ ਭਾਲਦੇ ਫਿਰਦੇ ਹਨ, ਉਨਾਂ ਨੂੰ ਚਾਹੀਦਾ ਹੈ ਕਿ ਓਹ ਦੂਜੇ ਗੁਰੂ ਜੀ ਦੀ ਪਹਿਲੀ ਜ਼ਿੰਦਗੀ ਅਰਥਾਤ ਅਸਿਖਾਂ ਵਾਲੀ ਸਮੇਂ ਦੀ ਪੂਜਾ ਦੇ ਚਿਨ੍ਹ ਸੁਰਖ ਬਸਤ੍ਰ ਔਰ ਹਥਾਂ ਵਿਚ ਰਖਣੇ ਵਾਲਾ ਦੇਵੀ ਦਾ ਤ੍ਰਿਸੂਲ ਆਦਿ ਭੀ ਭਾਲਣ। ਅਥਵਾ ਸ੍ਰੀ ਗੁਰੂ ਅਮਰ ਦੇਵ ਜੀ ਦੇ ਹਿੰਦੂ ਮਤ ਧਾਰਨ ਵੇਲੇ ਜੋ ਗੰਗਾ ਆਦਿ ਤੀਰਥਾਂ ਪਰ ਜਾਂਦੇ ਸਨ ਉਨਾਂ ਸਥਾਨਾਂ ਔਰ ਗੰਗਾ ਦੀ ਯਾਤਰਾ ਭੀ ਕਰਿਆ ਕਰਨ।

ਸਜਨੋਂ! ਯਾਦ ਰਖੋ, ਕੋਈ ਭੀ ਗੁਰੂ ਵਿਯਕਤੀ ਜਦੋਂ ਤੀਕਰ ਕਿ ਓਹ ਗੁਰਤਾ ਹਾਸਲ ਕਰ ਕੇ ਗੁਰ ਗੱਦੀ ਦੀ ਮਾਲਕ ਨਹੀਂ ਬਣੀ, ਸਿਖ ਧਰਮ ਉਨਾਂ ਦੀ ਪਹਿਲੀ ਵਰਤੋਂ ਦਾ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। 'ਸਤਿਗੁਰ ਕੇ ਜਨਮੇਂ ਗਵਨ ਮਿਟਾਇਆ।' ਗੁਰਮਤ ਸਿਧਾਂਤ ਹੈ ਅੰਮ੍ਰਿਤ ਪਾਨ ਕਰਨ ਪਰ ਸਿਖ ਦਾ ਜਨਮ 'ਗੁਰੂ ਘਰ' ਵਿਚ ਮੰਨਿਆਂ ਜਾਂਦਾ ਹੈ। ਪਹਿਲਾ ਜਨਮ ਬੇ ਅਰਥ ਹੈ।

## ਮਹਾਂ ਦੇਵ ਅਚੁੱਤ ਕਹਿਵਾਯੋ

ਆਪ ਨੂੰ ਹੀ ਪ੍ਰਭੂ ਦਸਣਾਂ ਖੁਦੀ ਦਾ ਪ੍ਰਚਾਰ ਹੈ, ਸ਼ਿਵ ਨੇ ਆਪ ਨੂੰ ਰਬ ਠਹਿ-ਰਾਇਆ ਸੀ। ਇਹ ਸਿਧਾਂਤ ਗੁਰਮਤ ਤੋਂ ਵਿਰੁਧ ਹੈ। ਗੁਰਮਤ ਨੇ ਦਸਿਆ ਹੈ— 'ਬੇਦ ਭੇਦ ਨਹਿ ਲਖੈ ਬ੍ਰਹਮ ਬ੍ਰਹਮਾ ਨਹਿ ਬੁਝੈ॥ ਬਯਾਸ, ਪਰਾਸਰ, ਸ਼ੁਕ ਸਨਾਦਿ ਸ਼ਿਵ ਅੰਤ ਨ ਸੁਝੈ॥' (ਗਿਆਨ ਪ੍ਰਬੋਧ)

ਯਾਂਤੇ ਓਹ ਗਲਤੀ ਪਰ ਹਨ, ਜੋ ਕਹਿੰਦੇ ਹਨ ਕਿ ਸ਼ਿਵ ਰਬ ਹੈ। 'ਕਾਹੂ

Digitized by Panjab Digital Library | www.panjabdigilib.org

ਮਹੇਸ਼ ਕੋ ਏਸ (ਸ੍ਵਾਮੀ, ਪ੍ਰਭੂ) ਬਖਾਨਯੋ ॥' ਪਰੰਤੂ ਸ਼ਿਵਜੀ ਤਾਂ ਆਪ ਹੀ ਕਾਲ ਦੇ ਅਧੀਨ ਹੈ। 'ਕਾਲਹਿ ਪਾਯ ਸਦਾ ਸ਼ਿਵ ਜੂ ਸਭ ਦੇਸ ਬਿਦੇਸ ਭਯਾ ਹਮ ਜਾਨਜੋ ॥' ਸਵੈਯੇ ੩੩॥ 'ਕਾਲ ਪਾਇ ਸ਼ਿਵ ਜੀ' ਭਾਵ ਸ਼ਿਵ ਜੀ ਉਮਰ ਭੋਗ ਕੇ ਕਾਲ ਵਾਸ ਹੋਇਆ। ਪਰੰਤੂ ਅਕਾਲ ਪੁਰਖ ਸਮੇਂ ਯਾਂ ਕਾਲ ਥੀਂ ਰਹਿਤ ਹੈ। ਸ਼ਿਵ ਮਤ ਬਹੁਤ ਪੁਰਾਣਾ ਹੈ। ਰਾਵਨ ਸ਼ਿਵ ਭਗਤ ਸੀ। ਸ਼ਿਵ ਪੂਜਾ ਈਸਾ ਤੋਂ ਪਹਿਲਾਂ ਜੋਰਾਂ ਪਰ ਸੀ। ਬੁਧ ਨਾਲੋਂ ਭੀ ਇਹ ਮਤ ਪਹਿਲਾ ਹੈ। ਕਾਂਸੀ ਦਾ ਪਹਿਲਾ ਨਾਮ ਸ਼ਿਵ ਪਰੀ ਸੀ। ਤ੍ਰਿਸੂਲ, ਨੰਦੀ, (ਬੈਲ) ਅੱਧਾ ਚੰਦ੍ਰਮਾਂ ਪੁਰਾਣੇ ਚਿਨ੍ਹ ਹਨ, ਇਨਾਂ ਚਿਨ੍ਹਾਂ ਦੇ ਪੁਰਾਣੇ ਸਿਕੇ ਮਿਲਦੇ ਹਨ। ਅਤੀ ਪੁਰਾਣੇ ਬੁੱਤਾਂ ਪਾਸ ਤ੍ਰਿਸੂਲ, ਸੱਪ, ਮ੍ਰਿਗਛਾਲਾ, ਡੌਰੂ, ਰੁੰਡ ਮੁੰਡ ਆਦਿ ਸ਼ਿਵ ਚਿਨ੍ਹ ਵੇਖੇ ਜਾਂਦੇ ਹਨ।

ਕਈ ਤਾਂ ਇਥੇ ਤੀਕਰ ਆਖਦੇ ਹਨ ਕਿ ਮੱਕੇ ਦਾ ਪਹਿਲਾਂ 'ਮੰਦਰ ਮਕੇਸ਼ਵਰ' ਨਾਮ (ਸ਼ਿਵ ਮੰਦਰ) ਸੀ, ਉਥੇ ਸ਼ਿਵ ਲਿੰਗ ਦੀ ਪੂਜਾ ਹੁੰਦੀ ਸੀ ਸ਼ੈਵਾਂ ਦਾ ਮੁਖ ਚਿਨ੍ਹ ਬਿਭੂਤੀ, ਮਾਲਾ, ਰੁਦ੍ਰ ਰਾਖ, ਸ਼ਰਾਬ, ਸੁਖਾ, ਸਮਾਧੀ ਆਦਿ ਹਨ। ਸ਼ੈਵਾਂ ਔਰ ਵੈਸ਼ਨਵਾਂ ਦੀ ਪਹਿਚਾਨ ਟਿਕ ਥੀਂ ਹੁੰਦੀ ਹੈ। ਬੰਗਾਲ ਵਿਚ ਕਾਲੀ ਦੀ ਪੂਜਾ ਦਾ ਸਿਧਾਂਤ ਸ਼ਿਵ ਉਪਾਸ਼ਨਾਂ ਹੈ। ਸ਼ੈਵੀ ਤਿਲਕ 'ਤ੍ਰਿਪੁੰਡ' (ਤਿੰਨ ਰੇਖਾਂ) ਲੈਂਦੇ ਹਨ। ਸ਼ਾਕਤਕ ਮਤ ਸਭ ਸ਼ੈਵਾਂ ਦੀਆਂ ਸ਼ਾਖਾਂ ਹਨ। ਸ਼ਿਵ ਸ਼ਕਤੀਆਂ ਹੀ ਦੇਵੀਆਂ ਹਨ, ਜਿਹਾ ਕਿ ਕਾਲੀ, ਦੁਰਗਾ, ਭਵਾਨੀ (ਭਗੌਤੀ)। ਦਸਮ ਗ੍ਰੰਥ ਵਿਖੇ ਸ਼ਿਵ ਮਤ ਦੇ ਕਈ ਪ੍ਰਸੰਗ ਹਨ। ਕਈ ਥਾਂ ਮਹਾਂ ਕਾਲ ਭੀ ਸ਼ਿਵ ਜੀ ਨੂੰ ਆਖਦੇ ਹਨ। 'ਸ੍ਰੀ ਭਗੌਤੀ ਜੀ ਸਹਾਇ' ਕਹਿਣਾਂ ਸ਼ੈਵ ਮਤ ਦਾ ਮੰਗਲਾ ਚਰਨ ਹੈ। ਜਿਵੇਂ ਕਿ 'ਗਣੇਸ਼ਾਯ ਨਮਹਿ' ਹੈ; ਤਿਵੇਂ 'ਭਗੌਤੀ ਜੀ ਸਹਾਇ' ਹੈ। ਇਹ ਸ਼ਿਵ ਉਪਾਸ਼ਕਾਂ ਦਾ ਤਕੀਆ ਕਲਾਮ ਹੈ। ਕਾਲੀ, ਤਾਰਾ, ਉਮਾਂ, ਦੁਰਗਾ, ਭਵਾਨੀ, ਅੰਨ ਪੂਰਣਾ, ਭਗਉਤੀ, ਪਾਰਬਤੀ, ਦੇਵੀ, ਸਤੀ ਇਨਾਂ ਨੂੰ ਦਸ ਮਹਾਂ ਵਿਦਯਾ ਭੀ ਆਖਦੇ ਹਨ, ਪਰ ਮੰਨੀਆਂ ਹਨ ਇਹ ਸਭ ਸ਼ਿਵ ਸ਼ਕਤੀਆਂ। ਸ਼ਾਕਤਕਾਂ ਦੇ ਗ੍ਰੰਥਾਂ ਦਾ ਨਾਮ ਤੰਤ੍ਰ ਸ਼ਾਸਤ੍ਰ ਹੈ ਜਿਸ ਕਾਰਨ ਇਨਾਂ ਨੂੰ ਤਾਂਤ੍ਰਕ ਮਤ ਭੀ ਕਹਿੰਦੇ ਹਨ। ਇਹ ਤੰਤ੍ਰਾਂ ਮੰਤ੍ਰਾਂ ਨਾਲ ਪੂਜਾ ਕਰਦੇ ਹਨ। ਇਕ ਪੂਜਾ ਦਾ ਨਾਮ 'ਨਾਮ ਪਸ਼ੁ ਭਾਵ' ਹੈ, ਦੂਜੀ ਦਾ 'ਬੀਰ ਭਾਵ' ਹੈ।

ਪਸ਼ੂ ਭਾਵ ਵਾਲੇ ਮਾਂਸ ਸ਼ਰਾਬ ਨਹੀਂ ਵਰਤਦੇ 'ਬੀਰ ਭਾਵ' ਵਾਲੇ ਚੰਗੀ ਤਰ੍ਹਾਂ ਗਲਤਾਨ ਹਨ। ਇਹ ਲੋਕ ਸੱਤਾਂ ਭਾਵਾਂ ਦੇ ਆਚਰਣ ਗਿਣਦੇ ਹਨ, ਜਿਹਾ ਕਿ ਵੈਸ਼ਨਵਾਂ ਚਾਰ (ਬ੍ਰਹਮ ਚਰਜ, ਪ੍ਰਹੇਜ਼) ਵੇਦਾ ਚਾਰ (ਗੁਰੂ ਪੂਜਾ)। ਸ਼ਿਵਾ ਚਾਰ (ਪਸ਼ੂ ਹੱਤਿਆ) ਦਖਣਾ ਚਾਰ (ਨਸ਼ੇ ਪੀਣੇ, ਬਾਮਾਚਾਰ (ਮਾਂਸ ਸ਼ਰਾਬ ਸੇ ਇਸਤ੍ਰੀ ਭਗ ਪੂਜਨ) ਸਿਧਾਂਤਾ ਚਾਰ (ਸ਼ਰਾਬ ਸੇ ਮਸਤ) ਲੋਕਾ ਚਾਰ (ਸ਼ਰਾਬ ਪੀਕੇ ਪਾਗਲ ਹੋ ਰਹਿਣਾ) ਉਕਤ ਸਿਧਾਂਤ ਦੇ ਸ਼ੈਵੀ ਬੰਗਾਲ ਵਿਚ ਮਿਲਦੇ ਹਨ, ਪੰਜਾਬ ਵਿਚ ਇਨ੍ਹਾਂ ਦਾ ਪ੍ਰਚਾਰ ਘਟ ਹੀ ਹੋਇਆ ਹੈ।

ਸ਼ੈਵਾਂ ਦੀ ਇਕ ਸ਼ਾਖ ਜੋਗ (ਜੁੜਨਾ) ਹੈ ਸ਼ੈਵਾਂ ਨਾਲੋਂ ਪਾਤੰਜਲ ਰਿਖੀ ਦਾ ਜੋਗ

Digitized by Panjab Digital Library | www.panjabdigilib.org

ਅੱਤਰਾ ਹੈ। ਇਸ ਵਿਚ ਚਿਤ ਬ੍ਰਿਤੀ ਨੂੰ ਰੋਕਕੇ ਪ੍ਰਾਣਾਯਾਮ ਸਾਧਨਾ ਸੇ ਸੀਲਤਾ ਲੀਨਤਾ ਮੰਨੀ ਹੈ, ਸ਼ੈਵ ਮੱਤ ਜੋਗੀ, ਸਿੱਧਾਂ, ਨਾਥਾਂ ਵਾਲੇ ਵਖਰੇ ਹਨ। ਵੈਸੇ ਗੋਰਖ ਨਾਥ ਨੂੰ ਭੀ ਸ਼ਿਵ ਅਵਤਾਰ ਮੰਨਿਆਂ ਹੈ, ਨਾਥ ਨੌਂ ਗਿਣਦੇ ਹਨ। ਮਛਿੰਦਰ ਨਾਥ, ਗੋਰਖ ਨਾਥ ਆਦਿ। 'ਗੋਰਖ ਪੁੱਤ ਲੋਹਾਰੀਪਾ ਬੋਲੈ ਗੋਰਖ ਦੀ ਹੋਂਦ ਸਤਵੀਂ ਸਦੀ ਵਿਚ ਸਿੱਧ ਹੁੰਦੀ ਹੈ, ਜਿਸ ਗੋਰਖ ਨਾਲ ਗੁਰੂ ਨਾਨਕ ਜੀ ਦੀ ਗੋਸ਼ਟ ਹੋਈ ਉਹ ਉਸਦਾ ਗੱਦੀ ਨਸ਼ੀਨ ਹੋਰ ਸੀ। ਗੋਰਖ ਖਾਸ ਪ੍ਰਸਿਧ ਸੀ, ਇਸਦੇ ਨਾਮ ਪਰ ਕਈ ਗ੍ਰੰਥ ਹਨ, ਜਿਹਾ ਕਿ ਗੋਰਖ ਸ਼ਤਕ, ਗੋਰਖ ਸਹਿੰਤਾ, ਗੋਰਖ ਸਹੰਸਰ, ਗੋਰਖ ਕਲਪ ਆਦਿ ਪਰ ਇਹ ਪਿਛੋਂ ਬਣੇ ਹਨ।

ਗੋਰਖ ਦਾ ਟਿੱਲਾ ਰਹਤਾਸ ਵਿਖੇ ਹੈ, ਪਸ਼ੌਰ ਗੋਰਖ ਹਟੜੀ ਹੈ, ਜ਼ਿਲਾ ਗੁਰਦਾਸ ਪੁਰ ਵਿਖੇ ਅਚਲ, ਬਟਾਲਾ, ਦੁਆਰਕਾ ਲਾਗੇ ਗੋਰਖ ਖੇਤ੍ਰ ਹੈ ਗੋਰਖ ਨਾਥ ਦੇ ਨਾਮ ਪਰ ਇਕ ਸ਼ਹਿਰ ਗੋਰਖ ਪੁਰ ਭੀ ਹੈ ਜ਼ਿਟਾ ਕੀ! ਗੋਰਖ ਨਾਥ ਖਾਸ ਪ੍ਰਸਿਧ ਲੀਡਰ ਸੀ। ਇਨ੍ਹਾਂ ਨਾਥਾਂ ਨੇ ਦੇਸ਼ ਨੂੰ ਘਰੋਂ ਬਾਰੋਂ ਉਖੜਕੇ ਮੰਗ ਖਾਣੇ ਫਕੀਰ ਟੋਲਿਆਂ ਵਿਚ ਲਿਆਂਦਾ। ਗ੍ਰਿਹਸਤ ਮਾਰਗ ਨੂੰ ਭੰਡਦੇ ਰਹਿੰਦੇ ਸਨ, ਇਸੈ ਮਤ ਨੇ ਭੀ ਨੇਤੀ, ਧੋਤੀ, ਬਸਤੀ, ਗਜ ਕਰਮ, ਨਿਉਲੀ, ਤ੍ਰਾਟਿਕ ਆਦਿ ਸਾਧਨ ਪ੍ਰਚੁਰ ਕੀਤੇ। ਜਿਨ੍ਹਾਂ ਨੂੰ ਕਿ ਖੇਚਰੀ, ਚਾਚਰੀ, ਅਗੋਚਰੀ, ਉਨਮਨੀ ਆਦਿ ਕਹਿੰਦੇ ਹਨ। ਇਨ੍ਹਾਂ ਦਾ ਨਿਰਣਾ ਕਿਸੀ ਦੂਜੀ ਜਗ੍ਹਾ ਆਵੇਗਾ।

ਹਵਾ ਯਾਂ ਸੁਆਸਾਂ ਨੂੰ ਰੋਕਣ ਵਾਸਤੇ ਛੀ ਚੱਕ੍ਰਾਂ ਦੇ ਸਾਧਨ ਜਿਹਾ ਕਿ ਮੂਲ ਬੰਧ, ਜਲ ਬੰਧ, ਮਹਾਂ ਬੰਧ, ਉਦਯਾਨ ਬੰਧ ਆਦਿ ਪਰਵਿਰਤ ਹਨ। ਚੌਰਾਸੀ ਆਸਨ (ਵੇਰਵਾ ਹੋਰ ਥਾਂ ਹੈ) ਇਹ ਅਨਹਦ ਸ਼ਬਦ ਪ੍ਰਾਪਤੀ ਲਈ ਦੱਸੇ ਹਨ ਚੇਲੇ ਬਨਾਉਣ ਵੇਲੇ ਸਿਰ ਮੂੰਹ ਮੁੰਡਣਾ ਔਰ ਕੰਨ ਫਾੜਕੇ ਮੁੰਦਰਾਂ ਪੌਣੀਆਂ, ਸੁਆਹ ਸਰੀਰ ਪਰ ਮਲਣੀ, ਟੋਪੀ, ਗੋਦੜੀ, ਗੇਰੂ ਰੰਗੇ ਕਪੜੇ ਹੱਥਾਂ ਵਿਚ ਮੰਗਣ ਲਈ ਖੱਪਰ ਅਲੱਖ ਅਲੱਖ ਕਰਕੇ ਪਏ ਚੇਲੇ ਦਰ ਦਰ ਮੰਗਦੇ ਫਿਰਦੇ ਹਨ, ਇਨ੍ਹਾਂ ਦੇ ਮਿਲਣ ਦੀ ਆਵਾਜ਼ 'ਆਦੇਸ ਆਦੇਸ' ਹੁੰਦੀ ਹੈ ਯਾਂ ਅਲੱਖ ਅਲੱਖ ਹੈ। ਇਨ੍ਹਾਂ ਦੇ ਕਈ ਫਿਰਕੇ ਹਨ, ਪਰ ਬਾਰਾਂ ਫਿਰਕੇ ਪ੍ਰਸਿੱਧ ਹਨ। ਆਈ, ਪਾਵ, ਹੇਤ, ਰਾਮ, ਪਾਗਲ, ਚੋਲੀ, ਗੋਪਾਲ, ਕੰਥੜੀ, ਬਨ, ਧ੍ਰੁਜ, ਰਾਵਲ, ਦਾਸ, ਆਦਿ ਮੁੰਦ੍ਰਾਂ, ਬਿਭੂਤੀ, ਨਾਦ (ਸਿਙੀ) ਆਦਿ ਚਿਨ੍ਹ ਰੱਖਦੇ ਹਨ, ਵਡ ਮਹੰਤ ਨੂੰ ਅਵਧੂਤ ਕਹਿੰਦੇ ਹਨ। ਤੰਤ੍ਰਾਂ ਮੰਤ੍ਰਾਂ ਨਾਲ ਪ੍ਰਭੁਤਾ ਪੈਦਾ ਕਰਨੇ ਦਾ ਢੰਗ ਹੈ। ਹਨਵੰਤ, ਨਰ ਸਿੰਘ, ਭੈਰੋ, ਲੰਗੜਾ, ਚਾਰਾਂ ਬੀਰਾਂ ਦੇ ਅਰਾਧਨਾਂ ਦਾ ਰਿਵਾਜ ਹੈ। ਭੂਤਾਂ ਪ੍ਰੇਤਾਂ ਨੂੰ ਭੀ ਮੰਨਦੇ ਹਨ। ਛੀ ਜਤੀਆਂ ਦੇ ਅਰਾਧਨ ਮੰਤ੍ਰ ਹਨ। ਗੋਰਖ, ਦੱਤਾ ਤ੍ਰੈ, ਹਨਵੰਤ, ਭੈਰੋ, ਲਛਮਣ, ਭੀਖਮ (ਛੀ ਜਤੀ ਮਾਇਆ ਕੇ ਬੰਧਾ। ਭਗਤ ਕਬੀਰ) ਪ੍ਰੰਤੂ ਗੁਰਮਤ ਵਿਚ 'ਏਕਾ ਨਾਰੀ ਸਦਾ ਜਤੀ' ਨਿਯਮ ਹਨ। ਜਿਸ ਤਰਾਂ ਕਿ ਛੀ ਜਤੀਆਂ ਦੇ ਮੰਤ੍ਰ ਹੈਨ ਐਸੇ ਹੀ ਸਤੀਆਂ ਦੇ ਭੀ ਹਨ।

ਯਥਾ—ਸਤੀ—ਹਰੀ ਚੰਦ, ਦਸਰਥ

Digitized by Panjab Digital Library | www.panjabdigilib.org

ਯੁਧਿਸ਼ਟਰ (ਧਰਮ ਪੁਤ੍ਰ) ਰਾਮ ਚੰਦ੍ਰ ਪਰਸ ਰਾਮ, ਬਲਰਾਮ ਆਦਿ। ਸਤੀ ਨਾਮ-ਸੱਚ ਬੋਲਣੇ ਵਾਲੇ ਦਾ ਕਿਹਾ ਹੈ।

ਯਥਾ-ਸਤ ਸਤੀਆਂ=ਸੀਤਾ, ਤਾਰਾ, ਦ੍ਰੋਪਦੀ, ਅਹੱਲਿਆ, ਮਦੋਦਰੀ, ਲੱਛਮੀ, ਪਾਰਬਤੀ, ਗੁਰਮਤ ਵਿਖੇ ਪਤੀਬ੍ਰਤ ਇਸਤ੍ਰੀ ਨੂੰ ਸਤੀ ਮੰਨਿਆਂ ਹੈ, ਸਚ ਬੋਲਣਾ ਸਭਸ ਦਾ ਪਰਮ ਧਰਮ ਹੈ। ਨਾਥਾਂ ਦੇ ਟੋਲੇ ਅਡ ਅਡ ਹਨ-ਜਿਹਾ ਕਿ ਮਛੰਦਰ, ਗੋਰਖ, ਚਰਪਟ, ਮੰਗਲ ਘੁਘੂ, ਰੋਪੀ, ਪ੍ਰਾਣਕਾ ਸ਼ਰਤ, ਚੰਬਾ ਆਦਿਕਾਂ ਦੇ ਹਨ।

ਮਾਲਕਾਂ (ਮਹੰਤਾਂ) ਨੂੰ ਨਾਥ ਕਹਿੰਦੇ ਹਨ। ਗੁੱਪੀ ਨਾਥ, ਭਰਥਰੀ ਨਾਥ। ਇਹ ਰਾਜ ਛਡ ਕੇ ਫਕੀਰ ਬਣੇ ਸਨ, ਸਿਧੀਆਂ ਲੈਣ ਵਾਲੇ (ਕਰਾਮਾਤੀਏ) ਸਿਧ ਕਹੇ ਜਾਂਦੇ ਸਨ। ਗੁਰੂ ਜੀ ਦੀ ਸਿਧਾਂ ਨਾਲ ਅਚਲ ਵਟਾਲੇ ਦੇ ਸ਼ਿਵ ਮੰਦਰ ਪਰ ਚਰਚਾ ਹੋਈ। 'ਸਿਧੀ ਜਿੱਤੀ ਮੰਡਲੀ' ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਪੂਰੀ ਤਰਾਂ ਹਾਰ ਦਿਤੀ। ਇਸ ਚਰਚਾ ਦਾ ਜ਼ਿਕਰ ਸਿਧ ਗੋਸਟ ਵਿਚ ਹੈ, ਔਰ ਭਾਈ ਗੁਰਦਾਸ ਜੀ ਨੇ ਅਚਲ ਵਟਾਲਾ (ਗੁਰਦਾਸ ਪੁਰ) ਦੀ ਚਰਚਾ ਨੂੰ ਖੋਲ੍ਹ ਕੇ ਲਿਖਿਆ ਹੈ।

ਨੋਟ-ਅਸੀਂ ਉਕਤ ਹਾਲ ਇਸ ਵਾਸਤੇ ਇਥੇ ਲਿਖਿਆ ਹੈ ਕਿ ਤਾਂਤ੍ਰਿਕ ਯਾਂ ਸ਼ੈਵ ਮਤ ਦੀ ਲਾਗ ਸਿਖ ਮਤ ਨੂੰ ਕਿਵੇਂ ਲਾਈ ਗਈ ਹੈ। ਦਸਮ ਗੁਰੂ ਜੀ ਸ਼ਿਵ ਜੀ ਦਾ ਅਵਤਾਰ ਸਿਧ ਕਰਨ ਵਾਸਤੇ ਹੀ ਭਗੌਤੀ ਪਿਛੇ ਲਗਾਈ ਗਈ ਹੈ।

--o--

## ਤਬ ਸਾਖੀ ਪ੍ਰਭ ਅਸ਼ਟ ਬਨਾਏ

ਸਾਖੀ ਦੇ ਅਰਥ ਹਨ 'ਗਵਾਹ।' ਹਿੰਦੂ ਮੰਨਦੇ ਹਨ ਕਿ ਸੰਸਾਰ ਵਿਚ ਜੀਵਾਂ ਦੇ ਕਰਮਾਂ ਦੇ ਗਵਾਹ ਯਾਂ ਸਾਖੀ ਅੱਠ ਹਨ। ਯਥਾ:-

ਯੱਮ, ਕਬੇਰ, ਇੰਦ੍ਰ, ਧਰਮ ਰਾਜ, ਚੰਦ੍ਰਮਾਂ, ਸੂਰਜ, ਅਗਨ ਔਰ ਬਰਣ। ਕਈਆਂ ਨੇ ਧਰਤੀ, ਧ੍ਰੂਵ, ਚੰਦ੍ਰਮਾਂ, ਸੂਰਜ, ਪਵਨ ਅਗਨੀ, ਪ੍ਰਤਯਸ਼, ਗ੍ਰਭਾਸ਼ ਆਦਿ ਲਿਖੇ ਹਨ। ਗੁਰਮਤ ਵਿਖੇ 'ਸਤਿਗੁਰ ਸਚ ਸਾਖੀਐ' ਕੇਵਲ ਗੁਰੂ ਸਾਖੀ ਹੈ। ਜੋ ਕਰਮੀ ਆਪੋ ਆਪਣੀ ਅਨੁਸਾਰ ਫੈਸਲੇ ਪਰ ਸਾਖੀ ਭਰਦਾ ਹੈ।

## ਤਬ ਜੇ ਜੇ ਰਿਖ ਰਾਜ ਬਨਾਏ

ਰਿਖ ਰਾਜ ਤੋਂ ਭਾਵ ਸਰੋਮਣੀ ਰਿਖੀ ਅਵਤਾਰ ਹਨ, ਜਿਸਤਰਾਂ ਕਿ ਸ਼ਿਵ ਤੇ ਵਿਸ਼ਨੂੰ ਦੀਆਂ ਸ਼ਾਖਾਂ ਹਨ, ਤੇ ਐਸੇ ਹੀ ਬ੍ਰਹਮਾ ਦੇ ਪੁਤ੍ਰ ਪੋਤਰੇ ਰਿਖ ਰਾਜ ਵੇਦ ਆਦਿ ਗ੍ਰੰਥਾਂ ਦੇ ਕਰਦੇ ਹਨ। ਅੱਤ੍ਰ ਰਿਸ਼ੀ ਜੋ ਸੱਤਾਂ ਰਿਖੀਆਂ ਵਿਚੋਂ ਸਰੋਮਣੀ ਸੀ, ਇਹ ਬ੍ਰਹਮਾਂ ਦਾ ਪੁਤ੍ਰ ਸੀ, ਭਾਵੇਂ ਬ੍ਰਹਮਾਂ ਦੇ ਸਨਕ ਸਨੰਦਨ ਆਦਿ ਅਨੇਕਾਂ ਪੁਤ੍ਰ ਤਪੱਸੀ, ਮੁਨੀ ਆਦਿ ਲਿਖੇ ਹਨ, ਪਰ ਅੱਤ੍ਰ ਖਾਸ ਸੀ, ਇਸਦੀ ਇਸਤ੍ਰੀ ਅਨਸੂਯਾ ਸੀ, ਜਿਸਦਾ ਜ਼ਿਕਰ ਰਾਮਾਇਣ ਵਿਚ ਆਇਆ ਹੈ, ਇਸਦੀ ਰਿਹਾਇਸ਼ ਪਹਾੜ ਚਿਤ੍ਰ ਕੂਟ ਪਰ ਲਿਖੀ ਹੈ। ਬਨਵਾਸ ਵੇਲੇ ਸੀਤਾ ਜੀ ਨੇ ਇਸ ਪਾਸੋਂ ਧਰਮ ਦੀਖਯਾ ਲਿਤੀ ਸੀ। ਅਨੁਸੂਯਾ ਦੀ ਉਲਾਦ 'ਦੱਤਾ ਤ੍ਰੈ ਅਵਧੂਤ' ਦੁਰਬਾਸ਼ਾ ਰਿਖੀ, ਸੋਮ ਰਿਖੀ, ਅਥਰਵਣ ਆਦਿ ਲਿਖੇ ਹਨ।

Digitized by Panjab Digital Library | www.panjabdigilib.org

ਅਥਰਵਣ ਵੇਦ ਏਸੇ ਦੇ ਨਾਮ ਪਰ ਹੈ, ਅੰਗਰਾ, ਸ਼ੁੱਕ (ਦੈਂਤਾਂ ਦਾ ਗੁਰੂ) ਭ੍ਰਿਗੂ, ਆਦਿ ਇਸੀ ਵੰਸ ਵਿਚੋਂ ਸਨ, ਇਕ ਮਹਾਂ ਕਾਲ ਭੀ ਬ੍ਰਹਮਾਂ ਦਾ ਪੁਤ੍ਰ ਸੀ, ਕਿਧਰੇ ਇਸਨੂੰ ਸ਼ਿਵਜੀ ਦਸਿਆ ਹੈ ਕਿਧਰੇ ਉਸ ਦਾ ਪੁਤ੍ਰ। ਇਸ ਦੀ ਹੋਂਦ ਅਗਨੀ ਤੋਂ ਮੰਨੀ ਹੈ। ਭ੍ਰਿਗੂ ਨੂੰ ਭੀ ਅਗਨ ਪੁਤ੍ਰ ਲਿਖਿਆ ਹੈ, ਇਸ ਦੀ ਕੁਲ ਦੇ ਬ੍ਰਾਹਮਣ ਅਗਨੀ ਕੁਲ ਦੇ ਹਨ ਜਿਨਾਂ ਦਾ ਕਰਤਬ ਦਗਧ ਕਰਨਾ (ਸਾੜਨਾ) ਹੈ। ਮਨੂ ਜੀ ਨੇ ਭੀ ਬ੍ਰਾਹਮਣ ਦੇ ਹਥ ਹਵਨ ਕਰਨ ਲਈ ਅਗਨੀ ਰੂਪ ਦਸੇ ਹਨ।

ਮਹਾਂ ਭਾਰਤ ਵਿਚ ਅੰਗਰਾ ਰਿਖੀ ਨੂੰ ਭੀ ਅਗਨ ਪੁਤ੍ਰ ਲਿਖਿਆ ਹੈ, ਕਿਧਰੇ ਸੂਭਾ ਯਾਂ ਬ੍ਰਹਮਾਂ ਦੇ ਮੁਖ ਤੋਂ ਜਨਮਿਆਂ ਦਸਿਆ ਹੈ। ਰਿਗਵੇਦ ਦੇ ਬਹੁਤ ਸਾਰੇ ਮੰਤ੍ਰ ਅੰਗਰਾ ਦੀ ਰਚਨਾ ਹਨ। ਅੰਗਰਾ ਦੇਵਤਿਆਂ ਦਾ ਪ੍ਰਸਿਧ ਪ੍ਰੋਹਿਤ ਸੀ। ਭੱਟਾਂ ਦੇ ਸਵਈਆਂ ਵਿਚ ਭੀ ਇਸ ਦੀ ਉਸਤਤ ਲਿਖੀ ਹੈ। ਅਥਰਵਣ ਬ੍ਰਾਹਮਣ ਹੀ ਵਧ ਯਗ ਕਰਮਾਂ ਦੇ ਕਰੌਣ ਵਾਲੇ ਆਗੂ ਹੁੰਦੇ ਆਏ। ਬ੍ਰਾਹਮਣ ਦੀ ਕ੍ਰੋਪੀ ਅਗਨੀ ਰੂਪ ਹੈ। ਬ੍ਰਹਮਾਂ ਕੁਲ ਦੇ ਰਿਖ ਰਾਜ ਹੀ ਵੇਦਾਂ ਪੁਰਾਣਾਂ ਦੁਆਰਾ ਪ੍ਰਚਾਰ ਕਰਦੇ ਆਏ ਹਨ, ਪਰ ਇਹ ਅੰਤ ਫੇਹਲ ਹੋਏ। ਆਪ ਨੂੰ ਹੀ ਰੱਬ ਕਹੌਣ ਲਗ ਪਏ ਸੀ। "ਬ੍ਰਹਮਾਂ ਆਪ ਪਾਰਬ੍ਰਹਮ ਬਖਾਨਾ ॥"

--o--

ਤਿਨ ਭੀ ਏਕੁ ਪੰਥੁ ਉਪਰਾਜਾ । ਲਿੰਗ ਬਿਨਾ ਕੀਨੇ ਸਭ ਰਾਜਾ । ਸਭਤੇ ਅਪਨਾ ਨਾਮ ਜਪਾਯੋ।ਸਤਿ ਨਾਮ ਕਾਹੂ ਨ ਦ੍ਰਿੜ੍ਹਾਯੋ ॥ ੨੭॥

ਹਜ਼ਰਤ ਮੁਹੰਮਦ ਸਾਹਿਬ ਨੇ ਰੱਬ ਦਾ ਕਲਮਾਂ ਦਸਕੇ ਉਸ ਵਿਚ ਮੁਹੰਮਦ ਰਸੂਲ ਅੱਲਾ, ਆਪਨਾ ਨਾਮ ਜਪਾਇਆ ਹੈ। ਅਰਬ ਦੇ ਰਾਜਿਆਂ ਨੂੰ ਤਲਵਾਰ ਦੇ ਜ਼ੋਰ ਨਾਲ ਆਪਣਾ ਦੀਨ ਮਨਾਇਆ, ਤਥਾ ਸਭ ਦੀ ਜਬਰਨ ਸੁੰਨਤ ਕਰਾਈ ਗਈ। ਵੇਦੀ ਮਤਾਂ ਯਾਂ ਯਹੂਦੀਆਂ ਈਸਾਈਆਂ ਤੋਂ ਅੱਡਰਾ ਇਸਲਾਮ ਮਤ ਕਾਇਮ ਕਰ ਦਿਤਾ। ਅਰਬ ਦੇ ਰਾਜਿਆਂ ਨੂੰ 'ਲਿੰਗ ਬਿਨਾ ਕੀਨੇ ਸਭ ਰਾਜਾ' ਅਨੁਸਾਰ ਭਾਵ ਜੰਗ ਕਰਕੇ ਜਬਰਨ ਮੁਸਲਮਾਨ ਬਣਾਇਆ । ਜਿਸ ਵੇਲੇ ਹਜ਼ਰਤ ਮੁਹੰਮਦ ਸਾਹਿਬ ਦੀ ਤਾਕਤ ਬਹੁਤ ਵਧ ਗਈ ਤਾਂ ਰਾਜਿਆਂ ਨੂੰ ਇਸ ਤਰਾਂ ਦੇ ਖਤ ਲਿਖੇ ਜਾਂਦੇ ਸਨ ਯਥਾ—ਇਹ ਖਤ ਮੁਹੰਮਦ ਦਾ ਹੈ ਜੋ ਕਿ ਖੁਦਾ ਦਾ ਬੰਦਾ ਅਰ ਉਸਦਾ ਪੈਗੰਬਰ ਹੈ। ਫਲਾਣੇ ਬਾਦਸ਼ਾਹ ਨੂੰ ਮਲੂਮ ਹੋਵੇ ਕਿ ਖੁਦਾ ਦੇ ਏਕਤਾ ਦੇ ਦੀਨ ਨੂੰ ਧਾਰਨ ਕਰੇ। ਮੈਂ ਤੁਸਾਂ ਨੂੰ ਇਸ ਧਰਮ ਵਲ ਬੁਲੌਂਦਾ ਹਾਂ ਜੇ ਇਸ ਪਰ ਭਰੋਸਾ ਕਰੋਗੇ ਤਾਂ ਦੁਨੀਆਂ ਵਿਚ ਸੁਖੀ ਰਹੋਗੇ ਆਦਿ।

ਮਕੇ ਦੇ ਜੰਗਾਂ ਤੋਂ ਪਹਿਲਾਂ ਇਹ ਹੁਕਮ ਦਿੱਤਾ ਗਿਆ ਸੀ, ਕਿ ਔਰ ਦੀਨ (ਦੀਨ ਵਿਰੋਧੀ) ਉਨ੍ਹਾਂ ਨੂੰ ਜਿਥੇ ਲੱਭੋ, ਵੱਢ ਸੁੱਟੋ, ਔਰ ਜਿਥੋਂ ਉਨ੍ਹਾਂ ਨੇ ਤੁਹਾਨੂੰ ਨਿਕਾਸਿਆ ਹੈ (ਮੱਕੇ ਆਦਿ ਵਿਚੋਂ, ਭਾਵ ਖੁਦਾ ਦੇ ਘਰੋਂ) ਤੁਸੀਂ ਵੀ ਉਨ੍ਹਾਂ ਨੂੰ (ਉਥੋਂ) ਬਾਹਰ

Digitized by Panjab Digital Library | www.panjabdigilib.org

ਨਿਕਾਲ ਦਿਓ, ਔਰ ਫਸਾਦ ਫਸਾਦ ਹੈ।........ਜਿਤਨਾ ਚਿਰ ਕਾਫਰ (ਆਦਬ) ਔਰ ਹੁਰਮਤ ਵਾਲੀ ਮਸਜਦ (ਖ਼ਾਨਾਏ ਕਾਅਬਾ) ਦੇ ਪਾਸ ਤੁਹਾਡੇ ਨਾਲ ਨ ਲੜਨ, ਤੁਸੀਂ ਵੀ ਉਨ੍ਹਾਂ ਨਾਲ ਨ ਲੜਿਓ, ਪਰੰਤੂ ਯਦੀ ਵੈ ਲੋਕ ਤੁਹਾਡੇ ਨਾਲ ਯੁਧ ਕਰਨ ਤਾਂ ਤੁਸੀਂ ਵੀ ਉਨ੍ਹਾਂ ਨੂੰ ਵੱਢ ਸੁਟੋ। ਕਾਫਰਾਂ ਨੂੰ ਸਜ਼ਾ ਹੈ (ਦੇਖੋ ਸੂਰਤ ਬਕਰ, ਪਾਰਾ ੧, ਮੰਜ਼ਲ ਪਹਿਲੀ ਆਇਤ ੧੮੯-੧੯੦)।

ਮੁਹੰਮਦ ਸਾਹਿਬ ਨੇ ਈਸਾਈਆਂ ਤੇ ਯਹੂਦੀਆਂ ਆਦਿ ਦੇ ਵਿਰੁਧ ਇਸ ਤਰਾਂ ਦੇ ਐਲਾਨ ਕੀਤੇ। ਫਿਰ ਜਦ ਗੁਜ਼ਰ ਜਾਣ ਮਹੀਨੇ ਪਨਾਹ ਦੇ ਤਦ ਮੁਸਰਕਾਂ ਨੂੰ ਜਿਥੋਂ ਤੀਕ ਮਾਰੋ, ਫਾੜੋ ਅਰ ਘੇਰੋ ਅਰ ਉਨ੍ਹਾਂ ਦੀ ਤਾਕ ਵਿਚ ਹਰ ਥਾਵੀਂ ਬੈਠੋ, ਜੇ ਉਹ ਤੋਬਾ ਕਰਨ ਨਮਾਜ਼ ਪੜ੍ਹਨ ਅਤੇ ਜ਼ਕਾਤ ਦੇਵਣ ਤਦ ਉਨ੍ਹਾਂ ਦਾ ਰਸਤਾ ਛੱਡੋ (ਦੇਦੋ; ਸੂਰਤ ਤੋਬਾ, ਆਯਤ ੫)

## ਮੈ ਅਪਨਾ ਸੁਤ ਤੋਹਿ ਨਿਵਾਜਾ

'ਸੁਤ' ਤੋਂ ਭਾਵ ਸੇਵਕ ਹੈ। 'ਗੋਬਿੰਦ ਦਾਸ ਤੁਹਾਰ' ਆਪ ਨੂੰ ਫੁਰਮਾਯਾ ਹੈ। ਇਹ ਨਹੀਂ ਕਿ ਓਹ ਖੁਦਾ ਦਾ ਇਕਲੌਤਾ ਪੁਤ੍ਰ ਹੈ, ਏਸੇ ਕਰਕੇ ਉਸ ਦੀ ਜਨਮ ਵਿਧੀ ਹਜ਼ਰਤ ਮਰੀਯਮ ਤੋਂ ਦਸੀ ਹੈ। 'ਰੂਹਉਲ-ਕੁਦਸ'(ਰਬ ਦੀ ਰੂਹ)ਈਸਾ ਸੀ। ਗੁਰਵਾਕ ਹੈ 'ਮਾਤ ਪਿਤਾ ਬਿਨ ਬਾਲ ਨ ਹੋਈ॥' ਗੁਰਮਤ ਅਸੂਲ ਹੈ। ਸਾਰੀ ਸ੍ਰਿਸ਼ਟੀ ਦੇ ਜੀਵ ਖੁਦਾ ਦੇ ਪੁਤ੍ਰ ਹਨ। 'ਤੁਮ ਮਾਤ ਪਿਤਾ ਹਮ ਬਾਰਿਕ ਤੇਰੇ' 'ਏਕ ਪਿਤਾ ਏਕਸ ਕੇ ਹਮ ਬਾਰਕ॥'

ਸਤਿਗੁਰ ਨਾਨਕ ਦੇਵ ਜੀ ਧੁਰ ਦਰਗਾਹ ਤੋਂ 'ਗੁਰੂ ਪਦ' ਪ੍ਰਾਪਤ ਹਾਲਤ ਵਿਚ ਆਏ। ਹਜ਼ਰਤ ਇਬਰਾਹੀਮ ਨੂੰ ਖੁਦਾ ਦਾ ਦੋਸਤ, ਮਹੰਮਦ ਸਾਹਿਬ ਨੂੰ ਖੁਦਾ ਦਾ ਯਾਰ ਕਿਹਾ ਗਿਆ। ਅਵਤਾਰਾਂ ਨੇ ਨਾਹਰਾ ਲਾਇਆ 'ਅਹੰਮ ਬ੍ਰਹਮ' ਸਭ ਤੇ ਅਪਨੋ ਨਾਮ ਜਪਾਯੋ। ਉਕਤ ਜਨਮ ਕਥਾਵਾਂ ਭੀ ਇਕ ਨਾਟਕ ਸਰੂਪ ਹੀ ਹੈਨ।

## ਪੰਥ ਪ੍ਰਚੁਰ ਕਰਬੇ ਕਹੁ ਸਾਜਾ

ਪ੍ਰਚੁਰ ਤੋਂ ਭਾਵ ਆਰੰਭ ਹੋ ਚੁਕੀ ਚੀਜ਼ ਦਾ ਪਰਚਾਰ ਕਰਨਾ ਹੈ। ਪੰਥ ਦੀ ਨੀਂਹ ਤਾਂ ਸਤਿਗੁਰ ਨਾਨਕ ਜੀ ਨੇ ਰਖੀ, ਜਿਸ ਨੂੰ ਕਿ ਮੁਕੰਮਲ ਕਰਨ ਵਾਸਤੇ ਨੌਵੇਂ ਗੁਰੂ ਸੇਵਾ ਕਰਦੇ ਰਹੇ, ਦਸਮ ਗੁਰੂ ਜੀ ਨੇ ਸੰਪੂਰਨਤਾ ਕਰ ਦਿਤੀ। ਸੰਪੂਰਨਤਾ ਦਾ ਨਾਮ ਸਾਜਨਾ ਦਾ ਪ੍ਰਚੁਰ ਰੂਪ ਸਿਟਾ ਹੈ। ਪੰਥ ਦੇ ਅਰਥ ਅਕਾਲ ਪੁਰਖ ਦੇ ਮਿਲਾਪ ਤਥਾ ਅਜ਼ਾਦੀ ਦਾ ਠੀਕ ਰਸਤਾ ਹਨ। 'ਪੰਥ ਚਲੈ ਤਬ ਜਗਤ ਮਹਿ, ਜਬ ਤੁਮ ਕਰਹੁ ਸਹਾਇ॥' ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਵਲ ਇਸ਼ਾਰਾ ਹੈ। ਤਿਨ ਇਹ ਕਲ ਮੋ ਧਰਮ(ਖਾਲਸਾ ਧਰਮ)ਚਲਾਯੋ। ਸਭ ਸਾਧਨ ਕੋ ਰਾਹ ਬਤਾਯੋ........ਜੇਜੇ ਪੰਥ ਤਵਨ(ਗੁਰੂ ਨਾਨਕ) ਕੇ ਪਰੇ। ਪਾਪ ਤਾਪ ਤਿਨ ਕੇ ਪ੍ਰਭੁ ਹਰੇ॥ (ਬਿ: ਨਾ:) ਦਸਮ ਗੁਰੂ ਜੀ ਨੇ ਮਰਯਾਦਾ ਕਾਇਮੀ ਵਾਸਤੇ ਰਹਿਤ ਨਾਮੇਂ (ਹਦੀਸਾਂ) ਰਚੀਆਂ, ਜਿਹਾ ਕਿ- 'ਨਿਸ਼ਾਨੇ ਸਿਖੀ ਈਂ ਪੰਜ ਹਰਫ ਕਾਫ॥ ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ॥ ਕੜਾ, ਕਾਰਦੋ, ਕਛ, ਕੰਘਾ, ਬਿਦਾਂ॥

Digitized by Panjab Digital Library | www.panjabdigilib.org

ਬਿਨਾ ਕੇਸ਼ ਹੋਚ ਅਸਤ ਜੁਮਲਾ ਨਿਸ਼ਾਂ ॥'
(ਪਾ: ੧੦)

## ਸਤਵਾਂ ਧਿਆਇ

ਇਹ ਕਵੀਸ਼ਰ ਦੀ ਜਨਮ ਕਥਾ ਦਾ ਅਧਿਆਇ ਹੈ, 'ਮੁਰਪਿਤ ਪੂਰਬ' ਕਠਨ ਪਦ ਅੰਕ ੧ ਤੋਂ ੭।

ਕਬਿ=ਕਵੀਸ਼ਰ। ਤ੍ਰਿਬੇਣੀ=ਪ੍ਰਾਗਰਾਜ, ਅਲਾਹ ਬਾਦ ਘਾਟ। ਭਵ=ਜਨਮ ॥ ੭। ੨੮੫ ॥

## ਅਥ ਕਬਿ ਜਨਮ ਕਥਨੰ ॥

ਕਵੀਸ਼ਰ ਦੀ ਜਨਮ ਕਥਾ। ਸਤਵੇਂ ਅਧਿਆਇ ਨੂੰ ਦਸਮੇਸ਼ ਜੀ ਦੀ ਜਨਮ ਕਥਾ ਮੰਨਿਆਂ ਜਾਂਦਾ ਹੈ। ਮੁਰਪਿਤ (ਮੇਰੇ ਪਿਤਾ) ਗੁਰੂ ਤੇਗ ਬਹਾਦਰ ਜੀ ਪੂਰਬ ਵਲ ਜ਼ਰੂਰ ਗਏ ਪ੍ਰੰਤੂ ਧਰਮ ਦੇ ਪ੍ਰਚਾਰ ਹਿਤ ਕਿਸੇ ਤੀਰਥ ਦੇ ਸ਼ਨਾਨ ਦਾ ਮਨੋਰਥ ਨਹੀਂ ਸੀ। ਤ੍ਰਿਬੇਣੀ ਅਲਾਹਾਬਾਦ ਘਾਟ ਜਿਹਾ ਕਿ ਗੰਗਾ ਜਮਨਾ ਸੁਰਸਤੀ ਤਿੰਨ ਨਦੀਆਂ ਦਾ ਮਿਲਾਪ ਹੈ ਹਿੰਦੂ ਇਸਨੂੰ ਪ੍ਰਾਗਰਾਜ ਆਖਦੇ ਹਨ। "ਤਹੀ ਪ੍ਰਕਾਸ਼ ਹਮਾਰਾ ਭਯੋ" ਵਰਦਾਨ ਤਥਾ "ਸੰਸਾਰ ਯਾਤਰਾ ਆਗਮਨ" ਮਦ੍ਰ ਦੇਸ ਨਾਮ ਪੰਜਾਬ ਦਾ ਹੈ (ਮਾਤਾ ਪਿਤਾ ਦਾ ਵਰਤਨ) ਤ੍ਰੈਬੇਣੀ ਪ੍ਰਕਾਸ਼ ਤੋਂ ਭਾਵ ਪ੍ਰਯਾਗ ਦੀ ਪ੍ਰਭਤਾ ਵਧਾਈ ਹੈ, ਹਿੰਦੂ ਆਖਦੇ ਹਨ ਕਿ ਤੀਰਥ ਵੱਡਾ ਪ੍ਰਯਾਗ ਹੈ।

## ਜਬ ਹਮ ਕਰਮ ਧਰਮ ਮੋ ਆਏ

ਸੰਮਤ ੧੬੫੮ ਈ: ਨੂੰ ਔਰੰਗ ਜ਼ੇਬ ਦਿੱਲੀ ਦੇ ਤਖਤ ਪਰ ਬੈਠਿਆ। ਇਹ ਇਕ ਪ੍ਰਕਾਰ ਦਾ ਕਾਜ਼ੀ ਯਾਂ ਉਨ੍ਹਾਂ ਦਾ ਹਥਿਆਰ ਰੂਪੀ ਹਿਰਦੇ ਵਾਲਾ ਸੀ। ਕੁਰਾਨ ਦਾ ਇਹ ਹੁਕਮ ਉਸਨੇ ਅਪਣਾਇਆ। ਔਰ ਧਕੇ ਸ਼ਾਹੀ ਆਰੰਭੀ, ਜਦੋਂ ਪਾਕ ਮਹੀਨੇ ਗੁਜਰ ਜਾਣ ਉਨ੍ਹਾਂ ਨੂੰ ਮਾਰ ਘੱਤੋ ਜੋ ਰੱਬ ਦੇ ਸ਼ਰੀਕ ਹੋਰ ਦੇਵਤੇ ਨੂੰ ਮੰਨਦੇ ਹਨ........ (ਕੁਰਾਨ ੮ ਤੋਂ ੯)।

ਸੋ ਉਕਤ ਜ਼ੁਲਮੀ ਮਸਲੇ ਦਾ ਟਾਕਰਾ ਕਰਨੋਂ ਹਿੰਦੂ ਉਕੇ ਹੀ ਅਸਮਰਥ ਸਨ, ਗੁਰੂ ਦਸਮੇਸ਼ ਜੀ ਨੇ ਜਦੋਂ ਕਰਮ ਧਰਮ ਮਰਯਾਦਾ ਦੀ ਵਾਗ ਡੋਰ ਪਕੜੀ ਉਕਤ ਭਾਵਨਾ ਦੀ ਅੰਧੇਰੀ ਜ਼ੋਰਾਂ ਪਰ ਸੀ। ਕਸ਼ਮੀਰ ਵਿਚ ਲੱਖਾਂ ਪੰਡਿਤਾਂ ਦੇ ਜੰਞੂ ਜਬਰਨ ਉਤਾਰੇ ਜਾਂਦੇ ਸਨ, ਕੁਰਾਨ ਦਾ ਹੁਕਮ ਸੀ, ਜਿਥੇ ਭੀ ਮਿਲਣ! ਪਰ ਜੇ ਉਹ ਕੁਫਰ ਛੱਡਕੇ ਦੀਨ ਮੰਨ ਲੈਣ ਤਾਂ ਉਨ੍ਹਾਂ ਨੂੰ ਜਾਣ ਦਿਓ!......ਜਦੋਂ ਤੀਕਰ ਲੜਾਈ ਝਗੜਾ ਨਾ ਮੁਕੇ ਔਰ ਦੀਨ ਇਲਾਹੀ ਫੈਲ ਨਾ ਜਾਵੇ...(ਕੁਰਾਨ ਸ਼ਰੀਫ ੮, ੯)।

ਗੁਰੂ ਜੀ ਨੇ ਅਕਾਲੀ ਹੁਕਮ ਸੁਣਾਇਆ 'ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕਰ ਪਛਾਰੋ।' ਅਰਥਾਤ ਜੋ ਕੋਈ ਕਿਸੀ ਦਾ ਜਬਰਨ ਧਰਮ ਨਾਸ਼ ਕਰੇ। ਉਨ੍ਹਾਂ ਧਰਮ ਦੋਖੀਆਂ ਨੂੰ ਦੰਡ ਦਿਓ:

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕਬਿ ਜਨਮ ਬਰਨਨੰ ਸਪਤਮੋ ਧਿਆਇ। ਸਮਾਪਤੁ ਮਸਤੁ ਸੁਭ ਮਸਤੁ। ੭॥੨੮੨॥

## ਅਠਵਾਂ ਧਿਆਇ

ਕਠਨ ਪਦ ਅੰਕ ੧ ਤੋਂ ਲਾਕੇ ੧੬ ਤੀਕਰ—

ਝੰਘਾ=ਬਾਰਾਂ ਸਿੰਙੇ, ਚਿਤ੍ਰੇ, ਮੌਸੇ ਆਦਿ। ਕਾਲਿੰਦ੍ਰੀ=ਜਮਨਾ ਨਦੀ।

Digitized by Panjab Digital Library | www.panjabdigilib.org

ਤਟ=ਕਿਨਾਰੇ। ਸਿੰਘ=ਸ਼ੇਰ(ਦਰਿੰਦੇ)। ਸ਼ਾਹ ਸੰਗ੍ਰਾਮ=ਸੈਨਾਪਤੀ। ਰੋਪੇ=ਪੈਰ ਜਮਾਏ। ਤਾਮੰ=ਮਾਂਸ। ਖਾਵੀਸੰ= ਖੱਬੀ ਖਾਨ, ਆਕੜ ਬਾਜ਼। ਦੂੰਣ=ਦੂੰਣਾ ਚਾਰਯ। ਕੁਤੁਕਾ=ਡੰਡਾ। ਇਛ= ਐਸੇ। ਛਿਛ=ਛਿਟਾਂ। ਮਾਤ- ਲੇਯੰ=ਮਾਮਾ ਕ੍ਰਿਪਾਲ ਚੰਦ। ਛੋਭ= ਸ਼ੋਭਾ। ਪਲਾਣੇ=ਸਵਾਰੀ। ਖੂਨੀ=ਮਾਰ ਖੰਡ। ਸਿੰਘ ਗਜੇ=ਸ਼ੇਰ ਗਜ, (ਸਾਰਦੂਲ)। ਰੋਪਿਆ= ਟਿਕਾਇਆ। ਭਲੰ=ਬਰਛਾ। ਐਚ=ਖਿਚ ਕੇ।

## ਭੁਜੰਗ ਪ੍ਰਯਾਤ ਛੰਦ

'ਖੁਲੈ ਖਾਨ' ਧਾਰੰ=ਨੋਕਾਂ। ਬਾਜ ਤਾਜੀ=ਤ੍ਰਿਖੇ ਘੋੜੇ। ਧੂੰਕੇ=ਗੱਜੇ। ਆਂਘਾਤ=ਇਕ ਰਸ। ਚਿਕਾਰੀਆ= ਇੱਲਾਂ ਕੂਕੀਆਂ। ਮਧੁਕਰ ਸ਼ਾਹ= ਜੁਧ ਕਰਦੇ। ਕੋਪਿਆ=ਗੁਸੇ। ਸੁਆਮਿ=ਮਾਲਕ। ਸੁਰਗੰ=ਸੁਰਗੰ। ਸਿਯਾਮੰ ਭੁਜੰਗੰ=ਕਾਲਾ ਸਰਪ। ਦੁਆਲ=ਕਮਰ ਕੱਸਾ। ਸਰੋਘੰ=ਸਮੂੰਹ ਬਾਣੀ। ਨਿਦਾਨਾ=ਮੂਰਖ, ਕਾਇਰ। ॥ ੩੮ ॥ ੩੨੦ ॥

'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਭੰਗਾਣੀ ਜੁਧ ਬਰਨਨੰ ਨਾਮ ਅਸਟਮੋ ਧਿਆਇ ਸਮਾਪਤ ॥ ੩੨੦ ॥

ਇਹ ਅਠਵੇਂ ਤੋਂ ਚੌਧਵੇਂ ਪ੍ਰਸੰਗ ਤਕ ਸਖੇਪ ਨਾਲ ਉਸ ਸਮੇਂ ਖਾਸ ਜੰਗਾਂ ਦਾ ਨਾਟਕ ਰੂਪ ਨਕਸ਼ਾ ਹੈ। ਜਿਹਾ ਕਿ- 'ਨਦੌਣ ਜੁਧ ਬਰਨਨੰ ਨਾਮ ਨੌਮੋ ਧਿਆਇ' ॥ ੯ ॥ ੩੪੪ ॥ ਖਾਨਜਾਦਾ ਕੇ ਆਗਮਨ ਦਸਮੇ ਧਿਆਇ ॥ ੧੦ ॥ ੩੫੪ ॥

ਖਾਨਜਾਦਾ ਦਿਲਾਵਰ ਖਾਂ ਦਾ ਪੁਤ੍ਰ ਰੁਸਤਮ ਖਾਂ ਨੂੰ ਲਿਖਿਆ ਹੈ। ਹੁਸੈਨੀ ਬਧਹ ਔਰ ਕਿਰਪਾਲ ਹਿੰਮਤ ਸੰਗ- ਤੀਆ ਆਦਿ ਮਾਰੇ ਗਏ, ਗਜਾਰਮੋ ਧਿਆਇ ॥ ੧੧ ॥ ੪੨੩ ॥

ਜੁਝਾਰ ਸਿੰਘ ਜੁਧ, ਦ੍ਵਾਦਸਮੋ (੧੨) ਧਿਆਇ ॥ ੧੨ ॥ ੪੩੫ ॥ ਸ਼ਹਜ਼ਾਦੇ (ਬਹਾਦਰ ਸ਼ਾਹ) ਅਹਦੀਆ। ਤ੍ਰੋਦਸਮੋ (੧੩) ਧਿਆਇ ॥ ੧੩ । ੪੬੦ ॥ ਤੇਰਾਂ ਅਧਿਆਇ ਲਿਖ ਕੇ ਚੌਧਵਾਂ ਅਧਿਆਇ "ਸਰਬ ਕਾਲ ਦੀ ਬੇਨਤੀ ਬਰਨਨੰ ਨਾਮ ਚੌਧਮੋਂ ਧਿਆਇ"॥ ੧੪। ੪੭੧ ॥

'ਸਰਬ ਕਾਲ ਹੈ (ਮਹਾਂ ਕਾਲ) ਪਿਤਾ ਹਮਾਰਾ' ਦੇਬਿ ਕਾਲਕਾ (ਮਹਾਂ ਮਾਇਆ ਯਾਂ ਮਹਾਂ ਕਾਲਕਾ) ਇਸ ਪ੍ਰਸੰਗ ਦਾ ਨਿਰਣਯ ਇਉਂ ਹੈ ਕਿ 'ਜਿਹ ਜਿਹ ਬਿਧਿ ਜਨਮਨ ਸੁਧਿ ਆਈ। ਤਿਮ ਤਿਮ ਕਹੇ ਗ੍ਰੰਥ ਬਨਾਈ।' ਸਪਸ਼ਟ ਹੈ ਕਿ ਪਿਛਲੇ ਪ੍ਰਸੰਗ ਨਾਟਕ ਰੂਪ ਹਨ। 'ਪਹਿਲੇ ਚੰਡੀ ਚਰਿਤ੍ਰ ਬਨਾਯੋ' ਚੰਡੀ ਚਰਿਤ੍ਰ ਪਹਿਲਾਂ ਹੀ ਪੁਰਾਣਾਂ ਵਿਚ ਰਚੇ ਹੋਏ ਸਨ, ਉਨਾਂ ਨੂੰ ਹੀ ਯਥਾ ਕ੍ਰਮ ਅਨੁਸਾਰ ਉਲਥਾ ਕੀਤਾ ਹੈ। ਹੁਣ ਅਗੇ ਦੂਜਾ ਚਰਿਤ੍ਰ ਲਿਖਾਂਗੇ।

## ਅਥ ਰਾਜ ਸਾਜ ਕਥਨੰ

ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਵਿਚ ਧਰਮ ਔਰ ਸਿਆਸਤ (ਰਾਜ ਸਾਜ) ਨੂੰ ਵਖੋ ਵਖ ਰਖਕੇ ਧਰਮ ਦਾ ਪ੍ਰਚਾਰ ਕੀਤਾ, ਉਸ ਵੇਲੇ 'ਬਾਬੇ ਕੇ ਬਾਬਰ ਕੇ

Digitized by Panjab Digital Library | www.panjabdigilib.org

ਦੇਊ' ਅਰਥਾਤ ਗੁਰੂ ਨਾਨਕ ਜੀ ਧਰਮ ਦੇ ਪਾਤਸ਼ਾਹ ਔਰ ਬਾਬਰ ਕੇ (ਮੁਗਲ ਬਾਹੀ) ਸੰਸਾਰਕ। ਅਸੂਲ ਇਹ ਸੀ 'ਜੋ ਬਾਬੇ ਕੇ ਦਾਮ ਨ ਦੇਹੈ। ਤਿਨਕੋ ਗਹਿ ਬਾਬਰ ਕੇ ਲੈ ਹੈ।' ਉਕਤ ਮਰਯਾਦਾ ਚੋਥੇ ਗੁਰੂ ਜੀ ਤੋਂਕਰ ਚਲਦੀ ਰਹੀ, ਪੰਚਮ ਗੁਰੂ ਜੀ ਦੇ ਸਮੇਂ ਬਾਦਸ਼ਾਹ ਜਹਾਂਗੀਰ ਨੇ ਚਲ ਰਹੇ ਨੇਮਾਂ ਨੂੰ ਤੋੜਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਧਰਮ ਪ੍ਰਚਾਰ ਕਰਨ ਬਦਲੇ ਭਾਵ ਸਿਖ ਧਰਮ ਨੂੰ ਖਤਮ ਕਰਨ ਹਿਤ ਕਤਲ ਕਰਵਾ ਦਿਤਾ, ਅਸੂਲ ਦੇ ਤੋੜਨ ਪਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ ਔਰ ਪੀਰੀ ਦੀਆਂ ਦੋ ਤਲਵਾਰਾਂ ਪਹਿਰ ਕੇ ਰਾਜ ਜੋਗ ਮਾਰਗ ਇਕੱਠਾ ਚਲਾਇਆ ਅਰਥਾਤਅਗੇ ਨੂੰ ਧਰਮ ਤੇ ਰਾਜ ਨੂੰ ਕੱਠਿਆਂ ਚਲਾਉਣ ਦਾ ਅਟੱਲ ਫੈਸਲਾ ਕੀਤਾ। ਤਖਤ (ਰਾਜ ਗੱਦੀ) ਕਾਇਮ ਕਰਕੇ ਪਬਲਿਕ ਦੇ ਸੰਸਾਰਕ ਫੈਸਲੇ ਭੀ ਆਪ ਹੀ ਕਰਨ ਲੱਗ ਪਏ। ਔਰ ਫੈਸਲਾ ਕੀਤਾ ਗਿਆ ਕਿ ਇਸ ਜ਼ਾਲਮ ਹਕੂਮਤ ਦੀਆ ਸਫਾਂ ਲਪੇਟ ਦਿਤੀਆਂ ਜਾਣ।

ਨੌਵੇਂ ਗੁਰੂ ਜੀ ਤੀਕਰ ਉਕਤ ਆਸ਼ੇ ਨੂੰ ਅਗੇ ਰੱਖਕੇ ਹਕੂਮਤ ਦੇ ਜ਼ੁਲਮ ਨਾਲ ਧਰਮ ਦਾ ਮੁਕਾਬਲਾ ਹੁੰਦਾ ਆਇਆ। ਜ਼ਾਲਮ ਹਕੂਮਤ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਸੱਦਕੇ ਬਿਨਾ ਕਿਸੇ ਕਸੂਰ ਦੇ ਕਤਲ ਕਰਵਾ ਦਿਤਾ, ਔਰ ਧਰਮ ਨੂੰ ਨਸ਼ਟ ਕਰਨ ਵਾਸਤੇ ਸਿਰੋਂ ਪਰੇ ਜ਼ੁਲਮ ਕਰਨੇ ਲਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਔਰ ਰਾਜ ਸਾਜ ਨੂੰ ਇਕੋ ਲਾਇਨ ਪਰ ਚਲਾਉਣ ਵਾਲੇ ਖਾਲਸਾ ਪੰਥ ਦੀ ਸਾਜਨਾ ਕਰ ਦਿਤੀ, ਹੁਣ ਪੰਥ 'ਰਾਜ ਜੋਗੀ' ਹੈ।

ਇਸ ਅਧਿਆਇ ਵਿਖੇ **'ਅਥ ਰਾਜ ਸਾਜ ਕਥਨੰ'** ਸੁਰਖੀ ਦੇਕੇ ਧਾਰਮਕ ਜੰਗਾਂ ਯੁਧਾਂ ਦੇ ਹਾਲਾਤ ਸ੍ਰੀ ਗੁਰੂ ਜੀ ਨੇ ਆਪਣੀ ਕਲਮ ਨਾਲ ਲਿਖੇ ਹਨ। ਸ੍ਰੀ ਗੁਰੂ ਜੀ ਨੇ ਅਨੰਦ ਪੁਰ ਸਾਹਿਬ ਵਿਖੇ ਸਿਖਾਂ ਨੂੰ ਫੌਜੀ ਤਰਤੀਬ ਵਿਚ ਲਿਆਂਦਾ। ਪਹਾੜੀ ਹਿੰਦੂ ਰਾਜ ਪੂਤ ਰਾਜੇ ਜੋ ਤੁਰਕਾਂ ਦੇ ਗੁਲਾਮ, ਖੁਦ ਗਰਜ਼ ਔਰ ਦੇਸ਼ ਧਰੋਹੀ ਬਣ ਰਹੇ ਹਨ, ਗੁਰੂ ਜੀ ਦੇ ਜਾਨੀ ਦੁਸ਼ਮਨ ਬਣ ਗਏ। ਤੁਰਕਾਂ ਨਾਲ ਮਿਲਕੇ ਹਮੇਸ਼ਾਂ ਗੁਰ ਸਿਖਾਂ ਨੂੰ ਤੰਗ ਕਰਦੇ ਔਰ ਖਾਲਸਾ ਧਰਮ ਨੂੰ ਨੁਕਸਾਨ ਪਹੁੰਚਾਣ ਵਾਸਤੇ ਦਿਨ ਰਾਤ ਵਿਓਂਤਾਂ ਕਰਦੇ ਇਹ ਰਜਵਾੜੇ ਭਾਵੇਂ ਹਿੰਦੂ ਰਾਜ ਪੂਤ ਸਨ, ਪਰ ਮੁਸਲਮਾਨਾਂ ਨੂੰ ਲੜਕੀਆ ਦੇ ਡੋਲੇ ਦੇ ਕੇ ਭੀ ਆਪਣਾ ਮੰਤਵ ਹੱਲ ਕਰਦੇ। ਧਰਮ ਵਲੋਂ ਸਖਣੇ ਹੋ ਚੁਕੇ ਸਨ।

ਬਾਈ ਧਾਰ ਰਾਜੇ ਤੋਂ ਮੰਤਵ ਪਾਣੀ ਦੀਆਂ ਪਹਾੜੀ ਧਾਰਾਂ ਦੀ ਵੰਡ ਸੀ। ਇਨਾਂ ਰਿਆਸਤਾਂ ਦੇ ਨਾਮ ਇਹ ਸਨ–ਜਸਵਾਲ, ਕਾਂਗੜਾ, ਕੁੱਲੂ, ਸੁਕੇਤ, ਚੰਬਾ, ਮੰਡੀ, ਨੂਰਪੁਰ, ਕੋਟ ਲੇਹਰ, ਸ਼ੀਬਾ, ਗੁਲੇਰ, ਦਾਤਾਰ ਪੁਰ, ਜਾਲੰਧਰ ਦੇ ਹਲਕੇ ਔਰ ਭੱਦੂ, ਬੰਹਦਗਲਟ, ਜੰਮੂੰ, ਮਾਨ ਕੋਟ, ਬਸੋਲੀ, ਸਾਬਾਂ, ਭਦਰਵਾਹ, ਚਨੇਨੀ, ਜਸਰੋਟਾ, ਕਸਟਵਾਰ, (ਹਲਕਾ ਡੂਗਰ) ਇਹ ਹਮੇਸ਼ਾਂ ਇਕਠੇ ਹੋਕੇ ਹਮਲੇ ਕਰਦੇ ਰਹਿੰਦੇ। ਮਤਲਬ ਵੇਲੇ ਗੁਰੂ ਜੀ ਨਾਲ ਸੁਲਾਹ ਕਰਦੇ, ਸ਼ਰਣ ਲੈਂਦੇ। ਪਰ ਸਮੇਂ ਸਿਰ ਅੱਖਾਂ ਫੇਰ ਜਾਂਦੇ। ਗੁਰੂ ਜੀ

Digitized by Panjab Digital Library | www.panjabdigilib.org

ਨੇ ਸਿਖਾਂ ਨੂੰ ਫੁਰਮਾਯਾ ਕਿ ਇਨਾਂ ਕੱਚੇ ਪਹਾੜੀਆਂ ਪਰ ਕੋਈ ਭਰੋਸਾ ਨ ਰਖੋ!

ਬੰਦਾ ਬਹਾਦਰ ਦੇ ਜੰਗ ਸਮੇਂ ਇਹ ਤੁਰਕਾਂ ਨਾਲ ਰਹਿ ਕੇ ਟਾਕਰੇ ਕਰਦੇ ਰਹੇ। ਸਰਹੰਦ ਮਾਰ ਕੇ ਬੰਦਾ ਬਹਾਦਰ ਨੇ ਇਨਾਂ ਨੂੰ ਚੰਗੀ ਤਰਾਂ ਸੋਧਾ ਚਾਹੜਿਆ, ਰਹਿੰਦ ਖੂੰਹਦ 'ਸ਼ੇਰਿ ਪੰਜਾਬ' ਵੇਲੇ ਨਿਕਲੀ। ਪਰ ਆਖਰ ਇਨਾਂ ਪਹਾੜੀਆਂ ਨੇ ਹੀ ਆਪਣੀ ਕਮੀਨੀ ਹਰਕਤਾਂ ਨਾਲ ਪੰਜਾਬ ਦੇ ਸਾਂਝੇ ਰਾਜ ਦਾ ਭਰਿਆ ਬੇੜਾ ਡੋਬਿਆ। ਗੁਰੂ ਜੀ ਨਾਲ ਜੰਗ ਤਾਂ ਆਨੰਦ ਪੁਰ ਸਾਹਿਬ ਭੀਮ ਚੰਦ ਕਹਲੂਰੀਏ ਨਾਲ ਕਈ ਹੋਏ, ਪਰ ਡਟ ਕੇ ਸਾਹਮਣਾ ਟਾਕਰਾ ਭੰਗਾਣੀ ਦੇ ਜੰਗ ਵਿਚ ਹੋਇਆ।

ਗੁਰੂ ਜੀ ਸੰਮਤ ੧੭੪੨ ਦੀ ੧੭ ਵਿਸਾਖ ਨੂੰ ਰਿਆਸਤ ਨਾਹਨ ਵਿਖੇ ਗਏ, ਉਥੋ ਦਾ ਮੇਦਨੀ ਪ੍ਰਕਾਸ਼ ਰਾਜਾ ਸੀ। ਇਹ ਪਾਂਵਟਾ ਨਾਮ ਦਾ ਨੱਗਰ ਜਮਨਾ ਕਿਨਾਰੇ ਬਸਾਇਆ। ਇਹ ਜੰਗ ਇਸ ਦੇ ਲਾਗੇ ਹੋਇਆ। ਹਮਲਾ ਕਰਨ ਵਾਲਾ ਰਾਜਾ ਫਤਹ ਸ਼ਾਹ ਸ੍ਰੀ ਨਗਰੀਆ ਸੀ, ਜੋ ਕਿ ਭੀਮ ਚੰਦ ਕਹਲੂਰੀਏ ਦਾ ਕੁੜਮ ਔਰ ਮੇਦਨੀ ਪ੍ਰਕਾਸ਼ ਦਾ ਵੈਰੀ ਸੀ। ਨਦੌਣ ਦੇ ਜੰਗ ਵਿਚ ਕਿਤਨੇ ਸੂਰਮਿਆਂ ਦਾ ਜ਼ਿਕਰ ਹੈ, ਵੇਰਵਾ ਨਾਮਾਂ ਦਾ ਅੜ ਅੜ ਕਰਕੇ ਅਗੇ ਲਿਖਾਂਗੇ। ਜਿਹਾ ਕਿ ਰਾਜਾ ਗੋਪਾਲ ਮਲੇਰੀਆ, ਹਰੀ ਚੰਦ ਹੰਡੂਰੀਆ, ਗਾਜੀ ਚੰਦ ਚੰਦੇਲੀਆ, ਨਿਜਾਮਤ ਖਾਨ ਸੂਬੇਦਾਰ ਪਠਾਨ (ਨਿਮਕ ਹਰਾਮ) ਆਦਿ।

ਨਦੌਣ ਦੀ ਜੰਗ ਤਾਂ ੧੬ ਵਿਸਾਖ (੧੭੪੬ ਬਿ:) ਨੂੰ ਸ਼ੁਰੂ ਹੋਈ, ਪਰ ਫਤਹ ਹੋਈ ੧੮ ਵਿਸਾਖ ਨੂੰ। ਇਹ ਖਾਸ ਘਲੂਘਾਰਾ (ਘਮਸਾਨੀ ਜੰਗ) ਸੀ, ਦੋਹਾਂ ਧਿਰਾਂ ਦੇ ਛਾਂਟਵੇਂ ਸੂਰਮੇਂ ਮਾਰੇ ਗਏ, ਜਿਨਾਂ ਦਾ ਜ਼ਿਕਰ ਇਸ ਲਿਖਤ ਵਿਚ ਹੈ।

## ਨੌਵਾਂ ਧਿਆਇ

ਅਥ ਨਦਉਣ ਕਾ ਜੁਧ ਬਰਨਨੰ

ਕਠਨ ਪਦ ਅੰਕ ੧ ਤੋਂ ਲਾ ਕੇ ੯ ਤਕ—

ਨਵਰਸ=ਟਿੱਲਾ। ਤਫੰਗਾਂ=ਬੰਦੂਖਾਂ। ਨਰੇਸਨ=ਰਾਜੇ। ਬ੍ਰਿਦੰ=ਬਹੁਤੇ। ਢੋਅ=ਮੇਕ। ਛੱਭੇ=ਗੁਸੇ। ਬੰਬੇ=ਬਾਜੇ। ਸ਼ੋਕ=ਅਫਸੋਸ। ਕੋਪ=ਕ੍ਰੋਧ। ਮਰਾਲ=ਘੋੜੇ। ਕ੍ਰੂਰ=ਭਿਆਨਕ। ਚੰਡ=ਤ੍ਰਿਖਾ। ਰੌਤੌਤੀ=ਰਾਜਪੂਤੀ ਅਣਖ। ਜਸਵਾਰ=ਜਸਰੋਟਾਏ। ਤੁਪਕ=ਬੰਦੂਖ। ਬਾਮ ਪਾਣੰ=ਖਬੇ ਹੱਥ ਨਾਲ। ਬਾਰ=ਪਾਣੀ ਦੀ। ਪੇਲੈ=ਪ੍ਰੋਏ। ਬਾਰਿ ਕੇਰੰ=ਨਦੀਓਂ ਪਾਰ। ਦਿਸ ਗਣੰ=ਸੂਰਜ। ਖੰਗੀ ਖਿਲਾਣੰ=ਖੰਡੇ ਦੇ ਖਿਡਾਰੀ। ਸੰਧਿ=ਮਿਲਾਪ। ਪਯਾਨ=ਧਾਵਾ ॥ ੯ ॥ ੩੪੪ ॥

## ਦਸਵਾਂ ਧਿਆਇ

'ਬਹੁਤ ਬਰਖ' ਕਠਨ ਪਦ ਅੰਕ ੧ ਤੋਂ ੧੦ ਤਕ—

ਓਰ=ਤਰਫ। ਸਰਿਤਾ=ਨਦੀ। ਕ੍ਰਿਪਾ ਸਿੰਧ ਕਾਲੀ=ਤੋਪ ਦੀ ਗਰਜ। ਹਾਬਲੇ=ਚੰਗੇ। ਤੁਰੇ=ਘੋੜੇ। ਨਿਹਾਰ ਨਾਰਿ=ਮਾਨੋ ਇਸਤ੍ਰੀ ਵਾਂਗੂ ਸ਼ਰਮਿੰਦੇ ਹੋਏ ॥ ੧੦ ॥ ੩੫੪ ॥

Digitized by Panjab Digital Library | www.panjabdigilib.org

## ਗਿਆਰਵਾਂ ਧਿਆਇ ੧੧ਤੋਂ ੨੩

'ਗਯੋ ਖਾਨ ਜਾਦਾ' ਹੁਸੈਨੀ ਜੁਧ।

ਖਾਨ ਜਾਦਾ=ਰੁਸਤਮ ਖਾਂ। ਸਿਲਾ=ਪੱਥਰ। ਕੁਤਸੁਤੰ=ਭੈੜਾ ਕੰਮ। ਰਵਿ=ਸੂਰਜ। ਛੁਦ=ਤੁਛ ਰੇਤਾ। ਮਹਿ ਮਹਿ=ਧਰਤੀ ਮੇਰੇ ਸਮਾਨ। ਛਿਦ ਬੰਦ=ਬਲ ਛਲ। ਭਨਕ=ਕਨਸੋਇ। ਭਟਰਾਜੀ=ਰਾਜਾ। ਦੁੰਦਭ=ਨਗਾਰੇ। ਕਿਕਾਨ=ਘੋੜੇ। ਕੈਬਰ=ਬਾਣ। ਡੌਹੀ=ਛਵੀ। ਨਿਹੰਗ=ਜੋਧੇ। ਮਲੰਗ=ਪਹਿਲਵਾਨ। ਕਿਸਾਰ=ਕੇਸ। ਕਰੋਲੰ=ਖੇਤ। ਪਿਲੰਗੰ=ਚਿਤ੍ਰੇ। ਛੂਛ=ਖਾਲੀ। ਦੰਤਾਰੇ=ਦੰਦਾਂ ਵਾਲੇ ਹਾਥੀ। ਅਰਚਾ=ਪੂਜਾ ਅਰਪਨ। ਚਾਰਣੇਯੰ=ਭੱਟ। ਖੰਭਾ=ਝੰਡਾ। ਖਪਰੀਆ=ਕਾਠੀਆਂ। ਚੌਪਿਆ=ਖਿਝਿਆ। ਪਰਾਇ=ਭੱਜ। ਅਰਿ ਰਾਇ=ਵੈਰੀ ਰਾਜੇ। ਨਿਰ ਬਿਖਾਧ=ਲਗਾਤਾਰ ॥ ੧੧ ਅਫਜੂ ੪੨੩ ॥

## ਬਾਰਵਾਂ ਧਿਆਇ

'ਮੁੱਧ ਭਯੋ ਇਹ ਭਾਂਤ' ਕਠਨ ਪਦ ੧ ਤੋਂ ਲਾ ਕੇ ਅੰਕ ੧੨ ਤੀਕਰ—

ਸਉਜ=ਜੋਧੇ। ਤਏ=ਤਤੇ। ਗਜ ਸਿੰਘ=ਜਸਵਾਲੀਆ ਪੰਮਾਂ। ਆਤਾ=ਖੜਾ। ਹਾਡਾ=ਰਾਜਪੂਤ। ਸਮਰ=ਜੁਧ। ਬਾਟ ਚੜੈ=ਵੰਡ ਕੇ। ਭੀਮ=ਭਿਆਨਕ। ਪਰਘੈ=ਕੁਹਾੜੇ। ਪਵੰਗ=ਘੋੜੇ। ਬਰੇ ਬਰੰਗਨ=ਹੂਰਾਂ ਵਰਦੀਆਂ ਹਨ। ਖਪਰੀਆ=ਸੰਜੋਆਂ ਵਾਲੇ ॥ ੧੨ ॥ ੪੩੫ ॥

## ਅਨੰਦ ਪੁਰ ਰਹਿਣ ਵੇਲੇ ਹੋਏ ਜੰਗਾਂ ਦਾ ਸੰਖੇਪ ਹਾਲ

ਆਨੰਦ ਪੁਰ ਸਾਹਿਬ ਦੀ ਜਗ੍ਹਾ ਨਵੱਮ ਗੁਰੂ ਜੀ ਨੇ ਖਰੀਦ ਕੇ ਸੰਮਤ ੧੭੨੩ ਬਿ: ਵਿਖੇ ਸ਼ਹਿਰ ਆਬਾਦ ਕਰਕੇ ਉਥੇ ਰਿਹਾਇਸ਼ ਕੀਤੀ, ਇਸਦੇ ਲਾਗੇ ਦੀ ਸਤਿਲੁਜ ਦਰਿਆ ਚਲਦਾ ਹੈ, ਇਸ ਸਥਾਨ ਦਾ ਪਹਿਲਾ ਨਾਮ ਮਾਖੋਵਾਲ ਸੀ, ਇਹ ਇਲਾਕਾ ਪਹਾੜੀ ਹੈ ਉਸ ਵੇਲੇ ਇਸ ਰਾਜਾ ਭੀਮ ਚੰਦ ਕਹਿਲੂਰ (ਬਿਲਾਸ ਪੁਰ) ਪਾਸ ਸੀ। ਭੀਮ ਚੰਦ ਦਸਮ ਗੁਰੂ ਜੀ ਦੀ ਚੜ੍ਹਦੀ ਕਲਾ ਨੂੰ ਨਾ ਸਹਾਰਕੇ ਈਰਖਾ ਨਾਲ ਸੜਦਾ ਬਲਦਾ ਰਹਿੰਦਾ ਔਰ ਗੁਰ ਸਿਖਾਂ ਨੂੰ ਅਕਾਰਨ ਤੰਗ ਕਰਦਾ ਰਹਿੰਦਾ, ਉਸ ਵੇਲੇ ਪਹਾੜਾਂ ਵਿਚ ਬਾਈ ਧਾਰਾਂ ਦੇ ਰਾਜੇ (ਪਾਣੀਆਂ ਦੀ ਧਾਰਾ ਵੰਡ ਮੂਜਬ) ਰਾਜ ਕਰਦੇ ਸਨ, ਇਹ ਹਿੰਦੂ ਰਾਜ ਪੂਤ ਨਹੀਂ ਚਾਹੁੰਦੇ ਸਨ, ਉਨ੍ਹਾਂ ਦੇ ਹੁੰਦਿਆਂ ਕੋਈ ਆਜ਼ਾਦੀ ਦੀ ਬਾਤ ਭੀ ਕਰੇ, ਗੁਰੂ ਜੀ ਦੀ ਸਕੀਮ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀ ਸੀ, ਹਿੰਦੂ ਰਾਜ ਪੂਤ ਰਜਵਾੜੇ ਮੁਗਲਸ਼ਾਹੀ ਦੇ ਇਥੇ ਤੀਕਰ ਗੁਲਾਮ ਸਨ ਕਿ ਮੌਕੇ ਬਣੇ ਪਰ ਮੁਸਲਮਾਨਾਂ ਨੂੰ ਧੀਆਂ ਦੇ ਡੋਲੇ ਦੇਣ ਤ੍ਰੀਕਰ ਜਾਂਦੇ ਔਰ ਉਨ੍ਹਾਂ ਪਾਸੋਂ ਮੀਏਂ ਕੇ ਆਦਿ ਖਿਤਾਬ ਲੈਂਦੇ। ਭਾਵੇਂ ਰਾਜ ਪੂਤ ਪਹਾੜੀ ਸਾਰੇ ਹੀ ਵਿਰੁਧ ਸਨ ਪਰ ਭੀਮ ਚੰਦ ਕਲਾ ਦਾ ਮੂਲ ਸੀ, ਇਸ ਨੂੰ ਹੰਕਾਰ ਸੀ ਕਿ ਗੁਰੂ ਗੋਬਿੰਦ ਸਿੰਘ ਮੇਰੇ ਇਲਾਕੇ ਵਿਚ ਮੇਰਾ ਗੁਲਾਮ ਬਣਕੇ ਮੇਰੇ ਹੁਕਮ ਅੰਦਰ ਰਹੇ, ਪਰ ਇਹ ਬਾਤ ਤਿੰਨ ਕਾਲ

Digitized by Panjab Digital Library | www.panjabdigilib.org

ਭੀ ਨਹੀਂ ਹੋ ਸਕਦੀ ਸੀ। ਗੁਲਾਮੀ ਤੋਂ ਨਜਾਤ ਦਿਲਾਉਣ ਵਾਸਤੇ ਕਈ ਜੰਗ ਇਨ੍ਹਾਂ ਨਾਲ ਹੋਏ, ਜਿਨ੍ਹਾਂ ਵਿਚੋਂ ਕਈ ਕੁ ਦਾ ਸੰਖੇਪ ਜ਼ਿਕਰ ਗੁਰੂ ਜੀ ਨੇ ਆਪਣੀ ਕਲਮ ਨਾਲ ਕੀਤਾ ਹੈ। ਇਨ੍ਹਾਂ ਵਿਚ ਕੁਝ ਕੁ ਨਾਮ ਆਏ ਹਨ, ਪਾਠਕਾਂ ਦੀ ਵਾਕਫੀ ਲਈ ਕ੍ਰਮ ਵਾਰ ਅਗੇ ਦਰਜ ਹੈਨ।

ਪ੍ਰਿਥਮ ਇਹ ਜਾਣਨਾ ਭੀ ਜ਼ਰੂਰੀ ਹੈ, ਸ੍ਰੀ ਗੁਰੂ ਦਸਮੇਸ਼ ਜੀ ਨੇ ਸੰਮਤ ੧੭੪੬ ਬਿ: ਵਿਚ ਅਨੰਦ ਪੁਰ ਵਿਚ ਪੰਜ ਕਿਲੇ ਬਣਾਏ। ਯਥਾ—ਅਨੰਦ ਗੜ੍ਹ, ਕੇਸ ਗੜ੍ਹ, ਲੋਹ ਗੜ੍ਹ, ਫਤਹ ਗੜ੍ਹ, ਹਲ ਗੜ੍ਹ ਸੰਮਤ ੧੭੫੬ ਦੇ ਪੁਰਬ ਵਿਸਾਖੀ ਪਰ ਕਿਲ੍ਹਾ ਕੇਸ ਗੜ੍ਹ ਪਰ ਖੰਡੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਪ੍ਰਚੁਰ ਕੀਤਾ। ਅਨੰਦ ਪੁਰ ਵਿਖੇ ਗੁਰੂ ਕੇ ਮਹਲ, ਸੀਸ ਗੰਜ, ਅਕਾਲ ਬੁੰਗਾ, ਦਮਦਮਾ ਸਾਹਿਬ, ਭੋਰਾ ਸਾਹਿਬ, ਮੰਜੀ ਸਾਹਿਬ ਆਦਿ ਹੋਰ ਭੀ ਸਥਾਨ ਸਨ ਪਰ ਕਿਲੇ ਜੰਗ ਲਈ ਸਨ, ਗੁਰੂ ਜੀ ਨੂੰ ਪਹਾੜੀਆਂ ਦੀ ਬਦਨੀਤੀ ਦਾ ਚੰਗੀ ਤਰ੍ਹਾਂ ਪਤਾ ਸੀ ਕਿ ਇਹ ਮੁਗਲ ਸ਼ਾਹੀ ਝੋਲੀ ਚੁਕ ਦੇਸ਼ ਦੇ ਗੁਲਾਮੀ ਦੇ ਖਰੀਦਾਰ ਹਨ

(੧) 'ਕ੍ਰਿਪਾਲੰ ਕੁਪਯੋ ਕੁਤਕੇ ਸੰਭਾਰੀ। ਹਠੀ ਖਾਨ ਹਯਾਤ ਕੇ ਸੀਸ ਝਾਰੀ॥' ਇਥੇ ਕ੍ਰਿਪਾਲ ਦਾ ਜ਼ਿਕਰ ਹੈ। ਇਕ ਕ੍ਰਿਪਾਲ ਚੰਦ ਗੁਰੂ ਜੀ ਦਾ ਮਾਮਾਂ ਸੀ, ਇਸ ਦਾ ਜਿਥੇ ਜ਼ਿਕਰ ਹੈ ਉਸ ਨਾਲ ਕ੍ਰਿਪਾਲ ਚੰਦ ਮਾਤਲੇਯੰ (ਮਾਮਾਂ) ਕਰ ਕੇ ਇਸ਼ਾਰਾ ਹੈ। 'ਤਹਾਂ ਮਾਤਲੇਯੰ ਕ੍ਰਿਪਾਲੰ ਕਰੁੱਧੰ।' ਇਕ ਕ੍ਰਿਪਾਲ ਚੰਦ ਕਾਂਗੜੇ ਦਾ ਰਾਜਾ ਸੀ, ਕਟੋਚ ਇਸ ਦਾ ਗੋਤ੍ਰ ਸੀ। ਵੈਸੇ ਇਸ ਦਾ ਨਾਮ ਕ੍ਰਿਪਾ ਰਾਮ ਸੀ। ਇਹ ਹੁਸੈਨੀ ਜੁਧ ਵਿਖੇ ਮਾਰਿਆ ਗਿਆ। ਇਥੇ ਉਸ ਕ੍ਰਿਪਾਲ ਦਾਸ ਉਦਾਸੀ ਦਾ ਜ਼ਿਕਰ ਹੈ ਜਿਸ ਨੇ ਹਯਾਤ ਖਾਂ ਪਠਾਨ (ਨਿਮਕ ਹਰਾਮ ਸੂਬੇਦਾਰ) ਨੂੰ ਮਧਕੈਣੇ ਨਾਲ ਪਾਰ ਬੁਲਾਇਆ। ਸਾਧੂ ਕ੍ਰਿਪਾਲ ਦਾਸ ਹੇਹਰ (ਲੁਧਿਹਾਨਾ) ਵਿਖੇ ਰਿਹਾ। ਹਯਾਤ ਖਾਂਨ ਨੂੰ ਬੁਧ ਸ਼ਾਹ ਨੇ ਨੌਕਰ ਰਖਾਇਆ ਸੀ, ਇਹ ਐਨ ਜੰਗ ਦੇ ਮੌਕੇ ਪਹਾੜੀਆਂ ਨਾਲ ਜਾ ਰਲਿਆ ਸੀ।

ਰਾਜਾ ਹਰੀ ਚੰਦ ਹੰਡੂਰ ਦਾ ਰਾਜਾ ਸੀ (ਹਰੀ ਚੰਦ ਕ੍ਰਧੰ,। ਇਹ ਭੀਮ ਚੰਦ ਕਹਿਲੂਰ ਦਾ ਸਾਥੀ ਰਿਹਾ, ਇਸ ਨੂੰ ਦਸਮੇਸ਼ ਜੀ ਨੇ ਤੀਰ ਦਾ ਨਿਸ਼ਾਨਾ ਕਰਕੇ ਖਤਮ ਕੀਤਾ। ਵੈਸੇ ਗਿਣਤੀ ਦਾ ਸੂਰਮਾਂ ਸੀ। ਗੁਰੂ ਜੀ ਨੇ ਸੰਮਤ ੧੭੪੨ ਬਿ: ਵਿਚ ਰਾਜਾ ਨਾਹਨ ਤੋਂ ਜਗ੍ਹਾ ਮੁਲ ਲੈਕੇ ਕਿਲਾ ਪਾਂਵਟਾ (ਪਾਉਂਟਾ) ਬਣਾਇਆ, ਇਸ ਦੇ ਨੇੜੇ ਦੀ ਜਮਨਾ ਚਲਦੀ ਹੈ। ਭੰਗਾਣੀ ਦਾ ਜੰਗ ਸੰਮਤ ੧੭੪੬ ਵਿਖੇ ਇਥੇ ਹੀ ਹੋਇਆ ਸੀ।

ਜੀਤ ਮਲ ਬੀਬੀ ਵੀਰੋ ਦਾ ਬਹਾਦਰ ਸਪੁਤ੍ਰ ਸੀ (ਬੀਬੀ ਵੀਰੋ ਛੇਵੇਂ ਗੁਰੂ ਜੀ ਜੀ ਦੀ ਸਪੁਤ੍ਰੀ, ਦਸਮ ਗੁਰੂ ਜੀ ਦੀ ਭੂਆ ਲੱਗੀ)। ਬੀਬੀ ਜੀ ਦੇ ਪੰਜ ਪੁਤ੍ਰ ਸਨ। ਯਥਾ:—

ਸੰਗੋਸ਼ਾਹ, ਗੁਲਾਬ ਚੰਦ, ਗੰਗਾ ਰਾਮ, ਜੀਤ ਮਲ, ਮਾਹਰੀ ਚੰਦ ਪੰਜੇ ਬੀਰ ਪਾਂਡਵਾਂ ਦੀ ਮਾਨਿੰਦ ਮਹਾਂ ਬੀਰ ਸਨ, ਸੰਗੋਸ਼ਾਹ ਸਿਖ ਸਿਪਾਹ ਦਾ ਸੈਨਾ ਪਤੀ ਸੀ, ਇਹ ਬਹਾਦਰ ਭੰਗਾਣੀ ਦੇ ਜੰਗ ਵਿਚ ਸ਼ਹੀਦ ਹੋਇਆ, ਗੁਰੂ ਜੀ ਨੇ ਸ਼ਾਹ ਸ੍ਰਾਮ ਅਰਥਾਤ ਜੰਗ ਦਾ ਬਾਦਸ਼ਾਹ

Digitized by Panjab Digital Library | www.panjabdigilib.org

( ਜੰਗ ਬਹਾਦੁਰ )ਖਿਤਾਬ ਦਿਤਾ । 'ਤਬੈ ਜੀਤ ਮਲੰ । ਹਰੀ ਚੰਦ ਭਲੰ ।' ਜੀਤ ਮਲ ਭੀ ਭੰਗਾਣੀ ਜੰਗ ਵਿਚ ਸ਼ਹੀਦ ਹੋਇਆ। ਭੰਗਾਣੀ ਦਾ ਜੰਗ ਘਲੂ ਘਾਰੇ ਵਾਲਾ ਜੰਗ ਸੀ, ਗੁਰੂ ਜੀ ਨੇ ਲਿਖਿਆ ਹੈ।

ਸਹੀ ਸ਼ਾਹ ਸੰਗ੍ਰਾਮ ਸੁਰਗੰ ਸਿਧਾਰੇ।
ਪੁਨਾ—ਤਹਾਂ ਸ਼ਾਹ ਸ੍ਰੀ ਸ਼ਾਹ ਸੰਗ੍ਰਾਮ ਕੋਪੇ॥
ਪੰਚੋ ਬੀਰ (ਪੰਜੇ ਭਾਈ) ਪ੍ਰਿਥੀ ਪਾਇਰੋਪੇ॥
ਹਠੀ ਜੀਤ ਮਲੰ ਸੁ ਗਾਜ਼ੀ ( ਬਹਾਦਰ ) ਗੁਲਾਬੰ (ਗੁਲਾਬ ਚੰਦ )। ਰਣੇ ਦੀਖੀਐ ਰੰਗ ਰੂਪੰ ਨਿਸਾਬੰ॥ ਹਠਯੰ ਮਾਹਰੀ ਚੰਦਯੰ ਗੰਗਰਾਮੰ। ਜਿਨੈ ਕਿਤਯੰ ਜਿਤਯੰ ਫੌਜ ਤਾਮੰ। ਸਿਟਾ ਕੀ। ਇਨ੍ਹਾਂ ਪੰਜਾਂ ਭਰਾਵਾਂ ਨੇ ਸਿਰੇ ਦਾ ਜੰਗ ਕਰਕੇ ਪੰਜੇ ਪਾਂਡਵਾਂ ਦੀ ਬਹਾਦਰੀ ਮਾਤ ਪਾ ਦਿਤੀ।

ਲਾਲ ਚੰਦ ਕੀ ਲਾਲ ਰੂਪੰ। ਜਿਨੈ ਰੰਜਯੰ ਗਰਬ ਸਿੰਘੰ ਅਨੂਪੰ॥ ਇਹ ਉਸ ਲਾਲ ਚੰਦ ਦਾ ਜ਼ਿਕਰ ਹੈ,ਜੋ ਵੰਗ ਚਾਰਿਆ ਕਰਦਾ ਸੀ, ਭੰਗਾਣੀ ਯੁਧ ਵਿਚ ਬਹੁਤ ਬਹਾਦਰੀ ਨਾਲ ਗੱਜ ਵਜਕੇ ਲੜਿਆ। ਦੂਜਾ ਲਾਲ ਚੰਦ ਸਿਖ ਹਲਵਾਈ ਸੀ, ਪਿਛੋਂ ਇਹ ਲਾਲ ਸਿੰਘ ਸਜਿਆ । ਇਹ ਨਗਰ ਬੂੜੀਏ ਦਾ ਸੀ, ਮਹਾਂਬਲੀ ਸੀ, ਇਥੇ ਉਸਦਾ ਜ਼ਿਕਰ ਹੈ।

"ਕੁਪਜੋ ਦੇਵਤੇਸ਼ੰ ਦਯਾ ਰਾਮ ਜੁੱਧੰ।
ਕੀਓ ਦ੍ਰੋਣ ਕੀ ਜਜੋਂ ਮਹਾਂ ਜੁੱਧ ਸੁੱਧੰ॥"
ਏਹ ਦਯਾ ਰਾਮ ਬ੍ਰਾਹਮਣ ਸੀ ਜੋ ਅਮ੍ਰਿਤ ਛਕਕੇ ਸਿੰਘ ਸਜਿਆ, ਜਿਸ ਨੂੰ ਗੁਰੂ ਸਾਹਿਬ ਨੇ ਦ੍ਰੋਣ ਦੀ ਪਦਵੀ ਬਖਸ਼ੀ ਹੈ, ਇਸ ਦੇ ਖਾਨ ਦਾਨ ਵਿਚੋਂ ਸ੍ਰਦਾਰ ਬੁਧ ਸਿੰਘ ਜੀ 'ਸ੍ਰੀ ਗੁਰਮਤ ਪ੍ਰੈਸ' ਅਮ੍ਰਿਤਸਰ ਵਾਲੇ ਮਹਾਨ ਪ੍ਰਸਿਧ ਹਸਤੀ ਹੋਏ ਹਨ। ਜਿਨਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਲਗ ਮਾਤ੍ਰਾ ਤੀਕ ਸ਼ੁੱਧ ਛਾਪਣ ਦਾ ਅਦੁਤੀ ਫਖਰ ਪ੍ਰਾਪਤ ਹੈ, ਤੇ 'ਖਾਲਸਾ ਪੰਥ' ਨੂੰ ਮਾਣ ਹੈ।

ਇਨਾਂ ਦੇ ਹੀ ਹੋਣ-ਹਾਰ ਸਪੁਤ੍ਰ ਸ੍ਰੀਮਾਨ ਗਜਾਨੀ ਮਹਿੰਦ੍ਰ ਸਿੰਘ ਜੀ 'ਰਤਨ' ਨੂੰ ਪਾਕਿਸਤਾਨ ਦੀ ਵੰਡ ਹੋਣ ਸਮੇਂ ਅਮ੍ਰਿਤ-ਸਰ ਦੀ 'ਬੁਲੰਦ ਮਸਜਿਦ' ਸਾੜਨ ਤੇ ੧੩੨ ਮੁਸਲਮਾਨ ਮਾਰਨ ਦੇ ਅਪ੍ਰਾਧ ਵਿਚ ਬੰਦੀ ਖਾਨੇ ਵਿਚ ਸੁਟ ਦਿਤਾ ਗਿਆ ਸੀ।

ਭੰਗਾਣੀ ਦੇ ਜੰਗ ਵਿਚ ਬਾਈਧਾਰ ਰਾਜੇ ਸ਼ਾਮਲ ਸਨ, ਜੋ ਪਿਛੋਂ ਗਿਆਰਾਂ ਜਾਲੰਧਰ ਗਿਆਰਾਂ ਡੂਗਰ ਦੇ ਹਲਕੇ ਵਿਚਹੋਈਆਂ। ਜਿਨ੍ਹਾਂ ਰਾਜਿਆਂ ਦਾ ਜ਼ਿਕਰ ਆਉਂਦਾ ਹੈ, ਉਨ੍ਹਾਂ ਵਿਚੋਂ ਭੀਮ ਚੰਦ ਕਹਿਲੂਰ, ਕੇਸਰੀ ਚੰਦ ਜਸਵਾਲ, ਸੁਖ ਦਿਆਲ ਜਸਰੋਟ, ਕ੍ਰਿਪਾਲ ਚੰਦ ਕਟੋਚ, ਫਤਹ ਸ਼ਾਹ ਸ੍ਰੀ ਨਗਰ, ਹਰੀਚੰਦ ਹੰਡੂਰ, ਪ੍ਰਿਥੀ ਚੰਦ ਢਢਵਾਲ, ਇਹ ਖਾਸ ਪ੍ਰਸਿਧ ਸਨ। ਇਨ੍ਹਾਂ ਨੇ ਸੰਮਤ ੧੭੩੨ ਤੋਂ ਲਾ ਕੇ ੧੭੬੧ ਬਿ: ਤੱਕ ਅਨੇਕਾਂ ਵਾਰ ਜੰਗਕੀਤੇ।

ਚੰਦੇਲ ਰਾਜਪੂਤਾਂ ਦਾ ਇਕ ਗੋਤ੍ਰ ਹੈ, ਬਿਲਾਸ ਪੁਰੀਏ ਚੰਦੇਲ ਸਨ ਚਕ੍ਰਤ ਚੋਪਿਯੋ ਚੰਦ ਗਾਜ਼ੀ (ਪ੍ਰਧਾਨ)।

## ਅਥ ਨਦਉਣ ਜੁਧ ਬਰਨਨੰ

ਦਿਲੀ ਦੀ ਫੌਜ ਲੈ ਕੇ ਮੀਆਂ ਖਾਨ ਫੌਜਦਾਰ ਨੇ ਸੰਮਤ ੧੭੪੬ ਵਿਚ ਝੜਾਈ ਕੀਤੀ। ਆਪ ਤਾਂ ਜੰਮੂ ਵਲ ਨੂੰ ਗਿਆ ਤੇ ਏਧਰ ਆਪਣਾ ਭਤੀਜਾ ਅਲਫ ਖਾਨ ਘਲਿਆ ਇਸ ਨਾਲ ਨਦੌਣ ਦੀ ਜੰਗਹੋਈ।

Digitized by Panjab Digital Library | www.panjabdigilib.org

ਨਦੌਣ ਕਾਂਗੜੇ ਵਿਚ ਕਟੋਚੀਆਂ ਦਾ ਪਿੰਡ ਬਿਆਸਾ ਪਰ ਸੀ। ਜੰਗ ਹੋਣ ਦਾ ਸੰਮਤ ੧੭੪੭ ਬਿ: ਪ੍ਰਸਿਧ ਹੈ। ਟਾਕਰੇ ਵਿਚ ਭੀਮ ਚੰਦ ਕਹਲੂਰ, ਸੁਖਦੇਵ ਗਾਜ਼ੀ, ਜਸਰੋਟ, ਗਜ ਸਿੰਘ, ਰਾਵ ਸਿੰਘ, ਪ੍ਰਿਥੀ ਚੰਦ ਢਢਵਾਲੀਏ ਆਦਿ ਸਨ। ਇਨਾਂ ਨੇ ਗੁਰੂ ਜੀ ਦੀ ਸ਼ਰਣ ਲਿਤੀ, ਫਤਹ ਗੁਰੂ ਜੀ ਨੂੰ ਹਾਸਲ ਹੋਈ।

ਨਾਮਾਂ ਦੀ ਵਾਕਫੀ—

ਨੰਦ ਚੰਦ—ਗੁਰੂ ਜੀ ਦਾ ਦੀਵਾਨ ਸੀ।

ਆਲਮ ਸਿੰਘ—ਡਿਉਢੀ ਅਫਸਰ।

ਪੰਮਾ ਵਜੀਰ—ਪਰਮਾਂ ਨੰਦ ਬ੍ਰਹਮਣ, ਭੀਮ ਚੰਦ ਦਾ ਫਲੀਆ, ਸੂਹੀਆ।

ਦਿਲਾਵਰ ਖਾਨ ਸੂਬੇਦਾਰ ਦਿਲੀ— ਇਸ ਦਾ ਪੁਤ੍ਰ ਰੁਸਤਮ ਖਾਨ ਸੀ।

ਹੁਸੈਨੀ ਜੁਧ ਦਾ ਮੰਤਵ ਹੈ ਜੋ ਜੰਗ ਦਿਲਾਵਰ ਖਾਨ ਦੇ ਪੁਤ੍ਰ ਰੁਸਤਮ ਖਾਨ (ਖਾਨਜ਼ਾਦਾ) ਦੇ ਹਾਰਨ ਪਰ ਫੌਜ ਲਿਆ-ਇਆ। ਇਹ ਦਿਲਾਵਰ ਖਾਨ ਦਾ 'ਗੁਲਾਮ' ਹੁਸੈਨ ਖਾਂ ਸੀ। ਹੁਸੈਨ ਖਾਨ ਦੇ ਨਾਮ ਪਰ ਹੁਸੈਨੀ ਜੁਧ ਕਿਹਾ ਗਿਆ। ਇਸ ਨੂੰ ਸਿਖਾਂ ਨੇ ਖੂਬ ਹੀ ਲਤਾੜਿਆ।

## ਤੇਰਵਾਂ ਧਿਆਇ

ਸ਼ਾਹਜਾਦੇ ਕੋ ਆਗਮਨ ਮਦ੍ਰ ਦੇਸ

ਚੌਪਈ—'ਇਹ ਬਿਧ' ਕਠਨ ਪਦ ਅੰਕ ੧ ਤੋਂ ਲਾ ਕੇ ੨੫ ਤੀਕ—

ਗਿਰ=ਪਹਾੜ। ਮਰਮ=ਭੇਦ। ਕਰਮ=ਬਖਸ਼ਸ਼। ਗਿਰਵਰ=ਪਹਾੜ। ਮੂਜੀਯਨ=ਕਾਇਰ। ਜੀਅ=ਪੁਤ੍ਰ। ਉਪਹਾਸ=ਮਖੌਲ। ਸੁਰ ਪੁਰ=ਸੁਰਗ ਫਟੈ=ਫਲਦੇ। ਸਗ=ਕੁਤਾ। ਅਨ ਮਾਨੋ=ਸਮਝੋ। ਬਿਦਾ=ਆਗਿਆ। ਮਲੇਛ=ਤੁਰਕ। ਛਾਹਾਂ=ਛਾਂਵਾਂ। ਬਾਰ=ਵਾਲ। ਬਾਂਕੇ=ਬਿੰਗੇ, ਭਾਵ ਕੁਝ ਦੁਖ ਨਾ ਹੋਇਆ। ਪਾਹਰਿ=ਪਾਹੁਲ। ਆਇਸ=ਆਗਿਆ। ਛਿਕੇ=ਛਿਕਲੀਆਂ। ਮਲੀਦਾ=ਚੂਰਮਾਂ। ਪਨਹੀਅਨ=ਜੁਤੀਆਂ। ਅਰਿਸਟ=ਧਰਮ ਵੇਖੀ ॥ ੨੫ ॥ ੪੬੦ ॥

## ਚੌਧਵਾਂ ਧਿਆਇ

ਚੌਪਈ—'ਸਰਬ ਕਾਲ' ਕਠਨ ਪਦ ਅੰਕ ੧ ਤੋਂ ਲਾਕੇ ੧੧ ਤੀਕ—

ਕੰਟਕ=ਕੰਡਾ। ਕਟਾਛ=ਦ੍ਰਿਸਟ। ਸਰਬ ਕਾਲ=ਮਹਾਂ ਕਾਲ। ਦੇਬਿ ਕਾਲਕਾ=ਮਹਾਂ ਮਾਇਆ ਸ਼ਕਤੀ। ਮਨਸ਼ਾ=ਵਿਚਾਰ ਸ਼ਕਤੀ। ਲੋਹ ਰਛ=ਸ਼ੁਧ ਸ਼ਕਤੀ। ਐਡੋ=ਟੇਡਾ। ਭਯੋਰਾਈ=ਰਾਜਾ ਬਣਿਆਂ। ਪਹਿਲੇ ਚੰਡੀ ਚਰਿਤ੍ਰ ਬਨਾਯੋ= (ਇਹ ਇਥੇ ਦੇ ਪ੍ਰਸੰਗ ਨਹੀਂ ਹਨ) ਨਖ ਸਿਖ= ਤਰਤੀਬ ਵਾਰ, ਨਹੁੰ ਤੋਂ ਸਿਰ ਤੀਕ ਹਾਲ ॥ ੧੪। ੪੭੧।

ਨੋਟ:—ਚੌਧਵੇਂ ਧਿਆਇ ਦਾ ਇਥੇ ਕੋਈ ਸਨਬੰਧ ਨਹੀਂ ਢੁਕਦਾ।

ਨੋਟ—ਉਕਤ ਜੰਗਾਂ ਵਿਖੇ ਜਿਨ੍ਹਾਂ ਦੇ ਨਾਮ ਆਏ ਹਨ, ਉਨ੍ਹਾਂ ਦਾ ਸੰਖੇਪ ਹਾਲ ਜ਼ਿਕਰ ਦਾ ਹੈ:— 'ਗੁਲੇਰੀਆ, ਮਿਲਨ ਕਹ ਆਇ' ਗੁਲੇਰੀਆ ਗੋਤਰ ਦੇ ਰਾਜ ਪੂਤ ਹਨ, ਇਸੀ ਨਾਮ ਦੀ ਇਕ ਰਿਆਸਤ ਕਾਂਗੜੇ ਵਿਚ ਸੀ ਜੋ ਹਰੀ ਚੰਦ ਕਟੋਚੀਏ ਨੇ ਕਾਇਮ ਕੀਤੀ ਸੀ। ਰਾਮ ਸਿੰਘ (ਰਾਜ ਪੂਤ ਹਿੰਦੂ) ਇਨ੍ਹਾਂ ਦਾ ਇਕ ਸਰਦਾਰ ਸੀ

Digitized by Panjab Digital Library | www.panjabdigilib.org

ਜੋ ਭੀਮ ਚੰਦ ਵਲੋਂ ਹੋਕੇ ਨਦੌਣ ਦੇ ਜੰਗ ਵਿਚ ਲੜਿਆ ਸੀ। ਤਬੈ ਕੋਪੀਅੰ ਕਾਂਗੜੇਸੰ। ਕਟੋਚ ਭੀ ਗੋਤ੍ਰ ਹੈ, ਇਹ ਲੋਕ ਕਾਂਗੜਾ (ਜਾਲੰਧਰ ਕਮਿਸ਼ਨਰੀ) ਦੇ ਸਨ। ਭੂਪ ਚੰਦ ਇਨ੍ਹਾਂ ਦਾ ਪਹਿਲਾ ਰਾਜਾ ਸੀ, ਗੁਲੇਰ ਔਰ ਨਾਦੌਣ ਵਾਲੇ ਭੀ ਕਟੋਚ ਕਹੌਂਦੇ ਸਨ; ਇਹ ਮੰਨਦੇ ਹਨ ਕਿ ਸਾਡਾ ਰਾਜਾ ਭੂਪ ਚੰਦ ਦੁਰਗਾ ਭਵਨ ਵਿਚੋਂ ਨਿਕਲਿਆ ਸੀ, ਪਹਾੜੀਏ ਪੂਜਕੇ ਦੇਵੀ ਭਗਤ ਹਨ। ਹਰੀ ਚੰਦ ਆਯੋ ਤਹਾਂ ਏਕ ਬੀਰੰ। ਹਰੀ ਚੰਦ ਦਾ ਜੰਗ ਹੁਸੈਨੀ ਨਾਲ ਹੋਇਆ। ਇਹ ਪ੍ਰਸਿੱਧ ਪਹਾੜੀ ਰਾਜ ਪੂਤ ਸੂਰਮਾਂ ਸੀ। ਹਠਯੋ ਹਿੰਮਤੰ ਕਿੰਮਤੰ। ਹਿੰਮਤ ਇਕ ਜੋਧਾ ਸੀ, ਇਹ ਹੁਸੈਨੀ ਯੁੱਧ ਵਿਚ ਬਹਾਦਰੀ ਨਾਲ ਲੜਿਆ। ਕਿੰਮਤ ਇਸ ਦਾ ਸਾਥੀ ਸੀ। ਲਏ ਗੁਰਜ ਚਲੰ ਸੁ ਜੱਲਾਲ ਖਾਨੰ॥ ਜਲਾਲ ਖਾਨ ਔਰੰਗ ਜ਼ੇਬ ਦੀ ਸਿਪਾਹ ਵਿਚੋਂ ਬਹਾਦਰ ਸੀ, ਇਹ ਹੁਸੈਨ ਗੁਲਾਮ ਦੇ ਅਧੀਨ ਹੋਕੇ ਮਹਿਸੂਲ ਲੈਣ ਗਿਆ ਸੀ।

ਰਣ ਜੁੱਝਤ ਕਿਰਪਾਲ ਕੇ ਨਾਚਤ ਭਯੋ ਕ੍ਰਿਪਾਲ॥ ੬੫॥ ਇਥੇ ਗਲੇਰ ਦੇ ਰਾਜਾ ਗੋਪਾਲ ਦਾ ਜ਼ਿਕਰ ਹੈ, ਇਸਨੇ ਭੀ ਕਈ ਵੇਰਾਂ ਭੀਮ ਚੰਦ ਕਹਿਲੂਰ ਨਾਲ ਰਲ ਕੇ ਅਨੰਦ ਪੁਰ ਸਾਹਿਬ ਪਰ ਹਮਲੇ ਕੀਤੇ। ਰਿਸਤਮ ਖਾਨ ਦਿਲਾਵਰ ਭਏ। ਦਿਲਾਵਰ ਖਾਨ ਸੂਬੇਦਾਰ ਦਾ ਪੁਤ੍ਰ ਰੁਸਤਮ ਖਾਨ ਜੋ ਸਿਖ ਸਿਪਾਹ ਦਾ ਪਹਿਲਾ ਹੱਲਾ ਵੇਖਕੇ ਔਰ ਜੈਕਾਰੇ ਸੁਣਕੇ ਨੱਠ ਗਿਆ ਸੀ, ਸਿੱਖਾਂ ਨੇ ਪਿਛਾ ਕਰਕੇ ਚੰਗੀ ਤਰ੍ਹਾਂ ਤੁਰਕੀ ਸੈਨਾ ਨੂੰ ਝੰਬਿਆ। ਉਤੇ ਜੁਝਾਰ ਸਿੰਘ ਭਯੋ ਆਦਾ। ਇਹ ਭੀ ਪਹਾੜੀ ਰਾਜਾ ਸੀ, ਦਿਲਾਵਰ ਖਾਨ ਨਾਲ ਲੜਿਆ। ਤਿਨ ਪੁਨ ਗੁਰੂ ਅਹਿਦੀਆ ਜਾਨਾ। ਅਹਿਦੀਏ=ਮੁਗਲ ਹਕੂਮਤ ਵਲੋਂ ਯਮਾਂ ਦਾ ਰੂਪ (ਕਾਰ ਖਾਸ) ਸਵਾਰ ਸਨ, ਜੋ ਮਨਸਬਦਾਰਾਂ ਦੇ ਅਧੀਨ ਹੁੰਦੇ ਸੀ। ਲੋਕਾਂ ਨੂੰ ਹਦੋਂ ਵਧ ਮਾਰ ਕੁਟਕੇ ਸਰਕਾਰੀ ਮੁਆਮਲਾ ਲੈਂਦੇ ਸਨ। ਇਹ ਧਰਨਾ ਮਾਰ ਕੇ ਦਰਵਾਜ਼ੇ ਅਗੇ ਬੈਠਕੇ ਮਾਮਲਾ ਨਾ ਦੇਣ ਵਾਲੇ ਦੀ ਕੁਟ ਮਾਰ ਕੇ ਛਿੱਲ ਉਤਾਰਦੇ ਰਹਿੰਦੇ ਸਨ, ਮਹਾਂ ਚੰਡਾਲ ਬ੍ਰਿਤੀ ਵਾਲੇ ਸਨ ਆਪ ਮੰਜਿਆਂ ਪਰ ਬੈਠਦੇ, ਲੋਕੀ ਇਨ੍ਹਾਂ ਨੂੰ ਮੰਜਿਆਂ ਸਮੇਤ ਚੁਕ ਕੇ ਅਗਲੇ ਪਿੰਡ ਛੱਡਕੇ ਆਉਂਦੇ। ਅਹਿਦੀਆਂ ਦੀ ਆਮਦ ਸੁਣਕੇ ਲੋਕੀ ਕੰਬ ਉਠਦੇ ਤੇ ਨੱਠ ਜਾਂਦੇ ਸਨ।

ਨੋਟ—ਹੁਸੈਨ ਖਾਨ ਦੇ ਨਾਲ ਚੰਦ ਰਾਇ ਜੁਝਾਰ ਸਿੰਘ ਰਾਜਪੂਤ ਆਏ ਸਨ, ਪਰ ਦੋਵੇਂ ਮੁਸਲਮਾਨਾਂ ਨੇ ਮਾਰ ਸੁਟੇ ਕਿ ਇਹ ਪਹਾੜੀਆਂ ਨਾਲ ਰਲੇ ਸਨ। ਗਜ ਸਿੰਘ ਭੀਮ ਸੈਨ ਦਾ ਸੈਨਾ ਪਤੀ ਸੀ। ਚੰਦਨ ਚੰਦੇਲੀਆਂ ਵਖ ਸੀ। ਸ਼ਾਹਜ਼ਾਦਾ (ਮੁਅੱਜ਼ਮ ਖਾਨ ਪਿਛੋ ਬਹਾਦਰ ਸ਼ਾਹ ਦਿਲੀਪਤ) ਸੀ, ਆਪ ਤਾਂ ਲਾਹੌਰ ਚਲਾ ਗਿਆ, ਏਧਰ ਜੰਗ ਲਈ ਅਹਿਦੀਆ ਘਲਿਆ, ਜਿਸਦਾ ਨਾਮ ਮਿਰਜ਼ਾ ਜ਼ਾਫਰ ਬੇਗ ਸੀ। ਇਹ ਗੁਰੂ ਜੀ ਦਾ ਸ੍ਰਧਾਲੂ ਬਣਿਆਂ। ਇਹ ਸਾਈਂ ਦੁਧੂ ਸ਼ਾਹ ਦਾ ਸਨਬੰਧੀ ਭੀ ਸੀ। ਇਸਨੇ ਮਸੰਦ ਔਰ ਪਹਾੜੀਏ ਬੁਰੀ ਮੌਤੇ ਮਾਰੇ। ਜੰਗਾਂ ਦਾ ਹਾਲ ਵਿਸਥਾਰ ਨਾਲ ਲਿਖਿਆ ਹੈ ਜੋ ਖੋਜ ਕਰਨ ਨਾਲ ਛੇਤੀ ਸਮਝਿਆ ਜਾ ਸਕਦਾ ਹੈ।

--o--

Digitized by Panjab Digital Library | www.panjabdigilib.org

# ਅਥ ਚੰਡੀ ਚਰਿਤ੍ਰ ਉਕਤ ਬਿਲਾਸ

ਚੰਡੀ (ਦੁਰਗਾ ਦੇਵੀ) ਦਾ ਚਰਿਤ੍ਰ ਤਥਾ ਬੁਧੀ ਦਾ ਤਮਾਸ਼ਾ (ਕੌਤਕ) ਕਹਿੰਦੇ ਹਾਂ। ਭਾਵ ਦੁਰਗਾ ਸਬੰਧੀ ਰਚਨਾ ਦੀਆਂ ਨਕਲਾਂ ਕਰਦੇ ਹਾਂ। ਜਿਸ ਦੇ ਆਰੰਭ ਦੇ ਮੰਗਲ ਵਿਚ 'ਆਪਹਿ ਦੇਖਤ ਬੈਠ ਤਮਾਸਾ' (ਨਾਟਕ) ਭਾਵ ਪ੍ਰੇਰਕ ਯਾਂ ਨਾਇਕ ਨੂੰ ਵਖਰਾ ਰਖਿਆ ਹੈ। ਪਾਠਕਾਂ ਦੀ ਗਜਾਤ ਵਾਸਤੇ ਅਗੇ ਕਠਨ ਪਦਾਂ ਦੇ ਅਰਥ ਲਿਖਦੇ ਹਾਂ, ਜੋ ਅੰਕ ੧ ਤੋਂ ਲਾ ਕੇ ੫੨ ਤੀਕਰ ਹਨ-

ਸੁਰਤਿ ਚਾਰ=ਚਾਰ ਬਾਣੀਆਂ। ਹਰਿ=ਵਿਸ਼ਨੂੰ। ਈਸ਼=ਸ਼ਿਵ। ਕਮਲਾ=ਲੱਛਮੀ। ਅਦ੍ਰਸੁਤਾ=ਹਿਮਾਲਾ ਦੀ ਪੁਤ੍ਰੀ (ਪਾਰਬਤੀ)। ਪਰ ਮੁਦ=ਪ੍ਰਸੰਨ। ਤ੍ਰਾਸ=ਡਰ। ਅਗਾਧ=ਡੂੰਘੀ। ਸੈਨ=ਸੇਜਾ। ਕਰਾਲ=ਭਿਆਨਕ। ਬਿਸ੍ਵ=ਦੁਨੀਆਂ। ਸ੍ਰੁਤ=ਕੰਨ। ਲੁਕੇਸ਼=ਬ੍ਰਹਮਾਂ। ਟਲੀ=ਬਕੀ। ਉਰ੍ਹ=ਗੋਡੇ ॥ ੧੨ ॥ ਇਤਿ ਸ੍ਰੀ ਮਾਰਕੰਡੇ ਪੁਰਾਣੇ=ਮਾਰਕੰਡੇ ਪੁਰਾਣ ਦਾ ਉਲਥਾ। ( ਪਹਿਲਾ ਧਿਆਇ ਖਤੋਮ )

ਆਯੁਧ=ਸ਼ਸਤ੍ਰ। ਛੇਤ੍ਰ=ਕੁਰੂ ਖੇਤ੍ਰ। ਪੈਠੇ=ਬੈਠਕੇ। ਰਾਮਜੂ=ਪਰਸ ਰਾਮ। ਜੂਥ=ਸਮੂੰਹ। ਸੇਧਵ=ਘੋੜੇ। ਗੁਦ=ਮਿਝ। ਜਮ ਮ੍ਰਿਤ ਕੇ=ਬਸਤ੍ਰ ਮਿਣ ਕੇ। ਬਾਗੇ=ਕਪੜੇ। ਕਤਾ=ਕਤਰ ਕੇ। ਸੁਰਪਾਲ=ਇੰਦ੍ਰ। ਪਚਾਰ=ਵੰਗਾਰ ਕੇ। ਭਾਲਕ=ਰਿੱਛਾਂ। (ਸੁਗ੍ਰੀਵ ਆਦਿ)। ਕਬੰਧ=ਧੜ। ਜੰਬਕ=ਗਿੱਦੜ। ਚਤੁਰਾਨ=ਬ੍ਰਹਮਾਂ। ਰੜੇ=ਆਖਦੇ। ਸ੍ਰਿਗਾਲ=ਗਿੱਦੜ। ਕੰਥਾ=ਕਫਨੀ। ਹਕੀਕਤ=ਹਾਲਤ। ਦਾਰਨ=ਕਠਨ। ਦੀਰਘ=ਵੱਡਾ। ਕਰੰਕ=ਹਾਥੀ। ਪੀਤ=ਪੀਲਾ। ਲਰ=ਲੜੀ। ਭ੍ਰਿੰਗ=ਭੌਰੇ। ਭੂਧਰ=ਪਹਾੜ। ਸਰਾਧਨ=ਧਨੁਸ਼। ਬਕ੍ਰ=ਟੇਢਾ। ਅਸਿ=ਤਲਵਾਰ। ਖਾਂਡਵ ਬਣ=ਇੰਦਰ ਬਾਗ। ਪਾਰਥ=ਅਰਜਨ। ਸਲਭ=ਪਤੰਗਾ। ਨਾਰ=ਗਰਦਨ। ਸਰਿਤਾ=ਨਦੀ। ਕਵੰਤ=ਧਨੁਖ। ਖਗਰਾਜ=ਗਰੜ। ਅਹਿਰਾਜ=ਸ਼ੇਸ਼ ਨਾਗ। ਨ੍ਰਿਬਲ=ਕਮਜ਼ੋਰ। ਚਮੂੰ=ਸੈਨਾ। ਉਗਰ=ਪ੍ਰਗਟ। ਛਿਛਲਿਆਂ=ਠੀਕਰੀਆਂ। ਹਤੀ=ਮਾਰੀ। ਕਰਵਾਰ=ਤਲਵਾਰ। ਅਰਿ=ਵੈਰੀ। ਧੁਜਨੀ=ਸੈਨਾ। ਬੇਖ=ਬਨੌਟ। ਸ੍ਰੋਣਤ=ਲਹੂ। ਰਾਮ=ਪਰਸ ਰਾਮ। ਜਲਾਂਜ=ਜਲ ਅੰਜਲੀ। ਪ੍ਰਾਕ੍ਰਮ=ਤਾਕਤ। ਸਿੰਧਰ=ਹਾਥੀਆਂ। ਅਭਿਭੇਖ=ਤਿਲਕ। ਅੰਬਰ=ਬਸਤ੍ਰ। ਦੂਜਾ ਧਿਆਇ ਸਮਾਪਤ॥

## ਅਥ ਚੰਡੀ ਚਰਿਤ੍ਰ ਉਕਤਿ ਬਿਲਾਸ

ਚੰਡੀ ਚਰਿੱਤ੍ਰ ਦੋ ਹਨ, ਇਹ ਪਹਿਲਾ ਹੈ। ਚੰਡੀ ਨਾਮ ਚੰਡ ਦੈਂਤ ਨੂੰ ਮਾਰਨੇ ਕਰਕੇ ਪਿਆ। (ਚੰਡਕਾ) ਜਿਵੇਂ ਮੁਰ ਦੈਂਤ ਦੇ ਮਾਰਨ ਕਰਕੇ ਕ੍ਰਿਸ਼ਨ 'ਮੁਰਾਰੀ' ਖਿਤਾਬ

Digitized by Panjab Digital Library | www.panjabdigilib.org

ਹੈ। 'ਲਗਇ ਸੁਰਾ ਸੁਰ' ਇਹ ਸੁਰਾਂ ਅਸੁਰਾਂ ਦੀ ਜੰਗ ਦਾ ਪ੍ਰਸੰਗ ਹੈ। ਚੰਡ ਚਮੁੰਡ ਪ੍ਰਚੰਡ ਚਮੁੰਡਾ। ਮਥੇ ਵਿਚੋਂ ਨਿਕਲੀ। ਭਾਖਾ ਸੁਭ ਕਰੋ। ਮਾਰਕੰਡੇ ਪੁਰਾਣ ਦਾ ਉਲਥਾ ਪੰਜਾਬੀ ਬੋਲੀ ਵਿਚ ਕੀਤਾ ਹੈ। ਇਸ ਕਥਾ ਦਾ ਆਰੰਭ ਰਾਜਾ ਸੁਰੱਥ ਨੇ ਮੇਧਸ ਰਿਖੀ ਪਾਸੋਂ ਕਥਾ ਸੁਣੀ ਸੀ। ਮਹਾਂ ਭਾਰਥ ਔਰ ਕਾਲਕਾ ਪੁਰਾਣ ਵਿਚ ਭੀ ਮਾਰ ਕੰਡੇ ਪੁਰਾਣ ਅਨੁਸਾਰ ਕਥਾਵਾਂ ਹਨ। ਉਨ੍ਹਾਂ ਗ੍ਰੰਥਾਂ ਨੇ ਦੇਵੀ ਦੀ ਪੈਦਾਇਸ਼ ਵਿਸ਼ਨੂੰ ਭਗਵਾਨ ਦੀਆਂ ਅੱਖੀਆਂ, ਮੂੰਹ, ਨੱਕ, ਹੱਥ, ਮਨ ਔਰ ਛਾਤੀ ਵਿਚੋਂ ਮੰਨੀ ਹੈ। ਉਸਨੂੰ ਮਹਾਂ ਮਾਇਆ, ਸ਼ਕਤੀ, ਲਛਮੀ ਆਦਿ ਕਿਹਾ ਹੈ। ਮਧ ਕੈਟਭ ਆਦਿ ਦੈਂਤਾਂ ਦੀ ਕਥਾ ਜੈਸੀ ਕਿ ਬਚਿਤ੍ਰ ਨਾਟਕ ਵਿਚ ਲਿਖੀ ਹੈ, ਪੜ੍ਹੋ ਅਧਿਆਇ ੮੧ ਸਲੋਕ ਇਕ ਥੀਂ ਲਾ ਕੇ ਅਠੱਤ੍ਰ ਅੰਕ ਤੀਕਰ। ਯਾਂ ਤੇ ਇਹ ਕਥਾਵਾਂ ਪੁਰਾਣਕ ਹਨ, ਇਨ੍ਹਾਂ ਦਾ ਗੁਰਮਤ ਸਿਧਾਂਤ ਨਾਲ ਕੋਈ ਸਨਬੰਧ ਨਹੀਂ ਹੈ।

ਚੰਡੀ ਚਰਿਤ੍ਰ ਵਿਖੇ ਜਿਨ੍ਹਾਂ ਦਾ ਨਾਮ ਹੈ ਉਹ ਉਪਨਾਮ ਯਾਂ ਅਲ੍ਹਾਂ ਕਰਕੇ ਹਨ, ਜਿਵੇਂ ਕਿ ਮਹਿਖਾਸੁਰ 'ਝੋਟੇ ਸਿਰ' ਸਮਾਨ ਵਾਲਾ। ਰਕਤ ਬੀਜ, ਲਹੂ ਬੀਜਣ ਵਾਲਾ, ਧੂਮਰ ਨੈਨ ਧੂੰਏਂ ਸਮਾਨ ਅੱਖਾਂ, ਜਿਵੇਂ ਕੁੰਭ ਕਰਨ (ਘੜੇ ਸਮਾਨ ਕੰਨਾਂ ਵਾਲਾ) ਮੇਘਨਾਦ, ਬੱਦਲਾਂ ਦੀ ਤਰ੍ਹਾਂ ਗੱਜਣੇ ਵਾਲਾ (ਇੰਦ੍ਰ ਜੀਤ) ਕੈਲਾਸ਼ ਪਰਬਤ ਦਾ ਨਾਮ ਸ਼ਿਵ ਪੁਰੀ ਭੀ ਹੈ, ਉਸੀ ਵਿਚ ਦੁਰਗਾ (ਪਾਰਬ੍ਰਤੀ) ਦਾ ਵਾਸਾ ਮੰਨਿਆਂ ਹੈ, ਅਥਵਾ ਹਿਮਾਲਾ ਪਹਾੜ। ਦੁਰਗਾ ਦਾ ਸ਼ੇਰ ਭੀ ਸਿੰਹ ਕਾ (ਦਖਜ ਦੀ ਔਰ ਕਸਜਪ ਦੀ ਇਸਤ੍ਰੀ ਸਮਾਨ। ਇਸੇ ਦਾ ਪੁਤ੍ਰ ਕਿਧਰੇ ਰਾਹੂ ਹੈ। ਕਿਧਰੇ ਸਿੰਹਕਾ ਨੂੰ ਛਾਇਆ ਗ੍ਰਹਿਣੀ ਲਿਖਿਆ ਹੈ। ਇਹ ਉਡ ਜਾਂਦੇ ਜਾਨਵਰ ਨੂੰ ਖਿੱਚ ਲੈਂਦੀ ਹੈ। ਚੰਡਕਾ ਦੇ ਅੱਠ ਹੱਥ ਲਿਖੇ ਹਨ, ਜਿਨ੍ਹਾਂ ਵਿਚ ਅਠ ਅਸਤ੍ਰ, ਸ਼ਸਤ੍ਰ ਹਨ।

ਯਥਾ—ਘੰਟਾ, ਗਦਾ, ਤ੍ਰਿਸੂਲ, ਯਾਂ ਤਲਵਾਰ ਸੰਖ (ਸਰਾਸਨ) ਧਨੁਸ਼ ਔਰ ਬਾਣ, ਚੱਕ੍ਰ, ਬਕ੍ਰ। ਦੈਂਤਾਂ ਦੀ ਸੈਨਾ ਪੰਤਾਲੀ ਪਦਮ ਲਿਖੀ ਹੈ। ਦੈਂਤਾਂ ਨੂੰ ਮਾਰਕੇ ਫਿਰ ਦੇਵੀ ਲੁਕ ਕਿਥੇ ਜਾਂਦੀ ਸੀ? ਈਹਾ ਭਈ ਗੁਪਤਿ ਪ੍ਰਗਟ ਜਾਇ ਤਹਾਂ ਭਈ, ਜਹਾਂ ਬੈਠੇ ਹਰਿ ਹਰਿ ਅੰਬਰ ਕੋ ਡਾਰਿ ਕੈ। ਭਾਵ ਕੈਲਾਸ਼ ਪਰਬਤ ਹੀ ਸੁਰਗ ਯਾਂ ਇੰਦਰ ਪੁਰੀ ਹੈ। ਉਥੇ ਸ਼ਿਵ ਨੂੰ ਸ਼ੇਰ ਦੀ ਖੱਲ ਵਿਛਾਈ ਸਮਾਧੀ ਸਥਿਤ ਬੈਠਾ ਮੰਨਿਆਂ ਹੈ। ਸ਼ੈਵ ਮਤ ਵਾਲੇ ਦੇਵੀ ਨੂੰ ਪਾਰਬਤੀ ਮੰਨਦੇ ਹਨ, ਔਰ ਵੈਸ਼ਨਵ ਵਿਸ਼ਨੂੰ ਦੀ ਇਸਤ੍ਰੀ 'ਲਛਮੀ'। ਦੋਨਾਂ ਅਧਿਆਵਾਂ ਵਿਚ ਈਹੋ ਇਨ੍ਹਾਂ ਦੇ ਹਾਲਾਤ ਹਨ।

## ਤੀਜਾ ਧਿਆਇ

### "ਲੋਪ ਚੰਡਕਾ ਹੋ ਗਈ"

ਅੰਕ ੫੩ ਤੋਂ ੧੦੦ ਤੀਕਰ ਕਠਨ ਪ੍ਰਦ

ਅਭ੍ਰ=ਖ੍ਵਾਬ। ਪੰਦਰ=ਇੰਦਰ।
ਕੁੰਕਮ=ਕੇਸਰ। ਕੁਲਾਹਲ=ਉਤਸ਼ਾਹ।
ਪੁਰੰਦ੍ਰ=ਇੰਦ੍ਰ। ਸ਼ੱਕ੍ਰ=ਇੰਦ੍ਰ। ਸ਼ੇਖ=ਬਾਕੀ।
ਤ੍ਰਾਨ=ਸੰਜੋਇ। ਪਉੜ=ਦਰਵਾਜੇ।
ਦੁਤਿ=ਤਾਕਤ। ਬਕ੍ਰ=ਇੰਦਰ।
ਦੀਰਘ ਦ੍ਰੁਮ=ਵਡੇ ਬ੍ਰਿਛ। ਮਘਵਾ=ਇੰਦ੍ਰ। ਸਰਫੈਕ=ਬਾਗੜਾਂ।
ਸਲਕੈ=ਬੰਧ ਕੇ। ਸਾਰਿਕ=ਗੁਟਾਰ।

Digitized by Panjab Digital Library | www.panjabdigilib.org

ਹਰ=ਇੰਦ੍ਰ। ਅਸੁਰਾਰਨ=ਦੇਵ ਦੈਂਤ। ਸਿਵਾਲ=ਜਾਲਾ। ਫੇਨ=ਝਗ। ਸਫਰੀ=ਪੰਛੀ। ਹਯ=ਘੋੜੇ। ਨਕ੍ਰ=ਤੰਦੂਏ। ਲੁਕੇਸ=ਬ੍ਰਹਮਾਂ। ਦਿਨੇਸ=ਸੂਰਜ। ਨਿਸੇਸ=ਚੰਦ੍ਰਮਾਂ। ਜਲੇਸ=ਬਰਨ। ਸ਼ਿਵਾ=ਪਾਰਬਤੀ। (ਚੰਡੀ)। ਦਰੀਨ=ਕੰਦਰਾ। ਗਰਏ=ਭਾਰੀ। ਲਰਜੰ=ਕੰਬੀ। ਧਨੇਸ=ਕੁਬੇਰ। ਹਰ=ਸ਼ਿਵ। ਲਰਜੀ=ਧੜਕੀ। ਖੰਜਨ=ਮਮੋਲੇ। ਕੰਜਨ=ਕੰਵਲਾਂ। ਸਸਿ=ਚੰਦ੍ਰਮਾਂ। ਆਨਨ=ਮੁਖ। ਦ੍ਰਿਗ=ਨੇਤ੍ਰ। ਚੰਦ੍ਰਹਾਸ=ਤਲਵਾਰ। ਬਧੂ=ਸੁੰਦ੍ਰ ਇਸਤ੍ਰੀ। ਪ੍ਰਬੀਣ=ਚਤਰ।

ਨੋਟ:—ਹਰਿ ਦੇ ਅਰਥ—ਚੰਦ, ਸ਼ਿਵ, ਇੰਦ੍ਰ, ਕਵਲ, ਧਨੁਖ, ਪਹਾੜ, ਖੜਗ, ਸ਼ੇਰ, ਬਾਣ ਆਦਿ ਪ੍ਰਬਾਇ ਹਨ।

ਤਰਨੀ=ਜਵਾਨ ਇਸਤ੍ਰੀ। ਬਰਨੀ=ਸ਼ਿਮਣੀਆਂ। ਅਲਕਾਂ=ਜ਼ੁਲਫਾਂ। ਪ੍ਰਭਾ=ਸੋਭਾ। ਮੀਨ=ਮੱਛੀ। ਅਲਿ=ਭੌਰੇ। ਕੋਕਲਾ=ਕੋਇਲ। ਕਲਾਪੀ=ਮੋਰ। ਦਾਰਮ=ਅਨਾਰ। ਦਰੰਕ=ਫਟ। ਸ਼ਰਨਾਗਰ=ਚੱਤ੍ਰ। ਪ੍ਰਾਤੰ=ਕਤਾਰ। ਦਸਨ=ਦੰਦ। ਕੀਰ=ਤੋਤਾ। ਕਪੋਤ=ਕਬੂਤਰ। ਬੇਗ=ਛੇਤੀ। ਤ੍ਰਬੇਣੀ=ਪ੍ਰਯਾਗ ਰਾਜ। ਸ੍ਰਿੰਗ=ਟਿੱਲਾ। ਧਰਾਧਰ=ਪਹਾੜ। ਕੁਰਮਾਂ=ਟੋਲੇ। ਉਰਮਾਂ=ਛਾਤੀ। ਖੁਰਮਾਂ=ਫਲ।

ਨੋਟ—ਸੁੰਭ ਦੈਂਤ ਨੂੰ ਪ੍ਰਹਿਲਾਦ ਦਾ ਪੋਤ੍ਰਾ ਦਸਿਆ ਹੈ। ਏਸ ਦਾ ਭ੍ਰਾਤ ਨਿਸੁੰਭ ਸੀ। ਇਨ੍ਹਾਂ ਦਾ ਪਿਤਾ ਰਾਜਾ ਗਵੇਸ਼ਟੀ ਦਸਿਆ ਹੈ। ਇਨ੍ਹਾਂ ਦੈਂਤਾਂ ਅਗੇ ਇੰਦਟ, ਸੂਰਜ, ਵਰਣ, ਕੁਬੇਰ, ਚੰਦ੍ਰ ਆਦਿ ਸਾਰੇ ਹਾਰਕੇ ਨਠੇ ਸਨ। ਕਾਲਕਾ ਯਾਂ ਮਹਾਂਕਾਲੀ ਦੀ ਉਤਪਤੀ ਦੁਰਗਾ ਦੇ ਮਥੇ ਵਿਚੋਂ ਦੱਸੀ ਹੈ। ਜੰਗ ਦਾ ਮੁਖ ਕਾਰਨ ਸ੍ਵਯੰਬਰ ਵਿਵਾਹ ਦੀ ਸ਼ਰਤ ਭੀ ਸੀ। ਧੂਮਰ ਨੈਨ ਨੇ ਕਿਹਾ ਕਿ ਦੇਵੀ ਸਾਡੇ ਰਾਜੇ ਨੂੰ ਬਰੇ। ਰਾਜੇ ਸੁੰਭ ਦਾ ਹੁਕਮ ਸੀ ਕਿ ਜੇ ਮੇਰੇ ਨਾਲ ਸ਼ਾਦੀ ਨਾ ਕਰੇ ਤਾਂ ਦੇਵੀ ਨੂੰ ਮਾਰ ਪਛਾੜੋ ਔਰ ਗ੍ਰਿਫਤਾਰ ਕਰਕੇ ਮੇਰੇ ਪਾਸ ਲਿਆਵੋ, ਪਰ ਧੂਮਰ ਨੈਨ ਮਾਰਿਆ ਗਿਆ। ਧੂਮਰ ਨੈਨ ਬਧਹ ਨਾਮ ਤ੍ਰਿਤੀਆ ਧਿਆਇ।੧੦੦।

ਦੈਂਤ ਚੰਡ ਔਰ ਮੁੰਡ ਇਹ ਭੀ ਜੰਗੀ ਜਰਨੈਲ ਸਨ ਜੋ ਧੂਮ੍ਰ ਨੈਨ ਨਾਲ ਹੀ ਮਾਰੇ ਗਏ। ਚੋਥਾ ਧਿਆਇ ਇਨ੍ਹਾਂ ਦੇ ਜੰਗ ਦਾ ਹੈ। ਚੰਡ ਮੁੰਡ ਬਧਹਿ ਚਤੁਥ ਧਿਆਇ।੧੧੬।

ਅੰਤ ਸੁੰਭ ਨਿਸੁੰਭ ਦੀ ਜੰਗ ਹੋਈ, ਸੁੰਭ ਨੂੰ ਸ਼ਿਵ ਦਾ ਵਰ ਸੀ ਕਿ ਜਦੋਂ ਤੀਕਰ ਤੂੰ ਆਪ ਨੂੰ ਮਰਾਂ ਨਾ ਕਹੇਂਗਾ, ਨਹੀਂ ਮਰ ਸਕਦਾ ਪਰ ਇਹ ਬਦ ਕਿਸਮਤੀ ਨਾਲ ਜੰਗ ਨੂੰ ਜਾਣ ਵੇਲੇ ਕਹਿ ਬੈਠਿਆ, ਦੇਵੀ ਨੂੰ ਮਾਰਾਂਗਾ ਯਾ ਉਥੇ ਹੀ ਮਰਾਂਗਾ। ਜਿਸ ਪਰ ਸ਼ਿਵਜੀ ਦਾ ਵਰ ਟਲ਼ ਗਿਆ। ਰਕਤ ਬੀਜ ਵਿਚ ਇਹ ਸਿਫਤ ਸੀ, ਜਿਤਨੇ ਫੱਟ ਲੱਗਣ ਨਾਲ ਉਸਦੇ ਸਰੀਰ ਵਿਚੋਂ ਲਹੂ ਦੀਆਂ ਬੂੰਦਾਂ ਗਿਰਦੀਆਂ ਉਤਨੇ ਰਕਤ ਬੀਜ ਹੋਰ ਪੈਦਾ ਹੋ ਜਾਂਦੇ। ਚੰਡੀ ਨੇ ਅਗੋਂ ਇਕ ਲਹੂ ਪੀਣ ਵਾਲੀ ਕਾਲੀ ਮਾਈ ਮਥੇ ਵਿਚੋਂ ਨਿਕਾਲੀ ਜੋ ਲਹੂ ਨੂੰ ਜ਼ਮੀਨ ਪਰ ਗਿਰਨ ਬੀਂ ਪਹਿਲਾ ਹੀ ਖੱਪਰ ਭਰਕੇ ਪੀ ਜਾਂਦੀ,

Digitized by Panjab Digital Library | www.panjabdigilib.org

ਇਸ ਨੇ ਲਹੂ ਪੀ ਕੇ ਮੁਕਾ ਦਿਤਾ, ਆਖਰ ਰਕਤ ਬੀਜ ਲਹੂ ਮੁੱਕਣ ਨਾਲ ਹੀ ਖਤਮ ਹੋ ਗਿਆ।

## ਚੌਥੇ ਧਿਆਇ ਦੇ ਕਠਨ ਪਦ

ਤਚੀਆ=ਤਾੜੀਆਂ, ਅੱਡੀਆਂ। ਖਗੇਸ=ਗਿਰਝਾਂ ਆਦਿ ਵਡੇ ਪੰਖੀ। ਪੰਖੀਆ=ਖੰਭ, ਪੰਖੜੀਆਂ। ਦ੍ਰਿਗ=ਅੱਖਾਂ। ਹਲਾ ਹਲ=ਜ਼ਹਿਰ। ਨਿਸਾਚਰ=ਭੂਤ ਆਦਿ। ਕੁੰਭ=ਹਾਥੀ। ਕਟਕ=ਸੈਨਾ। ਕਟ=ਲਕ। ਫੈਂਟਾ=ਕਮਰ ਕਸਾ। ਜਮਧਰ=ਕਟਾਰ। ਕਰਵਾਰ=ਤਲਵਾਰ। ਤਰੰਗਨਿ=ਲਹਿਰਾਂ ਨਦੀ। ਨਾਵ=ਬੇੜੀ। ਬਾਜਨ=ਘੋੜੇ। ਭਵ=ਸੰਸਾਰ। ਸਬਲ=ਤਾਕਤ ਵਰ। ਕੁਲਾਹਲ=ਤੰਡ ਰੌਲਾ। ਗਿਰਜਾ=ਦੇਵੀ। ਆਯੁਧ=ਸ਼ਸਤ੍ਰ। ਕਲੰਗਨ=ਕੂੰਜਾਂ ਦਾ ਕੱਠ। ਕਵੰਡ=ਧਨੁਸ਼। ਤਰ=ਬ੍ਰਿਛ। ਹੰਕਾਰ। ਵੰਗਾਰਨਾ। ਬਹਰੋ=ਹਲਦੀ। ਅਘਾਇ=ਰਜਕੇ। ਨਿਖੰਗ=ਭੱਥਾ। ਕੂਰਮ=ਕਛੂ। ਨੀਠ=ਚੰਗੀ ਤਰ੍ਹਾਂ। ਠਾਢੇ ਖੜੇ। ਗਡਿ ਗਾਡੇ=ਚੰਗੀ ਤਰ੍ਹਾਂ ਗਡੇ ਬਾਣ। ਤੜਤਾ=ਬਿਜਲੀ। ਦੁਤਿ=ਤੇਜ਼। ਬਰਬੰਡੀ=ਬਲਵਾਨ। ਝੁੰਡੀ=ਕੇਸ। ਪਿਸਾਚ=ਭੂਤਨੇ। ਹਨਿਓ=ਮਾਰਿਆ। ਰੁੰਡ=ਧੜ। ਕੈਬਰ=ਜ਼ੋਰ ਕਰਕੇ। ਇਤਿ ਚਤੁਰਥ ਧਿਆਇ।੪।੧੧੬।

## ਪੰਜਵੇਂ ਧਿਆਇ ਦੇ ਕਠਨ ਪਦ

ਅੰਕ ੧੦੧ ਤੋਂ ੧੪੦ ਤੀਕਰ।

ਘੋਟ=ਰਗੜ ਕੇ। ਸੁਭਟ=ਚੰਗੇ। ਬਿਕਟ ਅਤਿ=ਨਾ ਮਰਨ ਵਾਲੇ। ਗਾਤ=ਮੁਖ। ਪੁਰਹੂਤ=ਇੰਦ੍ਰ। ਸ੍ਰੋਣਤ=ਰਕਤ ਬੀਜ=ਦੈਂਤ। ਮੇਘਰ=ਅਡੰਬਰ ਧੌਂਸਾ ਆਦਿ। ਗਰੂਏ=ਭਾਰੀ। ਰਾਜਹਿ=ਬੈਠੀ। ਪਚਾਰ=ਵੰਗਾਰਕੇ। ਰਿਸਾਤ=ਕ੍ਰੋਧੀ। ਗੈ=ਹਾਥੀ। ਅੰਤਕ=ਜਮ। ਛੈ=ਨਾਸ। ਬੰਬ=ਨਗਾਰਾ। ਦੀਰਘ=ਵੱਡੇ। ਕਉਚ=ਸੰਜੋਇ। ਗਾਜ=ਪਾਸ। ਗਾਜ=ਗੱਜੀ ਬਿਜਲੀ ਵਾਂਗ। ਮੀਨਰਿਪ=ਮੱਛੀ ਦਾ ਵੈਰੀ। (ਦਧੀਰਾ ਪੰਛੀ)। ਸੁਰਿਤਾਨ=ਨਦੀ ਵਾਂਗ। ਤੱਛਕ=ਸਰਪ। ਦਾਮਨ=ਰੱਸਾ। ਭੇਦ=ਤੰਗਵਾ। ਸਿੰਧਰ=ਹਾਥੀ। ਅਵਾਸ=ਘਰ। ਅੰਬਾਰੀ=ਹਉਦਾ। ਨੇਰ=ਬੁਲਾਕੇ। ਖੋਰ=ਖਿਚਕੇ। ਬੋਰ=ਬੋਲ। ਦਵਾ=ਅਗਨੀ। ਹਰਿ=ਕ੍ਰਿਸ਼ਨ। ਰਿਖ=ਅਗਸਤ ਮੁਨੀ। ਆਨੇ=ਦੂਜੇ। ਜੰਬਕ=ਗਿੱਦੜ। ਭਾਲ=ਮੱਥਾ। ਚਮੂੰ=ਫੌਜ। ਪ੍ਰਾਨੇ=ਭਜੇ। ਆਹਵ=ਜੁਧ। ਹਰਿ=ਖੰਡ। ਪੈ=ਬਹੁੜੇ। ਹੈ=ਹਾਥੀ (ਗੈ, ਸਿੰਧਰ।) ਬਿਰਥੀ=ਬੇ ਰਥ (ਖਾਲੀ) ਕਾਨਨ=ਬਣ ਜਾਂ ਸਰਮਾੜ। ਸਾਂਗ=ਬਰਛੀ। ਆਹਵ=ਜੁੱਧ। ਬਰਬੇਖ=ਪਰਿਵਾਰ। ਗੜ=ਚੰਗਾ। ਭਾਨੁ=ਸੂਰਜ। ਰੇਨ=ਕਿਣਕੇ। ਪਾਰਿਓ=ਜੁਧ ਕੀਤਾ। ਗਾਜ=ਬਿਜਲੀ ਮੰਡਪ। ਮਨਾਟਾ ਸੁਟਿਆ ੧੪੦।

ਅੰਕ ੧੪੧ ਤੋਂ ਅਗੇ ਕਠਨ ਪਦ—

ਪਉਨ ਪੂਤ=ਹਨੂਮਾਨ। ਕਰਿ=ਹਾਥੀ। ਕਰਾਰੇ=ਕਿਨਾਰੇ। ਦਾਰੁਨਿ=ਭਿਆਨਕ। ਅਰਣੀ=ਅੜਨੇ

Digitized by Panjab Digital Library | www.panjabdigilib.org

ਵਾਲੀ। ਬੈਤਰਨੀ=ਕਠਨ ਨਦੀ ਪ੍ਰਲੋਕ ਦੀ। ਦੁਇ ਘਰਨੀ=ਦੋ ਮੂੰਹੀਂ ਸਰਪਨੀ। ਤਮ=ਅੰਧੇਰਾ। ਸਾਤਰ=ਸਹਿਆ। ਏਣ=ਹਿਰਨ। ਸੁਕਚਾਨੇ=ਡਰੇ। ਕਾਤੁਰੁ=ਕਾਇਮ। ਕੂਰਤੇ=ਝੂਠ ਬੀਂਚਤੂ। ਸਾਤੁਰ=ਸਹੇ, ਮ੍ਰਿਗ ਆਦਿ। ਬਿਓਗ=ਵਿਛੋੜੇ। ਬੰਸ=ਕੁਲ। ਪਰਾਨੇ=ਭੱਜੇ। ਤੁਰਨ=ਛੇਤੀ। ਪੱਥ=ਰਸਤਾ। ਉਰਧ=ਉਚਾ। ਇਕ=ਕਈ। ਤੂਲ=ਰੂੰਈਂ। ਗੋਇੰਦ=ਹਾਥੀ। ਪੂੰਬੇ=ਤੂੰਬੇ (ਅੱਕ ਦੇ ਤੂੰਬੇ)। ਸਿਤ=ਸਫੈਦ। ਖੂੰਬੇ=ਝੱਗ ਦੇ ਗੁਲਫੇ, ਬੁਦਬੁਦੇ। ਪੁੰਨ ਭੁਏ=ਮਾਨੋ ਪੁੰਨ ਕਰਦੇ। ਨਭ=ਅਕਾਸ਼ੋਂ। ਭੂਅ=ਧਰਤੀ। ਨਛੱਤ੍ਰ=ਤਾਰਾ। ਬਾਰਨ=ਹਾਥੀ। ਪਰਾਇ=ਭਜ। ਸੰਨੇਹ=ਪਿਆਰਾ। ਕਓ=ਕ੍ਰਿਣਾ। ਦੀਆ=ਦੀਵਾ। ਦੁਤਿ=ਸੋਭਾ। ਪੱਤ੍ਰ=ਬਾਣ। ਬਚਿਤ੍ਰ=ਨਾਨਾ ਪ੍ਰਕਾਰੀ। ਸਿੰਘ ਬਾਹਨੀ=ਦੇਵੀ। ਪੈਰਕੇ=ਤਰ ਕੇ। ਰਾਮ ਕੇ ਭ੍ਰਾਤਨ=ਭਰਥ ਨੇ। ੧੫੫।

ਰਹੇਲੀ=ਗੁਸੇ। ਮੀਜ=ਮਾਰ ਯਾ ਮਲਣਾ। ਰੰਗਰੇਜ਼=ਲਲਾਰੀ। ਰੈਨੀ=ਮੱਟੀ। ਫਨੂਸ ਕੀ ਥੈਲੀ=ਕਾਗਜ਼ਾਂ ਦਾ ਬੁਰਜ। ੧੫੭। ਬਿੰਬਰ=ਬੁਲਬੁਲੇ ਹੋ ਕੇ ਮਿਟਦੇ ਹਨ। ਝਾਈਂ=ਪ੍ਰਤਿਬਿੰਬ ਛਾਇਆ। ਅੰਸ=ਸੂਰਜ ਕਿਰਣ। ਮੁਗਲਾ=ਮੋਹਲਾ। ਬਿਲ=ਬਿਲ ਕਥੇ। ਅਵਸਾਨ=ਤ੍ਰਿੱਦਮ। ਜੜੀਏ=ਸੁਨਿਆਰ। ਮਧਿ=ਮਧੁ ਦੈਂਤ। ਅਵਿਨਾਸੀ=ਵਿਸ਼ਨੂੰ। ਭੀਰ=ਕਾਇਰ। ੧੬੫।

ਦਹਿਲਿਓ=ਘਾਬਰਿਆ। ਭੂਧਰ=ਪਹਾੜ। ਜਟੀ=ਸ਼ਿਵ। ਭਵਾ=ਕਾਲੀ। ਤਵਾਪੈ=ਤਤੇ ਤਵੇ ਪਰ ਜਾਂ ਬੜਵਾ ਅਗਨ ਦੇ ਗੜਾੜ ਵਿਚ। ਆਮਿਖ=ਮਾਂਸ। ਸਾਲਨ=ਮਾਂਸ। ਲਾਸਹਿ=ਭਰੀ। ਛੁਧਾਤਰੁ=ਭੁਖਾ। ਅਤੀਤ=ਤਯਾਗੀ ॥ ਪੰਚਮੋ ਧਿਆਇ ਸਮਾਪਤ। ੧੭੧।

ਅਗੇ ਸੁੰਭ ਨਿਸੁੰਭ ਦਾ ਜੰਗ ਲਿਖਿਆ ਕਿ ਜਿਵੇਂ ਰਾਹੂ ਚੰਦ੍ਰਮਾਂ ਔਰ ਕੇਤੂ ਸੂਰਜ ਨੂੰ ਨਿਗਲਦੇ ਹਨ, ਇਓਂ ਦੇਵੀ ਦੀ ਫੌਜ ਨਿਗਲਦੇ ਜਾਂਦੇ ਸਨ, ਪੰਜਵਾਂ ਔਰ ਛੀਵਾਂ ਜੰਗ ਸੁੰਭ ਨਿਸੁੰਭ ਦੇ ਜੰਗ ਦਾ ਹੈ,

(ਖਸਟਮੋ ਧਿਆਇ ੨੦੨)

ਨਿਸੁੰਭ ਨੇ ਦੇਵੀ ਨੂੰ ਕਈਵਾਰ ਘਾਇਲ ਕੀਤਾ, ਆਖਰ ਮਾਰਿਆ ਹੀ ਗਿਆ,

(ਇਹ ਸਪਤਮੋ ਧਿਆਇ ਹੈ, ੨੨੪)

## ਚੰਡੀ ਚਰਿਤ੍ਰ ਕਿਸਨੇ ਰਚਿਆ ?

ਇਸਦਾ ਉਤ੍ਰ ਚੰਡੀ ਚਰਿਤ੍ਰ ਆਪ ਹੀ ਦਿੰਦਾ ਹੈ:-

"ਗ੍ਰੰਥ ਸਤਿਸਿਆ ਕੋ ਕਰਿਓ ਜਾਂ ਸਮ ਅਵਰ ਨ ਕੋਇ। ਜਿਹ ਨਮਿਤ ਕਵਿ ਨੇ ਕਹਿਓ ਸੁਦੇਹ ਚੰਡਕਾ ਸੋਇ।੨੩੩।" ਯਾਂਤੇ ਇਹ ਕਥਾ ਸਤਸੱਯਾਂ ਦਾ ਅਨੁਵਾਦ ਹੈ। ਸੰਸਕ੍ਰਿਤ ਤੋਂ ਪੰਜਾਬੀ ਵਿਚੋਂ ਕਿਉਂ ਆਈ? "ਕਉਤਕ ਹੇਤ ਕਰੀ ਕਵਿ ਨੇ ਸਤਿਸਯਾ ਕੀ ਕਥਾ" ਚਿਤ ਬਹਿਲਾਵੇ ਵਾਸਤੇ ਇਕ ਨਾਟਕ ਹੈ, ਇਸ ਦੇ ਝੂਠ ਸੱਚ ਨਾਲ ਕਵਿ ਨੂੰ ਕੋਈ ਸਨਬੰਧ ਨਹੀਂ ਹੈ। ਚੰਡੀ ਚਰਿਤ੍ਰ ਵਿਖੇ ਕਈ ਨਾਮ ਆਏ ਹਨ, ਜਿਹਾ ਕਿ

Digitized by Panjab Digital Library | www.panjabdigilib.org

ਨਹਿ ਭੀਖ ਦ੍ਰੋਣ ਕ੍ਰਿਪਾ ਅਰ ਦ੍ਰੋਣਜ ਭੀ ਨ ਅਰਜਨ । ੧੯੬ । ਕਈਆਂ ਦੀ ਵਿਆਖਿਆ ਹੋਰ ਜਗ੍ਹਾ ਹੋ ਚੁਕੀ ਹੈ। ਇਸੇ ਵਾਸਤੇ ਏਥੇ ਸੰਖੇਪ ਇਤਨਾ ਹੈ ਕਿ ਸ਼ਾਤਨ ਰਾਜੇ ਦਾ ਪੁਤ੍ਰ ਦੇਵਬ੍ਰਤ (ਭੀਖਮ ਪਿਤਾਮਾਂ) (ਦਾਦਾ ਗੁਰੂ, ਕੈਰਵਾਂ ਦਾ ਵਡੇਰਾ) ਇਹ ਰਿਖੀ ਭਾਰਦ੍ਵਾਜ ਦੇ ਵੀਰਜ ਥੀਂ ਜਨਮਿਆਂ। ਕ੍ਰਿਪਾ ਚਾਰਯ ਅਚਾਰਜ (ਭਾਵ ਕੈਰਵਾਂ ਦਾ ਵਿਦਿਆ ਗੁਰੂ) ਕ੍ਰਿਪੀ ਦੇ ਉਦਰ ਥੀਂ ਦ੍ਰੋਣਾ ਚਾਰਯ ਦਾ ਪੁਤ੍ਰ ਅਸ੍ਵਥਾਮਾ (ਘੋੜੇ ਜੈਸੀ ਆਵਾਜ਼ ਵਾਲਾ)। ਕਰਨ=ਕੁੰਤੀ ਕੁਆਰੀ ਨੂੰ ਸੂਰਜ ਦੇ ਸੰਜੋਗ ਤੋਂ ਜਨਮਿਆਂ ਬਹਾਦਰ ਔਰ ਦਾਨੀ ਮੰਨਿਆਂ ਹੈ। ਚੰਡੀ ਚਰਿਤ੍ਰ ਵਿਚ ਕੈਰਵਾਂ ਪਾਂਡਵਾਂ ਦੇ ਜੰਗ ਦੇ ਜ਼ਿਕਰ ਆਉਣ ਤੋਂ ਸਾਬਤ ਹੁੰਦਾ ਹੈ ਕਿ ਚੰਡੀ ਦਾ ਦੈਂਤਾਂ ਨਾਲ ਜੰਗ ਹੋਣਾ ਪਿਛੋਂ ਦਾ ਹੈ । ਦੈਂਤਾਂ ਦਾ ਰਾਜਾ ਹਰਨਾਖਸ਼ ਮੁਲਤਾਨ ਦਾ ਰਾਜਾ ਸੀ,ਇਸਦੀ ਕੁਲ ਵਿਚ ਸੁੰਭ ਸੀ। ਜਿਸਤੋਂ ਮੁਬਾਲਗੇ ਪੈਂਦੇ ਹਨ ਕਿਥੇ ਤ੍ਰੇਤਾ ਜੁਗ ਔਰ ਕਿਥੇ ਦੁਆਪਰ ? ਜੰਗ ਹੋਇਆ ਪਹਾੜਾਂ ਵਿਚ ਕਸ਼ਮੀਰ ਸ੍ਵਰਗ ਹੋ ਸਕਦਾ ਹੈ। ਜੇ ਇਹ ਕਥਾ ਕੇਵਲ ਡਰਾਮਾਂ ਯਾ ਨਾਟਕ, ਨਾਵਲ ਆਦਿ) ਹੈ ਤਾਂ ਪ੍ਰਬੋਧ ਚੰਦ੍ਰ ਨਾਟਕ ਦੀ ਮਾਨਿੰਦ ਕੇਵਲ ਆਤਮਕ ਜੰਗ ਹੈ।

ਦੇਵੀ 'ਦੇਵੀ ਸੰਪਦਾ' ਦੀ ਮੋਢੀ ਹੈ, ਔਰ ਖਾਸ ਹਸਤੀ ਕੋਈ ਨਹੀਂ ਹੈ, ਇਸ ਪਰ ਵਾਕ ਭੀ ਹੈ—

'ਸਾਧ ਕਰਮ ਜੋ ਪੁਰਖ ਕਮਾਵੈ ।
ਨਾਮ ਦੇਵਤਾ ਜਗਤ ਕਹਾਵੈ ।
ਕੁਕ੍ਰਿਤ ਕਰਮ ਜੋ ਜਗਮੈਂ ਕਰਹੀ ।
ਨਾਮ ਅਸੁਰ ਤਿਨਕੋ ਜਗ ਧਰਹੀ।'

ਯਾਂਤੇ ਨੇਕ ਕੰਮਾਂ ਵਾਲੇ ਦੇਵਤੇ ਹਨ, ਸ਼ਰਾਬੀ, ਕਬਾਬੀ, ਵਿਭਚਾਰੀ ਰਾਖਸ਼ ਹਨ, ਕਸ਼ਮੀਰੀਆਂ ਦਾ ਪਠਾਨਾਂ ਨਾਲ ਜੰਗ ਭੀ ਦੇਵਤੇ ਔਰਰਾਖਸ਼ਾਂ ਦਾ ਜੰਗ ਕਿਹਾ ਜਾ ਸਕਦਾ ਹੈ, ਸੋ ਜੇਕਰ ਇਸ ਨਾਟਕ ਦੀ ਅਸਲੀਅਤ ਭਾਲੀ ਜਾਵੇ ਤਾਂ ਹੱਥ ਔਣ ਨੂੰ ਕੁਛ ਭੀ ਨਹੀਂ ਹੈ, ਨਾ ਕੋਈ ਦੇਵੀ ਸਿਧ ਹੋਵੇ ਔਰ ਨਾ ਹੀ ਰਾਖਸ਼, ਅਸਲ ਆਪਣੇ ਵਿਰੋਧੀ ਨੂੰ ਰਾਖਸ਼ ਕਿਹਾ ਜਾਂਦਾ ਹੈ ਰਾਖਸ਼ਾਂ ਦਾ ਕੋਈ ਵਖਰਾ ਦੇਸ਼ ਯਾਂ ਕੌਮ ਸਿੱਧ ਨਹੀਂ ਹੁੰਦੀ, ਨਾਵਲ ਯਾਂ ਨਾਟਕ ਬਨੌਣ ਵਾਲੇ ਵਾਰਤਾ ਔਰ ਨਾਮਾਂ ਨੂੰ ਕਲਪ ਕੇ ਨਕਸ਼ਾ ਖਿਚਦੇ ਹੀ ਹੁੰਦੇ ਹਨ, ਔਰ ਰਾਈ ਦਾ ਪਹਾੜ ਬਨੌਣ ਵਤ ਉਸ ਵਿਚ ਰਸ ਭਰਦੇ ਹਨ।

## ਛੀਵੇਂ ਧਿਆਇ ਦੇ ਕਠਨ ਪਦ

ਅੰਕ ੧੭੨ ਤੋਂ ਲਾ ਕੇ ੨੦੨ ਤੀਕਰ।

ਅਜਾ=ਬਕਰੀ। ਦੁਹਨੋ=ਦੁਰਗਾ ਔਰ ਕਾਲੀ ਦੇਵੀ ਨੇ। ਤੁੰਗ=ਉਚੀ। ਫਹਰਾਈ=ਸਜਾਈ। ਸਕ੍ਰ=ਇੰਦਰ। ਬਕ੍ਰ=ਮੁਖ। ਤਮ=ਅੰਧੇਰਾ। ਅਨੀ=ਸੈਨਾ। ਪ੍ਰੇਤ=ਕਾਇਰ। ਬਿਚਨ=ਬੇਚੈਨੀ। ਬਿਬਰ=ਵਖ। ਅਨੀ ਕੰਨੀ=ਕਣੀ ਕਣੀ। ਕੁਵੰਡ=ਧਨੁਖ। ਫੱਟੇ=ਜ਼ਖਮੀ। ੧੮੨। ਸ਼ਕਤ ਸਹਾਇਕੈ=ਦੇਵੀ ਨੂੰ ਹਾਰਦਿਆਂ ਵੇਖ ਕੇ ਵਿਸ਼ਨੂੰ ਨੇ ਹੋਰ ਦੇਵੀਆਂ ਸਹਾਇਤਾ ਹਿਤ ਘੱਲੀਆਂ। ਜਲਗਸ=ਦਰਿਆਇ। ਭਾਲਕ ਪਤੀ=ਜਾਮਾਵੰਤ, ਰਿਛਾਂ ਦੇ ਪਤਿ। ਗ੍ਰਦ=ਮਿੰਝ। ਤੁਸਾਰ=ਬਰਫ। ਪਾਰਥ=ਅਰਜਨ। ਅੰਕੁਰ=ਸੂਏ।

Digitized by Panjab Digital Library | www.panjabdigilib.org

ਅਸੁਰ ਪਤਿ=ਸੁੰਭ। ਸਾਰੀ=ਸਾੜ੍ਹੀ। ਅਯੁਧ=ਸ਼ਸਤ੍ਰਾਂ। ਪਤੰਗ=ਭਮੱਕੜ। ।੧੯੫। ਬਤ੍ਰਿਨ=ਲਹੂ ਦੀ ਉਛਾਲੀ। ਭਾਲ=ਮੱਥਾ। ਤ੍ਰਾਣ=ਟੋਪ (ਖੋਲ੍ਹ)। ਪਟ=ਪੜ੍ਹਦੇ। ਉਦੋਤ=ਪ੍ਰਕਾਸ਼। ਤੰਬੋਰ=ਪਾਨ ਬੀੜੀ। ਤਨ ਕਾਲਾ=ਰਾਤ੍ਰ। ਸਰਦੀ ਮੁਖ=ਸਵੇਰ। ਦ੍ਰੋਣਜ=ਅਸ੍ਵਥਾਮਾਂ। ਫਰਨੈ=ਮੁਖੀ। ਉਲੱਥ=ਉਲਟ। ਅਦੱਗ=ਚਮਕੀਲਾ। ਗਾਟ੍ਰਏ=ਵਡੇ ਪਹਾੜ। ਧਰਾਧਰ=ਪਹਾੜ। ਕਰਾਲ=ਭਯਾਨਕ। ਕਾਕ=ਕਾਂ। ਬਿਕ੍ਰਮ=ਉਦਮ। ਦਈ=ਮਾਰੀ। ਤੁੰਡ=ਮੁਖ। ਰੁੰਡਹਿ=ਧੜ। ਪਲਾਨ=ਕਾਠੀ। ਕਕਾਨ=ਘੋੜੇ। ਬਸੁਧਾ=ਧਰਤੀ। ਸਿਰ ਪਰਾਇ=ਭਜੇ। ਬਿਆਰ=ਅੰਧੇਰੀ। ੨੦੦। ਨਿਦਾਨ=ਅਖੀਰ। ਕਾਛੀ=ਬਾਗਵਾਨ। ਮੂੰਗਟ=ਮੂੰਗਲੀਆਂ। ਮਚੀ=ਹੋਈ। ਮੂੰਗਲੀ=ਛੱਟਾ। ਤੂਤ=ਤੂਤੀਆਂ। ਪਟੀਰ=ਚੰਦਨ। ਸੁਤ ਭਾਨ=ਸੂਰਜ ਦਾ ਪੁਤ੍ਰ ਛਨਿੱਛਰ। ਕਰੀ=ਕਰੜੀ। ਲਹੀ=ਲਗੀ। ਤਰਵਾਰ=ਕਲਵਤ੍ਰ। ਬਿਬ=ਦੋ। ਸਬੂਨੀਗਰ=ਸਾਬੂਨ ਸਾਜ਼। ਛੀਵ੍ਹਾਂ ਧਿਆਇ ਸਮਾਪਤ। ੬। ੨੦੨।

## ਸਤਵੇਂ ਧਿਆਏ ਦੇ ਕਠਨ ਪਦ

ਅੰਕ ੨੦੩ ਤੋਂ ਲਾ ਕੇ ੨੩੩ ਤੀਕਰ

ਖੇਤ=ਸਲ। ਸਮਾਧ=ਜੁਧ। ਉਮੰਡ=ਉਛਲ। ਸਾਰਸੁਤੀ=ਸੁਸ੍ਵਤੀ ਨਦੀ। ਬੰਧ=ਭਰਾ। ਕਬੰਧ=ਧੜ। ਲੰਗ=ਲੰਗੜਾਪਨ। ਚੀਤਹ=ਚਿਤਰੇ ਨੂੰ। ਦੀਰਘ=ਵਡੇ ਭਾਰੇ। ਓਮਡ=ਓਰਡ। ਘੁਮੰਡ=ਭਯਾਨਕ ਇਕਠ। ਨਿਸਾਨੇ=ਗਜ ਕੇ। ਸੁਰਰਾਇ=ਇੰਦ੍ਰ। ਸਲਭ=ਮਕੜੀ, ਟਟਾਣੇ ਆਦਿ। ਬਾਹਨਿ=ਸ਼ੇਰ। ਅਲਾਤ=ਚਵਾਤੀ। ਬਾਤ=ਹਵਾ। ਬਘੂਰਨ=ਵਾ ਵਰੋਲਾ। ਖਰਸਾਨੋ=ਸਾਣ। ਜਲ ਭਉਰ=ਪਾਣੀ ਦੀ ਭੌਰੀ (ਘੁਮਨ ਘੇਰੀ)। ਮਾਨੋ=ਜਾਣੋ। ਅਸੁਰ=ਦੈਂਤ। ਗਨ=ਸਮੂੰਹ। ਸਿਧਾਰ=ਹੁਸ਼ਿਆਰ। ਕਾਟੀ=ਕਾਲੀ। ਬਰ=ਬਲੀ। ਪਤਿ ਬਾਰੀ=ਪਤ ਝੜ। ।੨੧੨। ਆਗਾ=ਅਗਨੀ। ਚਾਲ ਪਰਿਓ=ਕੰਬ ਗਈ। ਅਵਨੀ=ਧਰਤੀ। ਹਰਜੂ=ਸ਼ਿਵਾ। ਹਰਿਆਸਨ=ਸ਼ੇਰ। ਹਰ ਹਾਰ=ਸਰਪਾਂ ਦਾ ਹਾਰ। ਸੰਕਤਿ=ਸੰਗੁੜ। ਜਾਗਾ=ਯਾਤੇ। ਅੰਗਾ=ਗਲੇ। ਬਾਨੀ=ਆਗੂ। ਪਰਵਾਹ=ਹੜ੍ਹ। ਮੇਦੀ=ਚਰਬੀ। ਭਉਨ=ਮੰਦਰ। ਕਰਿਮਾਵਿਸ=ਵਿਸਕਰਮਾਂ। ਦੀਦ=ਦੇਨਾ। ਪਉਰਖ=ਉਦਮ। ਪਦਬੀਜਨਾ=ਟਟਾਣੇ। ਸਚੀਪਤ=ਇੰਦ੍ਰ। ਮਘਵਾ=ਇੰਦ੍ਰ। ਜ਼ਾਮ=ਪਹਿਰ ।੨੨੫। ਕੁੰਕਮ=ਕੇਸਰ। ਅਛਤ=ਚਾਵਲ। ਤਛਨ=ਉਸੀ ਵੇਲੇ। ਲਛਮੀ=ਲਖਮੀ। ਅਸੀਰਵਾਦ=ਅਸੀਸ। ਜਛ=ਦੇਵ ਰਾਗੀ। ਵਰਵੰਡਕ=ਵਰਦਾਤੀ। ਧੂਰ ਧਾਨੀ=ਡੰਡ ਰੌਲੀ। ਸਿਵਾਬਟ=ਸੁਖਦਾਈ ਬਸਤ੍ਰ। ਵਰ=ਮੰਗ। ਆਵਧ=ਔਧੀ। ਉਮਰਾ=ਅੰਤ ਸਮਾਂ। ੨੩੩। ਅਠਵਾਂ ਧਿਆਇ ਸਮਾਪਤ।

Digitized by Panjab Digital Library | www.panjabdigilib.org

## ਚੰਡੀ ਚਰਿਤ੍ਰ ਹਿੱਸਾ ਦੂਜਾ

ਪਹਿਲੇ ਚਰਿਤ੍ਰ ਦੇ ਅਠ ਧਿਆਇ ਹਨ ਅਗੇ ਦੂਜਾ ਹਿਸਾ ਹੈ। ਪਹਿਲਾ ਧਿਆਇ ਮਾਰਕੰਡੇ ਪੁਰਾਣ ਵਿਚੋਂ ਤਰਜਮਾ ਹੈ ਔਰ ਦੂਜਾ ਹਿਸਾ ਦੇਵੀ ਭਾਗਵਤ ਪੁਰਾਣ ਦੇ ੧੨ ਬਾਰਵੇਂ ਸਕੰਧ ਵਿਚੋਂ ਹੈ। ਬਾਤ ਲਗ ਪਗ ਓਹੀ ਹੈ। ਪਰ ਦੋ ਕਵੀਸ਼ਰਾਂ ਨੇ ਵਖੋ ਵਖਰੇ ਗ੍ਰੰਥਾਂ ਵਿਚ ਪ੍ਰਸੰਗ ਲੈ ਕੇ ਪੰਜਾਬੀ ਰਚਨਾ ਕੀਤੀ ਹੈ ਭਾਗਵਤ ਸਕੰਧ ਪੈਂਤੀਸ ਅਧਿਆਵਾਂ ਵਿਚ ਲਿਖਿਆ ਹੋਇਆ ਹੈ। ਅਗੇ ਕਠਨ ਪਦਾਂ ਦੇ ਅਰਥ ਲਿਖੇ ਹਨ ਅੰਕ ੧ ਤੋਂ ਲਾਕੇ ੩੮ ਤੋੜਕ।

ਮਹਸਰਾਚਲ=ਕੈਲਾਸ਼ ਪਰਬਤ।
ਜੈਤ ਪੱਤ੍ਰ=ਫਤਹ ਨਾਮਾਂ। ਪ੍ਰਨਾਮਤਾ=ਨਮਿਸ਼ਕਾਰ। ਅਰਚਾ=ਪੂਜਾ।
ਬਣਾਏ ਚਾਰ=ਚਾਮਰ, ਛਿਛ ਰਾਛ, ਬਿਛ ਲਾਛ, ਪਿੰਗਲਾਸ਼ ਚਾਰੇ ਸੈਨਾ ਪਤੀ ਸਨ।
ਇੱਖ=ਧਨੁਖ। ਪਾਸ=ਫਾਹੀ।
ਪੇਲਿਆ=ਘੇਰਿਆ। ਹੂੰਕੀ=ਗਜੀ।
ਧੁਕੇ=ਬੱਜੇ। ਪਟਸ=ਗੱਤਕਾ।
ਮੈਫਨੇ=ਗੇਪੀਏ। ਬਿਸਖ=ਬਾਣ।
ਸਾਇਕ=ਬਾਨ। ਨਿਫੋਟ=ਬਹੁਤੇ।
ਕ੍ਰੂਰ=ਕ੍ਰੋਧਵਾਨ। ਸਰੋਘ=ਤੀਰ ਬਹੁਤੇ।
ਬਮਤ=ਉਗਲ ਦੀ ਅਗਨੀ। ਚਤੁਰੰਗ=ਸੈਨ=ਰਥੀ, ਗਜੀ, ਘੋੜ ਚੜ੍ਹੇ, ਪੈਦਲ।
ਛੂਛ=ਖਾਲੀ। ਤਬਰ=ਸ਼ਸਤ੍ਰ।
ਕਹੂਕ=ਗਜਦੇ। ਸਿੰਗ੍ਰਾਲ=ਗਿੱਦੜ।
ਕੰਕ=ਕਾਲੇ। ਬੰਕ=ਬੈਠੇ।
ਚਰਮ=ਢਾਲ। ਬਰਮਾਂ=ਸੰਜੋਇ।
ਧੋਸਪਛ=ਸਹਿਤ ਖੰਭਾ ਦੇ। ਪਤਾ ਕਾ=ਝੰਡੀ। ਰੂਪ ਕੈ=ਅੜ ਕੈ।

ਮਹਿਖੈ ਬਲਿਦੈਤ=ਮਹਿਖੇ ਨੂੰ ਮਾਰਨ ਕਰਕੇ ਹੀ ਉਸ ਸਮੇਂ ਤੋਂ ਦੇਵੀ ਝੋਟੇ ਦੀ ਕੁਰਬਾਨੀ ਲੈਂਦੀ ਹੈ। ਦੇਵੀ ਦੀ ਭੇਟਾ ਹਿਤ ਝੋਟੇ (ਮਹੇਂ) ਦਾ ਸਿਰ ਹੁਣ ਭੀ ਮਹਾਂ ਕਾਲੀ ਨੂੰ ਦਿੰਦੇ ਹਨ।

ਪਹਿਲਾ ਧਿਆਇ ਸੰਪੂਰਨ। ੩੮।

### ਦੂਜਾ ਧਿਆਇ

ਇਸ ਵਿਚ ਧੂਮਰਨੈਨ ਦੈਂਤ ਨਾਲ ਜੁੱਧ ਦਾ ਹਾਲ ਹੈ। ਅਗੇ ਕਠਨ ਸ਼ਬਦ ਹਨ।

ਕਰਖਾ=ਛੰਤ। ਪੁਹਪਨ=ਫੁਲਾਂ।
ਅਲਕੇਸ=ਕਬੇਰ। ਸਮੁਦ=ਪ੍ਰਸੰਨਤਾ।
ਪਾਨ=ਭਾਵ ਸ਼ਰਾਬ ਪੀ ਕੇ ਦੇਵੀ ਚਲੀ। ਸ਼ਰਾਬ ਪੀਣੀ ਔਰ ਮਾਸ ਖਾਣਾ ਦੇਵੀਆਂ ਲਈ ਜਾਇਜ਼ ਹੈ, ਇਸੇ ਕਰ ਕੇ ਸ਼ਰਾਬ ਭੀ ਭੇਟਾ ਹੁੰਦੀ ਹੈ। ਕਰਉਤੀ=ਤਲਵਾਰ। ਗੰਗੇਰੀ=ਜਲ ਜੁਲਾਹਾ ਜਾਨਵਰ। ਸਦਾਘੰ=ਗਰਦਨ।
ਪਬ=ਪਰਬਤ। ਬੇੜ=ਘੇਰ।
ਗਰਭਣੀ=ਹਾਮਲਾ। ਕੀਹ=ਵੜੇ।
ਪਿਟ੍ਰਬਨ=ਸੈਨਾ। ਦੂਜਾ ਧਿਆਇ ਸੰਪੂਰਨ। ੨੬। ੬੪।

### ਤੀਜਾ ਧਿਆਇ

ਅਵਾਸ=ਘਰ। ਰਿਧਿ ਸਿਧ=ਕਥਾ ਸੁਣਨ ਵਾਲੇ ਫਲ ਮਿਲਦੇ।
ਪਤਿ=ਪੈਦਲ। ਭਿਨਕ=ਕਨਸੋਇ।
ਟੇਲ=ਸਕੇਲ। ਪੇਲ=ਮੋੜ ਕੇ।
ਸਰੋਤਮ=ਉਤਮ ਬਾਣ। ਸੈਲ=ਪਹਾੜ।
ਨੁਕੱਰ=ਤੰਦੂਏ। ਸਿਬਾਲ=ਜਾਲਾ।

Digitized by Panjab Digital Library | www.panjabdigilib.org

ਸਰੱਕ੍ਰ=ਸਰਕੜਾ (ਰੇੜ੍ਹ)। ਗੋਮਯ=
ਰਣ ਸਿੰਗੇ। ਭੀਮ=ਭੈਦਾਇਕ।
ਸੁਕੀਆਂ=ਬਜੀਆਂ। ਗਦਾਣਾ=
ਗਦਾ ਸ਼ਸਤ੍ਰ।੯।੭੩। ਬੀਨ=
ਚੁਨਣਾ। ਬਰੰਗਨਾ=ਪਰੀਆਂ (ਹੂਰਾਂ)।
ਉਬੋਂ=ਬਿਵਾਨ। ਹਾਂਕੇ=ਬੰਗਾਰ ਕੇ।
ਉਪਇੰਦ੍ਰ=ਇੰਦਰ ਦਾ ਨਿਕਾ ਭਰਾ।
ਬਾਵਨ ਅਵਤਾਰ=ਜੋ ਕਿ ਦਿਤੀ
ਤੋਂ ਜਨਮਿਆ। ਕਪਾਲੀ=ਦੇਵੀ ਮਹਾਂ
ਕਾਲੀ ਜਾਂ ਸ਼ਿਵ। ਤੀਜਾ ਧਿਆਇ
ਸੰਪੂਰਨ।੧੩।੭੭੦।

## ਚੌਥਾ ਧਿਆਇ

ਅਗੇ ਰਕਤ ਬੀਰਜ ਦੇ ਜੁਧ ਦਾ ਹਾਲ ਹੈ।

ਚਾਂਵਡੀ=ਇਲਾਂ, ਗਿਰਝਾਂ।
ਪਗ=ਤਲਵਾਰ। ਬਿਦਾਰੇ=ਸੁਟੇ।
ਭਵੰ=ਬੋਲ ਕੇ। ਦਵੰ=ਦਾਵਾ ਅਗਨ।
ਗਲੋ=ਤੁਮਲ,ਫੌਜ। ਮਹਿਖੁਆਸ=
ਧਨੁਸ਼। ਕਰਖੇ=ਖਿਚੇ।
ਬਯੋਮ=ਅਕਾਸ਼। ਚਾਰਣ=ਭਟ।
ਪੁੰਗਵ=ਸੈਨਾ। ਭੂਧਰ=ਪਹਾੜ।
ਨੀਰਧ=ਸਮੁੰਦਰ। ਸੰਖ=ਸੰਜੋਇ।
ਨਭ=ਅਕਾਸ਼। ਤੂਰਣਤਾ=ਛੇਤੀ।
ਚੋਪ=ਖੁਸੀ। ਨਾਗੜਦੰਗ=ਨਗਨ।
ਚੌਥਾ ਧਿਆਇ ਸਮਾਪਤ।੪੫।੧੨੨।

## ਪੰਜਵਾਂ ਧਿਆਇ

ਅਗੇ ਸੁੰਭ ਨਿਸੁੰਭ ਦੇ ਜੰਗ ਦਾ ਹਾਲ ਹੈ।

ਅਪਰੈ=ਬੇਅੰਤ। ਮੁਖੰ ਤਵ ਕਲੰ=
ਭਾਵ ਇਹ ਕਿ ਨਾਦੀਆਂ ਬੈਲ ਅਗੇ ਸ਼ੇਸ਼
ਨਾਗ ਤੇ ਕਛੂ ਦੇ ਹੇਠਾਂ ਬ੍ਰਾਹ ਅਵਤਾਰ ਨੇ
ਧਰਤੀ ਮੂੰਹ ਵਿਚ ਫੜੀ ਹੋਈ ਹੈ।
ਜੇਮੰ=ਚਲੀ। ਬ੍ਰਿਸਟੀ=ਵਰਖਾ।
ਹਰਖ=ਪ੍ਰਸੰਨਤਾ। ਛਿਛਾਂ=ਛਿੱਟਾਂ।
ਉਫਟਤ=ਉਠਦੀਆਂ। ਸਿਆਰ=
ਗਿੱਦੜ। ਫਿਕਰੰਤ=ਬੋਲਦੇ।
ਕਬੰਧ=ਧੜ।੩੪ ੧੫੬।

## ਛੀਵਾਂ ਧਿਆਇ

ਅਗੇ ਰਾਜਾ ਸੁੰਭ ਦੇ ਜੰਗ ਦਾ ਹਾਲ ਹੈ।

ਤ੍ਰਿਨੈਨ=ਸ਼ਿਵ। ਬਾਰਣ=ਹਾਥੀ।
ਅੰਕਸ=ਕੁੰਡੇ। ਹਾਲ ਹੂਲ=ਡੰਡ ਟੌਲੀ।
ਭਕੀ=ਬੋਲਦੀ। ਕਪਾਲ=ਸਿਰ।
ਗਹੀਰ=ਬੇਅੰਤ। ਪਲੰਗ=ਚਿਤ੍ਰੇ।
ਪਵੰਗ=ਘੋੜੇ। ਘਬਾਕ=ਗੋਪੀਏ।
ਕਰਮਕੰ=ਧਨੁਖਾਂ। ਗੁਰੰ=ਭਾਰੀਆਂ।
ਰਟੰ=ਆਖਦੇ। ਅਸਨ=ਤਲਵਾਰਾਂ।
ਸੁੰਭ=ਸ਼ਿਵ। ਸ਼ਿਵਦੂਤੀ=ਦੇਵੀ।
ਅਛੋ=ਅਪੱਛਰਾਂ। ਦਾਰਣ=ਡਰੌਣੇ।
ਰਾਜ ਪੁਤ=ਸੈਨਾਪਤੀ। ਜੂਹ=
ਸਮੂੰਹ।੬੩।੨੧੯।

## ਸਤਵਾਂ ਧਿਆਇ

ਘਨਸਾਰ=ਮੁਸ਼ਕ ਕਾਫੂਰ।
ਦਿਜ=ਬ੍ਰਾਹਮਣ। ਬਿਲਾ=ਨਾਸਕ।
ਦਯਾਰ=ਦੇਸਾਂ। ਅਧੀ=ਪਤਾਲ।
ਰਸਟਰੀ=ਰਖਯਕ। ਭਵੀ=ਸ਼ਿਵ
ਸ਼ਕਤ। ਬਾਸਵੰ=ਦਿਨ।
ਖੂਹ=ਖਜ਼ਾਨਾ। ਬਿਗਯਾਨ=ਪ੍ਰੇਖਯ
ਗਿਆਨ। ਮਿੜਾਲੀ=ਮਰਦ ਬਾਹਨੀ।
ਪ੍ਰਸਟਣੀ=ਪਾਲਨਾ। ਸਮੂੰਹ ਬਾਲਾ=
ਇਸਤ੍ਰੀਆਂ ਰੂਪ। ਰੂੜੀ=ਸੁੰਦਰਤਾ।
ਅੰਜਨੀ=ਹਨੂਮਾਨ ਦੀ ਮਾਤਾ।
ਤ੍ਰੈਖਣੀ=ਪ੍ਰਸੰਨਤਾ। ਗੋਬਿੰਦੀ=
ਵਿਸ਼ਨ ਸ਼ਕਤੀ। ਛੇਮ=ਰਖਿਆ।

Digitized by Panjab Digital Library | www.panjabdigilib.org

ਕਪਰਦੀ=ਸੁੰਦ੍ਰ ਜੂੜੇ ਵਾਲੀ। ਨਾਗੁ=ਕਿਲਾ। ਜੰਬਕਾ=ਜੰਭਾਸੁਰ ਦੀ ਸ਼ਕਤੀ। ਕਾਰਤ ਕਿਆਨੀ=ਸ਼ਾਮ ਕਾਰਤਕ ਦੀ ਸ਼ਕਤੀ। ਸ਼ਕਤੀ=ਭਵਾਨੀ।
ਅਰਦਨੀ=ਨਾਸ਼ਕ। ਕ੍ਰਾਂਤੀ=ਪ੍ਰਕਾਸ਼।
ਜਯੰਤ=ਜਿਤਣੇ ਵਾਲੀ। ਸ੍ਰੀ=ਲਛਮੀ।
ਬ੍ਰਹਮ=ਕੁਦਰਤੀ। ਸਿਤਾ=ਉੱਜਲ।
ਧਤ੍ਰੀਏਯੰ=ਮਾਇਆ ਸ਼ਕਤ। ਸ਼ਿਵ ਸ਼ਕਤ=ਪਾਰਬਤੀ(ਦੇਵੀ)। ਚਰਬਣੀ=ਫੁਰਤੀਲੀ। ਧੁਨਾ=ਨਿਸ਼ਾਨ।
ਅੰਜਨੀ=ਅੰਜਨ ਦੈਂਤ ਨੂੰ ਦਲਨੇ ਹਾਰੀ।
ਊਰਧਾ=ਬਦਲ ਸ਼ਕਤੀ। ਸ਼ੇਖਰੀ=ਮੱਥਾ। ਭਵਾਨੀ=ਸ਼ਿਵ ਸ਼ਕਤ।

ਨੋਟ:-ਭਵਾਨੀ ਯਾਂ ਭਗੌਤੀ ਸਿਮਰਨ ਸ਼ਿਵ ਸ਼ਕਤੀ ਦਾ ਅਰਾਧਨ ਹਿਤ ਮੰਗਲਾ ਚਰਨ ਹੈ।

ਭਵੀ=ਭੈਰੋਂ। ਜਯਾ=ਦੁਰਗਾ। ਸੁਆਮਣੀ=ਮਾਲਕਾਣੀ। ਪ੍ਰਭੀ=ਰੱਖਯਕ। ਮਿਤਯੰ=ਮ੍ਰਯਾਦਾ। ।੨੫੨। ਭੂਤ=ਸਰੂਪ। ਭਾਵਨੀ=ਸਰਧਾ। ਖਯਾਤਾ=ਪ੍ਰਗਟ।
ਸਤਵਾਂ ਧਿਆਇ ਸਮਾਪਤ।੩੭।੨੫੬।

## ਅਠਵਾਂ ਧਿਆਇ

(ਅਗੇ ਪਿਛੇ ਸਭ ਚੰਡੀ ਦੀ ਉਪਮਾਂ ਹੈ)

ਇਸ ਉਸਤਤ ਤੋਂ ਸਾਬਤ ਹੈ ਕਿ ਭਗੌਤੀ ਨੂੰ ਸਰਬ ਸ਼ਕਤੀਵਾਨ ਪ੍ਰਭੂ ਦਾ ਦਰਜਾ ਦਿਤਾ ਹੈ। ਕਰਤਾਰ ਨੂੰ ਤਾਂ ਇਸ ਉਸਤਤ ਵਿਚ ਕੋਈ ਚੀਜ਼ ਹੀ ਨਹੀਂ ਮੰਨਿਆਂ ਗਿਆ, ਇਸੇ ਕਾਰਨ ਦੇਵੀ ਦੀ ਪੂਜਾ ਸਰਬ ਪ੍ਰਧਾਨ ਬਣਦੀ ਗਈ।
ਬਾਰਦੀ=ਸ਼ਿਵ। ਗੁਲਤ੍ਰਾਣ=ਦਸਤਾਨੇ।
ਸੂਮ=ਕੰਜੂਸ। ਸੋਫੀ=ਕਾਇਰ।
।੬।੨੬੨। ਉਕਤ ਅੱਠਾਂ ਹੀ ਧਿਆਵਾਂ ਵਿਚ ਦੇਵੀ ਦੀ ਉਸਤਤ ਹੈ। ਅਕਾਲ ਉਸਤਤ ਦਾ ਨਾਮ ਨਿਸ਼ਾਨ ਭੀ ਨਹੀਂ ਹੈ।

## ਚੰਡੀ ਚਰਿਤ੍ਰ ਦੇ ਦੂਜੇ ਭਾਗ ਦਾ ਸਿਧਾਂਤ

ਦੂਜਾ ਨੰਬਰ ਚੰਡੀ ਚਰਿਤ੍ਰ ਪਹਿਲੇ ਦਾ ਵਿਸਥਾਰ ਹੈ। ਇਸ ਦੇ ਅੱਠ ਧਿਆਇ ਹਨ। ਦੇਵੀ 'ਸ਼ਿਵ ਦੂਤੀ' ਵੀ ਕਹੀ ਹੈ, ਸ਼ਿਵਾਂ ਦੀ ਦੂਤ (ਵਕੀਲ) ਹੈ। ਵਧ ਵਾਕਫੀ ਹਿਤ ਕਾਲਕਾ ਪੁਰਾਣ ਦਾ ਅਧਿਆਇ ੬ ਔਰ ਭਾਗਵਤ ਸਕੰਧ ਦਾ ਧਿਆਇ ਪੰਜ ਔਰ ਅਠਾਈਸਵਾਂ ਪੜ੍ਹੋ।

ਸ਼ੁੰਭ ਸ਼ਿਵ ਦਾ ਅਨਨ ਸੇਵਕ ਸੀ, ਸਾਰੇ ਦੈਂਤ ਹੀ ਸ਼ੈਵ ਮਤੀਏ ਸਨ, ਜਿਵੇਂ ਕਿ ਰਾਵਨ ਸ਼ੈਵੀ ਸੀ। 'ਦੁਰਗ ਵਯੂਹ' ਕਿਲੇ ਦੀ ਸ਼ਕਲ ਬਣਾਕੇ ਜੰਗ ਦਾ ਨਕਸ਼ਾ ਹੈ। ਇਹ ਦੂਸਰਾ ਭਾਗ ਦੇਵੀ ਪੁਰਾਣ ਦੇ ਬਾਰਵੇਂ ਸਕੰਧ ਵਿਚੋਂ ਨਕਲ ਕੀਤੀ ਹੈ। ਜਿਸ ਦੇ ਪੈਂਤੀਸ ਧਿਆਇ ਹਨ। ਰਿਖੀ ਮਾਰਕੰਡਾ ਅਮਰ ਹਸਤੀਆਂ ਵਿਚ ਗਿਣਿਆਂ ਹੈ। ਉਮਰ ਇਸ ਦੀ ਚੌਰਾਸੀ ਸਾਲ ਦਸੀ ਹੈ, ਇਹ ਬ੍ਰਹਮਾਂ ਦਾ ਸ਼ਿਸ਼ ਸੀ। 'ਬ੍ਰਹਮ ਕਉਚ' ਮੰਤ੍ਰ ਦਾ ਨਾਮ ਹੈ। ਇਸ ਨੂੰ ਦੁਰ੍ਗਾ ਪਾਠ ਭੀ ਆਖਦੇ ਹਨ, ਇਹ ਸ਼ੈਵਾਂ ਦੇ ਨਾਹਰੇ ਸਨ। ਮਾਰਕੰਡੇ ਦੇ ਉਤ੍ਰਾਰਧ ਭਾਗ ਵਿਚ ਅੰਕ ੯੦ ਤੋਂ ੯੩ ਦੇ ਪ੍ਰਸੰਗ ਭੀ ਲੀਤੇ ਹੈਨ। ਸੋ ਹਿੰਦੂ ਗ੍ਰੰਥਾਂ ਦੇ ਉਲਥੇ ਨੂੰ ਬਦੋ ਬਦੀ ਦਸਮ ਗੁਰਬਾਣੀ ਕਹਿਣਾਂ ਭਾਰੀ ਭੁਲ ਹੈ।

ਦੈਂਤਾਂ ਦੇ ਜਰਨੈਲ ਮਹਿਖਾਸੁਰ,

Digitized by Panjab Digital Library | www.panjabdigilib.org

ਚਾਮਰ, ਉਦਗਨ, ਮਹਜੁਨ, ਅਸਿਲੋਮ, ਵਾਸ੍ਰਲ ਆਦਿ ਦਸੇ ਹਨ। ਕੋਈ ਦਸ ਹਜ਼ਾਰੀ, ਕੋਈ ਪੰਜਾਹ ਹਜ਼ਾਰੀ ਸੀ। (ਪੜ੍ਹੋ ਧਿਆਇ ੮੪ ਮਾਰਕੰਡਾ ਪੁਰਾਣ)

ਹੈਰਾਨੀ ਇਹ ਹੈ ਕਿ ਕਿਧਰੇ ਸ਼ਿਵ ਦੇਵਤਿਆਂ ਦਾ ਪੱਖੀ ਹੈ, ਕਿਧਰੇ ਰਾਖਸ਼ਾਂ ਦਾ ਵਰਦਾਤਾ।

'ਕਾਰਤਿ ਕੇਯ ਨਾਮੀ ਛੀ ਮੂੰਹਾਂ ਵਾਲਾ ਆਦਮੀ'–ਦੇਵਤਿਆਂ ਦਾ ਮੁਨਸ਼ੀ (ਸੈਨਾਨੀ) ਸੀ, ਸ਼ਿਵਜੀ ਦੇ ਵੀਰਜ ਥੀਂ ਹੋਇਆ, ਇਸ ਦੀ ਪਾਲਣਾਂ ਚੰਦ੍ਰਮਾਂ ਦੀ ਇਸਤ੍ਰੀ 'ਕ੍ਰਿੱਤਿਕਾ' ਨੇ ਕੀਤੀ। ਵੈਸੇ ਲਿਖਿਆ ਹੈ ਸਰਕੜੇ ਵਿਚੋਂ ਜਨਮਿਆਂ।

ਦੇਵੀ ਦੇ ਖਿਤਾਬ ਗਿਣੀਏਂ ਤਾਂ ਹੱਦ ਹੋ ਜਾਂਦੀ ਹੈ, ਜਿਹਾ ਕਿ–ਰੋਦ੍ਰਾ, ਗੌਰੀ, ਧਾਤ੍ਰੀ, ਜਯੋਤਸ਼ਾ, ਇੰਦ੍ਰ ਰੂਪਣੀ, ਸੁਖਾ, ਕਲਿਆਣੀ, ਖ਼ਿਪ੍ਰੀ, ਨੈਰੰਤ, ਰਾਜ ਲਛਮੀ, ਸਰਬਾਣੀ, ਦੁਰਗਾ, ਪਾਰਾ, ਧੂਮਰਾ, ਮ੍ਰਿਦ੍ਰੀ, ਖਯਾਤੀ, ਕ੍ਰਿਸਣਾ, ਪ੍ਰਤਿਸਟਾ, ਕ੍ਰਿਤੀ, ਭਯੰਕਰੀ ਆਦਿ ਇਕਰ ਦੇ ਕਈ ਉਪਨਾਮ ਹਨ, ਹੋਰ ਭੀ ਹਨ–ਕਿਧਰੇ ਸਰੀਰ ਵਿਚੋਂ ਨਿਕਲੀ ਕਾਲਕਾ, ਕੇਸ਼ਾਂ ਵਿਚੋਂ ਨਿਕਲੀ ਕੌਸਕਾ, ਅੰਬਕਾ ਆਦਿ। ਐਸੇ ਨਾਮ ਉਸਤਤ ਵਾਸਤੇ ਉਸ ਦੇ ਭਗਤਾਂ ਨੇ ਘੜੇ ਹਨ। ਇਕਰ ਵਿਸ਼ਨੂੰ, ਇੰਦ੍ਰ, ਸ਼ਿਵ, ਬ੍ਰਹਮਾਂ, ਕ੍ਰਿਸ਼ਨ ਆਦਿ ਹਰ ਇਕ ਉੱਚ ਹਸਤੀ ਦੇ ਅਨੇਕ ਨਾਮ ਕਲਪੇ ਹਨ। ਇੱਕਰ ਨੌਂ ਨਾਮਾਂ ਦੀਆਂ ਸ਼ਕਤੀਆਂ ਲਿਖੀਆਂ ਹਨ। ਯਥਾ:–

ਸ਼ੈਲ ਕੁਮਾਰੀ (ਹਿਮਾਚਲ ਦੀ ਪੁਤ੍ਰੀ), ਬ੍ਰਹਮ ਚਾਰਨੀ, ਚੰਦ੍ਰ ਘੰਟਾ, ਕੋਸ਼ ਮਾਂਡੇ, ਸਕੰਧ, ਕਾਤਿਆਨੀ, ਕਾਲ ਰਾਤ੍ਰੀ, ਮਹਾਂ ਗੌਰੀ, ਸਿੱਧਿ ਦਾਤਰੀ।

ਅਗੇ ਸਵਾਰੀਆਂ ਦਾ ਵੇਰਵਾ ਹੈ–

ਚਮੁੰਡਾ–ਪ੍ਰੇਤ ਉਪਰ ਸਵਾਰ ਹੈ।
ਬਾਰਾਹੀ–ਭੈਂਸੇ ਪਰ।
ਇੰਦ੍ਰੀ–ਹਾਥੀ ਪਰ।
ਵੈਸ਼ਨਵੀ–ਗਰੜ ਪਰ।
ਮਹੇਸ਼੍ਵੀ–ਬੈਲ ਪਰ।
ਕੁਮਾਰੀ ਔਰ ਬ੍ਰਹਮ ਸ਼ਕਤੀ–ਮੋਰ ਪਰ ਸਵਾਰ ਹੁੰਦੀਆਂ ਹਨ।

ਇਨਾਂ ਦੇ ਹਥਾਂ ਵਿਚ ਸੰਖ, ਚੱਕ੍ਰ, ਗਦਾ, ਬਰਛੀ, ਹਲ, ਮੁਸਲ, ਚਮੜਾ, ਤੋਮਰਾ, ਪਰਸਾ (ਕੁਹਾੜੀ), ਪਾਸ਼ (ਫਾਹੀ), ਭਾਲਾ, ਤ੍ਰਿਸੂਲ, ਸਾਰੰਗ (ਧਨਸ਼ ਬਾਣ), ਆਦਿ ਦਿਖਾਏ ਜਾਂਦੇ ਹਨ, ਇਨਾਂ ਸ਼ਕਤੀਆਂ ਦੇ ਆਸਰੇ ਸਾਕਤ ਮਤ ਚਲਦੇ ਹਨ।

## ਦੁਰਗਾ (ਚੰਡਕਾ) ਦਾ

# ਉਤਪਤੀ ਚਰਿਤ੍ਰ

ਇਹ ਜਾਣਨਾ ਯਾਂ ਸਮਝਣਾ ਭੀ ਜ਼ਰੂਰੀ ਹੈ ਕਿ ਇਹ ਦੇਵੀ ਕਿਸੇ ਦੀ ਅਕਸਰ ਸਪੁਤ੍ਰੀ ਭੀ ਹੋਊਗੀ ਇਹ ਆਦਿ ਕੁਆਰੀ ਹੈ, ਕਿਧਰੇ ਕੈਲਾਸ਼ ਪੁਤ੍ਰੀ ਲਿਖੀ ਹੈ। ਬ੍ਰਹਮਾਂ ਜਗਤ ਉਤਪਤੀ ਦਾ ਮੋਢੀ ਲਿਖਿਆ ਹੈ, ਪਰ ਆਪ ਕਿਵੇਂ ਜਨਮਿਆ ? ਉਸ ਦਾ ਉਤ੍ਰ ਹੈ ਕਿ ਬ੍ਰਹਮਾਂ, ਵਿਸ਼ਨੂੰ ਦੀ ਨਾਭੀ (ਧੁੰਨੀ) ਵਿਚੋਂ ਨਿਕਲੇ ਕੌਲ ਫੁਲ ਵਿਚੋਂ (ਕੰਵਲ ਪੁਤ੍ਰ) ਜਨਮਿਆਂ ਅਗੇ ਵਿਸ਼ਨੂੰ ਕਿਥੋਂ ਆਇਆ ? ਇਸ ਦੀ ਉਤਪਤੀ ਆਪੋ ਆਪਣੀ ਬੁਧੀ ਨਾਲ ਲਿਖੀ ਹੈ। ਦੇਵੀ ਜਨਮ ਦੀ ਕਥਾ ਮਾਰਕੰਡੇ ਪੁਰਾਣ ਨੇ ਜਿਵੇਂ ਲਿਖੀ ਹੈ ਉਸ ਦਾ ਸੰਖੇਪ ਭਾਵ

Digitized by Panjab Digital Library | www.panjabdigilib.org

ਅਗੇ ਲਿਖਦੇ ਹਾਂ—

ਦੇਵਤਿਆਂ ਦੇ ਹਾਰਨ ਔਰ ਦੈਤਾਂ ਦੀ ਜਿਤ ਪਰ ਵਿਸ਼ਨੂੰ ਔਰ ਸ਼ਿਵਜੀ ਅਤਿ ਕਰੋਧਵਾਨ ਹੋਏ, ਦੋਨਾਂ ਦੀ ਭਵਾਂ ਗੁਸੇ ਨਾਲ ਚੜ੍ਹ ਗਈਆਂ ਤੇ ਕਰੋਧ ਨਾਲ ਮੂੰਹ ਲਾਲ ਹੋ ਗਏ ਇਹਨਾਂ ਦੇ ਕ੍ਰੋਧਤ ਹਾਲਤ ਵਿਚੋਂ ਇਕ ਤੇਜ਼ ਨਿਕਲਿਆ ਜੋ ਇਕ ਭਾਰੀ ਤੇਜ਼ ਪੁੰਜ ਜਮਾਂ ਹੋ ਗਿਆ। ਉਸ ਦੀ ਚਮਕ ਤ੍ਰੈਲੋਕੀ ਵਿਚ ਪਹੁੰਚ ਗਈ, ਕੁਝ ਸਮੇਂ ਪਿਛੋਂ ਉਹ ਤੇਜ਼ ਇਸਤ੍ਰੀ ਰੂਪ (ਦੇਵੀ) ਬਣ ਗਿਆ ਫਿਰ ਬਣੇ ਉਸ ਦੇਵੀ ਦੇ ਅੰਗ ਸ਼ਿਵ ਤੇਜ ਥੀਂ ਦੇਵੀ ਦਾ ਮੂੰਹ (ਚੇਹਰਾ) ਵਿਸ਼ਨ ਤੇਜ ਦੇ ਹਥ, ਚੰਦ੍ਰਮਾ ਦੇ ਤੇਜ ਥੀਂ ਕੁਚ (ਦੁਧੀਆਂ ਆਦਿ) ਇੰਦ੍ਰ ਤੇਜ ਤੋਂ ਕਮਰ, ਵਰਣ ਥੀਂ ਜੰਘਾਂ (ਲੱਤਾਂ) ਉਰੂ ਥੀ ਪਟ, ਧਰਤੀ ਤੋਂ ਨਿਤੰਬ (ਚਿੱਤੜ) ਬ੍ਰਹਮਾਂ ਤੋਂ ਦੋਵੇਂ ਪੈਰ, ਸੂਰਜ ਥੀਂ ਪੈਰਾਂ ਦੀਆਂ ਉਂਗਲਾਂ, ਬਸੂ ਤੇਜ ਤੋਂ ਹਥਾਂ ਦੀਆਂ ਉਂਗਲਾਂ। ਕੁਬੇਰ ਥੀਂ ਨਕ, ਪ੍ਰਜਾਪਤ ਤੋਂ ਦੰਦ, ਅਗਨੀ ਥੀ ਤਿੰਨ ਨੇਤ੍ਰ, ਸਵੇਰੇ ਸੰਧਿਆ (ਸ਼ਾਮ) ਔਰ ਸਾਯੰ, ਮਧਿਆਨ ਤੋਂ ਦੋਵੇਂ ਬਾਹਾਂ, ਹਵਾ (ਵਾਯੂ) ਥੀਂ ਦੋਵੇਂ ਕੰਨ, ਇਕਰ ਹਰ ਇਕ ਦੇਵਤੇ ਦੇ ਤੇਜ਼ ਨਾਲ ਦੇਵੀ ਦਾ ਸਰੀਰ ਬਣ ਗਿਆ ਇਸ ਤਰਾਂ ਮੁਕੰਮਲ ਦੇਵੀ ਬਣ ਗਈ।

ਉਸ ਪਾਸ ਹੋਰ ਵਸਤਾਂ ਕਿਥੋਂ ਆਈਆਂ ? ਉਸ ਦਾ ਉਤ੍ਰ ਸੁਣੋ ! ਵਿਸ਼ਨੂੰ ਨੇ ਦਿਤਾ ਚਕ੍ਰ, ਵਰਣ ਨੇ ਸੰਖ, ਅਗਨੀ ਨੇ ਸ਼ਕਤਿ (ਬਰਛੀ) ਵਾਯੂ ਨੇ ਧਨੁਖ ਔਰ ਤੀਰਾਂ ਦਾ ਭਥਾ, ਇੰਦਰ ਨੇ ਬਜਰ, ਔਰ ਹਾਥੀ ਐਰਾਵਤ ਔਰ ਇਕ ਘੰਟਾ ਯਮ ਨੇ ਇਕ ਡੰਡਾ, ਵਰਣ ਨੇ ਜਾਲ (ਫਾਹੀ) ਪ੍ਰਜਾਪਤੀ ਨੇ ਇਕ ਮਾਲਾ (ਰੁਦ੍ਰਾਖ ਲਕੜ ਦੀ)। ਬ੍ਰਹਮਾਂ ਨੇ ਕਰਮੰਡਲ, ਕਾਲ ਨੇ (ਮੌਤ) ਤਲਵਾਰ ਔਰ ਢਾਲ, ਸੂਰਜ ਨੇ ਲਾਟਾਂ (ਅਗਨੀ) ਸਮੁੰਦਰ ਨੇ ਹਾਰ ਔਰ ਤੇੜ ਨੂੰ ਸਾੜੀ ਔਰ ਪਹਿਰਨ ਨੂੰ ਚੂੜਾ ਮਣੀ ਕੁੰਡਲ, ਅਰਧ ਚੰਦ੍ਰ, ਗੋਖੜੂ ਆਦਿ ਗਹਿਣੇ ਦਿਤੇ। ਬਸੂ ਔਰ ਬੇਜਾਇਫ ਨੇ ਪੰਜੇਬਾਂ (ਪੈਰਾਂ ਦਾ ਭੂਸ਼ਣ) ਔਰ ਇਕ ਕੰਡਾ (ਗਹਿਣਾ) ਉਂਗਲਾਂ ਪਰ ਜੜਾਊ ਅੰਗੂਠੀਆਂ, ਦਧਿ ਸਮੁੰਦਰ ਔਰ ਬਿਸਕ੍ਰਮਾ ਨੇ ਪਰਸਾ (ਕੁਹਾੜੀ) ਇਕ ਕਾਂਟਾ, ਸੀਸ ਔਰ ਗਲ ਦੀ ਮਾਲ੍ਹਾ, ਜਲ ਸਮੁੰਦਰ ਨੇ ਕੌਲ ਫੁਲ, ਹਮਾਲੇ ਪਹਾੜ ਨੇ ਸਵਾਰੀ ਹਿਤ ਇਕ ਸ਼ੇਰ (ਕੇਹਰ) ਔਰ ਪਹਿਰਨ ਵਾਲੇ ਕੀਮਤੀ ਜਵਾਹਰਾਤ, ਦੇਵਤੇ ਕੁਬੇਰ ਨੇ ਸ਼ਰਾਬ ਦਾ ਪਿਆਲਾ (ਅਮੁਕ ਲਬਾਲਬ) ਧਰਤੀ ਨੂੰ ਚੁਕਣੇ ਵਾਲੇ ਸਰਪਾਂ ਨੇ ਨਾਗ ਹਾਰ, (ਗਲੇ ਲਈ ਸਰਪ) ਆਦਿ ਇਸ ਤਰਾਂ ਸਾਰੇ ਦੇਵਤਿਆਂ ਨੇ ਦੇਵੀ ਭੂਸ਼ਤ ਕਰ ਕੇ ਭਾਵ ਸ਼ਿੰਗਾਰ ਕੇ ਨਮਿਸ਼ਕਾਰ ਕੀਤੀ ਉਪਰੰਤ ਸਭ ਨੇ ਕਿਹਾ ਹੇ ਦੇਵੀ ਮਾਤਾ ! ਤੇਰੀ ਜੈ ਹੋ। ਇਸ ਦੇਵੀ ਦੇ ਪ੍ਰਕਾਸ਼ ਨਾਲ ਤ੍ਰੈ ਲੋਕ ਚਮਕ ਉਠੇ ਲੰਕੜੀਆ (ਬਾਡੀ ਗਾਰਡ)। ਇਸ ਦਾ ਹਨੂਮਾਨ ਬਣਿਆਂ। ਇਹ ਹੈ ਭਗੌਤੀ ਯਾ ਭਵਾਨੀ ਜਿਸ ਨੂੰ ਕਿ ਅਕਸਰ ਸਿਖ ਭੀ ਪ੍ਰਿਥਮ ਭਗੌਤੀ ਸਿਮਰਕੈ ਕਹਿੰਦੇ ਹੋਏ ਸਤਿਨਾਮ (ਵਾਹੁਗੁਰ) ਵਾਹਿਗੁਰੂ ਸਿਮਰਨ ਨੂੰ ਨੀਚਾ ਦਿਖਾ ਦੇਂਦੇ ਹਨ।

ਚੌਂਜ਼ਾਂ ਤਾਂ ਹਰ ਇਕ ਦੇਵਤੇ ਪਾਸ ਲਿਖੀਆਂ ਹਨ, ਜਿਹਾ ਕਿ ਇੰਦਰ ਪਾਸ ਹਾਥੀ, ਉਚ ਸ੍ਰਵਾ ਘੋੜਾ, ਪਾਰਜਾਤ ਦਰਖਤ,

Digitized by Panjab Digital Library | www.panjabdigilib.org

ਬ੍ਰਹਮਾ ਪਾਸ ਹੰਸ, ਬਿਬਾਨ ਕੁਬੇਰ ਪਾਸ, ਮਹਾਂ ਪਦਮ ਨਿਧੀ ਸਮੁੰਦਰ ਪਾਸ ਕੰਜਲਿ ਕਨੀਮਾਲਾ, ਵਰਣ ਪਾਸ ਛਾਤਾ ਜੋ ਕਿ ਸਦਾ ਸੋਨੇ ਦੀ ਬਾਰਸ਼ ਕਰਦਾ ਹੈ। ਪ੍ਰਜਾ ਪਤੀ ਪਾਸ ਰੱਥ, ਮੌਤ ਪਾਸ ਫਾਹੀ ਔਰ ਉਤ੍ਰ ਕਾਤਿਕ ਨਾਮਕ ਬਰਛੀ, ਅਗਨੀ ਪਾਸ ਨਾ ਸੜਨੇ ਵਾਲੀ ਧੋਤੀ, ਪ੍ਰੰਤੂ ਦੁਰਗਾ ਪਾਸ ਤਾਂ ਸਾਰਿਆਂ ਨਾਲੋਂ ਵਧ ਵਸਤਾਂ ਆ ਗਈਆਂ। ਸਿੱਧ ਹੈ ਕਿ ਹਰ ਇਕ ਨੂੰ ਭਗਉਤੀ ਭਗਤ ਹੋਣਾ ਲੋੜੀਦਾ ਹੈ। ਉਕਤ ਕਥਾ ਦੇ ਸਚ ਝੂਠ ਦੇ ਜ਼ਿੰਮੇ-ਵਾਰ ਉਕਤ ਕਥਾਵਾਂ ਦੇ ਲਿਖਾਰੀ ਹਨ। ਜਿਸ ਦੇਵੀ ਨੂੰ ਅਣਜਾਣ ਕਰਤਾਰ ਦੀ ਸ਼ਕਤੀ ਆਦਿ ਆਖਕੇ ਭਗਵਤੀ ਦਾ ਮੰਡਣ ਕਰਦੇ ਹਨ। ਉਹ ਵਿਚਾਰ ਸਕਦੇ ਹਨ ਕਿ ਇਹ ਘਾੜਤ ਠੀਕ ਹੈ ਜਾਂ ਗਲਤ।

## ਵਾਰ ਸ੍ਰੀ ਭਗਉਤੀ ਜੀ ਕੀ

ਤੀਜੇ ਭਾਗ ਵਿਚ ਦੇਵੀ ਦੀ ਉਸਤਤ ਦਾ ਪ੍ਰਸੰਗ ਹੈ—

'ਪ੍ਰਿਥਮ ਭਗੌਤੀ'=ਪਹਿਲਾਂ ਦੇਵੀ ਨੂੰ ਸਿਮਰਨ ਕਰਕੇ ਸ੍ਰੀ ਭਗਉਤੀ ਜੀ ਸਹਾਇ, ਸਰਬਤ ਦੀ ਸਹਾਇਕ ਦੇਵੀ ਮਾਤਾ ਹੈ ਜੋ ਕਿ ਗੁਰੂ ਸਾਹਿਬਾਨ ਨੂੰ ਸਹਾਇਕ ਹੋਈ ਸੀ, ਸੋ ਸਹਾਇਕ ਹੋਵੇ। ਖੰਡਾ=ਸ਼ਕਤੀ ਦੇਵੀ ਜਾਂ 'ਟਾਪੂ' ਦੇਸ ਆਦਿ ਧਰਤੀ। ਮੇਦਨੀ=ਧਰਤੀ। ਸਾਧੂ=ਸ੍ਰੇਸ਼ਟ। ਬ੍ਰਿਥਾ=ਪੀੜਾ। ਠਕੁਰਾਈ=ਬਾਦਸ਼ਾਹਤ। ਅਮਰਾਵਤੀ=ਸ੍ਵਰਗ। ੪। ਹੜ ਹਸੰ=ਜਦੋਂ ਦੇਵਤੇ ਕਾਇਰ ਹੋ ਕੇ ਹਾਰ ਗਏ ਸੁਣ ਕੇ ਦੇਵੀ ਬਹੁਤ ਹੱਸੀ। ਸ਼ੀਹ=ਸ਼ੇਰ।

ਕੰਧਾਰਾ=ਫੌਜਾਂ। ਜੰਗ ਮਸਾੜਾ=ਜੰਗ ਦਾ ਮੈਦਾਨ। ਬੈਰਕਾ=ਝੰਡੀਆਂ। ਊਂਘ=ਮਸਤੀ। ਡਾਵਲੇ=ਸੋਇਨੇ ਦੇ ਖੋਜੀ। ੮। ਸ਼ੋਹਣ=ਬਰਛੀ। ਧੂਮ੍ਰ ਕੇਤ=ਬੋਦੀ ਵਾਲਾ ਤਾਰਾ। ਅਣੀਆਂ=ਸੈਨਾ। ਸੰਘਰੇ=ਜੁਧ। ਕੇਬਰ=ਤੀਰ। ਖਰਚਾਮੀ=ਖੋਤੇ ਦੇ ਚਮ ਦੇ ਧੌਂਸੇ। ੧੪। ਮਹਿਖਲ=ਸੰਜੋਇ ਝੋਟੇ ਦੇ ਖੱਲ ਦੀ। ਉਮਲ=ਉਲਰਨਾ। ਰੈਬਾਰੇ=ਵਕੀਲ। ਅਹਾੜ=ਜੁੱਧ। ਸਲਲ=ਗੰਗਾ। ਜਮਧਾਨੀ=ਯਮ ਦਾ ਬਾਹਨ ਮਹਿਆਂ (ਮੈਂਸਾ)। ਪਲਾਣੀ=ਤਾਹਰੂ। ਬਿਧਨ=ਦੁਖਾਂ। ਇਤੀ=ਬਸ। ਅਗਲੇ=ਬਹੁਤੇ। ਸਮਾਇ=ਨਮਸ਼ਕਾਰ (ਤਾਲ)। ਇਆਣੀ=ਬੇ ਅਮਲੀ। ਫੁਲ=ਸ਼ਰਾਬ। ਈਸ਼ਰ=ਸ਼ਿਵ, (ਬ੍ਰਹਮਾ ਆਦਿ)। ਪਟੇਲਾਂ=ਸੰਜੋਇ ਫਟੀਆਂ ਨਾਲ। ਅਛੂਹਣੀ=ਅਖੂਹੇਣੀ (੨੧੮੭੦ ਰਥ ਔਰ ਇਤਨੇ ਹਾਥੀਆਂ ਵਾਲੇ, ੬੫੬੧੦ ਘੋੜ ਸਵਾਰ, ੧੦੯੩੫੦ ਪੈਦਲ ਫੌਜਾਂ)। ਅਨਾਗੀ=ਇਕ ਰਸ। ਸੰਘਰ=ਜੁਧ। ੨੫। ਮਦਾਰੀ=ਫਕੀਰ। ਰੋਹੂ=ਮੱਛੀ। ਛੱਛਾਲੀ=ਬਿਜਲੀ। ਘੁਮਿਆਰ=ਰੌਲਾ। ਸਿਆਲੀ=ਗਿਦੜਾਂ। ਬਜਾਕੇ=ਪ੍ਰਗਟ। ਜਾਗ=ਸੁਚੇਤ। ਵਿਸੂਲਾ=ਦੁਖੀ। ਚੋਬਾਂ=ਡੱਗੇ (ਚੋਟਾਂ)। ਕਰਹਾਲੀ=ਖਬਰ। ਆਹਰੀ=ਉਦਮੀ। ਜਮਧੜਾ=ਕਟਾਰ। ਪਾਜੀ=ਕਾਇਰ। ਗਨਲੇ=ਮੋਛੇ। ਬਾਗੜਾਂ=ਬਾਣਾਂ। ਰਹਮਤ=ਸ਼ਾਬਾਸ਼। ਤੁਫੰਗਾਂ=ਬੰਦੂਖਾਂ। ਕੇਬਰੀ=ਬਾਣੀ। ਓਰੜ=ਝੁਕਾਉ।

Digitized by Panjab Digital Library | www.panjabdigilib.org

ਬਖਤ੍ਰ=ਭਿਲਤਾ। ਪਜੂਤੇ=ਪਕੜੇ। ਵਥਾਂ=ਚੀਜ਼ਾਂ। ਕਤੂਛੇ=ਕੱਖਾਂ ਦੀ ਗ੍ਰਾਹੀ। ਰਾਜ ਅਭਖੇਕ=ਰਾਜ ਤਿਲਕ।

ਭਗੌਤੀ ਵਾਰ ਦੀਆਂ ਪਚਵੰਜਾ ਪੌੜੀਆਂ ਹਨ, ਸਾਬਤ ਇਹ ਹੋਇਆ ਕਿ ਇੰਦ੍ਰ ਆਦਿ ਦੇਵਤੇ ਦੈਂਤਾਂ ਦੇ ਅਗੇ ਮਹਾਂ ਕਾਇਰ ਸਨ, ਜੇ ਦੇਵੀ ਭਾਵ ਇਕ ਨੇਕ ਇਸਤ੍ਰੀ ਉਨ੍ਹਾਂ ਦੀ ਮਦਦ ਨਾ ਕਰਦੀ ਤਾਂ ਉਹ ਇਕ ਕੌਡੀ ਦੇ ਮਾਨੁਖ ਯਾਂ ਵਿਯਕਤੀਆਂ ਨਹੀਂ ਸਨ। ਸਮਾਪਤ।

## ਸ੍ਰੀ ਭਗਉਤੀ ਜੀ ਸਹਾਇ

(ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ੧੦)

ਭਗਉਤੀ ਵਾਰ ਦੇ ਅਰਥ ਹਨ ਭਗਉਤੀ ਜਸ (ਦੇਵੀ ਮਹਿਮਾਂ) ਇਹ ਤਲਵਾਰ ਯਾ ਅਕਾਲ ਉਸਤਤ ਉੱਕੀ ਨਹੀਂ ਹੈ। ਸ੍ਰੀ ਦੇ ਅਰਥ ਸੋਭਾਇਮਾਨ ਹਨ, ਪਾਤਸ਼ਾਹੀ ੧੦ ਲਿਖੇ ਜਾਣ ਕਰਕੇ ਇਸਦਾ ਪ੍ਰਚਾਰ ਵਧਦਾ ਫੁਲਦਾ ਰਿਹਾ ਹੈ, ਪ੍ਰਿਥਮ ਭਗਉਤੀ ਸਿਮਰਨ ਤੋਂ ਮੰਤਵ ਇਹ ਹੈ ਕਿ ਦਸਾਂ ਗੁਰਾਂ ਦੀ ਇਸ਼ਟ ਉਪਾਸ਼ਨਾ ਭਗੌਤੀ ਹੈ। ਭਗੌਤੀ ਸਿਮਰਨ ਵਾਲੇ ਇਸ ਨੂੰ ਤਲਵਾਰ, ਸ਼ਕਤੀ, ਆਦਿ ਆਖ ਕੇ ਕੰਮ ਸਾਰਦੇ ਹਨ। ਬੇਸ਼ਕ ਵਾਰ ਵਿਚ ਭਗਉਤੀ ਦੇ ਅਰਥ ਤਲਵਾਰ ਭੀ ਆਏ ਹਨ, ਪਰ ਇਹ ਵਾਰ ਤਲਵਾਰ ਦੀ ਮਹਿਮਾਂ ਲਈ ਨਹੀਂ ਉਚਾਰੀ ਗਈ। ਪਿਛੇ ਆ ਚੁਕੇ ਦੋਨਾਂ ਚੰਡੀ ਚਰਿਤ੍ਰਾਂ ਦਾ ਸਟਾ ਸਰੂਪ ਇਹ ਵਾਰ ਹੈ। ਦੇਵੀ ਪ੍ਰਸੰਗ ਮਾਰਕੰਡੇ ਪੁਰਾਣ ਦੇ ਧਿਆਇ ੮੧ ਤੋਂ ੯੧ ਤੀਕਰ ਦਾ ਉਲਥਾ ਹੈ, ਸਾਰੇ ਸੱਤ ਸੋ ਸਲੋਕ ਹਨ (ਸਤਿਸਯਾ ਦੀ ਕਥਾ) ਉਥੇ ਇਸਦਾ ਨਾਮ ਦੁਰਗਾ ਸਪਤ ਸਤੀ ਯਾਂ ਦੁਰਗਾ ਪਾਠ ਹੈ। ਦੁਰਗਾ ਪਾਠ ਬਣਾਇਆ ਸਭੇ ਪਉੜੀਆਂ। ਪਹਿਲੀ ਪਉੜੀ ਸਭ ਦੇ ਨਾਲੇ ਆ ਗਈ ਹੈ। ਇਹ ਦੁਰਗਾ ਸਪਤ ਸਈ (ਸਪ੍ਤਸਈ) ਹੈ। ਸਭੇ ੫੫ ਪਚਵੰਜਾ ਪਉੜੀਆਂ ਹਨ। ਧਿਆਇ ੧੪ ਦਾ ਅੰਕ ੮੧ਤੋਂ੯੧ਤਕ ਹੀ ਅਨੁਵਾਦ ਹੈ,ਉਥੇ ਕਾਫੀ ਵੱਡਾ ਪ੍ਰਸੰਗ ਹੈ ਇਸਦਾ ਲਿਖਾਰੀ ਖੁਦ ਮੰਨਦਾ ਹੈ ਕਿ ਸ੍ਰੀ ਮਾਰਕੰਡੇ ਪੁਰਾਣੇ ਸਤ ਸੈ ਕੀ ਇਹ ਕਥਾ ਪੂਰੀ ਭਈ ਇਸ ਪਰ ਉਜ਼ਰ ਹੀ ਕੀ ਹੈ ਕਿ ਉਹ ਕਥਾ ਨਹੀਂ ਹੈ। ਫੇਰ ਨ ਜੂਨੀ ਆਇਆ, ਜਿਨ ਇਹ ਗਾਇਆ। ਐਸੀ ਲਿਖਤਾਂ ਨੇ ਹੀ ਦੇਵੀ ਭਗਤੀ ਨੂੰ ਉਚਾ ਬਣਾ ਦਿਤ੍ਰਾ ਹੈ। ਮਾਰਕੰਡੇ ਵਿਚ ਅੰਕ ੧ ਤੋਂ ਲਾਕੇ ੨੯ ਤੀਕ ਪੜ੍ਹਨ ਪਾਠ ਦੇ ਫਲ ਲਿਖੇ ਹਨ। ਉਥੇ ਕੋਈ ਐਸੀ ਚੀਜ਼ ਨਹੀਂ ਛਡੀ ਜੋ ਦੇਵੀ ਪਾਠ ਕਰਨ ਸੇ ਨਾ ਪ੍ਰਾਪਤੀ ਹੋਵੇ। ਇਸ ਕਰਕੇ ਕਈ ਸਜਣ ਇਸਦਾ ਪਾਠ ਸੁਖਮਨੀ ਸਾਹਿਬ ਨਾਲੋਂ ਵੀ ਵਧ ਪਰੇਮ ਨਾਲ ਕਰਦੇ ਵੇਖੇ ਹਨ।

ਦੁਰਗਾ ਦੀ ਬਹਾਦਰੀ ਤੋਂ ਇਹ ਤਾਂ ਸਾਬਤ ਹੁੰਦਾ ਹੈ ਕਿ ਉਸਦੇ ਮੁਕਾਬਲੇ ਪਰ ਇੰਦ੍ਰ ਆਦਿ ਸਭ ਦੇਵਤੇ ਕਾਇਰ ਸਨ, ਜਿਨਾਂ ਪਾਸੋਂ ਰਾਖਸ਼ ਘੜੀ ਮੁੜੀ ਸ੍ਵਰਗ ਖੋਹ ਲੈਂਦੇ ਸਨ। ਕਈਆਂ ਨੂੰ ਖਿਆਲ ਹਨ ਕਿ ਭਗੌਤੀ ਵਾਰ ਦੇ ਆਰੰਭ ਵਿਚ ਖੰਡਾ ਪ੍ਰਿਥਮ ਸਾਜ ਕੇ ਆਦਿ ਮੰਗਲਾ ਚਰਨ ਅਕਾਲ ਪੁਰਖ ਦਾ ਹੈ ਪਰ ਇਹ ਬਾਤ ਉਕੀ ਗਲਤ ਹੈ, ਦੇਵੀ ਪੁਰਾਣ ਆਦਿ ਹਿੰਦੂ ਗ੍ਰੰਥ ਮੰਨਦੇ ਹਨ ਕਿ ਸੰਸਾਰ ਔਰ ਬ੍ਰਹਮਾਂ ਵਿਸ਼ਨ ਸ਼ਿਵ ਆਦਿ ਦੇ ਬਨਾਉਣ ਵਾਲੀ ਦੇਵੀ ਹੈ।

Digitized by Panjab Digital Library | www.panjabdigilib.org

ਸੋ ਦੇਵੀ ਨੇ ਹੀ ਪ੍ਰਿਥਮ ਖੰਡਾਂ ਆਦਿ ਟਾਪੂਆਂ ਦੀ (ਸੰਸਾਰ) ਸਾਜਨਾ ਕੀਤੀ ਔਰ ਦੇਵੀ ਪਾਸੋਂ ਹੀ ਰਾਮ ਚੰਦਰ ਕ੍ਰਿਸ਼ਨ ਆਦਿ ਅਵਤਾਰਾਂ ਨੇ ਬਲ (ਤਾਕਤ, ਸ਼ਕਤੀ) ਪਰਾਪਤ ਕਰ ਕੇ ਸੰਸਾਰ ਦਾ ਪ੍ਰਬੰਧ ਚਲਾਇਆ ਹੈ, 'ਤੈਹੀ ਦੁਰਗਾ ਸਾਜ ਕੈ ਦੈਤਾਂ ਦਾ ਨਾਸ ਕਰਾਇਆ' ਯਾਦ ਰਖੋ! ਇਥੇ ਉਸ ਭਗੌਤੀ ਦਾ ਜਿਕਰ ਹੈ ਜਿਸ ਨੂੰ ਭਵਾਨੀ ਸ਼ਕਤੀ ਮੰਨਿਆਂ ਹੈ (ਚਰਨ ਸ਼ਰਨ ਜਿਹ ਬਸਤ ਭਵਾਨੀ ਤੂੰ ਕਹੀਅਤ ਹੈ ਆਦਿ ਭਵਾਨੀ) ਦੁਰਗਾ ਉਸ ਥੀਂ ਪੈਦਾ ਹੋਈ ਭਾਵ ਦੂਜੇ ਨੰਬਰ ਪਰ ਦੇਵੀ ਦੁਰਗਾ ਹੈ। ਪਿਛੇ ਦਸ ਆਏ ਹਾਂ ਕਿ ਦੇਵੀਆਂ ਅਗੇ ਤੋਂ ਅਗੇ ਬਹੁਤ ਹਨ ਜਿਵੇਂ ਕਿ ਦੁਰਗਾ ਦੇ ਮਥੇ ਵਿਚੋਂ ਨਿਕਲੀ ਕਾਲੀ ਦੇਵੀ ਜੋ ਰਾਖਸ਼ਾਂ ਦਾ ਨਾਲੋ ਨਾਲ ਲਹੂ ਪੀਂਦੀ ਸੀ।

ਸੋ ਜਿਸ ਨੂੰ ਪ੍ਰਿਥਮ ਭਗੌਤੀ ਸਿਮਰਕੈ ਕਿਹਾ ਹੈ ਇਹੋ ਪ੍ਰਿਥਮ ਯਾਂ ਸਰੋਮਣੀ ਤਾਕਤ ਮੰਨੀ ਹੈ। ਇਸ ਪਾਸੋਂ ਹੀ ਰਾਮ ਕ੍ਰਿਸ਼ਨ ਨੇ ਤਾਕਤ ਹਾਸਲ ਕਰ ਕੇ ਰਾਵਣ ਕੰਸ ਆਦਿ ਦੈਂਤ ਮਾਰੇ ਸਨ ਇਕਰ ਹੀ ਸ੍ਰੀ ਭਗੌਤੀ ਜੀ ਸਹਾਇ ਹੈ ਜੋ ਕਿ ਗੁਰੂ ਸਾਹਿਬਾਨ ਨੇ ਉਸ ਪਾਸੋਂ ਤਾਕਤ ਲੈ ਕੇ ਜੰਗ ਯੁਧ ਕਰਕੇ ਦੁਸ਼ਟਾਂ ਦਾ ਨਾਸ ਕੀਤਾ।

•ਸੋ ਜੇ ਕਿਸੇ ਜੁਗਤੀ ਨਾਲ ਇਹ ਮੰਗਲਾ ਚਰਨ ਅਕਾਲ ਪੁਰਖ ਦਾ ਭੀ ਮੰਨਿਆਂ ਜਾਵੇ ਤਦ ਵੀ ਭਗੌਤੀ ਜੀ ਸਹਾਇ ਦੇ ਅਰਥ ਅਕਾਲ ਪੁਰਖ ਨਹੀਂ ਹੋ ਸਕਦੇ। ਪਹਿਲੀ ਪਉੜੀ ਅਰਦਾਸ ਰੂਪ ਨਹੀਂ ਹੈ ਗੁਰੂ ਸਾਹਿਬਾਨ ਦੇ ਨਾਮ ਬਾ ਅਦਬ ਨਹੀਂ ਲਿਤੇ ਗਏ ਔਰ 'ਘਰ ਨਉ ਨਿਧ ਆਵੈ ਧਾਇ। ਜਿਸ ਡਿਠੈ ਸਭ ਦੁਖ ਜਾਇ।' ਗੁਰਮਤ ਸਿਧਾਂਤ ਨਹੀਂ ਹੈ। ਦਸਾਂ ਗੁਰਾਂ ਵਿਚ ਕੋਈ ਭਿੰਨ ਭੇਦਤਾ ਨਹੀਂ ਹੈ।

## ਤੈਥੋ ਹੀ ਬਲੁ ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਇਆ

'ਕੰਸ' ਦੇ ਮਾਰਨੇ ਕਰਕੇ ਕ੍ਰਿਸ਼ਨ ਨੂੰ 'ਕੇਸ਼ਵ' ਭੀ ਕਿਹਾ ਗਿਆ। ਕੰਸ ਨੂੰ ਕ੍ਰਿਸ਼ਨ ਨੇ ਉਸਦੇ ਮਹਿਲਾਂ ਅੰਦਰ ਜਾ ਕੇ ਕੋਠੇ ਤੋਂ ਪਕੜ ਕੇ ਉਸ ਦੇ ਕੇਸ ਰਸੇ ਨਾਲ ਨਰੜ ਕੇ ਨੀਚੇ ਗਿਰਾ ਦਿਤਾ ਸੀ। ਇਕ ਕੰਸ ਕੇਸ਼ੀ ਨਾਮ ਦਾ ਘੁਲੇਟਾ ਭੀ ਸੀ, ਜੋ ਕਿ ਕੰਸ ਦਾ ਸਾਥੀ ਸੀ। ਇਹ ਘੋੜੇ ਦੇ ਰੂਪ ਵਿਚ ਹੋ ਕੇ ਕ੍ਰਿਸ਼ਨ ਨੂੰ ਮਾਰਨੇ ਆਇਆ, ਕ੍ਰਿਸ਼ਨ ਨੇ ਉਸ ਦੇ ਮੂੰਹ ਵਿਚ ਹੱਥ ਪਾ ਕੇ ਉਸ ਦਾ ਸੰਘ ਪਾੜ ਘੱਤਿਆ ਸੀ (ਕੇਸੀ ਕੰਸ ਮਥਨ ਜਿਨ ਕੀਆ)। ਲਿਖਿਆ ਹੈ ਕਿ ਇਕ 'ਸਕਟਾ ਸੁਰ' ਨਾਮੀ ਦੈਂਤ ਗੱਡਾ (ਹੇੜ੍ਹਾ) ਬਣਕੇ ਮਾਰਨੇ ਗਿਆ ਸੀ। ਇਹ ਭੀ ਪ੍ਰਸੰਗ ਹੈ ਕਿ ਗਾਰਗਯ ਰਿਖੀ ਨੇ ਗੋਪਾਲੀ ਅਪੱਛਰਾਂ ਨਾਲ ਭੋਗ ਕਰ ਕੇ ਕਾਲ ਜਮਨ ਪੈਦਾ ਕੀਤਾ ਸੀ, ਜੋ ਕਿ ਯੂਨਾਨ ਦਾ ਰਾਜਾ ਸੀ। ਇਹ ਕ੍ਰਿਸ਼ਨ ਦਾ ਪੱਕਾ ਵੈਰੀ ਸੀ, ਇਸ ਨੇ ਕ੍ਰਿਸ਼ਨ ਨੂੰ ਕਈ ਵੇਰ ਹਾਰ ਦਿਤੀ। ਕੰਸ ਦੀ ਰਾਣੀ ਰਾਜਾ ਜਰਾਸਿੰਧ ਦੀ ਪੁਤ੍ਰੀ ਸੀ, ਕੰਸ ਦੇ ਮਾਰਨ ਪਰ ਜਰਾਸਿੰਧ ਔਰ ਕਾਲ ਜਮਨ ਨੇ ਕ੍ਰਿਸ਼ਨ ਪਰ ਹਮਲਾ ਕੀਤਾ, ਜਿਸ ਪਰ ਕ੍ਰਿਸ਼ਨ ਮਥਰਾ ਤੋਂ ਨੱਠ ਗਿਆ। ਕਾਲ ਜਮਨ ਨੇ ਪਿਛਾ ਕੀਤਾ, ਕ੍ਰਿਸ਼ਨ ਨੇ ਇਕ ਚਾਲ ਖੇਡੀ ਕਿ ਅਗੇ ਮਾਨ ਧਾਤਾ ਰਾਜਾ ਦਾ ਪੁਤ੍ਰ 'ਮੁਚ

Digitized by Panjab Digital Library | www.panjabdigilib.org

ਕੰਦ' ਦੇਵਤਿਆਂ ਦੀ ਜੰਗ ਵਿਚ ਮੱਦਦ ਕਰ ਕੇ ਸੁਤਾ ਪਿਆ ਸੀ, ਉਸ ਨੂੰ ਇਹ ਵਰ ਸੀ ਕਿ ਜੋ ਉਸ ਨੂੰ ਸੁਤੇ ਨੂੰ ਜਗਾਏ ਗਾ ਸੜ ਮਰੇਗਾ। ਨਠੇ ਜਾਂਦੇ ਕ੍ਰਿਸ਼ਨ ਨੇ ਉਸ ਸੁਤੇ ਪਏ ਦੇ ਲਤ ਮਾਰੀ, ਓਹ ਜਾਗ ਪਿਆ। ਮਗਰੋਂ ਉਥੇ ਆ ਗਿਆ ਕਾਲ ਜਮਨ, ਭੁਲੇਖੇ ਨਾਲ ਓਹੀ ਸੜ ਮਰਿਆ। ਕ੍ਰਿਸ਼ਨ ਦਾ ਛੁਟਕਾਰਾ ਹੋ ਗਿਆ। ਇਸ ਤਰਾਂ ਕਾਲ ਜਮਨ ਅਜਾਈਂ ਸੜ ਮਰਿਆ।

## ਸਾਧੂ ਸਤਜੁਗ ਬੀਤਿਆ

ਇਸ ਤੋਂ ਸਾਬਤ ਹੈ ਕਿ ਦੈਤਾਂ ਔਰ ਦੇਵੀ ਦਾ ਜੰਗ ਤ੍ਰੇਤਾ ਜੁਗ ਦਾ ਹੈ। ਰਾਜਾ ਮਹਿਖਾਸਰ ਦਾ ਤ੍ਰੇਤਾ ਵਿਖੇ ਹੋਣਾ ਮੰਨਿਆਂ ਹੈ ਪਰ ਲਿਖਿਆ ਹੈ ਕਿ ਰਾਮ ਚੰਦਰ ਜੀ ਔਰ ਕ੍ਰਿਸ਼ਨ ਜੀ ਭਗਵਤੀ ਤੋਂ ਤਾਕਤ ਲੈ ਕੇ ਦੈਤਾਂ ਨੂੰ ਪਹਿਲਾਂ ਹੀ ਮਾਰ ਚੁਕੇ ਸਨ। ਹਿੰਦੂ ਗਰੰਥਾਂ ਨੇ ਕ੍ਰਿਸ਼ਨ ਜੀ ਦੇ ਦੇਹਾਂਤ ਤੋਂ ਕਲਿਜੁਗ ਦਾ ਆਰੰਭ ਮੰਨਿਆਂ ਹੈ, ਯਾ ਤੇ ਇਸ ਜੰਗ ਦਾ ਸਮਾਂ ਨੇੜੇ ਦਾ ਹੈ। ਜੇ ਦੇਵੀ ਦੀ ਉਤਪਤੀ ਵਲ ਤਕੀਏ ਤਾਂ ਇਹ ਇਕ ਗੋਰਖ ਧੰਦਾ ਯਾਂ ਮਨ ਕਲਪਤ ਨਾਟਕ ਯਾਂ ਨਾਵਲ ਲੇਖਣੀ ਹੈ। ਕਵੀਸ਼ਰਾਂ ਨੇ ਇਕ ਦਿਲ ਬਹਿਲਾਵਾ ਕਹਾਣੀ ਘੜ ਦਿਤੀ ਹੈ।

ਸ੍ਰੀ ਭਗਉਤੀ ਜੀ ਸਹਾਇ॥

# ਅਥ ਗਿਆਨ ਪ੍ਰਬੋਧ

## ਗ੍ਰੰਥ, ਲਿਖਯਤੇ ਪਾਤਸ਼ਾਹੀ ੧੦

'ਸ੍ਰੀ ਭਗਉਤੀ ਜੀ ਸਹਾਇ।' ਇਹ ਪੰਗਤੀ ਗੁਰੂ ਘਰ ਦਾ ਮੰਗਲਾ ਚਰਨ ਨਹੀਂ ਹੈ, ਗਜ਼ਾਨ ਪ੍ਰਬੋਧ ਤੋਂ ਭਾਵ ਗਜ਼ਾਨ ਉਪਦੇਸ਼ ਹੈ, ਪਰ ਇਹ ਨਿਰੋਲ ਬ੍ਰਹਮ ਗਜ਼ਾਨ ਨਹੀਂ, ਬਲਕਿ ਗ੍ਰੰਥ 'ਮਹਾਂ ਭਾਰਤ' ਦੇ ਪ੍ਰਸੰਗ ਭੀ ਸ਼ਾਮਲ ਹਨ, ਰਚਨਾਂ ਭੀ ਅਗੇ ਪਿਛੇ ਹੈ। ਸਾਰੇ ਅੰਕ ੩੩੬ ਦਿਤੇ ਹਨ। ਦਾਨ ਧਰਮ ਦਰਪਣ, ਇਸੇ ਦਾ ਹਿੱਸਾ ਨਹੀਂ ਹੈ।

## ਕਠਨ ਪਦ

ਲੋਕੇਸ੍ਵਰੰ=ਜਗਤ ਈਸ੍ਵਰ। ਅਕੰਤ੍ਰੰ=ਇਕਾਂਤ। ਅਗੰਤੰ=ਅਖੀਰ ਗਤ। ਅਗੰਜੁਲ=ਅਣਟੁਟ। ਰਹਾਕੁਲ=ਕ੍ਰਿਪਾਲੂ (ਬੰਦੀ ਛੋੜ)। ਭਰਮ ਭੇਵ=ਭ੍ਰਮਾਂ ਤੋਂ ਅਪਾਰ। ਰਛਪਾਲ=ਪਾਲਕ। ਪਰੇਵ=ਨਿਸਚੇ ਕਰ। ਪਰਮ ਪਾਸ=ਅਤੀ ਨੇੜੇ। ਪੁਰਾਨ=ਪੁਰਾਣੇ। ਨੇੜੇ। ਮੰਡਲੀ=ਟੋਲੀ। ਉਦੰਡ=ਵਡੀ। ਸੁਬੱਲੀ=ਰਾਜ ਸਿੰਘਾਸਨ। ਬਿਸ੍ਵਕਰਣੰ=ਸ੍ਰਿਸ਼ਟ ਕਰਤਾ। ਅਨਗੰਜ=ਨਾਸ ਰਹਿਤ। ਪ੍ਰਕਰਣੰ=ਉਤਪਤ ਕਰਤਾ। ਅਧਰਣ ਧਰਣੰ=ਨਿਧਰਿਆਂ ਦੀ ਧਿਰ। ਤੇਜਬਰੰ=ਪ੍ਰਕਾਸ਼ਕ। ਅਬਾਧੰ=ਪੀੜਾ ਰਹਿਤ। ਪ੍ਰਸਾਧੰ=ਸਾਧਨਾ ਰੂਪ। ਅਕਲੰਕਯ=ਕਲੰਕ ਰਹਿਤ। ਕਿਲ ਵਿਖ=ਬੱਜਰ ਪਾਪ। ਅਗਾਧੇ=ਕਥਾ ਰਹਿਤ। ਸਰਾਸੀ=ਖਜ਼ਾਨਾ। ਸਰਿਤ=ਨਦੀ। ਖਲਦਲ=ਮੂਰਖਾਂ ਕੇ ਦਲਤਾ। ਅਸੰਭ=ਅਸਚ੍ਰਜ ਰੂਪ। ਬਲਿਸਟ=ਬਲਵਾਨ। ਅਚੁਤ=ਅਚਲ (ਅਡਿਗ)। ਰੰਜਨ=ਪ੍ਰਸੰਨਤਾ। ਪਰਿਲਸਤ=ਲਿਸ਼ਕਾਰ। ਜਟਿਤ=ਜੜੀ।

Digitized by Panjab Digital Library | www.panjabdigilib.org

ਨਿਖਤ ਪਤਿ=ਚੰਦ੍ਰਮਾਂ। ਪਦਮਾਛ=ਸੁੰਦਰ ਨੇਤ੍ਰ। ਨਿਮ੍ਰ ਰੂਪ=ਨਿਮ੍ਰਤਾ ਸਹਿਤ। ਅਖੇਦਾਨ=ਖੇਦ ਰਹਿਤ। ਨਰਵਾਰ=ਸ੍ਰੇਸ਼ਟ ਨਰ। ਨਾਯਕ=ਪ੍ਰੇਰਕ। ਰਵਣ=ਵਿਆਪਕ। ਨਿਰਜੂਰ=ਸੜਨ ਰਹਿਤ। ਅਛਾਨ=ਅਛਪ। ਅਭਿ ਬੰਦਿਤ=ਹਿਰਦੇ ਕਰ ਬੰਦਨਾ। ਬਡਵੇ=ਵਡਭਾਗੀ। ਚਵਗਨ=ਚਾਰ ਗੁਣਾ। ਚਕ=ਚਕ੍ਰਿਤ। ਸਬਲ=ਬਲ ਸਹਿਤ। ਅਗੰਜਸ=ਅਣਗਿਣਤ। ਅਭੰਜਸ=ਭੰਨਣ ਰਹਿਤ। ਅਰੂਪਸ=ਰੂਪ ਰਹਿਤ। ਅਰੰਜਸ=ਗੁਸੇ ਰਹਿਤ। ਅਛੇਦਸ=ਛੇਦਣ (ਕਟਣ=ਰਹਿਤ। ਅਭੇਦਸ=ਭੇਦ ਰਹਿਤ। ਅਨਾਮਸ=ਨਾਮ ਰਹਿਤ। ਅਕਾਮਸ=ਕਾਮਨਾ (ਇੱਛਾ) ਰਹਿਤ। ਅਭੇਖਸ=ਭੇਖ ਰਹਿਤ। ਅਲੇਖਸ=ਲੇਖੇ ਤੋਂ ਪਰੇ। ਅਨਾਦਸ=ਉਤਪਤੀ ਰਹਿਤ। ਅਗਾਧਸ=ਡੂੰਘਾ। ਅਰੂਪਸ=ਰੂਪ ਰਹਿਤ। ਅਭੂਪਸ=ਤੱਤਾਂ ਰਹਿਤ। ਅਦਾਗਸ=ਕਲੰਕ ਰਹਿਤ। ਅਰਾਗਸ=ਦ੍ਵੈਖ ਰਹਿਤ। ਅਭੇਦਸ=ਭੇਦ ਰਹਿਤ। ਅਛੇਦਸ=ਕੱਟਣ ਰਹਿਤ। ਅਛਾਦਸ=ਢਕਣ ਰਹਿਤ (ਪਰਦੇ ਰਹਿਤ)। ਅਗਾਧਸ=ਅਤੀ ਡੂੰਘਾ। ਅਸੇਅਸ=ਐਸਾ ਹੀ ਐਸਾ। ਅਧੇਅਸ=ਤਿੰਨੇ ਕਾਲਾਂ ਵਿਚ। ਉਕਾਰਸ=ਸਰਗੁਣ ਰੂਪ। ਨਿਕਾਰਸ=ਨਿਰਗੁਣ ਰੂਪ। ਅਖੰਜਸ=ਖਿਝਣ ਰਹਿਤ। ਅਭੰਜਸ=ਭੰਜਣ (ਨਾਸ਼) ਰਹਿਤ। ਅਘਾਤਸ=ਘਾਤ (ਦਾਓ ਰਹਿਤ)। ਅਕਜਾਤਸ=ਦੁਖ ਲਈ ਅਗਨੀ। ਅਚੱਲਸ=ਅੱਟਲ। ਅਛੱਲਸ=ਛਲ ਰਹਿਤ। ਅਜਾਤਸ=ਜਾਤ (ਉਤਪਤ) ਰਹਿਤ। ਅਪਾਤਸ=ਪੰਗਤੀ ਰਹਿਤ। ਅਖੱਲਸ=ਨਾਸ਼ ਰਹਿਤ (ਖਿਆਲ ਰਹਿਤ)। ਅਟੱਲਸ=ਟਲਣੇ ਰਹਿਤ। ਅਟਾਟਸਚ=ਕਾਬੂ (ਟੰਟੇ) ਰਹਿਤ। ਅਤਾਟਸਚ=ਤਾਟਣ ਰਹਿਤ। ਅਤੰਗਸਚ=ਕਟਣ (ਵਢਣ) ਰਹਿਤ। ਅਣੰਗਸਚ=ਅੰਗਾਂ ਰਹਿਤ। ਅਤਾਨਸਚ=ਬਲ ਰਹਿਤ। ਅਥਾਨਸਚ=ਅਸਥਾਨ (ਜਗਾ) ਰਹਿਤ। ਅਦੰਗਸਚ=ਝਗੜੇ ਰਹਿਤ। ਅਨੰਗਸਚ=ਅੰਗ (ਬਸਤ੍ਰਾਂ) ਰਹਿਤ। ਅਪਾਰਸਚ=ਪਾਰਾਵਾਰ ਤੋਂ ਰਹਿਤ। ਅਫਾਰਸਚ=ਪਾੜਨੇ ਰਹਿਤ। ਅਬਿਅਸਤ=ਅਬਿਨਾਸ਼ੀ (ਜਾਣ ਰਹਿਤ)। ਅਭੇਅਸਤ=ਪਤੇ ਤੋਂ ਰਹਿਤ। ਅਮਾਨਸਚ=ਹੰਕਾਰ ਰਹਿਤ। ਅਹਾਨਸਚ=ਘਾਟੇ ਤੋਂ ਰਹਿਤ। ਅਤੰਗਸਚ=ਸਾਰੇ ਥਾਂ ਅੜਿਆ ਹੋਇਆ (ਪਰੀ ਪੂਰਨ)। ਅਤ੍ਰੰਗਸਚ=ਵਾਸ਼ਨਾ (ਫੁਰਨਿਆਂ) ਤੋਂ ਰਹਿਤ। ਅਰਾਮਸਚ=ਅਨੰਦ ਰੂਪ। ਅਚਾਮਸਚ=ਚਮੜੇ ਰਹਿਤ। ਅਜੋਧਸਚ=ਜੋਧਿਆਂ ਤੋਂ ਪਰੇ। ਅਵੇਜਸਚ=ਅਤੀ ਬਲਵਾਨ। ਅਸੇਅਸਤ=ਐਸਾ ਹੀ ਐਸਾ ਜਿਹਾ ਕਿ ਪਿਛੇ ਕਿਹਾ। ਅਭੇਅਸਤ=ਪਤੇ ਤੋਂ ਰਹਿਤ। ਅਅੰਗਸਚ=ਅੰਗਾਂ ਵਿਚ। ਇਅੰਗਸਚ=ਸੁੰਦ੍ਰ ਅੰਗਾਂ ਵਾਲਾ। ਉਕਾਰਸਤ=ਨਿਰਗੁਣ ਸਰੂਪ। ਅਕਾਰਸਤ=ਸਰਗੁਣ ਸਰੂਪ। ਅਖੰਡਸਤ=ਹਿਸੇ ਤੋਂ ਰਹਿਤ। ਅਡੰਗਸਤ=ਡੰਗਣ ਰਹਿਤ।

Digitized by Panjab Digital Library | www.panjabdigilib.org

ਅਤਾਪਹਿ=ਤਪਾਉਣ ਤੋਂ ਰਹਿਤ।
ਅਥਾਪਹਿ=ਥਾਪਣ ਤੋਂ ਰਹਿਤ।
ਅਦੰਗਹਿ=ਝਗੜੇ ਤੋਂ ਰਹਿਤ।
ਅਨੰਗਹਿ=ਅੰਗਾਂ ਤੋਂ ਰਹਿਤ।
ਅਨੀਲਹਿ=ਨੀਲੇ ਰੰਗ ਰਹਿਤ।
ਸੁਨੀਲਹਿ=ਸ੍ਰੇਸ਼ਟ ਰੰਗ ਵਾਲਾ।
ਸਜਸ=ਸਜਿਆ। ਧਜਸ=ਨਿਸ਼ਾਨ ਰੂਪ। ਅਲਸ=ਤ੍ਰਿਪਤ ਹੋਇਆ।
ਇਕਸ=ਇਕੋ। ਤੁਯੰ=ਤੂੰਹੀਂ।
ਜਲਸ=ਜਲਾਂ ਵਿਚ। ਥਲਸ=ਥਲਾਂ ਵਿਚ। ਪਤਸ=ਪਤਾਲਾਂ ਵਿਚ।
ਬਨਸ=ਬਨਸਪਤੀ। ਗਿਰਸ=ਘਰ।
ਗੁਫਸ=ਗੁਫਾ। ਨਿਰਸ=ਨਿਸਚੇ ਕਰਕੇ। ਨਦਿਸ=ਨਦੀ ਰੂਪ।
ਰਵਸ=ਸੂਰਜ। ਸਸਿਸ=ਚੰਦ੍ਰਮਾਂ।
ਰਜਸ=ਰਜੋ ਗੁਣ ਵਾਲਾ। ਤਮਸ=ਤਮੋ ਗੁਣ ਵਾਲਾ। ਧਨਸ=ਧਨ।
ਮਨਸ=ਮਨ। ਬ੍ਰਿਛਸ=ਦ੍ਰਖਤ।
ਬਨਸ=ਬਨਸਪਤੀ। ਮਤਸ=ਬੁਧੀ।
ਗਤਸ=ਮੁਕਤੀ। ਬ੍ਰਤਸ=ਸੰਤੋਖ ਰੂਪ। ਚਿਤਸ=ਚੇਤਨ ਸਤਾ।
ਪਿਤਸ=ਪਿਤਾ। ਬ੍ਰਿਧਸ=ਪਾਲਣ ਜਾਂ ਧਰਮ ਰੂਪ। ਹਰਿਸ=ਮਾਰਨੇ ਵਾਲਾ। ਕਰਸ=ਕਰਨੇ ਵਾਲਾ।
ਫਲਸ=ਫਲ ਰੂਪ। ਬਲਸ=ਬਲ (ਜੋਰ ਰੂਪ)। ਉਡਸ=ਤਾਰਾ ਮੰਡਲ।
ਪ੍ਰਭਸ=ਚੰਦ੍ਰਮਾਂ। ਗਡਸ=ਤ੍ਰਿਗਣ ਰਹਿਤ (ਜਲ)। ਦਧਸ=ਸਮੁੰਦਰ ਰੂਪ। ਰਵਸ=ਸੂਰਜ। ਛਪਸ=ਛਿਪਣ ਵਾਲਾ। ਗਰਭਸ=ਹੰਕਾਰ ਰੂਪ। ਦਰਬਸ=ਧਨ ਰੂਪ।
ਜੈਅਧ=ਜਿਤਣ ਵਾਲਾ। ਖੈਅਧ=ਨਾਸ ਕਰਨ ਵਾਲਾ। ਪੈਅਧ=ਦੁਧ ਰੂਪ।
ਤ੍ਰੈਅਸ=ਤਿੰਨ ਗੁਣ (ਤਿੰਨ ਤਾਪ)।
ਕਰਮਣੰ=ਨਿਵਲੀ ਕਰਮਾਂ ਦੇ ਕਰਨ ਵਾਲਾ।
ਧਰਮਣੰ=ਧਰਮ ਅਨੁਸਾਰ। ਬਾਸਨੰ=ਰਹਿਣਾਂ, ਬਸਣਾਂ। ਸਮੰ=ਬ੍ਰਾਬਰ, ਸਮਾਨ। ਗਜਾਦਿ=ਹਥੀਂ ਦਾਨ ਦੇਣੇ ਤੇ ਯਗ ਕਰਨੇ। ਇਕੰਤ=ਇਕ ਗੁਠ ਵਿਚ ਬੈਠਣਾਂ। ਭ੍ਰਮੰਤ=ਭਰਮਣਾਂ (ਫਿਰਨਾ)। ਉਚਾਟਨਾਦ=ਉਪਰਾਮ ਹੋਣ ਵਾਲੇ ਕਰਮ। ਕਰੋਰ=ਕਰੋੜਾਂ ਬ੍ਰਤ ਰਖਣੇ। ਭ੍ਰਮਿਸਨੰ=ਭਰਮਣਾ (ਫਿਰਨਾ)। ਦਾਨਕੰ=ਕਰੋੜਾਂ ਦਾਨ ਕਰਨਾ। ਪਾਠਨੰ=ਪਾਠ ਕਰਨੇ (ਪੜ੍ਹਨਾ)। ਠਾਟ=ਬਨਾਉਟ ਬਣਾਉਣਾ।
ਜਗਾਦਿ=ਹਾਥੀ ਆਦਿ, ਜਗ ਆਦਿ, ਦਾਨ ਕਰੇ। ਦਯਾਦਿ=ਦਯਾ (ਰਹਿਮ ਆਦਿ)।
ਅਨਾਦਿ=ਆਦਿ ਰਹਿਤ। ਗ੍ਯਾਨਨੰ=ਗਿਆਨ (ਵਿਚਾਰ)। ਤਮੰ=ਤਮਾ ਵਾਲੇ (ਲਾਲਚ) ਬਲ। ਬ੍ਰਿਤੰ=ਸ੍ਰੇਸ਼ਟ ਬਿਰਤੀਆਂ ਕਰਨੀਆਂ।
ਬ੍ਯਾਸ=ਰਿਖੀਆਂ ਆਦਿ ਦੇ ਨਾਉਂ।
ਸੁਬ੍ਰਹਮ=ਉਨਹਾਂ ਪ੍ਰਮਾਤਮਾਂ ਦਾ ਭੇਦ ਨਾ ਲਿਆ (ਲੈ ਹੋਇਆ)। ਬਣੰ=ਬੰਨ ਜਾਂਦੇ। ਬਸੇਖ=ਬਹੁਤ ਸਾਰੇ ਬਿਆਸ ਵਾਂਙੂ। ਅਨੰਤ=ਅਨੇਕਾਂ।
ਨਿਯਾਇ ਆਦਿ ਯਤਨ (ਭਲੀ ਪ੍ਰਕਾਰ) ਕਰੋ। ਦੇਤਨੰ=ਦੈਂਤ। ਬਿੰਦ-ਨੌਧਰੰ=ਵਿਦਿਆ ਧਾਰਨ ਵਾਲੇ।
ਉਰਗਣ=ਸੱਪ। ਪਾਰਵਾਰਯੰ=ਪਾਰਾਵਾਰ। ਜਣੰਤ=ਜਾਣਿਆਂ ਜਾਂਦਾ ਹੈ ਚਾਰੇ ਚੱਕਾਂ ਵਿਚ। ਧ੍ਰਮੰਤ=ਧਰ ਰਿਹਾ, ਚਲ ਰਿਹਾ, ਫਿਰਦਾ।

Digitized by Panjab Digital Library | www.panjabdigilib.org

ਪੰਨਗੀ-ਸੱਤ। ਉਰਬੀਯੰ-ਧਰਤੀ। ਬਕਤ੍ਰੂਣੰ-ਚਾਰ ਮੁਖਾਂ ਵਾਲੇ ਬ੍ਰਹਮੇ। ਭਤੁਰਕੰ-ਚਾਰ। ਅਸੰਭ-ਅਸਚਰਜ ਤੋਂ ਅਸਚਰਜ। ਬਦੰਤ-ਬਿਦੀ ਜਾਂਦੀ ਹੈ, ਕਹੀ ਜਾਂਦੀ ਹੈ। ਲਾਖੀਐ-ਜਾਣੀਦਾ। ਅਰੰਜ-ਰੋਗ ਰਹਿਤ। ਹਯਾਦਿ-ਘੋੜੇ ਆਦਿਕ। ਕੁੰਜਮੇਦ-ਹਾਥੀ। ਰਾਜਸੂ-ਰਾਜਿਆਂ ਨੂੰ ਅਕਠੇ ਕਰਕੇ ਯਗ ਕਰਨਾ। ਅਦੇਖ-ਕਰਤਾਰ ਦੀ ਭਗਤੀ ਤੋਂ ਬਿਨਾ ਸ੍ਰੇਸ਼ਟ ਕਰਮ ਵੀ ਭਰਮ ਕਰਕੇ ਮੰਨੇ ਜਾਂਦੇ ਹਨ। ਅਮਾਤ-ਮਾਈ ਰਹਿਤ। ਅਖੰਡ-ਖੰਡਨ ਰਹਿਤ। ਚੰਡ-ਤੇਜ। ਗਹਯੰ-ਫੜਿਆ। ਰੀਜਯੰ-ਭੰਨਿਆ ਜਿਯ-ਚਿਤ ਮੇਂ। ਛਾਯਾਬਰ-ਸ੍ਰੇਸ਼ਟ ਰੱਖਯਕ। ਬਾਲਾਕਰ-ਵਡੇ ਕਰਤਾ। ਰੰਗਭੂਮ-ਰਣ ਭੂਮੀ। ਤਨੈਯਾ-ਤਨ (ਪੁੱਤ੍ਰ)। ਛੋਨੀ-ਧਰਤੀ। ਧੂਲਧਾਨੀ-ਧਰਤੀ, ਆਸਰਾ। ਗਾਜੀ-ਸੂਰਮਾਂ। ਜਨਿੰਦਾ-ਜਨਮ ਦਾਤਾ। ਸਾਲਸ-ਸੀਲ ਸਭਾਉ। ਅਵਿੰਦਾ-ਆਉਂਦਾ। ਕਟਿੰਦਾ-ਕਟਦਾ। ਰੀਜਖ-ਨਾਸ਼ ਕਰਤਾ। ਗਾਲਬ-ਹੰਕਾਰ। ਮਿਤ੍ਰਮਾਰੀ-ਮਿਤ੍ਰ ਧ੍ਰੋਹੀ। ਆਰਜਾ-ਉਮਰ।

## ਬ੍ਯਾਸ ਪਰਾਸੁਰ ਸੁਕ ਸਨਾਦਿ ਸ਼ਿਵ ਅੰਤ ਨ ਸੁੱਝੈ

ਬਯਾਸ, ਸੁਕ, ਸਨਕਾਦਿਕ (ਸਨਾਦਿ) ਤੇ ਸ਼ਿਵ ਆਦਿਕਾਂ ਦਾ ਜਿਕਰ ਪਿਛੇ ਆ ਚੁਕਾ ਹੈ ਪਰਾਸੁਰ ਇਕ ਵੈਦਿਕ ਰਿਸ਼ੀ ਦਾ ਨਾਮ ਹੈ, ਜੋ ਕਪਲ ਮੁਨੀ ਦਾ ਚਾਟੜਾ ਸੀ। ਇਹ ਰਿਗ ਵੇਦ ਦੇ ਕਈ ਮੰਤ੍ਰਾਂ ਦਾ ਕਰਤਾ ਵੀ ਮੰਨਿਆਂ ਹੈ। ਇਸ ਦੀ ਅੰਸ ਸਤਜਵਤੀ ਦੇ ਪੇਟੋਂ ਪੰਡਤ ਵਯਾਸ ਪੈਦਾ ਹੋਇਆ ਕਈ ਥਾਂ ਦਸਿਆ ਹੈ ਕਿ ਵਸ਼ਿਸ਼ਟ ਦਾ ਪੁਤਰ ਸੀ। ਵਿਸਨੂੰ ਪੁਰਾਣ ਤੇ ਮਹਾਂ ਭਾਰਤ ਵਿਚ ਇਸ ਨੂੰ ਸਕਤਿ ਰਿਖੀ ਦਾ ਪੁਤਰ ਦਸਿਆ ਹੈ, ਤਥਾ ਵਸ਼ਿਸ਼ਟ ਦਾ ਪੋਤਰਾ। ਕਈ ਗਰੰਥਾਂ ਵਿਚ ਇੰਦਰ ਨੂੰ ਵੀ 'ਪਰਾਸਰ' ਲਿਖਿਆ ਹੈ।

ਨੋਟ—ਘ੍ਰਿਤਾਚੀ ਨਾਮ ਦੀ ਇਕ ਅਪਛਰਾ ਸੀ ਜਿਸ ਨੂੰ ਦੇਖਕੇ ਪੰਡਤ ਵਯਾਸ ਜੀ ਦਾ ਵੀਰਜ ਪਾਤ ਹੋ ਗਿਆ ਜਿਸ ਥੀਂ ਪੰਡਤ ਸੁਕਦੇਵ ਜਨਮਿਆ। ਘ੍ਰਿਤਾਚੀ ਅਪਛਰਾ ਤੋਂ ਹੀ ਦਰੋਣਾਚਾਰਯ ਦਾ ਜਨਮ ਹੈ। ਰਾਜਾ ਕੁਸਨਾਭ ਨੇ ਇਸ ਵਿਚੋਂ ਸੌ ਕੰਨਿਆਂ ਪੈਦਾ ਕੀਤੀਆਂ।

ਨੋਟ—ਇਕ ਰਾਜ ਧਰਮ-ਧਰਮ ਚਾਰ ਦਸੇ ਹਨ ਦਾਨ, ਭੋਗ, ਮੋਖ, ਧਰਮ। ਦਸਮ ਗ੍ਰੰਥ ਦਾ ਇਹ ਪ੍ਰਸੰਗ ਸ੍ਰੀ ਮਦ ਭਗਵਤ ਪੁਰਾਣ ਦੇ ਸਕੰਧ ਪਹਿਲੇ ਔਰ ਨੌਵੇਂ ਵਿਚੋਂ ਨਕਲ ਕੀਤਾ ਹੈ ਜੋ ਕਿ ਸ਼ਾਂਤਿ ਔਰ ਬਲ ਪਰਬ ਦਾ ਹਿਸਾ ਹੈ। ਜਰਾ ਸਿੰਧ ਨੂੰ ਮਾਰਨਾ ਰਾਜਸੂਇ ਯਗ ਕਰਨੇ ਇਹ ਵੇਦ ਬਯਾਸ ਰਿਸ਼ੀ ਸਿਧਾਂਤ ਹਨ। ਦੂਜੇ ਧਿਆਇ ਵਿਖੇ ਸ੍ਰੀ ਬਰਣ ਬਧ ਅਸ ਮੇਧ ਯਗ ਵਿਧੀ ਹੈ। ਪੜ੍ਹੋ ਅੰਕ ੮ ਤੋਂ ੧੬੪ ਪਰ ਇਕ ਕਥਾ ਹੈ ਕਿ ਪਾਂਡਵਾਂ ਦਾ ਵਡੇਰਾ ਬਚਿਤ੍ਰ ਬੀਰਜ ਔਤ ਮਰਿਆ। ਪੰਡਿਤ ਬਯਾਸ ਨੇ ਆਪਣੀ ਮਾਤਾ ਸਤਯ ਵਤੀ ਦੇ ਆਖੇ ਲੱਗ ਕੇ ਬਚਿਤ੍ਰ ਵੀਰਜ ਦੀਆਂ ਰਾਣੀਆਂ ਤੋਂ ਨਯੋਗ ਕਰਮ ਸੇ ਧ੍ਰਿਤ ਰਾਸਟਰ (ਜਮਾਂਦਰੂ ਅੰਧਾ), ਪਾਂਡੋ, ਪੈਦਾ ਕੀਤੇ। ਸਦੇਸਣਾ ਦਾਸੀ ਤੋਂ ਬਿਦਰ

Digitized by Panjab Digital Library | www.panjabdigilib.org

ਪੰਡਤ ਬਜਾਸ ਦਾ ਪਿਤਾ, ਕਿਧਰੇ ਪ੍ਰਾਸਰ ਰਿਸ਼ੀ ਮੰਨਿਆਂ ਹੈ, ਪਰੰਤੂ ਨੇਮ ਅਨੁਸਾਰ ਕੋਰਵ, ਪਾਂਡਵ ਪੰਡਿਤ ਬਜਾਸ ਦੀ ਬਿੰਦੀ ਉਲਾਦ ਸਿਧ ਹੁੰਦੀ ਹੈ। ਪ੍ਰੀਖਤ ਦਾ ਹਾਲ ਭਾਗਵਤ ਸਕੰਧ ਦੇ ੧੫ ਔਰ ੧੬ ਵਿਚ ਹੈ। ਭੱਟਾਂ ਦੇ ਸਵਈਆਂ ਵਿਚ ਕਾਫੀ ਲਿਖ ਦਿਤਾ ਹੈ। (ਪ੍ਰਿਥਮ ਭਾਗ ਵਿਚੋਂ ਵਿਚਾਰੋ) ਜਨਮੇਜੇ ਦੇ ਪੁਤ੍ਰ ਅਜੈ ਸਿੰਘ, ਅਸਮੇਧ, ਆਦਿ ਸਨ, ਗਜਾਨ ਪ੍ਰਬੋਧ ਵਿਚ ਇਨਾਂ ਦੀ ਕਥਾ ਲਿਖੀ ਹੈ। ਅਜੈ ਸਿੰਘ ਨੇ ਪਰਸਰਾਮ ਦੀ ਮਾਨਿਦ ਬ੍ਰਾਹਮਣ ਬਹੁਤ ਮਾਰੇ, ਇਸਨੂੰ ਟਹਿਲਣ ਦਾ ਪੁਤ੍ਰ ਲਿਖਿਆ ਹੈ, ਇਸਦੀ ਵੰਸ ਰਾਜਪੂਤਾਂ ਨਾਲ ਮਿਲਾਈ ਹੈ।

## ਬਾਵਨ ਬੀਰ ਫਿਰੈ ਚਹੁ ਓਰਾ

ਬਵੰਜਾ ਬੀਰਾਂ ਦੀ ਨਾਮਾਵਲੀ ਕਈ ਗ੍ਰੰਥ ਕਾਰਾਂ ਹੇਠਾਂ ਲਿਖੇ ਮੂਜਬ ਦਿਤੀ ਹੈ-

ਨੰਦੀ, ਭ੍ਰਿੰਗੀ, ਰਿਟੀ, ਤੁੰਡੀ, ਪ੍ਰਤਸ਼ਯ, ਵੱਜ੍ਰ, ਰੁਵ ਲਾਸ੍ਰ, ਅਸ੍ਰ ਕਰਣ, ਨਿਰਮੁੰਡ, ਮਸਤ ਕਾਰੁਣ, ਪੁਸ਼ਪ ਦੰਤ, ਵਿਹਦ ਭਾਨ, ਅਮਿਤਾਸਯ, ਅਸ੍ਵਾਹਨ, ਤੁੰਡਿਕ, ਦੁੰਡਿਕ, ਕਾਲਨਾਮ, ਚੰਦ੍ਰ ਰਾਜ, ਅੰਤਕਰ, ਨਿਸ਼ਚਰ, ਵੀਰ ਭੱਦ੍ਰ, ਮਣਿਮਾਨ, ਚੰਡੀਸ, ਨੰਦੀ ਸ੍ਵਰ, ਵੀਰ ਵੇਤਾਲ, ਵਿਕਟ, ਵਿਨੋਦੀ, ਸਮਤ੍ਰ ਵਿਨੋਦੀ, ਸੁਰ ਮੰਤ੍ਰ ਵਿਨੋਦੀ, ਕਾਲਾਯ ਤ੍ਰੁਟਿ, ਕਾਰਮਣ, ਨਾਰ ਸਿੰਘ, ਹਨੂਮਾਨ, ਭੈਰਵ, ਨਿਸਲੱਯ, ਕਾਲਸਮ, ਨਰਾਦ, ਨਾਮੀਰ, ਕੇਸਰੀ, ਇਜਯ, ਵਿਜਯ, ਵਿਛੰਧਰੀ, ਕਾਕੁਮ, ਕਾਮਾਖਯ, ਨਿਰਾਲੰਬ,ਪੁਨਯਮਯ ਆਦਿ। ਮੰਤ੍ਰਾਂ ਆਦਿ ਪਰ ਨਿਸਚੇ ਰਖਣੇ ਵਾਲੇ ਇਨ੍ਹਾਂ ਦੇ ਵਸ ਕਰਨ ਹਿਤ ਅਨੇਕ ਪ੍ਰਕਾਰ ਦੇ ਯਤਨ ਕਰਦੇ ਹਨ, ਇਹ ਭੂਤਾਂ ਪ੍ਰੇਤਾਂ ਦੀ ਮਾਨਿੰਦ ਮੰਨੇ ਹਨ, ਗੁਰਮਤ ਵਿਖੇ ਐਸੇ ਬੀਰਾਂ ਦੀ ਕੋਈ ਕੀਮਤ ਨਹੀਂ ਹੈ ਔਰ ਇਹ ਨਾਟਕ ਚੇਟਕ, ਕੁਕਾਜ ਸਾਧਨ ਹਨ। ਬੀਰ ਭੂਤਾਂ ਪ੍ਰੇਤਾਂ ਦੇ ਆਗੂ ਮੰਨੇ ਜਾਂਦੇ ਹਨ।

## ਕੋਟਿਕੋਟਿ ਬਲਾਇ ਰਿਤਜ਼।੧੪੨।

ਯਗ ਕਰਮ ਕਰਾਉਣ ਵਾਲੇ ਬ੍ਰਾਹਮਣ ਨੂੰ ਰਿਤਜ਼ ਕਹਿੰਦੇ ਹਨ। ਜੋ ਰਿਗ ਵੇਦ ਅਨੁਸਾਰ ਕਰਮ ਕਰਾਵੇ ਸੋ ਹੋਤਾ ਹੈ। ਯੁਜੁਰ ਕਰਮੀਆਂ ਅਧ੍ਵਰਯ, ਸ਼ਾਮ ਵੇਦ ਵਾਲਾ ਉਦਮਤਾ ਕਹਾਉਂਦਾ ਹੈ। ਸਭ ਪਰ ਨਿਗਰਾਨੀ ਕਰਤਾ ਬ੍ਰਹਮਾ। ਪੁਰਾਤਨ ਸਮੇਂ ਵਿਚ ਰਿਤਜ਼ ਬ੍ਰਾਹਮਣ, ਰਾਜਿਆਂ ਪਾਸੋਂ ਭਾਰੀ ਦਾਨ ਲੈਂਦੇ ਸਨ, ਜਿਹਾ ਕਿ ਇਕ ਭਾਰ ਸੋਨਾ (ਭਾਰ ਅੱਠ ਹਜ਼ਾਰ ਤੋਲੇ ਦਾ ਹੁੰਦਾ ਸੀ)। ਇਕ ਸੌ ਹਾਥੀ, ਸੌ ਘੋੜਾ ਸੌ ਮੱਝ ਚਾਰ ਹਜ਼ਾਰ ਸੋਨੇ ਦੇ ਸਿੰਙਾਂ ਵਾਲੀ ਗਊ (ਸੁੰਗੋਟੀਆਂ ਚਾੜ੍ਹੀਆਂ) ਗਜਾਨ ਪ੍ਰਬੋਧ ਵਿੱਚ ਯਗ ਕਰਮਾਂ ਦਾ ਕਾਫੀ ਜ਼ਿਕਰ ਹੈ। ਅਸਮੇਧ ਯਗ ਦੇ ਵਿਚ ਮਾਰਨੇ ਵਾਲਾ ਘੋੜਾ ਚਿੱਟੇ ਰੰਗੇ ਤੇ ਕੰਨ ਕਾਲੇ, ਸੋਨੇ ਰੰਗੀ ਪੂਛ, ਵਡੇ ਨੇਤ੍ਰ, ਉਚੀ ਗਰਦਨ ਵਾਲਾ ਬਹੁਤ ਵਧੀਆ ਘੋੜਾ ਮਾਰਦੇ ਸਨ। 'ਪਸ਼ੂ ਮੇਧ' ਜਗ ਕਰਾਇ ੩੧੮। ਯਗਾਂ ਵਿਚ ਸ਼ੇਰ, ਬਾਂਦਰ, ਰਿੱਛ, ਗੈਂਡਾ, ਮੰਡਾ, ਸੂਰ, ਖੋਤਾ, ਸਾਹਾ, ਬਕਰਾ, ਮੀਢਾ, ਊਠ, ਹਾਥੀ, ਘੋੜਾ, ਖੋਤਾ, ਬਘਿਆੜ, ਗਊ, ਬੈਲ, ਆਦਿ ਪੂੰਛਾਂ ਵਾਲੇ ਸਾਰੇ ਜਾਨਵਰ ਮਾਰੇ ਜਾਂਦੇ ਸਨ,

Digitized by Panjab Digital Library | www.panjabdigilib.org

ਮੁਸਲਮਾਨਾਂ ਨੇ ਬਕਰਾ, ਊਠ, ਗਊ, ਬੈਲ, ਕੁਰਬਾਨੀ ਲਈ ਚੁਣ ਰਖੇ ਹਨ। ਪਸ਼ੂਆਂ ਨੂੰ ਮਾਰਕੇ ਬਲੀ ਦਾਨ ਕਰਨੇ ਦਾ ਰਿਵਾਜ ਪੁਰਾਣਾ ਹੈ, ਲਗ ਭਗ ਹਰ ਇਕ ਮਤ ਹੁੰਦਾ ਸੀ, ਜੈਨ ਬੋਧ ਮਤ ਨੇ ਇਸਦੀ ਦਬਕੇ ਮੁਖਾਲਫਤ ਕੀਤੀ।

## ਬੇਦ ਭੇਦ ਨਹਿ ਲਖੈ, ਬ੍ਰਹਮ, ਬ੍ਰਹਮਾਂ ਨਹਿ ਬੁਝੈ॥ ਬਜ਼ਾਸ, ਪਰਾਸਰ, ਸ਼ੁਕ, ਸਨਾਦਿ, ਸ਼ਿਵ ਅੰਤ ਨ ਸੁਝੈ॥

ਬ੍ਰਹਮਾਂ ਆਪ ਪਾਰਬ੍ਰਹਮ ਬਖਾਨਾ ।. ਮਹਾਂ ਦੇਵ ਅਚੁੱਤ ਕਹਵਾਯੋ॥ ਵਿਸ਼ਨ ਆਪ ਹੀ ਕੋ ਠਹਿਰਾਓ ॥ ਐਸੇ ਵਾਕਾਂ ਔਰ ਅਵਤਾਰ ਕਥਾਵਾਂ ਤੋਂ ਨਿਸਚੇ ਹੁੰਦਾ ਹੈ ਕਿ ਉਕਤ ਹਸਤੀਆਂ ਵੇਦਾਂਤੀ ਖਿਆਲ ਰਖਦੀਆਂ ਸਨ । ਸ੍ਰੀ ਕ੍ਰਿਸ਼ਨ ਜੀ ਦਾ ਨਾਹਰਾ ਸੀ, ਮੈਂ ਹੀ ਬ੍ਰਹਮ ਹੂੰ (ਅਹੰਮ ਬ੍ਰਹਮ) ਸੋ ਪ੍ਰਭੂ ਦੀ ਸੂਝਤਾ ਵਲ ਨਹੀਂ ਪਹੁੰਚੇ। ਪੰਡਿਤ ਵਜ਼ਾਸ ਨੇ ਵੇਦਾਂ ਨੂੰ ਬਹੁਤ ਘੋਖਿਆ ਪਰ ਅੰਤ ਉਸਨੇ ਹਾਰਕੇ ਇਹੋ ਕਿਹਾ, ਬਿਆਸ ਬਿਚਾਰ ਕਹਿਓ ਪ੍ਰਮਾਰਥ ਰਾਮ ਨਾਮ ਸਰ ਨਾਹੀ' ਖਿਆਲ ਹਨ ਕਿ ਵੇਦਾਂਤ ਮਤ ਪੰਡਿਤ ਵਜ਼ਾਸ ਦਾ ਸਿਧਾਂਤ ਹੈ ਪਰ ਇਹ ਬਾਤ ਪੂਰਨ ਸਿੱਧ ਨਹੀਂ ਹੁੰਦੀ ਜਦ ਕਿ ਬ੍ਰਹਮਾਂ ਜੋ ਵੇਦਾਂ ਦਾ ਕਰਤਾ ਹੀ ਆਪ ਲਈ ਅਹੰਮ ਬ੍ਰਹਮ ਅਸ੍ਮੀ ਦਾ ਨਾਹਰਾ ਲਾਉਂਦਾ ਸੀ, (ਬ੍ਰਹਮਾਂ ਆਪ ਪਾਰਬ੍ਰਹਮ ਬਖਾਨਾ) ਏਸੇ ਕਰਕੇ ਉਹ ਆਪਣੇ ਪੁਤ੍ਰ ਸਨਕਾਦਿ ਨੂੰ ਸ਼ਾਂਤੀ ਦਾ ਗਜ਼ਾਨ ਨਾ ਕਰ ਸਕਿਆ, ਪੰਡਿਤ ਵਜ਼ਾਸ ਨੇ ਭਾਗਵਤ ਵਿਚ ਪ੍ਰਭੂ ਗੀਤ (ਹਰੀਯਸ਼) ਨੂੰ ਤਰਜੀਹ ਦਿਤੀ ਹੈ, ਪਾਠਕਾਂ ਦੀ ਵਾਕਿਫੀ ਵਾਸਤੇ ਵੇਦਾਂਤ ਮਤ ਬਾਰੇ ਇਸ਼ਾਰੇ ਮਾਤ੍ਰ ਅਗੇ ਲਿਖਦੇ ਹਾਂ।

ਵੇਦਾਂਤ ਤੋਂ ਭਾਵ ਹੈ ਵੇਦਾਂ ਦਾ ਅੰਤ ਅਰਥਾਤ ਗਿਆਨ ਦਾ ਸਿਖਰਲਾ ਡੰਡਾ ਹਨ। ਸ੍ਰੀ ਕ੍ਰਿਸ਼ਨ ਗੀਤਾ ਵਿਖੇ ਜ਼ਿਆਦਾ ਵੇਦਾਂਤ ਸਿਧਾਂਤ ਹੀ ਹੈ। ਜਿਸ ਵਿਚ ਕਿ ਉਪਨਿਖਦ ਪ੍ਰਮਾਣਹੋਵੇ ਅਥਵਾ ਉਪਨਿਖਦਾਂ ਦਾ ਤਾਤ ਪਰਜ ਭੀ ਵੇਦਾਂਤ ਹੈ। ਜਿਸਨੂੰ ਵਿਚਾਰ ਸਾਗਰ ਦੇ ਕਰਤਾ ਪੰਡਿਤ ਨੇਹਚਲ ਦਾਸ ਨੇ ਅਪਣਤ ਨਾਲ ਲਿਖਿਆ ਹੈ। ਬ੍ਰਹਮ ਤੋਂ ਇੱਤਰ ਵਿਖਿਓਂ ਪਦਾਰਥਾਂ ਦੀ ਵਾਸ਼ਨਾ ਤਜ਼ਾਗ ਦਾ ਨਾਮ 'ਸਮ' ਹੈ ਦੂਜਾ ਅੰਗ ਹੈ 'ਦਮ' ਇੰਦ੍ਰੀਆਂ ਦੀ ਵਾਸ਼ਨਾ ਨੂੰ ਦਮਨ (ਨਾਸ਼) ਕਰਨਾ । ਤੀਜੀ ਤਿਤਿੱਖਿਆ ਗਰਮੀ ਸਰਦੀ ਨੂੰ ਸਹਾਰਨਾ ਮਾਨ ਅਪਮਾਨ ਨੂੰ ਸਹਿਣਾ ਅਨਿਤ, ਆਦਿ ਅੰਤਵਾਨ, ਅਨਾਤਮ ਧਰਮ ਸਮਝਕੇ ਦ੍ਵੇਖਵਾਨ ਨਾ ਹੋਣਾ। ਚੋਥਾ ਸਾਧਨ 'ਸ੍ਰਧਾ' ਉਪਦੇਸ਼ ਪਰ ਨਿਸਚਾ ਕਰਨਾ, ਵੇਦਾਂਤ ਕਹਿੰਦਾ ਹੈ ਕਿ 'ਅਹੰ' ਭਾਵ ਆਤਮਾ ਇਕ ਹੈ, ਜੋ ਨਿਰੰਜਨ ਹੈ ਔਰ ਸਰੀਰ ਤੋਂ ਪਰੇ ਹੈ । ਭਿੰਨ ਹੈ । ਦੇਹੀ ਕਾ ਦ੍ਰਿਸਟਾ ਹੈ, ਸੁੰਨ ਨਹੀਂ ਭਾਵ ਚੇਤੰਨ ਹੈ । ਦੇਹੀ ਅਸਥੂਲ ਹੈ । ਮਨ ਬੁਧ ਚਿਤ ਸਭ ਕੋ ਬ੍ਰਹਮ ਜਾਣਨਾ ਸਭ ਬ੍ਰਿਤੀਆਂ ਦਾ ਰੋਕਣਾ, ਇਹ ਪ੍ਰਾਣਾਯਾਮ ਕਹਾਉਂਦਾ ਹੈ। ਸਾਰੇ ਜਗਤ ਨੂੰ ਮਿਥਿਆ ਜਾਣਕੇ ਨਖੇਧ ਕਰਨਾ। ਇਹ ਹੈ 'ਰੇਚਕ' ਸਾਧਨਾ ਮੈਂ ਬ੍ਰਹਮ ਹੀ ਹੂੰ ਇਹ ਹੈ ਵੇਦਾਂਤੀਆਂ ਦੀ ਪੂਰਕ ਬ੍ਰਿਤੀ ਨੂੰ ਇਸਥਿੱਤ ਕਰਨ ਦਾ

Digitized by Panjab Digital Library | www.panjabdigilib.org

ਨਾਮ ਹੈ ਕੁੰਭਕ। ਬ੍ਰਹਮ ਲੋਕ ਸੇ ਲੇਕਰ ਇਸ ਲੋਕ ਦੇ ਪਦਾਰਥਾਂ ਕੋ ਬਿਖ ਸਮਾਨ ਸਮਝਣਾ ਔਰ ਕਾਗ ਵਿਸਟਾ ਦੀ ਮਾਨਿੰਦ ਜਾਣਨਾ, ਇਸੇ ਨੂੰ ਵੇਦਾਂਤ ਨੇ ਵੈਰਾਗ ਮੰਨਿਆਂ ਹੈ। ਉਕਤ ਲੱਛਣ ਗਜ਼ਾਨ ਦੇ ਦੱਸੇ ਹਨ। ਪੰਜਾਂ ਤੱਤਾਂ ਦੀ ਦੇਹ 'ਹਉ' ਨਹੀ ਤੇ ਨਾ ਹੀ ਇੰਦ੍ਰੀਆਂ ਦੇ ਸਮੂੰਹ ਨੂੰ ਹਉ' ਕਿਹਾ ਹੈ, ਇਨ੍ਹਾਂ ਦੇ ਸਾਖੀ ਨੂੰ ਹਉ' ਯਾਂ ਅਹੰ ਆਖਦੇ ਹਨ। ਗੁਰਮਤ ਔਰ ਵੇਦਾਂਤ ਮਤ ਵਿਚ ਚੜ੍ਹਦੇ ਤੇ ਲਹਿੰਦੇ ਵਤ ਫਰਕ ਹੈ, ਵੇਦਾਂਤ 'ਗਲੀ ਗਜ਼ਾਨ ਗੋਇ' ਅਰਥਾਤ ਗੱਲਾਂ ਬਾਤਾਂ ਨਾਲ ਗਜ਼ਾਨ ਪ੍ਰਾਪਤ ਕਰਨੇ ਦਾ ਲੇਖਾ ਪੱਤਾ ਹੈ। ਗੁਰਮਤ ਸਿਧਾਂਤ 'ਹਉਮੈ ਨਾਵੈ ਨਾਲ ਵਿਰੋਧ ਹੈ' ਹਉ' ਔਰ ਨਾਮ ਵਿਚ ਵਿਰੋਧਤਾ ਹੈ। ਭਾਈ ਸਾਹਿਬ ਗੁਰਦਾਸ ਜੀ ਨੇ ਲਿਖਿਆ ਹੈ। 'ਸਾਰ ਗੀਤ (ਸਾਰ ਗੀਤਾ ਸਿਧਾਂਤ) ਲਖ ਭਾਗਵਤ, ਜੋਤਕ ਵੈਦ ਚਲੰਤੀ ਏਲੈ। ਚਉਦਹਿ ਵਿਦਜ਼ਾ ਸੰਗੀਤ (ਭਾਵ ਵੇਦਾਂਗ ਦੇ ਛੀ ਅੰਗ ਸਿਖਜ਼ਾ ਕਲਪ, ਵਿਆਕਰਣ, ਨਿਰੁਕਤ, ਜਯੋਤਿਸ਼, ਛੰਤ) ਬ੍ਰਹਮੇ ਬਿਸ਼ਨ ਮਹੇਸਰ ਭੇਲੇ........' ਪ੍ਰੰਤੂ 'ਗੁਰਮੁਖ ਸੁਖ ਫਲ ਅੰਮ੍ਰਿਤ ਵੇਲੇ' ਸੋ ਗਲੀ ਗਜ਼ਾਨ ਭਗਤੀ ਤੋਂ ਬਿਨਾ ਪਿੰਗਲਾ ਹੈ, ਐਸਾ ਵੇਦਾਂਤ ਮਤ ਭਗਤੀ ਹੀਨ 'ਨਗਨ ਰੂਪ ਹੈ ਗਲੀ ਬਾਤੀ'। ਆਪ ਨੂੰ ਵਡਾ ਕਹੌਣਾ ਚਾਹੁੰਦਾ ਹੈ। 'ਮੈਂ ਹੀ ਬ੍ਰਹਮ ਹੂੰ', ਜਿਹਾ ਕਿ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਫੁਰਮਾਯਾ ਹੈ। ਸੋ ਇਸ ਸ਼ੁਸ਼ਕ ਗਜ਼ਾਨ ਨਾਲ ਪ੍ਰਲੋਕ ਦਾ ਭੈ ਉਡ ਕੇ ਪੁਰਸ਼ ਅਲਫ ਨੰਗਾ ਹੁੰਦਾ ਜਾਂਦਾ ਹੈ। ਵੇਦਾਂਤ ਦਾ ਸਿਧਾਂਤ ਇਓਂ ਨਗਨ ਹੈ ਜਿਵੇਂ ਕਿ ਇਸਤ੍ਰੀ ਭਰਤੇ ਨੂੰ ਸਿਰ ਪਰ ਧਾਰਕੇ ਬਿਭਚਾਰਨ ਹੋ ਜਾਵੇ ਕਿ ਇਹ ਤਾਂ ਇੰਦ੍ਰੀਆਂ ਦਾ ਭੋਗ ਹੈ, ਇਸ ਵਿਚ ਪਾਪ ਪੁੰਨ ਦਾ ਕੀ ਲੇਪ ਹੈ। ਵੇਦਾਂਤੀ ਆਪਣੇ ਸਮਾਨ ਕਿਸੇ ਨੂੰ ਨਹੀਂ ਮੰਨਦਾ 'ਮੈਂ ਮੈਂ ਕਰਤ ਜਗ ਤੇ ਗਇਓ। ਮਮ ਮਮ ਕਰਤ ਭਇਓ ਦੀਵਾਨਾ।' ਅਦ੍ਵੈਤ ਵਾਦ ਮਤ ਗੁਰਮਤ ਵਿਖੇ ਹੈ, ਜਿਸ ਨੂੰ ਭੁਲੜ ਪੁਰਸ਼ ਵੇਦਾਂਤ ਮਤ ਆਖਦੇ ਹਨ, ਪਰੰਤੂ ਗੁਰਮਤ ਨੇ 'ਅਹੰ' ਯਾਂ 'ਮੈ ਮੇਰੀ' ਦੇ ਫਨਾਹ ਕਰਨ ਨੂੰ ਅਦ੍ਵੈਤ ਮੰਨਿਆਂ ਹੈ, ਜਿਹਾ ਕਿ ਵੇਦਾਂਤੀ ਮੰਨਦਾ ਹੈ, 'ਮੈਥੋਂ ਛੁਟ ਹੋਰ ਕੁਛ ਨਹੀਂ' ਮੈਂ ਹੀ ਬ੍ਰਹਮ ਹਾਂ। ਪਰ ਗੁਰਮਤ ਮੰਨਦੀ ਹੈ ਪ੍ਰਭੂ ਥੀਂ ਭਿੰਨ ਕੁਛ ਨਹੀਂ 'ਮੇਰਾ ਮੁਝ ਮਹਿ ਕੁਛ ਨਹੀਂ।' ਅਕਾਲ ਉਸਤਤ ਵਿਖੇ 'ਤੁਹੀ' ਤੁਹੀ ਤੁਹੀ ਤੁਹੀ ਦੀ ਧੁਨ ਪੈਦਾ ਕਰ ਕੇ ਏਕਤਾ ਯਾਂ ਅਭੇਦਤਾ ਦਰਸਾਈ ਹੈ। ਪ੍ਰਭੂ ! ਮੈਂ ਕਿਛ ਨਾਹੀਂ, ਸਭ ਤੂੰਹੀ ਹੈ।

'ਵੇਦਾਂਤ ਮਤ' ਦੁਆਰੇ ਸਭ ਰਿਖੀ ਮੁਨੀ ਅੰਤ ਨੂੰ ਹਾਰ ਗਏ, ਪ੍ਰਭੂ ਦਰਸ਼ਨ ਨਾ ਪਾ ਸਕੇ, ਜਿਹਾ ਕਿ-'ਨਾਰਦ ਬਜ਼ਾਸ ਪਰਾਸਰ ਕਰ ਹਾਰੇ, ਧਜ਼ਾਵਤ ਧਜ਼ਾਨ ਲਗਾਏ।' ਵੇਦ ਪੁਰਾਨ ਹਾਰ ਹਠ ਛਾਡਗੇ, ਤਦਪਿ ਧਯਾਨ ਨ ਆਏ......... ਬਚੇ ਕੌਣ ! 'ਸੋ ਨਰ ਕਾਲ ਫਾਸਿ ਤੇ ਬਾਚੇ ਜੋ ਹਰਿ (ਅਕਾਲ ਪੁਰਖ) ਸ਼ਰਣ ਸਿਧਾਏ॥'

(ਹਜ਼ਾਰੇ ਸ਼ਬਦ ਪਾ: ੧੦)

—o—

Digitized by Panjab Digital Library | www.panjabdigilib.org

## ਹਜ਼ਾਰੇ ਸ਼ਬਦ ਪਾ: ੧੦

ਹਜ਼ਾਰਾ ਨਾਮ ਹਜ਼ਰ ਅਥਵਾ ਹਿਜ਼ਰ (ਵਿਯੋਗ) ਦਾ ਵਾਚਕ ਸ਼ਬਦ ਹੈ। ਲਿਖਾਰੀਆਂ ਨੇ 'ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ'। ਹਜ਼ਾਰੇ ਸ਼ਬਦਾਂ ਦੀ ਰੀਸੇ ਇਨ੍ਹਾਂ ਸ਼ਬਦਾਂ ਨੂੰ ਭੀ ਹਜ਼ਾਰੇ ਸ਼ਬਦਾਂ ਦੀ ਸੁਰਖੀ ਦੇ ਦਿਤੀ ਹੈ, ਵਾਸਤਵ ਵਿਚ ਇਨ੍ਹਾਂ ਵਿਚ ਹਿਜ਼ਰ ਵਾਲੀ ਕੋਈ ਬਾਤ ਨਹੀਂ ਹੈ, ਪੰਚਮ ਗੁਰੂ ਜੀ ਦੀਆਂ ਤਾਂ ਲਾਹੌਰ ਤੋਂ ਲਿਖੀਆਂ ਕਹੀਆਂ ਜਾਂਦੀਆਂ ਪਤ੍ਰਕਾਵਾਂ 'ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ' ਆਦਿ ਤੁਕਾਂ ਇਤਿਹਾਸ ਅਨੁਸਾਰ ਕਹਿ ਭੀ ਸਕਦੇ ਹਾਂ ਪਰ ਗੁਰੂ ਸਾਹਿਬਾਨ ਨੇ 'ਹਜ਼ਾਰੇ ਦੀ ਸੁਰਖੀ' ਆਪ ਕਿਧਰੇ ਭੀ ਨਹੀਂ ਲਿਖੀ ਹੈ। ਗੁਰੂ ਜੀ ਨੇ ਇਹ ਰਾਗਾਂ ਅਨੁਸਾਰ ਗੁਰਬਾਣੀ (ਅਕਾਲੀ ਰਚਨਾ) ਉਚਾਰੀ ਹੈ, ਜਿਨ੍ਹਾਂ ਦੀ ਜਗ੍ਹਾ ਗੁਰਬਾਣੀ ਦੇ ਕ੍ਰਮ ਅਨੁਸਾਰ ਵਾਰਾਂ ਥੀਂ ਪਹਿਲਾਂ ਰਾਗਾਂ ਮੂਜਬ ਹੈ। ਕੱਠੇ ਰੱਖਣ ਦੇ ਖਿਆਲ ਨਾਲ ਇਕ ਜਗ੍ਹਾ ਲਿਖੇ ਗਏ ਹਨ, ਇਹ ਸਾਰੇ ਸ਼ਬਦ (੯) ਨੌਂ ਹਨ। ਕਈਆਂ ਨੇ ਖਿਆਲ ਪਾਤਸ਼ਾਹੀ ਦਸ ਨਾਲ ਸ਼ਾਮਲ ਕਰਕੇ ਹਜ਼ਾਰੇ ਸ਼ਬਦ ਕਲਪੇ ਹਨ। ਖਿਆਲਨ ਕਿਧਰੇ ਮਾਝ ਰਾਗ ਦਾ ਸ਼ਬਦ ਭੀ ਲਿਖ ਦਿਤਾ ਹੈ। ਪਰ ਇਹ ਸ਼ਬਦ ਕਿਸੇ ਭੀ ਰਾਗੁ ਦਾ ਨਹੀਂ ਹੈ। ਔਰ ਨਾ ਹੀ ਸ੍ਰੀ ਮੁਖਵਾਕ ਹੈ। ਖਿਆਲ ਦੇ ਅਰਥ ਹਨ, ਗੁਰੂ ਜੀ ਦੇ ਖਿਆਲਾਂ ਅਨੁਸਾਰ ਉਚਾਰਨ ਕੀਤਾ ਸ਼ਬਦ ਜਿਵੇਂ ਕਿ ਨੌਮੇਂ ਗੁਰੂ ਜੀ ਦੇ ਅਨੁਸਾਰ ਕਿਸੀ ਪ੍ਰੇਮੀ ਨੇ 'ਚਿਤ ਚਰਨ ਕਮਲ ਕਾ ਆਸਰਾ' ਸ਼ਬਦ ਰਚਿਆ ਹੈ ਜੋ ਕਿ ਅਖੀਰੀ ਤੁਕ 'ਗੁਰੂ ਤੇਗ ਬਹਾਦਰ ਬੋਲਿਆ' ਤੋਂ ਸਪਸ਼ਟ ਹੈ ਕਿ ਇਹ ਗੁਰੂ ਕ੍ਰਿਤ ਨਹੀਂ ਹੈ। ਇਹ ਕਿਆਸ ਗਲਤ ਹੈਨ ਕਿ ਖਿਆਲ ਪਾਤਸ਼ਾਹੀ ੧੦ ਮਾਛੀਵਾੜੇ ਦੇ ਜੰਗਲਾਂ ਯਾਂ ਪਿਆਰੇ ਦਿਆ ਸਿੰਘ ਦੇ ਚਲਾਣੇ ਸਮੇਂ ਉਚਾਰਿਆ ਸੀ। ਇਹ ਸ਼ਬਦ ਪਾਰਸ ਨਾਥ ਪ੍ਰਸੰਗ ਦੇ ਪਿਛੋਂ ਤਾਂ ਲਿਖੇ ਗਏ ਹਨ ਕਿ ਉਥੇ ਇੱਕਰ ਦੇ ਕਈ ਕੁ 'ਵਿਸ਼ਨ ਪਦੇ' ਹਨ ਭਾਵੇਂ ਉਨ੍ਹਾਂ ਵਿਚ ਕਈ ਕੁ ਸ਼ਬਦ ਉੱਤਮ ਭਾਵਾਂ ਦੇ ਭੀ ਹਨ ਪਰ ਉਹ ਗੁਰਬਾਣੀ ਨਹੀਂ ਹੈ।

### ਦਸਕੁ ਅਸੁਰ ਹਰਿ ਘਾਏ

ਇਹ ਇਸ਼ਾਰਾ ਸ੍ਰੀ ਕ੍ਰਿਸ਼ਨ ਜੀ ਵਲ ਹੈ ਕਿ ਜੇ ਕ੍ਰਿਸ਼ਨ ਜੀ ਨੇ ਦਸ ਬੀਸ ਕੁ ਕਹੇ ਜਾਂਦੇ ਰਾਖਸ਼ ਮਾਰ ਘੱਤੇ ਸਨ ਤਾਂ ਇਹ ਬਾਤ ਹੀ ਕੀ ਹੈ। ਇਤਨੇ ਕਰਤੱਬ ਕਰਕੇ ਉਹ ਰੱਬ ਨਹੀਂ ਹੋ ਸਕਦੇ।

(੧) ਸ੍ਰੀ ਕ੍ਰਿਸ਼ਨ ਜੀ ਨੇ ਵਿਸ਼ਨੂੰ ਦੇ ਧਰਤੀ ਨਾਲ ਸੰਜੋਗ ਸੇ 'ਭੌਮਾਂ ਸੁਰ' ਜਨਮਿਆਂ, ਇਸੇ ਨੂੰ ਨਰਕਾਸੁਰ ਕਿਹਾ ਗਿਆ, ਕ੍ਰਿਸ਼ਨ ਨੇ ਇਸਨੂੰ ਮਾਰਕੇ ਸੋਲਾਂ ਹਜ਼ਾਰ ਕੈਦਣ ਲੜਕੀ ਬਿਆਹੀ, ਨਾਮ ਪਿਆ ਨਰਕਾਸੁਰ ਰਿਪ:

(੨) ਦੰਦ੍ਵਕ੍ਰ=ਇਹ ਵ੍ਰਿਧ ਸਰਮਾਂ ਦਾ ਪੁਤ੍ਰ ਸੀ ਜੋ ਮਾਰਿਆ (ਸ਼ਾਹਬਾਦ ਦਾ ਰਾਜਾ) ਸਿਸੂਪਾਲ ਦਾ ਛੋਟਾ ਭਰਾਤਾ ਸੀ। ਸਿਸੂਪਾਲ ਚੰਦੇਰ (ਸੀ.ਪੀ.) ਦਾ ਰਾਜਾ ਸੀ, ਇਸਦੀ ਮੰਗ ਰੁਕਮਣੀ ਜਬਰਨ ਚੁਕ ਲਿਆਂਦੀ ਔਰ ਸਿਸੂਪਾਲ ਨੂੰ ਮਾਰਿਆ। ਰੁਕਮਣੀ ਦਾ ਭਰਾਤਾ ਰੁਕਮਣ ਮਾਰਿਆ ਜੋ ਕਿ ਕੁੰਡਲ

Digitized by Panjab Digital Library / www.panjabdigilib.org

ਪੁਰ ਦੇ ਰਾਜਾ ਭੀਖਮ ਦਾ ਪੁਤ੍ਰ ਸੀ।

(੩) ਕੰਸ ਕ੍ਰਿਸ਼ਨ ਜੀ ਦਾ ਮਾਮਾ ਰਾਜਾ ਉਗ੍ਰ ਸੈਨ ਦਾ ਪੁਤ੍ਰ ਦਰਮਿਲ ਦੈਂਤ ਦੇ ਵੀਰਜ ਥੀਂ ਕੰਸ ਦੀ ਰਾਣੀ ਮਗਧ ਦੇ ਰਾਜਾ ਜਰਾਸਿੰਧ ਦੀ ਲੜਕੀ ਸੀ, ਮਾਮੇ ਦੀ ਗੱਦੀ ਖੋਹਕੇ ਆਪ ਰਾਜ ਪ੍ਰਬੰਧ ਸੰਭਾਲਿਆ ਕੰਸ ਨੂੰ ਮਾਰ ਘਤਿਆ। ਇਹ ਮਾਮੇ ਭਾਣਜੇ ਦਾ ਵੈਰ ਦੁਨੀਆਂ ਵਿਚ ਪ੍ਰਸਿਧ ਬਾਤ ਹੈ।

(੩) ਵਕਾਸੁਰ ਦੈਂਤ ਦਾ ਛੋਟਾ ਭਰਾਤਾ ਅਘਾਸੁਰ, (ਕੰਸ ਦਾ ਸੈਨਾਪਤੀ) ਦਸਿਆ ਹੈ ਕਿ ਇਸਨੇ ਸਰਪ ਰੂਪ ਧਾਰਕੇ ਸਾਰੇ ਗੁਆਲੇ ਨਿਗਲ ਲੀਤੇ ਸਨ, ਅੰਤ ਕ੍ਰਿਸ਼ਨ ਨੇ ਇਸਦੇ ਪੇਟ ਵਿਚ ਦਾਖਲ ਹੋ ਕੇ ਇਸ ਦਾ ਪੇਟ ਫਾੜ ਦਿਤਾ।

(੫) ਬਕਤਾਸਰ ਦੈਂਤ ਬਗਲੇ ਦੀ ਸ਼ਕਲ ਦਾ ਸੀ, ਇਸਨੂੰ ਗੋਕਲ ਪਹੁੰਚਣੇ ਪਰ ਬਲਰਾਮ ਔਰ ਕ੍ਰਿਸ਼ਨ ਨੇ ਮਾਰ ਸੁਟਿਆ ਸੀ। ਇਸੀ ਬਕਤਾਸੁਰ ਦੀ ਭੈਣ ਪੂਤਨਾ ਦੱਸੀ ਹੈ, ਇਹ ਭੀ ਦੁਧ ਚੁੰਘੋਣ ਪਰ ਕ੍ਰਿਸ਼ਨ ਜੀ ਨੇ ਮਾਰੀ ਸੀ। ਇਕਰ ਦਸ ਬਾਰਾਂ ਕਹੇ ਜਾਂਦੇ ਰਾਖਸ਼ ਸ੍ਰੀ ਕ੍ਰਿਸ਼ਨ ਜੀ ਨੇ ਮਾਰੇ ਸਨ, ਇਕਰ ਸ੍ਰੀ ਰਾਮ ਚੰਦਰ ਨੇ ਰਾਵਣ ਕੁੰਭ ਕਰਨ ਆਦਿ ਮਾਰੇ ਸਨ।

## ਬਨ ਸੇ ਸਦਨ-ਸਭੈ ਕਰ ਸਮਝਹੁ ਮਨ ਹੀ ਮਾਂਹਿ ਉਦਾਸਾ॥

ਗੁਰੂ ਜੀ ਨੇ ਗ੍ਰਹਿਸਤ ਵਿਚ ਰਹਿ ਕੇ ਉਦਾਸ (ਉਪਰਾਮਤਾ) ਪਾਲਨ ਦਾ ਉਪਦੇਸ਼ ਦਿਤਾ ਹੈ, 'ਜਤ (ਇਸਤ੍ਰੀ ਬ੍ਰਤ ਧਰਮ) ਕੀ ਜਟਾ ਜੋਗ (ਚਿਤ ਬ੍ਰਿਤੀ ਰੋਕ ਕੇ ਬੰਦਗੀ) ਕੋ ਮੱਜਨ (ਸ਼ਨਾਨ ਤੀਰਥ ਆਦਿ) ਨੇਮ (ਸੁਭ ਨਿਜਮ) ਕੇ ਨਖੂਨ ਬਢਾਓ॥ ਗਯਾਨ ਗੁਰੂ ਆਤਮ ਉਪਦੇਸ਼ਹੁ, ਨਾਮ ਬਿਭੂਤ ਲਗਾਓ॥........ ਤਿੰਨਾਂ ਗੁਣਾਂ ਤੋਂ ਅਤੀਤ ਰਹਿਣ ਦੇ ਸਾਧਨ ਅੰਜਨ ਮਾਹਿ ਨਿਰੰਜਨ ਰਹੀਐ' ਅਨੁਸਾਰ ਦ੍ਰਿੜਾਏ। ਪਰੰਤੂ ਇਸ ਗੁਰਮਤ ਸਿਧਾਂਤ ਤੋਂ ਵਿਰੁਧ ਬਾਬਾ ਸਿਰੀ ਚੰਦ ਜੀ ਨੇ ਇਕ ਉਦਾਸੀ ਸੰਪ੍ਰਦਾਇ ਚਲਾਈ, ਜੋ ਗ੍ਰਹਿਸਤ ਆਸ਼੍ਰਮ ਤੋਂ ਉਲਟ ਸੀ, ਆਪ ਨੇ ਬਾਲ ਜਤੀ ਪਣੇ ਦਾ ਪ੍ਰਚਾਰ ਕੀਤਾ। ਅਖੀਰ ਸ੍ਰੀ ਚੰਦ ਜੀ ਨੇ ਛੀਵੇਂ ਗੁਰੂ ਜੀ ਦੇ ਸਪੁਤ੍ਰ ਬਾਬਾ ਗੁਰਦਿਤਾ ਜੀ ਨੂੰ ਆਪਣੀ ਗੱਦੀ ਦਿਤੀ, ਉਨਾਂ ਦੇ ਪਿਛੋਂ ਬਾਲੂ ਹਸਨਾ, ਪੂਰਨ ਦਾਸ ਵਖਰਾ ਪ੍ਰਚਾਰ ਕਰਦੇ ਰਹੇ, ਬਾਬਾ ਦਿਆਲ ਦਾਸ ਅਨੇਮੀ ਨੇ ਮੁੜ ਉਦਾਸੀ ਗੱਦੀ ਜਾਰੀ ਕੀਤੀ, ਬਾਬਾ ਗੁਰੀਆ (ਕਮਲੀਆ) ਚਰਨ ਦਾਸ, ਗੁਰਦਿਆਲ, ਰਾਮ ਧੰਨ, ਗੰਗਾ ਦਾਸ, ਬ੍ਰਹਮ ਚੇਤੰਨ, ਹਰੀ ਨਾਰਾਇਣ, ਦਿਆਲ ਨਾਰਾਇਣ ਆਦਿ ਮਹੰਤ ਹੁੰਦੇ ਆਏ, ਵੈਸੇ ਇਹ ਗੁਰਬਾਣੀ ਦਾ ਹੀ ਪ੍ਰਚਾਰ ਕਰਦੇ ਸਨ।

ਸ੍ਰੀ ਮਾਨ ਬਾਬਾ ਸ੍ਰੀ ਚੰਦ ਜੀ ਹਮੇਸ਼ਾਂ ਸਤਿਗੁਰ ਨਾਨਕ ਜੀ ਦੀ ਆਰਤੀ ਗੌਂਦੇ ਸਨ। ਬਾਬਾ ਆਪ ਦੀ ਰਚਨਾ ਦਾ ਨਮੂਨਾ—

ਚਾਰ ਕੂੰਟ ਜਾ ਕਾ ਧਰਮ ਸਾਲਾ।
ਸੰਗਤ ਗਾਵੈ ਸਬਦ ਰਸਾਲਾ।
ਆਰਤਾ ਕੀਜੈ ਨਾਨਕ ਸ਼ਾਹ ਕਾ।
ਦੀਨ ਦੁਨੀ ਕੇ ਸ਼ਾਹ ਕਾ।
ਕੋਟ ਦੇਵੀ ਜਾਂਕੀ ਜੋਤ ਜਗਾਵੈ।
ਕੋਟ ਤੇਤੀਸ ਜਾਕੀ ਉਸਤਤ ਗਾਵੈ।
ਛਿਨਵੇ ਕਰੋੜ ਜਾਂ ਕੇ ਚਰਨ ਪਖਾਲਾ।
ਭਾਰ ਅਠਾਰਾਂ ਪੁਹਪ ਕੀ ਮਾਲਾ।

Digitized by Panjab Digital Library | www.panjabdigilib.org

ਪਵਨ ਰਾਇ ਜਾ ਕੈ ਚੌਰ ਢੁਲਾਵੈ।
ਕੋਟ ਤੇਤੀਸ ਜਾਕੀ ਜੋਤ ਜਗਾਵੈ।
ਪੰਜ ਪ੍ਰਮਾਣ ਹੈ ਸਤਿਗੁਰ ਪੂਰਾ।
ਬਾਜੇ ਸਬਦ ਅਨਾਹਦ ਤੂਰਾ।
ਉਰਧ ਖੰਡ ਜਾਂਕਾ ਝਿਲ ਮਲ ਤਾਰਾ।
ਘੰਟਾ ਬਾਜੈ ਧੁਨ ਓਅੰਕਾਰਾ।
ਸਿਰੀ ਚੰਦ ਬੋਲੈ ਨਾਨਕ ਪੂਤਾ।
ਅਗਮ ਅਥਾਹ ਅਡੋਲ ਅਵਧੂਤਾ।
ਸਤਿਨਾਮ ਜਾ ਕੈ ਹੈ ਸਾਰਾ।
ਨਾਨਕ ਨਾਮ ਮੰਤਰ ਆਧਾਰਾ।
(ਰਾਗ ਧਨਾਸਰੀ)

ਉਕਤ ਰਚਨਾ ਬਾਬਾ ਸ੍ਰੀ ਚੰਦ ਜੀ ਦੀ ਹੈ।

--o--

## ਸ਼ਬਦ ਹਜਾਰੇ ਪਾਤਸ਼ਾਹੀ ੧੦ ਦੇ ਕਠਨ ਪਦ

ਸਦਨ=ਸਾਰੇ ਘਰ। ਮਜਨ=ਸ਼ਨਾਨ ਖਾਸ। ਨਖਨ=ਨਾਖੁਨ (ਨੌਹੁ)। ਨੇਮ=ਸੰਜਮ (ਨਿਤਨੇਮ)। ਅਲਪ ਅਹਾਰ=ਭੁਖ ਰਖਕੇ ਛਕਣਾ। ਸੁਲਪਸੀ ਨਿੰਦ੍ਰਾ=ਘਟ ਸੌਣਾ। ਛਿਮਾ=ਖਿਮਾ, ਸ਼ਾਂਤੀ। ਨਿਰਬਾਹਿਬੋ=ਨਿਬਾਹੇ। ਹ੍ਵੈਬੋ=ਹੋਵੇ। ਦਰਸੈ=ਦੇਖੈ। ਪਰਮ ਪੁਰਖ=ਕਰਤਾਰ (ਵਾਹੁਗੁਰ)।੩।੧। ਸਿੰਙੀ=ਸਿੰਙ ਦੀ ਬਾਜਾ। ਅਕਪਟ=ਛਲ ਰਹਿਤ। ਕੰਠਲਾ=ਕੰਠੀ (ਬਿਨ੍ਹੂ ਦੀ ਮਾਲਾ)। ਤਾਤੀ=ਮਨ ਬਸ ਕਰਨੇ ਦੀ ਤੰਤੀ (ਤੂਤੀ, ਨਿਰਸਿੰਗੇ ਆਦਿ)। ਆਤਮ=ਮਨ। ਰਸਾਰੰ=ਰਸਾਂ ਦਾ ਘਰ (ਪਰੇਮ ਭਾਵਨਾ)। ਉਘਟਤ=ਪ੍ਰਗਟ ਹੋਵੇ। ਚਕ੍ਰਿ=ਚਰ੍ਰਿਤ। ਛੱਕ=ਪ੍ਰਸੰਨ। ਬਯੋਮ ਬਿਵਾਨੰ=ਅਕਾਸ਼ੀ ਬਿਬਾਨ। ਅਜਪਾ=ਇਕ ਰਸ ਜਾਪ। ਕੰਚਨ=ਸੋਨਾ (ਅਰੋਗ ਸਰੀਰ)।੨। ਪ੍ਰਾਨੀ=ਹੇ ਪ੍ਰਾਣੀ। ਪਗ=ਚਰਨੀ। ਸੁਚਿਤ=ਸੁਚੇਤ(ਸਾਵਧਾਨਤਾ ਨਾਲ)। ਪ੍ਰਬੋਧ=ਉਪਦੇਸ਼। ਸੰਚਤ=ਇਕਤ੍ਰ। ਅਨੁਰਾਗੋ=ਪ੍ਰਸੰਨ ਰਹੋ। ਸੰਗ੍ਰਹਿ=ਕਠੇ ਕਰਨਾ। ਤਾਗੋ=ਬਚੋ। ਪਾਗੋ=ਰਚੋ (ਖੱਚਤ)।੩। ਨੀਲ ਕੰਠ=ਸ਼ਿਵ। ਨਰਹਰਿ=ਨਰ ਸਿੰਘ। ਨੀਲ ਬਸਨ=ਨਿਹਕਲੰਕ ਬਨਵਾਰੀ(ਬ੍ਰਹਮਾ ਕ੍ਰਿਸ਼ਨ)। ਨਾਰਾਯਣ=ਵਿਸ਼ਨ। (ਨੋਟ—ਭਾਵ ਸਭ ਕਿਛ ਤੂੰਹੀ ਹੈਂ ਹੇ ਕਰਤਾਰ ਤੂੰਹੀ ਲਜਾ ਰਖ)। ਪਾਵਨ=ਪਵਿਤ੍ਰ। ਮਾਧਵ=ਮਾਇਆ ਪਤ। ਮਹਾਂਜੋਤਿ=ਜੋਤੀ ਪ੍ਰਕਾਸ਼। ਮਦੁ ਮਰਦਨ=ਹੰਕਾਰ ਨਾਸਕ। ਮੁਕੰਦ=ਮੁਕਤੀ। ਮੁਰਾਰੀ=ਹੰਕਾਰ ਦਾ ਵੈਰੀ। (ਨੋਟ—ਮੁਰਦੇ ਮਾਰਨੇ ਕਰ ਕੇ ਮੁਰਾਰੀ ਖਿਤਾਬ ਸ੍ਰੀ ਕ੍ਰਿਸ਼ਨ ਜੀ ਨੂੰ ਦਿਤਾ ਗਿਆ ਸੀ) ਕ੍ਰਿਪਾਸਿੰਧ=ਕ੍ਰਿਪਾ ਦੇ ਸਮੁੰਦਰ। ਕੁਕ੍ਰਿਤ ਪ੍ਰਣਾਸਨ=ਮੰਦ ਕਰਮ ਨਾਸਕ। ਨਿਰਜੁਰ=ਤਪਤ ਰਹਿਤ। ਧਨੁਰ ਪਾਨਿ=ਧਨਸ਼ ਧਾਰੀ। ਧਰਾ ਧਰ=ਧਰਤੀ ਦੇ ਆਸਰੇ। ਅਸਿਧਾਰੀ=ਕ੍ਰਿਪਾਨ ਧਾਰਨੀ। ਕਰ ਗਹਿ=ਹਥ ਫੜਕੇ।੪। ਕਿਰਤਮ=ਬਣੀ ਵਸਤੂ। ਦਸਿਕ ਅਸੁਰ=ਦਸ ਪੰਦਰਾਂ ਮੰਦੇ ਪੁਰਸ਼ (ਰਾਖਸ਼)। ਹਰਿ ਘਾਏ=ਵਿਸ਼ਨੂੰ ਨੇ ਮਾਰੇ। ਅਧਿਕ=ਬਹੁਤ। ਆਪਹਿ ਬ੍ਰਹਮ=ਆਪੇ ਰਬ ਬਣ ਬੈਠੇ। ਕਿਮ=ਕਿਉਂ, ਕੈਸੇ। ਜਗਤਾਗਰ=ਅਕਾਲ ਪੁਰਖ।੫। ਕੇਵਲ=ਇਕੋ ਹੀ। ਜੌਨ=ਜਿਸ ਲਈ। ਬਾਟ=ਵਿਪਦਾ। ਪਬ ਸਾਰਥੀ=ਅਰਜਨ

Digitized by Panjab Digital Library | www.panjabdigilib.org

ਦਾ ਰਥਵਾਹੀ (ਕ੍ਰਿਸ਼ਨ)। ਪੂਤ੍ਰ ਪੌਤ੍ਰ ਮੁਕੰਦ=ਪੁਤ੍ਰ ਪੋਤ੍ਰਿਆਂ ਰਹਿਤ। ਆਨ=ਆਕੇ (ਜਨਮ ਕੇ)। ਦੇਵਕਿਨੰਦ=ਦੇਵਕੀ ਦੇ ਪੁਤ੍ਰ। ਦਿਸਾ ਵਿਸਾ=ਹਰ ਪਾਸੇ। ਤੌਨ ਕੋ=ਤਿਸ ਦੀ।੬। ਸੋ=ਸੋਊ (ਓਹ)। ਮਾਨਸ ਰੂਪ=ਦੇਹਧਾਰੀ ਮਾਨੁਖ। ਸਾਧ=ਸਾਧਨਾ। ਧ੍ਰੂਅ ਸੇ=ਧ੍ਰੂ ਆਦਿਕ। ਤੱਦਪਿ=ਤਦ ਭੀ। ਸੂਛਮੈ=ਸੂਖਮ। ਬ੍ਰਿੱਧਨ=ਵਡੇ। ਸਦਾਏ=ਕਹਾਏ।੭। ਖਿਨਾਰ=ਖਿਤਾਰ (ਜਾਣ)। ਅਤਿ ਹਿਤ=ਚਿਤੋਂ ਪ੍ਰੇਮ ਕਰ ਕੇ। ਸਿਲਾ=ਪੱਥਰ ਪੂਜਾ। ਪਾਂਨ ਥਕੇ=ਭਾਵ ਪਥਰ ਪਰਸਦਿਆਂ ਦੇ ਹਥ ਥਕ ਗਏ। ਖੈਹੈ=ਖਾਂਦੇ। ਤਾਂਮੈ=ਉਸ ਵਿਚ। ਬਿਨ ਯੋ=ਇਸ ਤੋਂ ਬਿਨਾਂ।੮। ਪਲੈਹੈ=ਪਰੇ (ਭਜਕੇ)। ਰਾਮ=ਸ੍ਰੀ ਰਾਮ ਚੰਦਰ ਜੀ। ਰਹੀਮ=ਇਸਲਾਮੀ ਨਾਮ, ਮਹੰਮਦ ਸਾਹਿਬ ਦੇ ਨੀਯਤ ਨਾਮ। ਰਟੈਹੈ=ਉਚਰਦੇ (ਰਟਦੇ)। ਨੇਤਿ=ਇਹ ਨਹੀਂ। ਫੁਨਿੰਦ੍ਰ=ਸ਼ੇਸ਼ ਨਾਗ। ਸਯਾਮ=ਕਾਲਾ (ਕ੍ਰਿਸ਼ਨ)।

# ਤੇਤੀਸ ਸਵੈਯੇ ਪਾ: ੧੦.

ਤੇਤੀਸ ਸਵੈਯੇ •ਨਿਰੋਲ ਗੁਰਬਾਣੀ ਹੈ। ਇਹ 'ਜਾਗਤ ਜੋਤ' ਨਾਮ ਸੇ ਪ੍ਰਸਿਧ ਹਨ। ਪਹਿਲਾ ਸਵੈਯਾ ਖੰਡੇ ਦੇ ਅੰਮ੍ਰਿਤ ਤੋਂ ਪਿਛੋਂ ਉਚਾਰਨ ਹੋਇਆ, ਬੱਤੀਸ ਪਹਿਲੇ ਉਚਾਰਨ ਹੋ ਚੁਕੇ ਸਨ। 'ਜਾਗਤ ਜੋਤ' ਤੋਂ ਭਾਵ ਅਕਾਲ ਪੁਰਖ ਹੈ, (ਤਿਸਦੈ ਚਾਨਣ ਸਭ ਮਹਿ ਚਾਨਣ ਹੋਇ) ਹੋਰ ਅਤਰੀ ਜੋਤ ਕੋਈ ਨਹੀਂ ਹੈ। ਸਿਖ ਨੂੰ ਭੁਲ ਕੇ ਭੀ ਅਨ ਪੂਜਾ ਕਰਨ ਦੀ ਆਗਿਆ ਨਹੀਂ ਹੈ। ਖਾਲਸਾ ਤਾਹਿ ਨਖਾਲਸਾ ਜਾਨੈ॥ ਕਈ ਸੱਜਨ ਤਾਹਿਨ ਖਾਲਸ ਪਾਠ ਕਰਦੇ ਹਨ, ਪੰਜਾਬੀ ਵਿਚ 'ਨਖਾਲਸ' ਸ਼ਬਦ ਨਿਰੋਲ ਚੀਜ਼ ਲਈ ਵਰਤੀਦਾ ਹੈ।

ਸੰਮਤ ੧੭੫੬ ਬਿ: ਦੀ ਵਿਸਾਖੀ ਨੂੰ 'ਖਾਲਸਾ' ਸ਼ਬਦ ਅੰਮ੍ਰਿਤ ਛਕਾਉਣ ਪਰ ਪ੍ਰਚੁਰ ਹੋਇਆ, ਇਸਤੋਂ ਖਾਲਸਾ ਪੰਥ ਬਣਿਆ, ਖਾਲਸਾ ਤੋਂ ਭਾਵ ਨਿਰੋਲ (ਸ਼ੁੱਧ) ਭਾਵ ਮਿਲੌਟ ਰਹਿਤ ਹੈ। ਗੁਰੂ ਜੀ ਨੇ ਹੁਕਮ ਦਿਤਾ ਕਿ ਇਹ ਵਾਹਿਗੁਰੂ ਜੀ ਕਾ ਖਾਲਸਾ ਹੈ, ਹੋਰ ਕਿਸੇ ਦਾ ਇਸ ਪਰ ਕਰ ਨਹੀਂ ਹੈ, ਇਸਦੀ ਫਤਹ (ਜਿੱਤ) ਵਾਹਿਗੁਰੂ ਜੀ ਕੀ ਫਤਹ ਹੈ। ਹਰ ਮੈਦਾਨ ਇਹ ਫਤਹ ਹਾਸਲ ਕਰੇਗਾ। ਕਿਸੇ ਦੇਵੀ ਦੇਵਤੇ ਪੀਰ ਪੈਗੰਬਰ ਅਵਤਾਰ ਦੀ ਮਾਨਤਾ ਨਹੀਂ ਕਰੇਗਾ।

ਫਾਰਸੀ ਵਿਚ ਬਾਦਸ਼ਾਹੀ ਮਲਕੀਅਤ ਦਾ ਨਾਮ 'ਖਾਲਸਾ' ਹੈ, ਜਿਸ ਪਰ ਕੋਈ ਕਰ (ਮਹਿਸੂਲ) ਨਾ ਲਗੇ। ਗੁਰ ਸੋਭਾ ਗ੍ਰੰਥ ਵਿਚ ਖਾਲਸਾ ਸ਼ਬਦ ਦੀ ਤਾਰੀਫ ਲਿਖੀ ਹੈ—

"ਖਾਲਸਾ ਖਾਸ ਕਹਾਵੈ ਸੋਈ।
ਜਾਂ ਕੇ ਹਿਰਦੇ ਭਰਮ ਨ ਹੋਈ।
ਭਰਮ ਭੇਖ ਤੇ ਰਹੈ ਨਿਆਰਾ।
ਸੋ ਖਾਲਸਾ ਸਤਿਗੁਰੂ ਹਮਾਰਾ।

ਦਸਮ ਗੁਰੂ ਜੀਨੇ ਆਪਣੀ ਥਾਂ ਖਾਲਸੇ ਨੂੰ 'ਗੁਰੂ ਖਾਲਸਾ' (ਪੰਥ) ਫੁਰਮਾਯਾ ਹੈ, ਸਰਬ ਅਨੰਦ ਗੋਬਿੰਦ ਕੇ ਜਾਪ ਸੇ, ਜਪੇ ਨਿਤ ਨਿਤ ਕੈ ਪ੍ਰੀਤ ਸੇ ਮੀਤਾ। ਸਰਬ ਕੋ ਤੰਤ (ਖਾਲਸਾ) ਯਹਿ ਮੰਤ ਗੁਰਦੇਵ ਕਾ, ਸਰਬ ਜੰਜਾਰ ਵਿਕਾਰ

Digitized by Panjab Digital Library | www.panjabdigilib.org

ਛਿਨ ਮੈਂ, ਤਜੇ ਸਰਬ ਗੁਰਦੇਵ ਸਨ ਗਜਾਨ ਗੀਤਾ। ਭਯੋ ਜੈਕਾਰ ਤ੍ਰੈਲੋਕ ਚੌਦੇ ਭਵਨ, ਸਤਗੁਰੂ ਖਾਲਸਾ ਖਾਸ ਕੀਤਾ। (ਗੁਰ ਸੋਭਾ ਗ੍ਰੰਥ)

'ਗੁਰੂ ਖਾਲਸਾ' ਖਾਲਸਾ ਗੁਰੂ ਭਾਵ ਗੁਰੂ ਦਸਮੇਸ਼ ਜੀ ਨੇ ਖਾਲਸਾ ਜੀ ਨੂੰ ਗੁਰੂ ਸਥਾਪਨ ਕਰਕੇ ਜੁਗੋਜੁਗ ਖਾਲਸਾ ਪੰਥ ਨੂੰ 'ਅਟੱਲ ਪਦ' ਬਖਸ਼ ਦਿਤਾ।

ਨੋਟ:-ਇਹ ਬਾਤ ਜ਼ੋਰ ਨਾਲ ਪ੍ਰਚਲਤ ਹੈ ਕਿ ਦਸਮ ਗੁਰੂ ਜੀ ਨੇ 'ਗੁਰੂ ਗੱਦੀ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ ਸੀ, ਪਰ ਗੁਰਬਾਣੀ ਤਾਂ ਧੁਰ ਦਰਗਾਹ ਤੋਂ ਹੀ ਗੁਰੂ ਰੂਪ ਹੈ। (ਬਾਣੀ ਗੁਰੂ, ਗੁਰੂ ਹੈ ਬਾਣੀ ਮ: ੪)

ਭਾਈ ਸੰਤੋਖ ਸਿੰਘ ਆਦਿ ਇਤਿਹਾਸ ਕਾਰਾਂ ਨੇ ਇਕ ਸਾਖੀ ਘੜੀ ਕਿ ਦਸਮ ਗੁਰੂ ਜੀ ਨੇ ਭਾਈ ਰਾਮ ਸਿੰਘ, ਕਰਮ ਸਿੰਘ, ਸੋਭਾ ਸਿੰਘ, ਵੀਰ ਸਿੰਘ, ਗੰਡਾ ਸਿੰਘ ਇਨਾਂ ਪੰਜਾਂ ਨੂੰ ਕਾਂਸ਼ੀ (ਬਨਾਰਸ) ਸੰਸਕ੍ਰਿਤ ਪੜ੍ਹਨ ਘਲਿਆ ਸੀ, ਹਾਲਾਂ ਕਿ ਉਸ ਵੇਲੇ ਸਿਖਾਂ ਵਿਚ ਸੰਸਕ੍ਰਿਤ ਦੇ ਕਈ ਵਿਦਜਵਾਨ ਸਨ। ਇਨ੍ਹਾਂ ਤੋਂ ਇਹ ਨਿਰਮਲਾ ਸੰਪ੍ਰਦਾਇ ਚਲਣੀ ਮੰਨਦੇ ਹਨ। ਵਿਦਜਾ ਪੜ੍ਹਨ ਭੀ ਜੇ ਗਏ ਤਾਂ ਇਸ ਦਾ ਫਲ ਅੱਡਰੀ ਸੰਪ੍ਰਦਾਇ ਚਲੌਣਾ ਨਹੀਂ ਨਿਕਲਣਾ ਸੀ। ਉਕਤ ਸਾਖੀ ਦੇ ਆਸਰੇ ਕੁਝ ਵਿਦਵਾਨ ਸੰਤਾਂ ਨੇ ਮਿਲ ਕੇ ਸੰਮਤ ੧੯੧੮ ਬਿ: ਵਿਚ ਫੂਲ ਵੰਸੀ ਮਹਾਰਾਜਿਆਂ ਦੀ ਮੱਦਦ ਨਾਲ ਉਦਾਸੀ ਸੰਤਾਂ ਦੀ ਰੀਸੇ ਪਟਿਆਲੇ ਵਿਖੇ ਨਿਰਮਲ ਅਖਾੜਾ ਕਾਇਮ ਕਰ ਕੇ ਉਸ ਦੇ ਪ੍ਰਚਾਰ ਲਈ ਤੀਸ ਨਿਯਮ ਬਣਾਏ। ਔਰ ੧੨ ਅਗਸਤ ਸੰਨ ੧੮੬੨ ਈ: ਨੂੰ ਇਕ 'ਦਸਤੂਰੁੱਲ ਅਮਲ' ਨਾਮਕ ਕਮੇਟੀ ਬਣੀ, ਜਿਸਦਾ ਨਾਮ ਅਖਾੜਾ ਨਿਰਮਲ ਪੰਥ ਗੁਰੂ ਗੋਬਿੰਦ ਸਿੰਘ ਰਖਿਆ ਗਿਆ ਸੀ। ਨਿਰਮਲਾ ਸ਼ਬਦ ਦੇ ਅਰਥ ਭੀ ਖਾਲਸਾ ਯਾਂ ਮੈਲ ਰਹਿਤ ਹਨ, ਪਰੰਤੂ ਦਸਮ ਗੁਰੂ ਜੀ ਨੇ ਖਾਲਸਾ ਪੰਥ ਕਾਇਮ ਕੀਤਾ ਸੀ, ਉਸ ਨੂੰ ਨਿਰਮਲ ਪੰਥ ਨਾਮ ਦੇਣਾ ਗੁਰੂ ਆਸ਼ੇ ਨਾਲ ਨਹੀਂ ਢੁਕਦਾ, ਫਤਹ ਵਿਚ ਭੀ ਗੁਰੂ ਜੀ ਨੇ 'ਖਾਲਸਾ' ਸ਼ਬਦ ਵਰਤਿਆ ਹੈ, ਯਾਂਤੇ ਪੰਥ ਖਾਲਸਾ ਸ਼ਬਦ ਪ੍ਰਚੁਰ ਕਰਨਾਂ ਗੁਰਮਤ ਹੈ।

## ਕਾਹੂ ਮਨੇ ਅਵਤਾਰਨ ਮਾਨਯੋ

ਹਿੰਦੂ ਮਨੂ ਨੂੰ ਭੀ ਅਵਤਾਰ ਮੰਨਦੇ ਹਨ ਜਿਸਨੇ ਮਨੂ ਸਿਮ੍ਰਤੀ ਲਿਖੀ ਸੀ, ਇਹ ਭੀ ਮਨੁਸ਼ੀ ਜਾਤਿ ਪਾਤਿ ਦੇ ਝੇੜੇ ਦੇ ਮੋਢੀ ਮਨੂ ਜੀ ਮਹਾਰਾਜ ਹੀ ਸਿਧ ਹਨ। ਹਰ ਇਕ ਕਲਪ ਵਿਚ ਚੌਦਾਂ (੧੪) ਮਨੂ ਅਵਤਾਰ ਧਾਰਦੇ ਹਨ। ਯਥਾ-ਔਤਮ, ਇੰਦਰਸਾਵਰਿਣ, ਸਾਵਰਿਣ, ਸ੍ਵਯੰਭੁਵ, ਸ੍ਵਾਰੋਚਿਸ਼, ਚਾਖੁਸ਼, ਤਾਮਸ, ਦਖਸ਼ਾਵਰਿਣ, ਧਰਮਸਾਵਰਿਣ, ਬ੍ਰਹਮ ਸਾਵਰਿਣ, ਰੁੱਦ੍ਰ ਸਾਵਰਿਣ, ਰੈਵਤ ਤੇ ਵੈਵਸਵਤ, ਕਈ ਇਨ੍ਹਾਂ ਤੋਂ ਫਰਕ ਨਾਲ ਵੀ ਲਿਖਦੇ ਹਨ। ਦਸਿਆ ਹੈ ਕਿ ਸਭ ਤੋਂ ਪਹਿਲਾਂ ਮਨੂ ਸ੍ਵਯੰਭਾਵ ਆਪ ਹੀ ਉਤਪਤ ਹੋਇਆ ਸੀ, ਉਸਦਾ ਸੱਜਾ ਪਾਸਾ ਪੁਰਖ ਤੇ ਖੱਬਾ ਨਾਰੀ ਦਾ ਸੀ ॥ ਇਸੇ ਜੋੜੇ ਨੇ ਪ੍ਰਜਾ ਪਤਿ ਰਚੇ ਸਨ। ਇਸਤਰਾਂ ਦੇ ਕਈ ਮਨੂਆਂ ਦਾ ਜ਼ਿਕਰ ਔਂਦਾ ਹੈ, ਜਿਨ੍ਹਾਂ ਨੇ ਕਿ

Digitized by Panjab Digital Library | www.panjabdigilib.org

ਸਿਮ੍ਰਿਤਿ ਸ਼ਾਸਤ੍ਰ ਆਦਿ ਬਣਾਏ ਹਨ। ਹਿੰਦੂ ਲੋਕ ਸਭ ਨੂੰ ਅਵਤਾਰ ਮੰਨਦੇ ਹਨ। ਅਵਤਾਰਾਂ ਨੂੰ ਰੱਬ ਕਹਿਣਾ ਯਾਂ ਕਲਪਣਾ ਗੁਰਮਤ ਥੀਂ ਵਿਰੁਧ ਹੈ ਗੁਰਪ੍ਰਮਾਣ ਹੈ "ਜੋ ਕਹੋ ਰਾਮ ਅਯੋਨਿ ਅਜੈ ਅਤਿ ਕਾਹੇ ਕੋ ਕੌਸਲ ਕੁਖ ਜਯੋ ਜੂ ? ਅਕਾਲ ਪੁਰਖ ਅਜੂਨ ਹੈ ਤੇ ਮਰਨ ਜਨਮ ਥੀਂ ਰਹਿਤ ਹੈ ਉਸ ਨੂੰ ਕੋਸ਼ਲਯਾ ਦੇ ਉਦਰ ਵਿਚ ਆਕੇ ਜਨਮ ਧਾਰਨ ਦੀ ਲੋੜ ਨਹੀਂ ਸੀ ਯਾਂ ਤੇ ਰਾਮ ਚੰਦ ਨੂੰ ਰੱਬ ਕਹਿਣਾ ਭਾਰੀ ਭੁਲ ਹੈ। ਐਸੇ ਹੀ ਕ੍ਰਿਸ਼ਨ ਜੀ ਕਾਠੀਵਾੜ ਦੇ ਸੂਦਾਰ ਵਸੂਦੇਵ ਦੇ ਪੁਤਰ ਸਨ ਔਰ ਯਸ਼ੋਦਾ ਜਾਂ ਦੇਵਕੀ ਦੇ ਪੁਤਰ ਸਨ। ਸੋ ਰਬ ਕਿਸੀ ਦਾ ਪੁਤਰ ਨਹੀਂ ਹੁੰਦਾ। ਅਗੋ ਵਸੂਦੇਵ ਦੇ ਪਿਤਾ ਦਾ ਨਾਮ ਮੀਂਢ ਸੀ ਔਰ ਮਾਤਾ 'ਮਾਰਸ਼ਾ' ਨਾਮੀ ਸੀ ਔਰ ਵਸੂਦੇਵ ਦੀ ਭੈਣ ਕੁੰਤੀ ਸੀ ਜੋ ਕਿ ਅਰਜਨ ਆਦਿ ਪਾਂਡਵਾ ਭ੍ਰਾਵਾਂ ਦੀ ਮਾਤਾ ਬਣੀ। ਅਰਜਨ ਸ੍ਰੀ ਕ੍ਰਿਸ਼ਨ ਜੀ ਦੀ ਭੂਆ ਦਾ ਪੁਤ੍ਰ ਸੀ, ਭੂਆ ਦੇ ਪੁਤਰ ਅਰਜਨ ਨਾਲ ਸ੍ਰੀ ਕ੍ਰਿਸ਼ਨ ਜੀ ਦੀ ਭੈਣ ਦਾ ਰਿਸ਼ਤਾ ਹੋਣਾ ਮੰਨਿਆਂ ਗਿਆ ਹੈ। ਵਸੂ ਦੇਵ ਦੀਆਂ ਬਾਰਾਂ ਇਸਤ੍ਰੀਆਂ ਲਿਖੀਆਂ ਹਨ ਯਥਾ:—ਸ਼ਾਂਤ ਦੇਵੀ, ਰੋਹਣੀ, ਮਦਰਾ, ਸਨਾਮਨੀ, ਸਹਦੇਵੀ, ਧੈਰਾ, ਵਿਸਾਖੀ, ਭੁਦਰਾ, ਦੇਵਰ ਖਿਤਾ, ਦੇਵਕੀ ਜਿਸ ਤੋਂ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਇਆ, ਵਡਾ ਭ੍ਰਾਤਾ ਬਲਭੱਦਰ ਸੀ। ਭਗਤ ਕਬੀਰ ਜੀ ਨੇ ਨੰਦ ਕੋ ਨੰਦਨ ਲਿਖ ਕੇ ਕ੍ਰਿਸ਼ਨ ਜੀ ਨੂੰ ਨੰਦ ਦਾ ਪੁਤਰ ਸਿਧ ਕੀਤਾ ਹੈ ਪਰ ਇਤਿਹਾਸ ਮੂਜਬ ਨੰਦ ਗੁਆਲਾ ਕੇਵਲ ਪਾਲਕ ਸੀ ਜਿਸ ਦੀ ਕਿ ਇਸਤ੍ਰੀ ਦਾ ਨਾਮ ਯਸ਼ੋਦਾਂ ਸੀ। ਭਟਾਂ ਨੇ ਲਿਖਿਆ ਹੈ "ਕਹੈ ਮਾਂ ਯਸ਼ੋਦ ਜਿਸੇ ਦਹੀਂ ਭਾਤ ਖਾਹਿ ਜੀਉ" ਪਰ ਅਸਲੀ ਮਾਤਾ ਦੇਵਕੀ ਸੀ। ਦਸਮ ਗੁਰੂ ਜੀ ਨੇ ਫੁਰਮਾਇਆ ਹੈ। ਕਿਉਂ ਦੇਵਕ ਕੇ ਜਠਰੰਤਰ ਆਇਓ ? ਭਾਵ ਜੇ ਕ੍ਰਿਸ਼ਨ ਜੀ ਰੱਬ ਸਨ ਤਾਂ ਮਾਤਾ ਦੇਵਕੀ ਦੇ ਗਰਭ ਵਿਖੇ ਕਿਉਂ ਆਏ। ਯਾਂਤੇ ਪ੍ਰਭੂ 'ਅਜਨਮ' ਔਰ ਕੁਲ ਤੇ ਜ਼ਾਤੀ ਪਾਤੀ ਰਹਿਤ ਹੈ, ਸ੍ਰੀ ਕ੍ਰਿਸ਼ਨ ਜੀ ਯਾਦਵ ਕੁਲ ਵਿਚ ਸਨ, 'ਵਰਜੇਸ, ਦਜੇਸ, ਰਘੇਸ, ਕੁਰੇਸ਼' ਆਦਿ ਨਾਮ ਕੁਲਾਂ ਕਰਕੇ ਲਿਤੇ ਹਨ, ਰਬ ਦੀ ਕੁਲ ਨਹੀਂ ਹੈ।

## ਸੰਤ ਸਰੂਪ ਬਿਬੈਰ ਕਹਾਇ ਸੁ ਕਯੋਂ ਪਥ ਕੋ ਰਥ ਹਾਂਕ ਧਯੋ ਜੂ ?

ਇਸ ਦਾ ਭਾਵ ਹੈ ਕਿ ਸ੍ਰੀ ਕ੍ਰਿਸ਼ਨ ਜੀ ਮਹਾਂ ਬੀਰ ਅਰਜਨ ਦੇ ਰਥਵਾਹੀ ਬਣ ਕੇ ਮਹਾਂ ਭਾਰਤ ਦਾ ਜੁੱਧ ਮਚਾ ਕੇ ਪਰਸਪਰ ਇਕੋ ਖਾਨਦਾਨ ਨੂੰ ਲੜਾਕੇ ਬ੍ਰਬਾਦ ਕਰਨਾ ਹੈ, ਜਿਹਾ ਕਿ ਮਹਾਂਭਾਰਤ ਵਿਚ ਦਸਿਆ ਹੈ। ਇਥੇ ਗੁਰੂ ਜੀ ਦਾ ਭਾਵ ਹੈ ਕਿ ਇਸ ਤਰਾਂ ਕਰਨ ਵਾਲਾ ਕ੍ਰਿਪਾ ਨਿਧਿ ਅਥਵਾ ਪ੍ਰਮੇਸ਼ਵਰ ਨਹੀਂ ਕਹਾ ਸਕਦਾ। ਸਤਿਗੁਰੂ ਜੀ ਫੁਰਮੌਂਦੇ ਹਨ ਸੰਤ ਯਾ ਮਹਾਤਮਾਂ ਤਾਂ ਵੈਰ ਰਹਿਤ ਰਹਿੰਦੇ ਹਨ। ਮਹਾਂਭਾਰਤ ਦਾ ਜੁਧ ਪਰਸਪਰ ਵੈਰ ਦਾ ਕਾਰਨ ਸੀ, ਜਿਸ ਦੇ ਨੇਤਾ ਕ੍ਰਿਸ਼ਨ ਜੀ ਸਨ।

--o--

Digitized by Panjab Digital Library | www.panjabdigilib.org

## ਕਯੋਂ ਕਹੁ ਕ੍ਰਿਸ਼ਨ ਕ੍ਰਿਪਾ ਨਿਧਿ ਹੈ ? ਕਿਹ ਕਾਜ ਤੇ ਬੱਧਕ ਬਾਣ ਲਗਾਯੋ ॥ ੧੪ ॥

ਇਸ ਤੋਂ ਭਾਵ ਇਹ ਹੈ ਕਿ ਮਹਾਂ ਭਾਰਤ ਆਦਿ ਗ੍ਰੰਥਾਂ ਵਿਚ ਇਹ ਬਾਤ ਸਿੱਧ ਕੀਤੀ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਦੁਰਬਾਸਾ ਰਿਖੀ ਨੂੰ ਲੜਕਿਆਂ ਪਾਸੋਂ ਮਖੌਲ ਕਰਵਾਕੇ ਜਾਦਵਾਂ ਦੀ ਕੁਲ ਦੀ ਨਸ਼ਟਤਾ ਦਾ ਖਾਹਮਖਾਹ ਸਰਾਪ ਲਿਤਾ ਸੀ, ਜਿਸ ਦਾ ਅੰਤਮ ਫਲ ਆਪ ਨੂੰ ਵੀ ਇਕ ਸ਼ਿਕਾਰੀ ਨੇ ਉਸ ਲੋਹੇ ਦੀ ਬਚਤ ਦਾ ਤੀਰ ਮਾਰਿਆ ਸੀ, ਜੋ ਮਖੌਲ ਸਮੇਂ ਦੁਰਬਾਸਾ ਰਿਖੀ ਦੇ ਸਾਹਮਣੇ ਪੇਟ ਪਰ ਲੋਹਾ ਬੰਨ੍ਹਿਆਂ ਗਿਆ ਸੀ। ਸੋ ਇਸ ਤਰਾਂ ਦੀ ਨੀਤੀ ਯਾ ਛਲ ਅਥਵਾ ਕਰਤੱਬ ਪਰਮਾਤਮਾ ਯਾਂ ਅਕਾਲ ਪੁਰਖ ਨਹੀਂ ਕਰ ਸਕਦਾ। ਉਕਤ ਕਥਾ ਵਿਸਥਾਰ ਨਾਲ ਪਿਛੇ ਆ ਚੁਕੀ ਹੈ। ਇਕਰ ਹੀ ਮਹੰਮਦ ਸਾਹਿਬ ਆਪਣੀ ਕੁਰੇਸ਼ ਕੁਲ ਦੇ ਇਤਨੇ ਪੱਖੀ ਸਨ ਕਿ ਕੁਰਾਨ ਸ਼ਰੀਫ ਵਿਖੇ ਭੀ ਲਿਖ ਗਏ ਹਨ ਕਿ ਯਹੂਦੀ ਔਰ ਈਸਾਈਆਂ ਨੂੰ ਮਿਤ੍ਰ ਨਾ ਬਣਾਉ (ਪੜ੍ਹੋ ਸੂਰਤ ਪੰਜਵੀਂ ਦੀ ਆਯਤ ਇਕਵੰਜਾ) ਐਸੇ ਹੀ ਮੂਸਾ ਔਰ ਈਸਾ ਨੇ ਕੀਤਾ ਹੈ ਕਿ ਹੋਰਾਂ ਲਈ ਮੇਰੇ ਪਾਸ ਰੋਟੀ ਨਹੀਂ ਹੈ। ਗੁਰਮਤ ਨੇ 'ਤੇਰੇ ਭਾਣੇ ਸਰਬੱਤ ਦਾ ਭੁਲਾ' ਲੋਚਿਆ ਹੈ। ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ।

--o--

## ਅੰਤ ਮਰੇ ਪਛਤਾਇ ਪ੍ਰਿਥੀ ਪਰ ਜੋ ਜਗ ਮਹਿ ਅਵਤਾਰ ਕਹਾਏ

ਸ੍ਰੀ ਰਾਮ ਚੰਦਰ ਜੀ ਨੇ ਅੰਤ ਸਮੇਂ ਸ੍ਰੀ ਸੀਤਾ ਜੀ ਦੇ ਗੁਜ਼ਰਨ ਜਾਂ ਧਰਤੀ ਵਿਚ ਸਮੌਣ ਪਰ ਵਿਯੋਗ ਵਿਚ ਪ੍ਰਾਣ ਤਯਾਗੇ। (ਪੜ੍ਹੋ ਸ੍ਰੀ ਮਤ ਭਾਗਵਤ ਦਾ ਸਕੰਧ ੯ ਨੌਂ ਦਾ ਧਿਆਇ ਗਿਆਰਵਾਂ)

ਦਸਿਆ ਹੈ ਕਿ ਤ੍ਰੇਤੇ ਜੁਗ ਦੇ ਅਵਤਾਰ ਆਪਣੀ ਪਯਾਰੀ ਇਸਤ੍ਰੀ ਸ੍ਰੀ ਸੀਤਾ ਜੀ ਨੂੰ ਧਰਤੀ ਵਿਚ ਸਮਾਈ ਜਾਣ ਕੇ ਭਾਵ ਵਿਯੋਗ ਨਾ ਸਹਾਰ ਕੇ ਸੁਰਗ ਪੁਰੀ ਨੂੰ ਪਧਾਰ ਗਏ। ਏਹੋ ਬਾਤ ਰਾਮਾਇਣ ਔਰ ਦਸਮ ਗ੍ਰੰਥ ਦੇ ਰਾਮਾਂ ਅਵਤਾਰ ਵਿਖੇ ਔਂਦੀ ਹੈ।

ਸ੍ਰੀ ਕ੍ਰਿਸ਼ਨ ਜੀ ਆਪਣੀ ਕੁਲ ਯਾਦਵਾਂ ਦੇ ਸ਼ਰਾਬ ਪੀ ਕੇ ਪਰਸਪਰ ਲੜ ਮਰਨ ਦੇ ਪਛਤਾਵੇ ਵਿਚ ਉਦਾਸ ਹੋਕੇ ਪਰਭਾਸ ਛੇਤ੍ਰ ਵਿਖੇ ਪ੍ਰਾਣ ਤਯਾਗ ਗਏ। ਉਕਤ ਬ੍ਰਿਤਾਂਤ ਭਾਗਵਤ ਗ੍ਰੰਥ ਦੇ ਸਕੰਧ ਗਿਆਰਾਂ ਦੇ ਧਿਆਇ ਇਕੱਤੀਸ ਵਿਖੇ ਵਿਸਥਾਰ ਨਾਲ ਲਿਖਿਆ ਮਿਲਦਾ ਹੈ। ਐਸੇ ਹੀ ਮਹਾਂ ਭਾਰਤ ਗ੍ਰੰਥ ਤੋਂ ਸਿਧ ਹੈ ਕਿ ਪਾਂਡਵ ਆਪਣੀ ਕੁਲ ਦਾ ਨਾਸ਼ ਕਰ ਕਰਵਾ ਕੇ ਪਛਤੌਂਦੇ ਹੋਏ ਹਿਮਾਲੇ ਪਰਬਤ ਵਿਚ ਜਾ ਕੇ ਬਰਫ ਵਿਚ ਗਲ ਕੇ ਪ੍ਰਾਣ ਛਡ ਗਏ ਸਨ। ਇਸ ਤਰਾਂ ਦੇ ਹੋਰ ਭੀ ਕਾਫੀ ਪ੍ਰਸੰਗ ਮਿਲਦੇ ਹਨ। (ਵਿਸਥਾਰ ਹਿਤ ਪੜ੍ਹੋ ਸ਼ਬਦ 'ਨਾਨਕ ਦੁਖੀਆ ਸਭ ਸੰਸਾਰ।' ਜਿਹਾ ਕਿ 'ਰੋਵੈ ਪਾਂਡਵ ਭਏ ਮਜੂਰ।' 'ਰੋਵੈ ਰਾਮ ਨਿਕਾਲਾ ਭਇਆ।' ਆਦਿ)

Digitized by Panjab Digital Library | www.panjabdigilib.org

## ਜਾਇ ਸਨਯਾਸਿਨ ਕੇ ਤਿਹ ਕੇ ਕਹਿੰ, ਦੱਤ ਹੀ ਸੱਤ ਹੈ ਮੰਤ੍ਰ ਦ੍ਰਿੜਾਵੈ ॥ ੨੭ ॥

ਸੰਨਯਾਸੀਆਂ ਦਾ ਆਗੂ ਯਾਂ ਮੋਢੀ ਦੱਤਾ ਤ੍ਰੇਯ ਨੂੰ ਮੰਨਿਆਂ ਹੈ। ਇਸ ਦਾ ਸੰਖੇਪ ਜੀਵਨ ਇਉਂ ਹੈ-

ਦੱਤ ਦੇ ਪਿਤਾ ਦਾ ਨਾਉਂ ਅੱਤ੍ਰਯ ਰਿਖੀ ਤੇ ਮਾਤਾ ਦਾ ਨਾਉਂ ਅਨਸੂਯਾ ਸੀ। ਇਸਨੂੰ ਵੀ ਚੌਵੀ ਅਵਤਾਰਾਂ ਵਿਚ ਮੰਨਿਆਂ ਜਾਂਦਾ ਹੈ। ਮਾਰਕੰਡੇ ਪੁਰਾਣ ਦੀ ਇਕ ਕਥਾ ਹੈ ਕਿ ਅਨਸੂਯਾ ਦੇ ਵਰ ਮੰਗਣ ਪਰ ਬ੍ਰਹਮਾਂ ਸੋਮ ਰੂਪ ਹੋਕੇ ਤਥਾ ਵਿਸ਼ਨੂ ਦਤ ਰੂਪ ਹੋਕੇ ਅਤੇ ਸ਼ਿਵ ਜੀ ਦੁਰਬਾਸ਼ਾ ਰੂਪ ਹੋ ਕੇ ਜਨਮਿਆਂ ਸੀ। ਦੱਤਾ ਤ੍ਰੇਯ ਨੇ ਹੇਠ ਲਿਖੇ ੨੪ (ਚੌਵੀ) ਗੁਰੂ ਧਾਰਨ ਕੀਤੇ-ਪ੍ਰਿਥਵੀ, ਜਲ, ਪਵਨ, ਅਕਾਸ਼, ਚੰਦ੍ਰਮਾਂ, ਅਗਨ, ਸੂਰਜ, ਕਬੂਤਰ, ਅਜਗਰ, ਸਰਪ, ਸਮੁੰਦ੍ਰ, ਹਾਥੀ, ਭੌਰਾ, ਪਤੰਗ, ਸ਼ਹਿਦ ਚੋਣ ਵਾਲੀ ਇਸਤ੍ਰੀ, ਮ੍ਰਿਗ, ਮੱਛੀ, ਪਿੰਗਲਾ, ਵੇਸਵਾ, ਗਿਰਝ, ਸ਼ਕਾਰੀ, ਬਾਲਕ ਕੁਆਰੀ ਕੰਨਯਾਂ, ਤੀਰਗਰ, ਮਕੜੀ ਅਤੇ ਤਿਤਲੀ।

ਨੋਟ:-ਸੋਮ ਵੀ ਅਨਸੂਯਾ ਦਾ ਪੁਤਰ ਸੀ, ਜਿਸ ਨੇ ਆਪਣੇ ਦੇਵ ਗੁਰੂ ਬ੍ਰਹਸਪਤਿ ਦੀ ਇਸਤ੍ਰੀ ਤਾਰਾ ਨੂੰ ਚੁਰਾ ਲਿਆ ਸੀ। ਇਸ ਨੂੰ ਕੇਸ ਮੁੰਨਣ ਦੀ ਸਜ਼ਾ ਦਿਤੀ ਗਈ ਸੀ।

ਅਨਸੂਯਾ ਬਾਬਤ ਦਸਿਆ ਹੈ ਕਿ ਏਹ ਅਤ੍ਰੇ ਰਿਖੀ ਨਾਲ ਚਿਤਰ ਕੂਟ ਪਹਾੜ ਵਿਚ ਰਹਿੰਦੀ ਸੀ। ਸੀਤਾ ਨੂੰ ਇਸੇ ਨੇ ਧਰਮ ਉਪਦੇਸ਼ ਦਿਤਾ ਅਤੇ ਇਕ ਬਟਣਾ (ਮਲਣ ਵਾਸਤੇ) ਦਿਤਾ, ਜਿਸ ਨਾਲ ਸਰੀਰ ਦੀ ਸੁੰਦਰਤਾ ਸਦਾ ਰਹਿ ਸਕਦੀ ਸੀ। (ਪੜ੍ਹੋ ਰਾਮਾਇਣ)

## ਜੋ ਕਰਿ ਸੇਵ ਮਸੰਦਨ ਕੀ ਕਹਿ, ਆਨ ਪ੍ਰਸਾਦਿ ਸਭੈ ਮੁਹਿ ਦੀਜੈ।

ਦਸਮ ਗ੍ਰੰਥ ਦੀ ਲਿਖਤੀ ਬੀੜਾਂ ਵਿਚ ਮਸੰਦਨ ਤੇ ਮਸੀਹਨ ਦੋ ਪਾਠ ਮਿਲਦੇ ਹਨ ਪਰ ਮਸੀਹਨ ਪਾਠ ਇਸ ਸਵੈਯੇ ਦੇ ਅਰਥ ਭਾਵ ਨਾਲ ਠੀਕ ਢੁਕਦਾ ਹੈ ਕਿਉਂਕਿ "ਮੇਰੋ ਹੀ ਧਯਾਨ ਕਰੋ ਨਿਸਬਾਸਰ ਭੂਲਕੇ ਔਰ ਕੋ ਨਾਮ ਨ ਲੀਜੈ।" ਆਦਿ ਪੋਪਾਂ ਦਾ ਮਤ ਹੈ ਸੋ ਜਿਸ ਵੇਲੇ ਇਹ ਬਾਣੀ ਉਚਾਰੀ ਹੈ ਯੂਰਪ ਵਿਖੇ ਮਸੀਹਨ ਅਰਥਾਤ ਪੋਪਾਂ ਦਾ ਇਸੇਤਰਾਂ ਪ੍ਰਚਾਰ ਤੇ ਵਰਤਵਾਰਾ ਸੀ ਵੈਸੇ ਮਸੰਦ ਦੇ ਅਰਥ ਭੀ ਮਸਨਦ ਤਥਾ ਗੱਦੀ ਨਾਲ ਸਬੰਧ ਰਖਣੇ ਵਾਲੇ ਹਨ ਸੋ ਪੋਪ ਹਜ਼ਰਤ ਈਸਾ ਜੀ ਦੇ ਜਾਨਸ਼ੀਨ ਮੰਨੇ ਆ ਰਹੇ ਹਨ ਇਕ ਮਸੰਦ ਸਿਖਾਂ ਵਿਚ ਭੀ ਮੰਨੇ ਹੈਨ ਜੋ ਕਿ ਦਸਵੰਧ ਗੁਰੂ ਕਾ ਉਗ੍ਰਾਹੁੰਦੇ ਤੇ ਸਿਖ ਧਰਮ ਦੇ ਪ੍ਰਚਾਰਕ ਸਨ। ਮਸੰਦਾਂ ਦੇ ਰਖਣੇ ਦਾ ਰਿਵਾਜ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਚਲਿਆ ਤੇ ਸੰਮਤ ੧੭੫੫ ਬਿ: ਤਕ ਕਾਇਮ ਰਿਹਾ। ਦਸਮ ਗੁਰੂ ਜੀ ਨੇ ਇਨ੍ਹਾਂ ਨੂੰ ਸੇਵਾ ਤੋਂ ਖਾਰਜ ਕਰ ਦਿੱਤਾ ਕਿਉਂਕਿ ਮਸੰਦਾਂ ਵਿਖੇ ਭੈੜਤਾ ਆ ਚੁਕੀ ਸੀ, ਸ੍ਰੀ ਗੁਰੂ ਜੀ ਨੇ ਇਨਾਂ ਨੂੰ ਡੇਹਰਾਦੂਨ ਜਾਕੇ ਇਸ ਲਈ ਸਜ਼ਾ ਦਿਤੀ ਸੀ ਕਿ ਇਹਨਾਂ ਨੇ ਬਾਬਾ ਰਾਮ ਰਾਇ ਜੀ ਦੀ ਦੇਹ ਨੂੰ ਸਮਾਧੀ ਸਥਿਤ ਸਮੇਂ ਚੁਕ ਕੇ ਜਿੰਦਾ ਸਾੜ ਦਿਤਾ ਸੀ। ਅਨੰਦਪੁਰ ਸਾਹਿਬ

Digitized by Panjab Digital Library | www.panjabdigilib.org

ਮੋੜਕੇ ਭੀ ਭੈੜੀ ਕਰਤੂਤਾਂ ਬਦਲੇ ਕਾਫੀ ਸਜ਼ਾ ਭੁਗਤਾਈ ਸੀ। ਅਜ ਕਲ ਮਸੰਦ ਸ਼ਬਦ ਦੰਭੀਆਂ ਪਾਖੰਡੀਆਂ ਠੱਗਾਂ ਲਈ ਭੀ ਵਰਤਿਆ ਜਾਂਦਾ ਹੈ। ਮਸੀਹਨ ਤੋਂ ਭਾਵ ਈਸਾਈ ਮੁਸਾਈ ਆਦਿ ਸਾਰੇ ਮਤ ਭੀ ਹੋ ਸਕਦਾ ਹੈ। ਮਾਰਟਨ ਲੂਥਰ ਦੇ ਸੁਧਾਰ ਸਮੇ ਸਚ ਮੁਚ ਪੋਪ ਉਕਤ ਸਵੈਯੇ ਵਿਖੇ ਦਸੇ ਅਨੁਸਾਰ ਵਰਤੋਂ ਕਰਦੇ ਸਨ।

**ਜੋ ਜੁਗਿਆਨ ਕੇ ਜਾਯ ਉਠਾਸ਼੍ਰਮ ਗੋਰਖ ਕੋ ਤਿਹ ਜਾਪ ਜਪਾਵੈ॥**

ਜੋਗੀਆਂ ਦਾ ਮਤ ਈਸਾਈ ਸੰਨ ਤੋਂ ਨੌਂ ਕੁ ਸੌ ਸਾਲ ਪਹਿਲਾਂ ਤੋਂ ਪ੍ਰਚੁਰ ਹੋਇਆ। ਵੱਡਾ ਜੋਗੀ ਸ਼ਿਵ ਹੈ ਪਰ ਗੋਰਖ ਦੇ ਗੁਰੂ ਮਛਿੰਦਰ ਨਾਥ ਨੇ ਬਹੁਤ ਪ੍ਰਚਾਰ ਕੀਤਾ, ਗੋਰਖ ਨਾਥ ਦੀ ਹੋਂਦ ਚਿਰ ਤਕ ਰਹੀ। ਜੋਗ ਮਤ ਨੇ ਪੂਰਨ (ਭਗਤ), ਭਰਥਰੀ, ਗੋਪੀ ਚੰਦ ਜੈਸੇ ਰਾਜੇ ਰਾਜ ਧਰਮ ਵਲੋਂ ਉਪ੍ਰਾਮ ਕਰਕੇ ਫਕੀਰ ਬਣਾ ਦਿਤੇ, ਹਿੰਦੁਸਤਾਨ ਵਿਚ ਪ੍ਰਾਕਰਮ ਔਰ ਰਾਜ ਕਰਮ ਖਤਮ ਹੁੰਦਾ ਗਿਆ। ੧੫੪੦ ਈਸਵੀ ਦੇ ਗਿਰਦੇ ਗੁਰੂ ਨਾਨਕ ਮਤ ਨੇ (ਖਾਲਸ ਧਰਮ) 'ਰਾਜ ਜੋਗ' ਮਾਰਗ ਵਿਚ ਲਿਆਂਦਾ। ਗ੍ਰਿਹਸਤ ਆਸ਼੍ਰਮ ਨੂੰ ਸਰੋਮਣਤਾ ਦਿਤੀ, ਜੋਗੀ ਜੋ ਅਨੇਕਾਂ ਫਿਰਕਿਆਂ ਵਿਚ ਹੋ ਕੇ ਜਮਾਤਾਂ ਬਣਾ ਕੇ ਦੇਸ਼ ਵਿਚ 'ਮੰਗਤ ਵਾਧਾ' ਔਰ ਮਖੱਟੂ ਪਣਾ ਫੈਲਾ ਰਹੇ ਸਨ, ਗੁਰਮਤ ਸਿਧਾਂਤ ਅਗੇ ਮਾਤ ਪੈ ਗਏ, ਦਸਾਂ ਸਰੂਪਾਂ ਦੇ ਪ੍ਰਚਾਰ ਨੇ ਜੋਗੀ ਮਤ ਨੂੰ ਭਾਰੀ ਹਾਰ ਦੇ ਕੇ ਹਿੰਦੁਸਤਾਨ ਵਿਚੋਂ ਕਢ ਦਿਤਾ। ਗੁਰਬਾਣੀ ਵਿਚ ਜੋਗੀਆਂ ਦਾ ਕਾਫੀ ਖੰਡਣ ਹੈ। ਸਿਧ ਗੋਸ਼ਟ ਆਦਿ ਰਚਨਾਵਾਂ ਅਚਲ ਵਟਾਲੇ ਦੀਆਂ ਬਹਿਸਾਂ ਦੇ ਪ੍ਰਤੱਖ ਸਬੂਤ ਹਨ। ੧੦੨੧ ਈਸਵੀ ਵਿਚ ਹਿੰਦੂ ਸ਼ਾਹੀ ਖਤਮ ਹੋਣ ਸਾਰ ਇਸਲਾਮ ਮਤਿ ਦਾ ਹਿੰਦ ਵਿਚ ਦਾਖਲਾ ਹੋਣ ਲਗ ਪਿਆ।

ਜੋਗੀਆਂ ਦੇ ਹਿੰਦੁਸਤਾਨ ਵਿਚ ਹਜ਼ਾਰਾਂ ਮੰਗ ਖਾਣੇ ਡੇਰੇ ਕਾਇਮ ਸਨ, ਰਾਜ ਕਾਜ ਵਲੋਂ ਇਨਾਂ ਨੇ ਦੇਸ਼ ਵਾਸੀਆਂ ਨੂੰ ਨਿਕੰਮੇ ਕਰ ਦਿਤਾ ਸੀ। ਹੁਣ ਤਕ ਜੋਗੀਆਂ ਦੇ ਨਿਸ਼ਾਨ ਮੌਜੂਦ ਹਨ। ਜੇਹਲਮ ਵਿਚ ਗੋਰਖ ਨਾਥ ਦਾ ਟਿੱਲਾ, ਪਸ਼ਾਵਰ ਵਿਚ ਗੋਰਖ ਹਟੜੀ, ਗੁਰਦਾਸ ਪੁਰ ਵਿਖੇ ਅਚਲ ਵਟਾਲਾ, ਅਬੋਹਰ ਵਿਖੇ ਗੋਰਖ ਧੂਣੀ, ਨੈਪਾਲ, ਚੰਬੇ ਆਦਿ ਰਿਆਸਤਾਂ ਵਿਚ ਹੁਣ ਤੀਕਰ ਮਛਿੰਦ੍ਰ, ਗੋਰਖ ਆਦਿ ਦੀਆਂ ਮੂਰਤਾਂ ਤੇ ਬੁਤਾਂ ਦੀ ਪੂਜਾ ਪਰਧਾਨ ਹੈ। ਵਧ ਪਰਸਿਧ ਮੁੰਦ੍ਰਾਂ ਵਾਲੇ ਨਾਥ (ਕਨ ਪਾਟੇ) ਜੋਗੀ ਸਨ। ਮਹੰਤ ਯਾਂ ਮੁਖੀਆਂ ਨੂੰ 'ਅਵਧੂਤ' ਕਹਿੰਦੇ ਸਨ, ਗੁਰਬਾਣੀ ਵਿਚ ਕਈਆਂ ਨਾਲ ਚਰਚਾ ਦਾ ਜ਼ਿਕਰ ਹੈ। ਗੋਰਖ ਨਾਥੀਆਂ ਦਾ ਪਰਚਾਰ ਹੀ ਇਹ ਸੀ ਕਿ ਦੂਜੇ ਦੀ ਤਮਾਮ ਜਾਇਦਾਦ ਧਨ ਲੈ ਕੇ ਚੇਲਾ ਮੁੰਨ ਕੇ ਫਕੀਰ ਬਣਾ ਦੇਣਾ, ਲੱਖਾਂ ਆਦਮੀ ਬੇ ਘਰੇ ਕਰ ਸੁਟੇ, ਰਾਜੇ ਉਜਾੜ ਦਿਤੇ। ਸਿਧ ਕਰਾਮਾਤੀਆਂ ਨੂੰ ਆਖਦੇ ਸਨ ਇਹ ਚੌਰਾਸੀ ਹਨ, ਜਿਨਾਂ ਦੇ ਨਾਮ ਪ੍ਰਿਥਮ ਭਾਗ ਵਿਚ ਲਿਖੇ ਮਿਲਦੇ ਹਨ, ਆਮ ਤੌਰ ਪਰ ਜੋਗੀਆਂ ਦੇ ਗੱਦੀ ਨਸ਼ੀਨ ਜਾਂ ਮਹੰਤ ਇਸ ਕ੍ਰਮ ਅਨੁਸਾਰ ਲਿਖੇ ਮਿਲਦੇ ਹਨ—ਮਛੰਦਰ ਨਾਥ, ਗੋਰਖ ਨਾਥ,

Digitized by Panjab Digital Library | www.panjabdigilib.org

ਰਤਨ ਨਾਥ, ਧਰਮ ਦਾਸ, ਵਿਸ਼ਨ ਦਾਸ, ਨਰਪਤ, ਗੁਰਦਾਸ, ਜੋਧਾ ਰਾਮ, ਮਥਰਾ ਦਾਸ (ਸੋਧ ਸਵਾਈ), ਸਾਂਈ ਦਾਸ, ਭਵਾਨੀ ਦਾਸ, ਲਖਮਣ ਦਾਸ, ਧਰਮ ਦਾਸ (ਦੂਜਾ) ਪੰਜਾਬ ਦਾਸ, ਸਾਈਂ ਦਾਸ ਗੁਸਾਈਂ, ਬ੍ਰਹਮ ਦਾਸ ਆਦਿ ਆਦਿ। ਬ੍ਰਹਮ ਸਾਰ ਨੇ ਇਕ ਪੋਥੀ 'ਰਤਨ ਗਿਆਨ' ਨਾਮ ਦੀ ਲਿਖੀ ਸੀ।

ਜੋਗੀਆਂ ਵਿਚੋਂ ਭਾਵੇਂ ਵਿਦਜਵਾਨ ਪੁਰਸ਼ ਭੀ ਹੋਏ ਹਨ ਪਰ ਵਿਦਜਾ ਨਾਲ ਇਨ੍ਹਾਂ ਨੂੰ ਭਾਰੀ ਵੈਰ ਸੀ। ਭਰਥਰੀ ਨੇ ਵੈਰਾਗ ਸ਼ਤਕ ਔਰ ਭਰਥਰੀ ਸ਼ਤਕ ਆਦਿ ਗ੍ਰੰਥ ਲਿਖੇ ਪਰ ਗ੍ਰਿਹਸਤ ਆਸ਼ਰਮ ਯਾਂ ਇਸਤ੍ਰੀ ਜਾਤੀ ਦੀ ਨਿੰਦਾ ਲਿਖਕੇ ਗ੍ਰਿਹਸਤ ਆਸ਼੍ਰਮ ਨੂੰ ਬਹੁਤ ਭੰਡਿਆ ਹੈ। ਮੰਗਤਾਂ ਵਾਧਾ ਪੈਦਾ ਕਰਨ ਨਾਲ ਦੇਸ਼ ਦਾ ਉਜਾੜਾ ਹੁੰਦਾ ਗਿਆ ਜੇ ਸਾਰੇ ਭੀਖ ਮੰਗਣ ਤਾਂ ਕੰਮ ਕੌਣ ਕਰੇਗਾ। ਜੇ ਕਿਸੇ ਪਾਸ ਕੁਝ ਧਨ ਵੇਖਿਆ ਤਾਂ ਕੀ ਕੀਤਾ ? ਜੋ ਜੁਗਿਆਨ ਕੇ ਜਾਯ ਕਹੈ, ਸਭ ਜੋਗਿਨ ਕੋ ਗ੍ਰਿਹ ਮਾਲ ਉਠੈਦੇ। ਜੋ ਪਰਿ ਭਾਜ ਸਨਯਾਸਨ ਪੈ ਕਹਿ,ਦੱਤਕੇ ਨਾਮ ਪੈ ਧਾਮ ਲੁਟੈਦੇ। ਜੋਕਰ ਕੋਊ ਮਸੰਦੰਨ, ਸੋ ਕਹਿ (ਪੋਪ ਈਸਾਈ ਲੋਕ) ਲੈ ਸਭ ਦ੍ਰਵਯ ਸੁ ਮੋਹਿ ਅਬੈਦੇ। ਸਿਟਾ ਕੀ ? ਲੇਉਹਿ, ਲੇਉ ਕਹੈ ਸਭਕੋ ਨਰ, ਕੋਊ ਨ ਬ੍ਰਹਮ ਬਤਾਯ ਹਮੈਂਦੇ (੩੪ ਸਵੈਯੇ ਪਾ: ੧੦)

ਇਸ ਹਾਲਤ ਵਿਚ ਹਿੰਦੁਸਤਾਨ ਦੀ ਬਰਬਾਦੀ ਹੋ ਰਹੀ ਸੀ, ਜਿਸ ਨੂੰ ਕਿ ਗੁਰੂ ਨਾਨਕ ਜੀ ਨੇ ਪ੍ਰਗਟ ਹੋਕੇ ਰੋਕਿਆ। ਇਸ ਉਜਾੜੇ ਵਾਰੇ ਭਾਈ ਗੁਰਦਾਸ ਜੀ ਨੇ ਭੀ ਲਿਖਿਆ ਹੈ। ਭਈ ਗਿਲਾਂਨਿ (ਨਫਰਤ) ਜਗਤ ਵਿਚ ਚਾਰ ਵਰਨ ਆਸ਼੍ਰਮ ਉਪਾਏ। ਦਸ ਨਾਮੀ ਸੰਨਯਾਸੀਆਂ, ਜੋਗੀ ਬਾਰਹਿ ਪੰਥ ਚਲਾਏ। ਜੰਗਮ ਅਤੇ ਸਰੇਵੜੇ (ਜੈਨੀ) ਦਗੇ (ਚਕ੍ਰਾਂਕਿਤ ਵੈਸ਼ਨਵ) ਦਿਗੰਬਰ ਵਾਦ ਕਰਾਏ........ (੧॥੧੯)

ਪੰਥਾਂ ਦੇ ਨਾਮ ਇਕਰ ਦੇ ਸਨ ਹੇਤ, ਪਾਵ, ਆਈ, ਗੰਮਯ, ਪਾਗਲ, ਗੋਪਾਲ, ਕੰਥੜੀ, ਬਨ, ਧ੍ਰੱਜ, ਚੋਲੀ, ਰਾਵਲ, ਦਾਸ ਸਭਸਨਾਥ ਸਭ ਨਾਲ ਪੰਥ ਸਬਦ ਲਗਦਾ ਹੈ।

ਜੋਗੀਆਂ ਦਾ ਪ੍ਰਚਾਰ ਖੁਰਾਸਾਨ, ਜਲਾਲਾਬਾਦ, ਗਜ਼ਨੀ ਆਦਿ ਦੀ ਤਰਫ ਭੀ ਸੀ। ਇਹ ਗਦੀ ਪਸ਼ੌਰ ਦੀ ਸੀ ਜਿਸ ਦੇ ਆਗੂ ਪਿਛੇ ਲਿਖੇ ਹਨ। ਜੋਗੀ ਲੋਕ ਕੁਛ ਕੁ ਰਚਨਾਵਾਂ ਭੀ ਕਰਦੇ ਸਨ ਪਰ ਜ਼ਬਾਨੀ ਪ੍ਰਚਾਰ ਵਧ ਸੀ। ਇਹ ਉਮਰਾਂ ਨੂੰ ਵਧਾਕੇ ਪੰਜ ਚਾਰ ਸੌ ਸਾਲਾਂ ਤੀਕਰ ਲੈ ਜਾਂਦੇ ਸਨ ਵਡੀ ਉਮਰ ਲਈ ਸਮਾਧੀਆਂ ਲੌਂਦੇ ਔਰ ਕਾਇਆ ਕਲਪ ਆਦਿ ਸਾਧਨ ਕਰਦੇ। ਦਸਮ ਗੁਰੂ ਜੀ ਨੇ ਜੋਗੀਆਂ ਨੂੰ ਇਸ ਤਰਾਂ ਦੇ ਉਪਦੇਸ਼ ਦ੍ਰਿੜਾਏ "ਹੇ ਮਨ ! ਇਹ ਬਿਧਿ ਜੋਗ ਕਮਾਓ। ਸਿੰਙੀ ਸਾਚ, ਅਕਪਟ ਕੰਠਲਾ (ਕੰਠੀ ਦੀ ਰੁਦ੍ਰਾਛ) ਧਯਾਨ ਬਿਭੂਤ ਚੜ੍ਹਾਓ। ਤੰਤੀ (ਤੰਤ੍ਰੀ ਬੀਣਾ ਇਕਤਾਰੀਆ ਆਦਿ) ਗਹੁ ਆਤਮ ਬਸਿਕਰ ਕੀ, ਭਿਛਾ ਨਾਮ ਅਧਾਰੰ...... (ਹਜਾਰੇ ਸ਼ਬਦ ਪਾ: ੧੦) ਬਹੁਤੀ ਉਮਰ ਵਧੌਣ ਦੇ ਸਾਧਨ ਕਰਨੇ ਫਜ਼ੂਲ ਹੈਨ। 'ਵਡੀ ਆਰਜਾ ਫਿਰ ਫਿਰ ਜਨਮੈ, ਹਰਿ ਸਿਉਂ ਸੰਗ ਨ ਗਹਿਆ।'

--o--

Digitized by Panjab Digital Library | www.panjabdigilib.org

## ਸ਼ੇਸ਼ ਸੁਰੇਸ਼ ਗਣੇਸ਼ ਮਹੇਸ਼ਰ, ਗਾਹ ਫਿਰੇ ਸ੍ਰਤਿ ਥਾਹ ਨ ਆਯੋ।

ਸ਼ੇਸ਼ (ਨਾਗ) ਸਰਪਾਂ ਦਾ ਰਾਜਾ। ਦਸਿਆ ਹੈ ਕਿ ਇਹ ਹਰ ਰੋਜ ਹਜ਼ਾਰ ਨਾਮ ਨਵਾਂ ਜਪਦਾ ਹੈ, ਸਰੇਸ਼ (ਇੰਦਰ) ਗਣੇਸ਼ ਔਰ ਸ਼ਿਵ ਆਦਿ ਥੱਕ ਟੁਟ ਗਏ ਹਨ। 'ਸ੍ਰਤਿ' ਭਾਵ ਵੇਦ ਪਾਠੀਆਂ ਨੂੰ ਕੁਝ ਪਤਾ ਨਹੀਂ ਲਗਾ। ਹਿੰਦੂ ਗ੍ਰੰਥ ਆਖਦੇ ਹਨ ਕਿ ਸ਼ੇਸ਼ ਨਾਗ ਨੇ ਧਰਤੀ ਉਠਾਈ ਹੈ ਇਸ ਕਰਕੇ ਇਸਨੂੰ ਮਹੀਧਰ ਕਿਹਾ ਜਾਂਦਾ ਹੈ। ਪਰੰਤੂ 'ਦੇਵ ਅਦੇਵ ਮਹੀਧਰ ਨਾਰਦ ਸਾਰਦ ਸੱਤ ਸਦੈਵ ਪਛਾਨਾ॥ ਦੀਨ ਦਯਾਲੁ ਕ੍ਰਿਪਾ ਨਿਧਿ ਕੋ ਕਛੁ ਭੇਵ ਪੁਰਾਨ ਕੁਰਾਨ ਨ ਜਾਨਾ।' ਯਾਂਤੇ ਸ਼ੇਸ਼ ਨਾਗ ਬੇਅੰਤ ਸਿਫਾਤੀ ਨਾਮਾ ਸੇ ਕਰਤਾਰ ਨੂੰ ਨਹੀਂ ਪਾ ਸਕਿਆ। ਭਾਈ ਗੁਰਦਾਸ ਜੀ ਨੇ ਲਿਖਿਆ ਹੈ-'ਵੇਦ ਨ ਜਾਣੈ ਭੇਦ ਕਿਹੁ (ਕੁਛ) ਸੇਖ ਨਾਗ ਨ ਪਾਇ॥' (ਵਾਰ ੯ ਪੌ: ੨) ਸਹਸ ਨਾਮ ਲੈ ਸਹਸ ਮੁਖ (ਹਜਾਰ ਮੁਖ ਸੇ ਹਜਾਰਾਂ ਨਾਮ) ਸਿਮਰਨ ਸੰਖਨ (ਸੰਖਾਂ ਹੀ ਨਾਮ) ਨਾਉਂ ਧਿਆਯਾ। ਲੋਮਸ (ਰਿਖੀ) ਤਪ ਕਰ ਸਾਧਨਾ ਹਉਮੈਂ ਸਾਧ ਨ ਸਾਧ ਸਦਾਯਾ॥ (ਵਾਰ ੧੬। ਪੌ: ੧੪)

## ਇਕ ਮੜੀਅਨ, ਕਬਰਨ ਵੈਂ ਜਾਹੀ। ਦੁਹੂਅਨ ਮਹਿ ਪਰਮੇਸੁਰ ਨਾਹੀ।

ਹਿੰਦੂ ਮੜ੍ਹੀਆਂ ਪੂਜਦੇ ਹਨ ਔਰ ਮੁਸਲਮਾਨ ਕਬਰਾਂ, ਯਾਂਤੇ ਦੋਹਾਂ ਵਿਚ ਨਿਰੋਲ ਖੁਦਾ ਪ੍ਰਸਤੀ ਨਹੀਂ ਹੈ। ਏ ਦੋਊ (ਵੇਦੀ ਔਰ ਕਤੇਬੀ ਮਤ) ਮੋਹ ਬਾਦ ਮੇਂ ਪਚੇ। ਇਨ ਤੇ ਨਾਥ (ਖਾਲਸਾ ਪੰਥੀ) ਨਿਰਾਲੇ ਬਚੇ। ਜਾਂਕੇ ਛੂਟ ਗਯੋ ਭ੍ਰਮ ਉਰ ਕਾ। ਤਿਹ ਆਗੇ ਹਿੰਦੂ ਕਯਾ ਤੁਰਕਾ। ਇਕ ਤਸਬੀ (੯੯ ਮਣਕਿਆਂ ਦੀ ਮੁਸਲਮਾਨੀ ਮਾਲਾ) ਇਕ ਮਾਲਾ (੧੦੮ ਮਣਕੇ ਦੀ ਹਿੰਦੂ ਮਾਲਾ) ਧਰਹੀ। ਇਕ ਕੁਰਾਨ (ਚਾਰੇ ਕਤਾਬਾਂ) ਪੁਰਾਨ (ਚਾਰੇ ਵੇਦ ਆਦਿ) ਉਚਰਹੀ। ਕਰਤ ਵਿਰੋਧ ਗਯ ਮਰ ਮੂੜ੍ਹਾ (ਰਾਮ ਰਹੀਮ ਦੇ ਝਗੜੇ)। ਪ੍ਰਭੁ ਕੋ ਰੰਗ ਨ ਲਾਗਾ ਗੂੜ੍ਹਾ। ਚਾਰ ਵਰਨ ਚਾਰ ਮਜਹਬਾ, ਜਗ ਵਿਚ ਹਿੰਦੂ ਮੁਸਲ ਮਾਣੇ। ਖੁਦੀ ਬਖੀਲੀ ਤਕੱਬਰੀ, ਖਿਚੋ-ਤਾਨ ਕਰੇਨ ਧਿਙਾਣੇ। ਗੰਗ ਬਨਾਰਸ ਹਿੰਦੂਆ, ਮਕਾ ਕਾਬਾ ਮੁਸਲਮਾਣੇ। ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ। ਰਾਮ ਰਹੀਮ ਕਹਾਇੰਦੇ ਇਕ ਨਾਮ ਦੁਇ ਰਾਹ ਭੁਲਾਣੇ।

(ਭਾ: ਗੁਰਦਾਸ)

## ਤੇਤੀਸ ਸਵੈਯੇ ਪਾ: ੧੦ ਦੇ

### ਕਠਨ ਸ਼ਬਦ

ਜਾਗਤਿ ਜੋਤ=ਅਕਾਲ ਪੁਰਖ। ਨਿਸਬਾਸਰ=ਰਾਤ ਦਿਨ। ਨੈਕ=ਰੰਚਕ। ਨਖਾਲਿਸ=ਨਿਰੋਲ ॥ ੧ ॥ ਸਦੈਵ=ਹਮੇਸ਼ਾਂ। ਸਤਬ੍ਰਤ=ਸਤ ਦਾ ਧਾਰਨੀ। ਸੀਲ ਸੁ=ਸ਼ੀਲ ਸੁਭਾਉ। ਬਰਤ ਅਟੈ=ਸਦੀਵੀ ਬ੍ਰਤ।੨। ਮਹਾਂ ਪ੍ਰਭੁ=ਸਰਬ ਸਰੋਮਣ। ਅਜੈ=ਅਜਿਤ। ਗਾਹ=ਢੂੰਡ। ਅਗੂੜ=ਗੂੜ੍ਹਤਾ ਰਹਿਤ।੪। ਅਛੁੱਤ=ਅਡਿਗ। ਅਜਾਇ=ਅਜਨਮ। ਪਰੰਪਰ=ਪਰੇ ਤੋਂ ਪਰੇ (ਬੇਅੰਤ)।

Digitized by Panjab Digital Library | www.panjabdigilib.org

ਸ੍ਵੈਯੰਭੁ=ਸੁਤੇ। ਰੰਕ=ਨੀਚ ਮਨ।੫। ਅਛਰ=ਅਬਿਨਾਸੀ। ਪੋਖਨਹਾਰਾ=ਪਾਲਨਾ (ਪੇਟ ਭਰਨਾ)। ਸੁਬਹਾਨ=ਅਸਚਰਜ। ਸਰਦਾਰਾ=ਮਾਲਕ।੬। ਅਨੁਮਾਨਾ=ਅੰਦਾਜ਼ਾ। ਮਹੀਧਰ=ਪ੍ਰਿਥਵੀਪਤ।੭। ਸਦਾਬ੍ਰਤ=ਸਦੀਵ ਵਰਤਦਾ। ਬਿਲੋਕਨ=ਵੇਖਣਾ। ਚੀਨੋ=ਜਾਣਨਾ।੮। ਬਦਿਸਾ=ਲਾਂਭੇ ਛਾਂਬੇ। ਮਹਿ ਮੋ=ਧਰਤੀ ਮੇਂ।੯। ਗਨਿਕਾ=ਵੇਸਵਾ।੧੦। ਚਕ=ਚੌਤਰਫੋ। ਸੁਜਾਨ=ਚਤੁਰ। ਕੌਨ ਹੀ ਕਾਨ=ਕਿਸ ਦੀ ਕਨੌਡ ?। ਨਿਦਾਨ=ਮੂਰਖ।੧੧ ਠੋਕ=ਬੰਧ ਕੇ ਠੋਕਣਾ। ਉਰ=ਛਾਤੀ ਨਾਲ। ਮਹੇਸ਼=ਸ਼ਿਵ। ਈਸ=ਈਸ਼੍ਵਰ। ਹਰਿ ਮੰਦਰ=ਸ਼ਿਵ ਦੁਵਾਲੇ ਆਦਿ ਮੰਦਰ। ਪ੍ਰਮਾਨਜੋ=ਖਾਸ ਮੰਨਿਆਂ। ਮਨੈ=ਮਨੂ ਅਵਤਾਰ (ਮਨੂ ਸਿਮ੍ਰਤੀ ਵਾਲੇ ਨੂੰ)। ਜਿਯ=ਜੀਵ।੧੨। ਕੌਸ਼ਲ=ਕੁਸ਼ੱਲਯਾ (ਰਾਮ ਚੰਦਰ ਦੀ ਮਾਤਾ)। ਬਿਬੈਰ=ਵੈਰ ਰਹਿਤ। ਪਬ ਕੋ ਰਥ=ਅਰਜਨ ਦਾ ਰਥਵਾਹੀ। ਹਾਂਕੇ=ਹੱਕਣਾ। ਤਾਹੀ=ਤਿਸ ਨੂੰ।੧੩। ਬੱਧਕ=ਸ਼ਿਕਾਰੀ ਨੇ। ਦੇਵਕਿ=ਕ੍ਰਿਸ਼ਨ ਦੀ ਮਾਤਾ ਦੇਵਕੀ। ਤਾਤ=ਬਾਪ। ਬਸੁਦੇਵਹਿ=ਕ੍ਰਿਸ਼ਨ ਦਾ ਪਿਤਾ ਵਸੁਦੇਵ।੧੪। ਦਿਜੇਸ=ਬ੍ਰਹਮਾਂ। ਰਘੇਸ=ਰਾਮ ਚੰਦਰ। ਰਮਾਪਤ=ਵਿਸ਼ਨੂੰ। ਬਿਸ੍ਵ ਨਾਥ=ਕਰਤਾਰ। ਸੁਕਦੇਵ=ਪਰਾਸਰ। ਬਯਾਸ=ਰਿਖੀ ਦਾ ਨਾਮ। ਝੂਠਾਨਜੋ=ਝੂਠੇ ਪ੍ਰਸੰਗਾਂ ਦੇ ਲੇਖਕ। ਬਿਧਨੇਕ=ਅਨੇਕਾਂ ਰੂਪ।੧੫। ਬਿਸ੍ਵਨਾਯਕ=ਜਗਤ ਪ੍ਰੇਰਕ (ਕਰਤਾਰ)। ਸੋਊ ਥਾ=ਪਿਛੇ, ਹੁਣ ਅਰ ਅਗੇ ਨੂੰ ਹੋਊਗਾ।੧੬। ਆਜ ਲਗੇ=ਅਜਾਂ ਤਾਂਈਂ। ਗੁਰੁ ਗੁਰ=ਕਰਤਾਰ।੧੭। ਡਹਿਕਾਏ=ਲਲਚਾਏ। ਨਜਾਸ=ਅੰਗ ਮਰਯਾਦਾ) ਠੌਰ=ਥਾਂ (ਅਟਕ)। ਅਚੇਤ=ਭੁੱਲੜ।੧੯। ਯਹਿ=ਇਸਤਰਾਂ ਦੇ ਨਿਕੰਮੇ ਧਰਮ।੨੦। ਆਜਿ ਆਜ=ਅਜ ਕਲ ਕਰਦਿਆਂ। ਬੈਸ=ਉਮਰਾ।੨੧। ਭੀਰ=ਵਿਪਦਾ। ਅਜਾਨ ਹਠੀ=ਅਗਿਆਨ ਜ਼ਿਦੀ।੨੨। ਰਸੂਲ=ਮਹੰਮਦ ਆਦਿ। ਪਾਯਨ=ਸਰਨੀ।੨੩। ਦੰਡ ਕਮੰਡਲ=ਡੰਡਾ ਤੇ ਕਮੰਡਲ।੨੪। ਅਕਾਜ=ਮੰਦ ਕਰਮ। ਬਾਜਿ=ਘੋੜੇ। ਗਜ ਰਾਜ=ਵਡੇ ਹਾਥੀ। ਖਰ=ਖੋਤਾ।੨੫। ਮਹਿ ਦੀਨ=ਮਹੰਮਦੀ ਮਤ।੨੬। ਮਸੰਦਨ=ਪਾਠੰਤਰ ਮਸੀਹਨ (ਈਸਾਈ ਪੋਪ)। ਅਬੈਦੈ=ਹੁਣੇ ਦਿਓ। ਲੇਉਹਿ ਲੇਉ=ਲੈ ਲਵੋ।੨੮। ਤਵਾਲਯ=ਜੋ ਮਾਲ ਤੇਰੇ ਘਰ। ਭਜਰਾਤਹਿ=ਦੇਣ ਦਾ ਨਾਮ ਸੁਣਕੇ ਰਾਤ ਨੂੰ ਭਜਦੇ।੨੯। ਧਨਵਾਨ=ਦੌਲਤ ਮੰਦ (ਸੇਠ)।੩੦। ਬਕ=ਬਗਲਾ। ਪ੍ਰਪੰਚ=ਪਾਖੰਡ। ਬਿੜਾਲ=ਬਿੱਲਾ।੩੧। ਯਮਕਿੰਕਰ=ਯਮਦੂਤ। ਕਲਤ੍ਰ=ਇਸਤ੍ਰੀ। ਤ੍ਰਿਯਾ=ਇਸਤ੍ਰੀ। ਬੇਗ=ਛੇਤੀ। ਮਹਾਂਪਸ਼ੁ=ਮਹਾਂ ਮੂਰਖ।

# ਜ਼ਫਰ ਨਾਮਾ ਪਾ: ੧੦

ਇਹ ਜ਼ਫਰ ਨਾਮਾ ਯਾ ਫਤਹ ਦੀ ਚਿੱਠੀ ਸ੍ਰੀ ਗੁਰੂ ਜੀ ਨੇ ਸੰਮਤ ੧੭੬੩ ਬਿ: ਵਿਖੇ ਔਰੰਗਜ਼ੇਬ ਨੂੰ ਨਗਰ ਕਾਂਗੜ (ਦਿਆਲ ਪੁਰਾ) ਤੋਂ ਲਿਖੀ: ਅਜ ਕਲ ਇਹ ਨਗਰ (ਪਟਿਆਲਾ ਯੂਨੀਅਨ) ਨਾਭਾ

Digitized by Panjab Digital Library | www.panjabdigilib.org

ਵਿਖੇ ਹੈ। ਇਥੋਂ ਦੀਨਾਨਗਰ ਛੇ ਕੋਹ ਪਰ ਹੈ) ਇਥੇ ਉਸਵੇਲੇ ਰਾਇਜੋਧ ਦੀ ਰਾਜਧਾਨੀ ਸੀ, ਜੋ ਕਿ ਛੀਵੇਂ ਗੁਰੂ ਜੀ ਦਾ ਸਿਖ ਸੀ ਰਾਇ ਜੋਧ ਪਾਸ ਛੀਵੇਂ ਗੁਰੂ ਜੀ ਦੀ ਬਖਸ਼ਸ਼ ਇਕ ਕਟਾਰ ਸੀ। ਕਈ ਅਗਿਆਨੀ ਜ਼ਫਰ ਨਾਮੇ ਨੂੰ ਮੁਆਫ਼ੀ ਨਾਮਾ ਆਖਕੇ ਗੁਰੂ ਜੀ ਦੀ ਤੌਹੀਨ ਕਰਦੇ ਵੇਖੇ ਹਨ। ਜ਼ਫਰ ਨਾਮੇ ਵਿਚ ਔਰੰਗ ਜ਼ੇਬ ਦੇ ਜ਼ੁਲਮ ਔਰ ਧਰਮ ਈਮਾਨ ਦਾ ਭਾਂਡਾ ਭੰਨਕੇ ਨੇਕ ਸਿਖਿਆ ਦਿਤੀ ਹੈ। ਕਈ ਅਨਜਾਣ ਇਸ ਨਾਲ ਹਕਾਇਤਾਂ ਜੋੜਕੇ ਗਲਤੀ ਕਰਦੇ ਹਨ। ਗਯਾਰਾਂ ਹਕਾਇਤਾਂ ਵੱਖਰੀਆਂ ਹਨ। ਇਹ ਗੁਰੂ ਕ੍ਰਿਤ ਭੀ ਨਹੀਂ ਹਨ, ਜ਼ਫਰਨਾਮੇ ਦੇ ਸਾਰੇ ਬੰਦ ੧੧੧ ਹਨ, ਕਮਾਲੇ ਕਰਾਮਾਤ ਤੋਂ ਆਰੰਭ ਹੋਕੇ 'ਮੂਏ ਓਰਾ ਆਜ਼ਾਰ ਆਵਰੱਦ' ਪਰ ਭੋਗ ਹੈ। ਇਕ ਗਲਤੀ ਹੋਰ ਹੈ ਕਿ ਕਿਸੇ ਲਿਖਾਰੀ ਨੇ ਚਾਰ ਬੰਦ 'ਕੁਜਾ ਸ਼ਾਹ ਕੈ ਖੁਸਰਵੇ' ਤੋਂ ਲਾਕੇ ਅਕਬਰ ਕੁਜਾ ਅਸਤ ਇਹ ਅਠਵੀਂ ਹਕਾਯਤ ਵਿਚ ਲਿਖੇ ਹਨ, ਪੁਰਾਣੀ ਲਿਖਤਾਂ ਤੋਂ ਸਾਬਤ ਹੈ ਕਿ ਇਹ ਚਾਰ ਬੰਦ ਜ਼ਫਰ ਨਾਮੇ ਦੇ ਹਨ (ਪੜ੍ਹੋ ਅੰਕ ੪੨ ਤੋਂ ੪੪ ਤੱਕ) ਫਾਰਸੀ ਤੋਂ ਅਨਜਾਣਾਂ ਨੇ ਪਾਠ ਭੀ ਕਈ ਗਲਤ ਕਰ ਦਿਤੇ ਹਨ।

ਇਹ ਫਤਹਨਾਮਾ ਦੀ ਚਿੱਠੀ ਗੁਰੂ ਜੀਨੇ ਕਾਂਗੜ ਵਿਖੇ ਅਟਕ ਕੇ ਫਾਰਸੀ ਬੈਂਤਾਂ ਵਿਚ ਆਪ ਲਿਖੀ, ਉਸਦੀ ਇਕ ਕਾਪੀ ਔਰੰਗਜ਼ੇਬ ਦੇ ਤੋਸ਼ੇਖਾਨੇ ਵਿਖੇਰਹਿਕੇ ਉਸਦੀ ਉਲਾਦ ਪਾਸ ਮੌਜੂਦ ਹੈ, ਇਸ ਪੱਤ੍ਰ ਨੂੰ ਪੰਜ ਸਿੰਘ ਲੈਕੇ ਔਰੰਗ ਬਾਦ ਗਏ ਪਰ ਬਾਦਸ਼ਾਹ ਅਹਿਮਦਾ ਬਾਦ ਸੀ, ਉਥੇ ਹੀ ਪਹੁੰਚੇ, ਅਤੇ ਭਾਈ ਜੇਠਾ ਸਿੰਘ ਦੇ ਰਹਿ ਰਹੇ। ਔਰੰਗ ਜ਼ੇਬ ਨੂੰ ਚਿੱਠੀ ਦੇਣ ਵੇਲੇ ਸਲਾਮ ਯਾਂ ਕੋਰਨਸ (ਝੁਕਣਾ) ਦੀ ਬਜਾਏ ਗੱਜ ਕੇ ਫਤਹ ਬੁਲਾਈ। ਬਾਦਸ਼ਾਹ ਨੇ ਪੁਛਿਆ 'ਖਾਲਸਾ ਪ੍ਰਗਟ ਹੋ ਗਿਆ ਹੈ ?' ਪੰਜਾਂ ਸਿੰਘਾਂ ਨੇ ਕਿਹਾ ਕਿ ਹਾਂ ਆਪ ਨੂੰ ਵਧਾਈ ਹੋਵੇ ! ਚਿੱਠੀ ਪੜ੍ਹਨ ਸਾਰ ਬਾਦਸ਼ਾਹ ਬਹੁਤ ਦੁਖੀ ਹਾਲਤ ਵਿਚ ਉਪ੍ਰਾਮ ਹੋ ਗਿਆ, ਉਸਦਾ ਉਤ੍ਰ (ਮੁਰਾਸਲਾ) ਜੋ ਲਿਖਿਆ, ਉਹ ਸਿੰਘਾਂ ਦੀ ਹਥੀਂ ਦਮਦਮੇ ਸਾਹਿਬ ਪਹੁੰਚਿਆ, ਬਾਦਸ਼ਾਹ ਆਪਣੀਆਂ ਮੰਦ ਕਰਣੀਆਂ ਵਲੋਂ ਸ਼ਰਮਿੰਦਾ ਹੋਕੇ ੧੩ ਫਰਵਰੀ ਸੰਨ ੧੭੦੭ ਈ: ਨੂੰ (ਫਾਗਣ ਸੰਮਤ ੧੭੬੩ ਬਿ:) ਨੂੰ ਉਨਾਨਵੇਂ (੮੯) ਸਾਲਾਂ ਦੀ ਉਮਰ ਭੋਗ ਕੇ ਚਲਾਣੇ ਕਰ ਗਿਆ। ਉਥੇ ਹੀ ਛੋਟੇ ਸ਼ਾਹਜ਼ਾਦਾ ਆਜ਼ਮ ਸ਼ਾਹ ਨੇ ਫੌਜੀ ਕਮਾਨ ਆਪਣੇ ਹਥ ਵਿਚ ਲੈਕੇ ਬਗ਼ਾਵਤ ਕਰ ਦਿਤੀ, ਜਿਸ ਕਾਰਨ ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਨੇ ਗੁਰੂ ਦਸਮੇਸ਼ ਜੀ ਦੀ ਸ਼ਰਣ ਲੀਤੀ ਤੇ ਇਮਦਾਦ ਹਿਤ ਪ੍ਰਾਰਥਨਾਂ ਲਿਖ ਘੱਲੀ।

ਦਸਮੇਸ਼ ਜੀ ਨੇ ਆਪਣੇ ਸੁਭਾਉ ਅਨੁਸਾਰ ਸ਼ਰਣ ਪਾਲਕ ਹੋਣ ਕਰ ਕੇ ਆਜ਼ਮ ਸ਼ਾਹ ਨੂੰ ਜੰਗ ਵਿਚ ਮਾਰ ਕੇ ਬਹਾਦਰ ਸ਼ਾਹ ਨੂੰ ਦਿੱਲੀ ਦੇ ਤਖਤ ਦਾ ਮਾਲਕ ਬਣਵਾ ਦਿਤਾ। ਪਰ ਬਹਾਦਰ ਸ਼ਾਹ ਗੱਦੀ ਬੈਠ ਕੇ ਗੁਰੂ ਜੀ ਨਾਲ ਕੀਤੇ ਪ੍ਰਣਾਂ ਤੋਂ ਫਿਰ ਗਿਆ, ਕਸਮ ਤੋੜਨੇ ਦੇ ਦੋਸੀਆਂ ਨੂੰ ਸਜ਼ਾ ਦੇਣੋਂ ਡਰ ਗਿਆ, ਗੁਰੂ ਜੀ ਨੇ ਫੁਰਮਾਇਆ ਇਸ ਕੰਮ ਲਈ ਸਾਡਾ ਬੰਦਾ ਹੀ ਕਾਫੀ ਹੈ।

Digitized by Panjab Digital Library | www.panjabdigilib.org

ਇਸ ਕੰਮ ਹਿਤ ਬੰਦੇ ਵੈਰਾਗੀ ਨੂੰ ਅੰਮ੍ਰਿਤ ਛਕਾ ਕੇ ਗੁਰਬਖਸ਼ ਸਿੰਘ ਬਣਾਕੇ ਜ਼ਾਲਮਾਂ ਨੂੰ ਸਿਧੇ ਕਰਨ ਵਾਸਤੇ ਜਥੇਦਾਰ ਥਾਪਿਆ। ਖਾਲਸਾ ਜੀ ਨੇ ਦੋਸ਼ੀਆਂ ਨੂੰ ਖੂਬ ਸੋਧਿਆ।

ਗੁਰੂ ਜੀ ਨੇ ਔਰੰਗਜ਼ੇਬ ਨੂੰ ਲਿਖਿਆ ਹੈ-'ਮਰਾ ਐਤਵਾਰੇ ਬਰਈ' ਕਸਮ ਨੇਸਤ। ਕਿ ਏਜ਼ਦ ਗਵਾਹ ਅਸਤ ਯਜ਼ਦਾਂ ਯਕੇਸਤ।' ੧੨। ਐ! ਔਰੰਗ-ਜ਼ੇਬ, ਤੂੰ ਝੂਠੀਆਂ ਸੌਹਾਂ ਖਾ ਕੇ ਧੋਖਾ ਦਿੰਦਾ ਹੈਂ, ਤੇਰੇ ਬਖਸ਼ੀ ਦੀਵਾਨ ਭੀ ਧਰਮ ਵਲੋਂ ਬੇ ਮੁਖ ਹਨ। ਨ ਕਤਰਹ ਮਰਾ ਐਤਵਾਰੇ ਬਰੋਸਤ। ਕਿ ਬਖਸ਼ੀ ਵ ਦੀਵਾਂ ਕਿਜ਼ਬ ਗੋਸਤ। ਗੁਰੂ ਜੀ ਨੇ ਬਾਦਸ਼ਾਹ ਨੂੰ ਮਲਾਮਤ ਪਾਈ ਕਿ ਸਾਡਾ ਨੁਕਸਾਨ ਤੇਰੀ ਝੂਠੀ ਸੌਂਹ ਖਾਣ ਪਰ ਹੀ ਹੋਇਆ। ਕਸੇ ਕੌਲ ਕੁਰਾ ਕੁਨਦ ਐਤਵਾਰ। ਹਮਾ ਰੋਜ਼ ਆਖਰ ਸ਼ਬਦ ਮਰਦ ਖੁਆਰ। ਕਸਮ ਮੁਸਹਫੇ ਖੁਫੀ ਗਰ ਮਨ ਖੁਰਮ। ਨ ਫੌਜੇ ਅਜ਼ੀ ਜ਼ੇਰ ਸੁਮ ਅਫਗਨਮ। ਗੁਰੂ ਜੀ ਨੇ ਬਾਦਸ਼ਾਹ ਨੂੰ ਝਾੜਾਂ ਪਾਈਆਂ ਤੇ ਸ਼ਰਮਿੰਦਾ ਕੀਤਾ। ਔਰੰਗਜ਼ੇਬ ਝੂਠੀਆਂ ਕੁਰਾਨ ਦੀਆਂ ਸੌਹਾਂ ਖਾਂਦਾ ਸੀ ਔਰ ਫੁਰਮਾਨ ਸ਼ਾਹੀ ਦੇ ਉਲਟੇ ਅਰਥ ਕਰਕੇ ਮੁੱਕਰਦਾ ਸੀ। (ਸਬੂਤ ਲਈ ਪੜ੍ਹੋ ਮਿਸਟਰ ਨਿਕੋਲਸ ਮਨੋਚੀ ਦੀ ਲਿਖਤ, ਸਟੋਰੀ ਆਫ਼ ਮੋਗਰ ਭਾਗ ਤੀਜੇ ਵਿਚੋਂ। ਅਤੇ ਲਿਖਤ ਡਾਕ-ਟਰ ਬਰਨਰ ਸ੍ਰੇਗੀਆ ਡੋਮੋਗਰ ਭਾਗ ਦੂਜਾ ਅੰਕ ੨੧ ਉਰਦੂ)। ਬਹੁਤ ਕੁਛ ਲਿਖਿਆ ਹੈ। ਔਰੰਗਜ਼ੇਬ ਵਲੋਂ ਘਲੇ ਗਏ ਪੱਤ੍ਰਾਂ ਦੀਆਂ ਨਕਲਾਂ ਮਿਸਟਰ ਕਲਫ ਨੇ ਛਾਪੀਆਂ ਹਨ, ਜਿਸ ਕੁਰਾਨ ਪਰ ਹਥੇਲੀ ਲਾ ਕੇ ਔਰੰਗਜ਼ੇਬ ਨੇ ਸੌਂਹ ਉਠਾਈ ਸੀ, ਉਹ ਅਸਲ ਪੱਤ੍ਰ ਔਰ ਕੁਰਾਨ ਦਮਦਮੇ ਸਾਹਿਬ ਵਿਖੇ ਪਹੁੰਚੀ ਸੀ। ਪਹਾੜੀਆਂ ਵਲੋਂ ਘਲੇ ਪੱਤ੍ਰ ਭੀ ਦਮਦਮੇ ਸਾਹਿਬ ਜਮ੍ਹਾਂ ਕੀਤੇ ਸਨ। ਕਈ ਨਕਲਾਂ ਭੀ ਸਿਖਾਂ ਪਾਸ ਗਈਆਂ। ਜਿਹਾ ਕਿ ਔਰੰਗਜ਼ੇਬ ਦੀ ਇਕ ਪੱਤ੍ਰ ਦਾ ਤਰਜਮਾਂ ਦਿੰਦੇ ਹਾਂ-

'ਮੈਂ ਕੁਰਾਨ ਦੀ ਕਸਮ ਖਾਧੀ ਹੈ ਕਿ ਤੁਹਾਨੂੰ ਦੁਖ ਯਾਂ ਨੁਕਸਾਨ ਨਹੀਂ ਪਹੁੰਚਾਵਾਂਗਾ। ਜੇ ਮੈਂ ਐਸਾ ਕਰਾਂ ਤਾਂ ਖੁਦਾ ਦੇ ਘਰ ਮੈਨੂੰ ਢੋਈ ਨਾ ਮਿਲੇ, ਇਸ ਲਈ ਲੜਾਈ ਭਿੜਾਈ ਬੰਦ ਕਰੋ ਅਤੇ ਮੇਰੇ ਕੋਲ ਆਓ! ਜੇ ਇਧਰ ਔਣਾ ਨਹੀਂ ਚਾਹੁੰਦੇ ਤਾਂ ਜਿਧਰ ਦਿਲ ਕਰੇ ਚਲੇ ਜਾਓ!! ਉਕਤ ਪੱਤ੍ਰ ਦੀ ਨਕਲ ਮਿਸਟਰ ਮੈਕਾਲਫ ਨੇ ਛਾਪੀ ਹੈ। ਔਰੰਗਜ਼ੇਬ ਦੀਆਂ ਝੂਠੀਆਂ ਸੌਹਾਂ ਦਾ ਜ਼ਿਕਰ ਜ਼ਫਰ ਨਾਮੇ ਵਿਖੇ ਕਈ ਵਾਰ ਆਇਆ ਹੈ ਜਿਹਾ ਕਿ-

'ਬਰਸਰ ਤੁਰਾ ਫਰਜ਼ ਕਸਮਿ ਕੁਰਾਂ। ਝੁਗਫਤਹ ਸ਼ੁਮਾ ਕਾਰ ਖੂਬੀ ਰਸਾਂ। ੭੬।

ਝੂਠੀਆਂ ਸੌਹਾਂ ਖਾਣ ਕਰਕੇ ਔਰੰਗ ਜ਼ੇਬ ਅਤੀ ਸ਼ਰਮਿੰਦਾ ਹੋਇਆ ਸੀ। ਗੁਰੂ ਜੀ ਨੂੰ ਇਕ ਪੱਤ੍ਰ ਕੁਰਾਨ ਦੀ ਸੌਂਹ ਖਾ ਕੇ ਲਿਖੀ ਸੀ ਕਿ 'ਮੈਨੂੰ ਮਿਲੋ!' ਗੁਰੂ ਜੀ ਨੇ ਲਿਖਿਆ-'ਹਜ਼ੂਰੀ ਨਿਆਯਮ ਨ ਦੀਰਾ ਸ਼ਵਮ। ਅਗਰ ਸਹ ਬਖਾਹਦ ਨਆਂ ਸ਼ਵਮ।' ਭਾਵ ਮੈਂ ਆਪ ਪਾਸ ਨਹੀਂ ਔਂਦਾ, ਨਾ ਮੈਂ ਤੇਰੇ ਨਾਲ ਆ ਕੇ ਬਾਤ ਕਰਾਂ, ਜੇ ਲੋੜ ਹੈ ਤਾਂ ਆਪ ਕਾਂਗੜ ਆ ਕੇ ਸਾਨੂੰ ਮਿਲੋ। 'ਅਗਰ ਸਦ ਕੁਰਾ

Digitized by Panjab Digital Library | www.panjabdigilib.org

ਬਖਰੀਦ ਕਸਮ। ਮਰਾ ਏਤਬਾਰੇ ਨਈਂ ਜ਼ਰਹ ਦਮ। ੬੭। ਜੇ ਤੂੰ ਹੁਣ ਸੈਂਕੜੇ ਭੀ ਕੁਰਾਨ ਦੀਆਂ ਸੌਹਾਂ ਉਠਾਵੇਂ ਤਾਂ ਭੀ ਮੇਰਾ ਆਪ ਉਪਰ ਭਰੋਸਾ ਨਹੀਂ ਆ ਸਕਦਾ। ਬਾਦਸ਼ਾਹ ਚਾਹੁੰਦਾ ਸੀ ਕਿ ਗੁਰੂ ਜੀ ਮੈਨੂੰ ਮਿਲਣ।

ਬਾਦਸ਼ਾਹ ਔਰੰਗਜ਼ੇਬ ਨੇ ਜੋ ਚਿਠੀ (ਮੁਰਾਸਲਾ) ਗੁਰੂ ਜੀ ਪਾਸ ਘਲਿਆ ਸੀ ਉਸ ਦੀ ਨਕਲ ਅਗੇ ਦਰਜ ਹੈ। ਯਥਾਃ—

ਸੱਚਾ ਪਾਤਸ਼ਾਹ ਕੇਵਲ ਇਕ ਹੈ। ਤੁਹਾਡਾ ਮਜ਼ੂਬ ਮੇਰਾ ਮਜ਼ੂਬ ਇਕੋ ਹਨ। ਆਪ ਬੇ ਫਿਕਰ ਹੋ ਕੇ ਮੈਨੂੰ ਮਿਲਣੇ ਆਓ! ਨਹੀਂ ਤਾਂ ਮੈਂ ਗੁਸੇ ਹੋ ਜਾਵਾਂਗਾ, ਜੇ ਆਓ ਗੇ ਤਾਂ ਤੁਸਾਡੇ ਨਾਲ ਓਹੋ ਸਲੂਕ ਕੀਤਾ ਜਾਊਗਾ ਜਿਹਾ ਕਿ ਬਾਦਸ਼ਾਹ ਪਾਕ ਫਕੀਰਾਂ ਨਾਲ ਕਰਦੇ ਹਨ। (ਮੈਕਾਲਿਫ)

ਸਤਿਗੁਰੂ ਜੀ ਔਰੰਗਜ਼ੇਬ ਨੂੰ ਧਰਮ ਤੋਂ ਖਾਲੀ ਸਮਝਦੇ ਸਨ। ਜ਼ਫਰ ਨਾਮੇ ਵਿਖੇ ਲਿਖਿਆ ਹੈ ਕਿ 'ਦਾਰਾਇ ਦੌਰ ਅਸਤ, ਦੂਰ ਅਸਤ ਦੀਂ'।੯੪। ਭਾਵ ਬੇਸ਼ਕ ਤੂੰ ਬਾਦਸ਼ਾਹ ਹੈਂ, ਪਰ ਦੀਨ (ਧਰਮ) ਵਲੋਂ ਪਤਤ ਹੈਂ। ਏਸੇ ਲਈ ਗੁਰੂ ਜੀ ਨੇ ਔਰੰਗਜ਼ੇਬ ਨੂੰ ਕਾਂਗੜ ਵਿਖੇ ਔਣ ਵਾਸਤੇ ਲਿਖਿਆ ਸੀ, ਔਰ ਦਸਿਆ ਸੀ ਕਿ ਬੇ ਫਿਕਰ ਹੋ ਕੇ ਆਵੇਂ, ਇਥੇ ਦੇ ਸਿਧੂ ਬੈਰਾੜ ਮੇਰੇ ਹੁਕਮ ਵਿਚ ਹਨ ਆਪ ਨੂੰ ਕੋਈ ਖਤਰਾ ਨਹੀਂ ਹੈ।

## ਹੁਮਾਂ ਰਾ ਕਸੇ ਸਾਯਹ ਆਯਦ ਬਜ਼ੇਰ॥ ਬਰੋ ਦਸਤ ਦਾਰਦ ਨ 'ਜ਼ਾਗੇ' ਦਲੇਰ ॥

ਹੁਮਾਂ ਇਕ ਕਲਪਤ ਪੰਛੀ ਹੈ। ਇਸ ਦੀ ਬਾਬਤ ਮਸ਼ਹੂਰ ਹੈ ਕਿ ਜਿਸ ਪਰ ਇਸਦੀ ਛਾਉਂ (ਸਾਯਾ) ਆ ਜਾਵੇ ਉਹ ਰੁਤਬੇ ਵਾਲਾ ਹੋ ਜਾਂਦਾਹੈ, ਤਥਾ ਭਾਗਾਂਵਾਲਾ ਬਣ ਜਾਂਦਾ ਹੈ ਅਥਵਾ ਇਸਦੀ ਛਾਂ ਦਾ ਹੋਣਾ ਚੰਗਾ ਮੰਨਿਆਂ ਹੈ॥ ਦਸਿਆ ਹੈ ਕਿ ਇਹ ਹੱਡੀਆਂ ਪਰ ਗੁਜ਼ਾਰਾ ਕਰਦਾ ਹੈ। ਇਸਦਾ ਜ਼ਿਕਰ ਬਹੁਤਾ ਫਾਰਸੀ ਕਿਤਾਬਾਂ ਵਿਚੋਂ ਮਿਲਦਾ ਹੈ।

## ਚੁ ਦੀਦਮ ਕਿ 'ਨਾਹਰ' ਬਯਾਮਦ ਬਜੰਗ ॥ ਚਸ਼ੀਦਹ ਯਕੇ ਤੀਰ ਤਨ ਬੇਦਰੰਗ ॥ ੨੯ ॥

ਨਾਹਰਖਾਂ ਮਲੇਰੀਆ ਪਠਾਣ ਸੀ। ਇਹ ਸਰਹੰਦ ਦੇ ਸੂਬੇ ਵਜ਼ੀਦਖਾਨ ਦੇ ਹੁਕਮ ਨਾਲ ਅਨੰਦਪੁਰ ਤੇ ਚਮਕੌਰ ਦੇ ਜੰਗਾਂ ਵਿਚ ਦਸਮੇਸ਼ ਗੁਰੂ ਜੀ ਨਾਲ ਲੜਨ ਆਇਆ ਸੀ ਪਰ ਗੁਰੂ ਜੀ ਦੇ ਤੀਰਾਂ ਦੀ ਬੁਛਾੜ ਤੋਂ ਡਰਦਾ ਲੁਕਕੇਜਾਨਬਚੌਂਦਾ ਰਿਹਾ ਚਮਕੌਰ ਸਾਹਿਬ ਕੰਧ ਪਿਛੇ ਲੁਕਿਆ ਰਿਹਾ।

## ਹਮਹਿ ਕੌਮਬੈਰਾੜ ਹੁਕਮੇ ਮਰਾਸਤ

ਬੈਰਾੜ ਮਾਲਵੇ ਦੀ ਭੱਟੀ ਰਾਜਪੂਤਾਂ ਦੀ ਇਕ ਸੂਰ ਬੀਰ ਜ਼ਾਤਿ ਹੈ। ਫੂਲਕੀਆਂ ਰਿਆਸਤਾਂ ਦਾ ਨਿਕਾਸ ਇਸੇ ਕੌਮ ਵਿਚੋਂ ਹੈ। ਬੈਰਾੜ ਜਿਮੀਂਦਾਰ ਸ੍ਰੀ ਗੁਰੂ ਦਸਮੇਸ਼ ਜੀ ਦੇ ਪੂਰਨ ਸਰਧਾਲੂ ਸਨ। ਕਾਂਗੜ ਵਿਖੇ ਗੁਰੂ ਜੀ ਨੇ ਬਾਦਸ਼ਾਹ ਸਦਣ ਪਰ ਲਿਖਿਆ।

Digitized by Panjab Digital Library | www.panjabdigilib.org

## ਚਿ ਖੁਸ਼ ਗੁਫਤ ਫਿਰਦੌਸੀਏ ਖੁਸ਼ਜ਼ਬਾ। ਕਿ ਜ਼ੂਦੀ ਬਵਦ ਕਾਰਿ ਆਹਿਰਮਨਾ ॥੭੬॥

ਫਰਦੌਸੀ ਫਾਰਸੀ ਜ਼ਬਾਨ ਦਾ ਇਕ ਪ੍ਰਸਿਧ ਕਵੀ ਹੋਇਆ ਹੈ। ਮਹਿਮੂਦ ਗਜ਼ਨਵੀ ਦੀ ਇੱਛਾ ਅਨੁਸਾਰ ਇਸਨੇ ਸੱਠ ਹਜਾਰ ਬੈਤਾਂ ਦਾ ਇਕ ਸ਼ਾਹਨਾਮਾਂ ਗ੍ਰੰਥ ਤੀਸ ਬਰਸਾਂ ਵਿਚ ਤਿਆਰ ਕੀਤਾ ਸੀ। ਬਾਦਸ਼ਾਹ ਨੇ ਹਰ ਇਕ ਛੰਦ ਪਿਛੇ ਇਕ ਸੋਨੇ ਦੀ ਮੁਹਰ ਇਨਾਮ ਦੇਣੀ ਕੀਤੀ ਸੀ ਪਰ ਮੌਕੇ ਪਰ ਘਟ ਰੁਪਿਆ ਦੇਣ ਲਗਾ। ਅਖੀਰ ਫਰਦੌਸੀ ਨੇ ਬਾਦਸ਼ਾਹ ਦੇ ਕਮੀਨਾ ਪਨ ਦਾ ਜ਼ਿਕਰ ਗ੍ਰੰਥ ਦੇ ਅੰਤ ਪਰ ਲਿਖ ਦਿਤਾ ਪਿਛੋਂ ਮਹਿਮੂਦ ਨੇ ਪਛਤਾਕੇ ਸਠ ਹਜਾਰ ਮੋਹਰਾਂ ਘਲੀਆਂ। ਦਸਿਆ ਹੈ ਕਿ ਜਦ ਇਸ ਦੇ ਅਹਿਲਕਾਰ ਮੁਹਰਾਂ ਲੈਕੇ ਪਹੁੰਚੇ ਤਾਂ ਫਿਰਦੌਸੀ ਦਾ ਜਨਾਜ਼ਾ (ਮੁਰਦਾ ਸਰੀਰ) ਨਿਕਲ ਰਿਹਾ ਸੀ। ਇਹਵਾਕਿਆ ਸੰਨ ੧੦੨੫ ਈ: ਵਿਚ ਹੋਇਆ। ਦਸਿਆ ਹੈ ਕਿ ਇਸਦੀ ਪੁਤ੍ਰੀ ਨੇ ਵੀ ਇਹ ਭੇਟਾ ਲੈਣੋਂ ਨਾਂਹ ਕਰ ਦਿਤੀ ਸੀ, ਅਖੀਰ ਬਹੁਤ ਹੀ ਜ਼ੋਰ ਦੇਣ ਪਰ ਇਸ ਰਕਮ ਨਾਲ ਉਸ ਲੜਕੀ ਨੇ ਯਤੀਮ ਖਾਨਾ ਬਣਾ ਦਿਤਾ; ਯਹੂਦੀ ਲੋਕ ਦੋ ਰਬ ਮੰਨਦੇ ਹਨ ਇਕ ਯਜ਼ਦਾਨ ਚੰਗਾ) ਤੇ ਦੂਜਾ ਅਹਿਰਮਨ ਬੁਰਾ ਤਥਾ ਸ਼ੈਤਾਨ। ਯਹੂਦੀਆਂ ਦੇ ਹਾਲ ਹੋਰ ਜਰੂਾ ਹਨ।

## ਕੁਜਾ ਸ਼ਾਹ ਕੈਖੁਸਰਵੋ ਜਾਮੇ ਜਮ। ਕੁਜਾਸ਼ਾਹ ਆਦਮ ਮੁਹੰਮਦ ਖਤਮ।

ਸ਼ਾਹ ਕੈਖੁਸਰੋ ਈਰਾਨ ਦਾ ਇਕ ਧਰਮਾਤਮਾ ਬਾਦਸ਼ਾਹ ਮੰਨਿਆਂ ਗਿਆ ਹੈ। ਇਹ ਕੈਆਨ ਖਾਨਦਾਨ ਦਾ ਤੀਜਾ ਬਾਦਸ਼ਾਹ ਸੀ, ਇਸ ਦੇ ਪਿਤਾ ਦਾ ਨਾਉਂ ਸਯਾਬਸ ਸੀ। ਇਸ ਦਾ ਦਾਦਾ ਸ਼ਾਹ ਕੈਕਿਆਊਸ ਵੀ ਬੜਾ ਮਸ਼ਹੂਰ ਹੋਇਆ ਹੈ। 'ਜਾਮਿ ਜਮ' ਜਮਸ਼ੇਦ ਬਾਦਸ਼ਾਹ ਦਾ ਬਣਾਇਆ ਹੋਇਆ ਇਕ ਪਯਾਲਾ ਸੀ ਜਿਸ ਵਿਚੋਂ ਭੂਗੋਲ ਤੇ ਖਗੋਲ ਦਾ ਸਾਰਾ ਹਾਲ ਮਲੂਮ ਹੋ ਜਾਂਦਾ ਸੀ। ਬਾਬਾ ਆਦਮ ਤੇ ਹਜਰਤ ਮਹੰਮਦ ਸਾਹਿਬ ਦਾ ਹਾਲ ਪਿਛੇ ਪ੍ਰਸੰਗ ਅਨੁਸਾਰ ਆ ਚੁਕਾ ਹੈ।

## ਫਰੇਦੂੰ ਕੁਜਾ ਬਹਮਨ ਅਸਫੰਦ ਯਾਰ। ਨ ਦਾਰਾਬ ਦਾਰਾ ਦਰਾਮਦ ਸ਼ੁਮਾਰ॥ ੧੦੫॥

ਫਰੀਦੂੰ ਈਰਾਨ ਦਾ ਇਕ ਪਰਸਿੱਧ ਬਾਦਸ਼ਾਹ ਹੋਇਆ ਹੈ। ਇਹ ਜਮਸ਼ੈਦ ਦੇ ਖਾਨਦਾਨ ਵਿਚੋਂ ਸੀ। ਇਸ ਦੀ ਪ੍ਰਸਿੱਧੀ (ਫਰੀਦੂੰ ਦੀ ਅਲ) ਗਾਉ ਪਰਵਰ ਸੀ। ਇਸ ਦੀ ਹੋਂਦ ਸੰਨ ਈਸਵੀ ਤੋਂ ਸਾਢੇ ਸੱਤ ਕੁ ਸੌ ਸਾਲ ਪਹਿਲੋਂ ਦੀ ਦਸੀ ਹੈ, ਦਸਿਆ ਹੈ ਕਿ †ਜ਼ਹਾਕ ਬਾਦਸ਼ਾਹ ਨੇ ਈਰਾਨ ਫਤਹ ਕਰਕੇ ਜਮਸ਼ੈਦ ਦੀ ਵੰਸ ਖਤਮ ਕਰਨ ਦਾ ਪ੍ਰਣ ਕੀਤਾ। ਉਸ ਵੇਲੇ ਫਰੀਦੂੰ ਦੀ ਮਾ ਨੇ ਇਸਨੂੰ ਲੁਕਾ ਛਿਪਾਕੇ ਗਊ ਦੇ ਦੁੱਧ ਨਾਲ ਪਾਲਿਅ ਸੀ।

ਬਹਮਨ ਈਰਾਨ ਦੇ ਬਾਦਸ਼ਾਹ ਅਸਫੰਦ ਯਾਰ ਦਾ ਪੁੱਤ੍ਰ ਸੀ। ਇਹ ਵੀ ਬੜਾ ਮਸ਼ਹੂਰ ਹੋਇਆ ਹੈ। ਅਸਫੰਦ ਯਾਰ

---

†ਜ਼ਹਾਕ ਇਕ ਬੜਾ ਜ਼ਾਲਮ ਬਾਦਸ਼ਾਹ ਹੋ ਗੁਜ਼ਰਿਆ ਹੈ। ਇਸਨੇ ਫਾਰਸ ਦੇ ਬਾਦਸ਼ਾਹ ਜਮਸ਼ੇਦ ਨੂੰ ਮਾਰਕੇ ਉਸਦਾ ਰਾਜ ਪ੍ਰਾਪਤ ਕੀਤਾ ਸੀ।

Digitized by Panjab Digital Library | www.panjabdigilib.org

ਫਾਰਸ ਦੇ ਬਾਦਸ਼ਾਹ ਗੁਸ਼ਤਾਸਪ ਦਾ ਪੁਤ੍ਰ ਸੀ। ਇਹ ਰੁਸਤਮ ਨੂੰ ਫੜਨ ਗਿਆ ਉਸਦੇ ਹਥੋਂ ਮਰਿਆ ਗਿਆ ਸੀ, ਇਸਨੇ ਅਗਨਿ ਪੂਜਾ ਨੂੰ ਬੜੀ ਤਰੱਕੀ ਦਿਤੀ ਤਥਾ ਪਾਰਸੀ ਮਤ ਦਾ ਬਹੁਤ ਪ੍ਰਚਾਰ ਕੀਤਾ ਏਹ ਬਹੁਤ ਬਹਾਦਰ ਹੋ ਚੁਕਾ ਹੈ।

ਦਾਰਾਬ-ਫਾਰਸ ਦੇ ਅੱਠਵੇਂ ਬਾਦਸ਼ਾਹ ਦਾਰਾ ਦਾ ਪੁਤ੍ਰ ਸੀ, ਦਾਰਾ ਨਾਮ ਦੇ ਕਈ ਬਾਦਸ਼ਾਹ ਹੋ ਚੁਕੇ ਹਨ। ਇਹ ਕੈਯਾਨ ਖਾਨਦਾਨ ਦਾ ਫਾਰਸ ਦਾ ਇਕ ਬਾਦਸ਼ਾਹ ਹੋਇਆ ਹੈ ਜਿਸਨੂੰ ਦਾਰਾਯੁਸ਼ ਕਰਕੇ ਲਿਖਿਆ ਹੈ। ਦੂਜਾ ਗੁਸ਼ਤਾਸਪ ਦਾ ਪੁਤ੍ਰ ਸੀ, ਇਹ ਸੰਨ ਈਸਵੀ ਤੋਂ ਪੰਜ ਕੁ ਸੌ ਸਾਲ ਪਹਿਲੋਂ ਹੋਇਆ ਹੈ। ਇਸਨੇ ਹਿੰਦੁਸਤਾਨ ਪਰ ਵੀ ਇਕ ਹਮਲਾ ਕਰਕੇ ਪੰਜਾਬ ਦਾ ਕੁਝ ਹਿੱਸਾ ਕਬਜ਼ੇ ਵਿਚ ਕੀਤਾ ਸੀ। ਇਕ ਹੋਰ ਦਾਰਾ ਸ਼ਾਹਜਹਾਂ ਦਾ ਵੱਡਾ ਪੁਤ੍ਰ ਦਾਰਾ ਸ਼ਕੋਹ ਨਾਮੀ ਹੋਇਆ ਹੈ। ਇਸਦੀ ਲੜਾਈ ਔਰੰਗਜ਼ੇਬ ਨਾਲ ਸੰਨ ੧੬੫੮ ਵਿੱਚ ਸ਼ਾਮੂਗੜ੍ਹ (ਆਗਰਾ) ਦੇ ਮੈਦਾਨ ਵਿਚ ਹੋਈ, ਅਗਲੇ ਸਾਲ ਉਸੇ ਦੇ ਹਥੋਂ ਮਾਰਿਆ ਗਿਆ ਇਸਦੇ ਖਯਾਲ ਸੂਫੀ ਦਸੇ ਜਾਂਦੇ ਹਨ।

**ਕੁਜਾ ਸ਼ਾਹ ਅਸਕੰਦਰੋ ਸ਼ੇਰਸ਼ਾਹ॥ ਕਿ ਯਕ-ਹਮ ਨ ਮਾਂਦ ਅਸਤ ਜ਼ਿੰਦਹ ਬਜਾਹ॥ ੧੦੬॥**

ਸਿਕੰਦਰ ਨਾਮ ਦੇ ਬਾਦਸ਼ਾਹ ਕਈ ਹੋਏ ਹਨ, ਪਰ ਸਾਰਿਆਂ ਤੋਂ ਪਰਸਿੱਧ ਯੂਨਾਨ ਦੇ ਬਾਦਸ਼ਾਹ ਫੈਲਕੂਸ ਦਾ ਪੁਤ੍ਰ ਸੀ। ਇਸਦੀ ਰਾਜਧਾਨੀ ਮਕਦੂਨੀਆਂ ਸੀ। ਸੰਨ ਈਸਵੀ ਤੋਂ ਤਿੰਨ ਸੌ ਸਤਾਈ ਬਰਸ ਪਹਿਲੋਂ ਇਸਨੇ ਹਿੰਦੁਸਤਾਨ ਪਰ ਚੜ੍ਹਾਈ ਕੀਤੀ ਸੀ। ਇਸ ਨੇ ਰਾਜਾ ਪੋਰਸ (ਪੁਰੁ) ਨੂੰ ਜਿਹਲਮ ਦਰਿਆ ਦੇ ਕੰਢੇ ਹਾਰ ਦਿਤੀ ਸੀ। ਇਹ ਬਿਆਸ ਦਰਿਆ ਤੱਕ ਦਾ ਮੁਲਕ ਜਿੱਤਕੇ ਵਾਪਸ ਮੁੜ ਗਿਆ, ਇਸ ਹਮਲੇ ਤੋਂ ਚਾਰ ਸਾਲ ਪਿਛੋਂ ਸਿੰਧ ਪਾਰ ਕਰਦਾ ਹੋਇਆ ਮਰ ਗਿਆ। ਇਸ ਨੇ ਸਮੁੰਦਰ ਵਿਚ ਸਿਕੰਦਰੀਆ ਸ਼ਹਿਰ ਦੇ ਪਾਸ ਇਕ ਰੋਸ਼ਨੀ ਦਾ ਬੁਰਜ ਜਹਾਜ਼ਾਂ ਨੂੰ ਸਮੁੰਦਰੀ ਚਟਾਨਾਂ ਤੋਂ ਬਚਾਕੇ ਰਾਹ ਦਸਣ ਲਈ ਬਣਵਾਇਆ ਸੀ, ਜੋ ਪੁਰਾਣੇ ਅਜੂਬਿਆਂ ਵਿਚ ਗਿਣਿਆਂ ਜਾਂਦਾ ਹੈ। ਸਿਕੰਦਰ ਦਾ ਉਸਤਾਦ ਅਰਸਤੂ ਸੀ।

ਅਰਸਤੂ-ਇਹ ਇਕ ਬੜਾ ਵਿਦਵਾਨ ਹੋਇਆ ਹੈ ਇਸਦੀ ਪੈਦਾਇਸ਼ ਯੂਨਾਨ ਦੇਸ਼ ਦੇ ਸ਼ਹਿਰ ਸਟਾਜੀਰਾ ਵਿਚ ਹੋਈ। ਇਹ ਸਮਾਂ ਸੰਨ ਈਸਵੀ ਤੋਂ ਪੌਣੇ ਚਾਰ ਕੁ ਸੌ ਸਾਲ ਪਹਿਲਾਂ ਦਾ ਹੈ। ਇਸਦਾ ਪਿਤਾ ਨੀਕੋ ਮੈਕਸ ਪਰਸਿੱਧ ਵੈਦ ਸੀ। ਇਸਦੇ ਘਰ ਵਾਲੀ ਦਾ ਨਾਮ ਪ੍ਰਿਥੀਆ ਸੀ। ਜੋ ਸ਼ਾਹ ਹਰਮੀਆਸ ਦੀ ਭੈਣ ਸੀ। ਇਹ 'ਸਿਕੰਦਰ ਆਜ਼ਮ' ਦਾ ਉਸਤਾਦ ਸੀ ਤੇ ਰਾਜਧਾਨੀ ਮਕਦੂਨੀਆਂ ਵਿਚ ਰਿਹਾ। ਦਸਿਆ ਹੈ ਇਸਨੇ ਸੈਂਕੜੇ ਗ੍ਰੰਥ ਬਣਾਏ। ਇਸਦੀ ਸਾਰੀ ਉਮਰ ਬਾਸਠ ਸਾਲਾਂ ਦੀ ਸੀ। ਇਹ ਅਫਲਾਤੂਨ ਦਾ ਚੇਲਾ ਸੀ ਜੋ ਸੰਨ ਈਸਵੀ ਤੋਂ ਸਵਾ ਕੁ ਚਾਰ ਸੌ ਸਾਲ ਪਹਿਲਾਂ ਹੋਇਆ ਹੈ। ਇਸਦਾ ਅਸਲੀ ਨਾਉਂ 'ਐਰਿਸਟੋਕਲੀਜ਼' ਸੀ। ਇਸਦੀ ਛਾਤੀ ਤੇ ਮੱਥਾ ਚੌੜਾ ਹੋਣ ਕਰਕੇ ਪਲੈਟੋ ਪੈ ਗਿਆ। ਇਹ ਸੁਕਰਾਤ ਦਾ ਪ੍ਰੇਮੀ ਸ਼ਿਸ਼ ਸੀ। ਇਹ ਬੜਾ ਭਾਰੀ ਵਿਦਵਾਨ

Digitized by Panjab Digital Library | www.panjabdigilib.org

ਹੋਇਆ ਹੈ। ਅਫਲਾਤੂਨ ਯੂਰਪ ਦਾ ਵੇਦ ਵਯਾਸ ਮੰਨਿਆਂ ਗਿਆ ਹੈ।

ਅਰਸਤੂ ਦੇ ਮੁਕਾਬਲੇ ਦਾ ਯੂਨਾਨ ਵਿਖੇ ਇਕ ਪਰਸਿਧ ਫਲਾਸਫਰ ਸੁਕਰਾਤ ਹੋਇਆ। ਇਸਦੀ ਹੋਂਦ ਪੌਣੇ ਕੁ ਪੰਜ ਸੌ ਸਾਲ ਸੰਨ ਈਸਵੀ ਤੋਂ ਪਹਿਲੋਂ ਦੱਸੀ ਜਾਂਦੀ ਹੈ। ਇਹ ਸਚਾਈ ਤੇ ਸਦਾਚਾਰ ਦੇ ਪ੍ਰਚਾਰ ਲਈ ਪਰਸਿੱਧ ਸੀ। ਵਿਰੋਧੀਆਂ ਨੇ ਇਸ ਪਰ ਨਵਾਂ ਧਰਮ ਪ੍ਰਚੁਰ ਕਰਨ ਦਾ ਅਪਰਾਧ ਥੱਪਕੇ ਅਦਾਲਤ ਦੇ ਹੁਕਮ ਨਾਲ ਇਸਨੂੰ ਜ਼ਹਿਰ ਦਾ ਪਯਾਲਾ ਪਿਆ ਕੇ ਮਰਵਾ ਦਿੱਤਾ ਸੀ। ਇਹ ਆਤਮਾ ਨੂੰ ਅਜਰ ਤੇ ਅਮਰ ਮੰਨਦਾ ਸੀ। ਇਸੇ ਲਈ ਮੌਤ ਦਾ ਇਸਨੂੰ ਕੋਈ ਭੈ ਨਹੀਂ ਸੀ। ਉਪਰ ਸ਼ੇਰ ਸ਼ਾਹ ਦਾ ਨਾਮ ਭੀ ਆਉਂਦਾ ਹੈ। ਸ਼ੇਰ ਸ਼ਾਹ ਮਕਾਮ ਸਹਸਰਾਮ ਦੇ ਜਾਗੀਰਦਾਰ ਹਸਨ ਖਾਨ ਦਾ ਪੁੱਤਰ ਸੀ। ਇਹ ਪਠਾਣਾਂ ਦੀ ਸੂਰਵੰਸ਼ ਵਿਚੋਂ ਹੋਇਆ ਹੈ। ਇਸ ਨੇ ਬਾਦਸ਼ਾਹ ਹਮਾਯੂ ਨੂੰ ਸੰਨ ੧੫੪੦ਵਿਚ ਹਰਾਕੇ ਕਨੌਜ ਤੋਂ ਭਜਾ ਦਿਤਾ ਸੀ। ਇਸਦਾ ਅੰਤ ਸੰਨ ੧੫੪੫ ਵਿਚ ਹੋਇਆ। ਸ਼ੇਰ ਨੂੰ ਮਾਰਨ ਕਰਕੇ ਇਸਦਾ ਨਾਂ ਸ਼ੇਰ ਖਾਂ ਹੋਇਆ ਅਸਲ ਨਾਮ ਫਰੀਦ ਖਾਂ ਸੀ। ਹੋਰ ਭੀ ਕਿਤਨੇ ਬਹਾਦਰ ਪੁਰਸ਼ ਹੋ ਚੁਕੇ ਹਨ, ਔਰੰਗਜ਼ੇਬ ਨੂੰ ਸ਼ੇਰ ਸ਼ਾਹ ਦਾ ਇਸ਼ਾਰਾ ਕਰਕੇ ਬਾਤ ਦਰਸਾਈ ਹੈ।

## ਕੁਜਾ ਸ਼ਾਹ ਤੈਮੂਰ? ਬਾਬਰ ਕੁਜਾਸਤ? ਹਮਾਯੂੰ ਕੁਜਾ? ਸ਼ਾਹ ਅਕਬਰ ਕੁਜਾਸਤ? ॥ ੧੦੭ ॥

ਅਮੀਰ ਤੈਮੂਰ ਮੁਗ਼ਲੀਆ ਖਾਨਦਾਨ ਦਾ ਬਹੁਤ ਪੁਰਾਣਾ ਬਾਦਸ਼ਾਹ ਹੋਇਆ ਹੈ। ਇਸ ਦਾ ਜਨਮ ਸੰਨ ੧੩੩੬ ਵਿਚ ਹੋਯਾ। ਤਿਮਰਲਿੰਗ ਵੀ ਇਸੇ ਦਾ ਨਾਮ ਹੀ ਹੈ। ਇਸ ਨੇ ਸਮਰਕੰਦ ਤੋਂ ਚੱਲ ਕੇ ਹਿੰਦੁਸਤਾਨ ਪਰ ਹਮਲਾ ਕੀਤਾ ਸੀ। ਸੰਨ ੧੩੯੮ ਵਿਚ ਇਸ ਨੇ ਦਿੱਲੀ ਵਿਚ ਕਤਲਾਮ ਦਾ ਹੁਕਮ ਦੇ ਕੇ ਲੱਖਾਂ ਆਦਮੀ ਮੌਤ ਦੇ ਘਾਟ ਉਤਾਰੇ। ਇਸ ਦਾ ਦੇਹਾਂਤ ਸੰਨ ੧੪੦੫ ਵਿਚ ਹੋਇਆ। ਇਸ ਨੇ ਹਿੰਦ ਵਿਚ ਕਈ ਥਾਂ ਹੋਰ ਵੀ ਕਤਲਾਮਾਂ ਕੀਤੀਆਂ ਤੇ ਲੜਕੇ ਲੜਕੀਆਂ ਫੜ ਕੇ ਗ਼ੁਲਾਮ ਬਣਾਏ ਤੇ ਆਪਣੇ ਦੇਸ਼ ਨੂੰ ਲੈ ਗਿਆ।

ਬਾਬਰ ਤੈਮੂਰ ਦੇ ਖਾਨਦਾਨ ਵਿਚੋਂ ਹੀ ਹੋਇਆ ਹੈ। ਇਸੇ ਨੇ ਹੀ ਹਿੰਦੁਸਤਾਨ ਵਿਚ ਮੁਗ਼ਲੀਆ ਖਾਨਦਾਨ ਦਾ ਰਾਜ ਕਾਇਮ ਕੀਤਾ। ਇਸਦਾ ਦੇਹਾਂਤ ਸੰਨ ੧੫੩੦ ਵਿਚ ਹੋਇਆ। ਬਾਕੀ ਹਾਲ ਪਿਛੇ ਆ ਚੁਕਾ ਹੈ।

ਹਮਾਯੂੰ ਬਾਬਰ ਦਾ ਵਡਾ ਪੁਤਰ ਸੀ। ਇਸ ਦਾ ਪੁਤਰ ਬਾਦਸ਼ਾਹ ਅਕਬਰ ਹੋਇਆ ਹੈ, ਇਹ ਸੰਨ ੧੫੩੦ ਵਿਚ ਤਖਤ ਨਸ਼ੀਨ ਹੋਇਆ। ਸੰਨ ੧੫੪੦ ਵਿਚ ਇਸ ਨੂੰ ਸ਼ੇਰ ਸ਼ਾਹ ਸੂਰੀ ਨੇ ਹਿੰਦੁਸਤਾਨ ਵਿਚੋਂ ਭਜਾ ਦਿਤਾ ਸੀ, ਪੰਦਰਾਂ ਸਾਲ ਤਕ ਇਹ ਫਾਰਸ ਰਿਹਾ। ਫੇਰ ਸੰਨ ੧੫੫੬ ਵਿਚ ਇਕ ਸਾਲ ਰਾਜ ਕਰਨ ਪਿਛੋਂ ਚਲ ਬਸਿਆ। ਇਸ ਦਾ ਮਕਬਰਾ ਦਿੱਲੀ ਵਿਚ ਹੈ ਜੋ ਇਸ ਦੀ ਮਾਂ ਨੇ ਪੰਦਰਾਂ ਲੱਖ ਰੁਪਏ ਖਰਚ ਕੇ ਬਣਵਾਇਆ ਸੀ। ਅਕਬਰ ਦਾ ਜਨਮ ੧੫੪੨ ਈਸਵੀ ਵਿਚ ਅਮਰ ਕੋਟ ਵਿਖੇ ਹੋਇਆ, ਇਹ ਹਮਾਯੂੰ ਦਾ

Digitized by Panjab Digital Library | www.panjabdigilib.org

ਪੁਤ੍ਰ ਸੀ। ਇਹ ਤੇਰਾਂ ਬਰਸ ਨੌ ਮਹੀਨੇ ਦੀ ਉਮਰ ਵਿਚ ਦਿੱਲੀ ਦਾ ਬਾਦਸ਼ਾਹ ਬਣਿਆਂ, ਸੰਮਤ ੧੬੨੪ ਵਿਚ ਇਸ ਨੇ ਚਤੌੜ ਦਾ ਕਿਲਾ ਫਤਹ ਕੀਤਾ, ਇਸ ਨੇ 'ਦੀਨ ਇਲਾਹੀ' ਨਾਮ ਦਾ ਇਕ ਨਵਾਂ ਮਜ਼ਬ ਚਲਾਇਆ ਸੀ, ਜਿਸਦਾ ਖਲੀਫਾ ਏਹ ਆਪ ਨੂੰ ਮੰਨਦਾ ਸੀ। ਵਿਦਵਾਨਾਂ ਦਾ ਬੜਾ ਕਦਰਦਾਨ ਸੀ। ਇਸਦਾ ਦੇਹਾਂਤ ਸੰਨ੧੬੦੫ ਵਿਚ ਆਗਰੇ ਹੋਇਆ। ਇਨਾਂ ਬਾਦਸ਼ਾਹਾਂ ਦਾ ਹਾਲ ਪਿਛੇ ਵੀ ਪ੍ਰਸੰਗ ਅਨੁਸਾਰ ਆ ਚੁਕਾ ਹੈ।

## ਗੁਰਸਨਿ ਚਿਕਾਰੇ ਕੁਨਦ ਚਿਹਲ ਨਰ। ਕਿ ਦਹਿਲਕ ਬਰਾਇਦ ਬਰੋ ਬੇਖਬਰ।

ਸੰਸਾਰ ਵਿਚ ਇਹ ਮਿਸਾਲ ਹੋਰ ਕਿਧਰੇ ਨਹੀਂ ਮਿਲ ਸਕਦੀ ਕਿ ਚਾਲੀ ਬੇਸਾਮਾਨ ਬਹਾਦਰਾਂ ਨੇ ਦਸ ਲਖ ਸ਼ਾਹੀ ਸਮਾਨ ਰਖਣੇ ਵਾਲੀ ਸਿਪਾਹ ਦਾ ਟਾਕਰਾ ਕਰ ਕੇ ਉਨਾਂ ਨੂੰ ਹਾਰ ਦਿਤੀ ਹੋਵੇ, ਚਮਕੌਰ ਸਾਹਿਬ ਦੀ ਗੜ੍ਹੀ ਵਿਚੋਂ ਜੰਗ ਕਰਨ ਵਾਲੇ ਚਾਲੀ ਸਿੰਘ ਕਈ ਦਿਨਾਂ ਤੋਂ ਵਿਤੋਂ ਉੱਕੇ ਹੀ ਭੁਖੇ ਸਨ, ਸਤਿਗੁਰਾਂ ਦਾ ਬਚਨ ਸੱਚ ਹੈ 'ਚਿੜੀਓਂ ਸੇ ਮੈਂ ਬਾਜ ਤੜਾਊਂ। ਸਵਾ ਲਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।'

ਚਮਕੌਰਸਾਹਿਬ ਵਿਖੇਸ਼ਹੀਦ ਹੋਣ ਵਾਲੇ ਸਿੰਘ ਮੁਕਤੇ ਸਨ, ਪਿਛੋਂ ਆਕੇ ਮੁਕਤਸਰ ਵਿਖੇ ਸ਼ਹੀਦ ਹੋਏ ਚਾਲੀ ਸਿੰਘਾਂ ਹਿਤ ਵਰਤਣ ਲਗ ਪਿਆ। ਜਿਨ੍ਹਾਂ ਨੇ ਕਿ ਅਨੰਦ ਪੁਰ ਵਿਖੇ ਸਿਖੀ ਨੂੰ ਬੇਦਾਵਾ ਦਿਤਾ ਸੀ, ਪਿਛੋਂ ਭੁਲ ਬਖਸ਼ਾਈ। ਚਮਕੌਰ ਸਾਹਿਬ ਦੇ ਚਾਲੀ ਮੁਕਤਿਆਂ ਦੇ ਨਾਮ ਇਹ ਹਨ:-

੧. ਸਹਜ ਸਿੰਘ, ੨. ਸਰਦੂਲ ਸਿੰਘ, ੩. ਸਰੂਪ ਸਿੰਘ, ੪. ਸਾਹਿਬ ਸਿੰਘ, ੫. ਸੁਜਾਨ ਸਿੰਘ, ੬. ਸ਼ੇਰ ਸਿੰਘ, ੭. ਸੇਵਾ ਸਿੰਘ, ੮. ਸੰਗੋ ਸਿੰਘ, ੯. ਸੰਤ ਸਿੰਘ, ੧੦. ਹਰਦਾਸ ਸਿੰਘ, ੧੧. ਹਿੰਮਤ ਸਿੰਘ, ੧੨. ਕਰਮ ਸਿੰਘ, ੧੩. ਕ੍ਰਿਪਾਲ ਸਿੰਘ, ੧੪. ਖੜਗ ਸਿੰਘ, ੧੫. ਗੁਰਦਾਸ ਸਿੰਘ, ੧੬. ਗੁਰਦਿਤ ਸਿੰਘ, ੧੭. ਗੁਲਾਬ ਸਿੰਘ, ੧੮. ਗੰਗਾ ਸਿੰਘ, ੧੯. ਗੰਡਾ ਸਿੰਘ, ੨੦. ਚੜ੍ਹਤ ਸਿੰਘ, ੨੧. ਜਵਾਹਰ ਸਿੰਘ, ੨੨. ਜੈਮਲ ਸਿੰਘ, ੨੩. ਜੁਆਲਾ ਸਿੰਘ, ੨੪. ਝੰਡਾ ਸਿੰਘ, ੨੫. ਟਕ ਸਿੰਘ, ੨੬. ਠਾਕਰ ਸਿੰਘ, ੨੭. ਤ੍ਰਿਲੋਕ ਸਿੰਘ, ੨੮. ਦਿਆਲ ਸਿੰਘ, ੨੯. ਦਾਮੋਦਰ ਸਿੰਘ, ੩੦. ਨਾਰਾਇਣ ਸਿੰਘ, ੩੧. ਨਿਹਾਲ ਸਿੰਘ, ੩੨. ਪੰਜਾਬ ਸਿੰਘ, ੩੩. ਪ੍ਰੇਮ ਸਿੰਘ, ੩੪. ਬਿਸ਼ਨ ਸਿੰਘ, ੩੫. ਬਸਾਵਾ ਸਿੰਘ, ੩੬. ਮਤਾਬ ਸਿੰਘ, ੩੭. ਭਗਵਾਨ ਸਿੰਘ, ੩੮. ਮੁਹਕਮ ਸਿੰਘ, ੩੯. ਰਣਜੀਤ ਸਿੰਘ, ੪੦. ਰਤਨ ਸਿੰਘ। ਸਿਖ ਅਰਦਾਸੇ ਵਿਚ ਪੰਜ ਪਿਆਰੇ ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ ਜੋ ਯਾਦ ਵਜੋਂ ਨਾਮ ਲਿਆ ਜਾਂਦਾ ਹੈ, ਅਸਲੋਂ ਇਹ ਚਮਕੌਰ ਵਾਲੇ ਚਾਲੀ ਮੁਕਤੇ ਹਨ। ਮੁਕਤਸਰ ਵਾਲਿਆਂ ਨੇ ਤਾਂ ਸ਼ਹੀਦੀਆਂ ਪਾਕੇ ਟੁਟੀ ਗੰਢਵਾਈ ਸੀ। ਚਮਕੌਰ ਸਾਹਿਬ ਦੇ ਚਾਲੀ ਸਿੰਘਾਂ ਦੇ ਪਿੰਡ ਆਦਿ ਕਿਸੇ ਨੇ ਨਹੀਂ ਲਿਖੇ, ਨਾ ਹੀ ਪੰਥ ਨੇ ਇਨ੍ਹਾਂ ਦੀ ਕੋਈ ਯਾਦਗਾਰ

Digitized by Panjab Digital Library | www.panjabdigilib.org

ਬਣਾਈ ਹੈ। ਚਮਕੌਰ ਸਾਹਿਬ ਵਿਖੇ ਗੜ੍ਹੀ ਸਾਹਿਬ ਨਾਮ ਤਾਂ ਪ੍ਰਚਲਤ ਹੈ। ਜਿਥੇ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਸ਼ਹੀਦ ਗੰਜ ਦਾ ਨਾਮ 'ਕਤਲ ਗੜ੍ਹ' ਹੈ। ਭਾਈ ਜੀਵਨ ਸਿੰਘ ਜੀ ਸ਼ਹੀਦ ਦਾ ਭੀ ਬੁੰਗਾ ਹੈ ਪਰ ਉਕਤ ਮੁਕਤਿਆਂ ਦੀ ਯਾਦਗਾਰ ਵਲ ਧਯਾਨ ਨਹੀਂ ਦਿੱਤਾ ਗਿਆ।

ਨੋਟ—ਸ੍ਰੀ ਮੁਕਤ ਸਰ ਸਾਹਿਬ ਵਿਖੇ ੨੧ ਵਿਸਾਖ ਸੰਮਤ ੧੭੬੨ ਬਿ: ਨੂੰ ਜੋ ਜੰਗ ਹੋਇਆ, ਉਸ ਵਿਚ ਹੇਠਾਂ ਲਿਖੇ ਮਾਝੇ ਦੇ ਸਿੰਘਾਂ ਨੇ ਸਿਖੀ ਨੂੰ ਲਿਖਿਆ ਬੇਦਾਵਾ ਸ਼ਹੀਦੀਆਂ ਪਾਕੇ ਪੜਵਾਇਆ ਸੀ।

ਸਮੀਰ ਸਿੰਘ ਸਰਜਾ ਸਿੰਘ ਸਾਧੂ ਸਿੰਘ ਸੁਹੇਲ ਸਿੰਘ ਸੁਲਤਾਨ ਸਿੰਘ ਸੋਭਾ ਸਿੰਘ ਸੰਤ ਸਿੰਘ ਹਰਸਾ ਸਿੰਘ ਹਰੀ ਸਿੰਘ ਕਾਹਨ ਸਿੰਘ ਕਰਮ ਸਿੰਘ ਕਾਲਾ ਸਿੰਘ ਕੀਰਤ ਸਿੰਘ ਕ੍ਰਿਪਾਲ ਸਿੰਘ ਖੁਸ਼ਾਲ ਸਿੰਘ ਗੁਲਾਬ ਸਿੰਘ ਗੰਗਾ ਸਿੰਘ ਗੰਡਾ ਸਿੰਘ ਘਰਬਾਰਾ ਸਿੰਘ ਚੰਬਾ ਸਿੰਘ ਜਾਦੋ ਸਿੰਘ ਜੋਗਾ ਸਿੰਘ ਜੰਗ ਸਿੰਘ ਦਯਾਲ ਸਿੰਘ ਦਰਬਾਰਾ ਸਿੰਘ ਦਿਲਬਾਗ ਸਿੰਘ ਧਰਮ ਸਿੰਘ ਧੰਨਾ ਸਿੰਘ ਨਿਹਾਲ ਸਿੰਘ ਨਿਧਾਨ ਸਿੰਘ ਬੂੜ ਸਿੰਘ ਭਾਗ ਸਿੰਘ ਭੋਲਾ ਸਿੰਘ ਭੰਗਾ ਸਿੰਘ ਮਹਾਂ ਸਿੰਘ ਮਜਾ ਸਿੰਘ ਮਾਨ ਸਿੰਘ ਮੈਯਾ ਸਿੰਘ ਰਾਇ ਸਿੰਘ ਲਛਮਣ ਸਿੰਘ ਅਤੇ ਮਹਾਂ ਸਿੰਘ।

ਸੂਚਨਾ—ਇਨ੍ਹਾਂ ਚਾਲੀਆਂ ਦੇ ਨਾਲ ਮਾਤਾ ਭਾਗ ਕੌਰ ਜੀ ਸਨ, ਜੋ ਸ੍ਰੀ ਦਸਮੇਸ਼ ਜੀ ਦੀ ਫੌਜਾਂ ਦੇ ਸਾਥ ਹਜ਼ੂਰ ਸਾਹਿਬ ਨੂੰ ਨਾਲ ਹੀ ਚਲੇ ਗਏ ਸਨ।

—o—

## ਮਾਛੀਵਾੜਾ ਤੋਂ ਫਾਰਸੀ ਵਿਖੇ ਲਿਖ ਕੇ ਗੁਰੂ ਜੀ ਨੇ ਪੱਤ੍ਰ ਘਲਣੀ

ਸ੍ਰੀ ਗੁਰੂ ਦਸਮੇਸ਼ ਜੀ ਜੰਗ ਚਮਕੌਰ ਸਾਹਿਬ ਤੋਂ ਮਾਛੀਵਾੜੇ ਪਹੁੰਚੇ ਸਨ। ਬਾਦਸ਼ਾਹੀ ਫੌਜ ਆਪ ਦੀ ਭਾਲ ਵਿਚ ਸੀ, ਮਾਛੀਵਾੜੇ ਦੇ ਰਹਿਣ ਵਾਲੇ ਦੋ ਪਠਾਨ ਨਬੀ ਖਾਂ ਔਰ ਗਨੀ ਖਾਂ ਗੁਰੂ ਜੀ ਦੇ ਸਚੇ ਪ੍ਰੇਮੀ ਸਨ, ਉਨ੍ਹਾਂ ਨੇ ਪ੍ਰਾਰਥਨਾਂ ਕੀਤੀ ਕਿ ਸਾਨੂੰ ਕੋਈ ਸੇਵਾ ਬਖਸ਼ੋ! ਉਸ ਵੇਲੇ ਗੁਰੂ ਜੀ ਨੇ ਫਾਰਸੀ ਅਖਰਾਂ ਵਿਚ ਇਕ ਚਿਠੀ ਔਰੰਗਜ਼ੇਬ ਦੇ ਨਾਮ ਲਿਖ ਰੱਖੀ ਸੀ। ਜ਼ਰੂਰੀ ਸੀ ਕਿ ਉਸ ਨੂੰ ਪਹੁੰਚਾਇਆ ਜਾਵੇ, ਸਤਿਗੁਰਾਂ ਨੇ ਫੁਰਮਾਇਆ ਸਾਡਾ ਸਿਖ ਇਹ ਚਿਠੀ ਲੈ ਕੇ ਚੱਲਿਆ ਹੈ, ਇਸ ਨੂੰ ਬਾਦਸ਼ਾਹੀ ਫੌਜਾਂ ਦੀ ਨਜ਼ਰਾਂ ਤੋਂ ਬਚਾ ਕੇ ਅਗੇ ਕਰ ਆਵੋ ਤਾਂਕਿ ਚਿਠੀ ਦਾ ਭੇਦ ਨਾ ਖੁਲ੍ਹ ਜਾਵੇ। ਸੋ ਉਕਤ ਸੇਵਾ ਨੂੰ ਠੀਕ ਤੌਰ ਨਿਭੌਣ ਹਿਤ ਗਨੀ ਖਾਂ ਤੇ ਨਬੀ ਖਾਂ ਨੇ ਭਾਈ ਦਿਆਸਿੰਘ ਜੀ ਪਿਆਰੇ ਨੂੰ ਉੱਚ ਦੇ ਪੀਰਾਂ ਵਾਲਾ ਲਿਬਾਸ ਪਹਿਨਾ ਕੇ ਬਾ-ਅਦਬ ਪਲੰਘ ਪਰ ਬਿਠਾ ਕੇ ਉਸ ਪਲੰਘ ਨੂੰ ਕੰਧਿਆਂ ਪਰ ਉਠਾ ਕੇ, ਪਹਿਰੇਦਾਰ ਗਾਰਦਾਂ ਤੋਂ ਬਚਾ ਕੇ ਦੂਰ ਤਕ ਛੱਡ ਆਏ ਸਨ। ਤੁਰਕ ਗਾਰਦਾਂ ਦੇ ਪੁਛਣ ਪਰ ਕਹਿੰਦੇ ਗਏ ਕਿ ਇਹ ਸਾਡੇ ਉੱਚ (ਨੱਗਰ ਦਾ ਨਾਮ ਹੈ) ਵਾਲੇ ਪੀਰ ਹਨ।

ਸਿੱਖ ਇਤਿਹਾਸ ਵਿਚ ਪ੍ਰਚੁਰ ਹੋ ਚੁਕੀ ਇਹ ਸਾਖੀ ਉੱਕੀ ਗਲਤ ਹੈ ਕਿ ਦਸਮ ਗੁਰੂ ਜੀ ਖੁਦ ਉੱਚ ਦੇ ਪੀਰ ਬਣੇ ਸਨ।

Digitized by Panjab Digital Library | www.panjabdigilib.org

ਗੁਰੂ ਜੀ ਮਾਛੀਵਾੜੇ ਤੋਂ ਪੈਦਲ ਪਿੰਡ ਲੱਲਾ ਵਿਖੇ ਆਏ, ਉਥੋਂ ਰਾਮਪੁਰ, ਕਨੇਚ, ਜਸਪਾਲ, ਬਾਂਗਰ ਆਲਮ ਗੀਰ ਮੋਹੀ ਹੋਕੇ ਰਾਇਕੋਟ ਪਹੁੰਚੇ ਸਨ। ਲੱਲਾਂ ਵਿਖੇ ਗੁਰਦੁਆਰਾ ਹੈ। ਇਹ ਬਾਤ ਬਿਲਕੁਲ ਸਿਧ ਨਹੀਂ ਹੁੰਦੀ ਕਿ ਆਪ ਪਲੰਘ ਪਰ ਬੈਠ ਕੇ ਆਏ ਸਨ।

ਮਾਛੀਵਾੜੇ ਤੋਂ ਜੋ ਚਿਠੀ ਲਿਖੀ ਸੀ, ਉਸਦੀ ਉਰਦੂ ਨਕਲ ਸਫਾ ੧੮੫ ਤੇ ਦਿੰਦੇ ਹਾਂ। ਇਹ ਪੱਤ੍ਰ ਸ੍ਰੀਮਾਨ ਸ੍ਰ: ਕਟੋੜਾ ਸਿੰਘ ਜੀ (ਨਾਭਾ ਗੇਟ) ਸੰਗਰੂਰ ਨੇ ਅਤੀ ਮੇਹਨਤ ਨਾਲ ਲਿਖ ਕੇ ਔਰ ਉਸ ਦੇ ਅਰਥ ਲਿਖ ਕੇ ਦਾਸ ਨੂੰ ਦਿਤੇ, ਜਿਨਾਂ ਦਾ ਕਿ ਮੈਂ ਧਨਵਾਦੀ ਹਾਂ। (ਲਾਲ ਸਿੰਘ ਗਜਾਨੀ)

—o—

# ਗੁਰਮੁਖੀ ਅੱਖਰਾਂ ਵਿਖੇ ਪੱਤ੍ਰ ਦੀ ਨਕਲ

**ਬਨਾਮੇ ਖ਼ੁਦਾਵੰਦੇ ਤੇਗ਼ੋ ਤਬਰ। ਖ਼ੁਦਾਵੰਦਿ ਤੀਰੋ ਸਨਾਨੋ ਸਿਪਰ।**

ਉਸ ਅਕਾਲ ਪੁਰਖ ਦੇ ਨਾਮ ਨਾਲ ਅਰੰਭ ਕਰਦਾ ਹਾਂ,
ਜੋ ਤਲਵਾਰ, ਨੇਜ਼ਾ, ਤੀਰ, ਬਰਛੀ ਤੇ ਢਾਲ ਦਾ ਧਨੀ ਹੈ।

**ਖ਼ੁਦਾਵੰਦਿਮਰਦਾਨਿ ਜੰਗ ਆਜ਼ਮਾ। ਖ਼ੁਦਾਵੰਦਿ ਅਸਪਾਨਿ ਪਾ ਦਰ ਹਵਾ।**

ਅਕਾਲ ਪੁਰਖ ਲੜਾਕੇ ਬਹਾਦਰ ਸਿਪਾਹੀਆਂ ਦਾ ਮਾਲਕ ਹੈ,
ਤੇ ਤਿਖੀ ਚਾਲ ਚੱਲਣ ਵਾਲੇ ਘੋੜਿਆਂ ਦਾ ਮਾਲਕ ਹੈ।

**ਹਮਾਂ ਕੋ ਤੁਰਾ ਪਾਦਸ਼ਾਹੀ ਬਿਦਾਦ। ਬਮਾ ਦੌਲਤੇ ਦੀਂ ਪਨਾਹੀ ਬਿਦਾਦ।**

ਉਸ ਅਕਾਲ ਨੇ ਜਿਸਨੇ ਕਿ ਤੈਨੂੰ ਪਾਦਸ਼ਾਹੀ ਬਖਸ਼ੀ ਹੈ, ਉਸਨੇ
ਮੈਨੂੰ ਧਰਮ ਦੀ ਰਖਸ਼ਾ ਲਈ ਮੁਕੱਰਰ ਕੀਤਾ ਹੈ।

**ਤੁਰਾ ਤੁਰਕ ਤਾਜ਼ੀ ਬ ਮਕਰੋ ਰਿਆ। ਮਰਾ ਚਾਰਾ ਸਾਜ਼ੀ ਬਸਿਦਕ਼ੋ ਸਫਾ।**

ਤੈਨੂੰ ਨੀਤੀ, ਮਕਰ ਅਤੇ ਫਰੇਬ ਤੇ ਭਰੋਸਾ ਹੈ,
ਪਰ ਮੈਂ ਸਚਾਈ ਅਤੇ ਸਾਫ ਗੱਲਾਂ ਤੇ ਯਕੀਨ ਰੱਖਦਾ ਹਾਂ।

**ਨ ਜ਼ੇਬਦ ਤੁਰਾ ਨਾਮ ਔਰੰਗਜ਼ੇਬ। ਕਿ ਔਰੰਗ ਜ਼ੇਬਾਂ ਨ ਆਇਦ ਫਰੇਬ।**

ਤੇਰਾ ਨਾਮ ਔਰੰਗਜ਼ੇਬ ਫਬਦਾ ਨਹੀਂ ਹੈ।
ਕਿਉਂਕਿ ਖ਼ੂਬਸੂਰਤੀ ਬਖਸ਼ਣ ਵਾਲੀ ਚੀਜ਼ ਧੋਖੇ ਦੀ ਬਣੀ ਹੋਈ ਨਹੀਂ ਹੁੰਦੀ।

**ਨ ਤਸਬੀਹਤ ਅਜ਼ ਸਬ੍ਹੋ ਰਿਸ਼ਤਾਏ ਬੇਸ਼।**
**ਕਜ਼ਾਂ ਦਾਨਾ ਸਾਜ਼ੀ ਵਜ਼ੀਂ ਦਾਨਾ ਖੇਸ਼।**

ਤੇਰੀ ਮਾਲਾ ਦੀ ਕੀਮਤ ਮਣਕੇ ਤੇ ਧਾਗੇ ਤੋਂ ਵਧ ਨਹੀਂ,
ਕਿਉਂਕਿ ਤੂੰ ਮਣਕਿਆਂ ਨੂੰ ਚੋਗਾਂ ਤੇ ਧਾਗੇ ਨੂੰ ਜਾਲ ਦੇ ਥਾਂ ਵਰਤਦਾ ਹੈਂ।

Digitized by Panjab Digital Library | www.panjabdigilib.org

ਤੂੰਖ਼ਾਕਿਪਿਦਰਰਾਬਕਿਰਦਾਰਿਜ਼ਿਸ਼ਤ।ਬਖ਼ੂਨਿਬਰਾ ਦਰਬਦਾਰੀਸ੍ਰਿਸ਼ਤ।
ਤੈਂ ਆਪਣੇ ਭੈੜੇ ਕੰਮਾਂ ਨਾਲ ਆਪਣੇ ਬਾਪ ਦੀ ਮਿਟੀ ਨੂੰ
ਆਪਣੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆਂ।

ਵਜ਼ਾਂ ਖ਼ਾਨਾਏ ਖ਼ਾਮ ਕਰਦੀ ਬਿਨਾ। ਬਨਾਏ ਦਰੇ ਦੌਲਤੇ ਖ਼ੇਸ਼ ਰਾ।
ਤੈਂ ਆਪਣੇ ਰਾਜ ਦੀ ਨੀਂਹ ਉਸ ਖ਼ੂਨ ਤੇ ਮਿਟੀ ਤੋਂ ਰੱਖੀ ਹੈ ਜੋ ਕਮਜ਼ੋਰ ਅਤੇ ਕੱਚੀ ਹੈ।

ਮਨ ਅਕਨੂੰ ਬ ਅਫ਼ਜ਼ਾਲਿ ਪੁਰਸ਼ੇ ਅਕਾਲ।
ਕੁਨਮ ਆਬਿ ਆਹਨ ਚੁਨਾਂ ਬਰ ਸ਼ਿਗਾਲ।
ਮੈਂ ਅਕਾਲਪੁਰਖ ਦੀ ਮਿਹਰ ਨਾਲ ਆਪਣੀ ਤਲਵਾਰ ਨੂੰ ਬਿਜਲੀ ਦੀ ਤਰਾਂ ਚਮਕਾਵਾਂਗਾ।

ਜ਼ਿ ਕੋਹਿ ਦੱਕਨ ਤਿਸ਼ਨਾ ਕਾਮ ਆਮ ਦੀ।
ਜ਼ਿ ਮੇਵਾੜ ਹਮ ਤਲਖ਼ ਕਾਮ ਆਮ ਦੀ।
ਤੂੰ ਦੱਖਣ ਦੇ ਪਹਾੜੀ ਇਲਾਕੇ ਚੋਂ ਅਸਫਲ ਵਾਪਸ ਆਯਾ ਹੈਂ,
ਤੇ ਮੇਵਾੜ ਦੇ ਰੇਤਲੇ ਮੈਦਾਨਾਂ ਵਿਚੋਂ ਤਿਹਾਇਆ ਆਯਾ ਹੈਂ।

ਬਦੀ ਸੂ ਚੂ ਅਕਨੂੰ ਨਿਗਾਹਤ ਦਵੱਦ।
ਕਿ ਆਂ ਤਲਖ਼ੀ ਓ ਤਿਸ਼ਨਗੀਅਤ ਰਵੱਦ।
ਜੇ ਤੇਰੀ ਨਜ਼ਰ ਇਸ ਪਾਸੇ ਫਿਰੀ ਤਾਂ ਤੇਰੀ ਸਾਰੀ ਪਿਆਸ
ਅਤੇ ਬੇਚੈਨੀ ਫੌਰਨ ਦੂਰ ਹੋ ਜਾਵੇਗੀ।

ਚੁਨਾਂਆਤਸ਼ੇਜ਼ੇਰਿਨਾਅਲਤਨਿਹੰਮ.ਜ਼ਿਪੰਜਾਬਆਬਤਨਖ਼ੁਰਦਮਦਿਹੰਮ।
ਮੈਂ ਪੰਜਾਬ ਵਿਚ ਅਜੇਹੀ ਅੱਗ ਭੜਕਾਵਾਂਗਾ,
ਕਿ ਉਸ ਨੂੰ ਦੇਖ ਕੇ ਤੇਰੇ ਸਾਰੇ ਐਸ਼ ਆਰਾਮ ਨਸ਼ਟ ਹੋ ਜਾਣਗੇ।

ਚਿਹ ਸ਼ੁਦਗਰ ਸ਼ਿਗਾਲੇ ਬ ਮਕਰੋ ਰਿਆ।ਹਮੀਕੁਸ਼ਤ ਦੋ ਬੱਚਾਏਸ਼ੇਰ ਰਾ।
ਕੀ ਹੋਇਆ ਜੇ ਗਿੱਦੜ ਆਪਣੇ ਮਕਰ ਤੇ ਫਰੇਬ ਨਾਲ
ਸ਼ੇਰ ਦੇ ਦੋ ਬੱਚੇ ਮਾਰਨ ਵਿਚ ਸਫਲਤਾ ਪ੍ਰਾਪਤ ਕਰ ਗਿਆ।

ਚੂ ਸ਼ੇਰੇ ਜ਼ਿਆਂ ਜ਼ਿੰਦਾ ਮਾਨਦ ਹਮੀਂ।ਜ਼ਿ ਤੋ ਇੰਤਕਾਮੇ ਸਤਾਨਦ ਹਮੀਂ।
ਕਿਉਂਕਿ ਸ਼ੇਰ ਬਬਰ ਜਿਊਂਦਾ ਹੈ ਤੇ ਉਸ ਵਿਚ
ਤੇਰੇ ਕੋਲੋਂ ਬਦਲਾ ਲੈਣ ਦਾ ਬਲ ਮੌਜੂਦ ਹੈ।

ਨਦੀਗਰ ਗਰਾਇਮ ਬਨਾਮੇ ਖ਼ੁਦਾਤ।ਕਿਦੀਦਮ ਖ਼ੁਦਾਓਕਲਾਮੇਖ਼ੁਦਾਤ।
ਹੁਣ ਮੈਨੂੰ ਤੇਰੇ ਮੰਨੇ ਖ਼ੁਦਾ (ਖ਼ੁਦਾ ਦੀ ਸੁਗੰਧ) ਤੇ ਕੋਈ ਭਰੋਸਾ ਨਹੀਂ ਰਿਹਾ,
ਕਿਉਂਕਿ ਮੈਂ ਤੇਰੇ ਖ਼ੁਦਾ ਤੇ ਉਸਦੀ ਕਲਾਮ ਨੂੰ ਦੇਖ ਚੁਕਾ ਹਾਂ।

Digitized by Panjab Digital Library | www.panjabdigilib.org

ਬ ਸੌਗੰਦੇ ਤੋ ਏਤਬਾਰੇ ਨਮਾਂਦ । ਮਰਾ ਜੁਜ਼ ਬ ਸ਼ਮਸ਼ੇਰ ਕਾਰੇ ਨ ਮਾਂਦ।

ਮੈਨੂੰ ਤੇਰੀ ਸਗੰਧ ਤੇ ਕੋਈ ਇਤਬਾਰ ਨਹੀਂ ਰਿਹਾ,
ਇਸ ਲਈ ਮੇਰੇ ਵਾਸਤੇ ਸਿਵਾਏ ਤਲਵਾਰ ਦੇ ਹੋਰ ਕੋਈ ਰਾਹ ਨਹੀਂ।

ਤੂਈ ਗੁਰਗ ਬਾਰਾਂ ਕਸ਼ੀਦਾਅ,ਚਾਹ।ਨਿਹਮਨੀਜ਼ ਸ਼ੇਰੇ ਜ਼ਿ ਦਾਰਮਬਦਰ।

ਜੇ ਤੂੰ ਇਕ ਤਜਰਬੇ ਕਾਰ ਬਘਿਆੜ ਹੈਂ,
ਤਾਂ ਮੈਂ ਸ਼ੇਰ ਬਬਰ ਨੂੰ ਬਾਹਰ ਕੱਢ ਲਿਆਵਾਂਗਾ।

ਅਗਰ ਬਾਜ਼ ਗੁਫਤੋ ਸ਼ੁਨੀਦਤ ਬਮਾਸਤ।
ਨਮਾਇਮ ਤੁਰਾ ਜਾਦਾਏ ਪਾਕੋ ਰਾਸਤ।

ਜੇ ਤੈਨੂੰ ਮੇਰੇ ਨਾਲ ਗੱਲ ਬਾਤ ਕਰਨ ਦਾ ਅਵਸਰ ਮਿਲ ਗਿਆ
ਤਾਂ ਮੈਂ ਤੈਨੂੰ ਸਿਧਾ ਰਸਤਾ ਦਿਖਾਵਾਂਗਾ।

ਬਮੈਦਾਂ ਦੋ ਲਸ਼ਕਰ ਸਫ ਆਰਾ ਸ਼ਵੰਦ।
ਤਾ ਜ਼ੂਦੀ ਬਹਮ ਆਸ਼ਕਾਰਾ ਸ਼ਵੰਦ।

ਜਦੋਂ ਦੋਵੇਂ ਫੌਜਾਂ ਆਹਮੋ ਸਾਹਮਣੇ ਔਣਗੀਆਂ,
ਤਾਂ ਛੇਤੀ ਹੀ ਉਹਨਾਂ ਦੀ ਤਾਕਤ ਦਾ ਪਤਾ ਲੱਗ ਜਾਵੇਗਾ।

ਮਿਆਨੇ ਦੋ ਮਾਨਦ ਬਫਰ ਸੰਗ ਰਾਹ।
ਚੂ ਆਰਾਸਤਾ ਗਰਦਦ ਈਂ ਰਜ਼ਮ ਗਾਹ।

ਦੋਹਾਂ ਦੇ ਵਿਚਕਾਰ ਚਾਰ ਮੀਲ ਦਾ ਫਾਸਲਾ ਹੋਵੇ, ਤੇ ਜਦੋਂ ਮੈਦਾਨ ਆਰਾਸਤਾ ਹੋ ਜਾਵੇ।

ਅਜ਼ਾਂ ਪਸ ਦਰਾਂ ਅਰਸਾਏ ਕਾਰਜ਼ਾਰ।
ਮਨ ਆਇਮ ਜਰੀਦਾ ਤੂ ਬਾ ਦੋ ਸਵਾਰ।

ਤਾਂ ਮੈਂ ਉਸ ਲੜਾਈ ਦੇ ਮੈਦਾਨ ਅੰਦਰ ਇਕੱਲਾ ਆਵਾਂਗਾ,ਤੇ ਤੂੰ ਦੋ ਸਵਾਰਾਂ ਸਮੇਤ ਆਵੀਂ।

ਤੂੰ ਅਜ਼ ਨਾਜ਼ੋ ਨਿਅਮਤ ਸਮਰ ਖੁਰਦਾਈ।
ਜ਼ਿ ਜੰਗੀ ਜਵਾਨਾਂ ਨ ਬਰ ਖੁਰਦਾਈ।

ਤੂੰ ਲਾਡਾਂ ਵਿੱਚ ਪਲਿਆ ਹੋਯਾ ਹੈਂ ਤੇ ਕਦੇ ਬਹਾਦਰਾਂ ਦੇ ਸਾਹਮਣੇ ਨਹੀਂ ਆਯਾ।

ਬਮੈਦਾਂ ਬਿਆ ਖੁਦ ਬਤੇਗੋ ਤਬਰ।
ਮਕੁਨ ਖਲਕਿ ਖੁੱਲਾਕ ਜ਼ੇਰੋ ਜ਼ਬਰ।

ਤੂੰ ਅਪਣੀ ਤਲਵਾਰ ਤੇ ਨੇਜ਼ਾ ਲੈਕੇ ਮੈਦਾਨ ਵਿਚ ਆ।
ਰਬ ਦੀ ਖਲਕਤ ਨੂੰ ਮਾਰਨ ਦਾ ਕੀ ਲਾਭ ਹੈ।

Digitized by Panjab Digital Library | www.panjabdigilib.org

# مراسلہ پادشاہی دہم
## بنامِ شاہ اورنگ زیب عالمگیر

۱- بنامِ خداوندِ تیغ و تبر
خداوندِ تیر و سنان و سپر
۲- خداوندِ مردانِ جنگ آزما
خداوندِ اسپانِ پا در ہوا
۳- ہماں کو ترا بادشاہی بداد
ہما دولت دیں پناہی بداد
۴- ترا ترک بازی بہ مکر و ریا
مرا چارہ سازی بصدق و صفا
۵- نہ زیبد ترا نام اورنگ زیب
ز اورنگ زیباں نیاید فریب
۶- ز تسبیحت از سبحہ و رشتہ بیش
کزاں دانہ سازی و زیں دانہ خویش
۷- تو خاکِ پدر بکردارِ زشت
بخونِ برادر بداری سرشت
۸- وزاں خانۂ خام کردی بنا
بنائے درِ دولتِ خویش را
۹- من اکنوں بافضالِ پرتیں اکال
کنم آبِ آہن چناں برشگال
۱۰- ز کوہِ دکن تشنہ کام آمدی
ز میواڑ ہم تلخ کام آمدی
۱۱- بدیں سو چوں اکنوں نگاہت رود
کزاں تلخی و تشنیت دور شود
۱۲- چناں آتشے زیرِ نعلت نہم
ز پنجاب آبت نخوردم دہم
۱۳- چہ شد گر شغالے بہ مکر و ریا
ہمی کشت دو بچۂ شیر را
۱۴- چو شیرِ ژیاں زندہ ماند ہمی
ز تو انتقامے ستاند ہمی
۱۵- نہ دیگر گرایم بنامِ خدات
کہ دیدم خدا و کلامِ خدات
۱۶- بہ سوگند تو اعتبارے نماند
مرا جز بہ شمشیر کارے نماند
۱۷- تو گر گرگِ باراں کشیدہ اگر
نہم نیز شیرے ز دارم بدر
۱۸- اگر باز گفت و شنیدت بماست
نمایم ترا جادۂ پاک و راست
۱۹- بمیداں دو لشکر صف آرا شوند
ز دوری بہم آشکارا شوند
۲۰- میانِ دو ماند بقدر سنگ راہ
چو آراستہ گرد ایں رزمگاہ
۲۱- ازاں پس دراں عرصۂ کارزار
من آیم جریدہ تو با دو سوار
۲۲- تو از نازِ نعمت ثمر خوردۂ
ز جنگی جواناں نہ بر خوردۂ
۲۳- بمیداں بیا خود بہ تیغ و تبر

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਫਾਰਸੀ ਹਕਾਇਤਾਂ

ਇਹ ਹਕਾਇਤਾਂ ਜ਼ਫਰ ਨਾਮੇ ਨਾਲ ਸਬੰਧਤ ਨਹੀਂ ਹਨ, ਤ੍ਰਿਯਾ ਚਰਿਤ੍ਰਾਂ ਔਰ ਗ੍ਰੰਥਾਂ ਵਿਚੋਂ ਚੁਣੀਆਂ ਗਈਆਂ ਹਨ। ਕੇਵਲ ਫਾਰਸੀ ਬੋਲੀ ਦੇਖਕੇ ਹੀ ਕਿਸੇ ਲਿਖਾਰੀ ਨੇ ਜ਼ਫਰ ਨਾਮਹ ਦੇ ਮਗਰ ਲਿਖ ਦਿਤੀਆਂ ਹਨ। (ਵਿਚਾਰ ਲਈ ਪੜ੍ਹੋ ਚਰਿਤ੍ਰ ੨੬੭ ਇਕ ਕਾਜ਼ੀ ਦੀ ਇਸਤ੍ਰੀ ਦਾ ਪ੍ਰਸੰਗ ਤੇ ਮੁਕਾਬਲਾ ਹਕਾਇਤ ਨੰ: ਚਾਰ ਨਾਲ ਕਰੋ) ਏਸੇ ਤਰਾਂ ਅਸਫੰਦ ਯਾਰ ਦੀ ਹਕਾਇਤ ਪੰਜਵੀ ਦਾ ਟਾਕਰਾ ਚਰਿਤ੍ਰ ਨੰ: ੨੪੬ ਨਾਲ ਔਰ ੨੨੧ ਚਰਿਤ੍ਰ ਪੜ੍ਹੋ ਜੋ ਸਪਸ਼ਟ ਹੋ ਜਾਂਦਾ ਹੈ ਕਿ ਇਹ ਹਕਾਇਤਾਂ ਚਰਿਤ੍ਰ ਰੂਪ ਕਿੱਸੇ ਹਨ, ਸੁਧ ਅਚਰਨ ਰਖਣ ਵਾਲੇ ਇਨਾਂ ਤੋਂ ਕੋਈ ਲਾਭ ਪ੍ਰਾਪਤ ਨਹੀਂ ਕਰ ਸਕਦੇ। ਨਾ ਹੀ ਇਨਾਂ ਦਾ ਸਿਖ ਧਰਮ ਨਾਲ ਕੋਈ ਸਨਬੰਧ ਹੈ।

## ਖਾਲਸਾ ਮਹਿਮਾਂ

'ਜੋ ਕਿਛ ਲੇਖ ਲਿਖਯੋ' ਸਵੈਯੇ। ਪੰਡਿਤ ਕੇਸ਼ਵ ਦਾਸ ਔਰ ਕਾਲੀ ਦਾਸ ਆਦਿ ਬ੍ਰਾਹਮਣਾਂ ਪ੍ਰਥਾਇ ਬਚਨ ਹਨ, ਜੋ ਇਤਿਹਾਸ ਰੂਪ ਹੈਨ। ਆਮ ਤੌਰ ਪਰ ਇਨਾਂ ਸਵਈਆਂ ਨੂੰ 'ਖਾਲਸਾ ਮਹਿਮਾਂ' ਕਿਹਾ ਜਾਂਦਾ ਹੈ। ਇਹ ਤਿੰਨ ਸਵੈਯੇ ਔਰ ਇਕ ਦੋਹਿਰਾ ਹੈ। ਗੁਰੂ ਜੀ ਨੇ ਪੰਡਤਾਂ ਵਲੋਂ ਕਲਪੀ ਗਈ ਦੇਵੀ ਪ੍ਰਗਟ ਹੋਣ ਦੇ ਢੰਗ ਨੂੰ ਚੰਗੀ ਤਰਾਂ ਖੋਹਲ ਕੇ ਦਸ ਦਿਤਾ ਕਿ ਦੇਵੀ ਪੂਜਾ ਅਕਾਲ ਪੂਜਾ ਦੇ ਸਾਹਮਣੇ ਕੋਈ ਚੀਜ਼ ਨਹੀਂ ਹੈ। ਗੁਰੂ ਜੀ ਨੇ ਬ੍ਰਾਹਮਣਾਂ ਨੂੰ ਦਾਨ ਦੇਣਾ ਕਤਈ ਬੰਦ ਕਰ ਦਿਤਾ, ਜਿਸ ਕਾਰਨ ਬ੍ਰਾਹਮਣ ਬਹੁਤ ਰੋਏ ਪਿੱਟੇ। ਯਥਾ:-

'ਖੋਜ ਰੋਜ ਕੇ ਹੇਤ ਲਗ ਦਯੋ ਮਿਸ਼ਰ ਜੂ ਰੋਇ।' ਭਾਈ ਸੰਤੋਖ ਸਿੰਘ ਕਰਤਾ ਗੁਰ ਪ੍ਰਤਾਪ ਸੂਰਜ ਨੇ ਇਹ ਗਪੌੜਾ ਲਿਖ ਦਿਤਾ ਹੈ ਕਿ ਗੁਰੂ ਜੀ ਨੇ ਪੰਡਿਤ ਕੇਸ਼ਵ ਦਾਸ ਨੂੰ ਮਹਾਰਾਜਾ ਰਣਜੀਤ ਸਿੰਘ ਹੋ ਕੇ ਰਾਜ ਕਰਨੇ ਦਾ ਵਰਦਾਨ ਦਿਤਾ ਸੀ। ਪਰ ਸ੍ਰੀ ਗੁਰੂ ਜੀ ਨੇ ਸਭ ਕਿਛ ਖਾਲਸੇ ਨੂੰ ਅਰਪਨ ਕਰਨੇ ਦਾ ਐਲਾਨ ਕਰ ਦਿਤਾ ਸੀ-

'ਮੋ ਗ੍ਰਿਹਿ ਮੈ ਮਨ ਤੇ ਤਨ ਤੇ,
ਸਿਰਲੌ ਧਨ ਹੈ ਸਭਹੀ ਇਨਹੀਕੋ।'

ਕਈ ਪਾਖੰਡੀ ਆਖ ਦਿੰਦੇ ਹਨ ਕਿ ਇਹ ਬ੍ਰਾਹਮਣਾਂ ਨੂੰ ਬਖਸ਼ਸ਼ ਹੈ, ਪਰ ਇਹ ਨਹੀਂ ਸੋਚਦੇ ਕਿ ਬ੍ਰਾਹਮਣ ਰੋਏ ਪਿਟੇ ਕਿਉਂ? ਗੁਰੂ ਕਾ ਬਚਨ ਹੈ-

'ਖਾਲਸਾ ਮੇਰਾ ਰੂਪ ਹੈ ਖਾਸ।
ਖਾਲਸੇ ਮਹਿ ਹੌਂ ਕਰੋ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸਜਣ ਸੂਰਾ।'

ਪੁਨਾ:-ਖਾਲਸਾ ਮੇਰੋ ਰੂਪ ਹੈ,
ਹੌਂ ਖਾਲਸੇ ਪਾਸ।
ਆਦਿ ਅੰਤ ਹੋਤ ਹੈ,
ਖਾਲਸੇ ਮੈਂ ਪ੍ਰਗਾਸ।
(ਗੁਰ ਸੋਭਾ ਗ੍ਰੰਥ)

ਨੋਟ:-ਕਵਿ ਸੈਨਾ ਪਤੀ ਦਾ ਲਿਖਿਆ ਗ੍ਰੰਥ 'ਗੁਰ ਸੋਭਾ' ਭਰੋਸੇ ਯੋਗ ਹੈ, ਇਹ ਵਿਦਵਾਨ ਬਵੰਜਾ ਕਵੀਆਂ ਵਿਚੋਂ ਸੀ। 'ਗੁਰੂ ਗੋਬਿੰਦ ਕੀ ਸਭਾ ਮਹਿ,

Digitized by Panjab Digital Library | www.panjabdigilib.org

ਲੇਖਕ ਪਰਮ ਸੁਜਾਨ। ਚਾਣਾਕੇ ਭਾਸ਼ਾ ਕਰੀ, ਕਵਿ ਸੈਨਾ ਪਤ ਨਾਮ।' ਇਸ ਨੇ ਲਿਖਿਆ ਹੈ-'ਦੋ ਖੰਡੇ ਕੀ ਪਾਹੁਲ ਤੇਜ ਬਢਾਯਾ। ਸਿੰਘ ਅਜੀਤ ਹੁਕਮ ਬਰਤਾਯਾ।' ਇਹ ਅੰਮ੍ਰਿਤ ਪ੍ਰਚਾਰ ਦਾ ਜ਼ਿਕਰ ਸਾਹਿਬ ਅਜੀਤ ਸਿੰਘ ਸਬੰਧੀ ਹੈ ਕਿ ਉਨ੍ਹਾਂ ਅੰਮ੍ਰਿਤ ਪਾਨ ਕੀਤਾ। 'ਵਿਸਾਖੀ ਕੇ ਦਿਵਸ ਮਹਿ (ਗੁਰਪੁਰਬ) ਸਤਗੁਰ ਕੀਯੋ ਬਿਚਾਰੁ।' ਇਹ ਵਿਸਾਖੀ ਨੂੰ ਗੁਰੂ ਨਾਨਕ ਅਵਤਾਰ ਮੰਨਿਆਂ ਹੈ। ਗੁਰ ਸੋਭਾ ਗ੍ਰੰਥ ਐਨ ਸਮੇਂ ਸਿਰ ਬਣਿਆਂ। ਉਪਰੰਤ ੧੮੯੦ ਤੋਂ ੧੯੦੦ ਤੀਕ ਗੁਰ ਬਿਲਾਸ ਪਾਤਸ਼ਾਹੀ ੬ ਔਰ ਸੰਮਤ ੧੮੫੪ ਵਿਚ ਦਸਮ ਗੁਰ ਬਿਲਾਸ ਪਹਿਲਾਂ ਬਣਿਆਂ ਸੀ। ਸੰਮਤ ੧੯੦੦ ਵਿਖੇ ਗੁਰ ਪ੍ਰਤਾਪ ਸੂਰਜ। ਭਾਈ ਰਤਨ ਸਿੰਘ ਭੰਗੂ ਵਾਲਾ ਪੰਥ ਪ੍ਰਕਾਸ਼ ੧੮੯੮ ਵਿਖੇ ਉਪਰੰਤ ਗਜਾਨੀ ਗਜਾਨ ਸਿੰਘ ਨੇ ਪੰਥ ਪ੍ਰਕਾਸ਼ ਰਚਿਆ। 'ਸੌ ਸਾਖੀ' ਕਿਸੀ ਗੁਪਤ ਬ੍ਰਾਹਮਣ ਨੇ ਲਿਖ ਕੇ ਦਸਮ ਗੁਰੂ ਜੀ ਦੇ ਨਾਮ ਥੱਪੀ ਹੈ, ਇਸ ਦੇ ਪ੍ਰਸੰਗਾਂ ਨੇ ਸਿਖਾਂ ਵਿਚ ਵਧ ਪੋਪ ਲੀਲਾ ਫੈਲਾਈ। ਭਾਈ ਸੰਤੋਖ ਸਿੰਘ ਨੇ ਇਸੇ ਦੇ ਆਸਰੇ ਬਹੁਤ ਸਾਰੀਆਂ ਮਨਮਤਾਂ ਸੂਰਜ ਪ੍ਰਕਾਸ਼ ਵਿਚ ਲਿਖੀਆਂ।

## ਧਾਰਮਕ ਜੰਗਾਂ ਵਿਚ ਸਿਖਾਂ ਦੀਆਂ ਕੁਰਬਾਨੀਆਂ

੧੭੩੯ ਬਿ: ਨੂੰ ਗੁਰੂ ਜੀ ਨੇ ਰਣਜੀਤ ਨਿਗਾਰਾ ਬਣਾਇਆ, ਜਦੋਂ ਇਹ ਬਜਦਾ ਸੀ ਪਹਾੜੀ ਰਾਜੇ ਈਰਖਾ ਨਾਲ ਸੜਦੇ ਬਲਦੇ ਸਨ। ਭੀਮ ਚੰਦ ਅਤੇ ਉਸ ਦਾ ਵਜ਼ੀਰ ਚਤਰੂ ਔਰ ਕੇਸਰੀ ਸਿੰਘ ਮਹਾਂ ਛਲੀਏ ਸਨ। ਇਹ ਗੁਰ-ਸਿਖਾਂ ਨੂੰ ਆਪਣੇ ਅਧੀਨ ਰਖਣਾ ਚਾਹੁੰਦੇ ਸਨ। ਗੁਰੂ ਜੀ ਨੇ ਉਸ ਨੂੰ ਉੱਤ੍ਰ ਵਿਚ ਸੁਨੇਹਾ ਘੱਲਿਆ ਕਿ ਖਾਲਸਾ ਆਜ਼ਾਦ ਹੈ, ਕਿਸੇ ਦਾ ਦਬੇਲ ਹੋ ਕੇ ਨਹੀਂ ਰਹਿ ਸਕੇਗਾ। ਇਸੇ ਕਰਕੇ ਭੀਮ ਚੰਦ ਨੇ ਫਤਹ ਸ਼ਾਹ ਸ੍ਰੀ ਨਗਰ, ਕ੍ਰਿਪਾਲ ਚੰਦ ਕਾਂਗੜਾ, ਉਮੈਦ ਸਿੰਘ ਜਸਵਾਲ, ਗੁਰਭਜ ਇੰਦੌਰੀਆ, ਸੰਸਾਰ ਚੰਦ ਨਦੌਣ, ਹਰੀ ਚੰਦ ਕੋਟੀ ਵਾਲ, ਕਰਮ ਚੰਦ ਭੰਬਰ, ਕੇਸਰੀ ਸਿੰਘ ਜਸਵਾਲ, ਗੁਪਾਲ ਚੰਦ ਗਲੇਰ, ਦਿਆਲ ਚੰਦ ਕਾਠਗੜ੍ਹ, ਦਿਆਲ ਸਿੰਘ ਨੂਰ ਪੁਰ, ਬੀਰ ਸੈਨ ਮੰਡੀ ਆਦਿ ਨਾਲ ਗੁਪਤ ਮਸ਼ਵਰਾ ਕਰ ਕੇ ਫੈਸਲਾ ਕੀਤਾ ਕਿ ਸਿਖਾਂ ਨੂੰ ਏਥੋਂ ਨਿਕਾਲ ਦੇਣਾ ਚਾਹੀਦਾ ਹੈ, ਇਹ ਵਧਦੇ ਜਾਂਦੇ ਹਨ ਮਤਾਂ ਸਾਡਾ ਇਲਾਕਾ ਦਬਾ ਕੇ ਰਾਜ ਨਾ ਸੰਭਾਲ ਲੈਣ! ੧੬ ਵਿਸਾਖ ਸੰਮਤ ੧੭੪੬ ਨੂੰ ਭੰਗਾਣੀ ਦਾ ਜੰਗ ਕੀਤਾ। ਇਹ ਸਿਖਾਂ ਨੂੰ ਜੜ੍ਹੋਂ ਖਤਮ ਕਰਨ ਦੀ ਪੱਕੀ ਸਾਜ਼ਸ਼ ਸੀ, ਬੁਧੂ ਸ਼ਾਹ (ਬਦਰ ਦੀਨ) ਸਾਢੌਰਾ (ਸਾਧਵਾਰ) ਨੇ ਉਸ ਵੇਲੇ ਜੋ ਸਿਖਾਂ ਨੂੰ ਮੱਦਦ ਦਿਤੀ ਖਾਸ ਸੀ। ਭਾਂਵੇਂ ਹਯਾਤ ਖਾਂ, ਭੀਖਨ ਖਾਂ, ਮੀਰ ਖਾਂ ਨਿਮਕ ਹਰਾਮ ਹੋਏ, ਪਰ ਬੁਧੂ ਸ਼ਾਹ ਨੇ ਆਪਣੇ ਪੁਤ੍ਰ ਪੇਸ਼ ਕਰਕੇ ਘਾਟਾ ਪੂਰਾ ਕੀਤਾ। ਪਹਿਲਾਂ ਬਾਬਾ ਰਾਮ ਰਾਇ ਪਹਾੜੀਆਂ ਨਾਲ ਰਿਹਾ, ਪਿਛੋਂ ਉਸ ਨੇ ਗੁਰੂ ਜੀ ਨਾਲ ਮੁਲਾਕਾਤ ਕਰ ਕੇ ਮੁਆਫੀ ਲੀਤੀ।

Digitized by Panjab Digital Library | www.panjabdigilib.org

ਸਿਖਾਂ ਨੇ ਜੋ ਕੁਰਬਾਨੀਆਂ ਕੀਤੀਆਂ ਉਸ ਦਾ ਸਿਟਾ ਅੱਜ ਖਾਲਸਾ ਪੰਥ ਕਾਇਮ ਹੈ।

## ਸ਼ਸਤ੍ਰ ਨਾਮਾ ਮਾਲਾ

ਇਹ ਰਚਨਾ ਸ਼ਸਤ੍ਰਾਂ ਦੇ ਨਾਮਾਂ ਦਾ ਕੋਸ਼ ਹੈ, ਵਿਦਯਾ ਵ੍ਰਿਧੀ ਲਈ ਉੱਤਮ ਚੀਜ਼ ਹੈ ਅਨੇਕਾਰਥੀ ਦੀ ਤਰ੍ਹਾਂ ਸ਼ਸਤ੍ਰਾਂ ਦੇ ਨਾਮ ਗਿਣੇ ਹਨ। ਜੋ ਹੱਥਾਂ ਨਾਲ ਚਲਾਏ ਜਾਣ ਸੋ ਸ਼ਸਤ੍ਰ ਹਨ, ਔਰ ਦੂਰ ਮਾਰ ਕਰਨ ਵਾਲੇ ਅਸਤ੍ਰ ਕਹੀਦੇ ਹਨ। "ਜਿਤੇ ਸ਼ਸ਼ਤ੍ਰ ਨਾਮੰ ਨਮਸ਼ਕਾਰ ਤਾਮੰ" ਇਸਦੇ ਅਰਥ ਇਹ ਨਹੀਂ ਹਨ ਕਿ ਸਿਖ ਤਲਵਾਰਾਂ, ਬੰਦੂਖਾਂ, ਤੋਪਾਂ, ਬੰਬਾਂ ਆਦਿ ਸ਼ਸਤ੍ਰਾਂ ਅਸਤ੍ਰਾਂ ਨੂੰ ਮੱਥਾ ਟੇਕਿਆ ਕਰਨ ਯਾਂ ਧੂਪ ਦੀਪ ਆਦਿ ਨਾਲ ਪੂਜਾ ਕੀਤਾ ਕਰਨ ਐਸਾ ਕਰਨਾ ਮਨਮਤ ਔਰ ਜੜ੍ਹ ਪੂਜਾ ਹੈ। ਸ਼ਸਤ੍ਰਾਂ ਆਦਿ ਦਾ ਅਦਬ ਸਹਿਤ ਪਿਆਰ ਕਰਨਾ ਤਥਾ ਸ਼ਸਤ੍ਰ ਅਸਤ੍ਰ ਵਿਦਯਾ ਦਾ ਪ੍ਰੇਮ ਸੇ ਅਭਿਆਸ ਕਰਨਾ ਹੀ ਸਤਿਕਾਰ ਹੈ। ਘੋੜ ਸਵਾਰੀ, ਗਤਕਾ, ਨਿਸ਼ਾਨਾ ਫੁੰਡਣਾ ਆਦਿ ਸਿਖਣਾ ਹਰ ਇਕ ਸਿਖ ਦਾ ਜ਼ਰੂਰੀ ਫਰਜ਼ ਹੈ ਹਰ ਇਕ ਸਿਖ ਸੰਤ ਸਿਪਾਹੀ ਹੈ। ਰਚਨਾ ਸ਼ਸਤ੍ਰ ਨਾਮ ਮਾਲਾ ਦੇ ਪੰਜ ਧਿਆਇ ਹਨ, ਮੰਗਲਾ ਚਰਨ ਵਿੱਚ ਕ੍ਰਿਪਾਨ ਚੱਕ੍ਰ, ਤੀਰ, ਸੈਹਥੀ ਆਦਿ ਨੂੰ ਪੀਰ ਕਿਹਾ ਹੈ, ਇਥੇ ਪੀਰ ਦੇ ਅਰਥ ਗੁਰੂ ਪੀਰ ਆਦਿ ਨਹੀਂ ਹਨ, ਪੀਰ ਤੋਂ ਭਾਵ ਮੁਖ ਕਰਤੱਬ ਹਨ,

ਦੇਗ ਤੇਗ ਜਗ ਮੈ ਦੋਊ ਚਲੈ।
ਰਾਖ ਆਪ ਮੋਹਿ ਅਵਰ ਨ ਦਲੈ।

--o--

## ਤ੍ਰਿਯਾ ਚਰਿਤ੍ਰ

ਇਸਤ੍ਰੀਆਂ ਦੇ ਚਲਿੱਤ੍ਰ ਅਥਵਾ ਵਲਛਲ ਫਰੇਬ ਲਿਖੇ ਹਨ ਪਰ ਗੰਦੇ ਕਰਤੱਬ ਹਰ ਕੋਈ ਕਰ ਸਕਦਾ ਹੈ। ਇਹ ਕਾਮੀਆਂ ਦੇ ਗੰਦੇ ਚਿੱਠੇ ਲਿਖੇ ਹੋਏ ਹਨ। ਗਿਣਤੀ ਵਿਚ ਚਾਰ ਸੌ ਚਾਰ ਹਨ, ਗੁਣ ਅਵਗੁਣ ਸਭ ਮਾਹਿ। ਹੁੰਦੇ ਹਨ ਪਰ ਇਹ ਅਵਗੁਣਾਂ ਦੀਆਂ ਵਾਰਤਾ ਹਨ। ਇਹ ਪਖਯਾਨ ਚਰਿਤ੍ਰ ਔਰ ਬਹਾਰ ਦਾਨਸ਼ ਤੇ ਕਾਵਯ ਦੇ ਰਸਕ ਗ੍ਰੰਥਾਂ ਵਿਚੋਂ ਚੁਣਕੇ ਲਿਖੇ ਗਏ ਹਨ। ਕਈ ਬਾਤਾਂ ਰਾਜ ਨੀਤਕ ਖਿਆਲ ਨਾਲ ਲਾਭਵੰਦ ਭੀ ਹਨ। ਇਨ੍ਹਾਂ ਦਾ ਪਾਠ ਕਰਨਾ, ਸੁਣਨਾ ਸਤ ਸੰਗਤ ਦਾ ਕਰਤਬ ਨਹੀਂ ਹੈ। ਮਨ ਸ੍ਵੱਛ ਹੋਣ ਦੀ ਬਜਾਏ ਗੰਦਾ ਹੁੰਦਾ ਹੈ। ਇਹ ਇਸਤ੍ਰੀ ਨਿੰਦਾ ਭੀ ਹੈ। ਚਾਰ ਸੌ ਪੰਜਵਾਂ ਚਰਿਤ੍ਰ ਮਹਾਂ ਕਾਲ ਔਰ ਦੀਰਘ ਦਾੜ੍ਹ ਦਾਨੋ ਦਾ ਹੈ। ਜੋ ਕਿ ਸਤਿਜੁਗ ਵਿਚ ਦੈਂਤਾਂ ਨਾਲ ਜੰਗ ਹੋਣਾ ਦਸਿਆ ਹੈ। ਇਸ ਨੂੰ ਸਬੁਧ ਨਾਮਾਂ ਭੀ ਆਖਦੇ ਹਨ। ਤ੍ਰਿਯਾ ਚਰਿਤ੍ਰਾਂ ਦਾ ਅਖੰਡ ਪਾਠ ਕਰਨਾ ਸਭਯਤਾ ਦਾ ਦੀਵਾਲਾ ਨਿਕਾਲਨਾ ਹੈ। ਇਨਾਂ ਚਰਿਤ੍ਰਾਂ ਨੂੰ ਦਸਮ ਗ੍ਰੰਥ ਦਾ ਹਿਸਾ ਨਹੀਂ ਮੰਨਣਾ ਚਾਹੀਦਾ।

## ਕਵਿਓ ਵਾਚ ਬੇਨਤੀ ਚੌਪਈ

'ਹਮਰੀ ਕਰੋ ਹਾਥ ਦੈ ਰੱਛਾ' ਇਹ ਚਉਪਈ ਛੰਦ ਹਨ। ਕਵੀਸ਼ਰ ਜੀ ਵਲੋਂ ਮਹਾਂ ਕਾਲ ਅਗੇ ਪ੍ਰਾਰਥਨਾ ਹੈ, ਪਾਤਸ਼ਾਹੀ ੧੦ ਲਿਖਣੇ ਕਰਕੇ ਇਸ ਦਾ ਪਾਠ ਰਹਿਰਾਸ ਨਾਲ ਸ਼ਾਮਲ ਕਰਕੇ

Digitized by Panjab Digital Library | www.panjabdigilib.org

ਕੀਤਾ ਜਾਣਾ ਪ੍ਰਚਲਤ ਹੋ ਗਿਆ ਹੈ। ਇਹ ਚੌਪਈ ਮਹਾਂ ਕਾਲ ਦੀ ਯੁਧ ਕਥਾ ਨਾਲ ਸਬੰਧਤ ਹੈ, ਪਰ ਮਾਲੂਮ ਹੁੰਦੀ ਹੈ ਕਿ ਇਹ ਅਕਾਲ ਪ੍ਰਾਰਥਨਾ ਚੌਪਈ ਹੈ। ਕਈ ਕੁ ਸਿਧਾਂਤ ਗੁਰਮਤ ਨਾਲੋਂ ਵਖਰੇ ਜਾਪਦੇ ਹਨ। ਕਈ ਪ੍ਰੇਮੀ ਇਸ ਨੂੰ ਕਵਚ (ਸੰਜੋਇ) ਆਖਦੇ ਹਨ ਔਰ ਜੰਗਾਂ ਜੁਧਾਂ ਵਿਚ ਰੱਛਾ ਕਰਨੇ ਵਾਲਾ ਮੰਤ੍ਰ ਸਮਝਕੇ ਪਾਠ ਕਰਦੇ ਹਨ। ਇਸ ਚੌਪਈ ਦੀ ਵਿਚਾਰ ਵਾਸਤੇ ਸਬੁਧ ਨਾਮੇ ਦਾ ਅੰਤਮ ਚਰਿਤ੍ਰ ੩੭੭ ਤੋਂ ਲਾ ਕੇ ੪੦੧ ਅੰਕ ਤੀਕਰ ਵਿਚਾਰਨਾ ਚਾਹੀਦਾ ਹੈ।

### ਕਠਨ ਸ਼ਬਦ

ਆਜ=ਸ਼ੀਘਰ। ਬਪੁਧਰਾ=ਜਨਮ ਲਿਤਾ। ਜਵਨ=ਜਿਸ ਵੇਲੇ। ਜਛਨ=ਯਖਜ (ਦੇਵਤੇ)। ਬੇਦ ਰਾਜ=ਬੇਦ ਪੰਡਿਤ। ਨ੍ਰਿਲੰਬ=ਬਿਨਾ ਆਸਰੇ। ਰਾਵ=ਅਮੀਰ। ਸਿਮਟਿ=ਪੁੰਜ। ਉਤਪਾਤਾ=ਉਪੱਦਰ। ਤਨਿਕ=ਛੇਤੀ। ਰਹਾ=ਬਚਿਆ। ਦਾਰਿਦ=ਦਲਿਦਰ। ਚੀਨਤ=ਜਾਣਨਾ। ਅਸੰਭ=ਸੁਤੇ। ਅਸਥੂਲ=ਅਕਾਰ। ਬੇਦਾ=ਵੇਦ ਪੰਡਿਤ।

## ਸ੍ਰੀ ਅਸਕੇਤ ਜਗਤ ਕੇ ਈਸਾ

'ਈਸਾ' ਸ਼ਬਦ ਈਸ਼੍ਵਰ ਵਾਸਤੇ ਹੈ। 'ਯਸੂਹ ਮਸੀਹ' ਈਸ ਈਆਂ ਦਾ ਪੈਗੰਬਰ ਸੀ, ਧੋਖਾ ਦੇਹੁ ਈਸਾਈ ਇਥੇ ਈਸਾ ਆਖਕੇ ਅੱਖੀਂ ਘੱਟਾ ਪੌਂਦੇ ਵੇਖੇ ਹਨ। ਈਸਾ ਦਾ ਝੰਡਾ ਤਲਵਾਰ ਚਿਨ੍ਹ ਨਹੀਂ ਹੈ। ਭਾਈ ਸਾਹਿਬ ਨੇ ਲਿਖਿਆ ਹੈ—'ਗੋਇਲ ਵਾਸਾ ਚਾਰ ਦਿਨ, ਨਾਉ ਧਰਾਇਨ ਈਸੇ ਮੂਸੇ। ਘਟ ਨ ਕੋਇ ਅਖਾਇੰਦਾ, ਆਪਾ ਧਾਪੀ ਹੈਰਤ ਹੂਸੇ' ॥੧੫॥੧੩॥ ਈਸਾਈ ਮੂਸਾਈਆ ਹਉਮੈ ਹੈਰਾਣੇ। ਹੋਇ ਫਰੰਗੀ ਅਰਮਨੀ ਰੂਮੀ ਗਰਬਾਣੇ। ੩੮।੧੧। ਫਿਰਕੇ ਬੰਦੀਆਂ ਨਾਲ ਕਤੇਬੀ ਮਤਾਂ ਵਾਲੇ ਆਪਸ ਵਿਚ ਦੀ ਹੰਕਾਰ ਮਸਤੀ ਨਾਲ ਲੜਦੇ ਆਏ ਹਨ। ਪਹਿਲਾਂ ਅੰਜੀਲ ਲੈਟਨ ਔਰ ਯੂਨਾਨੀ ਵਿਚ ਸੀ। ਈਸਾ ਨੂੰ ਈਸਾਈ ਲੋਕ ਖੁਦਾ ਦਾ ਜਾ-ਨਸ਼ੀਨ ਮੰਨਦੇ ਹਨ, 'ਰੂਹਲ-ਕੁਦਸ' ਅਰਥਾਤ ਰੱਬ ਦੀ ਰੂਹ ਈਸਾ ਹੈ। ਈਸਾ ਨੇ ਆਪਣੀ ਹੀ ਕੌਮ ਦੀ ਅਗਵਾਈ ਕੀਤੀ ਹੈ, ਉਹਨਾਂ ਨੂੰ ਇਸਰਾਈਲੀ ਭੇਡਾਂ ਕਹਿਕੇ ਆਪ ਰਾਖਾ ਬਣਿਆਂ, ਕਿ ਮੈਂ ਅਸਰਾਈਲੀ ਗੁਵਾਚੀਆਂ ਭੇਡਾਂ ਭਾਲਣੇ ਆਇਆ ਹਾਂ। ਉਸ ਕਿਹਾ ਆਪਣੇ ਲੜਕਿਆਂ ਦੀ ਰੋਟੀ ਕੁਤਿਆਂ ( ਗੈਰਾਂ ) ਨੂੰ ਖੁਵੌਣੀ ਅੱਛੀ ਨਹੀਂ।

ਈਸਾਈ ਈਸਾ ਦੇ ਔਰ ਮੁਸਾਈ (ਯਹੂਦੀ) ਮੂਸਾ ਦੇ ਪੈਰੋਕਾਰ ਹਨ ਪਰ ਆਪਸ ਵਿੱਚ ਦੀ ਪੱਕੇ ਦੁਸ਼ਮਣ ਹਨ। ਈਸਾਈਆਂ ਦਾ ਦੇਵਤਾ ਗਾਡ ਸੀ। ਮੁਸਾਈਆਂ ਦਾ 'ਯਹੋਵਾ' ਇਸੇ ਨੂੰ ਹੁਣ ਖੁਦਾ (ਗਾਡ) ਮੰਨਣੇ ਲੱਗ ਪਏ ਹਨ। ਮੂਸ਼ਾਈ ਆਪਣੇ ਨਾਲੋਂ ਦੂਜੇ ਨੂੰ ਚੰਗਾ ਨਹੀਂ ਮੰਨਦੇ, ਜਿਹਾ ਕਿ ਅਗੇ ਨੂੰ ਜੇ ਕੋਈ ਤੁਸਾਡੇ ਵਿਚੋਂ ਨਵਾਂ ਪੈਦਾ ਹੋਵੇ ਔਰ ਕਰਾਮਾਤਾਂ ਭੀ ਵਿਖਾਵੇ ਪਰ ਕਹੇ ਕਿ ਕਿਸੇ ਹੋਰ ਇਸ਼ਟ ਦੀ ਉਪਾਸ਼ਨਾ ਕਰੀਏ, ਤਾਂ ਉਸਦੀ ਬਾਤ ਨਾ ਸੁਣਨੀ (੧੩ ਖਰੂਜ)।

ਜੇ ਤੇਰਾ ਸਕਾ ਭਾਈ, ਲੜਕਾ, ਲੜਕੀ, ਇਸਤ੍ਰੀ, ਜੋ ਭੀ ਤੈਨੂੰ ਜਾਨ ਤੋਂ ਪਿਆਰੇ

Digitized by Panjab Digital Library | www.panjabdigilib.org

ਹੋਣ, ਉਹ ਭੀ ਤੈਨੂੰ ਕਿਸੇ ਦੂਜੇ ਇਸ਼ਟ, ਪੂਜਾ ਕਰਨ ਹਿਤ ਕਹਿਣ ਤਾਂ ਉਨ੍ਹਾਂ ਦੀ ਭੀ ਬਾਤ ਨਹੀਂ ਸੁਣਨੀ, ਔਰ ਨਾ ਹੀ ਉਨ੍ਹਾਂ ਦਾ ਭੇਦ ਲੁਕਾਉਣਾ ਔਰ ਨਾ ਹੀ ਉਨ੍ਹਾਂ ਪਰ ਦਯਾ ਕਰਨੀ, ਸਗੋਂ ਉਨ੍ਹਾਂ ਨੂੰ ਕਤਲ ਕਰ ਦੇਣਾ ਇੱਕਰ ਦੇ ਹੁਕਮ ਜ਼ਬੂਰ ਤੌਰੇਤ ਮਤਾਂ ਦੇ ਹਨ।

ਨੋਟ—ਨਸਲ ਦੇ ਲਿਹਾਜ਼ ਨਾਲ ਵੇਦੀ ਮਤ ਆਰੀਅਨ ਹਨ, ਔਰ ਕਤੇਬਾਂ ਵਾਲੇ ਇਬਰਾਨੀ ਕਹੀਦੇ ਨੇ, ਵੇਦੀ ਸੰਸਕ੍ਰਿਤ ਗ੍ਰੰਥ ਹਨ, ਔਰ ਕਤੇਬੀ ਫਲਸਤੀਨੀ ਬੋਲੀ ਵਿਚ ਸਨ। ਇਬਰਾਨੀ ਆਪ ਨੂੰ ਬਨੀ ਅਸਰਾਈਲ(ਬਨੀ ਯਾਂ ਯਕੂਬ ਦੀ ਉਲਾਦ) ਅਥਵਾ ਹੈਬਰਉ ਕਹੀਦੇ ਹਨ। ਚਾਰੇ ਕਤੇਬਾਂ ਵਾਲੇ ਇਸੀ ਵੰਸੇ ਦੀਆਂ ਸ਼ਾਖਾਂ ਹਨ ਜਿਵੇਂ ਕਿ ਚੰਦ੍ਰ ਸੂਰਜ ਵੰਸੀ ਆਦਿ ਹਨ। ਸਭੇ ਆਪੋ ਆਪਣੀ ਕੌਮਾਂ ਦੇ ਪਾਲਕ ਹਨ। ਇਬਰਾਨੀਆਂ ਵਿਚੋਂ ਯਹੂਦੀ ਪੁਰਾਣੇ ਹਨ, ਇਹ ਤੌਰੇਤ ਜ਼ਬੂਰ ਅਨੁਸਾਰ ਚਲਦੇ ਹਨ। ਪਹਿਲਾਂ ਇਹ ਸੂਰਜ ਅਗਨ ਆਦਿ ਦੇ ਪੁਜਾਰੀ ਸਨ। ਫਰਔਨ ਵੱਡਾ ਜ਼ਾਲਮ ਸੀ, ਉਸ ਵੇਲੇ ਸਫਿਕਸ ਨਾਮੀ ਦੇਵੀ ਦੇ ਬੁਤ ਦੀ ਪੂਜਾ ਹੁੰਦੀ ਸੀ, ਜਿਸਦਾ ਕਿ ਧੜ ਸ਼ੇਰ ਦਾ ਔਰ ਮੁਖ ਇਸਤ੍ਰੀ ਦਾ ਸੀ। ਅਸਰਾਈਲੀ ਔਰ ਕੁਰਾਨੀ ਦੋ ਵੰਸ ਪ੍ਰਸਿੱਧ ਸਨ। ਮੂਸਾ ਥੀਂ ਪਿਛੋਂ ਗ੍ਰੰਥ ਤੌਰੇਤ ਨੂੰ ਕੁਝਕੁ ਫਰਕ ਨਾਲ ਬਾਦਸ਼ਾਹ ਦਾਊਦ ਨੇ ਲਿਖਵਾ ਦਿਤਾ ਸੀ, ਉਸਦਾ ਨਾਮ ਜ਼ਬੂਰ ਰੱਖਿਆ ਗਿਆ ਇਸੇ ਵਿਚ ਅਯੂਬ ਔਰ ਦਾਨਿਆਲ ਆਗੂ ਦੇ ਭੀ ਕਥਨ ਸ਼ਾਮਲ ਹਨ। ਉਪ੍ਰੰਤ ਕੁਝਕੁ ਫਰਕ ਨਾਲ ਅੰਜੀਲ ਔਰ ਕੁਰਾਨ ਬਣੀ ਹੈ। ਯਹੂਦੀ ਈਸਾਈ ਔਰ ਮੁਹੰਮਦ ਨੂੰ ਪੈਗੰਬਰ ਨਹੀਂ ਮੰਨਦੇ ਪ੍ਰੰਤੂ ਮੁਸਲਮਾਨ ਤੇ ਈਸਾਈ ਮੂਸਾ ਨੂੰ ਪੈਗੰਬਰ ਮੰਨਦੇ ਹਨ। ਅਗੇ ਪਾਠਕਾਂ ਦੀ ਗਜਾਤ ਵਾਸਤੇ ਮੂਸਾਈਆਂ ਦੀ ਸ਼ਰ੍ਹਾ ਦੇ ਕੁਝਕੁ ਨਮੂਨੇ ਦਿੰਦੇ ਹਾਂ:—

"ਤੂੰ ਕਿਸੇ ਘਿਰਨਾ ਯੋਗ ਚੀਜ਼ ਨੂੰ ਨਾਂ ਖਾ, ਤੇਰੇ ਖਾਣ ਲਈ ਓਹ ਚੌਪਾਏ ਹਨ, ਜਿਨਾਂ ਦੇ ਖੁਰ ਚਿਰੇ ਹੋਏ ਹੋਣ, ਜਿਨਾਂ ਦੇ ਖੁਰ ਦੋ ਛੇਕ ਨਾਲ ਦੋ ਪੰਜੇ ਹੋ ਜਾਣ ਤੇ ਉਗਾਲੀ ਕਰਦੇ ਹੋਣ, ਜਿਹਾ ਕਿ ਭੇਡ, ਬੱਕਰੀ, ਬੈਲ, ਹਰਨ ਆਦਿ ਪਰ ਜਿਨਾਂ ਵਿਚ ਇਕ ਸ਼ਰਤ ਪੂਰੀ ਹੋਵੇ ਅਰਥਾਤ ਓਹ ਉਗਾਲੀ ਕਰਦੇ ਹੋਣ ਤੇ ਖੁਰ ਨਾ ਚਿਰੇ ਹੋਣ ਯਾ ਖੁਰ ਚਿਰੇ ਹੋਏ ਹੋਣ ਪਰ ਉਗਾਲੀ ਨਾ ਕਰਦੇ ਹੋਣ। ਓਹ ਤੇਰੇ ਲਈ ਨਾਪਾਕ ਹਨ, ਜਿਹਾ ਕਿ ਊਠ, ਸਹਿਆ, ਸੂਰ ਤੂੰ ਨਾ ਇਨਾਂ ਦਾ ਮਾਸ ਖਾ, ਨਾ ਇਨਾਂ ਦੀ ਲਾਸ਼ ਨੂੰ ਹੱਥ ਲਾ। ਪਾਣੀ ਵਿਚ ਰਹਿਣ ਵਾਲੇ ਜਾਨਵਰਾਂ ਵਿਚੋਂ ਜਿੰਨਿਆਂ ਦੇ ਪੈਰਾਂ ਤੇ ਛਿਲਕੇ ਹੋਣ ਓਹ ਖਾਹ, ਜਿਨਾਂ ਦੇ ਨਾ ਹੋਣ ਓਹ ਤੇਰੇ ਤੇ ਹਰਾਮ ਹਨ। ਪੰਛੀ ਸਭ ਹਲਾਲ ਹਨ। ਸਿਵਾਏ ਹੇਠ ਲਿਖਿਆਂ ਤੋਂ—ਉਕਾਬ, ਇੱਲ, ਗਿਲਝ, ਕਾਂ, ਸ਼ੁਤਰ ਮੁਰਗ, ਉੱਲੂ, ਬਗਲਾ, ਬਾਜ, ਚੂਹੇਮਾਰ, ਚਕਵਾ, ਚੱਕੀ ਰਾਹ, ਚਮਗਿੱਦੜ ਤੇ ਢਿਡ ਭਾਰ ਤੁਰਨੇ ਵਾਲੇ ਸਾਰੇ ਜਾਨਵਰ ਤੇਰੇ ਤੇ ਹਰਾਮ ਹਨ। ਕੋਈ ਪਸ਼ੂ ਜੇਹੜਾ ਮਰ ਜਾਵੇ ਉਨਾਂ ਨੂੰ ਨਹੀਂ ਖਾਣਾ। ਤੂੰ ਉਹਨੂੰ ਕਿਸੇ ਪਰਦੇਸੀ ਨੂੰ ਦੇ ਦੇਹ ਕਿ ਓਹ ਖਾ ਲਵੇ ਯਾਂ ਕਿਸੇ ਓਪਰੇ ਦੇ ਹੱਥ

Digitized by Panjab Digital Library | www.panjabdigilib.org

ਵੇਚ ਦੇਹ, ਕਿਉਂਕਿ ਤੂੰ ਖੁਦਾ ਦੀ ਪਵਿਤਰ ਕੌਮ ਵਿਚੋਂ ਹੈਂ ਤੂੰ ਹਰਾਮ ਜਾਨਵਰ ਦੀ ਮਾਂ ਦੇ ਦੁਧ ਵਿਚ ਹਲਵਾ ਵੀ ਨਹੀਂ ਉਬਾਲਣਾ।

ਦਾਨ ਦਾ ਤ੍ਰੀਕਾਃ—

ਤੂੰ ਆਪਣੇ ਗੱਲੇ ਵਿਚੋਂ ਜੇਹੜਾ ਤੇਰੇ ਖੇਤਾਂ ਵਿਚ ਹੋਵੇ ਦਸਵਾਂ ਹਿਸਾ ਵਫਾਦਾਰੀ ਨਾਲ ਇਕ ਪਾਸੇ ਰੱਖ ਦੇਹ। ਤੂੰ ਆਪਣੇ ਖੁਦਾ ਕੋਲੋਂ ਹਮੇਸ਼ਾਂ ਡਰਨਾ ਸਿਖ, ਜਦੋਂ ਤੇਰਾ ਖੁਦਾਵੰਦ ਤੈਨੂੰ ਬਰਕਤ ਬਖਸ਼ੇ ਤੂੰ ਨਿਸ਼ਚਿਤ ਥਾਂ ਤੇ ਜਾ ਤੇ ਉਸ ਨਕਦੀ ਦੀ ਗਾਂ, ਬੈਲ, ਬਕਰਾ, ਸ਼ਰਾਬ ਯਾ ਖੁਸ਼ਬੂ ਜੋ ਭੀ ਤੇਰਾ ਜੀ ਚਾਹੇ ਖਰੀਦ ਲੈ, ਖੁਦਾ ਦੇ ਅਗੇ ਖਾਣਾ ਖਾ ਤੇ ਜੋ ਵੀ ਤੇਰੇ ਫਾਟਕਾਂ ਦੇ ਅੰਦਰ ਹੋਣ, ਉਨਾਂ ਸਾਰਿਆਂ ਦਾ ਹਿਸਾ ਕੱਢ, ਮੁਸਾਫਰ, ਯਤੀਮ ਤੇ ਬੇਵਾ ਜੋ ਵੀ ਤੇਰੇ ਘਰ ਔਣ ਤੂੰ ਉਨਾਂ ਨੂੰ ਰੱਜ ਕੇ ਖਾਣਾ ਖੁਆ, ਤਾਂਕਿ ਰੱਬ ਤੈਨੂੰ ਬਰਕਤ ਬਖਸੇ।

ਗ਼ੁਲਾਮ ਰਖਣੇ ਦੀ ਰਸਮਃ—

ਜੇ ਤੇਰਾ ਭਰਾ ਕਿਸੇ ਇਬਰਾਨੀ ਮਰਦ ਜਾਂ ਔਰਤ ਨੂੰ ਤੇਰੇ ਕੋਲ ਵੇਚ ਜਾਵੇ ਓਹ ਛੇ ਬਰਸ ਤੇਰੀ ਖਿਦਮਤ ਕਰੇ; ਤਾਂ ਸਤਵੇ ਬਰਸ ਉਸਨੂੰ ਆਜ਼ਾਦ ਕਰ ਦੇਹ। ਪਰ ਜਦ ਤੂੰ ਉਸਨੂੰ ਆਜ਼ਾਦ ਕਰੇਂ ਤਾਂ ਉਸ ਨੂੰ ਖਾਲੀ ਹੱਥ ਵਿਦਾ ਨਾ ਦੇਵੀਂ, ਬਲਕਿ ਆਪਣੀ ਭੇਡ, ਬਕਰੀ ਕੋਹਲੂ ਵਿਚੋਂ ਦਿਲ ਖੋਹਲ ਕੇ ਹਿੱਸਾ ਦੇਹ। ਜੇ ਓਹ ਇਹ ਕਹੇ ਕਿ ਮੈਂ ਤੇਰੇ ਪਾਸ ਹੀ ਰਹਿਣਾ ਚਾਹੁੰਦਾ ਹਾਂ ਤਾਂ ਤੂੰ ਉਸਦੇ ਕੰਨ ਵਿੰਨ ਕੇ ਹਮੇਸ਼ਾਂ ਲਈ ਆਪਣਾ ਗ਼ੁਲਾਮ ਘਰ ਵਿਚ ਰੱਖ ਲੈ।

ਰਾਜ ਨੀਤੀਃ—

ਜਿਸ ਦੇਸ ਉਤੇ ਤੁਸੀਂ ਕਾਬਜ਼ ਹੋ ਅਤੇ ਵਸੋਂ ਕਰੋ ਤਾਂ ਉਨਾਂ ਕੌਮਾਂ ਦੇ ਮੁਆਫਕ ਰਹੋ ਜੇਹੜੀਆਂ ਆਲੇ ਦੁਆਲੇ ਹਨ। ਤੁਸੀ ਹਰ ਹਾਲ ਵਿਚ ਆਪਣੇ ਉਤੇ ਇਕ ਬਾਦਸ਼ਾਹ ਕਾਯਮ ਕਰੋ। ਆਪਣੇ ਭਰਾ ਨੂੰ ਬਾਦਸ਼ਾਹ ਕਾਇਮ ਕਰਨਾ। ਕਿਸੇ ਓਪਰੇ ਨੂੰ ਬਾਦਸ਼ਾਹ ਨਾ ਬਣਾਨਾ। ਪਰ ਓਹ ਨਾ ਆਪਣੇ ਲਈ ਬਹੁਤ ਸਾਰੇ ਘੋੜੇ ਅਕਠੇ ਕਰੇ ਨਾ ਬਹੁਤ ਸਾਰੀਆਂ ਜਨਾਨੀਆਂ ਤੇ ਨਾ ਸੋਨਾ ਨਾ ਰੁਪਾ। ਕਿਤਾਬ ਦੀ ਇਕ ਨਕਲ ਆਪਣੇ ਪਾਸ ਰਖੇ ਉਸਨੂੰ ਪੜ੍ਹੇ ਤਾਂਕਿ ਸ਼ਰਈਅਤ ਦੇ ਮੁਤਾਬਕ ਸਾਰਿਆਂ ਦਿਆਂ ਹੱਕਾਂ ਦੀ ਰਾਖੀ ਕਰ ਸਕੇ, ਓਹ ਭਰਾਵਾਂ ਵਿਚ ਬਾਦਸ਼ਾਹੀ ਦਾ ਘੁਮੰਡ ਨਾ ਕਰੇ ਤੇ ਸ਼ਰਹ ਦੇ ਹੁਕਮ ਤੋਂ ਦਹਿਣੇ, ਬਾਂਏਂ ਨਾ ਫਿਰੇ।

ਸਦਾ ਚਾਰ ਦਾ ਤ੍ਰੀਕਾਃ—

ਜੋ ਕੋਈ ਇਸਤ੍ਰੀ ਕਰੇ ਤੇ ਉਸ ਦੇ ਨਾਲ ਸੰਗ ਕਰੇ ਪਰ ਮਗਰੋਂ ਉਸ ਦੇ ਉਤੇ ਦੋਸ਼ ਲਾਵੇ ਕਿ ਇਹ ਕੁਆਰੀ ਨਹੀਂ ਸੀ, ਤਾਂ ਲੜਕੀ ਦੇ ਮਾਪੇ ਆਪਣੀ ਧੀ ਦੇ ਕੁਆਰ ਪਣੇ ਦੇ ਸਬੂਤ ਲੈਕੇ ਸ਼ਹਿਰ ਦੇ ਬਜ਼ੁਰਗਾਂ ਕੋਲ ਜਾਣ ਤੇ ਸਬੂਤ ਦੇਣ ਤੇ ਓਹਦੇ ਕੋਲੋਂ ੧੦੦) ਡੰਡ ਲੈਕੇ ਓਹਦੇ ਬਾਪ ਨੂੰ ਦੇਣ, ਕਿਉਂ ਕਿ ਉਸਨੇ ਅਸਰਾਈਲ ਦੀ ਕੁਆਰੀ ਕੁੜੀ ਨੂੰ ਬਦਨਾਮ ਕੀਤਾ ਹੈ ਓਹ ਉਮਰ ਭਰ ਉਸਦੀ ਇਸਤ੍ਰੀ ਬਣੀ ਰਹੇ ਕਦੀ

Digitized by Panjab Digital Library | www.panjabdigilib.org

ਉਸਨੂੰ ਤਲਾਕ ਨਾ ਦੇ ਸਕੇ। ਪਰ ਜੇ ਇਲਜ਼ਾਮ ਸੱਚਾ ਨਿਕਲੇ ਤੇ ਲੜਕੀ ਵਿਚ ਕੁਆਰ ਪਣੇ ਦੀਆਂ ਨਸ਼ਾਨੀਆਂ ਨਾ ਪਾਈਆਂ ਜਾਣ ਤਾਂ ਲੜਕੀ ਦੇ ਮਾਪੇ ਕੁੜੀ ਨੂੰ ਘਰੋਂ ਬਾਹਰ ਲਿਆਉਣ ਤੇ ਲੋਕ ਉਸਨੂੰ ਪੱਥਰ ਮਾਰ ਮਾਰਕੇ ਮਾਰ ਦੇਣ, ਕਿਉਂਕਿ ਉਸਨੇ ਬਾਪ ਦੇ ਘਰ ਵਿਚ ਹਰਾਮ ਕਾਰੀ ਕੀਤੀ ਹੈ। ਜੇ ਕੋਈ ਮਰਦ ਕਿਸੇ ਗੈਰ ਸੁਹਾਗਣ ਨਾਲ ਕੁਸੰਗ ਕਰਦਾ ਫੜਿਆ ਜਾਵੇ ਤਾਂ ਦੋਹਾਂ ਨੂੰ ਮਾਰ ਦਿਓ। ਜੇ ਕੋਈ ਕੁਆਰੀ ਨਾਲ, ਜੋ ਕਿਸੇ ਹੋਰ ਦੀ ਮੰਗ ਹੋਵੇ ਕੁਸੰਗ ਕਰਦਾ ਫੜਿਆ ਜਾਵੇ ਤਾਂ ਦੋਹਾਂ ਨੂੰ ਪੱਥਰਾਂ ਨਾਲ ਮਾਰ ਦਿਓ। ਜੇ ਕੋਈ ਮਰਦ ਆਪਣੀ ਕੁਆਰੀ ਮੰਗੇਤਰ ਨੂੰ ਕਿਤੇ ਇਕਲਿਆਂ ਮਿਲ ਪਵੇ ਤੇ ਉਸ ਨਾਲ ਸੰਗ ਕਰੇ ਤਾਂ ਲੜਕੀ ਨੂੰ ਕੁਝ ਨਾ ਕਹਿਆ ਜਾਵੇ ਸਿਰਫ ਮਰਦ ਨੂੰ ਮਾਰ ਦਿਤਾ ਜਾਵੇ। ਜੇ ਕੋਈ ਮਰਦ ਕਿਸੇ ਕੁਆਰੀ ਲੜਕੀ ਨਾਲ (ਜੋ ਕਿਸੇ ਦੀ ਮੰਗੇਤਰ ਨਾ ਹੋਵੇ) ਸੰਗ ਕਰੇ ਤਾਂ ਲੜਕੀ ਦੇ ਪਿਓ ਨੂੰ ਲੜਕੇ ਦੇ ਪਿਓ ਕੋਲੋਂ ਪੰਜਾਹ ਰੁਪੈ ਦਵਾਏ ਜਾਣ ਤੇ ਓਹ ਲੜਕੀ ਉਸ ਦੀ ਇਸਤ੍ਰੀ ਬਣਾ ਦਿਤੀ ਜਾਵੇ ਤੇ ਉਮਰ ਭਰ ਤਲਾਕ ਨਾ ਹੋ ਸਕੇ।

ਯਹੂਦੀਆਂ ਨੇ ਰਾਜ ਵਧੌਣ ਲਈ ਵਡੇ ਵਡੇ ਯਤਨ ਕੀਤੇ ਪਰ ਕਾਮਯਾਬ ਨਹੀਂ ਹੋਏ। ਜਿਥੇ ਗਏ ਓਥੇ ਹੀ ਰਹਿ ਗਏ। ਮੂਸਾ ਦਾ ਮਰਘਟ ਸਥਾਨ ਨੀਵਾਂ ਪਹਾੜ ਤੋਂ ਹੇਠਾਂ ਮਿਸਰ ਵਿਚ ਹੈ। ਯਹੂਦੀਆਂ ਦੀ ਧਰਮ ਪੁਸਤਕ ਤੌਰੇਤ ਤੋਂ ਸਾਰੇ ਹਾਲਾਤ ਮਿਲਦੇ ਹਨ, ਜੇਵ ਪਾਲਿਸਟਨ ਦੇ ਰਹਿਣੇ ਕਰਕੇ ਯੁਦੀਇਆ ਯਾਂ ਯਹੂਦੀ ਕਹੇ ਗਏ।

# ਅਸਫੋਟਕ ਕਬਿੱਤ

ਹਰ ਜਗ੍ਹਾ ਸ੍ਰੀ ਭਗਉਤੀ ਜੀ ਸਹਾਇ ਮੂਲ ਮੰਤ੍ਰ ਭਗਉਤੀ ਨੂੰ ਹੀ ਲਿਖ ਦਿਤਾ ਹੈ, ਅਬ ਅਸਫੋਟਕ ਕਬਿਤ ਲਿਖਯਤੇ 'ਬਚੱਤ' ਇਕੱਠੀ ਲਿਖੀ ਹੈ। ਸਵੈਯਾ ਛਬਿ ਉਤਮ ਤੋਂ ਆਰੰਭ ਹੈ।

## ਕਠਨ ਪਾਠ

ਸੰਭਾਰ=ਸੋਝੀ। ਝੁੱਖ=ਮੱਛੀ। ਬਾਨਨ=ਕਾਮ ਬਾਣ। ਅਕ੍ਰਿਤ=ਅਲੰਕਾਰ। ਸਰੀਰ। ਰਾਸ=ਖਾਂਡ। ਮੋਹਨ=ਕ੍ਰਿਸ਼ਨ। ਮ੍ਰਿਗੀਗਨ=ਮ੍ਰਿਗਨੀਆਂ ਦਾ ਝੁੰਡ। ਬ੍ਰਿਖਭਾਨ ਕੁਮਾਰ=ਬ੍ਰਿਖਭਾਨ ਦੀ ਲੜਕੀ ਰਾਧਕਾਂ। ਕੀਰ=ਤੋਤੇ। ਕਰੀ=ਹਾਥੀ। ਅਹਿ=ਸਰਪ। ਕੇਹਰਿ=ਸ਼ੇਰ। ਮਨੋਜ=ਕਾਮ। ਰੋਰੀ=ਸੰਧੂਰ ਯਾਂ ਕੇਸਰ। ਭਾਲ=ਮੱਥਾ। ਕਵਿ ਸਿਆਮ=ਸਿਆਮ ਕਵੀਸ਼ਰ ਕਹਿੰਦਾ ਹੈ। ਹਰੀ=ਕ੍ਰਿਸ਼ਨ। ਬਾਣ=ਆਦਿਤ। ਊਧੋ=ਕ੍ਰਿਸ਼ਨ ਭਗਤ ਉਸ ਦਾ ਮਾਮਾਂ, ਗੋਪੀਆਂ ਦਾ ਤੇ ਕ੍ਰਿਸ਼ਨ ਦਾ ਮਧਯਸਤ। ਗਵਾਰਨੀ=ਗਵਾਲੀ। ਘਰਰਾਤ=ਗਰਜ। ਘਨਸਾਰ=ਮੁਸ਼ਕ ਕਾਫੂਰ। ਜੁਵਤੀ=ਇਸਤ੍ਰੀ। ਰਜਨੀ=ਰਾਤ੍ਰ। ਉਜਿਯਾਰਾ=ਸਵੇਰਾ। ਮੋਰ ਪਖੋ=ਮੋਰ ਖੰਭ। ਗੋਰਸ=ਮਖਣ। ਰਾਰਿ=ਅੜੀ (ਜ਼ਿਦ)। ਗਹੀ=ਗਹੀ (ਪਕੜੀ)। ਸੈਕਕ=ਸੈਂਕੇੜ।

Digitized by Panjab Digital Library | www.panjabdigilib.org

ਹਨ=ਭ੍ਰੌਨ। ਢਾਰ ਦਹੀਂ=ਦਹੀਂ ਮਿਲਾ। ਗਾਰ=ਗਾਲ੍ਹਾਂ। ਵਾਕ=ਬਿੰਗ।
ਜਉਨ=ਚੰਦ ਦੀ ਚਾਨਣੀ। ਜੁੜਾਈ=ਜੜ੍ਹਤਾ (ਠੰਢਕ)।
ਟਉ ਭਉ=ਤਮਾਸ਼ੇ। ਹੂਲ=ਹੁੱਕ।
ਕਾਰੇ=ਕਾਲੇ ਸਰਪ। ਕਰਾਂਤੀ=ਚਾਨਣੀ।
ਬਯਾਰ=ਹਵਾ। ਬਿਆਧੀ=ਦੁਖ।
ਛਰੀ=ਛਟੀ (ਛੁਰੀ)। ਭਉਨ=ਘਰ।
ਭ੍ਰਾਰ=ਭਠ। ਬੀਨ=ਬੰਸਰੀ। ਬਸੰਤ ਕੋ ਅੰਤ=ਜੇਠ ਰੁਤ। ਕਾਜਰ=ਸੁਰਮਾ।
ਮ੍ਰਿਨਾਲ=ਕੌਲ ਡੰਡੀਆਂ। ਦਾਇਰ=ਡਡੂ। ਬਲਾਇ=ਡੈਣ। ਓਰਨਿ=ਗੜ੍ਹੇ। ਬਿਬਾਰੈ=ਪੀੜਾ। ਜੰਗ=ਘੁੰਗਰ। ਮਚੰਗ=ਬਾਜਾ। ਦਖੰਗ=ਦੁਖੀਅੰਗ, ਤੱਥਾ। ਅਨੰਗ=ਕਾਮ।
ਅੰਕ=ਅੰਗ। ਹੂਕ=ਬੋਲ।
ਫਨੀਅਰ=ਸੱਪ। ਰਾਮੂਜ=ਰਮਜ਼।
ਚਿਤੈਬੈ=ਚਿਖਾ। ਖੰਜਨ=ਮਮੋਲੇ।
ਰੰਜਨ=ਪ੍ਰਸੰਨ। ਤ੍ਰਿਦਸੇਸ=ਦੇਵਤਿਆਂ।
ਭ੍ਰਾਮਨ=ਔਰਤਾਂ। ਕਜ਼ਗਰੇ=ਸੁਰਮੇ ਵਾਲੇ। ਸਹਾਬ=ਸ਼ਰਾਬ ਦੀ ਬੋਤਲਾਂ।
ਬ੍ਰਿਖ=ਸਰਪ। ਬਿਸਾਰੇ=ਜ਼ਹਿਰੀਲੇ।
ਸਾਰਦ=ਸ੍ਰਰਸਤੀ। ਭਾਗ ਮੰਡਨ=ਹੋਲੀ ਖੇਲਨੀ। ਕਹੁ ਰੀ ਕਹੁ=ਬਚਨ।
ਤਨਯਾ=ਪੁਤ੍ਰ। ਮੁਸਲੀ=ਬਲਭੱਦ੍ਰ ਕ੍ਰਿਸ਼ਨ ਦਾ ਵੱਡਾ ਭ੍ਰਾਤਾ। ਕੋਬਵ=ਮਣੀ। ਪਾਚ ਜਨ=ਪੰਜ ਮੂੰਹਾਂ ਸੰਖ।੨੫।

## ਕਬਿਤਾ ਧੇਨ ਕੇ ਚਰੱਯਾ

ਸਾਰੰਗ=ਧਨੁਸ਼। ਤਾਰਕੇ ਕਤੱਯਾ=ਅਰਜਨ ਤਾਲ ਨਾਮੀ ਦ੍ਰਖਤ ਦੇ ਕੱਟਣ ਵਾਲੇ ਹੋ। ਭੀਖਮ ਤਨੱਯਾ=ਭੀਖਮ ਦੀ ਲੜਕੀ ਰੁਕਮਣੀ ਦੇ ਚੁਰੌਣ ਵਾਲੇ, ਜੋ ਕਿ ਰੁਕਮਣੀ ਦੀ ਭੈਣ, ਰਾਜਾ ਸ਼ਸ੍ਰਪਾਲ ਦੀ ਮੰਗ ਸੀ। ਕਾਟੀ=ਨਾਗ। ਰਾਮ=ਇਥੇ ਬਲਭੱਦ੍ਰ ਹੈ। ਬਨਿਤਾ=ਔਰਤ।
ਕੋਵਿਦ=ਪੰਡਿਤ। ਬੀਜਨਾ=ਪੱਖਾ।
ਬਾਂਕ=ਕਟਾਰ। ਬਯਾਰ=ਹਵਾ।
ਬਾਲਮ=ਪਿਆਰੇ। ਚਾਰ ਚਿੱਤ੍ਰ=ਮੁੰਦਰ ਟਿੱਕਾ। ਕ੍ਰ=ਧਰਤੀ।
ਚਪਲ=ਬਿੱਜਲ। ਚੌਪਖ=ਅਟਾਰੀਆਂ।
ਢੂੰਗਲ=ਚਪੇੜਾਂ। ਚੌਪਸਰ=ਸੀਸ ਦਾ ਚੌਕ। ਚਾਮੀਕਰ=ਸੋਨੇ ਦੀ ਮਾਲਾ।
ਚਨੌਤੀ=ਚੌਕੀ ਸਿਰ ਦੀ। ਸ਼ੀਰੀ=ਮਠਿਆਈ। ਚੇਟਕ=ਤਮਾਸ਼ੇ।
ਨਾਬ=ਕ੍ਰਿਸ਼ਨ। ਚਾਬਕ=ਛੋਟੇ ਸਮਾਨ ਚੋਰ। ਚੁਰੈਲਸੀ=ਚੁੜੇਲ।
ਓਹਆ=ਉਧਰ। ਜੁਗ ਸਾਰੇ=ਚਾਰ ਜੁਗ। ਘੇਰ=ਚਰਚਾ। ਬੈਰਨਿ=ਹੋਰ ਔਰਤ, ਸੌਕਣ। ਬਿਰ ਮਾਏ=ਮੋਹਤ ਕੀਤੇ। ਲਟਪਟੀ=ਟੇਡੀ ਪੱਗ।੩੩।

## ਸਵੈਯਾ ਬਿਆਕੁਲ

ਬੀਥਨ=ਗਲੀਆਂ (ਕੁੰਜ ਗਲੀਆਂ)।
ਬਹਿਕੀਯੋ=ਬਰਲੀਆ। ਬਧਵਾਵਰ=ਰੰਡੀਆਂ, (ਵਿਧਵਾ)। ਸਰੋਰਹ=ਕੰਵਲ। ਸਾਰਸ=ਪੰਛੀ।
ਨੰਦ ਨੰਦਨ=ਨੰਦ ਦਾ ਪੁਤ੍ਰ ਕ੍ਰਿਸ਼ਨ।
ਬਿਧੂਪ=ਗੁਲ ਦੁਪਹਿਰੀ ਦਾ ਫੁਲ।
ਚਪਲ=ਬਿਜਲੀ। ਨਾਗਰ=ਚੱਤ੍ਰ।
ਸਾਹਿਬੀ=ਵਡਿਆਈ। ਅਲੀ=ਹੇ ਸਖੀ! ਛੋਰਾ=ਚਮਕੀਲਾ।
ਮੈਖਲੀ=ਗੋਦੜੀ। ਕੰਦ ਮੂਲ=ਫਲ ਫੁਲ। ਪਾਤਰ=ਖੱਪਰ। ਰਯਾਨ=ਘੋੜਿਆਂ।

Digitized by Panjab Digital Library | www.panjabdigilib.org

## ਅਸਫੋਟਕ ਕਬਿਤ

ਇਹ ਕ੍ਰਿਸ਼ਨ ਲੀਲਾ ਔਰ ਇਧਰ ਉਧਰ ਪ੍ਰਸੰਗਾਂ ਦੀ ਬੱਚਤ ਦੇ ਛੰਤ ਇਕ ਥਾਂ ਲਿਖੇ ਹਨ। ਇਹ ਰਚਨਾ ਸਾਰੀਆਂ ਪੁਰਾਤਨ ਬੀੜਾਂ ਵਿਚ ਨਹੀਂ ਹੈ, ਕਿਧਰੋਂ ਮਿਲਣੇ ਪਰ ਪਿਛੋਂ ਲਿਖੇ ਹਨ। ਪਹਿਲੇ ਪੰਦਰਾਂ ਛੰਤਾਂ ਵਿਚ ਕ੍ਰਿਸ਼ਨ ਜੀ ਦੀਆਂ ਰੰਗ ਰਲੀਆਂ ਦੀ ਬੰਦਗੀ ਹੈ। ਅਗੇ ਕ੍ਰਿਸ਼ਨ ਜੀ ਦੇ ਮਥਰਾ ਜਾਣ ਪਰ ਗੋਪੀਆਂ ਦੇ ਵਯੋਗ ਦੇ ਹਾਵੇ ਹਨ। ਪਹਿਲਾਂ ਰਾਧਕਾਂ ਦਾ ਸ਼ਿੰਗਾਰ ਹੈ, ਸੋਲਾਂ ਤੋਂ ਉੱਨੀਸ ਅੰਕ ਤਕ ਪਿੰਗਲਾ ਦਾ ਵਯੋਗ ਇਕੀ ਬਾਈਸ ਛੰਤ ਕ੍ਰਿਸ਼ਨ ਨੇਤ੍ਰ ਉਪਮਾਂ ਹੈ, ਜੋਕਿ ਨਿਰੋਲ ਫੋਹਸ਼ ਨਵੀਸੀ ਦਾ ਠੇਕਾ ਹੈ। ਅਗੇ ਰਾਧਕਾਂ ਚਰਿਤ੍ਰ ਨੰਬਰ ਬਾਰਾਂ ਦਾ ਰੂਪ ਤ੍ਰਿਤਾਲੀ ਚੌਤਾਲੀ ਛੰਤ ਵਿਚ ਸੰਗੋਸ਼ਾਹ ਦਾ ਜ਼ਿਕਰ, ਇਹ ਅਪ੍ਰਸੰਗਕ ਬਾਤਾਂ ਹਨ। (ਪੜ੍ਹੋ ਬਿੰਦਰਾਬਨ, ਬ੍ਰਿਖ ਭਾਨ ਦੀ ਸੁਤਾ ਰਾਧਕਾਂ ਦਾ ਚਰਿਤ੍ਰ ਨੰਬਰ ੧੨) ਹਦੋਂ ਵਧ ਨਗਨ ਰਚਨਾ ਹੈ। ਐਸੇ ਗੰਦੇ ਕਵਿਤ ਸਭਯਤਾ ਹੋਣ ਹਨ। ਇਨਾਂ ਦਾ ਦਸਮ ਗ੍ਰੰਥ ਵਿਖੇ ਸ਼ਾਮਲ ਰਖਣਾ ਹਾਨੀ ਕਾਰਕ ਹੈ।

## ਸਵੈਯਾ—ਸੰਗੋ ਸੰਘਾਰ ਕੈ

ਇਹ ਪ੍ਰਸੰਗ ਸੰਗੋਸ਼ਾਹ ਦੇ ਜੰਗ ਦਾ ਹੈ, ਪਰ ਇਥੇ ਹੀ ਲਿਖ ਛਡਿਆ ਹੈ। ਕਟ=ਲਕ। ਕੰਧਾਨੀ=ਫੇਰੀ।

ਨੋਟ:-ਅਗੇ ਹਨੂ ਸਿੰਘ ਦੇ ਜੰਗ ਦਾ ਹਾਲ ਹੈ, ਇਹ ਅਪਛਰਾਂ ਦੇ ਉਦਰ ਥੀਂ ਬਚਿਤ੍ਰ ਸਿੰਘ ਦਾ ਪੁਤ੍ਰ ਦਸਿਆ ਹੈ ਇਹ ਚਰਿਤ੍ਰਾਂ ਦਾ ਨਾਇਕ ਹੈ। (ਪੜ੍ਹੋ ਚਰਿਤ੍ਰ ਨੰ: ੨)

ਪੀਲਨ=ਹਾਥੀ। ਬਾਟਮਾਰ=ਠੱਗ। ਹਨੂ ਕੇ=ਹਨੂ ਸਿੰਘ। ਮਯ=ਸ਼ਰਾਬ। ਨਭਾਜਹ=ਅਸਮਾਨੀ। ਹਲਕ=ਤੁਮਲ (ਇਕੱਠ)। ਗਿਰਿ ਹੇਮ=ਹਿਮਾਚਲ ਹਰੀ (ਸ਼ਿਵ ਤੇ ਵਿਸ਼ਨੂੰ)। ਗਉ=ਕਦਮ। ਅਘਓਘ=ਸਾਰੇ ਪਾਪ।

ਨੋਟ:-ਮਧੁ ਕੈਟਭ ਵਾਲਾ ਸਵੈਯਾ ਨੰਬਰ ੪੮ ਔਰ ਕਾਗਜ਼ ਦੀਪ ਸਭੈ ਵਾਲਾ ਨੰ: ੪੯ ਵਖਰੇ ਨੋਟ ਰੂਪ ਹਨ। ਮਸ=ਸਿਆਹੀ।

ਅਗੇ ਲਖੀ ਜੰਗਲ ਵਾਲਾ ਪ੍ਰਸੰਗ ਹੈ, ਇਹ ਭੀ ਅਪ੍ਰਸੰਗ ਹੈ। ਮਾਹੀ=ਰਾਂਝਾ। ਮੁਤੇਨੇ=ਛਡਿਆ। ਇਹ ਬੋਲੀ ਪੰਜਾਬੀ ਨਹੀਂ ਹੈ। ਫਿਰਾਕ=ਵਿਛੋੜਾ। ਉਕਤ 'ਸਦ' ਦਸਮ ਗੁਰੂ ਜੀ ਦੀ ਰਚਨਾ ਸਿਧ ਨਹੀਂ ਹੁੰਦੀ।

'ਸਦ' ਦੇ ਅਰਥ ਸੱਦਾ ਯਾਂ ਹਾਕ ਹਨ। ਸ੍ਰੀ ਮੁਖ ਵਾਕ - ਲਿਖਣ ਕਰਕੇ ਦਸਮ ਰਚਨਾ ਹੋਣ ਦਾ ਭੁਲੇਖਾ ਪੈ ਗਿਆ ਹੈ ਇਹ ਖਿਆਲ ਪਾਤਸ਼ਾਹੀ ੧੦ ਮਿਤ੍ਰ ਪਿਆਰੇ ਵਾਲੀ ਰਚਨਾ ਦਾ ਹਿਸਾ ਹੈ। ਇਹ ਟੱਪੇ ਸਦ ਨਾਮੀ ਗੀਤ ਦੇ ਦਸੇ ਗਏ ਹਨ, ਪਰ ਮਾਲਵੇ ਦੀ ਬੋਲੀ ਯਾਂ ਗੀਤ ਨਾਲ ਇਹ ਉੱਕਾ ਨਹੀਂ ਰਲਦੇ, 'ਮਾਹੀ ਘਾਹੁ ਮੁਤੇਨੇ' ਆਦਿ ਸ਼ਬਦ ਜੇਹਲਮ ਦੇ ਇਲਾਕੇ ਦੇ ਹਨ। ਫਿਰਾਕ, ਮੌਕ, ਪਾਯ, ਸ਼ੁਕਰ ਆਦਿ ਭੀ ਮਾਲਵੇ ਦੀ ਬੋਲੀ ਦੇ ਨਹੀਂ ਹੈਨ।

—o—

Digitized by Panjab Digital Library | www.panjabdigilib.org

## ਬਾਰਨੀ ਕਉ ਸਯਾਮ ਭਨੈ ਕਚ ਕੇ ਹਿਤ

ਭਾਵ ਕਚੁ ਦੇ ਨਮਿਤ ਪੰਡਿਤ ਭ੍ਰਿਗੂ ਜੀ ਨੇ ਸ਼ਰਾਬ ਪੀਤੀ, ਸਯਾਮ ਕਵੀਸ਼ਰ ਕਹਿੰਦਾ ਹੈ ਕਿ ਭ੍ਰਿਗੂ ਦੀ ਸਪੁਤ੍ਰੀ ਦੇਵਯਾਨੀ ਸੀ, ਭ੍ਰਿਗੁ ਸੰਜੀਵਨੀ ਵਿਦਯਾ ਭਾਵ ਮੁਰਦੇ ਨੂੰ ਜ਼ਿੰਦਾ ਕਰਨੇ ਦਾ ਮੰਤ੍ਰ ਆਦਿ ਜਾਣਦਾ ਸੀ। ਇਸ ਪਾਸੋਂ ਇਕ ਕਚੁ ਨਾਮੀ ਰਾਖਸ਼ ਇਹ ਵਿਦਯਾ ਸਿਖਣੇ ਲੱਗਿਆ, ਪ੍ਰੰਤੂ ਉਸ ਪਰ ਭ੍ਰਿਗੂ ਦੀ ਸਪੁਤ੍ਰੀ ਦੇਵਯਾਨੀ ਆਸ਼ਕ ਹੋ ਗਈ, ਜਿਸ ਪਰ ਦੈਂਤਾਂ ਨੇ ਕਚੁ ਨੂੰ ਮਾਰ ਘਤਿਆ। ਦੇਵਯਾਨੀ ਦੇ ਆਖੇ ਭ੍ਰਿਗੂ ਨੇ ਕਚੁ ਨੂੰ ਮੁੜ ਜਿਊਂਦਾ ਕਰ ਦਿਤਾ, ਉਪ੍ਰੰਤ ਰਾਖਸ਼ਾਂ ਕਚੁ ਨੂੰ ਮਾਰਕੇ ਧੋਖੇ ਨਾਲ ਉਸਦਾ ਮਾਂਸ ਭ੍ਰਿਗੂ ਨੂੰ ਖੁਆ ਦਿਤਾ, ਸਾਥ ਹੀ ਸ਼ਰਾਬ ਪਿਲਾਈ, ਇਸ ਪਰ ਦੇਵਯਾਨੀ ਨੇ ਪ੍ਰਾਣ ਛੱਡਣ ਦਾ ਪ੍ਰਣ ਧਾਰ ਲਿਤਾ, ਜਿਸ ਪਰ ਭ੍ਰਿਗੂ ਨੇ ਕਚੁ ਨੂੰ ਆਪਣੇ ਪੇਟ ਵਿਚੋਂ ਸੰਜੀਵਨੀ ਵਿਦਯਾ ਪੜ੍ਹਾਕੇ ਜ਼ਿੰਦਾ ਕਰਕੇ ਆਪਣਾ ਪੇਟ ਚਾਕ ਕਰਕੇ ਕਚੁ ਨੂੰ ਬਾਹਰ ਨਿਕਾਲ ਦਿੱਤਾ। ਇੱਕਰ ਉਹ ਅਮਰ ਬਣ ਗਿਆ। ਇਹ ਕਥਾ ਲੰਮੀ ਹੈ ਪਰ ਇਥੇ ਅਜੋੜ ਪ੍ਰਸੰਗ ਹੈ।

## ਦੇਗ ਤੇਗ ਜਗ ਮੈ ਦੋਊ ਚਲੈ

ਗੁਰੂ ਜੀ ਨੇ ਦੇਗ ਔਰ ਤੇਗ ਦੀ ਫਤਹ ਹੋਣ ਦਾ ਖਾਲਸਾ ਜੀ ਨੂੰ ਵਰ ਦਿਤਾ ਹੈ। ਸ੍ਰੀ ਗੁਰੂ ਜੀ ਦੀ ਤਲਵਾਰ ਪਰ ਲਿਖਿਆ ਸੀ—'ਬਧੇ ਦੇਗ ਯਾਂਤੇ ਤੇਗ ਤੇ।' ਖਾਲਸਾ ਜੀ ਦੀ ਮੋਹਰ ਜੋ ਗੁਰੂ ਜੀ ਦੇ ਸਮੇਂ ਜਾਰੀ ਹੋਈ 'ਦੇਗ ਤੇਗੋ ਫਤਹ, ਨੁਸਰਤ ਬੇਦਰੰਗ। ਯਾ ਫਤਸ਼ ਨਾਨਕ ਗੁਰੂ ਗੋਬਿੰਦ ਸਿੰਘ।' ਸ਼ਸਤ੍ਰ ਰਖਣ ਦੀ ਇਤਨੀ ਤਾਕੀਦ ਕੀਤੀ ਹੈ ਕਿ ਕ੍ਰਿਪਾਨ ਨੂੰ ਸਿਖ ਰਹਿਤ ਨਾਲ ਸਬੰਧਤ ਕਰ ਦਿਤਾ ਹੈ।

## ਲਗਨ ਸਗਨ ਤੇ ਰਹਿਤ ਨਿਰਾਲਮ

ਲਗਨਾਂ ਸਗਨਾਂ ਤੋਂ ਪ੍ਰਭੂ ਭਗਤੀ ਨਿਰਲੇਪ ਹੈ। ਪਾਠਕਾਂ ਦੀ ਵਾਕਫੀ ਲਈ ਕੁਝ ਕੁ ਅਗੇ ਦਰਜ ਹੈ—ਧਰਤੀ ਚੱਕ੍ਰ ਬਾਰਾਂ ਰਾਸ਼ੀਆਂ (ਠਹਿਰਾਉ) ਦਾ ਹੈ, ਬਾਰਾਂ ਦੇ ਨਾਮ:—ਮੀਨ, ਕਰਕ, ਤੁਲਾ ਆਦਿ ਹਨ, ਜਿਵੇਂ ਕਿ ਮੀਨ ਵਿਚ ਚੌਤੀਸ ਮਿੰਟਾਂ ਦਾ ਠਹਿਰਾਉ ਹੈ, ਕੰਨਿਆਂ ਵਿਚ ਸਾਢੇ ਪੰਜ ਦੰਡ, ਬ੍ਰਿਸ਼ਚਕ ਵਿਚ ਪੌਣੇ ਛੀ ਦੰਡ। ਸੋ ਜਿਸ ਰਾਸ਼ੀ ਦੇ ਠਹਿਰਾਉ ਸਮੇਂ ਕੋਈ ਕਾਰਜ ਜੁੜੇ ਉਸਨੂੰ ਲਗਨ (ਠੀਕ ਸਮਾਂ) ਆਖਦੇ ਹਨ। ਸਉਣ ਸ਼ਾਸਤ੍ਰ (ਸੌਣ ਰਿਖੀ ਦੀ ਰਚਨਾ) ਲਗਨਾਂ ਸਗਨਾਂ ਦਾ ਗ੍ਰੰਥ ਹੈ ਗ੍ਰਹਿ ਨੌਂ ਹਨ (ਸੂਰਜ, ਚੰਦ੍ਰਮਾਂ, ਮੰਗਲ, ਬੁੱਧ, ਬ੍ਰਿਹਸਪਤੀ, ਕੇਤੂ, ਰਾਹੂ ਸ਼ੁਕ੍ਰ, ਸਨੀਚਰ) ਇਨ੍ਹਾਂ ਦੇ ਨਾਮਾਂ ਪਰ ਹਿੰਦੂਆਂ ਦੇ ਸੱਤ ਵਾਰ (ਹਫਤਾ) ਹਨ, ਬਾਰਾਂ ਰਾਸਾਂ (ਮਿਥਨ, ਮੇਖ, ਬ੍ਰਿਖ, ਸਿੰਘ, ਕਰਕ, ਕੰਨਯਾ, ਤੁਲਾ, ਧਨੁ, ਬ੍ਰਿਸ਼ਚਕ, ਮਕਰ, ਕੁੰਭ, ਮੀਨ) ਪਰ ਮਹੀਨੇ ਆਦਿ ਹਨ, ਗੁਰਮਤ ਵਿਖੇ ਇਸ ਲੇਖੇ ਪਤੇ ਨੂੰ ਪ੍ਰਭੂ ਰਜ਼ਾ ਵਿਚ ਮੰਨਕੇ ਵਹਿਮ ਦਸਿਆ ਹੈ, ਕਾਮਣ, ਟੂਣੇ, ਔਸੀਆਂ, ਕਣਸੋਈ, ਪਾਸਾਰ ਪਸਾਰਾ। ਗਦੋਂ ਕੁਤੇ ਬਿਲੀਆਂ ਇੱਲ ਮਲਾਲੀ ਗਿੱਦੜ ਛਾਰਾ। ਨਾਰਿ ਪੁਰਖ ਪਾਣੀ ਅਗਨਿ ਛਿਕ ਪਦ ਹਿਡਕੀ

Digitized by Panjab Digital Library | www.panjabdigilib.org

ਵਰਤਾਰਾ। ਛਿਤ ਵਾਰ ਭੱਦ੍ਰਾ ਭਰਮ ਦਿਸਾ ਸੂਲ ਸਹਿਸਾ ਸੰਸਾਰਾ। ਵਲਛਲ ਕਰ ਵਿਸ਼ਵਾਸ਼ ਲਖ ਬਹੁ ਚੁਖੀ ਕਿਉਂ ਰਵੈ ਭਤਾਰਾ? ਗੁਰਮੁਖ ਸੁਖ ਫਲ ਪਾਰ ਉਤਾਰਾ। (ਵਾਰ ੫ ਪਉੜੀ ੮ ਭਾ: ਗੁ:)

ਪੋਪ (ਬ੍ਰਾਹਮਣ) ਸ਼ਨੀ ਦੀ ਪੂਜਾ ਤਿਲ, ਗਊ ਲੋਹਾ ਮਾਂਹ, ਪਿਪਲੀ ਪਾਣੀ ਦੇਣ ਆਦਿ ਕਰਦੇ ਹਨ। ਬ੍ਰਹਸਪਤੀ ਦੀ ਸੋਨਾ ਦਾਲ ਹਲਦੀ, ਮੰਗਲ ਦੀ ਲਾਲ ਗਊ ਬੈਲ, ਮ੍ਰਿਚ। ਸੂਰਜ ਦੀ ਤਾਂਬਾ ਲਾਲ ਚੰਦਨ ਆਦਿ ਨਾਲ। ਬੁਧ ਦੀ ਦਰਿਆਈ ਪੰਨਾ ਕਪੂਰ ਆਦਿ। ਸ਼ੁਕ੍ਰ ਦੀ ਮੋਤੀ ਚਾਵਲ ਆਦਿ। ਚੰਦ੍ਰਮਾਂ ਦੀ ਸੰਖ, ਚਾਵਲ, ਚੰਦਨ। ਰਾਹੂ ਦੀ ਕਾਲਾ ਝੋਟਾ, ਬਕਰਾ। ਕੇਤੂ ਦੀ ਸਤਨਾਜਾ ਆਦਿ। ਇਕਰ ਹਰ ਗ੍ਰਹਿ ਦੀ ਅਡੋ ਅਡ ਵਸਤਾਂ ਦੀ ਪੂਜਾ ਲੈਕੇ ਪੋਪ (ਬ੍ਰਹਮਣ) ਪੇਟ ਪੂਜਾ ਕਰਦੇ ਹਨ। ਭਾਈ ਗੁਰਦਾਸ ਨੇ ਇਨਾਂ ਭ੍ਰਮਾਂ ਨੂੰ ਉਡਾ ਦਿਤਾ ਹੈ। ਯਥਾ:-

ਸਜਾ ਖਬਾ ਸਉਣ ਨਾ ਮਨਹੁ ਬਸਾਇਯਾ........(ਵਾਰ ੨੦ ਪੌ: ੮) ਬਾਰਾਂ ਰਾਸਾਂ ਦੇ ਗੁਰਵਾਰਾਂ ਇੱਕਰ ਮੰਨਦੇ ਹਨ- ਬ੍ਰਿਸਚੱਕ ਤੇ ਮੰਗਲ ਦਾ ਮੰਗਲ ਵਾਰ, ਤੁਲਾ ਔਰ ਬ੍ਰਿਖ ਦਾ ਸ਼ੁਕ੍ਰ ਵਾਰ, ਕਰਕ ਦਾ ਸੋਮ, ਸਿੰਘ ਦਾ ਐਤ, ਧਨੁ ਤੇ ਮੀਨ ਦਾ ਵੀਰ, ਮਕਰ ਤੇ ਕੁੰਭ ਦਾ ਸਨੀਚਰ। ਇਨਾਂ ਨੂੰ ਮਿਲਾ ਕੇ ਲਗਨ ਸਗਨ ਵਿਚਾਰਦੇ, ਹਨ। ਗੁਰਮਤ ਵਿਖੇ ਇਨਾਂ ਬਾਤਾਂ ਦਾ ਜ਼ੋਰਦਾਰ ਖੰਡਣ ਹੈ।

## ਮੈ ਨ ਕਹਿਓ ਸਭ ਤੋਹਿ ਬਖਾਨਯੋ

ਦਸਮ ਗੁਰੂ ਜੀ ਦੀ ਰਚਨਾ ਅਕਾਸ਼ ਬਾਣੀ ਹੈ, ਔਰ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਦੇ ਤੁਲਜ ਹੈ। ਗੁਰਬਾਣੀ ਤੋਂ ਸਭ ਰਚਨਾਵਾਂ ਕਚੀਆਂ ਹਨ, ਮਨੂ ਸਿਮ੍ਰਤੀ ਵਾਲੇ ਵੇਦਾਂ ਨੂੰ ਅਕਾਸ਼ ਬਾਣੀ ਆਖਦੇ ਹਨ। ਧਰਮ ਦੀ ਇਛਾ ਜਾਣਨ ਵਾਲੇ ਨੂੰ ਵੇਦਾਂ ਦਾ ਪ੍ਰਮਾਣ ਸਭ ਨਾਲੋਂ ਉੱਤਮ ਹੈ। (ਅ: ੨ ਸ਼ਲੋਕ ੧੩) ਕੁਰਾਨ ਬਾਰੇ ਲਿਖਿਆ ਹੈ ਕੁਰਾਨ ਪਿਛੋਂ ਹੋਰ ਕੇਹੜੀ ਕਿਤਾਬ ਹੈ, ਜਿਸ ਉਪਰ ਲੋਕ ਨਿਸਚਾ ਕਰਨਗੇ। (ਸੂਰਤ ੭੬ ਅ:੫੦) ਗੁਰੂ ਜੀ ਨੇ ਫੁਰਮਾਇਆ ਹੈ-'ਸਿਮ੍ਰਿਤਿ ਸ਼ਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ।' ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ। ਕੁਰਾਨੀ ਕਹਿੰਦੇ ਹਨ ਕਿ ਜੋ ਅੱਲਾ ਦੀਆਂ ਹੱਦਾਂ ਨੂੰ ਉਲੰਘੇਗਾ ਓਹ ਨਿਤਯ ਰਹਿਣ ਵਾਲੀ ਅੱਗ ਵਿਚ ਪਾਇਆ ਜਾਉਗਾ।

(ਸੂਰਤ ੪ ਆਯਤ ੧੪)

ਪੁਨਾ:-ਜੋ ਅਲਹ ਅਤੇ ਉਸਦੇ ਰਸੂਲ ਦੇ ਹੁਕਮ ਪਰ ਚਲਦੇ ਹਨ ਉਨਾਂ ਦੇ ਹਾਲ ਪਰ ਅੱਲਾ ਰਹਿਮ ਕਰੂਗਾ। (ਸੂਰਤ ੬ ਅ: ੭੧) ਗੁਰਵਾਕ ਹੈ 'ਰਾਮ ਰਹੀਮ ਪੁਰਾਣ ਕੁਰਾਨ ਅਨੇਕ ਕਹੈ ਹਮ ਏਕ ਨ ਜਾਨਯੋ' ਵੇਦੀ ਕਤੇਬੀ ਮਤਾਂ ਨੂੰ ਗੁਰੂ ਜੀ ਨੇ ਅਪ੍ਰਮਾਣ ਮਤ ਤੇ ਅਨੇਕ ਸ੍ਰੇਵੀ ਸਿਧਾਂਤ ਮੰਨਿਆਂ ਹੈ। ਪੁਨਾ:-

"ਜੋ ਕੋਈ ਈਸਾ ਦੀ ਸਿਖਯਾ ਨੂੰ ਉਲੰਘਣ ਕਰਦਾ ਹੈ ਪਰਮੇਸ਼ੁਰ ਉਸ ਦਾ ਨਹੀਂ, ਜੋ ਕੋਈ ਤੁਸਾਡੇ ਪਾਸ ਆਵੇ ਅਤੇ ਈਸਾ ਸਿਖਿਆ ਨੂੰ ਨਾਲ ਨਾ ਲਿਆਵੇ ਤਾਂ ਉਸ ਨੂੰ ਘਰ ਨਾ ਵੜਨ ਦਿਓ ਅਤੇ ਉਸ ਨੂੰ ਸਲਾਮ ਤਕ ਨਾ

Digitized by Panjab Digital Library | www.panjabdigilib.org

ਕਰੋ ! (ਜਹੂੰਨਾ ਚਿਠੀ ਨੰ: ੨ ਅੰਕ ੯ ਤੋਂ ੧੧ ਤੀਕਤ) ਗੁਰੂ ਜੀ ਨੇ ਫੁਰਮਾਯਾ— 'ਨਾ ਹਮ ਹਿੰਦੂ ਨ ਮੁਸਲਮਾਨ। ਵੇਦ ਕਤੇਬ ਵਿਖੇ ਹਰਿ ਨਾਹੀ। ਗੁਰਬਾਣੀ ਗਾਵਹੁ ਭਾਈ। ਓਹ ਸਫਲ ਸਦਾ ਸੁਖਦਾਈ।' ਦਸਾਂ ਗੁਰਾਂ ਦੀ ਬਾਣੀ ਪਰ ਨਿਸਚਾ ਰਖਣਾ ਗੁਰਸਿੱਖੀ ਹੈ। ਦਸਮ ਗ੍ਰੰਥ ਵਿਖੇ ਜਾਪ ਸੁਧਾ ਸਵੈਯੇ ਤੇ 'ਦੀਨਨ ਕੀ ਪ੍ਰਤਿਪਾਲਿ ਕਰੈ' ਤੇਤੀਸ ਸਵੈਯੇ, ਹਜ਼ਾਰੇ ਸ਼ਬਦ ਪਾ: ੧੦ ਨਿਰੋਲ ਅਕਾਲ ਬਾਣੀਆਂ ਹਨ। ਅਕਾਲ ਉਸ-ਤਤ, ਗਯਾਨ ਪ੍ਰਬੋਧ, ਬਚਿਤ੍ਰ ਨਾਟਕ ਤੇ ਅਵਤਾਰ ਕਥਾਵਾਂ ਪਰ ਦਿਤੇ ਨੋਟ ਸਰੂਪ ਸ਼ਬਦ ਛਾਂਟ ਕੇ ਗੁਰਬਾਣੀ ਔਰ ਇਤਿਹਾਸ ਰੂਪ ਰਲਵੇਂ ਪ੍ਰਸੰਗ ਹਨ, ਖਾਲਸਾ ਪੰਥ ਨੂੰ ਨਿਰੋਲ ਦਸਮ ਗੁਰਬਾਣੀ (ਅਕਾਲ ਬਾਣੀ) ਦਾ ਪ੍ਰਚਾਰ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਮਿਲਾ ਕੇ ਕਰਨਾ ਚਾਹੀਦਾ ਹੈ। ਕਥੀ ਯਾਂ ਇਤਿ-ਹਾਸ ਰੂਪ ਰਚਨਾਵਾਂ ਇਕ ਥਾਂ ਹੋਣ। ਅਧਿਕ ਵਿਚਾਰ ਹਿਤ ਦਸਮ ਗੁਰ ਗਿਰਾ ਪ੍ਰਕਾਸ਼ ਅਡਰੀ ਪੋਥੀ ਲਿਖੀ ਗਈ ਹੈ।

## ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ

ਗੁਰਮਤ ਵਿਖੇ ਗਣੇਸ਼ ਦੀ ਮਨੌਤ ਦੀ ਮਨਾਹੀ ਹੈ। ਹਿੰਦੂ ਲੋਕ ਗਣੇਸ਼ ਚੱਕ੍ਰ ਬਣਾਕੇ ਪੂਜਾ ਕਰਦੇ ਹਨ। ਗੁਤ ਖਮਣੀ ਦਾ ਗਣੇਸ਼ ਬਣਾਕੇ ਚੱਕ੍ਰ ਵਿਚ ਰਖਦੇ ਹਨ। ਯੁਗ ਕੋਟ ਗਣੇਸ਼ ਕੇ ਹਾਥ ਲਿਖੇ ਹੈਂ। ਹਿੰਦੂ ਮੰਨਦੇ ਹਨ ਕਿ ਸਰਸ੍ਵਤੀ ਦੇ ਮੂੰਹੋਂ ਨਿਕਲੇ ਵਾਕ ਏਹੀ ਲਿਖ ਸਕਦਾ ਹੈ। 'ਸੇਸ ਸੁਰੇਸ਼ ਗਣੇਸ਼ ਮਹੇਸਰ ਗਾਹ ਥਕੇ ਸ੍ਰੁਤਿ ਥਾਹ ਨ ਆਯੋ।' ਇਹ ਕਰਤਾਰ ਪ੍ਰੈਭਤਾ ਤੋਂ ਖਾਲੀ ਹਨ, ਪ੍ਰੇਮਾਂ ਭਗਤੀ ਤੋਂ ਦੂਰ ਹਨ। ਸੌਨਕ ਰਿਖੀ ਦੀ ਉਚਾਰੀ ਕਥਾ ਜੋ ਸੂਤ ਰਿਖੀ ਨੇ ਸੁਣਾਈ ਸੀ, ਉਸ ਅਨੁਸਾਰ ਗਨੇਸ਼ ਪਿਤਾ ਹੀਣ ਕੇਵਲ ਪਾਰਬਤੀ ਦੇ ਸਰੀਰ ਦੀ ਮੈਲ ਤੋਂ ਬਣਿਆਂ ਹੈ। ਸ਼ਿਵ ਜੀ ਨੇ ਇਸਦਾ ਸਿਰ ਵਢਕੇ ਮੁੜ ਹਾਥੀ ਦਾ ਸਿਰ ਇਸ ਦੀ ਗਰਦਨ ਪਰ ਜੜਿਆ ਅਸਚਰਜ ਕਥਾ ਹੈ ਚਾਰ ਇਸਦੇ ਹਥ ਹਨ ਔਰ ਸੁੰਡ ਮੂੰਹ ਦੀ ਜਗਾ ਹੈ। ਹਿੰਦੂਆਂ ਦੇ ਸਭ ਕਾਰਜਾਂ ਵਿਚ ਈਹੋ ਪ੍ਰਧਾਨ ਹੈ।

## ਬਰਣਤ ਸਯਾਮ ਯਥਾ ਮਤਿ ਭਾਈ

ਦਸਮ ਗ੍ਰੰਥ ਵਿਚ ਸਯਾਮ ਰਾਮ ਆਦਿ ਕਈ ਕਵੀਸ਼ਰਾਂ ਦੀ ਰਚਨਾਂ ਹੈ ਜਿਸ ਪਰ ਗੁਰੂ ਜੀ ਨੇ ਨੋਟ ਦਿਤੇ ਹਨ, ਕਈਆਂ ਦਾ ਖਿਆਲ ਹੈ ਕਿ ਸਯਾਮ ਦਸਮ ਗੁਰੂ ਜੀ ਦੀ 'ਕਵਿ ਛਾਪ' ਹੈ ਪਰ ਇਹ ਬਾਤ ਗ਼ਲਤ ਹੈ 'ਸਯਾਮ ਸਬਦ' ਕ੍ਰਿਸ਼ਨ ਲਈ ਰੀਜ਼ਰਵ ਸੀ, ਕ੍ਰਿਸ਼ਨ ਕਾਲੇ ਰੰਗ ਵਾਲਾ ਸੀ, ਸੋ ਕਿਸ ਸਿਆਮ ਕਹੋ ਹੈ ? ਸਯਾਮ ਸੁੰਦਰ ਸ਼ਬਦ ਅਕਾਲ ਪੁਰਖ ਵਾਸਤੇ ਭੀ ਵਰਤਿਆ ਹੈ। ਤਜ ਸੈਯਾਮ ਸੁੰਦਰ ਨੀਂਦ ਕਿਉਂ ਆਈ। ਗੁਰੂ ਜੀ ਨੇ ਤਾਂ ਨਾਨਕ ਛਾਪ ਭੀ ਨਹੀਂ ਵਰਤੀ, ਕੇਵਲ ਗੋਬਿੰਦ ਦਾਸ ਤੁਹਾਰ ਸ਼ਬਦ ਭੀ ਇਕੋ ਦੋਹੇ ਵਿਖੇ ਵਰਤਿਆ ਹੈ, ਖੰਡੇ ਦੇ ਅੰਮ੍ਰਿਤ ਪਰ ਗੁਰੂ ਜੀ ਨੇ ਪੰਚਾਇਤੀ ਅਸੂਲਾਂ ਨੂੰ ਪੂਰਨ ਤੌਰ ਪਰ ਅਪਣਾਇਆ। ਕ੍ਰਿਸ਼ਨ ਦੇ ਅਰਥ ਭੀ ਕਾਲਾ ਹਨ, ਹਿੰਦੂ ਸ੍ਰੀ ਕ੍ਰਿਸ਼ਨ ਜੀ ਨੂੰ

Digitized by Panjab Digital Library | www.panjabdigilib.org

ਸਜ਼ਾਮ ਸ਼ਬਦ ਨਾਲ ਯਾਦ ਕਰਦੇ ਹਨ। ਮਹਲਾ ਔਰ ਪਾਤਸ਼ਾਹੀ ਦੇ ਇਕੋ ਅਰਥ ਹਨ, ਅਰਥਾਤ 'ਸ਼ਾਹੀ ਤਖਤ' ਸੋ ਗੁਰੂ ਜੀ ਦੀ ਕਵ ਛਾਪ ਸਜ਼ਾਮ ਮੰਨਣੀ ਭੁੱਲ ਹੈ।

ਆਪ "ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰੂ ਅਵਤਾਰ" ਰੂਪ ਵਿਚ ਮੁੜ ਖਾਲਸਾ ਪੰਥ ਗੁਰੂ ਰੂਪ ਵਿਖੇ ਸਮਾ ਗਏ। 'ਏਕ ਹੈਂ ਅਨੇਕ ਹੈਂ, ਫਿਰ ਏਕ ਹੈਂ' ਜਿਵੇਂ ਪ੍ਰਭੂ ਔਰ ਸ੍ਰਿਸ਼ਟੀ ਵਿਚ ਕੋਈ ਭਿੰਨਤਾ ਨਹੀਂ ਹੈ, ਪ੍ਰਭੂ ਸ੍ਰਿਸ਼ਟੀ ਵਿਚ ਹੈ, ਸ੍ਰਿਸ਼ਟੀ ਪ੍ਰਭੂ ਵਿਖੇ ਹੈ। ਦਸਮੇਸ਼ ਜੀ ਪੋਹ ਸੁਦੀ ਸਤਵੀਂ ਸੰਮਤ ੧੭੨੩ (੧੬੬੬ ਈ:) ਨੂੰ ਸ਼ਹਿਰ ਪਟਨੇ ਵਿਚ ਪ੍ਰਗਟੇ, ਔਰ ੧੭੨੮ ਬਿ: ਪੰਜਾਬ ਨੂੰ ਆਏ। ਨਵਮ ਗੁਰੂ ਜੀ ਸੰਮਤ ੧੭੩੨ ਬਿ: ਵਿਖੇ ਦਿਲੀ ਜਾ ਕੇ ਸ਼ਹੀਦ ਹੋਏ। ਦਸਮੇਸ਼ ਜੀ ਮੱਘਰ ਸੁਦੀ ਤਿੰਨ (੧੭੩੨) ਨੂੰ ਗੁਰ ਗੱਦੀ ਪਰ ਬਿਰਾਜੇ, ਸੰਮਤ ੧੭੪੧ ਬਿ: ਵਿਚ ਆਪ ਦਾ ਆਨੰਦ ਕਾਰਜ ਹੋਇਆ, ਮਾਤਾ ਜੀਤ ਕੌਰ ਜੀ ਦੀ ਕੁਖੋਂ ਚਾਰੇ ਸਾਹਿਬ ਜ਼ਾਦੇ (ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤਹ ਸਿੰਘ) ਪੈਦਾ ਹੋਏ। ਇਨਾਂ ਦਾ ਜਨਮ ਸੰਮਤ ੧੭੪੩, ੪੭, ੫੩, ੫੫ ਬਿ: ਵਿਚ ਹੋਇਆ। ੧੭੫੫ ਬਿ: ਵਿਚ ਮਾਤਾ ਜੀਤ ਕੌਰ ਜੀ ਚਲਾਣਾ ਕਰ ਗਏ। ਸੰਮਤ ੫੬ ਵਿਖੇ ਖੰਡੇ ਦਾ ਅੰਮ੍ਰਿਤ ਪ੍ਰਚੁਰ ਹੋਇਆ। ਸੰਮਤ ੫੭ ਦੇ ਅਖੀਰ (ਮਾਤਾ) ਸੁੰਦਰ ਕੌਰ ਜੀ ਨਾਲ ਅਨੰਦ ਹੋਏ, ਆਪ ਦੇ ਕੋਈ ਉਲਾਦ ਨਹੀਂ ਸੀ, ਆਪ ਨੇ ਸੰਮਤ ੧੮੦੪ ਬਿ: ਨੂੰ ਚਲਾਣੇ ਕੀਤੇ। ਮਾਤਾ ਸਾਹਿਬ ਕੌਰ ਜੀ ਸਾਥ ਸੰਮਤ ੧੭੬੦ ਬਿ: ਵਿਖੇ ਆਤਮਕ ਸ਼ਾਦੀ ਹੋਈ, ਗ੍ਰਿਹਸਤ ਨਹੀਂ ਕੀਤਾ। ਖਾਲਸਾ ਪੰਥ ਆਪ ਦੀ ਝੋਲੀ ਵਿਚ ਪਾਇਆ। ਮਾਤਾ ਸੁੰਦਰ ਕੌਰ ਜੀ ਸਤਗੁਰਾਂ ਦੇ ਪਿਛੋਂ ਦਸਮ ਗੁਰੂ ਜੀ ਦੀ ਜਗ੍ਹਾ ਪੰਥ ਵਿਚ ਬਤੌਰ ਜਥੇਦਾਰ ਦੇ ਮੰਨੇ ਜਾਂਦੇ ਸਨ। ਖਾਲਸਾਮਾਤਾ ਸਾਹਿਬ ਕੌਰ ਜੀ ਇਨਾਂ ਤੋਂ ਪਹਿਲਾਂ ਅਰਥਾਤ ਦਸਮ ਗੁਰੂ ਜੀ ਪਿਆਨ ਦੇ ਨਾਲ ਲਗਦੇ ਹੀ ਸਚ-ਖੰਡ ਨੂੰ ਪਧਾਰ ਗਏ ਸਨ।

ਨੋਟ—ਪਰਮ ਸ਼ੋਕ ਹੈ ਕਿ ਸਿਖ ਇਤਿ-ਹਾਸ ਕਾਰਾਂ ਨੇ ਗੁਰੂ ਸਾਹਿਬਾਨ ਦੀ ਸ਼ਾਦੀਆਂ ਸਬੰਧੀ ਬਹੁਤ ਗੜਬੜ ਮਚਾਈ ਹੈ, ਇਸ ਦੇ ਨਿਰਣਯ ਵਾਸਤੇ ਵਖਰਾ ਗ੍ਰੰਥ ਲਿਖਿਆ ਜਾ ਰਿਹਾ ਹੈ।

(ਲਾਲ ਸਿੰਘ ਗਜ਼ਾਨੀ)

## ਪ੍ਰਿਥਮ ਕਾਲ ਸਭ ਜਗ ਕੋ ਤਾਤਾ। ਤਾਂਤੇ ਭਯੋ ਤੇਜ ਬਿਖਯਾਤਾ।

ਕਈ ਅਗਿਆਨੀ ਇਕਰ ਦੇ ਪ੍ਰਮਾਣ ਦੇ ਕੇ ਦੇਵੀ ਨੂੰ ਅਕਾਲ ਪੁਰਖ ਦੀ ਸ਼ਕਤੀ ਦਸਕੇ ਦੇਵੀ ਪੂਜਾ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਸਿਖ ਧਰਮ ਸਿਧਾਂਤ 'ਏਕ ਸਰਣ ਸ੍ਵਾਮੀ ਬਿਨ ਯੌ ਨਹਿ ਕਤਹਿ ਉਧਾਰ' ਅਨੁਸਾਰ ਹੈ, ਅਕਾਲ ਪੁਰਖ ਤੋਂ ਭਿੰਨ ਕੋਈ ਸ਼ਕਤੀ ਯਾਂ ਜੋਤ ਆਦਿ ਮੰਨਣ ਯੋਗ ਨਹੀਂ ਹੈ। 'ਤੂੰ ਆਪੇ ਕਰਤਾ ਤੇਰਾ ਕੀਆ ਸਭ ਹੋਇ। ਬਿਨ ਕਰਤਾਰ ਨਾ ਕਿਰਤਮ ਮਾਨੋਂ।' ਸਭ ਕਿਛ ਓਹ ਆਪ ਹੀ ਆਪ ਹੈ।

ਨੋਟ:—ਜੇ ਸਚਾਈ ਨਾਲ ਖੋਜ ਕਰੀਏ ਤਾਂ ਖਾਲਸਾ ਧਰਮ ਦਾ ਹਾਲੀ ਤਕ

Digitized by Panjab Digital Library | www.panjabdigilib.org

ਕਿਸੇ ਪਾਸੇ ਭੀ ਸਚੇ ਅਰਥਾਂ ਵਿਚ ਪ੍ਰਚਾਰ ਨਹੀਂ ਹੋਇਆ, ਏਸੇ ਕਰਕੇ ਇਹ ਆਲਮ ਗੀਰ ਧਰਮ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਨਹੀਂ ਨਿਕਲਿਆ। 'ਸਿਖ' ਕਹੌਣ ਵਾਲੇ ਅਜਾਂ ਤੀਕਰ ਹਿੰਦੂਆਂ ਦੇ ਪੁਰਬ ਮਨੌਂਦੇ ਹਨ, ਜਿਹਾ ਕਿ ਦੀਵਾਲੀ, ਦੁਸਹਿਰਾ, ਮਾਘੀ, ਟੁਕੜੀ, ਨਿਮਾਣੀ, ਦੁਆਦਸੀ, ਵਿਤੀਪਾਤ, ਜਨਮ ਅਸ਼ਟਮੀ, ਵੰਧ੍ਰਤ। ਇਹ ਹਿੰਦੂਆਂ ਦੇ ਦਸ ਪੁਰਬ ਹਨ, ਐਸੇ ਹੀ ਦਸ ਯੱਗ ਹਨ—ਅਸਮੇਧ, ਗੋਮੇਧ, ਅਜੈ ਮੇਧ, ਨਰ ਮੇਧ, ਗਜਸਰ, ਬ੍ਰਹਮ, ਅਨਿਯੰਗ, ਹੋਤ੍ਰ, ਚਾਤ੍ਰ ਆਦਿ। ਸਿਖਾਂ ਨੂੰ ਚਾਹੀਦਾ ਹੈ ਗੁਰਪੁਰਬਾਂ ਨਾਲ ਪ੍ਰੇਮ ਕਰਨ।

ਸੂਚਨਾ—ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥ ਕ੍ਰਿਸ਼ਨਾਵਤਾਰ ਧਿਆਇ ਸਮਾਪਤ। ਦਸਮ ਗ੍ਰੰਥ ਵਿਚ ਇੱਕਰ ਦੇ ਕਈ ਨੋਟ ਦਿਤੇ ਹੋਏ ਹਨ ਕਿ ਇਹ ਪ੍ਰਸੰਗ 'ਅਮਕੇ' ਗ੍ਰੰਥ ਦਾ ਉਲਥਾ ਹੈ, ਯਾਂਤੇ ਪਾਤਸ਼ਾਹੀ ੧੦ ਸੁਰਖੀ ਵੇਖ ਕੇ ਹੀ ਦਸਮ ਗੁਰਬਾਣੀ ਕਹੀ ਜਾਣਾ ਮਹਾਨ ਭੁਲ ਹੈ। ਕਿਧਰੇ ਸੰਮਤ ਭੀ ਦਿਤੇ ਹਨ, ਜਿਹਾ ਕਿ 'ਸਤ੍ਰਹ ਸੈ ਪੈਂਤਾਲੀ ਮਹਿ ਸਾਵਨ ਸੁਦਿ ਥਿਤ ਦੀਪ। ਨਗਰ ਪਾਂਵਟਾ ਸੁਭ ਕਰਨ ਜਮਨਾ ਤਟ ਸਮੀਪ।' ਇਹ ਪ੍ਰਸੰਗ ਪਾਂਉਟਾ ਨਗਰ ਦੀ ਆਬਾਦੀ ਵੇਲੇ ਉਲਥਾ ਹੋਇਆ। (ਵੇਖੋ ਅੰਕ ੨੪੯੦, ਪਾਂਵਟਾ ਦਾ ਜੰਗ ਵਿਸਾਖ ਸੰਮਤ ੧੭੪੬ ਬਿ: ਵਿਖੇ ਹੋਇਆ ੧੭੪੫ ਦੀ ਉਕਤ ਲਿਖਤ ਹੈ। ਇਸਦੇ ਉਲਥੇ ਦਾ ਮੁਖ ਕਾਰਨ ਇਉਂ ਲਿਖਿਆ—

'ਅਵਰ ਵਾਸਨਾ ਨਾਹਿ ਧਰਮ ਜੁਧਕੇ ਚਾਇ'। ੨੪੯੧। ਜੰਗ ਦੀ ਸਿਖਿਆ ਲਈ ਰਚਨਾ ਹੋਈ। ਇਸ ਪਰ ਦਸਮ ਗੁਰੂ ਜੀ ਨੇ ਰਚਨਾ ਵੇਖਕੇ ਆਪਣਾ ਨੋਟ ਚਾੜ੍ਹ ਦਿਤਾ। ਧੰਨ ਜੀਉ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ ॥ ੨੪੯੨ ॥ ਕਈਆਂ ਨੇ ਸਯਾਮ ਕਵਿ ਛਾਪ ਗੁਰੂ ਜੀ ਦੀ ਕਲਪ ਕੇ ਸਾਰੀ ਰਚਨਾ ਗੁਰੂ ਕ੍ਰਿਤ ਲਿਖ ਦਿਤੀ ਹੈ ਜੋ ਗਲਤੀ ਹੈ।

## ਆਰਤੀ ਕੋਟ ਕਰੈ

ਗੁਰਮਤ ਵਿਖੇ ਦੀਵੇ ਆਦਿ ਬਾਲਕੇ ਆਰਤੀ ਕਰਨੀ ਮਨਮਤ ਹੈ, ਆਖੰਡ ਪਾਠਾਂ ਪਰ ਹਿੰਦੂਆਂ ਦੀ ਜੋ ਵੀਰ ਬਰਨੀਆਂ ਦੀ ਰੀਸੇ ਧੂਪਾਂ ਧੁਖੌਂਦੇ, ਜੋਤਾਂ ਜਗੌਂਦੇ ਅਰ ਕੁੰਭ ਨਲੀਏਰ ਖਮਣੀ ਆਦਿ ਸਾਮਗ੍ਰੀ ਰਚਦੇ ਹਨ, ਇਹ ਪਾਖੰਡ ਔਰ ਮਨ ਮਤ ਕਰਦੇ ਹਨ। ਪਾਣੀ ਦਾ ਘੜਾ ਭਰ ਕੇ ਪਾਸ ਰਖਣੇ ਦੇ ਅਰਥ ਹਿੰਦੂ ਰੀਤੀ ਹੈ। ਕਈ ਅਗਯਾਤ ਸੰਖਨ ਕੀ ਧੁਨ ਘੰਟਣ ਕੀ ਸਵੈਯਾ ਪੜ੍ਹਕੇ ਆਰਤੀ ਕਰਦੇ ਹਨ, ਹਾਲਾਂ ਕਿ ਇਹ ਦੇਵੀ ਦੀ ਆਰਤੀ ਪ੍ਰਥਾਇ ਸਵੈਯਾ ਹੈ। ਕੁੰਕਮ ਅਛਤ ਭ੍ਰਾਲ ਆਦਿ ਆਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਸਰ ਦਾ ਟਿੱਕਾ ਲੌਣਾ ਗੁਰੂ ਜੀ ਦੀ ਬੇ-ਅਦਬੀ ਹੈ। ਸਾਫ ਹੈ ਕਿ ਗੁਰੂ ਜੀ ਨੂੰ ਟਿਕੇ ਲੌਣ ਵਾਲੇ ਲੁਕਵੇਂ ਹਿੰਦੂ ਪ੍ਰਚਾਰਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੁਤ ਪ੍ਰਸਤੀ ਦੀ ਸ਼ਕਲ ਦੇ ਕੇ ਗੁਰਬਾਣੀ ਵਿਚਾਰ ਦਾ ਪ੍ਰਚਾਰ ਨਾ ਕਰਨਾ ਗੁਰੂ ਗੋਪ ਵਾਲਾ ਅਪ੍ਰਾਧ ਹੈ, ਗੁਰਬਾਣੀ ਗੁਰੂ

Digitized by Panjab Digital Library | www.panjabdigilib.org

ਹੈ ਇਸਦੀ ਪੂਜਾ ਉਸ ਅਨੁਸਾਰ ਅਮਲ ਕਰਨਾ ਹੈ।

## ਵਿਸ਼ਨੂੰ ਅਵਤਾਰ

ਵਧ ਅਵਤਾਰ ਵਿਸ਼ਨੂੰ ਦੇ ਹੋਣੇ ਮੰਨੇ ਹਨ, ਪਰ ਚੌਬੀਸ ਪ੍ਰਸਿੱਧ ਹਨ, ਜੋ ਚੌਬਿਸ ਅਵਤਾਰ ਕਹਾਏ। ਤਿਨ ਭੀ ਤੁਮ ਪ੍ਰਭੁ ਤਨਿਕ ਨ ਪਾਏ। ਅਵਤਾਰਾਂ ਨਾਲੋਂ ਗੁਰੂ ਪਦ ਮਹਾਨ ਉੱਚਾ ਹੈ। ਅਵਤਾਰਾਂ ਨੂੰ ਭੀ ਗੁਰੂ ਧਾਰਨ ਦੀ ਲੋੜ ਪਈ ਲਿਖਿਆ ਹੈ, ਜਯ ਔਰ ਵਿਜਯ ਵਿਸ਼ਨੂੰ ਦੇ ਦਰਬਾਨ ਸਨ, ਬ੍ਰਹਮਾਂ ਦੇ ਚਾਰੇ ਪੁਤ੍ਰਾਂ ਨੇ (ਬਾਲ, ਖਿਲ, ਸਨਕ, ਸਨੰਦਨ) ਇਨ੍ਹਾਂ ਨੂੰ ਸਰਾਪ ਦਿਤਾ ਸੀ, ਜੈਤੇ ਬਿਜੈ ਕਸ਼ਪ ਰਿਖੀ ਦੀ ਇਸਤ੍ਰੀ ਦਿੱਤਿ ਤੋਂ ਜਨਮ ਕੇ ਹਿਰਨ ਕਸ਼ਪ ਔਰ ਹਿਰਨਛਸ ਹੋਏ, ਜਿਨ੍ਹਾਂ ਨੇ ਵੇਦ ਚੁਰਾਏ ਸਨ। ਉਧਰ ਦੇਵੀ ਭਾਗਵਤ ਪੁਰਾਣ ਦੇ ਸਕੰਧ ੮ ਅੱਠ ਧਯਾਇ ਦੂਜੇ ਦੀ ਕਥਾ ਹੈ ਕਿ ਬ੍ਰਹਮਾਂ ਦੀ ਨਿੱਛ ਨਾਲ ਉਸਦੇ ਨੱਕ ਵਿਚੋਂ ਬਰਾਹ (ਸੂਰ) ਅਵਤਾਰ ਹੋਇਆ ਸੀ, ਇਸਨੇ ਉਕਤ ਦੈਂਤਾਂ ਨੂੰ ਸਮੇਤ ਧਰਤੀ ਔਰ ਵੇਦਾਂ ਦੇ ਸਮੁੰਦਰ ਵਿਚੋਂ ਫੜਕੇ ਬਾਹਰ ਲਿਆਂਦਾ ਸੀ। ਕ੍ਰਿਸ਼ਨ ਸਦਾ ਅਵ੍ਤਾਰੀ ਰੂਧਾ, ਅਨੁਸਾਰ ਵਿਸਨੂੰ ਨੂੰ ਤਾਂ ਅਵਤਾਰ ਧਾਰਨ (ਜਨਮ ਮਰਨ) ਦਾ ਹੀ ਕੰਮ ਰਹਿੰਦਾ ਹੈ,ਵਿਸ਼ਨੂੰ ਦੇ ਅਨੇਕਾਂ ਅਵਤਾਰ ਹਨ, ਵੇਦਾਂ ਅਨੁਸਾਰ ਵਿਸ਼ਨੂੰ ਇਕ ਸਾਧਾਰਨ ਦੇਵਤਾ ਹੈ।

ਕਾਲ ਪੁਰਖ ਕੀ ਦੇਹਿ ਮੈ ਕੋਟਿਕ ਬਿਸ਼ਨ ਮਹੇਸ਼। ਅਨੁਸਾਰ ਵਿਸ਼ਨ ਅਨੇਕਾਂ ਹੋਏ ਹਨ। ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ। ਵਿਸ਼ਨੂੰ ਦੀ ਇਸਤ੍ਰੀ ਦਾ ਨਾਮ ਲੱਛਮੀ ਹੈ ਜੋ ਚੌਦਾਂ ਰਤਨਾਂ ਵਿਚੋਂ ਨਿਕਲਣੀ ਮੰਨੀ ਹੈ, ਖਿਆਲ ਹਨ ਕਿ ਵਿਸ਼ਨੂੰ ਸਦਾ ਨੌਜਵਾਨ ਰਹਿੰਦਾ ਹੈ, ਸਰੀਰ ਦਾ ਰੰਗ ਕਾਲਾ ਹੈ, ਚਾਰ ਬਾਹਾਂ ਹਨ, ਚਾਰੇ ਹੱਥਾਂ ਵਿਚ ਸੰਖ, ਚੱਕ੍ਰ, ਗਦਾ, ਪਦਮ ਹਨ, ਸੰਖ ਦਾ ਨਾਮ ਪਾਂਚ ਜਨਯ ਔਰ ਚੱਕ੍ਰ ਦਾ ਨਾਮ ਸੁਦਰਸ਼ਨ ਅਤੇ ਗਦਾ ਦਾ ਨਾਮ ਕਮੋਦਕੀ ਤੇ ਤਲਵਾਰ ਦਾ ਨਾਮ ਨੰਦਕ ਅਤੇ ਇਸ ਦੇ ਧਨੁਸ਼ ਦਾ ਨਾਮ ਸਾਰੰਗ ਧਰਿਆ ਹੈ।

ਸਵਾਰੀ ਗਰੜ (ਵੈਨਤਯ) ਦੀ ਹੈ ਵਿਸ਼ਨ ਦੇ ਹਿੰਦੂ ਪੁਰਾਣਾਂ ਨੇ ਹਜ਼ਾਰ ਨਾਮ ਕਲਪੇ ਹਨ, ਜੋ 'ਸਹੰਸ ਨਾਮਾਂ ਸੋ' ਜਪਦੇ ਹਨ ਪੁਰਖ ਭੀ ਵਿਸ਼ਨੂੰ ਦਾ ਨਾਮ ਹੈ, ਪੁਰਖ ਦਾ ਹਜ਼ਾਰ ਸਿਰ, ਅੱਖਾਂ ਪੈਰ ਆਦਿ ਲਿਖੇ ਹਨ। ਪੁਰਖ ਦੇ ਮੂੰਹ ਥੀਂ ਬ੍ਰਾਹਮਣ, ਭੁਜਾਂ ਥੀਂ ਛੱਤ੍ਰੀ, ਪੱਟਾਂ ਥੀਂ ਵੈਸ਼, ਪੈਰਾਂ ਤੋਂ ਧਰਤੀ, ਮੂੰਹ ਥੀਂ ਇੰਦਰ ਅਗਨ ਆਦਿ ਦੇਵਤੇ, ਸੁਆਸਾਂ ਤੋਂ ਹਵਾ,ਸਿਰ ਵਿਚ ਅਕਾਸ਼ ਕੰਨਾਂ ਥੀਂ ਚਾਰੇ ਦਿਸ਼ਾ ਆਦਿ ਆਦਿ। ਪੁਰਖ ਤੋਂ ਵਿਸ਼ਨੂੰ ਦੀ ਭੀ ਉਤਪਤੀ ਲਿਖੀ ਮਿਲਦੀ ਹੈ, ਵੈਸੇ ਪੁਰਖ (ਪੁਰਸ਼) ਮਾਨੁਖ ਨੂੰ ਭੀ ਕਹਿੰਦੇ ਹਨ ਜਿਵੇਂ ਆਦਮ ਹੈ। ਪਰ ਜਾਪਦਾ ਇਹ ਹੈ ਕਿ ਵਿਸ਼ਨੂੰ ਨੂੰ ਗ੍ਰੰਥਕਾਰਾਂ ਔਰ ਭਗਤਾਂ ਨੇ ਮੁਖੀ ਬਣਾ-ਇਆ, ਪਹਿਲਾਂ ਇੰਦਰ ਆਦਿ ਦੀ ਵਧ ਮਾਨਤਾ ਸੀ, ਜਿਵੇਂ ਭੱਟਾਂ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਵਿਸ਼ਨ ਸਾਬਤ ਕਰਨ ਦਾ ਕੋਝਾ ਯਤਨ ਕੀਤਾ ਹੈ। ਈਹੋ ਪੁਰਾਣੀ ਚਾਲ ਸੀ ਹਿੰਦੂ ਗ੍ਰੰਥਾਂ ਤੋਂ ਇਹ ਪਰਪਾਟੀ ਸਿਖਾਂ ਵਿਚ ਭੀ ਆਈ, ਇਨ੍ਹਾਂ ਨੇ ਭੀ ਪੰਜਾਂ ਪਿਆਰਿਆਂ ਨੂੰ ਕਿਸੀ ਦਾ ਅਵਤਾਰ

Digitized by Panjab Digital Library | www.panjabdigilib.org

ਕਲਪਿਆ । ਗੁਰੂ ਸਾਹਿਬਾਨ ਨੂੰ ਭੀ ਅਵਤਾਰ ਕਿਹਾ, ਵਾਸਤਵ ਵਿਚ ਗੁਰੂ ਪਦ ਅਵਤਾਰ ਪਦ ਨਾਲੋਂ ਮਹਾਨ ਉੱਚਾ ਹੈ। ਅਸਲੋਂ ਵਿਸ਼ਨ ਪੁਰਾਣ ਦੇ ਲਿਖੇ ਜਾਣ ਨਾਲ ਵਿਸ਼ਨ ਦੇਵਤੇ ਦੀ ਵਧ ਪ੍ਰਸਧੀ ਹੋਈ ਹੈ। ਹਿੰਦੂ ਗ੍ਰੰਥ ਕਹਿੰਦੇ ਹਨ ਕਿ ਅਵਤਾਰਾਂ ਦਾ ਸਰੀਰ ਪੰਜਾਂ ਤੱਤਾਂ ਦਾ ਨਹੀਂ ਸੀ, ਮੁਸਲਮਾਨ ਭੀ ਫਰਿਸ਼ਤਿਆਂ ਨੂੰ ਨੂਰੀ ਔਰ ਮਾਨੁਖਾਂ ਨੂੰ ਖਾਕੀ ਜਿਸਮ ਦੇ ਮੰਨਦੇ ਹਨ, ਪਰ ਪੰਜਾਂ ਤੱਤਾਂ ਦੀ ਦੇਹੀ ਬਿਨਾਂ ਕੋਈ ਭੀ ਨਹੀਂ ਹੋਇਆ। 'ਪੰਜ ਤੱਤ ਕਉ ਤਨ ਰਚਿਓ।' ਤੱਤਾਂ ਬਿਨਾਂ ਕੋਈ ਚੀਜ਼ ਨਹੀਂ ਬਣਦੀ ਅਵਤਾਰਾਂ ਦੇ ਮਾਤਾ ਪਿਤਾ ਸਨ ਓਹ ਮਾਤ ਗਰਭ ਵਿਖੇ ਆਏ, 'ਵਿਸ਼ਨ ਲਏ ਅਵਤਾਰ ਦਸ, ਵੈਰ ਵਿਰੋਧ ਜੋਧ ਸੰਘਾਰੇ। ਮੱਛ ਕੱਛ ਵੈਰਾਹ ਰੂਪ ਨਰ ਸਿੰਘ ਹੋਇ ਬਾਵਨ ਬੌਧਾਰੇ। ਪਰਸ ਰਾਮ, ਰਾਮ ਕ੍ਰਿਸ਼ਨ ਹੋਇ ਕਿਲਕ ਕਲੰਕੀ ਅੱਤ ਅਹੰਕਾਰੇ।' (ਵਾਰ ੧੨)

ਵਿਸ਼ਨੂੰ ਜੀ ਦਾ ਮੱਛ, ਕੱਛ, ਬ੍ਰਾਹ, ਨਰ ਸਿੰਘ, ਬਾਵਨ, ਹੰਸ ਆਦਿ ਅਵ-ਤਾਰ ਧਾਰਨਾ ਆਦਮੀ ਜੂਨਾਂ ਥੀਂ ਨੀਮਾ ਦਰਜਾ ਹੈ। ਛੋਟੀਆਂ ਜੂਨਾਂ ਵਿਚ ਜਨਮ ਲੈਣਾ ਪਾਪਾਂ ਦਾ ਹੀ ਫਲ ਹੋ ਸਕਦਾ ਹੈ। ਰਾਜਾ ਪ੍ਰਿਥੂ ਰਾਜ ਜੋ ਰਿਖੀ 'ਬੇਨ' ਦੀ ਸੱਜੀ ਬਾਂਹ ਵਿਚੋਂ ਔਰ ਖੱਬੀ ਵਿਚੋਂ ਨਿਕਲੀ ਅਰਚੀ ਨਾਲ ਸ਼ਾਦੀ ਹੋਈ। ਦਸਿਆ ਹੈ ਕਿ ਸੰਸਾਰ ਦੇ ਖਿੰਡੇ ਪੁੰਡੇ ਪਹਾੜ ਪ੍ਰਿਥੂ ਨੇ ਇਕ ਥਾਂ ਕੀਤੇ ਸਨ ਇਹ ਭੀ ਅਵਤਾਰ ਸੀ, ਯਾਂਤੇ ਜ਼ੋਰਾਵਰਾਂ ਨੂੰ ਅਵਤਾਰ ਕਹਿ ਛਡਦੇ ਸਨ, ਵੈਸੇ ਅਵਤਾਰ ਦੇ ਅਰਥ ਉਤਰਨਾ ਭਾਵ ਜਨਮਣਾ ਹਨ। 'ਅਵਤਰ ਆਇ ਕਹਾ ਤੁਮ ਕੀਨਾ ?' (ਕਬੀਰ)

ਦਸਮ ਗ੍ਰੰਥ ਵਿਖੇ ਹਿੰਦੂ ਅਵਤਾਰਾਂ ਦੀ ਜੋ ਕਥਾ ਲਿਖੀ ਹੈ ਬਤੌਰ ਹਿਸਟਰੀ ਦੇ ਹੈ ਇਹ ਕੋਈ ਗੁਰਬਾਣੀ ਨਹੀਂ ਹੈ, ਇਨਾਂ ਕਥਾਵਾਂ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਅਵਤਾਰ ਕੌਣ ਸਨ ਔਰ ਉਨਾਂ ਨੇ ਸੰਸਾਰ ਵਿਚ ਜਨਮ ਲੈਕੇ ਕੀ ਕੰਮ ਕੀਤੇ। ਪੰਜਾਬੀਆਂ ਲਈ ਇਹ ਅਵਤਾਰ ਹਿਸਟਰੀ ਹੈ, ਹਰ ਬੋਲੀ ਵਿਚ ਇਸ ਦਾ ਉਲਥਾ ਕਰਕੇ ਲੋਕਾਂ ਨੂੰ ਅਸਲੀਅਤ ਸਮਝੌਣੀ ਜ਼ਰੂਰੀ ਹੈ। ਪੁਰਾਣਾ ਇਤਿਹਾਸ ਦਸਦਾ ਹੈ ਕਿ ਸ੍ਰਿਸ਼ਟੀ ਦੇ ਆਰੰਭ ਵਿਚ ਵਿਸ਼ਨ ਦੀ ਕੋਈ ਉਚਤਾ ਨਹੀਂ ਸੀ, ਬਲਕਿ ਸੁਯੰਭਵ ਮਨ ਦਾ ਆਪੇ ਪੈਦਾ ਹੋਣਾ ਮੰਨਿਆਂ ਹੈ। ਜਿਸਦੇ ਕਿ ਸਜੇ ਅੰਗ ਥੀਂ ਮਾਨੁਖ ਔਰ ਖਬੇ ਥੀਂ ਇਸਤ੍ਰੀ ਦੀ ਪੈਦਾਇਸ਼ ਹੋਣੀ ਲਿਖੀ ਹੈ। ਅਗੇ ਪ੍ਰਜਾ ਪਤੀਂ ਦਾ ਜ਼ਿਕਰ ਹੈ ਵਿਸ਼ਨ ਦਾ ਕਿਧਰੇ ਭੀ ਜ਼ਿਕਰ ਨਹੀਂ ਹੈ। ਮਨੂ ਸਿਮ੍ਰਤੀ ਨੇ ਪਹਿਲੇ ਮਨੂ ਨੂੰ ਵਿਰਾਟ ਦਾ ਪੁਤ੍ਰ ਮੰਨਿਆਂ ਹੈ ਤੇ ਮਨੂੰ ਸਿਮ੍ਰਤੀ ਦਾ ਕਰਤਾ ਭ੍ਰਿਗੂ ਪੰਡਿਤ ਦਸਿਆ ਜਾਂਦਾ ਹੈ।

## ਵੈਸ਼ਨਵ ਮਤ

ਭਾਵੇਂ ਵੈਸ਼ਨਵ ਮਤ ਦਾ ਆਰੰਭਕ ਸ਼ੰਕ੍ਰਾ ਚਾਰਜ ਹੈ, ਪਰ ਆਮ ਤੌਰ ਪਰ ਨਿੰਬਾ ਦਿਤ ਜਗਨ ਨਾਥ ਦਾ ਪੁਤ੍ਰ ਸੀ। ਉਪਰੰਤ ਮਾਧਵਾ ਚਾਰਜ ਹੋਇਆ। ਇਹ ਬਾਰਵੀਂ ਸਦੀ ਦਾ ਸਮਾਂ ਸੀ। ਇਸ ਤੋਂ ਮਾਧਵ ਵੈਸ਼ਨਵ ਚਲੇ ਹਨ। ਇਹ ਆਪਣੇ

Digitized by Panjab Digital Library | www.panjabdigilib.org

ਸਰੀਰ ਪਰ ਸੰਖ, ਚੱਕਰ, ਗਦਾ ਆਦਿ ਦਾ ਠੱਪਾ ਲੈਂਦੇ ਹਨ। ਇਸ ਤੋਂ ਪਿਛੋਂ ਇਕ ਬੱਲਵਯ ਚਾਰੀਯਾ ਪ੍ਰਚਾਰਕ ਹੋਇਆ ਹੈ। ਇਸ ਦੇ ਮਤ ਅਨੁਸਾਰ 'ਰਾਧਾ ਕ੍ਰਿਸ਼ਨ ਭਗਤੀ' ਤੋਂ ਗੋ ਲੋਕ ਵਿਚ ਜੋ ਬੈਕੁੰਠ ਤੋਂ ਵੀ ਪੰਜਾਹ ਕ੍ਰੋੜ ਜੋਜਨ ਉੱਚਾ ਹੈ, ਪਹੁੰਚਣਾ ਮੁਕਤੀ ਹੈ।

ਬੱਲਵ ਦਾ ਜਨਮ ੧੪੭੯ ਵਿਚ ਮੰਨਿਆਂ ਹੈ। ਇਸ ਸੰਪ੍ਰਦਾ ਦੇ ਲੋਕ ਗੋਸੁਾਮੀ ਅਤੇ ਬੱਲਵੀ ਸਦੌਂਦੇ ਹਨ। ਇਸੇ ਤਰਾਂ ਵੈਸ਼ਨੋ ਮਤ ਵਾਲੇ ਭਗਵਾਨ ਪੂਜਾ ਕਰਦੇ ਹਨ। ਇਨ੍ਹਾਂ ਦਾ ਆਸ਼ਾ ਹੈ ਕਿ ਓਹੀ ਸੂਖਮ ਸਰੀਰ ਸੇ ਰੱਬ ਹੈ। ਇਸਤੋਂ ਬਿਨਾਂ ਭਗਵਾਨ (ਦੇਵ ਮੰਤ੍ਰ ਦੀ ਸਫਾਈ) ਉਪਦਾਨ (ਫੁਲ ਪੂਜਾ ਹਿਤ ਲਜਾਵਨੇ) ਪੂਜਾ ਸ੍ਵਾਧਯਾਯ (ਪਾਠ ਭਜਨ) ਬਿਆਨ (ਸਮਾਧੀ), ਜੋਗ (ਦੇਵਤੇ ਨਾਲ ਮਨ ਲੌਣਾ), ਇਕਰ ਦੇ ਸਾਧਨ ਕਰਨੇ ਦੱਸਦੇ ਹੈਨ।

ਅਗੇ ਇਕ ਸਾਖ ਸੰਕ੍ਰਾ ਚਾਰਜ ਦੇ ਚੇਲੇ ਵਿਸ਼ਨੂੰ ਸਵਾਮੀ ਨੇ ਚਲਾਈ, ਉਪ੍ਰੰਤ ਰਾਮਾਨੁਜ, ਮਾਧਵ, ਵਲਭ੍ਰਾ ਚੇਤਨ, ਰਾਮਾ ਨੰਦ, ਕਬੀਰ ਆਦਿ ਹੋਏ। ਉਕਤ ਸੰਪ੍ਰਦਾਇ ੮੨੦ ਈ: ਤੋਂ ਲਾ ਕੇ ੧੪੨੩ ਈ: ਤੱਕ ਜ਼ੋਰ ਨਾਲ ਪ੍ਰਚੁਰ ਰਹੀ। ਸੰਕ੍ਰਾਚਾਰਜ ਨੇ ਸਿੰਗਰੇਰੀ (ਮੈਸੂਰ) ਸਾਰਦਾ (ਦੁਆਰਕਾ) ਜੋਸ਼ੀ ਗੜ੍ਹਵਾਲ) ਗਵਰਧਨ (ਜਗਨ ਨਾਥ) ਆਦਿ ਵਡੇ ਵਡੇ ਕੇਂਦਰ ਰਚੇ। ਮਾਧਵਾ ਚਾਰਜ ਨੇ ਹੀ ਵਿਸ਼ਨੂੰ ਨੂੰ ਸ੍ਰਿਸ਼ਟੀ ਕਰਤਾ ਪ੍ਰਸਿੱਧ ਕੀਤਾ। ਵਿਸ਼ਨੂੰ ਨੂੰ ਇਸਨੇ ਨਿਰਦੋਸ਼ ਔਰ ਨਿਹਕਲੰਕ ਕਿਹਾ। ਵੈਕੁੰਠ ਵਾਸੀ ਦਸਿਆ। ਬ੍ਰਹਮਾਂ ਔਰ ਸ਼ਿਵ ਨੂੰ ਨਾਸਵੰਤ ਲਿਖਿਆ।

ਉਕਤ ਪ੍ਰਚਾਰ ਹੋਣ ਕਾਰਨ ਵਿਸ਼ਨੂੰ ਲੋਕਾਂ ਵਿਚ ਰੱਬ ਸਿਧ ਹੁੰਦਾ ਗਿਆ ਮਾਧਵਾ ਨੇ ਆਪਣੀ ਸੰਪ੍ਰਦਾਇ ਨੂੰ ਬ੍ਰਹਮ ਸ਼ਬਦ ਨਾਲ ਪ੍ਰਚੁਰ ਕੀਤਾ। ਬਿਨਾਂ ਬ੍ਰਾਹਮਣਾਂ ਦੇ ਹੋਰ ਕਿਸੀ ਨੂੰ ਦੀਖਿਆ ਨਹੀਂ ਦਿਤੀ। ਵਿਸ਼ਨੂੰ ਚਿਨ੍ਹ ਧਾਰਨ ਕਰਵਾਏ। ਨਾਮ ਨਾਲ ਵਿਸ਼ਨੂੰ (ਵਿਸ਼ਨੂੰ ਸ਼ਰਮਾਂ) ਸ਼ਬਦ ਲੌਂਦੇ ਹਨ। ਗੋਪੀ ਚੰਦਨ ਦਾ ਤਿਲਕ ਭਗਤਮਾਲ ਤੇ ਰਾਮਾਇਣ ਨੂੰ ਭੀ ਮੰਨਦੇ ਹਨ, ਵਡੀ ਗੱਦੀ ਮਥਰਾ ਹੈ, ਗੋਕਲ ਕੇਂਦਰ ਹੈ। ਪੜਤਾਲ ਤੋਂ ਨਿਰਣਯ ਹੁੰਦਾ ਹੈ ਵਿਸ਼ਨੂੰ ਸੁਆਮੀ ਨੇ ਹੀ ਵੈਸ਼ਨਵ ਮਤ ਨੂੰ ਚਲਾਇਆ ਔਰ ਵਿਸ਼ਨੂੰ ਰੱਬ ਸਿਧ ਕੀਤਾ।

## ਚੌਵੀ ਅਵਤਾਰ ਕਥਾ

### ਹੰਸਾਵਤਾਰ

ਬ੍ਰਹਮਾਂ ਦੇ ਪੁਤ੍ਰ ਸਨਕ ਸਨੰਦਨ ਸਨਤ ਕੁਮਾਰ ਆਦਿ ਨੂੰ ਉਪਦੇਸ਼ ਕਰਨ ਵਾਸਤੇ ਵਿਸ਼ਨੂੰ ਨੇ ਹੰਸ ਦਾ ਅਵਤਾਰ ਧਾਰਿਆ ਸਨਕਾਦਿਕ ਹਮੇਸ਼ਾਂ ਬਾਰਾਂ ਸਾਲਾਂ ਦੇ ਬਾਲਕ ਰਹਿੰਦੇ ਹਨ। ਬ੍ਰਹਮਾਂ ਦਾ ਪਹਿਲਾ ਪੁਤ੍ਰ ਸੰਭੁਮਨ ਨੂੰ ਭੀ ਵਿਸ਼ਨ ਅਵਤਾਰ ਲਿਖਿਆ ਹੈ। ਹੰਸਾਵਤਾਰ ਨੇ ਪਹਿਲਾਂ ਚਾਰਾਂ ਅਵਤਾਰਾਂ ਨੂੰ ਭੀ ਉਪਦੇਸ਼ ਦਿਤਾ ਹੈਰਾਨੀ ਹੈ ਕਿ ਪੰਛੀ ਭੀ ਅਵਤਾਰ ਮੰਨੇ ਗਏ। ਮਛੀਆਂ, ਕਛੂ, ਸੂਰ ਮਾਨੁਖਾਂ ਤੋਂ ਨੀਂਵੀਂ ਜੂਨੀ ਹੈ। ਨਾਰਦ ਮੁਨੀ ਸੀ, ਇਸਨੇ ਉਤਾਨਪਾਦ ਦੇ ਪੁਤ੍ਰ ਧ੍ਰੂ ਨੂੰ ਉਪਦੇਸ਼ ਦਿਤਾ ਸੀ। ਬਯਾਸ ਦੇ ਵੇਦਾਂਤ ਮਤ ਤੋਂ ਉਸਨੂੰ ਸ਼ਾਂਤੀ ਨਾ ਹੋਈ, ਇਸ

Digitized by Panjab Digital Library | www.panjabdigilib.org

ਕਰਕੇ ਨਾਰਦ ਨੇ ਉਸਨੂੰ ਕਿਹਾ ਭਾਗਵਤ ਲਿਖੋ।

## ਪਰਸ ਰਾਮ ਅਵਤਾਰ

ਪੰਡਿਤ ਪਰਸ ਰਾਮ ਦਾ ਪਿਤਾ ਜਮਦਗਨ ਔਰ ਮਾਤਾ ਰੇਣਕਾ ਸੀ। ਜਨਮ ਵਿਸਾਖ ਸੁਦੀ ਤੀਜ ਦਾ, ਸਤਾਈ ਹਜ਼ਾਰ ਬਰਸ ਰਾਜ ਕਰਨਾ ਲਿਖਿਆ ਹੈ। ਮਹਾਂ ਭਾਰਤ ਦੇ ਸ਼ਾਂਤ ਪਰਬ ਵਿਚ ਭੀ ਇਸਦੀ ਕਥਾ ਹੈ, ਵਿਸ਼ਨ ਪੁਰਾਣ ਦੇ ਪ੍ਰਸੰਗ ਦਾਮ ਗ੍ਰੰਥ ਵਿਚ ਲਿਖੇ ਹਨ। ਰੀਚਕ ਰਿਖੀ ਦੀ ਇਸਤ੍ਰੀ ਸਤਜਵਤੀ ਜੋ ਕਿ ਰਾਜਾ ਗਾਂਧਿ ਦੀ ਸਪੁਤ੍ਰੀ ਸੀ, ਉਸਦਾ ਪੁਤ੍ਰ ਜਮਦਗਨ ਸੀ ਔਰ ਸਤਜਵਤੀ ਦੀ ਮਾਤਾ ਤੋਂ ਵਿਸ਼ਵਾ ਮਿਤ੍ਰ ਜਨਮਿਆਂ। ਜਮਦਗਨ ਦੀ ਸ਼ਾਦੀ ਪ੍ਰੇਸਨ ਜਿੱਤ ਦੀ ਲੜਕੀ ਰੇਣਕਾ ਨਾਲ ਹੋਈ, ਜਿਸ ਤੋਂ ਵਿਸ੍ਵਾ ਵਹੁ, ਪਰਸ ਰਾਮ, ਸਵੇਣ, ਰੁਮੰਵਾਨ, ਬਹੁ ਆਦਿ ਪੰਜ ਪੁਤ੍ਰ ਹੋਏ, ਪਰਸ ਰਾਮ ਸ਼ਿਵ ਉਪਾਸ਼ਕ ਸੀ, ਸ਼ਿਵ ਜੀ ਨੇ ਇਸਨੂੰ ਇਕ ਪਰਸਾ (ਕੁਹਾੜਾ) ਦਿਤਾ; ਜਿਸ ਤੋਂ ਇਹ ਪਰਸ ਰਾਮ ਪਰਸਿੱਧ ਹੋਇਆ। ਪਰਸ ਰਾਮ ਨੇ ਆਪਣੇ ਪਿਤਾ ਜਮਦਗਨ ਦੇ ਹੁਕਮ ਨਾਲ ਆਪਣੀ ਮਾਤਾ ਦਾ ਸਿਰ ਕਟਿਆ ਸੀ, ਉਸ ਪਰ ਵਿਕਾਰਨ ਹੋਣ ਦਾ ਸ਼ਕ ਕੀਤਾ ਗਿਆ ਸੀ। ਪਿਤਾ ਦੇ ਵਰ ਨਾਲ ਪਰਸ ਰਾਮ ਨੇ ਮੋਈ ਮਾਤਾ ਨੂੰ ਫਿਰ ਜ਼ਿੰਦਾ ਕਰਵਾਇਆ। ਪਰਸ ਰਾਮ ਨੂੰ ਵਿਸ਼ਨੂੰ ਦਾ ਛੀਵਾਂ, ਨੌਵਾਂ, ਸੋਲਵਾਂ ਆਦਿ ਅਵਤਾਰ ਲਿਖਿਆ ਹੈ, ਪਰਸ ਰਾਮ ਨੇ ਇੱਕੀ ਵਾਰ ਖਤ੍ਰੀਆਂ ਨੂੰ ਮਾਰਕੇ ਨਸ਼ਟ ਕੀਤਾ। ਕਾਰਨ ਇਹ ਸੀ ਕਿ ਪਰਸ ਰਾਮ ਦਾ ਪਿਤਾ ਖਤ੍ਰੀ ਜਮਦਗਨ ਕਾਰਤਕ ਸਾਹਸਰ ਨੇ ਕਾਮਧੇਨ ਗਊ ਖੋਹਣ ਪਰ ਮਾਰ ਘੱਤਿਆ ਸੀ, ਪਰਸ ਰਾਮ ਨੇ ਪਿਤਾ ਦੀ ਮੌਤ ਦਾ ਬਦਲਾ ਖਤ੍ਰੀਆਂ ਦੇ ਲਹੂ ਦੇ ਸਮੰਤ ਨਾਮਕ ਪੰਜ ਤਾਲਾਬ ਭਰਕੇ ਉਨਾਂ ਵਿਚ ਸ਼ਨਾਨ ਕੀਤਾ, ਲਹੂ ਨ੍ਹਾ ਕੇ ਤਾਂ ਇਸ ਨੇ ਸ਼ਾਂਤੀ ਪਾਈ। ਉਪਰੰਤ ਆਪਣੇ ਪਾਪ ਉਤਾਰਨ ਹਿਤ ਯੱਗ ਕਰ ਕੇ ਦਾਨ ਵਿਚ ਰਿਖੀ ਕਸ਼ਯਪ ਨੂੰ ਸਾਰੀ ਧਰਤੀ ਅਰਪਨ ਕੀਤੀ।

ਹਨੂ ਨਾਟਕ ਵਿਚ ਪਰਸ ਰਾਮ ਬਾਰੇ ਦਸਿਆ ਹੈ ਕਿ ਇਸ ਨੇ ਸ਼ਿਵ ਜੀ ਦਾ ਪਿਨਾਕ ਤੋੜਨ ਦੇ ਗੁਸੇ ਵਿਚ ਸੀਤਾ ਵਿਵਾਹ ਕੇ ਆ ਰਹੇ ਰਾਮ ਚੰਦਰ ਨੂੰ ਘੇਰ ਲੀਤਾ, ਪਰ ਉਸ ਅਗੇ ਇਸਦਾ ਬਲਿ ਹਰ ਗਿਆ। ਸਿਰ ਕਟਣ ਦੀ ਬ੍ਰਹਮਣ ਹਤਿਆ ਦੇ ਡਰ ਥੀਂ ਰਾਮ ਚੰਦਰ ਜੀ ਨੇ ਪਰਸ ਰਾਮ ਦੇ ਕੇਸ਼ਾਂ ਦਾ ਜੂੜਾ ਕੱਟ ਕੇ ਹਾਰ ਦੇ ਚਿੰਨ੍ਹ ਦਰਸਾਏ। ਪਰਸ ਰਾਮ ਜਾਤੀ ਕਰਕੇ ਬ੍ਰਾਹਮਣ ਸੀ, ਪਰ ਵਿਸ਼ਨ ਅਵਤਾਰ ਸੀ, ਵਿਸ਼ਨੂੰ ਮੰਨੇ ਗਏ ਛਤ੍ਰੀ ਅਵਤਾਰ ਸਨ। ਆਪਣਾ ਹੀ ਵੰਸ ਨਾਸ਼ ਕਰਨਾ ਅਸਚਰਜ ਕਥਾ ਹੈ। ਇਕੋ ਸਮੇਂ ਵਿਚ ਕਈ ਅਵਤਾਰ ਹੋਣੇ ਸਿਧ ਕਰਦੇ ਹਨ ਕਿ ਪ੍ਰਸਿਧ ਪੁਰਸ਼ਾਂ ਨੂੰ ਅਵਤਾਰ ਕਿਹਾ ਜਾਂਦਾ ਸੀ। ਰਾਜੇ ਭੀ ਆਪ ਨੂੰ ਅਵਤਾਰ ਕਹੌਂਦੇ ਸਨ। 'ਜੁਗਹ ਜੁਗਹ ਕੇ ਰਾਜੇ ਕੀਤੇ ਗਾਵਹਿ ਕਰ ਅਵਤਾਰੀ।'

## ਵਾਮਨ ਅਵਤਾਰ

ਬਾਮਨ (ਬੌਨਾ) ਦਾ ਜਨਮ, ਰਿਖੀ ਕਸ਼ਯਪ ਦੇ ਵੀਰਜ ਤੋਂ 'ਅਦਿਤੀ ਦੇ

Digitized by Panjab Digital Library | www.panjabdigilib.org

ਉਦਰੋਂ ਮੰਨਿਆਂ ਹੈ। ਜਨਮ ਦਿਨ ਭਾਦੋਂ ਸੁਦੀ ਬਾਰਾਂ ਔਰ ਦੋ ਲਖ ਬਾਈਸ ਹਜ਼ਾਰ ਸਾਲ ਰਾਜ ਕੀਤਾ। ਵਿਸ਼ਨੂੰ ਨੇ ਬੌਨਾ ਅਵਤਾਰ ਧਾਰਕੇ ਬਲ ਰਾਜੇ ਨਾਲ ਭਾਰੀ ਠੱਗੀ ਕੀਤੀ। ਬ੍ਰਾਹਮਣ ਦਾ ਰੂਪ ਧਾਰਕੇ ਦਾਨ ਦੇ ਬਹਾਨੇ ਉਸ ਨੂੰ ਤਬਾਹ ਕਰ ਦਿਤਾ। ਢਾਈ ਕਰਮ ਧਰਤੀ ਮੰਗ ਕੇ ਦੋ ਕਦਮਾਂ ਨਾਲ ਸਾਰੀ ਮਿਣ ਕੇ ਅੱਧੀ ਕਰਮ ਵਿਚ ਉਸਦਾ ਸਰੀਰ ਮਿਣਕੇ ਭੀ ਉਸਨੂੰ ਪਾਤਾਲ ਵਿਚ ਉਤਾਰ ਦਿਤਾ, ਪਰ ਧਰਮੀ ਬਲਿ ਨੇ ਆਪਣਾ ਬਚਨ ਨਹੀਂ ਹਾਰਿਆ। ਅਦਿੱਤੀ ਦੇ ਪੁਤ੍ਰਾਂ ਪਾਸੋਂ (ਦੇਵਤੇ) ਦਿੱਤੀ ਦੇ ਪੁਤ੍ਰਾਂ (ਦੈਂਤਾਂ) ਨੇ ਖੋਹ ਲੀਤਾ, ਤਾਂ ਅਦਿੱਤੀ ਨੇ ਵਿਸ਼ਨੂੰ ਨੂੰ ਆਪਣੀ ਸੌਕਣ ਦੀ ਉਲਾਦ ਪਾਸੋਂ ਰਾਜ ਖੋਹ ਕੇ ਦੇਣ ਦਾ ਵਰ ਮੰਗਿਆ ਸੀ। ਤਾਂ ਉਸੀ ਰਾਤ੍ਰ ਨੂੰ ਵਿਸ਼ਨ ਜੀ ਅਦਿਤੀ ਦੇ ਗਰਭ ਵਿਚ ਆਏ, ਕਸ਼ਯਪ ਰਿਖੀ ਦੇ ਵੀਰਜ ਤੋਂ ਜਨਮੇ। ਬੌਨਾ ਰੂਪ ਧਾਰ ਕੇ ਦਿੱਤੀ ਦੇ ਪੁਤ੍ਰ ਬਲਿ ਆਦਿ ਨੂੰ ਠੱਗ ਕੇ ਦੇਵਤਿਆਂ ਨੂੰ ਰਾਜ ਦਿਤਾ, ਇਹੋ ਬੌਨਾ ਬ੍ਰਾਹਮਣ ਬਾਵਨ ਅਵਤਾਰ ਪ੍ਰਸਿੱਧ ਹੋਇਆ।

## ਮਨੂ ਅਵਤਾਰ

ਮਨੂ ਭੀ ਅਵਤਾਰ ਮੰਨਿਆਂ ਹੈ, ਮਨੂੰ ਕਈ ਹੋਏ, ਮਨੂ ਦੇ ਨਾਮ ਪਰ ਗ੍ਰੰਥ ਮਨੂ ਸਿਮ੍ਰਤੀ ਹੈ। ਇਸਤੋਂ ਜ਼ਾਤੀ ਪਾਤੀ ਚਲਦੀ ਹੈ, ਵੈਸੇ ਪੁਰਾਣਕ ਕਥਾਵਾਂ ਨੂੰ ਵੇਖੀਏ ਤਾਂ ਜਨਮ ਥੀਂ ਜ਼ਾਤੀ ਪਾਤੀ ਨਹੀਂ ਸੀ, ਜਿਵੇਂ ਕਿ ਸ੍ਰਿੰਗੀ ਮ੍ਰਿਗਨੀ ਦਾ ਪੁਤ੍ਰ ਸੀ, ਕੌਸ਼ਕ, ਕੁਸ਼ਾ ਥੀ, ਜੰਬਕ ਗਿਦੜੀ ਤੋਂ, ਬਾਲਮੀਕ ਬਰਮੀ ਤੋਂ, ਬਜਾਸ ਝੀਵਰੀ ਤੋਂ ਗੌਤਮ ਸਹੀ ਥੀਂ, ਵਸਿਸ਼ਟ ਵੇਸਵਾ ਤੋਂ ਅਗਸਤ (ਘੜ ਯੋਨੀ) ਘੜੇ ਥੀਂ, ਹਸਤਾਮਲ ਹਥਨੀ ਤੋਂ ਮਾਂਡਵ ਡੱਡਣੀ ਤੋਂ ਪ੍ਰਾਸਰ ਚੰਡਾਲਨੀ ਦੇ ਪੇਟੋਂ, ਮਤੰਗੀ ਰਿਖੀ ਹਥਨੀ ਦੇ ਪੇਟੋਂ, ਸੋ ਉਕਤ ਰਿਖੀ ਬ੍ਰਾਹਮਣ ਕਹੇ ਗਏ, ਯਾਂ ਤੇ ਜਨਮ ਤੋਂ ਜ਼ਾਤੀ ਨਹੀਂ ਮੰਨੀ ਗਈ। ਮਨੂ ਅਵਤਾਰ ਨੇ ਬ੍ਰਾਹਮਣਾਂ ਦਾ ਰਾਜ ਕਾਇਮ ਕਰਨ ਵਾਸਤੇ ਜ਼ਾਤਾਂ ਪਾਤਾਂ ਘੜੀਆਂ।

## ਵਰਾਹ ਅਵਤਾਰ

ਵਿਸ਼ਨੂੰ ਨੇ ਸੂਰ ਦਾ ਅਵਤਾਰ ਲਿਤਾ, ਇਹ ਦਸਮ ਗ੍ਰੰਥ ਦੀ ਕਥਾ ਵਰਾਹ ਪੁਰਾਣ ਵਿਚੋਂ ਲਿਤੀ ਗਈ ਹੈ। ਸੂਰ ਬਣਕੇ ਵਿਸ਼ਨੂੰ ਨੇ ਧਰਤੀ ਨਾਲ ਭੋਗ ਕੀਤਾ, ਜਿਸ ਥੀਂ ਭੋਮਾਂਸੁਰ ਦੈਂਤ ਜਨਮਿਆਂ ਇਸੇ ਨੂੰ ਨਰਕਾਸੁਰ ਕਹਿੰਦੇ ਹਨ, ਕਥਾ ਹੈ ਕਿ ਇਸਨੇ ਆਪਣੀ ਸ਼ਾਦੀ ਹਿਤ ਸੋਲਾਂ ਹਜ਼ਾਰ ਲੜਕੀਆਂ ਕਠੀਆਂ ਕੀਤੀਆਂ ਸਨ, ਕੁਲ ਚੌਬੀਸ ਹਜ਼ਾਰ ਵਰਨੀਆਂ ਸਨ, ਪਰ ਕ੍ਰਿਸ਼ਨ ਨੇ ਇਸਨੂੰ ਮਾਰਕੇ ਸੋਲਾਂ ਹਜ਼ਾਰ ਲੜਕੀਆਂ ਨਾਲ ਆਪ ਹੀ ਸ਼ਾਦੀ ਕੀਤੀ ਭੋਮਾਂਸੁਰ ਨੂੰ ਪ੍ਰਾਗ ਜੋਤਸ਼ ਪੁਰ ਦਾ ਰਾਜਾ ਭੀ ਦਸਿਆ ਹੈ। ਵਰਾਹ ਨੇ ਜੋ ਧਰਤੀ ਪਤਾਲ ਵਿਚੋਂ ਲਿਆਂਦੀ ਸੀ ਉਹ ਬਵੰਜਾ ਕਰੋੜ ਮੀਲ ਲੰਮੀ ਲਿਖੀ ਹੈ ਪਰ ਅਜ ਕੋਈ ਗਿਣਤੀ ਇਤਨੀ ਨਹੀਂ ਹੁੰਦੀ।

## ਨਰ ਨਾਰਾਇਣ ਅਵਤਾਰ

ਨਰ ਨਰਾਇਣ ਦੀ ਕਥਾ ਗ੍ਰੰਥ ਭਾਗਵਤ ਸਕੰਧ ਦੇ ਪਹਿਲੇ ਔਰ ਤੀਜੇ ਧਿਆਇ ਦਾ ਉਲਥਾ ਹੈ। ਚੌਦਾਂ ਰਤਨਾਂ ਦੇ ਵੰਡਣ ਪਰ

Digitized by Panjab Digital Library | www.panjabdigilib.org

ਵਿਸ਼ਨੂੰ ਨਰ ਨਾਰਾਇਣ ਬਣਿਆਂ। ਚੌਦਾਂ ਰਤਨਾਂ ਨਾਲ ਸਮੁੰਦਰ ਵਿਚੋਂ 'ਜੋਕ' ਹਰੜ, ਹਕੀਕ (ਪੱਥਰ) ਸਹਿਤ, ਪੰਜ ਜਨ ਸੰਖ, ਸੋਮ ਬੇਲ (ਸੋ ਮਾਲਤਾ ਬੂਟੀ) ਸੁਧਾ (ਭੰਗ) ਗਦਾ, ਸੁਦਰਸ਼ਨ ਚੱਕ੍ਰ, ਸਾਰੰਗ, ਤ੍ਰਿਸੂਲ, ਬੜਵਾ ਅਗਨ, ਨਿਕਲਨੇ ਭੀ ਲਿਖੇ ਹਨ, ਸਾਥ ਹੀ ਧਾਤਾਂ ਸਿਕਾ, ਸੋਨਾ, ਚਾਂਦੀ, ਸੁਰਮਾ, ਸ਼ਿੰਗਰਫ, ਹੜਤਾਲ, ਸਿੰਮਲ ਖਾਰ, ਮੁਰਦਾ ਸਿੰਗ, ਮਨਸਿਲ, ਅਭਰਕ, ਨਿਮਕ ਸਮੁੰਦਰ ਵਿਚੋਂ ਨਿਕਲੇ ਮੰਨੇ ਹਨ। ਨਰ ਭੀ ਮੰਤਵ ਮਾਨੁਖਾਵਤਾਰ ਹੈ ਨਰ ਨਾਰਾਇਣ ਦਾ ਜਨਮ ਮੂਰਤੀ ਨਾਮੀ ਕੁਆਰੀ ਲੜਕੀ ਤੋਂ ਦਸਿਆ ਹੈ। ਨਾਰਾਇਣ ਦੇ- ਅਰਥ ਪਾਣੀ ਵਿਚ ਘਰ ਵਾਲਾ ਹੈ।

## ਕੱਛ ਅਵਤਾਰ

ਵਿਸ਼ਨੂੰ ਸਮੁੰਦਰ ਰਿੜਕ ਕੇ ਰਤਨ ਨਿਕਾਲਣ ਵੇਲੇ ਕਛੂ ਬਣਕੇ ਮੰਦ੍ਰਾਚਲ ਪਹਾੜ ਹੇਠਾਂ ਠੁਮਣਾ ਬਣਿਆਂ, ਤਾ ਕਿ ਮੰਦ੍ਰਾਚਲ ਨਿੱਘਰ ਨਾ ਜਾਏ, ਇਹ ਰਿੜਕਣੇ ਦਾ ਮਧਾਣਾ ਸੀ, ਕਛੂ ਨੂੰ ਭੀ ਹਿੰਦੂ ਰੱਬ ਮੰਨਦੇ ਹਨ। ਭਾਈ ਗੁਰਦਾਸ ਜੀ ਨੇ ਛਬੀਸਵੀਂ ਵਾਰ ਵਿਖੇ ਲਿਖਿਆ ਹੈ, ਖੀਰ ਸਮੁੰਦ ਵਿਰੋਲ ਕੈ ਕੱਢ ਰਤਨ ਚਉਦਹ ਵੰਡ ਲੀਤੇ। ਕਾਮ ਧੇਨ ਤੇ ਅਪੱਛਰਾ ਐਰਾਪਤਿ ਇੰਦ੍ਰਾਸਨ ਸੀਤੇ। ਕਾਲ ਕੂਟ ਤੇ ਅਰਧ ਚੰਦ ਮਹਾਂ ਦੇਵ ਮਸਤਕ ਧਰ ਪੀਤੇ। ਘੋੜਾ ਮਿਲਿਆ ਸੂਰਜੈ ਮਦ ਅੰਮ੍ਰਿਤ ਦੇਵ ਦਾਨਵ ਗੀਤੇ। ਕਰੇ ਧਨੰਤਰ ਵੈਦਗੀ ਤੱਛਕ ਨਾਗ ਸੁ ਮਤ ਬਿਪਰੀਤੇ।

## ਮੱਛ ਅਵਤਾਰ

ਸਤਯ ਵਰਤ ਜੋ ਮਗਧ ਦੇਵ ਰਾਜੇ ਦਾ ਪੁਤ੍ਰ ਰਾਜ ਤਜ ਕੇ ਤਪ ਕਰਨ ਲੱਗਾ ਦਸ ਹਜ਼ਾਰ ਸਾਲ ਉਗ੍ਰ ਤਪ ਕੀਤਾ। ਇਕ ਦਿਨ ਕੀਰਤ ਪਾਲ ਨਦੀ ਵਿਚੋਂ ਇਕ ਮੱਛੀ ਇਸ ਦੇ ਪਾਣੀ ਦੇ ਕਰਮੰਡਲ ਵਿਚ ਆ ਗਈ। ਲਿਖਿਆ ਹੈ ਕਿ ਇਹ ਮੱਛੀ ਸਮਾਂ ਪਾਕੇ ਦਸ ਹਜ਼ਾਰ ਜੋਜਨ ਵੱਡੀ ਹੋ ਗਈ। 'ਬੱਸ! ਇਹੋ ਮੱਛੀ ਅਵਤਾਰ ਬਣ ਗਈ, ਇਸ ਮੱਛ ਨੇ ਸਤਯ ਵਰਤ ਨੂੰ ਪਰਲੋ ਦਾ ਤਮਾਸ਼ਾ ਦਿਖਾਇਆ ਇਸੇ ਪ੍ਰਸੰਗ ਦਾ ਇਕ ਮਛ ਪੁਰਾਣ ਬਣਿਆਂ, ਮੱਛ ਪੁਰਾਣ ਨੇ ਉਸ ਮੱਛੀ ਨੂੰ ਵਿਸ਼ਨੂੰ ਅਵਤਾਰ ਸਿੱਧ ਕੀਤਾ।

## ਵੈਵਸ੍ਰਤਿ ਅਵਤਾਰ

ਇਕ ਵੈਵ ਸ੍ਰਤਿ ਅਵਤਾਰ ਦੀ ਕਥਾ ਭੀ ਹੈ, ਤੰਦੂਏ ਪਾਸੋਂ ਹਾਥੀ ਨੂੰ ਛੁਡੋਣ ਵਾਲਾ ਵਿਸ਼ਨੂੰ ਅਵਤਾਰ ਲਿਖਿਆ ਹੈ। ਇਕ ਰੋਜੇਂਦਰ ਹਾਥੀ ਜੋ ਕਿ ਤ੍ਰਿਕੁਟ ਪਹਾੜ ਪਰ ਰਹਿੰਦਾ ਸੀ, ਜੋ ਕਿਸੀ ਤਾਲਾਬ ਪਰ ਪਾਣੀ ਪੀਣੇ ਗਿਆ, ਉਥੇ ਇਸ ਨੂੰ ਗ੍ਰਾਹ (ਤੰਦੂਆ) ਨੇ ਫੜ ਲਿਤਾ। ਉਸ ਵਿਚ ਦਸ ਹਜ਼ਾਰ ਹਾਥੀ ਦੀ ਤਾਕਤ ਸੀ, ਹਾਥੀ ਦੇ ਬੇਨਤੀ ਕਰਨੇ ਪਰ ਵਿਸ਼ਨੂੰ ਨੇ ਉਸ ਤੰਦੂਏ ਦੇ ਜਾਲ ਚੱਕ੍ਰ ਨਾਲ ਕਟੇ, ਇਸਤਰਾਂ ਪਰਮਾਤਮਾਂ ਨੇ ਜਿਸ ਪਰ ਭੀ ਕ੍ਰਿਪਾ ਕੀਤੀ ਓਹ ਸਭ ਵਿਸ਼ਨੂੰ ਦੇ ਨਾਮ ਠੱਪ ਕੇ ਗ੍ਰਹ ਪੁਰਾਣ ਬਣਾ ਦਿਤਾ ਹੈ। ਗੁਰੂ ਜੀ ਨੇ ਸਭੋ ਕ੍ਰਿਪਾ ਅਕਾਲ ਪੁਰਖ ਦੀ ਦਸੀ ਹੈ। ਕਈ ਥਾਂ ਮੱਛ ਵਤਾਰ ਨੂੰ ਸੰਖਾਸੁਰ ਦੈਂਤ ਦੇ ਮਾਰਨੇ ਵਾਸਤੇ ਹੋਇਆ

Digitized by Panjab Digital Library | www.panjabdigilib.org

ਦਸਿਆ ਹੈ। ਸੰਖਾਸੁਰ ਨੇ ਸੁਤੇ ਪਏ ਬ੍ਰਹਮਾਂ ਪਾਸੋਂ ਵੇਦ ਚੁਰਾ ਲੀਤੇ ਸਨ। ਕਈ ਜਗ੍ਹਾ ਮੱਛ ਵਤਾਰ ਨੂੰ ਹਯਗ੍ਰੀਵ ਨਾਮ ਸੇ ਭੀ ਲਿਖਿਆ ਹੈ। ਪੁਰਾਣਕ ਕਥਾਵਾਂ ਇਕ ਦੂਜੇ ਨਾਲੋਂ ਵਿਰੁਧ ਬਹੁਤ ਹਨ।

## ਨਰਸਿੰਘਵਤਾਰ

ਨਰਸਿੰਘ ਅਵਤਾਰ ਦਾ ਜਨਮ ਵਿਸਾਖ ਸੁਦੀ ਚੋਦਸ ਨੂੰ ਮੰਨਦੇ ਹਨ, ਇਸ ਦਾ ਸਤਾਈ ਹਜ਼ਾਰ ਬਰਸ ਰਾਜ ਕਰਨਾ ਲਿਖਿਆ ਹੈ। ਵਿਸ਼ਨੂੰ ਦੇ ਦਰਬਾਰੀ ਵਿਜੈ ਨੇ ਹਰਨਾਖਸ ਰੂਪ ਵਿਚ ਜਨਮ ਪਾਇਆ ਸੀ, ਇਹ ਮੁਲਤਾਨ ਦਾ ਰਾਜਾ ਸੀ। ਇਸ ਨੇ ਬ੍ਰਹਮਾਂ ਪਾਸੋਂ ਵਰ ਲੀਤਾ ਸੀ ਕਿ ਮੈਂ ਕਿਸੇ ਮਾਨੁਖ ਪਾਸੋਂ ਨਾ ਮਰਾਂ। ਵਿਸ਼ਨੂੰ ਨੇ ਇਸਨੂੰ ਮਾਰਨ ਵਾਸਤੇ ਨਰ ਸਿੰਘ ਰੂਪ ਧਾਰਿਆ। ਇਸਦੀ ਸ਼ਕਲ ਅੱਧਾ ਹਿੱਸਾ ਮਾਨੁਖ ਔਰ ਅੱਧਾ ਸਰੀਰ ਸ਼ੇਰ ਦਾ ਦਸਿਆ ਹੈ, ਇਸ ਨੇ ਥੰਮ੍ਹ ਵਿਚੋਂ ਨਿਕਲਕੇ ਆਪਣੀਆਂ ਨੌਂਹਦਰਾਂ ਨਾਲ ਹਰਨਾਖਸ਼ ਦਾ ਪੇਟ ਫਾੜ ਦਿਤਾ। ਵਿਸ਼ਨ ਪੁਰਾਣ ਔਰ ਭਾਗਵਤ ਦਾ ਲੇਖ ਹੈ ਕਿ ਹਰਨਾਖਸ਼ ਦੇ ਪੁਤ੍ਰ ਪ੍ਰਹਿਲਾਦ ਨੂੰ ਸੁਕ੍ਰਾਚਾਰਜ ਨੇ ਪੜਾਇਆ ਕਿਧਰੇ ਸੰਡਾ ਮਰਕਾ ਉਸਤਾਦ ਲਿਖੇ ਹਨ। ਹਰਨਾਖਸ਼ ਵਿਸ਼ਨ ਭਗਤ ਦਾ ਵਿਰੋਧੀ ਸੀ, ਪ੍ਰਹਿਲਾਦ ਵਿਸ਼ਨ ਭਗਤ ਸੀ। ਪ੍ਰਹਿਲਾਦ ਨੂੰ ਵਸੂ ਦੇਵ ਨਾਮੀ ਬ੍ਰਾਹਮਣ ਦਾ ਅਵਤਾਰ ਲਿਖਿਆ ਹੈ। ਪ੍ਰਹਿਲਾਦ ਦੀ ਇਸਤ੍ਰੀ ਦਾ ਨਾਮ ਸਰਵਣਾ ਸੀ, ਇਸਦੇ ਪੰਜ ਪੁਤ੍ਰ (ਵਿਰੋਚਨ, ਗਵੇਸ਼ਠ, ਸ਼ਿਵ, ਵਾਸਿਕਲ) ਸਨ, ਅਗੇ ਗਵੇਸ਼ਠ ਦੇ ਪੁਤ੍ਰ, ਦੈਂਤਾਂ ਦੇ ਰਾਜੇ ਸ਼ੁੰਭ ਔਰ ਨਿਸ਼ੁੰਭ ਲਿਖੇ ਹਨ, ਜਿਨ੍ਹਾਂ ਨੂੰ ਕਿ ਚੰਡੀ ਨੇ ਮਾਰਿਆ (ਪੜ੍ਹੋ ਵਾਰ ਭਗੌਤੀ) ਵਿਰੋਚਨ ਦਾ ਪੁਤ੍ਰ (ਪ੍ਰਹਿਲਾਦ ਦਾ ਪੋਤ੍ਰਾ) ਰਾਜਾ ਬਲਿ ਸੀ, ਜੋ ਮਹਾਨ ਧਰਮੀ ਸੀ ਉਸਨੂੰ ਵਿਸ਼ਨੂੰ ਨੇ ਠੱਗ ਕੇ ਛਲ ਨਾਲ ਤਬਾਹ ਕੀਤਾ।

ਇਹ ਜੰਗ ਰਾਜਸੀ ਔਰ ਖਾਨਦਾਨੀ ਸਨ, ਉਧਰ ਇੰਦਰ ਰਾਜਾ ਭੀ ਅਦਿੱਤੀ ਦਾ ਪੁਤ੍ਰ (ਪਿਤਾ ਕਸ਼ਯਪ) ਸੀ। ਆਦਿਤੀ ਤੋਂ ਹੀ ਵਿਸ਼ਨੂੰ ਜਨਮਿਆਂ, ਠੱਗ ਬੌਨਾ ਬ੍ਰਾਹਮਣ ਨੂੰ ਉਪਇੰਦਰ ਭੀ ਕਿਹਾ ਹੈ (ਇੰਦਰ ਦਾ ਛੋਟਾ ਭਾਈ) ਉਧਰ ਦੈਂਤ ਭੀ ਆਦਿੱਤੀ ਦੀ ਵੰਸ ਸਨ ਸ਼ੁਕ੍ਰ ਪੰਡਿਤ ਬਲਿ ਰਾਜੇ ਦਾ ਗੁਰੂ ਸੀ। ਬੌਨੇ ਬ੍ਰਾਹਮਣ ਨੇ ਬਲਿ ਨਾਲ ਭਾਰੀ ਧੋਖਾ ਕੀਤਾ, ਦਾਨ ਲੇਕੇ ਉਸ ਨੂੰ ਗਿਰਾ ਕੇ ਆਪਣੇ ਵਡੇ ਭਾਈ ਇੰਦਰ ਦੀ ਨਾਜਾਇਜ਼ ਮਦਦ ਕੀਤੀ, ਢਾਈ ਕਰਮਾਂ ਧਰਤੀ ਕੁਟੀਆ ਵਾਸਤੇ ਮੰਗਕੇ ਸਾਰਾ ਰਾਜ ਹੀ ਠੱਗ ਲੀਤਾ। ਇਸ ਪ੍ਰਸੰਗ ਪਰ ਕਬੀਰ ਜੀ ਨੇ ਲਿਖਿਆ ਹੈ–'ਕਹੁ ਕਬੀਰ ਭਗਤ ਬਸਿ ਕੇਸ਼ਵ, ਅਜਹੂੰ ਬਲ ਕੇ ਦੁਆਰ ਖਰੇ !' ਵਿਸ਼ਨੂੰ ਨੂੰ ਧੋਖਾ ਕਰਨ ਦਾ ਫਲ ਇਹ ਮਿਲਿਆ ਕਿ ਰਾਜਾ ਬਲਿ ਦਾ ਦਰਬਾਰੀ ਹੋ ਕੇ ਹੁਣ ਤੀਕਰ ਉਥੇ ਹੀ ਖੜੋਤ੍ਰਾ ਹੈ। ਗੁਰਬਾਣੀ ਵਿਖੇ ਭੀ ਐਸੇ ਕਾਫੀ ਪ੍ਰਸੰਗ ਟੀਕਾ ਟਿਪਣੀ ਰੂਪ ਵਿਚ ਬਤੌਰ ਪ੍ਰਮਾਣ ਦੇ ਆਏ ਹਨ। ਜਿਨਾਂ ਦੇ ਵਿਸਥਾਰ ਪੂਰਬਕ ਪ੍ਰਸੰਗ ਹਿੰਦੂ ਗ੍ਰੰਥਾਂ ਵਿਚੋਂ ਮਿਲਦੇ ਹਨ। ਪ੍ਰਹਿ-ਲਾਦ ਕਿਧਰੇ ਬ੍ਰਹਮਾਂ ਦੇ ਪੁਤ੍ਰ ਦਾ ਅਵਤਾਰ ਲਿਖਿਆ ਹੈ। ਹਰਨਾਖਸ ਔਰ ਹਰਨ

Digitized by Panjab Digital Library | www.panjabdigilib.org

ਕਸ਼ਪ ਨੇ ਰਾਵਣ ਔਰ ਕੁੰਭ ਕਰਨ ਦਾ ਅਵਤਾਰ ਲੀਤਾ, ਔਰ ਬ੍ਰਹਮਾਂ ਦਾ ਪੁਤ੍ਰ ਹਨੂਮਾਨ ਹੋਇਆ, ਅਗੇ ਦੁਆਪਰ ਵਿਚ ਉਕਤ ਦੈਂਤ ਦੰਤ ਵੱਕ੍ਰ ਤੇ ਸਿਸੂ ਪਾਲ ਹੋਕੇ ਜਨਮੇ ਔਰ ਸਨਕ ਨੇ ਅਕ-ਰੂਰ ਦਾ ਜਨਮ ਲੀਤਾ। ਸ਼ਿਵ ਪੁਰਾਣ ਵਿਖੇ ਉਕਤ ਪ੍ਰਸੰਗ ਵਿਸਥਾਰ ਨਾਲ ਮਿਲਦੇ ਹਨ।

## ਹਯਗਰੀਵ ਅਵਤਾਰ

ਦੇਵੀ ਭਾਗਵਤ ਪੁਰਾਣ ਦੀ ਕਥਾ ਅਨੁਸਾਰ ਕਿ ਵਿਸ਼ਨੂੰ ਜੀ ਦਾ ਆਪਣੀ ਹੀ ਕਮਾਨ ਦੇ ਚਿਲੇ ਨਾਲ ਸਿਰ ਕਟ ਗਿਆ ਸੀ, ਜਿਸ ਪਰ ਦੇਵੀ ਨੇ ਵਿਸ਼ਨੂੰ ਦੇ ਧੜ ਪਰ ਘੋੜੇ ਦਾ ਸਿਰ ਕੱਟ ਕੇ ਲਗਾ ਦਿਤਾ ਸੀ, ਇਸ ਨੂੰ ਹਯਗਰੀਵ ਅਵਤਾਰ ਮੰਨਿਆਂ ਗਿਆ। ਪਰੰਤੂ ਵਿਸ਼ਨ ਪੁਰਾਣ ਦੀ ਕਥਾ ਅਨੁਸਾਰ ਭੌਮਾ ਸੁਰ ਦਾ ਇਕ ਜਰਨੈਲ ਸੀ ਜੋਕਿ ਮੁਰਦੈਂਤ ਦਾ ਸੰਗੀ ਸੀ, ਜਿਸਦੇ ਮਾਰਨੇ ਕਰਕੇ ਕ੍ਰਿਸ਼ਨ ਨੂੰ ਮੁਰਾਰੀ ਖਿਤਾਬ ਦਿਤਾ ਜਾਂਦਾ ਹੈ। ਹਯਗਰੀਵ ਦਾ ਵਡਾ ਕੰਮ ਮਧ ਕੈਟਬ ਦੈਂਤਾਂ ਪਾਸੋਂ ਵੇਦ ਲਿਆਕੇ ਬ੍ਰਹਮਾਂ ਨੂੰ ਦੇਣੇ ਹਨ।

## ਮੋਹਨੀ ਅਵਤਾਰ

ਵਿਸ਼ਨੂੰ ਨੇ ਰਤਨ ਵੰਡਣ ਵੇਲੇ ਸੁੰਦਰ ਇਸਤ੍ਰੀ ਬਣਕੇ ਦੈਂਤਾਂ ਦੇਵਤਿਆਂ ਨੂੰ ਭਰਮਾਇਆ ਔਰ ਨਰ ਨਾਰਾਇਣ ਬਣ ਕੇ ਰਤਨਾ ਦੀ ਵੰਡ ਲਈ ਜੰਗ ਕੀਤਾ। ਖੋਹਾ ਖਿੰਜੀ ਨਾਲ ਜੋਕਿ ਅੰਮ੍ਰਿਤ ਦਾ ਘੜਾ ਡੁਲ੍ਹਿਆ ਸੀ ਉਨਾਂ ਗਿਰੀਆਂ ਬੂੰਦਾਂ ਨਾਲ ਪ੍ਰਯਾਗ, ਹਰ ਦੁਆਰ, ਨਾਸਿਕ, ਉਜੈਨ, ਕੁੰਭ ਤੀਰਥ ਆਦਿ ਬਣੇ, ਬਾਰਾਂ ਸਾਲਾਂ ਪਿਛੋਂ ਮੇਲੇ ਹੁੰਦੇ ਹਨ ਔਰ ਛੀਵੇਂ ਸਾਲ ਅਧਕੁੰਭੀ ਰਚੀ ਗਈ ਹੈ ਮੋਹਨੀ ਰੂਪ ਧਾਰ ਕੇ ਵਿਸ਼ਨੂੰ ਨੇ ਦੈਂਤਾਂ ਨੂੰ ਛਲ ਤੇ ਧੋਖੇ ਨਾਲ ਸ਼ਰਾਬ ਪਿਲਾਈ ਔਰ ਦੇਵ-ਤਿਆਂ ਨੂੰ ਅੰਮ੍ਰਿਤ ਦਿਤਾ, ਇੰਦਰ ਦਾ ਪੁਤ੍ਰ ਜਯੰਤ ਅੰਮ੍ਰਿਤ ਦਾ ਘੜਾ ਚੋਰੀ ਨਾਲ ਸੁਰਗਾਂ ਨੂੰ ਲੈ ਤੁਰਿਆ ਸੀ। ਦੈਂਤਾਂ ਦੇ ਗੁਰੂ ਸ਼ੁੱਕ੍ਰ ਨੇ ਦੈਂਤਾਂ ਨੂੰ ਦਸਿਆ ਜਿਸ ਕਾਰਨ ਖੂਬ ਜੰਗ ਖੜਕੀ। ਰਾਹੂ ਦੈਂਤ ਨੇ ਦੇਵਤਿਆਂ ਦੀ ਪੰਗਤ ਵਿਚ ਬੈਠ ਕੇ ਅੰਮ੍ਰਿਤ ਪੀ ਲੀਤਾ ਸੀ, ਸੂਰਜ ਚੰਦ੍ਰਮਾਂ ਨੇ ਚੁਗਲੀ ਮਾਰੀ ਵਿਸ਼ਨੂੰ ਨੇ ਰਾਹੂ ਨੂੰ ਮਾਰਕੇ ਦੋ ਟੁਕੜੇ ਕਰ ਦਿਤਾ। ਹੁਣ ਰਾਹੂ ਔਰ ਕੇਤੂ ਗ੍ਰਹਿਣ ਲਗਣੇ ਪਰ ਚੰਦ ਸੂਰਜ ਪਾਸੋਂ ਚੁਗਲ ਖੋਰੀ ਦਾ ਬਦਲਾ ਲੈਂਦੇ ਰਹਿੰਦੇ ਮੰਨੇ ਹਨ। ਵਿਸ਼ਨੂੰ ਨੇ ਦੈਂਤਾਂ ਨਾਲ ਭਾਰੀ ਛਲ ਔਰ ਧੋਖਾ ਕੀਤਾ ਜੋ ਚੌਦਾਂ ਰਤਨਾਂ ਵਿਚੋਂ ਉਚ ਸ੍ਰਵਾਘੋੜਾ,ਰੰਭਾ ਆਦਿ ਇੰਦਰ ਨੂੰ,ਅੰਮ੍ਰਿਤ ਦੇਵਾਂ ਨੂੰ, ਲਛਮੀ, ਕੌਸਕ, ਧਨੁਸ਼ ਆਦਿ ਆਪ ਰਖ ਲੀਤੇ, ਜ਼ੋਹਰ ਸ਼ਿਵ ਜੀ ਨੂੰ, ਸ਼ਰਾਬ ਦੈਂਤਾਂ ਨੂੰ ਦਿਤੀ,ਕਾਮਧੇਨ ਰਿਖੀਆਂ ਨੂੰ, ਹਾਲਾਂਕਿ ਸਮੁੰਦਰ ਰਿੜਕਿਆ ਸੀ ਦੈਂਤਾਂ ਦੇਵਤਿਆਂ ਨੇ ਮਿਲਕੇ, ਹੱਕ ਯਕਸਾਂ ਸੀ, ਉਸ ਮੋਹਨੀ ਰੂਪ ਇਸਤ੍ਰੀ ਪਰ ਸ਼ਿਵ ਜੀ ਕਾਮ ਵਸ ਹੋਕੇ ਖੁਆਰ ਹੋਇਆ, ਤ੍ਰਿਲੋਕੀ ਨਾਥ ਨੂੰ ਇਹ ਭੀ ਪਤਾ ਨਾ ਲਗਿਆ ਕਿ ਇਹ ਵਿਸ਼ਨੂੰ ਹੀ ਇਸਤ੍ਰੀ ਬਣ ਰਿਹਾ ਹੈ।

Digitized by Panjab Digital Library | www.panjabdigilib.org

## ਰਾਮਚੰਦ੍ਰ ਅਵਤਾਰ

ਰਾਮ ਚੰਦਰ ਦਾ ਜਨਮ ਚੇਤ੍ਰ ਸੁਦੀ ਨੌਮੀ ਨੂੰ ਮੰਨਦੇ ਹਨ। ਪਿਤਾ ਦਾ ਨਾਮ ਦਸਰਥ, ਮਾਤਾ ਕੁਸ਼ੱਲਜਾ ਸੀ। ਰਾਮਾਇਣ ਦਾ ਉਲਥਾ ਰਾਮਾਵਤਾਰ ਪ੍ਰਸੰਗ ਹੈ। ਰਾਮ ਚੰਦਰ ਜੀ ਰਾਵਨ ਨੂੰ ਮਾਰਨ ਪਿਛੋਂ ਵਿਸ਼ਨ ਅਵਤਾਰ ਪ੍ਰਸਿਧ ਹੋਏ ਸਨ ਅਤੇ ਸੀਤਾ ਵਯੋਗ ਵਿਖੇ ਪ੍ਰਾਣ ਤਯਾਗ ਗਏ। ਯਥਾ:-ਇੰਦਰ ਮਤੀ ਹਿਤ ਅਜ ਨ੍ਰਿਮਤ ਗ੍ਰਿਹ ਤਜ ਲੀਆ ਜੋਗ। ਤਿਮ ਰਘਬਰ ਤਨ ਕੋ ਤਜਾ ਸ੍ਰੀ ਜਾਨਕੀ ਬਿਯੋਗ ॥ ੮੫੦ ॥

ਰਾਮਾ ਅਵਤਾਰ ਦੀ ਕਥਾ ਰਾਮਾਇਣ ਵਿਚੋਂ ਲੀਤੀ ਗਈ ਹੈ, ਪੰਡਿਤ ਤੁਲਸੀ ਦਾਸ ਪਹਿਲਾਂ ਕ੍ਰਿਸ਼ਨ ਭਗਤ ਸੀ, ਉਸ ਨੇ ਲਿਖਿਆ ਸੀ-'ਖੋੜਸ ਕਲਾ ਕ੍ਰਿਸ਼ਨ ਸੁਖ ਸਾਰਾ। ਦੁਆਦਸ ਕਲਾ ਰਾਮ ਅਵਤਾਰਾ।' ਆਖਰ ਇਸੇ ਨੇ ਰਾਮ ਚੰਦ੍ਰ ਨੂੰ ਰੱਬ ਸਿਧ ਕੀਤਾ। ਰਾਮ ਚੰਦਰ ਔਰ ਲਛਮਣ ਨੇ ਰਾਵਣ ਦੀ ਭੈਣ ਸਰੂਪਨਖਾਂ ਦਾ ਨੱਕ ਕਟਿਆ ਸੀ ਜੋ ਭਾਰੀ ਜ਼ੁਲਮ ਔਰ ਇਸਤ੍ਰੀ ਜ਼ਾਤੀ ਪਰ ਹਮਲਾ ਸੀ। ਰਾਵਨ ਨਾਲ ਲੜਾਈ ਦੇ ਮੋਢੀ ਅਸਲੋਂ ਇਹ ਦੋਵੇਂ ਭਰਾ ਸਨ। ਰਾਵਨ ਨੇ ਸੀਤਾ ਦਾ ਸਤ ਭੰਗ ਨਹੀਂ ਕੀਤਾ, ਜਿਸ ਤੋਂ ਉਸ ਦੀ ਮਹਾਨ ਉੱਚੀ ਇਮਾਨਦਾਰੀ ਸਿੱਧ ਹੁੰਦੀ ਹੈ।

ਸ੍ਰੀ ਰਾਮ ਚੰਦਰ ਜੀ ਦੀ ਆਪਣੀ ਕੋਈ ਸਿਖਯਾ ਪੂਰਤ ਲਿਖਤ ਨਹੀਂ ਹੈ, ਆਪ ਨੇ ਬਾਲਮੀਕੀ ਰਾਮਾਇਣ ਲਿਖੇ ਜਾਣ ਕਰਕੇ ਹੀ ਪਰਸਿੱਧੀ ਪਾਈ; ਆਪ ਕੇਵਲ ਸਮੇਂ ਦੇ ਰਾਜੇ ਸਨ। ਰਾਜ ਕਾਜ ਪਿਛੋਂ ਜੱਗ ਕੀਤੇ, ਭਾਵੇਂ ਹਿੰਦੂ ਗ੍ਰੰਥ ਇੰਦਰ, ਕੁਬੇਰ, ਵਾਯੂ, ਸੂਰਜ, ਧਰਮ ਰਾਜ, ਚੰਦ੍ਰਮਾਂ, ਅਗਨਿ, ਵਰਣ ਰਾਜ, ਭਾਵ ਅੱਠਾਂ ਦੇਵਾਂ ਦੇ ਸਾਰ ਅੰਸ ਵਿਚੋਂ ਰਾਜਾ ਬਣਨਾ ਦਸਦੇ ਹਨ ਪਰ ਅਜਕਲ ਦੀ ਦੁਨੀਆਂ ਵਿਚ ਰਾਜਾ ਸ਼ਬਦ ਡਿਕਸ਼ਨਰੀ ਤੋਂ ਭੀ ਨਿਕਲ ਰਿਹਾ ਹੈ। ਪਿਛਲੇ ਲੋਕ ਰਾਜਿਆਂ ਨੂੰ ਰੱਬ ਮੰਨ ਕੇ ਪੂਜਦੇ ਸਨ, ਜਿਸ ਨੂੰ ਮੌਜੂਦਾ ਸਮਾਂ ਮੂਰਖਤਾ ਸਮਝਦਾ ਹੈ। ਰਾਮਾਇਣ ਦੇ ਲਿਖਤ ਅਨੁਸਾਰ ਰਾਮ ਚੰਦਰ ਦਾ ਗਿਆਰਾਂ ਹਜ਼ਾਰ ਬਰਸ ਰਾਜ ਕਰਨਾ ਲਿਖਿਆ ਹੈ।

## ਬ੍ਰਹਮਾਂ ਅਵਤਾਰ

ਬ੍ਰਹਮਾਂ ਦੇ ਅਤਰੇ ਕਈ ਅਵਤਾਰ ਲਿਖੇ ਹਨ, ਜਿਹਾ ਕਿ ਬਾਲਮੀਕ, ਕਸ਼ਪ, ਸ਼ੁਕ੍ਰ (ਦੈਂਤਾਂ ਦਾ ਗੁਰੂ), ਪਚੇਸ (ਬ੍ਰਹਸਪਤ), ਬਯਾਸ, ਮਨੂ ਆਦਿ। ਕਈ ਰਾਜੇ ਭੀ ਬ੍ਰਹਮਾ ਅਵਤਾਰ ਲਿਖੇ ਹਨ ਯਥਾ:-ਪ੍ਰਿਥੂ, ਭਰਤ, ਬੇਨ, ਯਯਾਤੀ, ਦਲੀਪ, ਰਘੁ, ਅਜ। ਛੀ ਸ਼ਾਸਤ੍ਰਾਂ ਦੇ ਕਰਤੇ ਭੀ ਬ੍ਰਹਮਾਂ ਅਵਤਾਰ ਕਹੇ ਜਾਂਦੇ ਹਨ। ਕਾਲੀ ਦਾਸ ਆਦਿ ਜੋ ਭੀ ਸੰਸਾਰ ਵਿਚ ਵਿਦਵਾਨ ਪ੍ਰਸਿਧ ਹੋਇਆ ਉਸੀ ਨੂੰ ਬ੍ਰਹਮਾਂ ਦਾ ਅਵਤਾਰ ਮੰਨਿਆਂ ਗਿਆ।

ਮਨੂ ਸਿਮ੍ਰਤੀ ਦੇ ਲੇਖ ਮੂਜਬ ਪ੍ਰਿਥਮ ਸ੍ਵਯੰਭੂ ਭਗਵਾਨ ਨੇ ਜਲ ਦੀ ਰਚਨਾ ਕੀਤੀ ਉਸ ਵਿਚ ਇਕ ਬੀਜ ਸੁਟ ਕੇ ਸ੍ਵਰਨ ਅੰਡਾ (ਗੋਲਕਾਰ) ਉਤਪੱਨ ਕੀਤਾ ਉਸ ਥੀਂ ਬਹਮਾਂ ਜਨਮਿਆਂ। ਪਰੰਤੂ ਭਾਗਵਤ ਦੀ ਕਥਾ ਅਨੁਸਾਰ ਪਹਿਲਾਂ

Digitized by Panjab Digital Library | www.panjabdigilib.org

ਮਹਤਤ੍ਵ, ਅਹੰਕਾਰ ਤੇ ਪੰਜ ਤਨ ਮਾਤ੍ਰਾ ਦੁਆਰੇ ਗਯਾਰਾਂ ਇੰਦ੍ਰੀਆਂ ਪੰਜ ਮਹਾਂ ਭੂਤ ਪੈਦਾ ਕਰਕੇ ਉਕਤ ਸੋਲਾਂ ਕਲਾਂ ਨਾਲ ਵਸ਼ਿਸ਼ ਵਿਰਾਟ ਰੂਪ ਬਣਿਆਂ ਉਪਰੰਤ ਵਿਸ਼ਨੂੰ ਦੀ ਧੁੰਨੀ (ਨਾਭੀ) ਵਿਚੋਂ ਉਪਜੇ ਕਮਲ ਫੁਲ ਥੀਂ ਬ੍ਰਹਮਾਂ ਜਨਮਿਆਂ ਬ੍ਰਹਮਾਂ ਨੇ ਅਗੋਂ ਦਸ ਮਾਨੁਸੀ ਪੁਤ੍ਰ ਪੈਦਾ ਕੀਤੇ। ਯਥਾ:-ਮਰੀਚਿ, ਅਤ੍ਰਿ, ਅੰਗਰਾ, ਪੁਲਸਤ, ਪੁਲਹ, ਕ੍ਰਤੁ, ਪ੍ਰਚੇਤਾ, ਵਸਿਸਠ, ਭ੍ਰਿਗੂ, ਨਾਰਦ। ਈਹੋ ਪ੍ਰਜਾ ਪਤਿ ਆਖੇ ਗਏ। 'ਬ੍ਰਹਮਾ ਵਡਾ ਅਖਾਇੰਦਾ ਨਾਭ ਕਵਲ ਦੀ ਨਾਲਿ ਸਮਾਣਾ' (ਭਾ: ਗੁ: ੧੨) ਬ੍ਰਹਮੇ ਕਮਲ ਪੁਤ੍ਰ ਹੈ।

## ਵਰਾਹ ਅਵਤਾਰ

ਵਰਾਹ ਅਵਤਾਰ ਬ੍ਰਹਮਾਂ ਦੀ ਨਿਛ ਨਾਲ ਨਕ ਵਿਚੋਂ ਹੋਣਾ ਦਸਿਆ ਹੈ। ਸਨਕਾਦਿ ਨੇ ਹੀ ਜਯ ਵਿਜਯ ਵਿਸ਼ਨੂੰ ਦੇ ਚਪੜਾਸੀਆਂ ਨੂੰ ਸਰਾਪ ਦਿਤਾ, ਦੇਵਤਿਆਂ ਦੇ ਇਹੋ ਮਾਸਟਰ ਸਨ।

## ਕਪਲ ਮੁਨੀ

ਕ੍ਰਦਮ ਰਿਖੀ ਦੀ ਦੇਵ ਅਹੂਤੀ ਤੋਂ ਕਪਲ ਮੁਨੀ। ਇਹ ਭੀ ਬ੍ਰਹਮਾਂ ਦਾ ਅਵਤਾਰ ਸੀ, ਇਸੇ ਨੇ ਸਗਰ ਰਾਜੇ ਦੇ ਸੱਠ ਹਜ਼ਾਰ ਪੁਤ੍ਰ ਸਰਾਪ ਨਾਲ ਮਾਰੇ ਸਨ, ਇਨਾਂ ਦੀ ਗਤੀ ਲਈ ਭਾਗੀਰਥ ਨੇ ਸੁਰਗਾਂ ਤੋਂ ਗੰਗਾ ਲਿਆਂਦੀ। ਬ੍ਰਹਮਾਂ ਨਾਸਤਕ ਖਿਆਲਾਂ ਦੀ ਹਸਤੀ ਸੀ, ਇਸ ਦਾ ਆਪਣੀ ਲੜਕੀ ਸੁਰਸਤੀ ਔਰ ਅਸੋਂਘਾਂ ਪਰ ਮੋਹਤ ਹੋ ਜਾਣਾਂ ਨਿੰਦਨੀਯ ਕੰਮ ਸੀ। ਇਕਰ ਹੀ ਸ਼ਾਨਤਨਮੁਨੀ ਦੀ ਇਸਤ੍ਰੀ ਪਰ ਮੋਹਤ ਹੋ ਕੇ ਕਾਮ ਵਸ ਹੋਇਆ।

ਕਿਹਾ ਜਾਂਦਾ ਹੈ ਕਿ ਬ੍ਰਹਮਾਂ ਨੇ ਵੇਦ ਗ੍ਰੰਥ ਲਿਖੇ ਹਨ, ਪਰ ਅਸਲੋਂ ਇਨਾਂ ਦੇ ਲੇਖਕ ਕਈਕ ਰਿਖੀ ਹਨ। ਤਰਤੀਬ ਦੇਣ ਵਾਲਾ ਪੰਡਿਤ ਵੇਦ ਬਿਆਸ ਹੈ, ਜੋ ਕਿ ਰਾਜਾ ਉਪਰਿਚਰ ਦੀ ਕੰਨਿਆਂ ਮੱਛੀ (ਮਛੋਦਰੀ) ਦਾ ਪੁਤ੍ਰ ਸੀ, ਓਹ ਝੀਵਰੀ ਜ਼ਾਤੀ ਤੋਂ ਸੀ। ਬਯਾਸ ਨੂੰ ਭੀ ਅਵਤਾਰ ਮੰਨਿਆਂ ਹੈ। 'ਸਯਾਮ ਵੇਦ ਕਉ ਸੋਧ ਕਰ ਮਥ ਵੇਦਾਂਤ ਬਿਆਸ ਸੁਣਾਇਆ। ਕਥਨੀ ਬਦਨੀ ਬਾਹਿਰਾ ਆਪੇ ਆਪ ਸੁ ਬ੍ਰਹਮ ਜਣਾਯਾ।' (ਪਹਿਲੀ ਵਾਰ) ਬ੍ਰਹਮਾਂ ਆਦਿਕ 'ਅਹੰ ਬ੍ਰਹਮ' ਬਣੇ ਫਿਰਦੇ ਰਹੇ। 'ਬ੍ਰਹਮਾਂ ਆਪ ਪਾਰ ਬ੍ਰਹਮ ਬਖਾਨਾਂ।' ਇਹ ਸਭੋ ਹੰਕਾਰ ਵਿਚ ਭੂਮਦੇ ਰਹੇ ਹਨ।

ਬਯਾਸ ਆਪਣੇ ਪੁਤ੍ਰ ਸੁਕਦੇਵ ਦੇ ਮੋਹ ਵਿਚ ਫਸਕੇ ਅਗਿਆਨ ਵਸ ਰਿਹਾ, 'ਬਾਰਹਵਰ੍ਹੇ ਗਰਭਵੱਸ, ਜੰਮਦੇਹੀ ਸੁਕ ਲਈ ਉਦਾਸੀ।' (ਵਾਰ ੨੫ ਭਾ: ਗੁ:) ਬ੍ਰਹਮਾਂ ਦੇ ਸਬੰਧ ਵਿਚ ਪ੍ਰਿਥਮ ਭਾਗ ਵਿਖੇ ਕਾਫੀ ਹਾਲਾਤ ਲਿਖੇ ਗਏ ਹਨ।

## ਕ੍ਰਿਸ਼ਨਾਵਤਾਰ

ਸ੍ਰੀ ਕ੍ਰਿਸ਼ਨ ਦਾ ਜਨਮ ਭਾਦਰੋਂ ਸੁਦੀ ਅਸ਼ਟਮੀ ਨੂੰ ਮਨੌਂਦੇ ਹਨ। ਇਨ੍ਹਾਂ ਦੀ ਕੁਲ ਯਾਦਵ ਸੀ, ਜਿਸ ਦਾ ਗਰਗ ਰਿਖੀ ਕੁਲ ਗੁਰੂ ਸੀ। ਕ੍ਰਿਸ਼ਨ ਦਾ ਪਿਤਾ ਕਾਠੀਆਂ ਵਾੜ ਦਾ ਸਰਦਾਰ ਵਾਸਦੇਵ ਸੀ ਔਰ ਮਾਤਾ ਦੇਵਕੀ "ਪਾਲਕ ਮਾਤਾ ਪਿਤਾ ਨੰਦ ਔਰ ਉਸਦੀ ਇਸਤ੍ਰੀ ਜਸੋਦਾਂ ਗੁਆਲੇ (ਗੁਜਰ) ਸਨ" ਕ੍ਰਿਸ਼ਨ ਨਾਟਕ ਵਿਚ ਕਈ ਕਥਾਵਾਂ ਅਪ੍ਰਸੰਗਕ ਭੀ ਹਨ ਜਿਹਾ ਕਿ

Digitized by Panjab Digital Library | www.panjabdigilib.org

ਇਤਿ ਦੇਵੀ ਜੂਨੀ ਕੀ ਉਸਤਤ।ਇਹ ਕ੍ਰਿਸ਼ਨ ਵਤਾਰ ਦੇ ਅੰਕ ੪੩੧ ਪਰ ਖਤਮ ਹੁੰਦੀ ਹੈ ਪਰ ਚਾਹੀਦੀ ਸੀ ਇਹ ਕਥਾ ੨੪੫ ਅੰਗ ਤੋਂ ਅਗੇ॥ "ਕ੍ਰਿਸ਼ਨ ਯਥਾ ਮਤਿ ਚਰਿਤ ਉਚਾਰੇ॥ ਚੂਕ ਹੋਇ, ਕਵਿ ਲੇਹੁ ਸੁਧਾਰੋ" ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਪ੍ਰਸੰਗਾਂ ਨੂੰ ਸੋਧਣੇ ਦੀ ਖੁਲ੍ਹ ਹੈ ਭਾਵ ਜਹਾਂ ਗਲਤੀ ਹੋ ਠੀਕ ਕਰੋ।

ਅਵਤਾਰਾਂ ਨੇ ਆਪ ਗ੍ਰੰਥ ਨਹੀਂ ਲਿਖੇ ਪਰ ਕ੍ਰਿਸ਼ਨ ਜੀ ਦੀ ਗੀਤਾ ਲਿਖੀ ਕਹੀ ਜਾਂਦੀ ਹੈ, ਉਸ ਵਿਚ ਭੀ ਪੱਖ ਸਹਿਤ ਉਪਦੇਸ਼ ਹੈਨ। (ਗੀਤਾ ਅ: ੩) ਦੇ ਸਲੋਕ ੨੫ ਵਿਚ ਲਿਖਿਆ ਹੈ, ਹੇ ਅਰਜਨ! ਦੂਸਰੇ ਕੇ ਧਰਮ ਸੇ, ਗੁਣ ਰਹਿਤ ਭੀ ਆਪਣਾ ਧਰਮ ਅਤਿ ਉੱਤਮ ਹੈ, ਇਹ ਨਿਰਪੱਖ ਯਾਂ ਸਰਬਾਈ ਧਰਮ ਨਹੀਂ ਹੈ। ਵਿਦਯਵਾਨਾਂ ਦੀ ਖੋਜ ਹੈ ਕਿ ਕ੍ਰਿਸ਼ਨ ਗੀਤਾ ਮਹਾਂ ਭਾਰਤ ਦਾ ਹੀ ਇਕ ਅੰਗ ਹੈ, ਭਾਗਵਤ ਦਾ ਲਿਖਾਰੀ ਪੰਡਿਤ ਬਯਾਸ ਸੀ, ਕ੍ਰਿਸ਼ਨ ਜੀ ਦਾ ਆਪਣਾ ਕੁਛ ਨਹੀਂ ਹੈ।

ਕ੍ਰਿਸ਼ਨ ਦਾ ਵੱਡਾ ਭਰਾਤਾ ਬਲਰਾਮ ਨੂੰ ਭੀ ਅਵਤਾਰ ਲਿਖਿਆ ਹੈ, ਇਹ ਘਲੈਟਾ ਸੀ, ਕ੍ਰਿਸ਼ਨ ਦੀ ਮਦਦ ਪਰ ਰਹਿੰਦਾ। ਇਸਦੇ ਕਈ ਨਾਮ ਉਪਨਾਮ ਹਨ, ਜਿਹਾ ਕਿ ਹਲਧਰ, ਮੂਸਲ ਧਰ੍ਹ ਆਦਿ।

## ਧਨੰਤ੍ਰ ਅਵਤਾਰ

ਚੌਦਾਂ ਰਤਨਾਂ ਵਿਚੋਂ 'ਧਨੰਤ੍ਰ ਵੈਦ' ਮੰਨਿਆਂ ਹੈ ਇਸਨੂੰ ਧੋਖੇ ਨਾਲ ਤੱਛਕ ਨੇ ਡੰਗ ਕੇ ਮਾਰਿਆ ਸੀ। ਇਸ ਪਾਸ ਐਸੀ ਹਿਕਮਤ ਸੀ ਕਿ ਸਰਪਾਂ ਦੀ ਜ਼ਹਿਰ ਨਾਲ ਮਰੇ ਹੋਏ ਨੂੰ ਮੁੜ ਜ਼ਿੰਦਾ ਕਰ ਦਿੰਦਾ। ਤੱਛਕ ਔਰ ਪ੍ਰੀਖਤ ਦੀ ਕਥਾ ਵਿਚ ਇਹ ਹਾਲ ਲਿਖੇ ਗਏ ਹਨ। ਸੋਟੀ ਦਾ ਰੂਪ ਧਾਰਕੇ ਧਨੰਤ੍ਰ ਨੂੰ ਉਸਦੀ ਪਿੱਠ ਪਰ ਖਾਜ ਕਰਨ ਪਰ ਤੱਛਕ ਲੜਿਆ, ਕਿ ਜਿਥੇ ਧਨੰਤ੍ਰ ਦੀ ਨਿਗਾਹ ਕੰਮ ਨਹੀਂ ਕਰਦੀ ਸੀ। ਭਾਈ ਗੁਰਦਾਸ ਜੀ ਨੇ ਧਨੰਤ੍ਰ ਦੀ ਇਸ ਭੁਲ ਨੂੰ ਜਤਾਇਆ ਹੈ। ਯਥਾ:- 'ਕਰੇ ਧਨੰਤ੍ਰਿ ਵੈਦਗੀ ਡਸਿਆ ਤੱਛਕਿ ਮਤਿ ਬਿਪ੍ਰੀਤੇ।' (ਭਾਈ ਗੁ: ੩। ੨੬) ਇਸ ਦੀ ਕਥਾ ਅਵਤਾਰਾਂ ਵਿਚ ਆਈ ਹੈ। ਧਨੰਤ੍ਰ ਦੇ ਭੀ ਅਗੇ ਗੋਗਾ ਆਦਿ ਕਈ ਅਵਤਾਰ ਹਨ।

## ਰੁੱਦ੍ਰ ਅਵਤਾਰ

ਰੁੱਦ੍ਰ ਗਿਆਰਾਂ ਲਿਖੇ ਹਨ। ਅੱਜ, ਏਕ ਪਾਦ, ਅਹਿਰ ਬੁਧਨਯ, ਪਿਨਾਕੀ, ਅਪਰਾ ਜਿੱਤ, ਤ੍ਰਯੰਬਕ, ਮਹੇਸ਼ਰ, ਸ਼ੰਭੁ; ਬ੍ਰਿਸ਼ਾਕਪਿ, ਹਰ, ਈਸ਼ਵਰ। ਕਿਧਰੇ ਹੋਰ ਭੀ ਲਿਖੇ ਹਨ, ਵਿਰੂਪਾਖ, ਸਰੇਸ਼ਵਰ, ਜਯੰਤ, ਵਹੁ ਰੂਪ, ਸਾਵਿੱਤ੍ਰ ਆਦਿ ਆਦਿ। ਸੰਸਾਰ ਵਿਚ ਜਿਤਨੇ ਭੀ ਅਵ-ਧੂਤ ਤਪੱਸੀ ਪ੍ਰਸਿੱਧ ਹੋਏ ਸਾਰੇ ਸ਼ਿਵ ਅਵਤਾਰ ਲਿਖੇ ਗਏ ਹਨ। ਮਾਛਿੰਦ੍ਰ, ਗੋਰਖ ਨਾਥ ਆਦਿ ਭੀ ਸ਼ਿਵਵਤਾਰ ਹੁਨ। ਸ਼ਿਵ ਜੀ ਦਾ ਪਾਰਬਤੀ ਨਾਲ ਕਾਮ ਕਰੀੜਾ ਕਰਨ ਦੀਆਂ ਬਹੁਤ ਕਥਾਵਾਂ ਹਨ, ਸ਼ਿਵ ਜੀ ਨੇ ਲੋਕ ਪੂਜਾ ਹਿਤ ਭੀ ਸ਼ਿਵ ਲਿੰਗ ਹੀ ਪ੍ਰਧਾਨ ਪੂਜਾ ਰਖੀ ਹੈ। ਕਾਮ ਨਾਲ ਇਸਦਾ ਸਦਾ ਵਾਸਤਾ ਪਿਆ ਹੈ। ਕਾਮ ਦੀ ਇਸਤ੍ਰੀ ਰਤੀ ਹੈ। ਸਵਾਰੀ ਕੋਇਲ ਦੀ, ਫੁਲਾਂ ਦਾ ਧਨੁਸ਼, ਔਰ ਮੱਛੀ

Digitized by Panjab Digital Library | www.panjabdigilib.org

ਨਿਸ਼ਾਨ ਦੀ ਧੁਜਾ (ਝੰਡਾ) ਹੈ। ਇਸਨੂੰ ਸ਼ਿਵਜੀ ਨੇ ਮਾਰਕੇ ਅਨੰਗ (ਅੰਗ ਹੀਨ) ਕੀਤਾ ਸੀ। ਕ੍ਰਿਸ਼ਨ ਦਾ ਪੁਤ੍ਰ ਪ੍ਰਦੁਮਨ ਕਾਮ ਦੇਵ ਦਾ ਅਵਤਾਰ ਮੰਨਿਆਂ ਹੈ। ਹਿੰਦੂ ਗ੍ਰੰਥਾਂ ਵਿਚ ਇਸਤਰਾਂ ਅਵਤਾਰਾਂ ਦੇ ਨਾਵਲ ਬਹੁਤ ਹਨ।

## ਦੱਤਾ ਤ੍ਰੇ ਅਵਤਾਰ

ਰਿਖੀ ਅੱਤ੍ਰ ਦੀ ਇਸਤ੍ਰੀ ਅਨਸੂਆ ਸੀ, ਰਿਖੀ ਅੱਤ੍ਰ ਮਨੂ ਦਾ ਜੇਠਾ ਪੁਤ੍ਰ ਸੀ। ਦੱਤਾ ਤ੍ਰੇ ਦਾ ਜਨਮ ਅਨਸੂਆ ਦੇ ਕੇਸ਼ਾਂ ਵਿਚੋਂ ਹੋਣਾ ਲਿਖਿਆ ਹੈ, ਔਰ ਇਸਨੂੰ ਸ਼ਿਵ ਅਵਤਾਰ ਮੰਨਿਆਂ ਹੈ। ਇਸ ਨੇ ਬਾਈਸ ਗੁਰੂ ਧਾਰੇ, ਯਥਾ:-ਬਗਲਾ, ਮਕੜੀ, ਬਿੱਲਾ, ਧੂਨੀਆ, ਮਾਛੀ, ਚੇਲੀ, ਕਾਛਣ, ਬਣਜਾਰਾ, ਸਤਬ, ਬਾਲੀ, ਭ੍ਰਿਤ, ਨਾਮ, ਬਾਨਗਰ, ਚੰਡੋਲ, ਦਧੀਰਾ, ਮ੍ਰਿਗਾਹਾ, ਸ਼ੁਕ, ਨਲਨੀ, ਸਹਾ, ਮਾਸਟਰ, ਜ਼ਿਮੀਦਾਰ, ਜੱਛਣੀ ਆਦਿ, ਜਿਸ ਵਿਚ ਕੋਈ ਗੁਣ ਤਕਿਆ ਉਸੀ ਨੂੰ ਗੁਰੂ ਧਾਰ ਲੀਤਾ। ਇਸੇ ਕਰਕੇ ਦੱਤਾ ਤ੍ਰੇ ਦੇ ਅਨੇਕਾਂ ਸਿਧਾਂਤ ਰਖਣੇ ਵਾਲੇ ਫਿਰਕੇ ਹਨ। ਦੱਤਾ ਤ੍ਰੇ ਦੀ ਪੈਦਾਇਸ਼ ਵਿਸ਼ਨ ਦੇ ਵਰ ਨਾਲ ਭੀ ਲਿਖੀ ਹੈ। ਸ਼ਿਵਾਂ ਦੇ ਵਰ ਨਾਲ ਦੁਰਵਾਸ਼ਾ ਰਿਖੀ, (ਖੋਟੇ ਵਾਕ ਕਹਿਣੇ ਵਾਲੇ ਪੁਰਸ਼) ਇਸ ਨੇ ਸਰਾਪ ਨਾਲ ਜਾਦਵ ਕੁਲ ਦਾ ਨਾਸ਼ ਕੀਤਾ, ਅੰਬ੍ਰੀਕ ਆਦਿ ਨੂੰ ਦੁਖ ਵਿਚ ਪਾਇਆ। ਜਿਸ ਦੇ ਸਬੰਧ ਕੋਈ ਪੁਰਾਣ ਲਿਖਿਆ ਉਸ ਦੇ ਭਗਤਾਂ ਦੀ ਰਿਛਾ ਕਰਨੇ ਵਾਲਾ ਉਸੀ ਨੂੰ ਮੰਨਿਆਂ ਹੈ।

## ਰਿਖਵ ਦਤ ਤੇ ਅਰਹੰਤ

ਰਿਖਵ ਦਤ ਅਰਹੰਤ ਦੇਵ ਭੀ ਅਵਤਾਰ ਮੰਨੇ ਹਨ। ਅਰਹੰਤ ਦੇਵ ਭੀ ਵਿਸ਼ਨ ਅਵਤਾਰ ਸੀ, ਇਸ ਦਾ ਮੁਖ ਸਿਧਾਂਤ ਵੇਦਾਂ ਦੇ ਪ੍ਰਚਾਰ ਨੂੰ ਨਸ਼ਟ ਕਰਨਾ ਹੈ। ਜੈਨ ਮਤ ਰੂਪ ਵਿਚ ਯਗਾਂ ਆਦਿ ਦਾ ਜ਼ੋਰਦਾਰ ਖੰਡਣ ਕੀਤਾ ਹੈ। ਇਸ ਮਤਿ ਬਾਰੇ ਹੋਰ ਥਾਂ ਕਾਫੀ ਜ਼ਿਕਰ ਆ ਗਿਆ ਹੈ।

## ਸੂਰਜ ਅਵਤਾਰ

ਵੇਦਾਂ ਵਿਖੇ ਸ਼ਰੋਮਣੀ ਦੇਵਤਾ ਸੂਰਜ ਹੈ। ਗਾਇਤ੍ਰੀ ਮੰਤ੍ਰ ਦਾ ਸਿਧਾਂਤ ਭੀ ਸੂਰਜ ਪੂਜਾ ਹੈ, ਦੁਨੀਆਂ ਵਿਚ ਸਭ ਨਾਲੋਂ ਵਧ ਪੂਜਾ ਸੂਰਜ ਭਗਵਾਨ ਨਾਮ ਸੇ ਰਹੀ ਹੈ, ਅਜਾਂ ਤੀਕ ਲੱਖਾਂ ਹਿੰਦੂ ਸੂਰਜ ਨੂੰ ਪਾਣੀ ਦਿੰਦੇ ਹਨ। ਸੂਰਜ ਮੁਖੀਏ ਸੂਰਜ ਦੇ ਦਰਸ਼ਨ ਪਿਛੋਂ ਅਨ ਜਲ ਕਰਦੇ ਹਨ। ਬ੍ਰਹਮਾਂ ਵਿਸ਼ਨ ਮਹੇਸ਼, ਪਿਛੋਂ ਆ ਕੇ ਦੇਵਤੇ ਯਾਂ ਮੁਖੀਏ ਕਹੇ ਗਏ। ਪਹਿਲੀ ਸਾਜਨਾ ਸੂਰਜ ਤੋਂ ਮੰਨੀ ਗਈ ਹੈ ਸੂਰਜ ਦਾ ਰਥ ਸਤਾਂ ਘੋੜਿਆਂ ਦਾ ਹੈ, ਸੂਰਜ ਯਾਂ ਸਿਵੱਤਾ ਇਕੋ ਹਨ। ਸੂਰਜ ਦਾ ਦੇਵਤਾ ਯਾਂ ਅਵਤਾਰ ਬਾਰਾਂ ਆਦਿਤਾਂ ਵਿਚ ਸ਼ੁਮਾਰ ਹੈ, ਜਿਹਾ ਕਿ ਇੰਦ੍ਰ, ਧਾਤਾ, ਭਗ, ਪੂਸ਼ਾ, ਵਰੁਣ, ਅਰਯਮਾਂ, ਅੰਸ਼ੁ, ਵਿਵਸ੍ਵਤ੍ਰ, ਤ੍ਵਸ਼ਟਾ, ਸਵਿੱਤਾ, ਵਿਸ਼ਨੂੰ, ਅਰੁਣ (ਸੂਰਜ ਦਾ ਰਥਵਾਹੀ)। ਸੂਰਜ ਨੂੰ ਕਿਧਰੇ ਆਦਿਤੀ ਦਾ ਪੁਤ੍ਰ ਭੀ ਮੰਨਿਆਂ ਹੈ। ਔਰ ਇੰਦਰ ਭੀ ਆਦਿਤੀ ਤੋਂ ਜਨਮਿਆਂ (ਇੰਦਰ ਔਰ ਵਿਸ਼ਨੂੰ ਭਾਈ ਸਨ) ਕਿਧਰੇ ਵਿਸ਼ਨੂੰ ਸੂਰਜ ਦਾ ਅਵਤਾਰ ਜ਼ਾਹਰ ਕੀਤਾ ਹੈ।

Digitized by Panjab Digital Library | www.panjabdigilib.org

ਇਸਦਾ ਦੀਰਘਕਾਯ ਨਾਲ ਜੰਗ ਦਾ ਲੰਮਾਂ ਪ੍ਰਸੰਗ ਹੈ। ਧਨੁਰ ਵੇਦ ਦਾ ਕਰਤਾ ਭੀ ਮੰਨਿਆਂ ਹੈ, ਸੂਰਜ ਵੰਸੀ ਖਾਨਦਾਨ ਸੰਗਲੀ ਅਗੇ ਲਿਖੇ ਅਨੁਸਾਰ ਭੀ ਲਿਖੀ ਗਈ ਹੈ।

ਪਹਿਲਾ ਨਾਰਾਇਣ ਉਪ੍ਰੰਤ, ਮਰੀਚਿ, ਕਸ਼ਯਪ, ਸੂਰਜ, ਵੈਵਸ੍ਵਤ, ਮਨੁ, ਇਖ੍ਵਾਕ, ਇਸਤੋਂ ਅਗੇ ਰਾਮ ਚੰਦਰ ਦੀ ਕੁਲ ਚਲਾਈ ਹੈ। ਸੂਰਜ ਨਾਮ ਔਣ ਕਰਕੇ ਸੂਰਜ ਵੰਸੀ ਚੰਦਰ ਨਾਮ ਕਰਕੇ ਚੰਦਰ ਵੰਸੀ, ਰਾਘ ਕਰਕੇ ਰਘਵੰਸੀ, ਹਿੰਦੂ ਲੋਕ ਅਸਮਾਨੀ ਸੂਰਜ ਦੇ ਉਪਾਸ਼ਕ ਹਨ, ਜਿਸਦੇ ਪੁਤ੍ਰ ਯਮ ਔਰ ਸ਼ਨੀ ਲਿਖੇ ਹਨ ਮ੍ਰਿਤੂ ਔਰ ਜਮਨਾ(ਨਦੀ)ਦੇ ਪੁਤ੍ਰੀਆਂ ਸਨ।

ਨੋਟ—ਜਿਸ ਪ੍ਰਕਾਰ ਹਿਦੂ ਮਤ ਵਿਖੇ ਖਾਨਦਾਨ ਯਾਂ ਕੁਲਾਂ ਦਾ ਬੋਲ ਬਾਲਾ ਹੈ, ਇੱਕਰ ਹੀ ਕਤੇਬੀ ਮਤਾਂ ਵਿਖੇ ਹੈ, ਕਤੇਬਾਂ ਵਾਲੇ ਪੀੜੀਆਂ ਇਉਂ ਗਿਣਦ ਹਨ, ਅਦਮ, ਛੇਤ, ਇਛਤ, ਕਨਾਨ, ਮਹਲ, ਲੇਲ, ਯਰੇਦ, ਮਤ ਛੋਲਹ, ਲੇ ਮੇਕ ਨੂਹ, ਡੇਮ, ਅਪ੍ਰਛਦ, ਛੇਲਹ, ਅਬੇਰ, ਪਲੇਗ, ਰੂ, ਸਰੂਗ, ਨਾਹੋਰ, ਤੇਰਹ ਅਬ੍ਰਮ (ਇਬਰਾਹੇਮ) ਇਸਹਾਕ, ਯਾਕੂਬ (ਇਸਰਾਈਲ) ਯੂਸਫ ਸੋ ਏਹ ਤੇਈਸ ਪੀੜੀਆਂ ਹਨ। ਮੂਸਾ ਯਾਕੂਬ ਦੇ ਵੰਸ ਤੋਂ ਚਾਰ ਕੁ ਸੋ ਸਾਲਾਂ ਪਿਛੋਂ ਮਿਸਰ ਵਿਚ ਹੋਇਆ, ਉਪ੍ਰੰਤ ਸੁਲੇਮਾਨ, ਉਪ੍ਰੰਤ ਈਸਾ, ਬਾਦ ਵਿਚ ਮੁਹੰਮਦ ਹੋਇਆ, ਕਤੇਬੀ ਮਤ ਚਲਿਆ ਹੈ ਇਬਰਾਹੀਮ ਤੋਂ 'ਮਹਾਂਦੀਨ ਪ੍ਰਭੁ ਉਪਰਾਜਾ।'

—o—

## ਚੰਦ੍ਰਮਾਂ ਅਵਤਾਰ

ਚੰਦਰਮਾਂ ਨੂੰ ਇੰਦਰ ਦਾ ਸਾਥੀ ਮੰਨਿਆਂ ਹੈ। ਗੋਤਮ ਦੀ ਇਸਤ੍ਰੀ ਅਹੱ-ਲਿਆ ਨਾਲ ਬਿਭਚਾਰ ਕਰਨ ਵੇਲੇ ਇਹ ਮੁਰਗਾ ਬਣਿਆਂ, ਕਲੰਕੀ ਹੁੰਦਿਆਂ ਇਸ ਦੀਆਂ ਸੋਲਾਂ ਕਲਾਂ ਮੰਨੀਆਂ ਹਨ, ਚੰਦ੍ ਭੀ ਚੌਦਾਂ ਰਤਨਾਂ ਵਿਚੋਂ ਹੈ। ਇਸ ਦੇ ਵਿਚਲੇ ਧਬਿਆਂ ਬਾਰੇ ਅਨੇਕਾਂ ਪ੍ਰਸੰਗ ਹਨ, ਕਿਧਰੇ ਗੋਤਮ ਦਾ ਪਰਨਾ ਮਾਰਿਆ, ਕਿਧਰੇ ਬਕਰੇ ਦਾ ਨਿਸ਼ਾਨ। ਸਾਇੰਸ ਵਾਲੇ ਕੇਵਲ ਖੁਸ਼ਕ ਪਹਾੜਾਂ ਦੇ ਚਿਨ੍ਹ ਮੰਨਦੇ ਹਨ। ਹਿੰਦੂ ਧਰਮ ਵਿਚ ਚੰਦ੍ਰਮਾਂ ਦੀ ਪੂਜਾ ਹੈ, ਬਲਕਿ ਮੁਸਲਮਾਨ ਭੀ ਈਦ ਦਾ ਚੰਦ ਮੁਬਾਰਕ ਕਹਿਕੇ ਪੂਜਦੇ ਹਨ। ਚੰਦਰਮਾਂ ਨੂੰ ਪ੍ਰਜਾ ਪਤ ਦੀਆਂ ਸਤਾਈਸ ਲੜਕੀਆਂ ਵਿਵਾਹੀਆਂ ਸਨ। ਖਈ ਰੋਗ ਹੋਣ ਦਾ ਇਸਨੂੰ ਸਰਾਪ ਹੈ।

## ਅਰਜਨ ਅਵਤਾਰ

ਅਰਜਨ ਨੂੰ ਵਿਸ਼ਨੂੰ ਦਾ ਮਾਨੁਖਾ ਵਤਾਰ ਮੰਨਿਆਂ ਹੈ। ਭਾਰਦ੍ਵਾਜ ਦਾ ਪੁਤ੍ਰ ਦ੍ਰੋਣਾ ਚਾਰਜ ਕ੍ਰਿਪਾ ਦਾ ਪਤੀ ਸੀ, ਜਿਸ ਤੋਂ ਕਿ ਅਸ੍ਵਥਾਮਾਂ ਜਨਮਿਆਂ। ਇਸਨੇ ਮਹੇਂਦਰਾ ਪਹਾੜ ਪਰ ਰਹਿ ਕੇ ਪਰਸ ਰਾਮ ਤੋਂ ਸ਼ਸਤ੍ਰ ਵਿਦਯਾ ਸਿੱਖੀ। ਭੀਸ਼ਮ ਪਿਤਾਮਾ ਦੀ ਸਫਾਰਸ਼ ਨਾਲ ਪਾਂਡਵਾਂ ਕੈਰਵਾਂ ਦਾ ਉਸਤਾਦ ਬਣਿਆਂ। ਅਰਜਨ ਏਸੇ ਦਾ ਸ਼ਾਗਿਰਦ ਸੀ। ਦ੍ਰੋਣਾ ਚਾਰਜ ਆਪਣੇ ਗੁਰੂ ਨੂੰ ਜੰਗ ਵਿਚ ਅਰਜਨ ਨੇ ਮਾਰਿਆ, ਕ੍ਰਿਪੀ ਦਾ ਭ੍ਰਾਤਾ ਕ੍ਰਿਪਾਚਾਰਜ ਹਸਤਨਾ ਪੁਰ (ਦਿੱਲੀ) ਰਹਿੰਦਾ ਸੀ। ਪੰਜਾਬ ਦਾ ਰਾਜਾ ਸੱਲਯ ਪੰਡੂ ਰਾਜੇ ਦੀ ਰਾਣੀ

Digitized by Panjab Digital Library | www.panjabdigilib.org

ਮਾਦਰੀ ਦਾ ਭ੍ਰਾਤਾ ਸੀ, ਇਸਨੂੰ ਜੰਗ ਵਿਚ ਯੁਧਿਸ਼ਟਰ ਨੇ ਮਾਰਿਆ। ਰਾਜਾ ਦ੍ਰੋਪਦ ਦਾ ਪੁਤ੍ਰ (ਦ੍ਰੋਪਦੀ ਦਾ ਭਾਈ) ਧ੍ਰਿਸ੍ਟਦਯ ਨੇ ਅਰਜਨ ਦੇ ਤੀਰ ਮਾਰਨ ਪਰ ਦ੍ਰੋਣ ਗੁਰੂ ਦਾ ਸਿਰ ਕਪਿਆ। ਪੁਰਾਣਾਂ ਅਨੁਸਾਰ ਕੁਰੂ ਵੰਸ ਦਾ ਮੋਢੀ ਅੱਤ੍ਰ ਰਿਖੀ ਸੀ, ਉਪਰੰਤ ਇਹ ਬਿੰਦੀ ਵੰਸ ਬਜਾਸ ਤੋਂ ਚੱਲੀ ਸਿਧ ਹੁੰਦੀ ਹੈ। ਛਤ੍ਰੀ ਵੰਸ ਪੰਡੂ ਵੇਲੇ ਹੀ ਮੁਕ ਚੁਕੀ ਸੀ। ਕਿਧਰੇ ਦੇਤਾ ਤ੍ਰੇ (ਸੋਮ ਚੰਦ੍ਰ ਦੁਰਬਾਸਾ) ਅਥਵਾ ਸੋਮ ਦੀ ਚੋਥੀ ਪੀੜੀ ਯਦੂ ਰਾਜੇ ਯਾਦਵ ਕੁਲ ਵਾਲੇ ਹੋਏ, ਅਗੇ ਕੁਰ ਯਾਂ ਕੁਰੂ ਸੀ। ਭਾਗਵਤ ਦੇ ਪ੍ਰਸੰਗ (ਸਕੰਧ ੮ ਧਿਆਇ ੧੩) ਅਨੁਸਾਰ ਕਸ਼ਯਪ, ਅਤ੍ਰ, ਵਸਿਸ਼ਟ, ਵਿਸ਼੍ਵਾ ਮਿਤ੍ਰ, ਗੋਤਮ, ਜਮਦਗਨ, ਭਾਰਦ੍ਵਾਜ, ਇਕੋ ਸੰਗਲੀ ਹੈ, ਭਾਵ ਕਸ਼ਯਪ ਤੋਂ ਸੂਰਜ ਵੰਸੀ, ਅੱਤ੍ਰ ਥੀਂ ਚੰਦ੍ਰ ਵੰਸ ਚਲੀ। ਛਤ੍ਰੀਆਂ ਤੋਂ ਪਹਿਲਾਂ ਵੰਸਾਂ ਦੇ ਮੋਢੀ ਬ੍ਰਾਹਮਣ ਜਾਂ ਰਿਖੀ ਹੀ ਸਨ। ਵਿਸ਼ਨੂੰ, ਕ੍ਰਿਸ਼ਨ, ਰਾਮ ਚੰਦਰ ਛੱਤ੍ਰੀ ਕਹਾਏ, ਪਰ ਮੋਢੀ ਬ੍ਰਾਹਮਣ ਰਿਖੀ ਸਿਧ ਹਨ, ਜਿਹਾ ਕਿ-ਮਰੀਚਿ, ਅਤ੍ਰਿ, ਪੁਲਹ, ਪੁਲਸਤਯ, ਕ੍ਰਤ, ਅੰਗਿਰਾ, ਬਸਿਸਠ ਆਦਿ ਹਨ। ਕਿਧਰੇਕਸਯਪ ਨੂੰ ਪ੍ਰਜਾਪਤੀ ਮੰਨਿਆਂ ਹੈ, ਇਸਦਾ ਪੁਤ੍ਰ ਸੂਰਜ ਨਾਮੀ ਭੀ ਲਿਖਿਆ ਹੈ। ਭਾਵ ਇਹ ਹੈ ਕਿ ਕੋਰਵਾਂ, ਪਾਂਡਵਾਂ, ਯਾਦਵ, ਰਘਵੰਸ ਕੁਲ ਇਕੋ ਹੀ ਜਾ ਮਿਲਦੀ ਹੈ। ਵਰਨਾ ਆਸ਼੍ਰਮਾਂ ਦੇ ਵਿਤਕਰੇ ਮਨੂ ਸਿਮ੍ਰਤੀ ਨੇ ਪਾ ਕੇ ਜ਼ਾਤਾਂ ਪਾਤਾਂ ਆਰੰਭੀਆਂ ਹਨ। ਮਹਾਂ ਭਾਰਤ ਜੁਧ ਕੁਲ ਨਾਸਕ ਜੰਗ ਸੀ। ਅਰਜਨ ਨੇ ਦੁਸ਼ਮਨਾਂ ਦੀ ਬਜਾਏ ਕੁਲ ਦਾ ਹੀ ਨਾਸ਼ ਕੀਤਾ, ਜਿਸ ਦੇ ਨੇਤਾ ਯਾਂ ਪ੍ਰੇਰਕ ਸ੍ਰੀ ਕਿਸ਼ਨ ਜੀ ਸਿਧ ਹਨ। ਹਿੰਦੁਸਤਾਨ ਦੀ ਤ੍ਰੱਕੀ ਇਨਾਂ ਤੋਂ ਹੀ ਨਾਸ਼ ਹੋਈ, ਉਪਰੰਤ ਗੁਲਾਮੀ ਆਈ। ਜੰਗ ਜਰ ਜੋਰੂ ਜ਼ਮੀਨ ਦੇ ਨਖਿੱਧ ਕਰਮ ਹੀ ਸਨ।

## ਇੰਦਰ ਅਵਤਾਰ

ਇੰਦਰ ਦੇਵਤਿਆਂ ਦਾ ਰਾਜਾ ਮੰਨਿਆਂ ਹੈ, ਇਹ ਭੀ ਅਵਤਾਰ ਹੈ। ਇਸਦੀ ਘਰ ਵਾਲੀ ਸੱਚੀ ਔਰ ਪੁਤ੍ਰ ਜਯੰਤ ਸੀ। ਆਦਿਤੀ ਤੋਂ ਦੇਵਤੇ ਔਰ ਦਿਤੀ ਤੋਂ ਦੈਂਤ ਅਤੇ ਕੈਨ, ਕਾਲ, ਦਨਾਯੂ ਤੋਂ ਦਾਨਵ ਸਿੰਘਕਾ ਤੋਂ ਸਿੰਘ ਤੇ ਵਿਹਾਸਰ, ਬਨਿਤਾ ਤੋਂ ਗਰੜ ਅਰੁਣ ਆਦਿ ਪੰਛੀ। ਕਦ੍ਰੂ ਤੋਂ ਸਰਪ, ਮੁਨੀ ਤੋਂ ਮਾਨੁਸ਼ ਤੇ ਕ੍ਰੋਧਾ ਤੋਂ ਅਸੁਰ ਔਰ ਕਪਿਲਾ ਤੋਂ ਰਿਖੀ ਇਹ ਮਾਵਾਂ ਦੀ ਸੰਗਿਆ ਸੀ ਪਹਿਲੇ ਇਸਤ੍ਰੀਆਂ ਦੇ ਨਾਮ ਹੀ ਪ੍ਰਸਿਧ ਸਨ, ਜਿਵੇਂ ਸਚੀਪਤ ਰੁਮਾਪਤ, ਉਮਾਪਤ ਆਦਿ ਨਾਮ ਹਨ।

ਇੰਦਰ ਦੇ ਕਰਤਬ ਦੇਵਤਿਆਂ ਵਾਲੇ ਸਿੱਧ ਨਹੀਂ ਹੁੰਦੇ, ਇਹ ਬ੍ਰਹਮਾਂ ਦੇ ਵਰ ਨਾਲ ਜਨਮਿਆਂ, ਇਸਨੇ ਆਪਣੇ ਗੁਰੂ ਬ੍ਰਹਸਪਤਿ ਦੀ ਇਸਤ੍ਰੀ ਨਾਲ ਬਿਭਚਾਰ ਕਰਕੇ ਬੁਧ ਨਾਮਕ ਲੜਕਾ ਪੈਦਾ ਕੀਤਾ ਆਖਰ ਝਗੜੇ ਪਰ ਬੁੱਧ ਇੰਦਰ ਦੇਵ ਨੂੰ ਦਿਤਾ। ਤਾਰਾਂ ਮੁੜ ਬ੍ਰਹਸਪਤਿ ਨੂੰ ਦਲਾਈ ਗਈ।

## ਕਲਿਕੀ ਅਵਤਾਰ

ਕਲਿਕੀ ਅਵਤਾਰ ਦਾ ਜਨਮ ਕੁਆਰੀ ਕੰਨਿਆਂ ਤੋਂ ਮੰਨਿਆਂ ਹੈ। ਨਗਰ ਸੰਭਲ (ਸੰਬਲ) ਮੁਰਾਦਾਬਾਦ ਦੇ ਨੇੜੇ ਨੈਨ

Digitized by Panjab Digital Library | www.panjabdigilib.org

ਖਟਯ ਤੀਰਥ ਪਰ ਜਨਮਿਆਂ ਤੇ ਜਨਮ ਦਾ ਕਾਰਨ ਕਲਜਿੰਦਰ ਦੈਂਤ ਨੂੰ ਮਾਰਨਾ ਦਸਿਆ ਹੈ। 'ਭਲ ਭਾਗ ਭਯਾ ਇਹ ਸੰਭਲ ਕੇ ਹਰਿ ਜੂ ਹਰਿ ਮੰਦਰ ਆਂਵਹਿਗੇ ॥ ੧੪੧ ॥' ਕਈਆਂ ਨੇ ਹਰਿ ਮੰਦਰ ਨਾਮ ਪੜ੍ਹਕੇ ਹੀ ਕਲਿਕੀ ਅਵਤਾਰ ਦਸਮ ਗੁਰੂ ਜੀ ਨੂੰ ਦਸਿਆ ਹੈ ਜੋ ਉਕੀ ਹੀ ਫਜ਼ੂਲ ਬਾਤਾਂ ਹਨ। ਕਲਿਕੀ ਅਵਤਾਰ ਹਿੰਦੂ ਗ੍ਰੰਥਾਂ ਅਨੁਸਾਰ ਵਿਸ਼ਨੂੰ ਹੈ। ਸੰਭਲ ਪੁਰ ਕਈਆਂ ਨੇ ਚੀਨ ਦੇ ਉਤਰ ਵਿਚ ਲਿਆ-ਊਟਾਂਗ ਝੀਲ ਤੋਂ ਪੂਰਬ ਦਿਸ਼ਾ (ਕੋਰੀਆ) ਵਲ ਲਿਖੀ ਹੈ, ਇਸ ਦੇ ਉੱਤਰ ਵਲ ਮਨਚੋਰੀਆ ਹੈ। ਇਥੇ ਹੀ ਬ੍ਰਹਮਾਂ ਦੇ ਪੁਤ੍ਰ ਸਨਕਾਦਕਾਂ ਦੀ ਰਿਹਾਇਸ਼ ਹੋਣੀ ਮੰਨੀ ਹੈ, ਕਲਕੀ ਨਾਮ ਦਾ ਇਕ ਪੁਰਾਣ ਭੀ ਹੈ। ਮੁਸਲਮਾਨ ਇਕ ਮੀਰ ਮਹਿੰਦੀ ਹੋਣਾ ਮੰਨਦੇ ਹਨ, ਪਰੰਤੂ ਦਸਮ ਗ੍ਰੰਥ ਦੀ ਲਿਖਤ ਮੂਜਬ ਕਲਕੀ ਔਰ ਮੀਰ ਮਹਿੰਦੀ ਦੋਵੇਂ ਹੋ ਕੇ ਗੁਜ਼ਰ ਚੁਕੇ ਹਨ। 'ਇਤਿ ਮਹਿੰਦੀ ਮਰਬੋ' ਸਾਫ ਲਿਖਿਆ ਹੈ। ਮਰਜਈਆਂ ਦਾ ਮੁਰਸ਼ਦ ਹੀ ਆਪ ਨੂੰ ਮਹਿੰਦੀ ਕਹੌਣ ਦਾ ਦਾਵੇਦਾਰ ਹੋ ਕੇ ਚਲਦਾ ਬਣਿਆਂ।

## ਬੋਧ ਅਵਤਾਰ

ਬੁੱਧ ਅਵਤਾਰ ਦਾ ਜ਼ਿਕਰ ਪਿਛੇ ਕਈ ਜਗ੍ਹਾ ਆਇਆ ਹੈ, ਬੁਧ ਮੱਤ ਦਾ ਵੱਧ ਪ੍ਰਚਾਰ ਮਹਾਰਾਜਾ ਅਸ਼ੋਕ ਨੇ ਕੀਤਾ, ਇਹ ਰਾਜਾ ਮਗਧ ਇਲਾਕੇ ਮੋਰ ਖਾਨਦਾਨ ਵਿਚੋਂ ਬਿੰਦ ਸਾਰ ਦਾ ਪੁਤ੍ਰ ਸੀ। ਪਹਿਲਾਂ ਇਹ ਬ੍ਰਹਮਣਾਂ ਦਾ ਪੁਜਾਰੀ ਸੀ। ਇਸ ਨੇ ਹਿੰਦ ਵਿਚ ਚੌਰਾਸੀ ਹਜ਼ਾਰ ਥੰਮ੍ਹ ਲਾਠਾਂ) ਬਣਵਾਏ ਸਨ, ਜਿਨ੍ਹਾਂ ਨੂੰ ਕੀਰਤੀ ਸੰਤਵ ਕਹਿੰਦੇ ਸਨ। ਉਨਾਂ ਪਰ ਬੁੱਧ ਮੱਤ ਦੇ ਉਪਦੇਸ਼ ਲਿਖੇ ਸਨ, ਹਿੰਦੂ ਮਤ ਵਿਖੇ ਗਊ ਬੱਧ ਦੀ ਮਨਾਹੀ ਇਸਦੇ ਹੁਕਮਾਂ ਤੋਂ ਚਲੀ ਸੀ। ਅਸ਼ੋਕ ਈਸਾ ਤੋਂ ਢਾਈ ਕ ਸੌ ਸਾਲ ਪਹਿਲਾਂ ਹੋਇਆ, ਇਸ ਦੀ ਰਾਜਧਾਨੀ ਪਾਟਲੀ ਪੁਤ੍ਰ ਪਟਨਾ) ਸੀ। ਅਸ਼ੋਕ ਦਾ ਅਸਲੀ ਨਾਮ ਪ੍ਰਯਾ ਦਰਸ਼ਨ ਸੀ। ਇਸਦੀ ਸਪੁਤ੍ਰੀ ਚਾਰਮਤੀ ਨੇ ਬੋਧ ਮਤ ਦਾ ਪ੍ਰਚਾਰ ਸਿਰੇ ਪਰ੍ਹੇ ਕੀਤਾ, ਇਸ ਦੇ ਲੰਗਰ ਵਿਚ ਚੌਦਾਂ ਹਜ਼ਾਰ ਭਿਖਸ਼ੂ ਬੋਧੀ ਹਮੇਸ਼ਾਂ ਰੋਟੀ ਖਾਂਦੇ ਸਨ। ਸੰਸਾਰ ਵਿਚ ਸਭ ਨਾਲੋਂ ਵਧ ਬੋਧੀ ਮਤ ਫੈਲਿਆ ਪਰ ਹੁਣ ਨਾਮ ਮਾਤ੍ਰ ਰੂਪ ਵਿਚ ਹੈ।

## ਤ੍ਰੈਮੂਰਤਾਂ ਦਾ ਇਕ ਪੈਮਾਨਾ

ਪੁਰਾਣਕ ਕਥਾ ਅਨੁਸਾਰ ਵਿਸ਼ਨੂੰ ਵੱਡੀ ਹਸਤੀ ਸਿਧ ਨਹੀਂ ਹੁੰਦੀ। ਜਨਮ ਸਾਖੀ ਵਿਚ ਇਕ ਹੇਠਾਂ ਲਿਖਿਆ ਪੁਰਾਣਕ ਹਵਾਲਾ ਦਿਤਾ ਹੈ–

"ਚਾਰ ਜੁਗ ਚਉਕੜੀ ਭਈ ਬਹਾਵਦ ਪੀਰ। ਜੁਗ ਬੀਤੇ ਚਉਕੜੀ ਇਕ ਹੋਵੈ ਇੰਦਰ ਤਗੀਰ। ਰੋਜ਼ ਸ਼ਬ ਕੇ ਅੰਦਰੇ, ਇੰਦ੍ਰ ਅਠਾਈ ਮਰ ਜਾਇ। ਤਬ ਬ੍ਰਹਮੇ ਇਕ ਰਾਤ ਦਿਨ ਗਿਨਤੀ ਕਰ ਸੁਨਾਇ। ਜਬ ਬ੍ਰਹਮਾ ਮਰੇ ਹਜ਼ਾਰ ਇਕ ਤਬ ਘੜੀ ਇਕ ਵਿਸ਼ਨ ਹੋਇ। ਜਬ ਬਿਸ਼ਨ ਬਾਰਹ ਲਖ ਮਰੇ ਤਬ ਰੁਦਰ ਅਰਧ ਪਲ ਜੋਇ। ਜਬ ਬਾਰਹ ਰੁਦਰ ਬਤੀਤ ਹੋਇ ਇਕ ਨਿਮਖ ਮਹਾਂ ਦੇਉ ਧਾਰ। ਜਬ ਈਸ਼ਰ ਬੀਤੇ ਹਜ਼ਾਰ ਇਕ ਤਬ ਮਹਾ ਸ਼ਕਤ ਅਉਤਾਰ। ਜਹ ਸ਼ਕਤ ਸਹੰਸਰ

Digitized by Panjab Digital Library | www.panjabdigilib.org

ਇਕ ਮਰਹਿ ਤਬ ਹੋਵੈ ਕਲਪ ਪਰਮਾਨ। ਇਕ ਪਤਰ ਤੁਟੇ ਕਲਪ ਬ੍ਰਿਛ ਕਾ ਇਕ ਪਰਲੋ ਹੋਈ ਜਾਨ । ਸਭ ਪੱਤ੍ਰ ਗਿਰਹਿ ਕਲਪ ਬ੍ਰਿਛ ਦੇ ਤਬ ਮਹਾਂ ਕਲਪ ਕਹਾਇ। ਕਿਤੀ ਹੋਈਆਂ ਕਿਆਮਤੀ ਕਛ ਅੰਤ ਨ ਸੋਝੀ ਪਾਇ । ਮਾਰ ਕੰਡੇ ਦੀ ਆਰਜਾ ਚਉਦਹ ਮਹਾਂ ਕਲਪ ਕਹਾਇ । ਜਬ ਮਾਰਕੰਡੇ ਨਿਰਵਰਤ ਹੋਇ, ਤਬ ਲੋਮਸ ਰੋਮ ਗਿਰਾਇ।

ਭਾਈ ਗੁਰਦਾਸ ਜੀ ਨੇ ਭੀ ਪੁਰਾਣਕ ਕਥਾ ਦਾ ਹਵਾਲਾ ਦਿਤਾ ਹੈ । ਵਡੀ ਆਰਜਾ ਇੰਦਰ ਦੀ ਇੰਦਰ ਪੁਰੀ ਵਿਚ ਰਾਜ ਕਮਾਵੈ । ਚਉਦਹ ਇੰਦਰ ਬਣਾਸ ਕਾਲ ਬ੍ਰਹਮੇ ਦਾ ਇਕ ਦਿਵਸ ਵਿਹਾਵੈ । ਧੰਧੇ ਹੀ ਬ੍ਰਹਮਾਂ ਮਰੇ ਲੋਮਸ ਦਾ ਇਕ ਰੋਮ ਛਿਜਾਵੈ।

(ਭਾਈ ਗੁ: ਵਾਰ ੧੨)

ਉਕਤ ਪੈਮਾਨੇ ਤੋਂ ਇਹ ਸਾਬਤ ਹੁੰਦਾ ਹੈ ਕਿ ਲੋਮਸ ਰਿਖੀ ਸਭ ਨਾਲੋਂ ਵਡੇਰਾ ਹੈ ਲੱਖਾਂ ਵਿਸ਼ਨ ਬ੍ਰਹਮੇ ਮਹਾਂਦੇਵ ਹੋਕੇ ਇਸਦੇ ਸਾਹਮਣੇ ਮਰਦੇ ਜੰਮਦੇ ਹਨ। ਲੋਮਸ ਪਰ ਭੀ ਬੱਸ ਨਹੀਂ ਰਖੀ ਗਈ ਅਗੇ ਵਡਹੰਸ ਲਾਭ ਮੁਨੀ ਉਪ੍ਰੰਤ ਕਾਕ ਭਸੁੰਡ ਔਰ ਕੁਰਮ ਇਨ੍ਹਾਂ ਨਾਲੋਂ ਭੀ ਵਡ ਉਮਰੇ ਹਨ । ਉਮਰਾਂ ਵਲ ਕਿਤਨਾ ਜ਼ੋਰ ਲਗਾ ਲੈਣ ਸਭ ਦਾ ਅੰਤ ਕਰਤਾਰ ਆਪ ਹੀ ਆਪ ਹੈ । ਮੁਸਲਮਾਨਾਂ ਦੇ ਮਤ ਅਨੁਸਾਰ ਹਜ਼ਰਤ ਨੂਹ ਦੀ ਪਰਲੋ ਨੂੰ ਪੰਜ ਕੁ ਹਜ਼ਾਰ ਸਾਲ ਹੋਏ ਹਨ। ਇਹ ਉਮਰਾਂ ਦੇ ਲੇਖੇ ਮਾਨੁਖ ਕ੍ਰਿਤ ਹਨ. ਵਾਸਤਵ ਵਿਚ ਹਰਨ ਭਰਨ ਜਾਕਾ ਨੇਤ੍ਰ ਫੇਰ। ਅਨੁਸਾਰ ਅਕਾਲ ਪੁਰਖ ਛਿਨ ਵਿਚ ਹੀ ਨਾਸ਼ ਕਰ ਸਕਦਾ ਹੈ, ਅੱਖ ਦੇ ਫੁਰਨੇ ਵਿਚ ਰਚਨਾ ਕਰ ਸਕਦਾ ਹੈ, ਉਸਦੇ ਮੰਤਵ ਨੂੰ ਨਹੀਂ ਜਾਣਿਆਂ ਜਾਂਦਾ ਤੁਛ ਬੁਧੀ ਵਾਲੇ ਲੋਕਾਂ ਨੇ ਆਪੋ ਆਪਣੀ ਬੁੱਧੀ ਨਾਲ ਲੇਖੇ ਲਾਏ ਹਨ । ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।

--o--

# ਫਿਰਕੇ ਬੰਦੀਆਂ

**ਜੋ ਕੋਊ ਹੋਤ ਭਯੋ ਜਗ ਸਿਆਨਾ॥ ਤਿਨ ਤਿਨ ਅਪਨੋ ਪੰਥ ਚਲ਼ਾਨਾ॥ ਪਰਮ ਪੁਰਖ ਕਿਨਹੂ ਨਹਿ ਪਾਯੋ॥ ਬੈਰ ਬਾਦ ਅਹੰਕਾਰ ਪਚਾਯੋ॥ ਪੇਡ ਪਾਤ ਆਪਨ ਤੇ ਜਲੈ॥ ਪ੍ਰਭ ਕੇ ਪੰਥ ਨ ਕੋਊ ਚਲੈ॥**

ਸਤਿਗੁਰ ਨਾਨਕ ਦੇਵ ਜੀ ਔਰ ਗੁਰੂ ਅੰਗਦ ਜੀ ਵਿਖੇ ਕੋਈ ਭਿੰਨ ਭੇਦ ਨਹੀਂ ਹੈ। ਗੁਰੂ ਮਿਸ਼ਨ (ਗੁਰਮਤ) 'ਵੇਦ ਕਤੇਬ ਹਭਾਹੂੰ ਬਾਹਰਾ' ਹੈ । ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਗੱਦੀ ਪਰ ਬਿਰਾਜਮਾਨ ਕਰਾ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਆਗਿਆ ਕੀਤੀ ਕਿ ਖਡੂਰ ਰਹਿਕੇ ਗੁਰ-ਮਤ ਪ੍ਰਚਾਰ ਕਰੋ! ਸੋ ਆਪ ਨੇ ਬਾਹਰਲੇ ਦੌਰੇ ਦੇ ਪ੍ਰਚਾਰ ਦੀ ਥਾਂ ਕੇਂਦਰੀ ਪ੍ਰਚਾਰ ਕੀਤਾ। ਆਪ ਨੇ ਕਈ ਕੁ ਮੰਜੀਆਂ ਪ੍ਰਚਾ-ਰਕਾਂ ਦੀਆਂ ਹਰ ਦੇਸ ਦੇ ਪ੍ਰਚਾਰ ਲਈ ਕਾਇਮ ਕੀਤੀਆਂ। ਜਿਹਾ ਕਿ ਰੰਗੂ ਸ਼ਾਹ

Digitized by Panjab Digital Library | www.panjabdigilib.org

ਅੰਬਾਲਵੀ, ਸਾਵਣ ਮਲ (ਗੁਰੂ ਜੀ ਦਾ ਭਤੀਜਾ, ਸਾਵਣ ਕੇ ਬਾਵੇ), ਮਾਣਕ ਚੰਦ (ਮਰ ਜੀਵੜਾ) ਵੈਰੋਵਾਲੀਆ, ਲਾਲੋ (ਜੋ ਕਿ ਤੇਈਯੇ ਤਾਪ ਦਾ ਪ੍ਰਸਿੱਧ ਹਕੀਮ ਸੀ), ਪਾਰੋ [ਪਰਮ ਹੰਸ ਬ੍ਰਹਮ ਗਿਆਨੀ] ਡੱਲੇ ਵਾਲੀਆ, ਰੰਗ ਦਾਸ ਘੜੂਏ (ਅੰਬਾਲਾ) ਦਾ, ਮੱਲੋ ਮਰਾਰੀ ਪਿੰਡ ਖਾਈ (ਲਹੌਰ) ਦਾ, ਦਰਬਾਰੀ ਪਿੰਡ ਮਜੀਠਾ (ਅਮ੍ਰਿਤ-ਸਰ) ਦਾ, ਫੇਰਾ ਪਿੰਡ ਕਟਾਰਾਂ (ਜੰਮੂੰ) ਦਾ, ਮਹੇਸ਼ਾ ਔਰ ਧੀਰਾ ਸੁਲਤਾਨ ਪੁਰ (ਜਲੰਧਰ), ਚੂਹਾ ਹਰਗੋਬਿੰਦ ਪੁਰਾ [ਜਲੰਧਰ], ਲੂੰਬਾ ਬਟਾਲਵੀ, ਮੀਰਾਂ ਬਾਦ [ਰਾਵਲ ਪਿੰਡੀ] ਦਾ ਇਕ ਸਿਖ, ਅਲਿ-ਯਾਰ (ਪਠਾਨ ਮੁਸਲਮਾਨਾਂ ਵਿਚੋਂ ਸਜਿਆ ਸਿਖ) ਪਿੰਡ ਡੱਲੇ ਦਾ, ਸਾਧਾਰਨ ਮਿਸਤ੍ਰੀ ਲਾਹੌਰ ਦਾ [ਗੋਇੰਦਵਾਲ ਦੀ ਬੌਲੀ ਵਿਚ ਇਸਨੇ ਜਲ ਪੌੜੀ ਘੜੀ ਸੀ] ਰਾਜਾ ਰਾਮ ਚਕ੍ਰ ਵਤੀ, ਰੰਗ ਸ਼ਾਹ ਪਿੰਡ ਮੱਲੂ ਪੋਤੇ [ਲਾਹੌਰ], ਮਾਈ ਦਾਸ (ਬ੍ਰਾਹਮਣਾਂ ਵਿਚੋਂ) ਪਿੰਡ ਕਾਕਨ ਨਰੌਲੀ (ਲਾਹੌਰ), ਹੰਦਾਲ (ਨੱਗਰ ਜੰਦਾਲਾ ਦਾ ਜ਼ਿਮੀਂਦਾਰ) ਖੇੜਾ (ਬ੍ਰਾਹਮਣਾਂ ਵਿਚੋਂ; ਖੇਮ ਕਰਨੀਆਂ, ਸੱਚਨ ਸਚ (ਬ੍ਰਾਹਮਣ), ਮੱਦਰਾ [ਲਾਹੌਰ], ਪੰਡਿਤ ਬੇਨੀ ਚੱਕ੍ਰ ਵਰਤੀ ਪ੍ਰਚਾਰਕ, ਏਹੀ ਸੇਵਕ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭੀ ਪ੍ਰਚਾਰ ਕਰਦੇ ਰਹੇ। ਹਿੰਦਾਲ (ਹੰਦਾਲ) ਦਾ ਕੇਂਦਰ ਜੰਡਿਆਲਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਬਾਈ ਮੰਜੀਆਂ (ਪ੍ਰਚਾਰਕ ਕੇਂਦਰ) ਪ੍ਰਸਿਧ ਸਨ। ਭਾਈ ਸਾਲੋ ਗੁਰੂ ਜੀ ਦਾ ਸਿਖ ਸੀ। ਇਹ ਅਮ੍ਰਿਤਸਰ ਦਾ ਕੋਤਵਾਲ ਸੀ। ਭਾਈ ਸਾਹਿਬ ਗੁਰਦਾਸ ਜੀ ੧੬੩੬ ਵਿਖੇ ਗੁਰੂ ਰਾਮ ਦਾਸ ਜੀ ਦੇ ਸਿਖ ਸਜੇ। ਔਰ ੧੬੯੪ ਬਿ: ਵਿਚ ਚਾਲੇ ਪਾ ਗਏ। ਭਾਈ ਬਹਿਲੋ ਨਗਰ ਫੱਫੜਿਆਂ (ਮਾਲਵਾ) ਦਾ ਸੀ। ਇਸੇ ਤਰਾਂ ਪੰਜਵੇਂ ਗੁਰੂ ਜੀ ਦੇ ਸਮੇਂ ਭਾਈ ਭਗਤੂ, ਗੰਗਾ ਰਾਮ (ਬਠਿੰਡਾ) ਮੂਲ ਚੰਦ [ਸੁਨਾਮੀਆਂ], ਬਿਧੀ ਚੰਦ [ਸੁਰ ਸਿੰਘ ਲਾਹੌਰ]। ਛੀਵੇਂ ਗੁਰੂ ਜੀ ਦੇ ਸਮੇਂ ਭਾਈ ਪਿਰਾਣਾ, ਭਾਈ ਜੇਠਾ ਆਦਿ ਵਡੇ ਨਾਮੀ ਪ੍ਰਚਾਰਕ ਸਿਖ ਸਨ। ਸਤਵੇਂ ਗੁਰੂ ਜੀ ਦੇ ਸਮੇਂ ਗੋਰਾ, ਜੀਵਣ, ਭਗਤੂ, ਕਾਲਾ, ਆਦਿ ਨਾਮੀ ਪ੍ਰਚਾਰਕ ਹੋਏ ਸਨ। ਨੌਵੇਂ ਗੁਰੂ ਜੀ ਦੇ ਸਿਖਾਂ ਵਿਚੋਂ ਭਾਈ ਘਨਈਆ ਲਾਲ (ਅਡਨ ਸ਼ਾਹੀ ਸ਼ਾਖ ਦੇ ਬਾਨੀ) ਭਾਈ ਮੀਹਾਂ ਆਦਿ ਪ੍ਰਸਿਧ ਪ੍ਰਚਾਰਕ ਸਨ। ਸ੍ਰੀ ਗੁਰੂ ਦਸਮੇਸ਼ ਜੀ ਨੇ ਪੰਜ ਪਿਆਰੇ ਥਾਪ ਕੇ ਪ੍ਰਚਾਰ ਦਾ ਸਾਰਾ ਜ਼ਿੰਮਾ ਸਿਖ ਮਾਤ੍ਰ (ਖਾਲਸਾ ਪੰਥ) ਦੇ ਸਪੁਰਦ ਕਰ ਦਿਤਾ। ਪਿਛੇ ਲਿਖੇ ਵਤ ਹੋਰ ਭੀ ਬਥੇਰੇ ਪ੍ਰਚਾਰਕ ਹੋਏ, ਔਰ ਇਹ 'ਗੁਰੂ ਕੇ ਭਗਤ' ਸਨ ਜਿਨਾਂ ਨੇ ਕਿ ਗੁਰਮਤ ਦਾ ਪ੍ਰਚਾਰ ਕੀਤਾ। ਗੁਰੂ ਘਰ ਦੇ ਸੇਵਕਾਂ ਭਗਤਾਂ ਨੇ ਮਹਾਨ ਸੇਵਾ ਕੀਤੀ, ਪਰ ਕਈਆਂ ਦੇ ਪਿਛੋਂ ਫਿਰਕੇ ਹੀ ਚਲ ਪਏ। ਗੁਰਸਿੱਖ ਬਣਨ ਦੀ ਬਜਾਏ ਸਿਖਾਂ ਦੇ ਸਿਖ [ਚੇਲੇ] ਬਣਨੇ ਦੀ ਮਨਮਤ ਚਲੀ, ਇਹ ਇਕ ਭਾਰੀ ਅਵੱਗਿਆ ਸੀ।

ਸ੍ਰੀ ਗੁਰੂ ਦਸਮੇਸ਼ ਜੀ ਦੇ ਸਮੇਂ ਮਸੰਦਾਂ, ਧੀਰ ਮਲੀਆਂ, ਰਾਮ ਰਾਇਆਂ ਆਦਿ ਪਾਰਟੀਆਂ ਦਾ ਜ਼ੋਰ ਸੀ, ਇਨਾਂ ਨੇ ਦਸਮ ਗੁਰੂ ਜੀ ਦੀ ਹਦੋਂ ਵਧ ਮੁਖਾ-

Digitized by Panjab Digital Library | www.panjabdigilib.org

ਲਫਤ ਕੀਤੀ। ਦਸਮ ਬਾਣੀ ਨੂੰ ਬੀੜ ਵਿਚ ਸ਼ਾਮਲ ਕਰਕੇ ਪਰਚਾਰ ਕਰਨੋਂ ਅਜ ਤੀਕਰ ਰੋਕਾਂ ਪੌਂਦੇ ਆ ਰਹੇ ਹਨ। ਪੰਥ ਵਿਚ ਫਿਰਕੇ ਬੰਦੀਆਂ ਹਮੇਸ਼ਾਂ ਫੁਟ ਦਾ ਕਾਰਨ ਬਣਨੇ ਦੇ ਖਤਰੇ ਹਨ। ਪਾਠਕਾਂ ਦੀ ਗਜ਼ਾਤ ਵਾਸਤੇ ਅਗੇ ਨਮੂਨੇ ਮਾਤ੍ਰ ਫਿਰਕੇ ਬੰਦੀਆਂ ਸਬੰਧੀ ਹਾਲਾਤ ਦਿੰਦੇ ਹਾਂ।

## ਭਾਈ ਬਹਿਲੋ

ਭਾਈ ਬਹਿਲੋ ਨੂੰ ਪੰਚਮ ਗੁਰੂ ਜੀ ਨੇ ਭਾਈ ਖਿਤਾਬ ਬਖਸ਼ਿਆ ਇਨ੍ਹਾਂ ਦੇ ਪਿਛਲਗ ਭਾਈ ਕੇ ਕਹੌਂਦੇ ਹਨ। ਨੱਗਰ ਫੱਫੜ [ਪਟਿਆਲਾ ਮਾਨਸਾ] ਸਟੇਸ਼ਨ ਨਰੇਂਦਰ ਪੂਰਾ ਹੈ। ਬਹਿਲੋ ਦਾ ਜਨਮ ਸੰਮਤ ੧੬੪੦ ਵਿਚ ਸੰਧੂ ਜੱਟਾਂ ਵਿਚੋਂ ਹੋਇਆ। ਬਹਿਲੋ ਪਹਿਲੀ ਉਮਰੇ ਸੁਲਤਾਨ ਦਾ ਪੱਕਾ ਪੁਜਾਰੀ ਸੀ। ਨਿਗਾਹੇ ਨੂੰ ਜਾਂਦਾ ੧੬੬੦ ਬਿ: ਵਿਚ ਅੰਮ੍ਰਿਤਸਰ ਪਹੁੰਚਕੇ ਪੰਚਮ ਗੁਰੂ ਜੀ ਦਾ ਸਿੱਖ ਬਣ ਗਿਆ। ਇਸ ਨੇ ਆਵੇ ਪਕੌਣ ਦੀ ਗੁਰੂ ਘਰ ਦੀ ਗਾਖੜੀ ਸੇਵਾ ਉਠਾਈ, ਸਮਾਂ ਪਾਕੇ ਮਾਲਵੇ ਦੇਸ ਦਾ ਮਸੰਦ (ਮਸਨਿਦ ਨਸ਼ੀਨ) ਥਾਪਿਆ। ਇਸੇ ਸ਼ਾਖ ਨਾਲ ਮਿਲਦਾ ਭਾਈ ਭਗਤਾ ਪ੍ਰਸਿਧ ਪ੍ਰਚਾਰਕ ਬਣਿਆ। ਰਿਧੀਆਂ ਸਿਧੀਆਂ ਪ੍ਰਾਪਤ ਹੋਣ ਕਰਕੇ ਆਮ ਲੋਕੀ ਕਹਿੰਦੇ ਸਨ ਕਿ ਇਸ ਦੇ ਵਸ ਵਿਚ ਭੂਤ ਪ੍ਰੇਤ ਆਦਿ ਹਨ। ਅਜ ਕਲ ਦੇ ਵਹਿਮੀ ਲੋਕ ਭਗਤੇ ਦੇ ਪੁਜਾਰੀਆਂ ਪਾਸੋਂ ਭੂਤ ਨਿਕਲਵੌਂਦੇ ਹਨ। ਭਾਈ ਬਹਿਲੋ ਦਾ ਦੇਹਾਂਤ ਸੰਮਤ ੧੭੦੦ ਵਿਚ ਫਫੜੇ ਹੋਇਆ।

ਨੋਟ—ਭਾਈ ਦਸੌਂਦਾ ਸਿੰਘ ਜੀ ਵੰਸ ਪਾਸ ਸ੍ਰੀ ਗੁਰੂ ਦਸਮੇਸ਼ ਜੀ ਦੇ ਕਈ ਬਸਤ੍ਰ ਅਰ ਇਕ ਕਟਾਰ ਪਈ ਹੈ ਇਕ ਸੋਨੇ ਦੀ ਮੋਹਰ ਭੀ ਹੈ। ਭਾਈ ਭਗਤੂ ਦੀ ਸ਼ਾਖ ਅੜਰੀ ਹੈ ਇਹ ਭੀ ਪੰਚਮ ਗੁਰੂ ਜੀ ਦਾ ਸਿਖ ਬੈਰਾੜ ਜ਼ਿਮੀਂਦਾਰਾਂ ਵਿਚੋਂ ਸਜਿਆ ਸੀ ਇਸ ਦਾ ਦੇਹਾਂਤ ਸਤਵੇਂ ਗੁਰੂ ਜੀ ਦੀ ਅਰਦਲ ਵਿਚ ਕਰਤਾਰ ਪੁਰ ਹੋਇਆ ਇਸ ਦਾ ਪੁਤਰ ਭਾਈ ਗੌਰਾ ਪ੍ਰਤਾਪੀ ਹੋਇਆ ਭਾਈ ਸਾਲੋ ਭੀ ਭਾਈ ਬਹਿਲੋ ਦਾ ਸਾਥੀ ਸੇਵਾਦਾਰ ਸੀ ਇਹ ਪ੍ਰੇਮੀ ਫੀਰੋਜ਼ ਪੁਰ ਦਾ ਸੀ। ਅੰਮ੍ਰਿਤਸਰ ਦਾ ਕੋਤਵਾਲ ਭੀ ਰਿਹਾ ਇਸ ਦਾ ਜਨਮ ਸੰਮਤ ੧੬੦੯ ਤੇ ਦੇਹਾਂਤ ੧੬੮੫ ਵਿਚ ਹੋਇਆ ਇਸਦੀ ਸਮਾਧ ਧਰਮ ਸਾਲਾ ਦੇ ਲਾਗੇ ਹੈ।

## ਗੜ੍ਹ ਸ਼ੰਕਰ ਵਾਸੀ ਗੰਗੂ ਦਾਸ

ਤੀਜੇ ਗੁਰੂ ਜੀ ਦਾ ਸਿਖ ਪ੍ਰਚਾਰਕ ਥਾਪਿਆ ਗਿਆ। ਇਸ ਦੇ ਪ੍ਰਚਾਰ ਦਾ ਕੇਂਦਰ ਪਿੰਡ ਦਾਊ (ਅੰਬਾਲਾ) ਸੀ, ਸਤਿਲੁਜੋਂ ਚੜ੍ਹਦੇ ਪਾਸੇ ਵਲ ਪ੍ਰਚਾਰ ਹਿਤ ਦੌਰੇ ਕਰਦਾ ਇਸ ਪਰੇਮੀ ਦਾ ਦੇਹਾਂਤ ਪਿੰਡ ਘਾਗੋ [ ਦੁਆਬਾ ] ਵਿਖੇ ਹੋਇਆ, ਉਥੇ ਮੰਦਰ ਹੈ ਤੇ ਮੇਲਾ ਭੀ ਹੁੰਦਾ ਹੈ। ਅਗੋਂ ਇਸ ਦਾ ਪੜੋਤਾ ਅੰਮ੍ਰਿਤ ਛਕ ਕੇ ਜਵਾਹਰ ਸਿੰਘ ਹੋਇਆ, ਪਹਾੜਾਂ ਵਲ ਪ੍ਰਚਾਰ ਕੀਤਾ, ਉਪਰੰਤ ਮਹੰਤ ਸੁੰਦਰ ਸਿੰਘ ਪ੍ਰਚਾਰਕ ਹੋਇਆ, ਪਰ ਸਿਖੀ ਗੰਗੂ ਸ਼ਾਹੀ ਦੇ ਨਾਮ ਦੀ ਚਲਦੀ ਹੈ, ਪੰਜੌਰ, ਡਿਕਸਈ ਨਾਹਨ ਤੀਕਰ ਦੇ ਸਿਖ ਹਨ, ਬਾਬਾ ਜਵਾਹਰ ਸਿੰਘ ਦਾ ਪ੍ਰਸਿਧ ਡੇਰਾ ਖਟਕੜ [ਅੰਬਾਲਾ] ਵਿਖੇ ਹੈ।

Digitized by Panjab Digital Library | www.panjabdigilib.org

ਨੋਟ-ਗੰਗੂ ਨਾਮ ਦੇ ਹੋਰ ਭੀ ਕਈ ਪ੍ਰਸਿੱਧ ਸਿੱਖ ਹੋਏ ਹਨ, ਇਕ ਦੂਸਰੇ ਗੁਰੂ ਜੀ ਦਾ ਸਿਖ ਸੀ। ਪੰਜਵੇਂ ਗੁਰੂ ਜੀ ਵੇਲੇ ਨਾਈਆਂ ਵਿਚੋਂ ਸਿਖ ਸਜ ਕੇ ਗੰਗੂ ਬ੍ਰਹਮ ਗਿਆਨੀ ਹੋਇਆ। ਇਕ ਬਠਿੰਡੇ ਦਾ ਗੰਗਾ ਰਾਮ ਬ੍ਰਹਮਣ ਸਿਖ ਸਜ ਕੇ ਪੰਜਵੇਂ ਗੁਰੂ ਜੀ ਦਾ ਪ੍ਰਸਿਧ ਸਿਖ ਹੋਇਆ ਤੇ ਹਰਿਮੰਦਰ ਦੀ ਇਸ ਨੇ ਗਾਖੜੀ ਸੇਵਾ ਉਠਾਈ। ਇਸ ਦਾ ਚਾਟੜਾ ਭਾਈ ਮੂਲ ਚੰਦ [ਸੁਨਾਮ, ਪਟਿਆਲਾ] ਪ੍ਰਸਿਧ ਮਹਾਤਮਾ ਹੋਇਆ ਸੁਨਾਮ ਇਸ ਦੇ ਮਕਾਨ ਹਨ। ਇਕ ਭਾਈ ਮੂਲੇ ਦਾ ਗੁਰਦਵਾਰਾ ਸੰਗਰੂਰ (ਜੀਂਦ) ਵਿਖੇ ਭੀ ਹੈ।

## ਹੰਦਾਲ

ਹੰਦਾਲ ਪਿੰਡ ਜੰਡਾਲਾ [ਜਾਲੰਧਰ] ਗਾਜ਼ੀ ਜਾਟ ਦਾ ਪੁਤਰ ਸੰਮਤ ੧੬੩੦ ਵਿਚ ਜਨਮਿਆਂ। ਮਾਤਾ ਦਾ ਨਾਮ ਸੁਖੀ, ਇਸਤ੍ਰੀ ਦਾ ਨਾਮ ਹਮਜ਼ਾ ਸੀ, ਸਿਖ ਸਜਾ ਕੇ ਤੀਜੇ ਗੁਰੂ ਜੀ ਨੇ ਪ੍ਰਚਾਰਕ ਥਾਪਿਆ ਇਸ ਦਾ ਦੇਹਾਂਤ ੧੭੦੫ ਬਿ: ਵਿਚ ਹੋਇਆ 'ਨਿਰੰਜਨ ਨਿਰੰਜਨ' ਹਰ ਵੇਲੇ ਕਹਿਣ ਕਰਕੇ ਇਹ ਸੰਪ੍ਰਦਾਇ ਨਿਰੰਜਨੀਏ ਨਾਮ ਨਾਲ ਪ੍ਰਸਿਧ ਹੋ ਗਈ, ਹੰਦਾਲ ਦਾ ਪੁਤ੍ਰ ਬਿਧੀ ਚੰਦ ਮਹਾ ਕੁਕਰਮੀ ਸੀ, ਦਸਿਆ ਹੈ ਕਿ ਇਸ ਦੇ ਘਰ ਵੇਸਵਾ ਸੀ, ਜਿਸ ਤੋਂ ਦੇਵੀ ਦਾਸ ਜਨਮ ਕੇ ਮਹੰਤ ਬਣਿਆਂ। ਇਨ੍ਹਾਂ ਨੇ ਸਤਿਗੁਰੂ ਨਾਨਕ ਜੀ ਦੀ ਮਹਾਨ ਨਿੰਦਿਆ ਲਿਖੀ, ਹੰਦਾਲ ਨੂੰ ਉਚਾ ਦਸਣ ਵਾਸਤੇ ਮਨਘੜਤ ਸਾਖੀਆਂ ਬਣਾਈਆਂ। ਨਿਰੰਜਨੀਏ ਆਪਣੇ ਮੁਰਦਿਆਂ ਦੇ ਫੁਲ (ਹਡੀਆਂ) ਚੁਗ ਕੇ 'ਨਰੋਆਣੀ' ਦੇ ਟੋਬੇ ਵਿਚ ਸੁਟਦੇ ਹਨ। ਵਿਵਾਹ ਔਰ ਮਿਲਣ ਦੀ ਰਸਮ ਅੜਰੀ ਹੈ। ਫਤਹ ਦੀ ਥਾਂ ਨਿਰੰਜਨ ਨਿਰੰਜਨ ਆਖਦੇ ਹਨ ਈਹੋ ਇਨ੍ਹਾਂ ਦਾ ਜਾਪ ਮੰਤਰ ਹੈ।

## ਸੁਥਰੇ ਸ਼ਾਹੀ

'ਛੀਵੇਂ' ਗੁਰੂ ਜੀ ਦਾ ਸਿਖ ਸੁਥਰੇ ਸ਼ਾਹ' ਸਿਖ ਧਰਮ ਦਾ ਖੁਲ੍ਹਾ ਡੁਲ੍ਹਾ ਪ੍ਰਚਾਰਕ ਸੀ, ਪਿੰਡ ਬਰਾਮ ਪੁਰ (ਬਾਰਾਂ ਮੂਲਾ) ਵਿਖੇ ਇਸ ਦਾ ਜਨਮ ਨੰਦੇ ਖਤ੍ਰੀ ਦੇ ਘਰ ੧੬੭੨ ਬਿ: ਵਿਖੇ ਹੋਇਆ। ਕਿਹਾ ਜਾਂਦਾ ਹੈ ਜਨਮ ਤੋਂ ਇਸ ਦੇ ਦੰਦ ਹੋਣ ਕਰਕੇ ਕੁਸਗਨਾ ਸਮਝ ਮਾਪੇ ਇਸ ਨੂੰ ਜੰਗਲ ਵਿਚ ਸੁਟ ਆਏ, ਕਸ਼ਮੀਰੋਂ ਵਾਪਸ ਹੁੰਦਿਆਂ, ਛੇਵੇਂ ਗੁਰੂ ਜੀ ਦੀ ਨਜ਼ਰੀ ਪਿਆ, ਉਠਵਾ ਕੇ ਕਿਹਾ ਇਹ ਤਾਂ ਲੜਕਾ ਸੁਥਰਾ ਹੈ, ਈਹੋ ਨਾਮ ਟਿਕ ਗਿਆ। ਗੁਰੂ ਹਜ਼ੂਰੀ ਵਿਚ ਸੇਵਾ ਕਰਨ ਕਰਕੇ ਗੁਰੂ ਜੀ ਇਸ ਪਰ ਪ੍ਰਸੰਨ ਹੋਏ, ਪ੍ਰਚਾਰਕ ਨੀਯਤ ਕੀਤਾ। ਦਿਲੀ ਜਾਕੇ ਪ੍ਰਚਾਰ ਕਰਦਾ ਰਿਹਾ, ਇਸ ਦਾ ਦੇਹਾਂਤ ਸੰਮਤ ੧੭੩੮ ਵਿਖੇ ਹੋਇਆ, ਇਸ ਦੇ ਪਿਛੋਂ ਇਸ ਦੀ ਸ਼ਾਖ ਸੁਥਰੇ ਸ਼ਾਹੀ ਚਲੀ ਅਜ ਕਲ ਇਹ ਲੋਕ ਡੰਡੇ ਬਜਾਕੇ ਦੁਕਾਨਾਂ ਪਰ ਦੇਵੀ ਦੀਆਂ ਭੇਟਾਂ ਗਾਕੇ ਮੰਗਦੇ ਰਹਿੰਦੇ ਹਨ, ਕਈ ਡੇਰੇ ਭੀ ਹਨ ਅਫੀਮ, ਭੰਗ, ਚਰਸ, ਤੰਬਾਕੂ ਵਰਤਣੇ ਕਰਕੇ ਸਿਖੀ ਤੋਂ ਪਰੇ ਹੁੰਦੇ ਜਾ ਰਹੇ ਹਨ।

ਸਿਖ ਪ੍ਰਚਾਰਕਾਂ ਨੂੰ ਇਨ੍ਹਾਂ ਦੇ ਸੁਧਾਰ ਵਲ ਖਾਸ ਧਿਆਨ ਦੇਣਾ ਲੋੜੀਏ। ਸੁਥਰੇ ਸ਼ਾਹ ਦੀ ਰਚਨਾ ਇਕਰ ਦੀ ਮਿਲਦੀ ਹੈ,

Digitized by Panjab Digital Library | www.panjabdigilib.org

"ਲੋਕ ਡਰਾਵਣ ਕਾਰਣੇ, ਕੀ ਤੈਂ ਭੇਖ ਬਣਾਇਆ। ਨਿਰ ਉੱਦਮ ਟੁਕੜਾ ਖਾਵਣਾ, ਬਾਬਾ ਨਾਮ ਸਦਾਯਾ।"

## ਉਦਾਸੀ ਸੰਪ੍ਰਦਾਇ

ਇਸ ਦੇ ਮੋਢੀ, ਬਾਬਾ ਸ੍ਰੀ ਚੰਦਰ ਦਾ ਜਨਮ ਸੰਮਤ ੧੫੫੧ ਬਿ: ਸੌਣ ਵਦੀ ਏਕਮ ਨੂੰ ਹੋਇਆ। ਸੰਮਤ ੧੫੯੬ ਵਿਚ ਸਤਿਗੁਰੂ ਅੰਗਦ ਜੀ ਗਦੀ ਪਰ ਵਿਰਾਜੇ ਬਾਬਾ ਸ੍ਰੀ ਚੰਦ ਜੀ ਨਾਰਾਜ਼ ਹੋ ਕੇ ਉਦਾਸੀ ਸਾਧ ਬਣ ਬੈਠੇ, ਆਪ ਪਹਿਲਾਂ ਟਾਲੀਆਂ ਪਿੰਡ ਜਾ ਰਹੇ ਜੋ ਕਰਤਾਰ ਪੁਰੋਂ ਸਤ ਕੋਹਾਂ ਪਰ ਹੈ ਉਪਰੰਤ ਪਿੰਡ ਬਾਰਠ ਜਾ ਰਹੇ ਪੰਜਵੇਂ ਔਰ ਛੀਵੇਂ ਗੁਰੂ ਜੀ ਆਪ ਨੂੰ ਬਾਰਠ ਦੇ ਦੌਰੇ ਵੇਲੇ ਮਿਲੇ ਆਪ ਦਾ ਡੇਰਾ ਦੌਲਤ ਪੁਰ ਭੀ ਸੀ। ਦਸਿਆ ਹੈ ਕਿ ਆਪ ਇਕ ਸਿਲ ਪਥਰ ਪਰ ਬੈਠਕੇ, ਐਰਾਵਤੀ ਨਦੀ ਤੋਂ ਪਾਰ ਹੋਕੇ ਚੰਬੇ ਪਹਾੜ ਵਿਚ ਚਲੇ ਗਏ, ਇਹ ਜਗਾ ਬਾਰਠੋਂ ਚਾਲੀ ਕੁ ਕੋਹ ਪਰ ਹੈ। ਇਹ ਸਮਾ ਸੰਮਤ ੧੬੬੯ ਦਾ ਸੀ, ਉਪਰੰਤ ਦੇਹਾਂਤ ਦਾ ਕੋਈ ਇਲਮ ਨਹੀਂ ਹੈ। ਆਪ ਨੇ ਸੰਮਤ ੧੬੮੧ ਵਿਖੇ ਛੀਵੇਂ ਗੁਰੂ ਜੀ ਦੇ ਸਪੁਤ੍ਰ ਬਾਬਾ ਗੁਰਦਿਤਾ ਜੀ ਨੂੰ ਆਪਣੀ ਗਦੀ ਦਿਤੀ। ਬਾਬਾ ਜੀ ਨੇ ਬਾਲੂ ਹਸਨਾ ਅਲਮਸਤ, ਫੂਲ ਸਾਹਿਬ, ਗੋਇੰਦਾ ਸਾਹਿਬ ਸਿਖੀ ਪ੍ਰਚਾਰ ਹਿਤ ਪ੍ਰਚਾਰਕ ਥਾਪ ਦਿਤੇ। ਇਨ੍ਹਾਂ ਨੇ ਸਿਖ ਧਰਮ ਦਾ ਹਰ ਇਲਾਕੇ ਵਿਖੇ ਮਿਲ ਕੇ ਪ੍ਰਚਾਰ ਕੀਤਾ, ਛੀਵੇਂ ਗੁਰੂ ਜੀ ਨੇ ਅਲਮਸਤ ਜੀ ਦੀ ਬਹੁਤ ਇਮਦਾਦ ਰਖੀ।

ਇਸ ਸੰਪ੍ਰਦਾਇ ਨੇ ੧੮੨੦ ਦੇ ਗਿਰਦੇ ਬੈਰਾਗੀਆਂ ਸੰਨਿਆਸੀਆਂ ਦੀ ਸੰਗਤ ਨਾਲ ਉਦਾਸੀ ਸਿਖੀ ਤੋਂ ਵਿਰੁਧ ਉਨਾਂ ਦੇ ਕੁਝ ਨੇਮ ਅਪਣਾ ਲੀਤੇ। ਬਾਵਾ ਪ੍ਰੀਤਮ ਦਾਸ ਤੇ ਸੰਤੋਖ ਦਾਸ ਨੇ ਮਜੀਠੀ ਚੋਲਾ, ਉੱਨ ਦੀ ਮਾਲਾ, ਤੂੰਬਾ, ਝੋਲੀ ਚਿਨ੍ਹ ਧਾਰੇ ਔਰ ਸੀਸ ਪਰ ਦਲਕੀ ਤਾਜੀ ਆਦਿ ਚਿਨ੍ਹ ਧਾਰੇ। ਬਾਬਾ ਬਨ ਖੰਡੀ ਜੀ ਨੇ ਕਾਲੀ ਕੰਬਲੀ ਪਹਿਚਾਨ ਚਲਾ ਦਿਤੀ, ਵੈਸੇ ਜਟਾ ਜੂਟ ਸ਼ੁਰੂ ਤੋਂ ਸਨ। ਸੰਮਤ ੧੮੩੧ ਦੇ ਗਿਰਦੇ ਬਣ- ਖੰਡੀ ਸਾਹਿਬ ਤੇ ਬਾਵਾ ਪ੍ਰੀਤਮ ਦਾਸ ਨੇ ਸਰੀਰ ਪਰ ਸਵਾਹ ਮਲਣ ਦੀ ਮ੍ਰਯਾਦਾ ਚਲਾਈ। ਤੇੜ ਪਿੱਤਲ ਦੀ ਜੰਜੀਰ ਕੱਸ ਲਿਤੀ। ਅਖੀਰ ਬਣਖੰਡੀ ਸਾਹਿਬ ਦੀ ਧੂਣੀ ਦੀ ਸਵਾਹ ਦਾ ਗੋਲਾ ਬਣਾ ਕੇ ਪੂਜਾ ਚਲਾ ਦਿਤੀ। ਭਾਵੇਂ ਅਜ ਤੀਕਰ ਮੁਖ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਆਏ ਹਨ, ਪਰ ਰੀਤਾਂ ਰਸਮਾਂ ਵਿਚ ਫਰਕ ਪਾ ਦਿਤੇ। ਕਈ ਤਾਂ ਜਟਾਂ ਉਤਾਰ ਕੇ ਚੇਲਾ ਬਣਾਂਦੇ ਹਨ ਤੰਬਾਕੂ ਦਾ ਗੰਦਾ ਰਵਾਜ ਭੀ ਕਈਆਂ ਨੇ ਅਪਣਾ- ਇਆ। ਸਿੱਟਾ ਕੀ! ਵੈਰਾਗੀਆਂ, ਸਨਿਆਸੀਆਂ ਨੇ ਇਨਾਂ ਨਾਲ ਮਿਲ ਕੇ ਉਦਾਸੀਆਂ ਨੂੰ ਸਿਖ ਧਰਮ ਵਲੋਂ ਕਾਫੀ ਕਮਜ਼ੋਰ ਕੀਤਾ ਸੰਮਤ ੧੮੩੬ ਵਿਖੇ ਬਾਵਾ ਪ੍ਰੀਤਮ ਦਾਸ ਜੀ ਨੇ ਅਖਾੜਿਆਂ ਵਿਚ ਪ੍ਰਵਿਰਤ ਕਰ ਕੇ ਨਿਰਲੇਪਤਾ ਨੂੰ ਦੂਰ ਕਰ ਦਿਤਾ। ਅਰ ਅਖਾੜਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤੇ, ਜਿਨਾ ਦੀ ਤਾਬਿਆ ਚਾਰ ਮਹੰਤ ਥਾਪੇ ਯਥਾ—ਅਰੂਪ ਬ੍ਰਹਮ, ਗੰਗਾ ਰਾਮ, ਅਟੱਲ ਬ੍ਰਹਮ, ਕੂਟਸਥ ਬ੍ਰਹਮ ਉਸ

Digitized by Panjab Digital Library | www.panjabdigilib.org

ਸਮੇਂ ਤੋਂ ਸ਼ਾਹੀ ਠਾਠਾਂ ਬਾਠਾਂ ਵਿਚ ਪਰਵਿਰਤ ਹੋ ਗਏ। ਸੰਮਤ ੧੮੯੬ ਭਾਈ ਫੇਰੂ (ਸੰਗਤ ਸਾਹਿਬ) ਸੰਪ੍ਰਦਾਇ ਦੇ ਮਹੰਤ ਸੂਰਦਾਸ ਔਰ ਸੰਤੋਖ ਦਾਸ ਤੇ ਹਰਿ ਨਾਰਾਇਣ ਦਾਸ ਆਦਿ ਮੁਖੀਆਂ ਵਿਚ ਮਤ ਭੇਦ ਚਲ ਪਿਆ, ਜਿਸ ਕਾਰਨ 'ਸ੍ਰੀ ਗੁਰੂ' ਨਾਮੀ ਨਵਾਂ ਅਖਾੜਾ ਕਨ-ਖਲ ਤੀਰਥ ਪਰ ਕਾਇਮ ਹੋਇਆ। ਅਮ੍ਰਿਤਸਰ ਵਿਖੇ ਸੰਮਤ ੧੮੪੦ ਵਿਚ ਅਖਾੜਾ ਸੰਗਲ, ਨਿਰਬਾਣ ਮਠ ਬਣਾਏ। ਇਸ ਠਾਠ ਬਾਠ ਨੂੰ ਤੱਕ ਕੇ ਨਿਰਮਲਿਆਂ ਨੇ ਭੀ ੧੯੧੮ ਵਿਚ ਅਖਾੜੇ ਬਣਾਏ।

ਨੋਟ—ਬਖਸ਼ਸ਼ਾਂ ਅਤੇ ਧੂੰਏਂ (ਲੰਗਰ) ਕਈ ਸ਼ਾਖਾਂ ਵਿਚ ਫੈਲੇ। ਪਹਿਲੀਆਂ ਬਖਸ਼ਸ਼ਾਂ ਛੀ ਹਨ, ਯਥਾ—ਸੁਥਰੇ ਸ਼ਾਹੀ, ਸੰਗਤ ਸਾਹਿਬੀਏ, ਜੀਤ ਮੱਲੀਏ, ਬਖਤ ਮੱਲੀਏ, ਭਗਤ ਭਗਵਾਨੀਏਂ, ਮੀਹਾਂ ਸ਼ਾਹੀਏ।

ਬਾਲੂ ਹਸਨਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਘੋੜੇ ਦੀ ਸੇਵਾ ਕਰਦਾ ਹੁੰਦਾ ਸੀ। ਇਹ ਸੰਮਤ ੧੬੯੩ ਵਿਚ ਉਦਾਸੀ ਖਜ਼ਾਲਾਂ ਦਾ ਪ੍ਰਚਾਰਕ ਬਣਿਆਂ। ਅਜ ਕਲ ਬਾਬਾ ਰਾਮਰਾਇ ਦੇ ਦੇਹੁਰੇ ਦੀ ਸੇਵਾਦਾਰ ਇਸੇ ਦੀ ਸੰਪ੍ਰਦਾ ਕਹੌਂਦੀ ਹੈ। ਇਸੇ ਤਰਾਂ ਬਖਤ ਮੱਲ ਗੁਰੂ ਦਸਮ ਪਾਤ. ਸ਼ਾਹ ਦੇ ਵੇਲੇ ਪਰਸਿਧ ਮਸੰਦ ਸੀ। ਦਸਮੇਸ਼ ਜੀ ਨੇ ਜਦੋਂ ਮਸੰਦਾਂ ਨੂੰ ਸਜ਼ਾ ਦਿਤੀ ਤਾਂ ਇਸ ਨੇ ਇਸਤ੍ਰੀਆਂ ਦਾ ਭੇਖ ਧਾਰ ਕੇ ਮੁਆਫੀ ਮੰਗੀ ਸੀ।

ਹੁਣ ਵੀ ਇਹ ਗੱਦੀ ਬੈਠਣ ਵੇਲੇ ਇਸਤ੍ਰੀਆਂ ਦਾ ਭੇਸ ਧਾਰਦੇ ਹਨ। ਇਸਤੋਂ ਪਰਤੀਤ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਜਿਸ ਸਿਖ ਨੂੰ ਵਰੋਸਾਇਆ ਅਥਵਾ ਪਰਚਾਰ ਕਰਨ ਲਈ ਇਲਾਕੇ ਦਾ ਮਸੰਦ ਥਾਪਿਆ, ਅਥਵਾ ਇਲਾਕੇ ਵਾਰ ਪ੍ਰਚਾਰ ਲਈ ਜਥੇਦਾਰੀ ਬਖਸ਼ੀ, ਜਿਹਾ ਕਿ ਤੀਸਰੇ ਗੁਰੂ ਸਾਹਿਬਾਂ ਵੇਲੇ ਬਾਈ ਮੰਜੀਆਂ ਦੁਆਰਾ ਪਰਚਾਰ ਹੁੰਦਾ ਸੀ, ਸਮੇਂ ਪਿਛੋਂ ਇਨਾਂ ਲੋਕਾਂ ਵਿਚੋਂ ਹੀ ਸੰਪ੍ਰਦਾ ਬਣਾ ਕੇ ਯਾਂ ਉਨਾਂ ਦੇ ਸ਼ਰਧਾਲੂਆਂ ਨੇ ਕੋਈ ਭੇਖ ਆਦਿ ਰਚ ਕੇ ਸੰਪ੍ਰਦਾਵਾਂ ਤੋਰ ਦਿਤੀਆਂ।

# ਪ੍ਰਸਿਧ ਮਤਾਂ ਦਾ ਵੇਰਵਾ

## ਕਬੀਰ ਪੰਥੀਏ

ਗੁਰਸਿਖਾਂ ਵਿਖੇ ਭਗਤ ਕਬੀਰ ਜੀ ਦੀ ਬਾਣੀ ਦਾ ਕਾਫੀ ਪਰਚਾਰ ਹੈ, ਪਰੰਤੂ ਗੁਰਮਤ ਔਰ ਭਗਤ ਮਤ ਦੇ ਵਖੋ ਵਖ ਸਿਧਾਂਤ ਹੈਨ, ਕਿਸੇ ਸਿਧਾਂਤ ਦਾ ਆਪਸ ਵਿਚ ਮਿਲ ਜਾਣਾ ਸਾਧਾਰਨ ਬਾਤ ਹੁੰਦੀ ਹੈ। ਕਬੀਰ ਪੰਥੀਏ ਦਾ ਅਤਰਾ ਫਿਰਕਾ ਹੈ ਇਹ ਲੋਕ ਭਗਤ ਕਬੀਰ ਜੀ ਦਾ ਜਨਮ ਹੋਰ ਹੀ ਭਾਂਤ ਮੰਨਦੇ ਹਨ ਕਿ ਅਸਮਾਨ ਥੀਂ ਇਕ ਦਿੱਬ ਜੋਤ ਆ ਕੇ ਕੰਵਲ ਫੁਲਾਂ ਪਰ ਆ ਬਿਰਾਜੀ ਸੀ, ਯਾਂਤੇ ਕਬੀਰ ਜੀ ਅਲੱਖ ਜੋਤੀ ਸਨ, ਉਸੇ ਤਰਾਂ ਆ ਕੇ ਨੀਰੂ (ਅਲੀ ਮੁਹੰਮਦ) ਜੁਲਾਹੇ ਦੀ ਪਤਨੀ ਨੀਮਾ ਦੀ ਗੋਦ ਵਿਚ ਆ ਵਿਰਾਜੇ, ਇਹ ਕਹਿੰਦੇ ਹਨ ਕਿ ਕਬੀਰ ਜੀ ਦੇ ਮਾਤਾ ਪਿਤਾ ਕੋਈ ਨਹੀਂ ਸਨ, ਇਹ ਕਥਾ ਭੀ ਈਸਾ ਦੇ ਜਨਮ ਦੀ ਤਰਾਂ ਹੈ ਵੈਸੇ ਭੀ ਪੁਰਾਣਾ ਐਸਾ ਹੀ ਪ੍ਰਚਾਰ ਸੀ, ਜਿਸ ਨੂੰ ਰਬ ਵਲ ਯਾਂ ਰਬ ਵਲੋਂ ਆਇਆ ਸਿਧ ਕਰਨਾ ਹੈ ਮਾਤਾ ਪਿਤਾ ਨਹੀਂ ਦਸਣੇ

Digitized by Panjab Digital Library | www.panjabdigilib.org

ਪਰ ਗੁਰਮਤ ਸਿਧਾਂਤ ਹੈ:-ਮਾਤ ਪਿਤਾ ਬਿਨ ਬਾਲ ਨ ਹੋਈ। ਭਾਵੇਂ ਕਬੀਰ ਜੀ ਜ਼ਾਤੀ ਕਰਕੇ ਮੁਸਲਮਾਨ ਜੁਲਾਹੇ ਸਨ, ਪਰ ਆਪ ਨੇ ਸੁੰਨਤ ਦਾ ਖੰਡਣ ਕੀਤਾ ਹੈ: ਸਕਤਿ ਸਨੇਹੁ ਕਰਿ ਸੁੰਨਤ ਕਰੀਐ ਮੈ ਨ ਬਦਉਗਾ ਭਾਈ। ਜਉਰੇ ਖੁਦਾਇ ਮੋਹਿ ਤੁਰਕੁ ਕਰੈਗਾ, ਆਪਨ ਹੀ ਕਟਿ ਜਾਈ। (ਆਸਾ ਕਬੀਰ)।

ਭਗਤ ਕਬੀਰ ਜੀ ਦਾ ਗੁਰੂ ਰਾਮਾ ਨੰਦ ਵੈਰਾਗੀ ਜੀ। ਸੋ ਆਪ ਨੇ ਵੈਸ਼ਨਵ ਮਤ ਨੂੰ ਧਾਰਨ ਕਰਕੇ ਜੰਞੂ, ਕੰਠੀ ਮਾਲਾ, ਵੈਸ਼ਨਵ ਭੋਜਨ ਆਦਿ ਕਰਮ ਕਾਂਡ ਧਾਰਨ ਕੀਤਾ। ਰਾਮਾ ਨੰਦ ਦਾ ਜਾਪ ਮੰਤ੍ਰ 'ਸੀਤਾ ਰਾਮ' ਸੀ। ਇਹ ਸ੍ਰੀਰਾਮ ਚੰਦਰ ਜੀ ਦੇ ਉਪਾਸ਼ਕ ਹੋਣ ਕਰਕੇ ਮਿਲਣ ਵੇਲੇ ਜੈ ਸੀਤਾ ਰਾਮ ਆਦਿ ਉਚਾਰਦੇ ਸਨ। ਕਬੀਰ ਜੀ ਦੀ ਪਤਨੀ ਲੋਈ ਔਰ ਉਨ੍ਹਾ ਦਾ ਪੁਤ੍ਰ ਕਮਾਲਾ (ਲੜਕੀ ਕਮਾਲੀ) ਕਬੀਰ ਜੀ ਦੀ ਰਚਨਾ ਵਿਚੋਂ ਸਿਧ ਹੈਨ (ਜਨਮਿਓ ਪੂਤ ਕਮਾਲ) ਕਹਿਤ ਕਬੀਰ ਸੁਨਹੁ ਰੇ ਲੋਈ (ਮਾਈ ਲੋਈ) ਕਬੀਰ ਜੀ ਦਾ ਝੁਕਾਓ ਵੈਸ਼ਨਵਾਂ ਵਲ ਹੋਣ ਕਰਕੇ ਉਨ੍ਹਾ ਨੇ ਇਸਲਾਮ ਮਤ ਨੂੰ ਕਿੰਚਤ ਮਾਤ੍ਰ ਭੀ ਨਹੀਂ ਅਪਣਾਇਆ। ਮਾਂਸ ਖਾਣ ਦੇ ਆਪ ਸਖਤ ਵਿਰੋਧੀ ਸਨ, ਜੀਵ ਅਹਿੰਸਕ ਸਨ ਵੈਸ਼ਨੋ ਭੋਜਨ ਦੇ ਪੱਕੇ ਪ੍ਰਚਾਰਕ ਸਨ (ਖੂਬ ਖਾਣਾ ਖੀਚੜੀ) ਕਬੀਰ ਜੀ ਸੂਚ ਭਿੱਟ ਨੂੰ ਭੀ ਮੰਨਦੇ ਸਨ (ਨਿਤ ਉਠ ਕੋਰੀ ਗਾਗਰ ਆਨੈ) ਸਿਟਾ ਕੀ। ਆਰੰਭ ਵਿਚ ਆਪ ਪੂਰਨ ਵੈਸ਼ਨਵ ਸਨ, ਬਲਕਿ ਉਘੇ ਪ੍ਰਚਾਰਕ ਸਨ। 'ਕਬੀਰ ਵੈਸ਼ਨੋ ਕੀ ਕੂਕਰ ਭਲੀ' ਪਰੰਤੂ ਸਨਾਤਨੀ ਪੰਡਤਾਂ ਔਰ ਮੁਲਾਣਿਆਂ ਤੋਂ ਬਹੁਤ ਪਰੇਡੇ ਰਹੇ ਇਨ੍ਹਾਂ ਦੇ ਕਰਤੱਬਾਂ ਤੋਂ ਭੀ ਨਫਰਤ ਸੀ। ਮੂਰਤੀ ਪੂਜਾ ਆਦਿ ਥੀਂ ਵਿਰੁਧ ਸਨ। ਅਹਿੰਸਾ-ਵਾਦ ਆਵਾ ਗਉਣ, ਜਗਰਚਨਾ, ਕਰਮ ਫਲ ਆਦਿ ਸਿਧਾਂਤ ਵੈਸ਼ਨਵਾਂ ਦੇ ਮੰਨਦੇ ਸਨ। ਆਪ ਨੇ ਹਿੰਦੂ ਗ੍ਰੰਥਾਂ ਦੇ ਹਵਾਲਿਆਂ ਨਾਲ ਹਿੰਦੂ ਮਤ ਦਾ ਖੰਡਨ ਮੰਡਣ ਕੀਤਾ ਹੈ ਔਰ ਇਸਲਾਮ ਮਤ ਦਾ ਭੀ ਖੰਡਣ ਕੀਤਾ ਹੈ ਪਰ ਮੋਟੇ ਮੋਟੇ ਪ੍ਰਚਲਤ ਨੇਮਾਂ ਦਾ, ਗਹਿਰਾਈ ਵਲ ਨਹੀਂ ਗਏ। ਖੰਡਣ ਵਿਚ ਸੁੰਨਤ, ਹਜ, ਰੋਜੇ, ਮਾਂਸ ਆਦਿ ਦਾ ਜ਼ੋਰਦਾਰ ਖੰਡਨ ਹੈ। ਉਸ ਵੇਲੇ ਵੈਸ਼ਨਵ ਮਤ ਦੀ ਸ਼ਾਖ ਹਿੰਦੂ ਮਤ ਨਾਲੋਂ ਪ੍ਰੇਡੇ ਸੀ।

ਆਪ ਚੰਗੇ ਵਿਦਜ਼ਵਾਨ ਸਨ। 'ਸਰਵਾ ਜਿੱਤ' ਪੰਡਿਤ ਨਾਲ ਆਪ ਦੀ ਬਹਿਸ (ਚਰਚਾ) ਹੋਣ ਪਰ ਪ੍ਰਸਿਧੀ ਹੋਈ। ਭਗਤ ਜੀ ਨੇ ਜ਼ਾਤ ਪਾਤ ਦਾ ਖੰਡਣ ਕੀਤਾ ਹੈ ਫਿਰ ਭੀ ਓਹ ਆਪ ਨੂੰ ਜੁਲਾਹਾ ਹੀ ਸਮਝਦੇ ਸਨ (ਮੇਰੀ ਜ਼ਾਤ ਜੁਲਾਹਾ)। ਅਮਲੀ ਤੌਰ ਪਰ ਜ਼ਾਤੀ ਪਾਤੀ ਦੇ ਗੜ੍ਹੇ ਵਿਚੋਂ ਨਹੀਂ ਨਿਕਲ ਸਕੇ। ਕਬੀਰ ਦੇ ਸਿਧਾਂਤਾਂ ਨੂੰ ਲੈਕੇ ਇਨਾਂ ਦੇ ਪਿਛੇ ਲਗੂ ਕਬੀਰ ਪੰਥੀਏ ਕਹੇ ਗਏ, ਜਿਸ ਵਿਚ ਕਿ ਮੰਨੇ ਜਾਂਦੇ ਨੀਚ ਜ਼ਾਤਾਂ ਵਿਚੋਂ ਵਧ ਸ਼ਾਮਲ ਹੋਏ। ਉਹਨਾਂ ਦਾ ਗੁਰ ਮੰਤ੍ਰ 'ਸਤ ਕਬੀਰ' ਯਾਂ 'ਸਤਿਨਾਮ' ਆਦਿ ਹੈ। ਇਹ ਤ੍ਰੀਕਾ ਭੀ ਵੈਸ਼ਨਵਾਂ ਵਾਲਾ ਹੀ ਹੈ, ਵਿਵਾਹ ਆਦਿ ਸਭ ਹਿੰਦੂ ਰੀਤਾਂ ਨਾਲ ਕਰਦੇ ਔਂਦੇ ਹਨ। ਮੁਰਦੇ ਦਾਹ ਭੀ ਕਰਦੇ ਹਨ ਵਿਚੇ ਦਬਦੇ ਭੀ ਹਨ। ਸਾਧੂ ਬਣ ਕੇ ਗ੍ਰਿਹਸਤੀ ਬਣਨਾ ਧਰਮੋਂ ਗਿਰ ਜਾਣਾਂ

Digitized by Panjab Digital Library | www.panjabdigilib.org

ਮੰਨਦੇ ਹਨ। ਅਹਿੰਸਾ ਦਾ ਪ੍ਰਚਾਰ ਕਰਨਾ ਮੁਖ ਮੰਨਦੇ ਹਨ। ਤੁਲਸੀ ਮਾਲਾ, ਤਿਲਕ, ਜਨੇਊ, ਲੰਗੋਟੀ ਆਦਿ ਸਭ ਵੈਸ਼ਨਵ ਚਿੰਨ੍ਹ ਰਖਦੇ ਹਨ। ਚੇਲਾ ਕਰਨ ਵੇਲੇ ਨਾਰੀਅਲ ਮਠਿਆਈ ਆਦਿ ਚੇਲਾ ਬਣਨੇ ਵਾਲਾ ਗੁਰੂ ਦੀ ਭੇਟਾ ਕਰਦਾ ਹੈ ਅਗੋਂ ਗੁਰੂ ਪਾਨ ਦੇ ਪੱਤ੍ਰ ਪਰ 'ਰਾਮ ਨਾਮ ਸਤ ਕਬੀਰ' ਆਦਿ ਲਿਖਕੇ ਦਿੰਦਾ ਹੈ। ਕਬੀਰ ਜੀ ਨੇ ਜੰਞੂ ਦਾ ਖੰਡਣ ਕੀਤਾ ਹੈ, ਪਰ ਕਬੀਰ ਪੰਥੀਏ ਜੰਞੂ ਕਿਉਂ ਪੌਂਦੇ ਹਨ? ਐਸੇ ਇਖਤਲਾਫ਼ਾਂ ਕਰਕੇ ਹੀ ਇਨ੍ਹਾਂ ਦੇ ਕਿਤਨੇ ਹੀ ਫਿਰਕੇ ਬਣ ਗਏ, ਜਿਹਾ ਕਿ—ਭਗੂ ਦਾਸੀ, ਚੂੜਾਮਣਿ ਦਾਸੀ, ਜੀਵਨ ਦਾਸੀ, ਸਰੂਪ ਗੋਪਾਲ ਦਾਸੀ, ਨਾਰਾਇਣ ਦਾਸੀ, ਸਾਹਿਬ ਦਾਸੀ, ਗਿਆਨੀ, ਟਕਸਾਲੀ, ਕਮਾਲੀਏ, ਜਗੂ ਦਾਸੀ।

ਇਨ੍ਹਾਂ ਤੋਂ ਬਿਨਾਂ ਮੰਗਲ ਕਬੀਰ, ਹੰਸ ਕਬੀਰ, ਨਿਰਬਾਣ ਕਬੀਰ, ਇੱਕਰ ਦੀਆਂ ਕਈ ਸ਼ਾਖਾਂ ਹਨ। ਜਿਤਨੇ ਫਿਰਕੇ ਹਨ ਗ੍ਰੰਥ ਭੀ ਵਰਕ ਨਾਲ ਰਚ ਲੀਤੇ ਹਨ। ਕਬੀਰ ਰਚਨਾ ਵਿਚ ਭੀ ਗੜ ਬੜ ਕਾਫੀ ਹੈ, ਪਿਛੋਂ ਚੇਲੇ ਭੀ ਕਬੀਰ ਨਾਮ ਪਰ ਬਾਣੀ ਰਚਦੇ ਸਨ। ਕਬੀਰ ਜੀ ਦੀ ਕਰਾਮਾਤਾਂ ਦੇ ਸ਼ਬਦ ਚੇਲਿਆਂ ਦੀ ਰਚਨਾ ਦੇ ਹਨ, ਮੁਖ਼ਤ ਗ੍ਰੰਥ ਕਬੀਰ ਬੀਜਕ ਹੈ, ਜਿਸਦੇ ੬੫੪ ਧਿਆਇ ਹਨ। ਬਾਕੀ ਗੋਸ਼ਟਾਂ (ਚਰਚਾ) ਹਨ, ਜਿਹਾ ਕਿ ਰਾਮਾਨੰਦ ਗੋਸ਼ਟੀ, ਗੋਰਖ ਗੋਸ਼ਟੀ। ਕਈ ਗ੍ਰੰਥ ਚੇਲਿਆਂ ਦੇ ਨਾਮ ਪਰ ਹਨ, ਜੈਸਾ ਕਿ ਆਨੰਦ ਰਾਮ, ਮੰਗਲ, ਬਸੰਤ, ਕਬੀਰ ਪਾਜੀ, ਚਾਚਰ, ਅਲਫ ਨਾਮਾ। ਕਈ ਸਾਗਰ ਭੀ ਹਨ—ਗਿਆਨ ਸਾਗਰ, ਗਿਆਨ ਪ੍ਰਕਾਸ਼, ਅਨੁਰਾਗ ਸਾਗਰ। ਕਈ ਸਾਖੀਆਂ ਹਨ—ਬਲਖ ਕੀ ਰੋਸ਼ਨੀ, ਸੁਖ ਨਿਧਾਨ (ਰਚਿਤ ਸੂਰਤ ਗੋਪਾਲ ਦਾਸ) ਆਦਿ ਆਦਿ। ਕਈ ਤਾਂ ਇਨ੍ਹਾਂ ਦੇ ਅੱਸੀ ਪਚਾਸੀ ਗ੍ਰੰਥ ਗਿਣਦੇ ਹਨ। ਕਬੀਰ ਪੰਥੀਏ ਕੇਸ ਦਾੜ੍ਹੀ ਭੀ ਰਖਦੇ ਹਨ।

## ਰਾਧਾ ਸਵਾਮੀਏਂ

ਸਿਖਾਂ ਵਿਚ ਇਹ ਰਿਵਾਜ ਚਲ ਪਿਆ ਹੈ ਕਿ ਜੋ ਕੋਈ ਗੁਰਬਾਣੀ ਵਿਚਾਰਨ ਯਾਂ ਪੜ੍ਹਨ ਲਗ ਜਾਵੇ, ਚਾਹੇ ਉਹ ਦਿਲ ਵਿਚ ਕਪਟ ਰਖ ਕੇ ਯਾਂ ਕਿਸੇ ਹੋਰ ਮੁੱਦੇ ਨੂੰ ਲੈ ਕੇ ਪੜ੍ਹੇ ਗੁਰਸਿਖ ਝੱਟ ਉਸ ਪਰ ਪਤੀਜ ਜਾਂਦੇ ਹਨ, ਜਿਸ ਤਰਾਂ ਕਿ ਆਗਰਾ ਨਿਵਾਸੀ ਭਾਈ ਸ਼ਿਵ ਦਿਆਲ ਦਾ ਚਲਾਇਆ ਹੋਇਆ ਮਤ 'ਰਾਧਾ ਸੁਾਮੀ' ਕਹੌਂਦਾ ਹੈ। ਇਹ ਭਾਈ ਗੁਰਬਾਣੀ ਦਾ ਪਾਠ ਕਰਦਾ ਹੁੰਦਾ ਸੀ ਅਤੇ ਆਪ ਨੂੰ ਸਹਿਜ ਧਾਰੀ ਸਿਖ ਕਹੌਂਦਾ ਰਿਹਾ, ਪਰੰਤੂ ਸਮਾਂ ਪਾ ਕੇ ਇਸਨੇ ਆਪਣਾ ਇਕ ਵਖਰਾ ਹੀ ਮਤ ਤੋਰ ਦਿਤਾ। ਕਈ ਇਸ ਦਾ ਨਾਉਂ ਸ਼ਿਵ ਦਿਆਲ ਸਿੰਘ ਵੀ ਲਿਖਦੇ ਹਨ। ਇਹ ਸੰਮਤ ੧੮੭੫ ਵਿਚ ਆਗਰੇ ਵਿਖੇ ਜਨਮਿਆਂ। ਇਸਦੇ ਘਰ ਵਾਲੀ ਦਾ ਨਾਉਂ 'ਰਾਧਾ ਬਾਈ' ਸੀ। ਇਸਿ ਕਰਕੇ ਉਸ ਨੇ ਆਪਣੇ ਮਤ ਦਾ ਨਾਉਂ 'ਰਾਧਾ ਸਵਾਮੀ' ਰਖਿਆ। ਕਈ ਇਸ ਨੂੰ ਸੰਤ ਮਤ ਵੀ ਕਹਿ ਦਿੰਦੇ ਹਨ। ਇਹ ਦਸਦੇ ਹਨ ਕਿ ਆਤਮਧਾਰਾ ਦਾ ਨਾਉਂ 'ਰਾਧਾ' ਹੈ ਅਤੇ ਉਸਦੇ ਸੋਮੇ ਦਾ ਨਾਉਂ 'ਸੁਆਮੀ। 'ਧਾਰਾ'

Digitized by Panjab Digital Library | www.panjabdigilib.org

ਦਾ ਉਲਟ ਰਾਧਾ ਸ਼ਬਦ ਕਲਪਦੇ ਹਨ, ਪਰ ਇਹ ਬਣੌਟੀ ਬਾਤਾਂ ਹਨ। ਇਹ ਮਤ ਅਸਲ ਵਿਚ ਬਾਬਾ ਸ਼ਿਵ ਦਿਆਲ ਅਤੇ ਰਾਧਾ ਬਾਈ ਦੇ ਨਾਮ ਪਰ ਚਲਿਆ ਹੈ। ਸ਼ਿਵ ਦਿਆਲ ਦਾ ਦੇਹਾਂਤ ਸੰਨ ਈ: ੧੮੭੮ ਵਿਖੇ ਆਗਰੇ ਵਿਚ ਹੋਇਆ ਹੈ। ਇਸਦੀ ਸਮਾਧ ਸੁਆਮੀ ਬਾਗ਼ ਵਿਚ ਹੈ। ਇਹ ਲੋਕ ਉਥੇ ਦੀ ਯਾਤਰਾ ਕਰਦੇ ਹਨ। ਸ਼ਿਵ ਦਿਆਲ ਦੀ ਬਣਾਈ ਹੋਈ ਪੋਥੀ 'ਸਾਰ ਬਚਨ' ਹੈ ਅਤੇ ਇਨਾਂ ਦੀ ਮੁਖਿ ਗੱਦੀ 'ਦਿਆਲ ਬਾਗ' ਨਾਮੀ ਆਗਰੇ ਵਿਖੇ ਹੈ। ਰਾਧਾ ਸਵਾਮੀਆਂ ਦੇ ਕਈ ਫਿਰਕੇ ਹੋ ਗਏ ਹਨ, ਜਿਹਾ ਕਿ ਸਵਾਮੀ ਬਾਗ ਵਾਲੇ, ਦਿਆਲ ਬਾਗ ਵਾਲੇ, ਬਾਬੂ ਸਾਵਨ ਸਿੰਘ ਜੀ, ਜੋ ਦਰਿਆ ਬਿਆਸਾ ਦੇ ਕਿਨਾਰੇ ਰਹਿੰਦਾ ਸੀ, ਆਦਿ ਕਈ ਸ਼ਾਖਾਂ ਹਨ। ਰਾਧਾ ਸਵਾਮੀ ਆਪਣੇ ਮਹੰਤਾਂ ਪਾਸੋਂ 'ਰਾਧਾ ਸਵਾਮੀ ਮੰਤਰ' ਲੈਂਦੇ ਹਨ, ਜਿਸਤਰਾਂ ਕਿ ਵੈਸ਼ਨਵ 'ਰਾਧਾ ਕ੍ਰਿਸ਼ਨ' ਆਦਿ ਜਪਦੇ ਹਨ। ਆਪਣੇ ਮਹੰਤਾਂ ਦੇ ਜੂਠੇ ਪ੍ਰਸ਼ਾਦ ਨੂੰ ਸੀਤਲ ਪ੍ਰਸ਼ਾਦ ਕਹਿਕੇ ਛਕਦੇ ਹਨ। ਇਨਾਂ ਨੇ ਨਾਸਕੇਤ ਕਥਾ ਵਤ ਕਈ ਲੰਬੇ ਚੌੜੇ ਮਨ ਕਲਪਤ ਗ੍ਰੰਥ ਬਣਾਏ ਹੋਏ ਹਨ। ਅਕਾਸ਼ ਪਤਾਲ ਦੀ ਕਥਾਵਾਂ ਨਾਲ ਆਪਣਾ ਪ੍ਰਭਾਵ ਪਾ ਛਡਦੇ ਹਨ।

ਨੋਟ—ਸ਼ਿਵ ਦਿਆਲ ਦਾ ਪਿਤਾ ਦਿਲਵਾਲੀ ਸਿੰਘ ਖਤ੍ਰੀਆਂ ਵਿਚੋਂ ਸੀ। ਸ਼ਿਵ ਦਿਆਲ ਦੀਮਾਤਾ ਦਾ ਨਾਮ 'ਮਹਾਂਮਾਈ' ਸੀ। ਇਸਨੇ ਮਹੰਤ ਦਯਾ ਸਿੰਘ ਨਿਰਮਲੇ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ। ਪੰਜ ਕੁ ਸਾਲ ਇਕਾਂਤ ਰਹਿਕੇ ਅਭਿਆਸੀ ਬਣ ਬੈਠਿਆ।

ਵੈਸੇ ਰਾਧਾ ਸਵਾਮੀਏ ਸਿਖਾਂ ਦਾ ਕੋਈ ਫਿਰਕਾ ਯਾਂ ਸ਼ਾਖ ਨਹੀਂ ਹਨ, ਪ੍ਰੰਤੂ ਗੁਰਬਾਣੀ ਪੜ੍ਹਨ ਯਾਂ ਕੇਸ ਵੇਖ ਕੇ ਅਣਜਾਣ ਲੋਕੀਂ ਭੁਲ ਜਾਂਦੇ ਹਨ। ਇਨ੍ਹਾਂ ਨੇ ਵਡੇ ਵਡੇ ਅਮੀਰ ਸਿੱਖ ਆਪਣੇ ਜਾਲ ਵਿਚ ਫਸਾ ਲਏ ਹਨ ਬਲਕਿ ਚੰਗੇ ਭਲੇ ਪੜ੍ਹੇ ਲਿਖੇ ਆਦਮੀ ਭੀ ਇਨ੍ਹਾਂ ਦੀ ਜੂਠ ਖਾ ਕੇ ਸਿਖ ਧਰਮੋਂ ਪਤੱਤ ਹੁੰਦੇ ਦੇਖੇ ਹਨ। ਰਾਧਾ ਸਵਾਮੀਆਂ ਨੇ ਇਸਤ੍ਰੀਆਂ ਦੀ ਰਾਹੀਂ ਵਧ ਪਰਚਾਰ ਕੀਤਾ ਹੈ।

ਹੋਰ ਵਾਕਫ਼ੀ ਹਿਤ:—

ਸ਼ਿਵ ਦਿਆਲ ਦੇ ਚੇਲੇ ਸਾਲਗਰਾਮ ਨੇ ਭੀ ਇਸ ਮਤ ਦਾ ਬਹੁਤ ਪਰਚਾਰ ਕੀਤਾ, ਇਸ ਦਾ ਜਨਮ ੧੮੨੮ ਈ: ਵਿਚ ਹੋਇਆ ਸੀ, ੧੮੭੮ ਈ: ਵਿਖੇ ਇਹ ਸ਼ਿਵਦਿਆਲ ਦਾ ਚੇਲਾ ਹੋਇਆ ਇਸ ਦਾ ਦੇਹਾਂਤ ੧੮੯੮ ਈ: ਵਿਚ ਹੋਇਆ। ਇਹ ਲੋਕ ਪ੍ਰੀਤ ਲੜੀਆਂ ਦੀ ਤਰਾਂ ਸ਼ਰਾਹ ਆਦਿ ਨਹੀਂ ਰਖਦੇ ਜਿਵੇਂ ਕੋਈ ਫੰਧੇ ਵਿਚ ਫਸੇ, ਉਸੀ ਤਰਾਂ ਮਗਰ ਲੌਂਦੇ ਹਨ, ਸਾਲਗ ਰਾਮ ਤੋਂ ਪਿਛੋਂ ਪੰਡਿਤ ਬ੍ਰਹਮ ਸ਼ੰਕ੍ਰ ਚੇਲਾ ਬਣਿਆਂ, ਇਹ ਕਾਂਸੀ ਦਾ ਬ੍ਰਾਹਮਣ ਸੀ ਇਸ ਨੂੰ ਸੰਨ ੧੮੮੫ ਈ: ਵਿਖੇ ਰਾਧਾ ਸਵਾਮੀ ਮਤ ਦਾ ਖੂਬ ਪਰਚਾਰ ਆਰੰਭਿਆ ਇਹ ਸੰਮਤ ੧੯੦੭ ਵਿਖੇ ਚਲਾਣੇ ਕਰ ਗਿਆ। ਇਸ ਦੇ ਪਿਛੋਂ ਇਕ ਕਾਮਤਾ ਪ੍ਰਸ਼ਾਦਿ ਨਾਮੀ ਮਹੰਤ ਹੋਇਆ ਪਰ ਮਹੰਤੀ ਦੇ ਝਗੜੇ ਤੁਰ ਪਏ ਇਸ ਦੇ ਮੁਕਾਬਲੇ ਇਕ 'ਅਨੰਦ ਸਰੂਪ' ਨਾਮੀ ਪੁਰਸ਼ ਮਹੰਤ ਬਣ ਬੈਠਾ ਇਸ ਦੇ ਚਲੇ ਰਾਧਾ ਸਵਾਮੀਏ ਇਸ ਨੂੰ ਸਾਹਿਬ ਜੀ

Digitized by Panjab Digital Library | www.panjabdigilib.org

ਕਹਿਣ ਲਗ ਪਏ ਇਸ ਤਰਾਂ ਇਨ੍ਹਾਂ ਦੀਆਂ ਦੋ ਵਡੀਆਂ ਗਦੀਆਂ ਹੋ ਗਈਆਂ ਹਨ ਤੀਜੀ ਬਿਆਸਾ ਦੇ ਰਹਿਣੇ ਵਾਲੇ ਬਾਬੂ ਸਾਵਣ ਸਿੰਘ ਦੀ ਭੀ ਬਣ ਗਈ ॥

ਇਹ ਆਪਣਾ ਸੰਤ ਮਤ ਕਹਿੰਦੇ ਹਨ, ਭਗਤ ਕਬੀਰ,ਚਰਨਦਾਸ, ਸੂਰਦਾਸ,ਦਾਦੂ, ਮੌਲਾਨਾ ਰੂਮ, ਇਰਾਨੀ ਸੂਫੀ,ਜਗ ਜੀਵਨ, ਦੂਲਨ ਆਦਿਕਾਂ ਦੀ ਰਚਨਾਂ ਵਿਚੋਂ ਪਰ-ਮਾਣ ਛਾਂਟ ਕੇ ਇਕ 'ਸਿਧਾਂਤ ਸਾਰ' ਗ੍ਰੰਥ ਬਣਾ ਲਿਆ ਹੈ। ਗੁਰਬਾਣੀ ਦੇ ਪਰਮਾਣ ਭੀ ਵਿਚੇ ਵਰਤ ਕੇ ਆਪਣੇ ਮਤਲਬ ਦੇ ਅਰਥ ਕਰ ਕੇ ਸਿਖਾਂ ਨੂੰ ਫਸਾ ਲੈਂਦੇ ਹਨ ਜਿਸ ਕਰਕੇ ਸਿਖ ਧਰਮ ਨੂੰ ਇਨ੍ਹਾਂ ਤੋਂ ਬਹੁਤ ਨੁਕਸਾਨ ਪਹੁੰਚਿਆ ਹੈ ਤੇ ਪਹੁੰਚ ਰਿਹਾ ਹੈ।

ਨੋਟ-ਕਈ ਕੁ ਲੇਖ ਹਨ ਕਿ ਨਿਰਮਲੇ ਸੰਤ ਦੀਦਾਰ ਸਿੰਘ (ਮੌਜ ਪ੍ਰਕਾਸ਼) ਤੋਂ ਇਹ ਸ਼ਾਖ ਚਲੀ, ਉਸਦਾ ਸ਼ਿਵ ਦਿਆਲ ਸਿੰਘ ਚੇਲਾ ਸੀ, ਮੌਜੂ ਪ੍ਰਕਾਸ਼ ਜ਼ਿਲਾ ਲੁਦਿਹਾਣਾ ਦਾ ਸੀ। ਇਸਦਾ ਮਤ ਕਾਚੂ ਕਟੀਏ ਨਿਰਮਲਿਆਂ ਜੈਸਾ ਸੀ। ਇਹ ਪ੍ਰਚਾਰ ੧੮੬੧ ਈ: ਤੋਂ ਖੁਲ੍ਹੇ ਤੌਰ ਪਰ ਚਲਿਆ। ਸ਼ਿਵ ਦਿਆਲ ਸਿੰਘ ਦੀ ਇਸਤ੍ਰੀ ਰਾਧਾ ਬਾਈ ਨੇ ੧੫ ਜੂਨ ਸੰਨ ੧੮੭੮ ਈ: ਵਿਚ ਸ਼ਿਵ ਦਿਆਲ ਸਿੰਘ ਦੇ ਪਿਛੋਂ ਚਲਾਣਾ ਕੀਤਾ, ਇਸਨੇ ਭੀ ਪ੍ਰਚਾਰ ਵਿਚ ਕਾਫੀ ਹਿਸਾ ਲਿਤਾ। ਬਾਬਾ ਜੈਮਲ ਸਿੰਘ ਘੁਮਾਣ (ਗੁਰਦਾਸ ਪੁਰ) ਨੇ ਕੁਝ ਨਿਯਮ ਬਦਲਕੇ ਆਪਣੀ ਗੱਦੀ ਵਖ ਚਲਾਈ, ਜਿਸਦਾ ਚੇਲਾ ਬਾਬੂ ਸੌਣ ਸਿੰਘ ਬਿਆਸਾ ਵਾਲਾ ਸੀ। ਇਸਦਾ ਡੇਰਾ ਬਾਬਾ ਬਕਾਲਾ (ਅਮ੍ਰਿਤ-ਸਰ) ਦੇ ਨੇੜੇ ਹੈ। ਰਾਇ ਬਹਾਦਰ ਸਾਲਿਗ ਰਾਮ ਨੇ ਆਪਣੇ ਗੁਰੂ ਸ਼ਿਵ ਦਿਆਲ ਸਿੰਘ ਤੋਂ ਪਿਛੋਂ 'ਸਾਰ ਬਚਨ' ਰਚਿਆ ਸੀ। ਰਾਧਾ ਮਤੀਏ ਇਸ ਨੂੰ ਰਾਧਾ ਸਵਾਮੀ ਹਜ਼ੂਰ ਮਹਾਰਾਜ ਕਹਿੰਦੇ ਹਨ। ਉਪਰੰਤ ਬ੍ਰਹਮ ਸ਼ੰਕ੍ਰ ਮਹੰਤ ਹੋਇਆ ਫੇਰ ਵਕੀਲ ਕਾਮਤਾ ਪ੍ਰਸਾਦਿ। ਇਹ ਰਾਧਾ ਸਵਾਮੀ ਸਰਕਾਰ ਆਪ ਨੂੰ ਕਹੌਂਦਾ। ਸਰ ਅਨੰਦ ਸਰੂਪ ਨੇ ਇਸ ਮਤ ਨੂੰ ਸੰਸਾਰੀ ਤਰੱਕੀ ਦਿਤੀ, ਜ਼ਰ, ਜੋਰੂ, ਜਮੀਨਾਂ ਦੇ ਝਗੜੇ ਚਲਾਏ। ਹਰਚਰਨ ਦਾਸ ਜਾਇਦਾਦ ਦਾ ਮਾਲਕ ਕਹੌਂਦਾ। ਜਿਸ ਕਾਰਨ ਗੁਰੂ ਡੰਮ੍ਹ ਮਹੰਤਾਂ ਦੀਆਂ ਸ਼ਕਲਾਂ ਵਿਚ ਕਈ ਸ਼ਾਖਾਂ ਫੈਲ ਗਈਆਂ।

ਇਨ੍ਹਾਂ ਦੇ ਸਿਧਾਂਤਾਂ ਵਿਚ ਕਈ ਫਰਕ ਪਾਏ ਗਏ। ਬ੍ਰਹਮੰਡ, ਪਿੰਡ, ਦਿਆਲ ਦੇਸ਼ ਤਿੰਨ ਅਵਸਥਾ ਸਥਾਨ ਥਾਪ ਲਿਤੇ। ਵਰਣ ਆਤਮਕ ਅਰਥਾਤ ਅਖਰੀ ਨਾਮ, ਧੁਨਿ ਆਤਮਿਕ ਇਸ ਨਾਲ ਜੋਤ ਨਿਰੰਜਨ ਓਅੰ, ਰਰੰਕਾਰ, ਸੋਹੰ, ਸਤਿਨਾਮ ਪਜ ਨਾਮ ਹੋਰ ਹਨ, ਇਨ੍ਹਾਂ ਵਿਚ ਭੀ ਕਈ ਇਖਤ-ਲਾਫ ਹਨ। ਇਨ੍ਹਾਂ ਦਾ ਜਾਪ ਸਾਧਨ ਮੈਸਮਰੇਜ਼ਮ ਦੀ ਤਰ੍ਹਾਂ ਹੈ: ਪੈਰਾਂ ਭਾਰ ਬੈਠਕੇ ਉਂਗਲਾਂ ਨਾਲ ਕੰਨ ਮੁੰਦਦੇ ਹਨ, ਇਨ੍ਹਾਂ ਦੇ ਇਹ ਆਲਸੀ, ਪਾਲਤੀ, ਆਦਿ ਆਸਨ ਹਨ, ਇਹ ਲੋਕ ਅੱਖਾਂ ਦੇ ਵਿਚਾਲੇ (ਤ੍ਰਿਕੁਟੀ ਪਰ) ਸੁਰਤ ਜੋੜਦੇ ਹਨ, ਰਾਧਾ ਸਵਾਮੀ ਦੇ ਸਰੀਰ ਜਾਂ ਤਸਵੀਰ ਦਾ ਧਿਆਨ ਕਰਨਾ ਇਹ ਇਨ੍ਹਾਂ ਦੀ ਰੱਬ ਪੂਜਾ ਹੈ।

ਅਗਲੀ ਦੁਨੀਆਂ ਦੇ ਹਾਲਾਤ ਨਾਸਕੇਤ ਦੀ ਕਥਾ ਦੀ ਤਰ੍ਹਾਂ ਬਹੁਤ ਲੰਬੇ ਚੌੜੇ ਹਨ। ਪਹਿਲਾਂ ਇਨ੍ਹਾਂ ਦਾ ਥਾਨਾ ਸਹੰਸਰ ਦਲ

Digitized by Panjab Digital Library | www.panjabdigilib.org

ਕੰਵਲ ਹੈ ਜੋ ਕਿ ਹਜ਼ਾਰਾਂ ਪੰਖੜੀਆਂ ਵਾਲਾ ਜੋਗੀਆਂ ਦੀ ਮਾਨਿੰਦ ਹੈ। ਉਥੇ ਦੇ ਸੈਰ ਬਹਿਸ਼ਤੀ ਨਜ਼ਾਰੇ ਦੱਸੇ ਹਨ। ਤ੍ਰਿਕੁਟੀ ਦਾ ਫੈਲਾਓ ਲਾਖ ਜੋਜਨ ਮੁਰੱਬਾ ਮੰਨਿਆਂ ਹੈ, ਕਹਿੰਦੇ ਹਨ ਕਿ ਇਥੇ ਤਮਾਸ਼ੇ ਹੁੰਦੇ ਹਨ। ਉਥੇ ਦੀ ਆਵਾਜ਼ ਓਅੰ ਓਅੰ, ਹੂ ਹੂ ਆਦਿ ਬੱਦਲਾਂ ਦੀ ਮਾਨਿੰਦ ਕਲਪਦੇ ਹਨ। ਇਸਤੋਂ ਅਗੇ ਊਨ ਸਥਾਨ ਕਰੋੜ ਜੋਜਨ ਦਾ ਪੈਂਡਾ ਦਸਿਆ ਹੈ, ਇਸ ਦਾ ਨਾਮ ਫਕਰਾਉਂ ਕੇ ਲਹੂਤ ਆਲਮ ਆਦਿ ਕਹਿੰਦੇ ਹਨ। ਉਥੇ ਰੂਹਾਂ ਬਿਲਾਸ ਵਿਚ ਮਸਤ ਹਨ।

ਅਗੇ ਪਾਂਚ ਅਰਬ ਪੰਝਤ੍ਰ ਕਰੋੜ ਯੋਜਨ ਹੋਰ ਉਚੀ ਮੰਜ਼ਲ ਹੈ, ਇਸ ਥੀਂ ਅਗੇ ਦਸਨੀਲ ਯੋਜਨ ਅੰਧੇਰਾ ਆਖਦੇ ਹਨ। (ਨਾਸ ਕੇਤ ਨੇ ਭੀ ਇਕਰ ਬਹੁਤ ਸਾਰੇ ਪੈਂਡੇ ਮਿਣਤੀ ਦੇ ਗਜ਼ ਪਾ ਕੇ ਮਿਣ ਰਖੇ ਹਨ) ਅਗੇ ਖਰਬ ਜੋਜਨ ਰੂਹ ਨੀਚੇ ਨੂੰ ਉਤਰਦੀ ਗਈ ਦਸੀ ਹੈ, ਅਗੇ ਚਾਰ ਮਹੱਲ (ਮਕਾਨ) ਲਿਖੇ ਹਨ, ਇਥੇ ਰੂਹਾਂ ਦੇ ਜੇਲ੍ਹ ਖਾਨੇ ਹਨ। ਅਗੇ 'ਭੰਵਰ ਗੁਫਾ' ਹੈ, ਇਥੇ ਹਿੰਡੋਲ ਪਰ ਰੂਹਾਂ ਝੂਲਦੀਆਂ ਹਨ, ਅਗੇ ਸਤ ਲੋਕ ਹੋਰ ਹਨ, ਸਿਖਰਲਾ 'ਅਲਖ ਅਗੰਮ ਲੋਕ' ਰਾਧਾ ਸਵਾਮੀ ਧਾਮ ਹੈ।

ਰਾਧਾ ਮਤੀਏ ਆਪਣੇ ਗੁਰੂ ਦੀ ਜੂਠ ਦਾ ਨਾਮ 'ਪਰਮ ਭੋਜਨ' ਦਸਦੇ ਹਨ। ਜੂਠੇ ਖਾਣ ਦੀ ਪਰਪਾਟੀ ਹਦੋਂ ਵਧ ਹੈ। ਇਨਾਂ ਦੇ ਮਿਲਾਪ ਦਾ ਬੋਲਾ 'ਰਾਧਾ ਸਵਾਮੀ' ਹੈ. ਆਗਰੇ ਵਾਲੇ ਤਾਂ ਸਿਵਲ ਮੈਰਜ ਕਾਨੂੰਨ ਨਾਲ ਸ਼ਾਦੀ ਕਰਦੇ ਹਨ। ਬਿਆਸਾ ਵਾਲੇ ਜੋ ਖੁਸ਼ੀ ਪਏ ਕਰਨ, ਪਿਛਲੀਆਂ ਰਸਮਾਂ ਹੀ ਕਰਦੇ ਹਨ। ਗ੍ਰਹਿਸਤੀ ਔਰ ਸਾਧੂ ਦੋ ਪ੍ਰਕਾਰ ਦੇ ਸੇਵਕ ਹਨ, ਸਾਧੂ ਲੋਕ ਮਾਂਸ ਸ਼ਰਾਬ ਨਹੀਂ ਵਰਤਦੇ, ਕਈ ਆਗਰੇ, ਬਿਆਸ, ਗਾਜ਼ੀ ਪੁਰ, ਪਰਾਗ ਆਦਿ ਤੀਰਥਾਂ ਨੂੰ ਮੰਨਦੇ ਹਨ, ਭਿਨ੍ਹ ਕੋਈ ਨਹੀਂ ਹੁੰਦਾ, ਗੱਲਾਂ ਬਾਤਾਂ ਤੋਂ ਹੀ ਇਨਾਂ ਦਾ ਭੇਦ ਖੁਲਦਾ ਹੈ, ਨਾਸ ਕੇਤ ਦੀ ਮਾਨਿੰਦ ਇਨਾਂ ਦੀਆਂ ਅਕਾਸ਼ ਮਿਣਤੀ ਦੀਆਂ ਬਾਤਾਂ ਪਰ ਅਣਜਾਣ ਭਰਮ ਜਾਂਦੇ ਹਨ, ਮਤਾਂ ਇਹ ਮਿਣ ਕੇ ਹੀ ਆਏ ਹੋਣਗੇ।ਰਾਧਾ ਸਵਾਮੀਆਂ ਦਾ ਫਿਰਕਾ ਪ੍ਰੇਮਾ ਭਗਤੀ ਤੋਂ ਪ੍ਰੇਰੇ ਹੈ। ਅਤੇ ਗੁਰਮਤ ਸਿਧਾਂਤ ਦੇ ਇਹ ਲੋਕ ਵਿਰੋਧੀ ਹਨ।

ਰਾਧਾ ਸਵਾਮੀ ਅਜ ਕਲ ਕਈ ਕਿਸਮ ਦੇ ਹਨ। ਵਿਹਾਰਕ ਕੰਮਾਂ ਵਿਚ ਪਰਵਿਰਤੀ ਹੋਣ ਕਰਕੇ ਆਪਸ ਵਿਚ ਦੀ ਖਿਚਾਂ ਭੀ ਕਾਫੀ ਹਨ ਇਕ 'ਬਿਹਾਰ ਬਿੰਦਰਾ ਬਨ' ਫਿਰਕਾ ਭੀ ਹੈ।

ਆਗਰੇ ਵਿਚ ਦਲਵਾਲੀ ਸਿੰਘ ਦੇ ਘਰ ਵਾਲੀ ਮਹਾਂਮਾਈ ਦੀ ਕੁਖੋਂ ਬਿਹਾਰ ਬਿੰਦਰਾਬਨ ਪੈਦਾ ਹੋਇਆ। ਇਸ ਦੀ ਸੰਪ੍ਰਦਾਯ ਵਾਲੇ ਬਿਹਾਰ ਬਿੰਦਰਾਬਨੀ ਨਾਨਕ ਸ਼ਾਹੀ ਸਾਧੂ ਕਹੌਂਦੇ ਹਨ। ਇਹ ਪੈਰ ਦਾ ਅੰਗੂਠਾ ਧੋ ਕੇ ਜਲ ਪਿਲਾ ਕੇ ਚੇਲਾ ਕਰਦੇ ਹਨ, ਮੰਤ੍ਰ ਸਤਿਨਾਮ ਦਾ ਪੜ੍ਹਦੇ ਹਨ, ਬਸਤ੍ਰ ਪੀਲੇ, ਕੇਸ਼ ਧਾਰੀ ਭੀ ਹੈਨ, ਕੋਈ ਮੋਨਾ ਹੈ, ਇਸ ਸੱਜਣ ਦਾ ਦੇਹਾਂਤ ਸੰਨ ੧੮੭੬ ਵਿਚ ਹੋਇਆ, ਇਹ ਰਾਧਾ ਸਵਾਮੀ ਮਤ ਦੇ ਪ੍ਰਚਾਰਕ ਸ਼ਿਵ ਦਿਆਲ ਦਾ ਨਿਕਾ ਭਰਾ ਸੀ ਇਨਾਂ ਦੇ ਡੇਰੇ ਅਯੁਧਿਆ, ਨਿਵਾਦਾ, ਫੈਜ਼ਾ ਬਾਦ

Digitized by Panjab Digital Library | www.panjabdigilib.org

ਆਦਿ ਕਈ ਥਾਂਵੀਂ ਹਨ, ਕਈ ਨੇਮ ਇਨਾਂ ਦੇ ਨਿਰਮਲਿਆਂ ਨਾਲ ਭੀ ਰਲਦੇ ਹਨ। ਬਾਵਾ ਅਟੱਲ ਸਿੰਘ ਨੇ ਇਸ ਦੇ ਮਤ ਦਾ ਕਾਫੀ ਪ੍ਰਚਾਰ ਕੀਤਾ, ਪਰ ਅਜ ਕਲ ਇਨਾਂ ਦਾ ਪ੍ਰਚਾਰ ਮੱਧਮ ਪੈ ਰਿਹਾ ਹੈ। ਇਨਾਂ ਤੋਂ ਰਾਧੇ ਸੁਆਮੀਏਂ ਵਧਦੇ ਗਏ, ਹੁਣ ਰਾਧੇ ਸੁਆਮੀਏ ਭੀ ਮੱਧਮ ਪੈ ਰਹੇ ਹਨ। ਇਸਤਰਾਂ ਦੇ ਮਤ ਥੋੜੇ ਹੀ ਦਿਨਾਂ ਦੇ ਪ੍ਰਾਹੁਣੇ ਹੁੰਦੇ ਹਨ।

## ਸ੍ਰੀ ਰਾਮ ਕਿਸ਼ਨ ਮਿਸ਼ਨ

ਸ੍ਰੀ ਰਾਮ ਕਿਸ਼ਨ ਦਾ ਜਨਮ ਪਿੰਡ ਕੁਮਾਰ ਪੁਕਰ (ਬੰਗਾਲ) ਖੁਦੀ ਰਾਮ ਬ੍ਰਾਹਮਣ ਦੇ ਘਰ ਸੰਨ ੧੮੩੬ ਈ: ਵਿਚ ਹੋਇਆ ਸੀ। ਇਸਦਾ ਜਨਮ ਦਾ ਨਾਮ ਗਾਧਾ ਧਰ ਸੀ। ਇਹ ਪਹਿਲੀ ਉਮਰ ਵਿਚ ਕਲਕੱਤੇ ਦੇ ਇਕ ਕਾਲੀ ਦੇਵੀ ਦੇ ਮੰਦਰ ਦਾ ਪੁਜਾਰੀ ਰਿਹਾ। ਉਥ ਹੀ ਇਕ ਭਗਤ ਮਾਨ ਦੇਖ ਬ੍ਰਾਹਮਣ ਨੂੰ ਗੁਰੂ ਧਾਰਨ ਕਰਕੇ ਈਸ਼ਵਰ ਭਗਤੀ ਦੀ ਲਗਨ ਲੱਗੀ। ਇਹ ਪਰਮ ਹੰਸ ਸਾਧੂ ਬਣਕੇ ਵਿਚਰਨੇ ਲਗਿਆ ਬਸਤ੍ਰ ਉਤਾਰਕੇ ਨਿਰ ਇੱਛਤਾ ਧਾਰਨ ਕੀਤੀ। ਉਸਨੇ ਭਾਵੇਂ ਸ਼ਾਦੀ ਭੀ ਕਰਵਾਈ ਪਰ ਪਰਮਾਤਮ ਦੀ ਭਗਤੀ ਵਲ ਲਗਨ ਸੀ। ਹੋਰ ਇਕ ਮਤ ਦੇ ਗ੍ਰੰਥਾਂ ਦਾ ਅਭਿਆਸ ਕੀਤਾ, ਸਾਧਾਂ ਸੰਤਾਂ ਦੀ ਹਰ ਵੇਲੇ ਸੰਗਤ ਦਾ ਪ੍ਰਭਾਵ ਭੀ ਰਹਿੰਦਾ, ਇਨ੍ਹਾਂ ਦੀ ਧਰਮ ਪਤਨੀ ਸਾਰਦਾ ਨੇ ਭੀ ਆਪਣਾ ਜੀਵਨ ਪਤੀ ਦੀ ਢਾਲਣਾਂ ਪਰ ਢਾਲਿਆ। ਇਨ੍ਹਾਂ ਦੀ ਸੰਗਤ ਨਾਲ ਬਹੁਤ ਸਾਰੇ ਬੰਗਾਲੀ ਵਿਦਵਾਨ ਇਸ ਪਰ ਸ਼ਰਧਾ ਰੱਖਦੇ ਸਨ, ਜਿਸ ਕਰਕੇ ਸ੍ਰੀ ਰਾਮ ਕਿਸ਼ਨ ਮਿਸ਼ਨ ਹੀ ਚੱਲ ਪਿਆ। ਇਸਨੇ ਕਾਫੀ ਪ੍ਰਚਾਰ ਕੀਤਾ ਆਪਦਾ ਦੇਹਾਂਤ ਸੰਨ ੧੮੮੬ ਈ: ਨੂੰ ਕਲਕੱਤੇ ਵਿਖੇ ਹੋਇਆ। ਸੰਤਾਨ ਇਨ੍ਹਾਂ ਦੇ ਕੋਈ ਨਹੀਂ ਸੀ। ਆਪਦੇ ਪਿਛੋਂ ਸੰਨਿਆਸੀ ਸਾਧੂਆਂ ਦਾ ਇਕ ਜੱਥਾ ਬਣ ਗਿਆ, ਜਿਸਦਾ ਨਾਮ ਰਾਮ ਕਿਸ਼ਨ ਮਿਸ਼ਨ ਮਤ ਪਿਆ। ਇਸ ਮਤ ਦਾ ਬੰਗਾਲ ਵਿਖੇ ਕਾਫੀ ਪ੍ਰਚਾਰ ਹੋਇਆ, ਇਸਦੇ ਭਗਤਾਂ ਨੇ ਰਾਮ ਕ੍ਰਿਸ਼ਨ ਮਤ ਦਾ ਪ੍ਰਚਾਰ ਇਟਲੀ ਅਮ੍ਰੀਕਾ, ਇੰਗਲੈਂਡ ਆਦਿ ਪ੍ਰਦੇਸਾਂ ਵਿਚ ਭੀ ਕਾਫੀ ਕੀਤਾ। ਅਜ ਕਲ ਇਸ ਦਾ ਨਾਮ 'ਸ੍ਰੀ ਰਾਮ ਕ੍ਰਿਸ਼ਨ ਮਤ' ਹੈ। ਇਸ ਵਿਚ ਈਸ਼ਵਰ ਭਗਤੀ ਨਾਲ ਚੰਗਾ ਮਾਨੁਖ ਬਣਨ ਦੇ ਨੇਮ ਰਖੇ ਗਏ। ਕਿਤਨੇ ਹੀ ਵਿਦਵਾਨਾਂ ਨੇ ਇਸ ਮਤ ਨੂੰ ਸਵੀਕਾਰ ਕੀਤਾ। ਸ੍ਰੀ ਰਾਮ ਕ੍ਰਿਸ਼ਨ ਦੇ ਚੇਲੇ ਤਾਂ ਕਾਫੀ ਵਿਦਵਾਨ ਬਣੇ ਸਨ ਪਰ ਸਵਾਮੀ ਵਿਵੇਕਾ ਨੰਦ ਬਹੁਤ ਪ੍ਰਸਿਧ ਪ੍ਰਚਾਰਕ ਸੀ। ਇਸਨੇ ਤੇਈਸ ਚੌਬੀਸ ਸਾਲ ਦੀ ਉਮਰ ਵਿਚ ਸਨਿਆਸ ਲੈ ਕੇ ਸਾਰੀ ਉਮਰ ਪ੍ਰਚਾਰ ਕੀਤਾ। ਕਲਕਤੇ ਦੇ ਆਲਮ ਬਾਜ਼ਾਰ ਵਿਖੇ ਇਕ ਮੱਠ ਬਣਾ ਕੇ ਉਥੇ ਕੇਂਦਰ ਰਖਿਆ। ਸਵਾਮੀ ਵਿਵੇਕਾ ਨੰਦ ਨੇ ਅਮਰੀਕਾ ਵਿਚ ਜਾ ਕੇ ਇਸ ਮਤ ਦਾ ਬਹੁਤ ਪ੍ਰਚਾਰ ਕੀਤਾ।

ਅਜ ਕਲ ਭੀ ਇਸ ਮਿਸ਼ਨ ਦੇ ਕਾਫੀ ਸਾਧੂ ਮਿਲਦੇ ਹਨ। ਇਹ ਲੋਕ ਬਹਿਸ ਦੀ ਬਜਾਏ ਸਤ ਧਰਮ ਦਾ ਪ੍ਰਚਾਰ ਕਰਦੇ ਹਨ, ਦੂਜੇ ਦੇ ਅਗੇ ਆਤਮ ਸਚਾਈ ਰਖਦੇ ਹਨ। ਇਸ ਸਿਧਾਂਤ ਦੇ ਪ੍ਰਚਾਰਕ ਅਮਰੀਕਾ, ਇੰਗਲੈਂਡ ਆਦਿ ਵਿਚ ਹੁਣ

Digitized by Panjab Digital Library | www.panjabdigilib.org

ਭੀ ਮੌਜੂਦ ਹਨ। ਆਪਣਾ ਜੀਵਨ ਪਵਿਤ੍ਰ ਬਨੌਣਾਂ ਇਨਾਂ ਦਾ ਮੁਖ ਉਪਦੇਸ਼ ਹੈ। ਇਨਾਂ ਦੇ ਖਿਆਲਾਂ ਦੀ ਹੋਰ ਭੀ ਕਈਕ ਸ਼ਾਖ਼ਾਂ ਹਨ।

## ਦੇਵ ਸਮਾਜ

ਦੇਵ ਸਮਾਜ ਦਾ ਬਾਨੀ ਕਾਨ ਕੁਬਜ ਬ੍ਰਾਹਮਣ ਸਤਿਆ ਨੰਦ ਅਗਨੀ ਹੋਤਰੀ ਸੀ, ਜਿਸਦਾ ਜਨਮ ਸੰਨ ੧੮੫੦ ਈ: ਵਿਖੇ ਅਕਬਰ ਪੁਰ, ਕਾਨ੍ਹਪੁਰ (ਯੂ. ਪੀ.) ਦਾ ਸੀ। ਪਹਿਲਾਂ ਏਹ ਬ੍ਰਹਮੂ ਸਮਾਜੀ ਸੀ, ਉਪ੍ਰੰਤ ਸੰਮਤ ੧੮੮੭ ਈ: ਵਿਚ ਅੜਰਾ ਮਤ ਦੇਵ ਸਮਾਜ ਕਾਇਮ ਕੀਤਾ, ਸਭ ਤੋਂ ਪਹਿਲਾਂ ਇਸ ਨੇ ਲਾਹੌਰ ਵਿਚ ਦੇਵ ਸਮਾਜ ਦੀ ਨੀਂਹ, ਬ੍ਰਹਮਣ ਸਤਜਾ ਨੰਦ ਅਗਨਿ ਹੋਤ੍ਰੀ ਨੇ ਆਪ ਰਖੀ ਸੀ, ਪਹਿਲਾਂ ਇਹ ਬ੍ਰਹਮੂ ਸਮਾਜੀ ਸੀ ਇਸ ਮਤ ਵਿਚ ਈਸ਼੍ਵਰ ਨੂੰ ਨਹੀਂ ਮੰਨਦੇ ਇਨ੍ਹਾਂ ਦੇ ਮੂਲ ਨੇਮ ਇਸ ਤਰ੍ਹਾਂ ਦੇ ਹਨ, ਰਿਸ਼ਵਤ ਨਾ ਲੈਣੀ। ਧੋਖੇ ਕਪਟ ਥੀਂ ਬਚਣਾਂ। ਜੂਆ, ਚੋਰੀ ਦਾ ਤਿਆਗ। ਵਿਭਚਾਰ ਤੇ ਨਸ਼ੇ ਛਡਣੇ, ਮਾਸ ਨਹੀਂ ਖਾਣਾ, ਜੀਵ ਹਤਿਆ ਨਹੀਂ ਕਰਨੀ, ਧਰੋਹ ਹੁਧਾਰ ਨਹੀਂ ਮਾਰਨੀ, ਵਲ ਛਲ ਦੀ ਕਮਾਈ ਨਾ ਕਰਨੀ। ਜੂਆ ਨਾ ਖੇਡਣਾ, ਨਿਕੰਮੇ ਨਹੀਂ ਰਹਿਣਾ। ਪ੍ਰੰਤੂ ੧੮੯੧ ਈ: ਵਿਚ ਇਹ ਸੱਜਣ ਆਪ ਹੀ ਨਾਸਤਕ ਬਣ ਗਿਆ। ਇਸਨੇ ਆਪਣੇ ਸਿਧਾਂਤ ਦੇਵ ਸ਼ਾਸਤ੍ਰ ਨਾਮਕ ਗ੍ਰੰਥ ਵਿਚ ਲਿਖੇ ਹਨ: ਇਸਨੇ ਮੰਨਿਆਂ ਹੈ ਕਿ ਸਹੀ ਗਜਾਨ ਦਾ ਨਾਮ ਧਰਮ ਹੈ, ਇਹ ਲੋਕ ਦੇਵਤਿਆਂ ਦੀ ਪੂਜਾ ਨਹੀਂ ਕਰਦੇ, ਸੁਰਗ ਨਰਕ ਨੂੰ ਨਹੀਂ ਮੰਨਦੇ, ਪੁਨਰ ਜਨਮ ਔਰ ਆਵਾਗਵਨ ਨੂੰ ਨਹੀਂ ਮੰਨਦੇ, ਕਹਿੰਦੇ ਹਨ ਕਿ ਵਰ ਸਰਾਪ, ਕਰਾਮਾਤਾਂ ਝੂਠੇ ਹਨ। ਦੇਵ ਗੁਰੂ ਭਗਵਾਨ ਸਤਿਆ ਨੰਦ ਭਾਵ ਆਪ ਨੂੰ ਮੰਨਦਾ ਸੀ। ਇਸਦੇ ਸਿਧਾਂਤ ਦਾ ਪ੍ਰਚਾਰ ਨਹੀਂ ਹੋਇਆ। ਮੋਗਾ (ਫੀਰੋਜ਼ ਪੁਰ) ਉਕਤ ਖਿਆਲਾਂ ਦੇ ਸੱਜਣ ਮਿਲਦੇ ਹਨ, ਉਥੇ ਇਕ ਸਕੂਲ ਭੀ ਜਾਰੀ ਹੋਇਆ ਸੀ। ਬ੍ਰਹਮੂ ਸਮਾਜੀ ਥੋੜੇ ਆਦਮੀ ਹਨ।

## ਅਨੰਦ ਸਭਾ ਸੰਪ੍ਰਦਾਇ

ਜ਼ਿਲਾ ਬਜਨੌਰ ਵਿਚ ਚਲੀ ਹੋਈ ਇਕ ਅਨੰਦ ਸਭਾ ਸੰਪ੍ਰਦਾਇ ਨਾਮ ਸੇ ਹੈ ਇਸ ਦਾ ਬਾਨੀ ਕੋਈ ਮੁਕਤਾ ਸੁਆਮੀ ਅਨੰਦਦੇਵ ਸੀ, ਇਹ ਸਰੀਰ ਵਿਚੇ ਅਰਥਾਤ ਵਿਚਾਰ ਨੂੰ ਤੀਰਥ ਦਸਦੇ ਹਨ ਇਨ੍ਹਾਂ ਦੇ ਧਰਮ ਅੰਗ ਇਕਾਂਤ ਰਹਿਣਾ ਰੱਬ ਨੂੰ ਆਪ ਤੋਂ ਅਭਿੰਨ ਦੇਖਣਾ ਆਦਿ ਹਨ ਇਨ੍ਹਾਂ ਦਾ ਧਰਮ ਗ੍ਰੰਥ 'ਅਨੰਦ ਬਿਲਾਸ' ਨਾਮੀ ਅਨੰਦ ਦੇਵ ਦੀ ਰਚਨਾਂ ਹੈ ਇਹ ਲੋਕ ਰਾਮਾਇਣ ਆਦਿ ਨੂੰ ਭੀ ਮੰਨਦੇ ਹਨ, ਸ੍ਰੀ ਰਾਮ ਚੰਦ੍ਰ ਜੀ ਦਾ ਨਾਮ 'ਸੀਤਾ ਰਾਮ' ਕਹਿਕੇ ਜਪਣਾ ਤੇ ਮਨ ਸੁਧ ਕਰਨ ਨੂੰ ਹੀ ਮੁਕਤੀ ਦਸਦੇ ਨੇ, ਸ਼ਰਾਬ ਥੀਂ ਪ੍ਰਹੇਜ਼ ਕਰਦੇ ਹਨ। ਲੜਕਾ ੨੦ ਬੀਸ ਸਾਲਾਂ ਦਾ ਅਤੇ ਲੜਕੀ ੧੪ ਸਾਲਾਂ ਦੀ ਹੋਣ ਪਰ ਸ਼ਾਦੀ ਕਰਦੇ ਹਨ। ਅਸਲੋਂ ਇਹ ਵੈਸ਼ਨਵਾਂ ਦੀ ਸ਼ਾਖ ਹੈ ਇਸ ਸੰਪ੍ਰਦਾਇ ਦੇ ਥੋੜੇ ਹੀ ਸ੍ਰਧਾਲੂ ਹਨ।

## ਕਰਮ ਬਾਈ ਫਿਰਕਾ

ਪੰਡਿਤ ਪਰਸ ਰਾਮ ਦੀ ਪੁਤ੍ਰੀ ਕਰਮੰ ਬਾਈ ( ਖਾਜਲ ਨਿਵਾਸੀ ਦੱਖਣ ) ਇਕ

Digitized by Panjab Digital Library | www.panjabdigilib.org

ਵਿਸ਼ਨੂੰ ਭਗਤ ਸੀ, ਇਸ ਦਾ ਪਤੀ ਵੈਸ਼ਨਵ ਨਹੀਂ ਸੀ ਜਿਸ ਕਾਰਨ ਇਸ ਨੇ ਉਸਨੂੰ ਤਿਆਗ ਦਿਤਾ। ਬਿੰਦ੍ਰਾਬਨ ਰਹਿਕੇ ਭਗਤੀ ਕਰਦੀ ਰਹੀ। ਇਸ ਦਾ ਮੰਦਰ ਜਗੰਨਾਥ ਪ੍ਰਾਸ ਹੈ। ਦਸਿਆ ਹੈ ਕਿ ਇਸ ਦੀ ਰਿਝੀ ਖਿਚੜੀ ਜਗਨ ਨਾਥ ਨੇ ਆਪ ਆਕੇ ਖਾਧੀ, ਇਸ ਦੇ ਉਪਾਸ਼ਕਾਂ ਦਾ ਇਕ ਫਿਰਕਾ ਬਣ ਗਿਆ ਹੈ।

## ਰਾਮ ਸਨੇਹੀ

ਰਾਮ ਸਨੇਹੀ—ਰਾਮ ਚਰਣ ਦਾ ਚਲਾਇਆ ਇਕ ਫਿਰਕਾ ਹੈ, ਇਹ ਜੈ ਪੁਰ ਦੇ ਨੱਗਰ ਦਾੜ੍ਹਾ ਦਾ ਸੀ ਇਹ ਮੂਰਤੀ ਆਦਿ ਪੂਜਾ ਦਾ ਖੰਡਣ ਕਰਦਾ ਸੀ, ਬ੍ਰਹਮਣ ਇਸਦੇ ਦੁਸ਼ਮਨ ਹੋ ਗਏ ਇਸ ਸੰਪ੍ਰਦਾਯ ਦਾ ਵਡਾ ਡੇਰਾ ਸ਼ਾਹ ਪੁਰ ਹੈ ਰਾਮ ਚਰਣ ਦਾ ਦੇਹਾਂਤ ੧੭੮੦ ਸੰਮਤ ਵਿਚਹੋਇਆ ਇਨ੍ਹਾਂ ਦੇ ਰਾਮ ਦ੍ਵਾਰ ਜੈ ਪੁਰ, ਨਗੌਰ, ਉਦਯਪੁਰ, ਟਾਂਕ, ਡੂੰਦ ਆਦਿ ਸ਼ਹਿਰਾਂ ਵਿਚ ਮਿਲਦੇ ਹਨ।

## ਥੀਓਸਾਫੀਕਲ ਮੱਤ

ਇਸ ਸਿਧਾਂਤ ਦਾ ਪ੍ਰਚਾਰ ਅਮਰੀਕਾ ਵਿਚੋਂ ਚਲਿਆ, ਇਸਦਾ ਆਰੰਭ ਸੰਨ ੧੮੭੪ ਈਃ ਤੋਂ ਹੋਇਆ, ਰੂਸ ਦੀ ਇਕ ਇਸਤ੍ਰੀ ਮੈਡਮ ਐਚ. ਪੀ. ਬਲਵੈਸਟ ਕੀ, ਔਰ ਕਰਨਲ ਐਚ. ਐਸ. ਅਲਕਾਟ ਇਸਦੇ ਬਾਨੀ ਸਨ, ਥਿਉਸਾਫੀ ਤੋਂ ਭਾਵ ਹੈ ਆਤਮ ਗਿਆਨ ਯਾਂ ਬ੍ਰਹਮ ਵਿਦ੍ਯਾ ਇਨ੍ਹਾਂ ਦਾ ਸਾਧਨ ਯੋਗ। ਅਭਿਆਸ ਮਾਰਗ ਦੇ ਕਈ ਅੰਗ ਹਨ, ਰੂਹਾਂ ਨਾਲ ਮਿਲਾਪ ਕਰਨੇ ਔਰ ਮਰਨ ਥੀਂ ਪਿਛੋਂ ਜੀਵ ਆਤਮਾਂ ਕਿਥੇ ਔਰ ਕਿਵੇਂ ਰਹਿੰਦਾ ਹੈ? ਇਸ ਖੋਜ ਦੀ ਵਧ ਲਗਨ ਹੋਣ ਕਰਕੇ ਏਧਰ ਲੋਕਾਂ ਨੂੰ ਕਾਫੀ ਰੁਚੀ ਹੋਈ। ਜਿਸ ਕਾਰਨ ਸੰਨ ੧੮੭੫ ਈਃ ਵਿਚ ਨਿਊ ਯਾਰਕ (ਅਮ੍ਰੀਕਾ) ਵਿਖੇ ਥੀਉਸਾਫੀਕਲ ਸੁਸਾਇਟੀ ਭੀ ਕਾਇਮ ਹੋਈ, ਜਿਸਦਾ ਮੁਖ ਉਦੇਸ਼ ਰੂਹਾਂ ਨਾਲ ਮੇਲ ਮਿਲਾਪ ਸੀ। ਹਿੰਦ ਵਿਚ ਇਸ ਸੁਸਾਇਟੀ ਨੇ ਅਟਯਾਰ (ਮਦਰਾਸ) ਵਿਚ ਭੀ ਆਪਣਾ ਇਕ ਹੈਡ ਕੁਆਟਰ ਕਾਇਮ ਕੀਤਾ, ਜਿਸਦੀ ਪ੍ਰਧਾਨ, ਸ੍ਰੀ ਮਤੀ ਐਨੀਬ੍ਰਿਸੇਂਟ ਬਣਾਈ ਗਈ। ਸਭ ਨਾਲ ਭ੍ਰਤ੍ਰੀ ਭਾਵ, ਗੁਪਤ ਸ਼ਕਤੀਆਂ ਦੀ ਖੋਜ ਸਾਂਇੰਸ ਨਾਲ ਮਜ਼ਬਾਂ ਦੀ ਪਰਖ ਔਰ ਸੱਚ ਦੀ ਖੋਜ ਕਰਨੀ ਆਦਿ ਮੁਖ ਨੇਮ ਨੀਯਤ ਕੀਤੇ।

ਸ੍ਰੀ ਮਤੀ ਐਨੀਬੀਸੇਂਟ ਨੇ ਹਿੰਦੁਸਤਾਨ ਵਿਚ ਇਸ ਸਿਧਾਂਤ ਦਾ ਕਾਫੀ ਪ੍ਰਚਾਰ ਕੀਤਾ, ਇਹ ਕਾਂਗਰਸ ਦੀ ਪ੍ਰਧਾਨ ਭੀ ਰਹੀ। ਇਸ ਸੁਸਾਇਟੀ ਨੇ ਕਈ ਪੁਸਤਕਾਂ ਦੁਆਰੇ ਪ੍ਰਚਾਰ ਕੀਤਾ। ਇਕ ਕ੍ਰਿਸ਼ਨਾ ਮੂਰਤੀ ਨੂੰ ਅਵਤਾਰ ਮੰਨਣ ਕਰਕੇ ਇਸ ਸੁਸਾਇਟੀ ਦੇ ਸਿਧਾਂਤ ਹੀ ਏਧਰ ਉਧਰ ਹੋ ਗਏ, ਗੁਰੂ ਡੰਮ੍ਹ ਦੇ ਪ੍ਰਚਾਰ ਨਾਲ ਲੋਕਾਂ ਪੁਰ ਅਸਰ ਘਟ ਗਿਆ।

ਨੋਟ—ਇਸਤਰ੍ਹਾਂ ਦੇ ਕਈ ਮੱਤ ਚਲਕੇ ਅਖੀਰ ਰਹਿ ਜਾਂਦੇ ਹਨ, ਇਕ ਫ੍ਰੀਮੇਸਨ ਮਤ ਭੀ ਹੈ, ਇਸਦੇ ਸਿਧਾਂਤ ਭੈਰਵੀ ਚੱਕ੍ਰ ਦੀ ਤਰ੍ਹਾਂ ਪਰਮ ਗੁਪਤ ਰਖੇ ਜਾਂਦ ਹਨ, ਇਸਦੇ ਸਿਧਾਂਤ ਭੀ ਸੋਲਵੀਂ ਸਦੀ ਵਿਚ ਯੂਰਪ ਵਿਚੋਂ ਪੈਦਾ ਹੋਏ ਸਨ, ਮੁਖ ਸਿਧਾਂਤ ਆਪਸ ਵਿਚ ਦੀ ਪਿਆਰ ਕਰਨਾ ਹੈ ਔਰ ਇਕ ਦੂਜੇ ਦਾ ਭਲਾ ਲੋਚਨਾ ਆਦਿ ਹਨ, ਇਹ ਮਤ ਅਮੀਰਾਂ ਵਿਚ ਚਲਿਆ

Digitized by Panjab Digital Library | www.panjabdigilib.org

ਸੀ। ਅਸਲੋਂ ਇਹ ਇਕ ਸ਼ੁਗਲ ਦੀ ਮਾਨਿੰਦ ਸਿਧਾਂਤ ਹੈ।

## ਨਾਮਧਾਰੀ ਫਿਰਕਾ

ਨਾਮ ਧਾਰੀਏ, ਜਿਸ ਤਰ੍ਹਾਂ ਨਿਰਮਲ ਪੰਥੀ ਹੈਨ, ਇਸੇ ਰੀਸੇ ਬਾਬਾ ਰਾਮ ਸਿੰਘ ਜੀ ਦੇ ਸਿਖ ਆਪਨੂੰ ਨਾਮਧਾਰੀ ਪੰਥੀ ਦਸਦੇ ਹਨ। ਬਾਬਾ ਰਾਮ ਸਿੰਘ ਜੀ ਤਰਖਾਣ ਜ਼ਾਤੀ ਵਿਚੋਂ ਸਿਖ ਸਜੇ ਸਨ। ਆਪਦਾ ਜਨਮ ਪਿੰਡ ਭੈਣੀ (ਸਾਹਨੇ ਵਾਲ) ਜ਼ਿਲਾ ਲੁਦਿਹਾਣਾ ਵਿਖੇ ਮਾਘ ਸੁਦੀ ਪੰਜ ਸੰਮਤ ੧੮੭੨ (੧੮੧੫ ਈ:) ਨੂੰ ਮਾਈ ਸਦਾ ਕੌਰ ਦੀ ਕੁਖੋਂ ਜੱਸਾ ਸਿੰਘ ਦੇ ਗ੍ਰਿਹ ਹੋਇਆ। ਕੁਝ ਸਮਾਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕੀਤੀ। ਪਲਟਣ ਵਿਚੋਂ ਗੁਰਮੁਖੀ ਪੜ੍ਹੀ। ਸੰਨ ੧੮੪੧ ਈ: (੧੮੯੮ ਬਿ:) ਵਿਖੇ ਨੌਕਰੀ ਛੱਡ ਕੇ ਭਾਈ ਬਾਲਕ ਸਿੰਘ ਪਾਸ ਰਹੇ। ਜੋ ਕਿ ਪਿੰਡ ਛੋਈ (ਜ਼ਿਲਾ ਅਟਕ) ਦਾ ਸੀ। ਕੁਝ ਸਮਾਂ ਹਜ਼ਰੋ ਗੁਜ਼ਾਰਿਆ। ਸੰਮਤ ੧੯੨੯ ਬਿ: (੧੮੭੨ ਈ:) ਨੂੰ ਕੁਝ ਸਿਖਾਂ ਨੇ ਜੋਸ਼ ਵਿਚ ਆ ਕੇ ਮਾਲੇਰ ਕੋਟਲੇ ਪਹੁੰਚਕੇ ਕੁਝ ਕੁ ਮੁਸਲਮਾਨ ਬੁੱਚੜ ਮਾਰ ਘੱਤੇ, ਅੰਗ੍ਰੇਜ਼ੀ ਸਰਕਾਰ ਨੂੰ ਇਨ੍ਹਾਂ ਵਲੋਂ ਗਦਰ ਮਚ ਜਾਣ ਦਾ ਸ਼ੱਕ ਪੈ ਗਿਆ। ਬੁੱਚੜਾਂ ਨੂੰ ਮਾਰਨੇ ਵਾਲੇ ਸੱਜਣ ਮਾਲੇਰ ਕੋਟਲੇ ਲਾਗੇ ਇਕ ਮੈਦਾਨ ਵਿਚ ਤੋਪਾਂ ਅਗੇ ਖੜੇ ਕਰਕੇ ਉਡਾ ਦਿਤੇ। ਇਹ ਅਪਰਾਧ ਲੁਦਿਹਾਣਾ ਦੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕੋਅਨ ਨੇ ਮੌਕੇ ਪਰ ਆ ਕੇ ਕੀਤਾ। ਸ਼ੱਕ ਵਿਚ ਬਾਬਾ ਰਾਮ ਸਿੰਘ ਜੀ ਨੂੰ ਸੰਮਤ ੧੯੪੨ ਬਿ: ਵਿਖੇ ਰੰਗੂਨ (ਬ੍ਰਹਮਾ ਮਾੜਲਾ ਕਿਲਾ) ਜਲਾ ਵਤਨ ਕਰ ਦਿਤਾ। ਉਥੇ ਹੀ ਆਪ ਚਲਾਣੇ ਕਰ ਗਏ।

ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਕਰਣੀ ਵਾਲੇ ਪ੍ਰਸਿੱਧ ਮਹਾਤਮਾਂ ਸਨ, ਆਪ ਨੇ ਸਿਖੀ ਦਾ ਬਹੁਤ ਪ੍ਰਚਾਰ ਕੀਤਾ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਸਨ। ਆਪਦੇ ਪਿਛੋਂ ਬਾਬਾ ਬੁਧ ਸਿੰਘ (ਹਰੀ ਸਿੰਘ) ਇਨ੍ਹਾਂ ਦੇ ਛੋਟੇ ਭਾਈ ਡੇਰੇ ਦੇ ਮਹੰਤ ਥਾਪੇ ਗਏ। ਆਪਨੇ ਭੀ ਸਿਖੀ ਦਾ ਚੰਗਾ ਪ੍ਰਚਾਰ ਕੀਤਾ। ਉਪ੍ਰੰਤ ਬਾਬਾ ਪ੍ਰਤਾਪ ਸਿੰਘ ਜੀ ਜਥੇਦਾਰ ਹਨ, ਥੋੜੇ ਸਮੇਂ ਤੋਂ ਨਾਮ ਧਾਰੀ ਬਾਬਾ ਰਾਮ ਸਿੰਘ ਜੀ ਨੂੰ ਬਾਰਵਾਂ ਗੁਰੂ ਕਹਿਣੇ ਲੱਗ ਪਏ, ਅਰਦਾਸੇ ਵਿਚ ਆਪਦਾ ਨਾਮ ਲੈਂਦੇ ਹਨ, ਇਸ ਤਰ੍ਹਾਂ ਗੁਰੂ ਡੰਮ੍ਹ ਦਾ ਪ੍ਰਚਾਰ ਜਾਰੀ ਹੋ ਗਿਆ। ਬਾਬਾ ਰਾਮ ਸਿੰਘ ਜੀ ਨੇ ਸਿਖ ਧਰਮ ਦੇ ਪ੍ਰਚਾਰ ਹਿਤ ਬਾਈ ਸੂਬੇ ਥਾਪੇ ਸਨ। ਗੁਰ ਮੰਤ੍ਰ ਕੰਨਾਂ ਵਿਚ ਵਾਹਗੁਰੂ ਦਿੰਦੇ ਸਨ, ਅੰਮ੍ਰਿਤ ਪੰਜ ਪਿਆਰੇ ਪਾਸੋਂ ਛਕੌਂਦੇ ਹਨ। ਅਕਸਰ ਸਿੰਘਣੀਆਂ ਦਸਤਾਰਾਂ ਸਜੌਂਦੀਆਂ ਸਨ, ਉੱਨ ਦੀ ਮਾਲਾ, ਸਿਧੀ (ਗੋਲ) ਦਸਤਾਰ, ਲੋਹੇ ਦਾ ਗੜਵਾ, ਆਦਿ ਅਤਰੇ ਚਿਨ੍ਹ ਹਨ, ਸ਼ਰਾਬ ਮਾਂਸ ਤੋਂ ਸਖਤ ਪ੍ਰਹੇਜ਼ ਰੱਖਦੇ ਹਨ, ਹਵਨ ਕਰਕੇ ਤੇ ਬੇਦੀ ਗੱਡਕੇ ਅਨੰਦ ਕਰਦੇ ਹਨ, ਚੰਡੀ ਵਾਰ ਪਰ ਵਧ ਸ਼ਰਧਾ ਹੈ। ਕੇਸ ਖਿਲਾਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੂਫੀਆਂ ਦੀ ਮਾਨਿੰਦ ਨੱਚਦੇ ਟੱਪਦੇ ਹਨ, ਜਿਸ ਨੂੰ ਮਸਤਾਨਾ ਪਣ ਆਖਦੇ ਹਨ, ਸੰਨ ੧੮੬੨ ਤੋਂ ੭੦ ਤੱਕ ਇਹ ਲਹਿਰ ਜ਼ੋਰਾਂ ਪਰ ਰਹੀ, ਅੰਗ੍ਰੇਜ਼ਾਂ ਦੀ ਨੌਕਰੀ ਤੋਂ ਨਫਰਤ ਰੱਖਦੇ ਰਹੇ ਪਰ

Digitized by Panjab Digital Library | www.panjabdigilib.org

ਹੁਣ ਵਿਹਾਰਾਂ ਵਲ ਵਧ ਝੁਕਾਉ ਹੈ, ਹਿੰਦੂ ਸਿਖੀ ਦੇ ਹਾਮੀ ਹਨ, ਸਿਵਾਇ ਕਛਹਿਰੇ ਤੋਂ ਬਾਕੀ ਕਰਾਰਾਂ ਦੀ ਘੱਟ ਪ੍ਰਵਾਹ ਕਰਦੇ ਹਨ।

ਪ੍ਰੋਫੈਸਰ ਗੰਡਾ ਸਿੰਘ ਜੀ ਖਾਲਸਾ ਕਾਲਜ ਅਮ੍ਰਿਤਸਰ ਨੇ ਕੂਕਿਆਂ ਦੀ ਵਿਥਿਆ ਨਾਮ ਦਾ ਗ੍ਰੰਥ ਲਿਖਿਆ ਹੈ, ਜਿਸਤੋਂ ਕਾਫੀ ਵਾਕਫੀ ਹੁੰਦੀ ਹੈ, ਵੈਸੇ ਨਾਮ ਧਾਰੀ ਵੀਰ ਗੁਰੂ ਖਾਲਸਾ ਪੰਥ ਦਾ ਇਕ ਮਜ਼ਬੂਤ ਅੰਗ ਹਨ।

## ਨਿਰੰਕਾਰੀਏ

ਪਸ਼ਾਵਰ ਨਿਵਾਸੀ ਸਹਿਜਧਾਰੀ ਸਿੱਖ ਭਾਈ ਗੁਰ ਸਹਾਇ ਬਾਰੂੰ ਖਤ੍ਰੀਆਂ ਵਿਚੋਂ ਸਿੱਖ ਸਜਿਆ ਇਸ ਦੇ ਪੁਤਰ ਰਾਮਸਹਾਇ ਦੀ ਸ਼ਾਦੀ ਭਾਈ ਵਿਸਾਖਾ ਸਿੰਘ ਦੀ ਬੇਟੀ ਨਾਲ ਤੇ ਉਸਦੇ ਗੁਜਰਨ ਪਿਛੋਂ ਲਾਡ ਕੌਰ ਨਾਲ ਹੋਈ। ਜਿਸ ਤੋਂ ਦਿਆਲ ਨਾਮੀ ਬਾਲਕ ੧੫ ਵਿਸਾਖ ਸੰਮਤ ੧੮੪੦ ਬਿ: (ਸੰਨ ੧੭੮੩ ਈ: ) ਨੂੰ ਜਨਮਿਆਂ। ਭਾਈ ਦਿਆਲ ਨੂੰ ਗੁਰ ਸਿਖੀ ਦੀ ਲਾਗ ਮਾਤਾ ਪਾਸੋਂ ਲਗੀ। ਇਨ੍ਹਾਂ ਦਾ ਪਿਤਾ ਰਾਵਲ ਪਿੰਡੀ ਵਿਚ ਸਰਾਫੀ ਦਾ ਕੰਮ ਕਰਦਾ ਸੀ। ਰਾਵਲ ਪਿੰਡੀ ਗੁਰਦੁਆਰਾ ਭੀ ਹੈ ਇਸ ਨੂੰ ਨਿਰੰਕਾਰੀ ਦਰਬਾਰ ਕਹਿੰਦੇ ਹਨ। ਇਥੇ ਹੀ ਇਸ ਵੰਸ ਦੇ ਲੋਕ ਰਹਿੰਦੇ ਨੇ, ਇਨ੍ਹਾ ਨੇ ਪਿਛੋਂ "ਟਹਿਲ ਮਹਿਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ॥ ਸਾਧੂ ਸੰਗਤ ਤਉ ਮਿਲੈ ਜਉ ਆਪਨ ਹੋਹਿ ਦਇਆਲ॥" ਐਸੀ ਤੁਕਾਂ ਪੜ੍ਹ ਕੇ 'ਦਿਆਲ' ਨੂੰ ਗੁਰੂ ਸਿੱਧ ਕੀਤਾ ਹੈ ਜਿਥੇ ਦਿਆਲ ਸ਼ਬਦ ਆਇਆ ਪ੍ਰਮਾਣ ਦੇ ਦਿਤਾ ਜਿਸ ਤੋਂ ਇਨ੍ਹਾਂ ਦੀ ਲਿਆਕਤ ਅਰ ਨਿਸਚੇ ਦਾ ਨਿਰਣਯ ਹੋ ਜਾਂਦਾ ਹੈ।

ਭਾਈ ਦਿਆਲ ਤੀਸ ਸਾਲਾਂ ਦੀ ਉਮਰ ਤਕ ਘਰ ਦੇ ਕੰਮ ਕਰਦਾ ਰਿਹਾ ਅਰ ਇਸ ਦਾ ਮਾਮਾਂ ਮਿਲਖਾ ਸਿੰਘ ਰਾਵਲਪਿੰਡੀ ਨਿਵਾਸੀ ਵਡਾ ਪ੍ਰੇਮੀ ਸਿੱਖ ਸੀ, ਜਿਸ ਨੇ ਦਿਆਲ ਜੀ ਨੂੰ ਪ੍ਰੇਰ ਕੇ ਸਿੱਖੀ ਪ੍ਰਚਾਰ ਵਿਚ ਲਾਇਆ ਇਸ ਦੀ ਸ਼ਾਦੀ ਮੂਲਾਂ ਦਈ ਨਾਲ ਨਗਰ ਭੇਰੇ ਵਿਖੇ ਹੋਈ। ਜਿਸ ਤੋਂ ਦਰਬਾਰਾ ਸਿੰਘ, ਭਾਗ ਸਿੰਘ, ਰੱਤਾ ਤਿੰਨ ਪੁਤ੍ਰ ਜਨਮੇ। ਭਾਈ ਦਿਆਲ ਜੀ ਦਾ ਆਮ ਬੋਲਾ ਨਿਰੰਕਾਰ ਸੀ ਜਿਸ ਕਾਰਨ ਨਿਰੰਕਾਰੀ ਸੰਪ੍ਰਦਾਯ ਹੀ ਬੱਝ ਗਈ। ਅਸਲੋਂ ਮੂਰਤੀ ਪੂਜਾ ਤੋਂ ਵਿਰੁਧ ਪਰਚਾਰ ਕਰਨੇ ਕਰਕੇ ਅਰ ਨਿਰਾਕਾਰ ਦੀ ਪੂਜਾ ਦਾ ਉਪਦੇਸ਼ ਦ੍ਰਿੜ੍ਹਾਂਣੇ ਸੇ ਨਿਰੰਕਾਰੀ ਸ਼ਬਦ ਹੈ। ਜਿਸ ਦੇ ਅਰਥ ਅਕਾਰ ਰਹਿਤ ( ਚਕ੍ਰ ਚਿਹਨ ਰਹਿਤ ) ਅਕਾਲ ਪੁਰਖ ਹਨ ਪਰ ਇਹ ਸਿਫਾਤੀ ਇਕ ਅੰਗ ਸ਼ਬਦ ਹੈ ਅਰ ਗੁਰਮੰਤ੍ਰ ਨਾਮ ਦੀ ਥਾਂ ਨਹੀਂ ਆ ਸਕਦਾ।

ਬਾਬਾ ਦਿਆਲ ਜੀ ਤਾਂ ੧੮ ਮਾਘ ੧੯੧੧ ਬਿ: ਨੂੰ ਚਲਾਣੇ ਕਰ ਗਿਆ ਇਨ੍ਹਾਂ ਦੀ ਥਾਂ ਬਾਬਾ ਰੱਤਾ ਜੀ ਡੇਰੇ ਦੇ ਮਹੰਤ ਥਾਪੇ ਗਏ। ਬਾਬਾ ਦਿਆਲ ਜੀ ਦੇ ਪਰਚਾਰ ਦੇ ਕਾਰਨ ਗੱਦੀ ਹੀ ਚੱਲ ਪਈ ਉਨ੍ਹਾਂ ਦੇ ਸ਼ਰਧਾਲੂ ਬਾਬਾਂ ਰੱਤਾ ਜੀ ਨੂੰ ਕਾਰ ਭੇਟਾ ਦਿੰਦੇ ਰਹੇ। ਬਾਹਦ ਵਿਚ ਇਸ ਸ਼ਾਖ ਵਿਚ ਅਮ੍ਰਿਤ ਪ੍ਰਚਾਰ ਹੋਣ ਕਰਕੇ ਬਾਬਾ ਗੁਰਦਿਤ ਸਿੰਘ ਜੀ ਅਮ੍ਰਿਤਧਾਰੀ ਮਹੰਤ ਬਣੇ।

ਬਾਬਾ ਦਰਬਾਰਾ ਸਿੰਘ ਜੀ ਚੰਗੇ ਮਹਾਤਮਾਂ ਸਨ ਅਰ ਇਹ ਖੰਡੇ ਦੇ ਅਮ੍ਰਿਤ ਦਾ ਭੀ ਪ੍ਰਚਾਰ ਕਰਦੇ ਰਹੇ ਜਿਸ ਕਰਕੇ ਅਮ੍ਰਿਤ

Digitized by Panjab Digital Library | www.panjabdigilib.org

ਧਾਰੀ ਸਿੱਖ ਭੀ ਇਸ ਮੰਡਲ ਵਿਖੇ ਸ਼ਾਮਲ ਹੋਣ ਲਗ ਪਏ। ਪਰ ਅੰਮ੍ਰਿਤ ਛਕੌਣ ਨੂੰ ਲਾਜ਼ਮੀ ਨਹੀਂ ਰਖਿਆ ਅੰਤ੍ਰੀਵੀ ਮੰਤਵ ਆਪਣੀ ਸਿਖੀ ਸੇਵਕੀ ਦਾ ਹੀ ਰਖਦੇ।

ਨਿਰੰਕਾਰੀ ਕਹੌਣ ਵਾਲੇ ਸਜਨ ਭਾਵੇਂ ਗੁਰੂ ਬਾਣੀ ਦਾ ਹੀ ਪਰਚਾਰ ਕਰਦੇ ਹਨ ਪਰੰਤੂ ਆਪਣਾ ਥਾਪਿਆ ਹੋਇਆ ਦੇਹਧਾਰੀ ਗੁਰੂ ( ਮਹੰਤ ) ਨੂੰ ਮਨਾਉਣ ਖਾਤਰ ਗੁਰੂ ਬਾਣੀ ਦੇ ਉਲਟ ਪੁਲਟ ਅਰਥ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਰੋਧਤਾ ਕਰਦੇ ਰਹਿੰਦੇ ਹਨ। ਜਿਸਦਾ ਅਸਰ ਸਿੱਖਜਨਤਾ ਪਰ ਬਹੁਤ ਬੁਰਾ ਪੈਂਦਾ ਰਹਿੰਦਾ ਹੈ। ਭਾਵੇਂ ਇਨ੍ਹਾਂ ਦਾ ਪਰਚਾਰ ਲੁਕਵਾਂ ਹੈ ਪਰ ਫੇਰ ਭੀ ਪੇਠੋਹਾਰ ਵਲ ਬਹੁਤ ਸਾਰੇ ਅੰਮ੍ਰਿਤ-ਧਾਰੀ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਅਸ਼ਰਧਕ ਹੋਣ ਦਾ ਨੁਕਸਾਨ ਪਹੁੰ-ਚਾਇਆ ਹੈ। ਇਸਫਿਰਕੇ ਦੀ ਤਾਦਾਦਚਾਰ ਕੁ ਹਜ਼ਾਰ ਤੋਂ ਵਧ ਨਹੀਂ ਹੋਈ ਅਰ ਨਾ ਹੀ ਇਨ੍ਹਾਂ ਦੀ ਕੋਈ ਐਸੀ ਪਰਸਿੱਧੀ ਹੈ। ਇਹ ਲੋਕ ਅਰਦਾਸੇ ਵਿਚ ਦਸੇ ਗੁਰੂ ਸਾਹਿਬਾਨ ਤੋਂ ਅਗੇ ਕੂਕਿਆਂ ਦੀ ਤਰਾਂ ਆਪਣੇ ਮਹੰਤਾਂ ਦੇ ਨਾਮ ਲੈਂਦੇ ਹਨ। ਨਿਰਾਕਾਰ ਤੋਂ ਨਿਰੰਕਾਰ ਸ਼ਬਦ ਗੁਰਬਾਣੀ ਵਿਚ ਕਈ ਜਗਾ ਆਇਆ ਹੈ ਯਥਾ:—ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮ ਧਿਆ-ਵਣਿਆ ॥ (ਮਾਝਮ:੩) ਪਰ ਇਹ ਐਸੀ ਤੁਕਾਂ ਦੇ ਪ੍ਰਮਾਣ ਦੇ ਕੇ ਆਪ ਨੂੰ ਨਿਰੰਕਾਰੀ ਦਸਦੇ ਨੇ। ਖਾਲਸਾ ਪੰਥ ਦੇ ਪ੍ਰਚਾਰਕਾਂ ਦਾ ਫਰਜ਼ ਹੈ ਕਿ ਇਨ੍ਹਾਂ ਵਿਚ ਧਸ ਰਹੀ ਕੁਰੀ-ਤੀਆਂ ਨੂੰ ਦੂਰ ਕਰਨ।

ਨੋਟ—ਇਸੀ ਨਾਮ ਦਾ ਇਕ ਨਿਰਾਕਾਰੀਆਂ, ਨਿਰੰਕਾਰੀਆਂ ਦਾ ਫਿਰਕਾ ਭੀ ਹੈ ਜੋ ਕਿ ਬੈਰਾਗੀ ਸਾਧੂ ਨਾਰਾਇਣ ਦਾਸ ਨੇ ਚਲਾਇਆ ਸੀ। ਇਹ ਸਜਣ ਨਗਰ ਖੇੜੀ (ਪਟਿਆਲਾ) ਦਾ ਸੀ ਜੋਕਿ ਦ੍ਰਿੜਬੇ ਦੇ ਲਾਗੇ ਹੈ। ਇਸ ਨੇ ਸਤ ਨਿਰੰ-ਕਾਰ ਦਾ ਰਟਨ ਕੀਤਾ, ਇਸ ਦਾ ਚੇਲਾ ਸੂਰਜ ਦਾਸ ਭੀ ਪ੍ਰਸਿਧ ਹੋਇਆ। ਇਹ ਪਟਿਆਲੇ ਵਿੱਚ ਸੰਮਤ ੧੮੯੯ ਬਿ: ਵਿਚ ਚਾਲੇ ਪਾ ਗਿਆ ਸੀ। ਇਨ੍ਹਾਂ ਦੀ ਖੇੜੀ ਜਾਗੀਰ ਹੈ ਜੋ ਕਿ ਰਿਆਸਤ ਪਟਿਆਲਾ ਵਲੋਂ ਮਿਲੀ ਸੀ। ਹੁਣ ਇਹ ਲੋਕ ਲਾਲ ਲੰਗੋਟੀ ਰਖ ਕੇ ਹਨੂਮਾਨ ਨੂੰ ਮੰਨਦੇ ਹਨ। ਵੈਸੇ ਰੀਤਾਂ ਰਸਮਾਂ ਬੈਰਾਗੀਆਂ ਨਾਲ ਮਿਲ-ਦੀਆਂ ਹਨ। ਸ਼ੋਕ! ਸਿਖ ਰਈਸ ਐਸੇ ਸਾਧਾਂ ਦੇ ਭੀ ਉਪਾਸ਼ਕ ਹੋ ਕੇ ਜਾਗੀਰਾਂ ਦਿੰਦੇ ਰਹੇ ਹਨ।

## ਗਹਿਰ ਗੰਭੀਰੀਏ

ਚੇਤ੍ਰ ਵਦੀ ੯ ਸੰਮਤ ੧੯੨੦ ਵਿਖੇ ਮੋਹਨ ਚੰਦ ਨਾਮੀ ਤਰਖਾਣ ਦੇ ਘਰ ਸੁਖੀ ਦੀ ਕੁਖੋਂ ਪਿੰਡ ਠਾਣਾ ਜ਼ਿਲਾ ਲੁਧਿਹਾਣਾ ਵਿਖੇ ਇਕ ਬਿਸ਼ਨਾ ਨਾਮੀ ਲੜਕਾ ਜਨਮਿਆਂ। ਇਹ ਬੜਾ ਹੋਕੇ ਮਤਾਬ ਦਾਸ ਉਦਾਸੀ ਦਾ ਚੇਲਾ ਬਣਿਆਂ। ਉਸਨੇ ਇਸਦਾ ਨਾਉਂ ਬਿਸ਼ਨ ਦਾਸ ਰਖਿਆ। ਸੰਮਤ ੧੯੪੪ ਵਿਚ ਰੋਪੜ (ਅੰਬਾਲਾ) ਵਿਖੇ ਇੱਕ ਡੇਰਾ ਪਾਕੇ ਆਪਣੇ ਵੱਖਰੇ ਖਿਆਲ ਦੱਸਣ ਲਗ ਪਿਆ। 'ਗਹਿਰ ਗੰਭੀਰ' ਨਾਮ ਦਾ ਉਪਦੇਸ਼ ਦੇਣ ਲੱਗਾ, ਜਿਸ ਕਰਕੇ ਇਸਦੇ ਪਿਛਲੱਗੂ ਗਹਿਰ ਗੰਭੀਰੀਏ ਕਹੇ ਜਾਂਦੇ ਹਨ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ "ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ

Digitized by Panjab Digital Library | www.panjabdigilib.org

ਗਹੀਰਾ" ਤੇ 'ਗਹਿਰ ਗੰਭੀਰ ਅਥਾਹ ਸੁਆਮੀ ਅਤੁਲ ਨ ਜਾਈ ਕਿਆ. ਮਿਨਾ" ਆਦਿ ਤੁਕਾਂ ਲੈਕੇ 'ਗਹਿਰ ਗੰਭੀਰ' ਮਤ ਖੜਾ ਕਰ ਦਿਤਾ ਹੈ। ਇਹ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਕੇ ਕਕਾਰਾਂ ਵਿਰੁਧ ਪ੍ਰਚਾਰ ਕਰਦੇ ਹਨ ਅਤੇ ਪਰਸਪਰ ਮੇਲ ਸਮੇਂ ਗਹਿਰ ਗੰਭੀਰ ਹੀ ਬੋਲਦੇ ਹਨ। ਇਨ੍ਹਾਂ ਦੀਆਂ ਸ਼ਰਧਾਲੂ ਬਹੁਤੀਆਂ ਇਸਤ੍ਰੀਆਂ ਹਨ, ਭਗਵੇ ਬਸਤਰ ਵੀ ਪਹਿਨਦੇ ਹਨ, ਬਹੁਤ ਰੀਤਾਂ ਉਦਾਸੀਆਂ ਵਾਲੀਆਂ ਕਰਦੇ ਹਨ। ਬਿਸ਼ਨ ਦਾਸ ਦੇ ਚੇਲੇ ਚਾਟੜੇ ਯਾ ਗਹਿਰ ਗੰਭੀਰੀਏ ਕਹੌਣ ਵਾਲੇ ਦੋ ਢਾਈ ਸੌ ਦੇ ਲਗ ਭਗ ਦੱਸੇ ਜਾਂਦੇ ਹਨ। ਗਹਿਰ ਗੰਭੀਰਾ ਗਉਹਰ ਭਾਵ ਅਥਾਹ ਸਮੁੰਦਰ ਦਾ ਮੋਤੀ ਆਦਿ ਹਨ ਜੈਸਾ ਕਿ ਤਿਸ ਸੇਵਕ ਕੇ ਨਾਨਕ ਕੁਰਬਾਣੀ, ਜੋ ਗਹਿਰ ਗੰਭੀਰਾ ਗਉਹਰ ਜੀਉ। (ਮਾਝ ਮਹਲਾ ੫) ਗਹਿਰ ਗੰਭੀਰ ਬੇਅੰਤ ਗੋਬਿੰਦੇ। (ਮਾਝ ਮਃ ੫) ਸਿਖ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਗੁਰਬਾਣੀ ਦਾ ਬਹਾਨਾ ਅਗੇ ਰਖਕੇ ਸਿਖ ਧਰਮ ਨੂੰ ਨੁਕਸਾਨ ਪਹੁੰਚਾਣ ਵਾਲੇ ਐਸੇ ਪਾਖੰਡੀਆਂ ਦੇ ਪਾਖੰਡ ਦਾ ਪੋਲ ਖੋਲਣ ਇਹ ਗਹਿਰ ਗੰਭੀਰੀਏ ਸਿਖ ਧਰਮ ਦੇ ਨਿੰਦਕ ਹਨ। •

ਨੋਟ–ਪਾਠਕਾਂ ਨੂੰ ਮਾਲੂਮ ਹੋਵੇ ਕਿ ਗੁਰਬਾਣੀ ਵਿਚੋਂ ਕਿਸੇ ਨੇ ਨਿਰੰਕਾਰ ਤੋਂ ਨਿਰੰਕਾਰੀ ਸ਼ਾਖ ਤੋਰ ਲਿਤੀ, ਕਿਸੇ ਨੇ ਨਿਰਮਲ ਤੋਂ ਨਿਰਮਲੇ, ਗਹਿਰ ਗੰਭੀਰ ਤੋਂ ਗਹਿਰ ਗੰਭੀਰੀਏ, ਸਤਿਨਾਮ ਤੋਂ ਸਤਿਨਾਮੀਏਂ ਨਾਮ ਧਾਰਨ ਤੋਂ ਨਾਮ ਧਾਰੀਏ, ਨਿਰੰਜਨ ਤੋਂ ਨਿਰੰਜਨੀਏ ਆਦਿ ਫਿਰਕੇ ਚਲਾ ਦਿਤੇ, ਕਈਆਂ ਦੇ ਆਪਣੇ ਨਾਮ ਪਰ ਹੀ ਫਿਰਕੇ ਚਲੇ ਹਨ ਜਿਵੇਂ ਰਾਮ ਰਾਇ ਤੋਂ ਰਾਮ ਰਾਈਏ, ਗੁਲਾਬ ਦਾਸ ਤੋਂ ਗੁਲਾਬ ਦਾਸੀਏ, ਹੀਰਾ ਦਾਸ ਤੋਂ ਹੀਰਾ ਦਾਸੀਏ ਇਸੇ ਤਰ੍ਹਾਂ ਸ਼ਿਵ ਦਿਆਲ ਦੇ ਨਾਮ ਪਰ ਦਿਆਲ ਬਾਗੀਏ ਯਾਂ ਰਾਧਾ ਥੀਂ ਰਾਧਾ ਸੁਵਾਮੀਏ ਹਨ, ਰਾਗੁ ਮਾਰੂ ਵਿਖੇ ਕਈ ਕੁ ਗੂਹਜ ਭਾਵਾਂ ਦੇ ਸ਼ਬਦ ਹਨ, ਜਿਨ੍ਹਾਂ ਦੇ ਅਰਥ ਮਨ ਮਰਜ਼ੀ ਲਾਕੇ ਰਾਧਾ ਸਵਾਮੀਏ ਕਰਕੇ ਆਪ ਨੂੰ ਉਚ ਕੋਟੀ ਦੇ ਮਹਾਤਮਾਂ ਸਿਧ ਕਰਦੇ ਹਨ, ਨਿਆਰੇ ਨਿਆਰੇ ਪੰਥ ਚਲਾ ਕੇ ਆਪਣਾ ਪ੍ਰਚਾਰ ਕਰਨ ਦੀ ਪ੍ਰਪਾਟੀ ਹਿੰਦੁਸਤਾਨ ਵਿਚ ਚਿਰੰਕਾਲ ਤੋਂ ਜ਼ੋਰਾਂ ਪਰ ਰਹੀ ਹੈ।

## ਹੀਰਾ ਦਾਸੀਏ

ਹੀਰਾ ਦਾਸ ਜ਼ਿਲਾ ਲਾਹੌਰ ਦੇ ਪਿੰਡ ਸੁਰ ਸਿੰਘ ਵਿਖੇ ਸੰਮਤ ੧੮੬੭ ਵਿਚ ਮੁਸਲਮਾਨ ਅਬਦੁੱਲੇ ਮੋਚੀ ਦੇ ਘਰ ਜਨਮਿਆਂ। ਮਹਾਤਮਾਂ ਸ਼ਰਣ ਦਾਸ ਉਦਾਸੀ ਸਾਧੂ ਪਾਸੋਂ ਸਿਖਿਆ ਪਾਈ ਜਿਸ ਕਰਕੇ 'ਹੀਰਾ' ਤੋਂ 'ਹੀਰਾ ਦਾਸ' ਨਾਮ ਰਖਿਆ ਗਿਆ। ਇਸ ਨੇ ਗੰਡੀ ਵਿੰਡ (ਤਸੀਲ ਤਰਨਤਾਰਨ) ਪਿੰਡ ਵਿਚ ਇਕ ਬੜਾ ਡੇਰਾ ਬਣਾਕੇ ਲੰਗਰ ਲਵਾਇਆ। ਇਸ ਦਾ ਸੰਕੇਤ ਗੇਰੂ ਰੰਗੇ ਬਸਤਰ, ਸਿਰ ਪਰ ਕੇਸ ਰਖਣੇ, ਸਹਿਜ ਧਾਰੀ ਅਮ੍ਰਿਤਧਾਰੀ ਦੋਵੇਂ ਤਰਾਂ ਦੇ ਸਿਖ ਬਣਾ ਲਏ। ਬਾਕੀ ਮਰਯਾਦਾ ਉਦਾਸੀਆਂ ਨਿਰਮਲਿਆਂ ਵਾਲੀ ਰਖੀ। ਇਸ ਨੇ ਸੰਤ ਸਿੰਘ ਨੂੰ ਆਪਣੀ ਗਦੀ ਦਾ ਚੇਲਾ ਬਣਾਇਆ। ਸਾਧੂ ਹੀਰਾ ਦਾਸ ਭਾਦਰੋਂ ਸੰਮਤ ੧੯੩੬ ਨੂੰ ਚਲਾਣਾ ਕਰ

Digitized by Panjab Digital Library | www.panjabdigilib.org

ਗਿਆ। ਸੰਤ ਸਿੰਘ ਤੋਂ ਪਿਛੋਂ ਮਹੰਤ ਨਿਹਾਲ ਸਿੰਘ, ਮਹੰਤ ਚੰਦਾ ਸਿੰਘ ਆਦਿ ਗੱਦੀ ਨਸ਼ੀਨ ਹੁੰਦੇ ਆ ਰਹੇ ਹਨ। ਸੰਤ ਸਿੰਘ ਦਾ ਦਿਹਾਂਤ ਸੰਮਤ ੧੯੫੩ ਬਿ: ਵਿਚ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ਼ਟ ਮੰਨਦੇ ਹਨ, ਅਗੇ ਨੂੰ ਇਹ ਅੰਮ੍ਰਿਤ ਛਕ ਕੇ ਸਿੰਘ ਸ਼ਬਦ ਨਾਲ ਮਾਣ ਪਾ ਰਹੇ ਹਨ। ਵੈਸੇ ਹੀਰਾ ਦਾਸੀਏ ਫਿਰਕਾ ਨਹੀਂ ਹਨ, ਹੀਰਾ ਦਾਸ ਦਾ ਵਧ ਪਰਚਾਰ ਫੌਜਾਂ ਵਿਚ ਰਿਹਾ ਹੈ, ਵੇਦਾਂਤੀ ਖਿਆਲਾਂ ਨਾਲ ਚੰਗੇ ਚੰਗੇ ਧਨੀ ਸਿਖ ਮਗਰ ਲਾਏ।

ਇਸ ਦਾ ਕੇਂਦਰ ਜ਼ਿਲਾ ਅੰਮ੍ਰਿਤਸਰ ਦੇ ਗੰਡੀ ਵਿੰਡ ਨਾਮੇ ਨਗਰ ਵਿਚ ਰਿਹਾ, ਹੀਰਾ ਦਾਸ ਵੇਦਾਂਤ ਮਤ ਨੂੰ ਅਗੇ ਰਖ ਕੇ ਚੰਗੀ ਚਰਚਾ ਕਰਦਾ। ਹੀਰਾ ਦਾਸੀਏ, ਨਿਰਮਲੇ ਤੇ ਉਦਾਸੀਆਂ ਵਿਚ ਰਲ ਗਏ ਹਨ। ਵੈਸੇ ਚੀਮੇ ਖੁਰਦ, ਸੁਰ ਸਿੰਘ (ਲਾਹੌਰ) ਅਮੀਸ਼ਾਹ ਲੇਹੀਆਂ, ਸਰੂ ਚੱਕ ਪਿੰਡਾਂ ਵਿਚ ਡੇਰੇ ਹਨ।

## ਮਿਰਜ਼ਈਆਂ ਦਾ ਫਿਰਕਾ

ਮਿਰਜ਼ਈ ਮੁਸਲਮਾਨਾਂ ਦੀ ਇਕ ਅੱਡਰੀ ਜਮਾਤ ਹੈ, ਇਸਦਾ ਬਾਨੀ ਮਿਰਜ਼ਾ ਗੁਲਾਮ ਅਹਿਮਦ ਕਾਦੀਆਂ (ਗੁਰਦਾਸ ਪੁਰ) ਹੈ। ਮਿਰਜ਼ਾ ਜੀ ਨੇ ਆਪ ਨੂੰ ਨਬੀ, ਪੈਗੰਬਰ ਮਹਿੰਦੀ ਮੀਰ, ਮਸੀਹ ਸਾਨੀ ਆਦਿ ਹੋਣ ਦਾ ਦਾਵਾ ਕੀਤਾ। ਜਿਸ ਕਾਰਨ ਬਹੁਤੇ ਮੁਸਲਮਾਨ ਇਨ੍ਹਾਂ ਨੂੰ ਕਾਫਰ (ਪਤਤ) ਸਮਝਦੇ ਹਨ। ਮਿਰਜ਼ਾ ਸਾਹਿਬ ਦਾ ਜਨਮ ਸੰਨ ੧੮੪੦ ਈ: ਦਾ ਸੀ। ਇਨ੍ਹਾਂ ਦੇ ਗ੍ਰਿਹਿ ਵਿਖੇ ਦਸ ਬਚੇ ਜਨਮੇ। ਆਮ ਤੌਰ ਪਰ ਇਨ੍ਹਾਂ ਦੇ ਇਲਹਾਮਾਂ ਨੂੰ ਲੋਕੀ ਮਾਲੀ ਖੋਲੀਏ ਦੀ ਬੀਮਾਰੀ ਦਾ ਕਾਰਨ ਭੀ ਸਮਝਦੇ ਹਨ, ਆਪ ਨੂੰ ਮਿਰਜ਼ਾ ਜੀ ਨੇ ਮੀਰ ਮਹਿੰਦੀ ਆਦਿ ਸਾਬਤ ਕਰਨ ਲਈ ਬਹੁਤ ਕੁਝ ਕਿਹਾ ਹੈ। ਇਸ ਨੇ ਸੰਨ ੧੮੮੨ ਤੋਂ ਪੈਗੰਬਰੀ ਦਾਵਾ ਕੀਤਾ। ਕਈ ਵੇਰ ਆਪਨੂੰ ਦੂਸਰਾ ਮਸੀਹ ਭੀ ਕਹਿੰਦਾ ਸੀ, ਕਿਉਂਕਿ ਈਸਾਈ ਮੰਨਦੇ ਹਨ ਕਿ ਮਸੀਹ ਇਕ ਵਾਰ ਫਿਰ ਆਵੇਗਾ ਮੀਰ ਮਹਿੰਦੀ ਦੇ ਬਾਰੇ ਅਕਸਰ ਮੁਸਲਮਾਨਾਂ ਦਾ ਖਿਆਲ ਸੀ ਕਿ ਹੋਊਗਾ, ਇਸ ਨੇ ਆਪ ਨੂੰ ਕਿਹਾ ਕਿ ਮੈਂ ਓਹੀ ਹਾਂ। ਐਸੇ ਕਥਨਾਂ ਨਾਲ ਇਸਦੇ ਕਈ ਸਿਆਣੇ ਚੇਲੇ ਭੀ ਬਣ ਗਏ,ਆਖਰਇਹ ਮਰਜ਼ਈਆਂ ਦਾ ਇਕ ਵਖਰਾ ਫਿਰਕਾ ਹੀ ਬੱਝ ਗਿਆ। ਇਸਨੇ ਪੈਗੰਬਰ ਬਣਨ ਵਾਸਤੇ ਆਪ ਨੂੰ ਬਹੁਤ ਕੁਝ ਜਤਾਇਆ ਹੈ। ਜਿਹਾ ਕਿ ਖੁਦਾ ਨੇ ਮੁਝੇ ਗੈਬ ਕਾ ਇਲਮ ਦਿਤਾ ਹੈ (ਤੁਹਫਲ ਕਲੂਬ ੧੨੨) ਮੈਂ ਸੁਪਨੇ ਵਿਚ ਆਪਣੇ ਆਪ ਨੂੰ ਖੁਦਾ ਵੇਖਿਆ (ਆਈਨਾ) ਰੱਬ ਨੇ ਮੈਨੂੰ ਕਿਹਾ ਹੈ ਕਿ ਐ ਗੁਲਾਮ ਅਹਿਮਦ ਤੂੰ ਮੇਰਾ ਸਭ ਤੋਂ ਬੜਾ ਨਾਮ ਹੈਂ। (ਅਰਬੀਨ ਨੰ: ੩ ਪੰਨਾ ੩੪) ਇੱਕਰ ਦੇ ਕਾਫੀ ਫਿਲਸਫੇ ਛਾਂਟੇ ਹਨ। ਇਸੇ ਕਾਰਨ ਮੁਸਲਮਾਨ ਇਨ੍ਹਾਂ ਨੂੰ ਕਾਫਰ ਮੰਨਦੇ ਹਨ। ਮਿਰਜ਼ਾ ਜੀ ਨੇ ਹਿੰਦੂਆਂ, ਆਰੀਆਂ, ਬ੍ਰਹਮੂ ਸਮਾਜੀਆਂ ਆਦਿ ਦਾ ਖੰਡਨ ਕਰਨੇ ਵਾਸਤੇ 'ਬ੍ਰਾਹੀਨ ਅਹਿਮਦੀਆ' ਨਾਮ ਦੀ ਇਕ ਕਿਤਾਬ ਲਿਖਕੇ ਕਿਹਾ ਕਿ ਜੋ ਇਸ ਨੂੰ ਖੰਡਣ ਕਰੇ, ਦਸ ਹਜ਼ਾਰ ਰੁਪਿਆ ਇਨਾਮ ਮਿਲੇਗਾ। ਆਰੀਆ ਸਮਾਜੀ ਪੰਡਿਤ ਲੇਖ ਰਾਮ ਨੇ ਉਸਦੇ ਉਤਰ ਵਿਚ ਸੰਨ ੧੮੯੦ ਈ: ਇਕ ਤਹਿਜ਼ੀਬ

Digitized by Panjab Digital Library | www.panjabdigilib.org

ਬ੍ਰਾਹੀਨ ਅਹਿਮਦੀਆ ਨਾਮਕ ਕਤਾਬ ਲਿਖੀ, ਸ਼ੋਕ ! ਕਿ ਉਸਦਾ ਉਤਰ ਮਿਲਣ ਦੀ ਬਜਾਏ ਪੰਡਿਤ ਜੀ ਨੂੰ ਮੁਸਲਮਾਨਾਂ ਨੇ ਕਤਲ ਕਰ ਦਿਤਾ ਸੀ, ਮਿਰਜ਼ਾ ਸਾਹਿਬ ਨੇ ਦੂਜੇ ਮਤਾਂ ਵਿਚ ਭੀ ਪੈਗੰਬਰ ਹੋਣ ਦੀ ਕੋਸ਼ਸ਼ ਕੀਤੀ, ਸਤਿਗੁਰੂ ਨਾਨਕ ਜੀ ਨੂੰ ਮੁਸਲਮਾਨ ਦੱਸਣ ਵਾਸਤੇ ਜਾਣ ਬੁਝਕੇ ਕੁਫਰ ਤੋਲਿਆ ਹੈ । ਨਿੰਦਿਆ ਕਰਨ ਵਿਚ ਮਰਜ਼ਈ ਵੀਰ ਆਰੀਆ ਸਮਾਜੀਆਂ ਨਾਲੋਂ ਭੀ ਬਾਜ਼ੀ ਲੈ ਗਏ ਹਨ, ਝੂਠੀਆਂ ਪੇਸ਼ੀਨ ਗੋਈਆਂ ਲਾਉਣ ਵਿਚ ਕਮਾਲ ਹੀ ਕਰ ਦਿਤਾ ਹੈ, ਗੁਰੂ ਨਾਨਕ ਜੀ ਜੋ ਜ਼ਾਤ ਪਾਤ ਤੋਂ ਰਹਿਤ ਹਨ, ਉਨ੍ਹਾਂ ਪਰ ਦੂਸ਼ਣ ਲੌਣੇ ਅਧਰਮ ਹੈ।

ਮਿਰਜ਼ਾ ਗੁਲਾਮ ਅਹਿਮਦ ਨੇ ਮਈ ਸੰਨ ੧੯੦੮ ਈ: ਵਿਚ ਹੈਜ਼ੇ ਨਾਲ ਚਲਾਣਾ ਕੀਤਾ। ਮਰਜ਼ਈਆਂ ਦਾ ਦਾਵਾ ਹੈ ਕਿ ਮਿਰਜ਼ਾ ਨਬੀ ਸੀ, ਉਸਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਮਾਨਿੰਦ ਇਲਹਾਮ ਔਰ ਕਸ਼ਫ ਹੁੰਦੇ ਸਨ, ਇਹ ਲੋਕ ਮਕੇ ਦੀ ਬਜਾਏ ਹਜ ਲਈ ਕਾਦੀਆਂ ਨੂੰ ਵਧ ਮੰਨਦੇ ਹਨ, ਇਹ ਰਿਸ਼ਤੇ ਨਾਤੇ ਆਪਸ ਵਿਚ ਦੀ ਕਰਦੇ ਹਨ, ਦੂਜੇ ਮੁਸਲਮਾਨਾਂ ਨਾਲ ਸ਼ਰਾਹ ਮੂਜਬ ਨਮਾਜ਼ ਨਹੀਂ ਪੜ੍ਹਦੇ। ਆਪਣੀ ਕਮਾਈ ਦਾ ਦਸਵਾਂ ਹਿਸਾ ਕਾਦੀਆਂ ਵਿਖੇ ਦੇਕੇ ਬਹਿਸ਼ਤਾਂ ਦਾ ਫਲ ਸਮਝਦੇ ਹਨ। ਮਰਜ਼ਈਆਂ ਦਾ ਫਿਰਕਾ ਅੱਡਰਾ ਹੈ, ਮਤਲਬ ਵੇਲੇ ਮੁਸਲਮਾਨਾਂ ਦੇ ਨਾਲ ਹੁੰਦੇ ਹਨ। ਜਿਵੇਂ ਆਰੀਏ ਸਮੇਂ ਸਿਰ ਹਿੰਦੂਆਂ ਨਾਲ ਰਲ ਜਾਂਦੇ ਹਨ। ਇਨ੍ਹਾਂ ਦੇ ਦੋ ਫਿਰਕੇ ਹਨ, ਮਿਰਜ਼ੇ ਦੀ ਗੱਦੀ ਪਰ ਨੂਰ ਦੀਨ ਭੇਰੇ ਵਾਲਾ ਬੈਠਿਆ ਉਪ੍ਰੰਤ ਮਿਰਜ਼ਾ ਸਾਹਿਬ ਦਾ ਸਪੁਤ੍ਰ ਬਸੀਰ ਦੀਨ ਮਹਿਮੂਦ ਖਲੀਫਾ ਥਾਪਿਆ ਗਿਆ ਕਾਦੀਆਂ ਔਰ ਲਾਹੌਰ ਵਾਲੇ ਮਿਰਜ਼ਈ ਵਖੋ ਵਖ ਹਨ, ਲਾਹੌਰੀ ਪਾਰਟੀ ਦੇ ਆਗੂ ਮੌਲਵੀ ਮੁਹੰਮਦ ਅਲੀ ਐਮ. ਏ. ਬਣੇ, ਪਰ ਉਹ ਮਿਰਜ਼ਾ ਸਾਹਿਬ ਨੂੰ ਨਬੀ ਮੰਨਣੋਂ ਇਨਕਾਰੀ ਸਨ। ਜਿਸ ਕਾਰਨ ਦੋ ਸ਼ਾਖਾਂ ਵਿਚ ਹੋ ਗਏ।

ਨੋਟ—ਮੁਸਲਮਾਨਾਂ ਵਿਚ ਈਰਾਨ ਦੇ ਸ਼ਰਈਆਂ ਦਾ ਫਿਰਕਾ ਹੈ, ਜਿਸ ਦਾ ਆਰੰਭਕ ਅਲੀ ਮੁਹੰਮਦ ਸ਼ੀਰਾਜ਼ੀ ਭੀ ! ਇਹ ਭੀ ਆਪ ਨੂੰ ਪੈਗੰਬਰ ਮੰਨਦਾ ਸੀ, ਇਸ ਨੇ ਬਹਾਈ ਨਾਮ ਦਾ ਮਤ ਕਾਇਮ ਕੀਤਾ। ਇਸਨੇ ਸੰਨ ੧੮੪੪ ਈ: ਨੂੰ ਐਲਾਨ ਕੀਤਾ ਸੀ ਕਿ ਮੈਂ ਹੀ ਮੀਰ ਮਹਿੰਦੀ ਹਾਂ, ਸਚਿਆਈ ਦਾ ਦਰਵਾਜ਼ਾ (ਬਾਬ) ਮੈਂ ਹਾਂ। ਬਾਬ ਸ਼ਬਦ ਤੋਂ ਹੀ ਇਹ ਲੋਕ ਆਪ ਨੂੰ ਬਹਾਈ ਯਾਂ ਬਾਬੀ ਆਖਦੇ ਹਨ। ਮੁਲਾਂ ਹੁਸੈਨੀ ਨੇ ਇਸਦੇ ਮਤ ਦਾ ਬਹੁਤ ਪ੍ਰਚਾਰ ਕੀਤਾ। ਮੁਖਾਲਿਫਾਂ ਨੇ ਅਲੀ ਮੁਹੰਮਦ ਔਰ ਮੌਲਵੀ ਹੁਸੈਨ ਨੂੰ ਕਤਲ ਕਰ ਦਿਤਾ ਸੀ, ਪਿਛਲਗਾਂ ਨੂੰ ਬਹੁਤ ਕੁਰਬਾਨੀਆਂ ਦਿਤੀਆਂ ਉਪ੍ਰੰਤ ਇਨ੍ਹਾਂ ਦਾ ਮੁਖੀਆ ਬਾਹੀਆ ਸੀ, ਜਿਸ ਤੋਂ ਅਜ਼ਲੀ ਔਰ ਬਹਾਈ ਦੋ ਪਾਰਟੀਆਂ ਹੋ ਗਈਆਂ। ਇਸਲਾਮੀ ਹਕੂਮਤਾਂ ਨੇ ਇਨ੍ਹਾਂ ਨੂੰ ਕਾਫਰ ਮੰਨਕੇ ਬਹੁਤ ਤਸੀਹੇ ਦਿਤੇ। ਕਿਤਨੇ ਵਿਚਾਰੇ ਫਾਸੀਆਂ ਪਰ ਲਟਕਾਏ, ਇਹ ਇਕੋ ਖੁਦਾ ਨੂੰ ਮੰਨਦੇ ਹਨ, ਕੁਰਾਨ ਦੀ ਥਾਂ ਏਕਾਨ ਨਾਮੀ ਗ੍ਰੰਥ ਨੂੰ ਸਾਰ ਤੱਤ ਗਿਆਨ ਸਮਝਦੇ ਹਨ, ਮਰਜ਼ਈਆਂ ਦੀ ਮਾਨਿੰਦ ਮੁਸਲਮਾਨਾਂ ਨੇ ਇਹ ਭੀ

Digitized by Panjab Digital Library / www.panjabdigilib.org

ਕਾਫਰ ਠਹਿਰਾ ਰਖੇ ਹਨ ।

## ਬ੍ਰਹਮੂ ਸਮਾਜ

ਆਮ ਤੌਰ ਪਰ ਤਿੰਨ ਸਮਾਜ ਹਨ, ਬ੍ਰਹਮੂ, ਦੇਵ ਔਰ ਆਰੀਆ ਸਮਾਜ ਦਾ ਬਾਨੀ ਰਾਮ ਮੋਹਨ ਰਾਇ ਬੰਗਾਲੀ ਸੀ, ਜੋ ਕਿ ਸੰਨ ੧੭੭੨ ਈ: ਵਿਚ ਬੰਗਾਲ ਦੇ ਧਾਰਾ ਪਿੰਡ ਵਿਚ ਜਨਮਿਆਂ । ਇਹ ਜ਼ਾਤ ਦਾ ਬ੍ਰਾਹਮਣ ਹੋਣ ਕਰਕੇ ਨਾਮ ਹੀ ਮੱਤ ਦਾ ਬ੍ਰਹਮੂ ਸਮਾਜ ਧਰਿਆ । ਇਹ ਮਤ ਸੰਨ ੧੮੧੪ ਈ: ਵਿਚ ਜਾਰੀ ਹੋਇਆ, ਇਸ ਮਤ ਦਾ ਸਿਧਾਂਤ ਉਪਨਿਸ਼ਦਾਂ ਤੋਂ ਲਿਤਾ ਗਿਆ । ਤੱਤ ਮੱਤ, ਇਕ ਮਯ ਅਦ੍ਵੈਮ, ਉਮਆਦਿ ਮੰਤ੍ਰ ਹਨ । ਸੰਨ ੧੮੨੩ ਈ: ਵਿਚ ਕਲਕਤੇ ਇਕ ਮੰਦਰ ਬ੍ਰਹਮ ਸਮਾਜ ਦੇ ਪ੍ਰਚਾਰ ਦਾ ਕੇਂਦਰ ਬਣਿਆਂ ਸੀ । ਸਾਰੇ ਮਜ਼ਬਾਂ ਦੇ ਲੋਕ ਇਕ ਥਾਂ ਖਾ ਪੀ ਕੇ ਇਕ ਦੇ ਉਪਾਸ਼ਕ ਬਣਦੇ ਤੇ ਇਕੋ ਰੱਬ ਸਮਝਦੇ ਕ੍ਰਿਤਮ ਦੀ ਪੂਜਾ ਦੀ ਮਨਾਹੀ ਕੀਤੀ, ਸਾਰੇ ਮਾਨੁਖ ਭਾਈ ਹਨ, ਬੁਰਾਈਆਂ ਛਡ ਕੇ ਸੱਚ ਨੂੰ ਅੰਗੀ ਕਾਰ ਕਰਨਾ ਆਦਿ ਮੁਖ ਨੇਮ ਸੀ । ਰਾਮ ਮੋਹਨ ਰਾਇ ਨੇ ਅੰਗ੍ਰੇਜ਼ੀ ਸਰਕਾਰ ਪਾਸੋਂ ਸੰਨ ੧੮੨੯ ਈ: ਵਿਖੇ ਸਤੀ ਹੋਣ ਦੀ ਰਸਮ ਤੋਂ ਵਿਰੁਧ ਇਕ ਕਾਨੂੰਨ ਬਣਵਾਇਆ, ਇਹ ਉਸਦਾ ਖਾਸ ਉਪਕਾਰ ਔਰ ਦੇਸ਼ ਸੁਧਾਰ ਸੀ ।

ਰਾਮ ਮੋਹਨ ਰਾਇ ਨੂੰ ਅੰਗ੍ਰੇਜ਼ਾਂ ਨੇ 'ਰਾਜਾ ਖਿਤਾਬ' ਦਿਤਾ, ਈਸਟ ਇੰਡੀਆ ਕੰਪਨੀ ਵਿਚ ਕਾਫੀ ਰਸੂਖ ਔਰ ਮਾਣ ਸੀ । ਪਹਿਲਾ ਵਕੀਲ ਹਿੰਦ ਵਿਚੋਂ ਵਲੈਤ ਜਾਕੇ ਇਹ ਸੱਜਣ ਬਣਿਆਂ ਸੀ । ਇਸ ਵਿਦਜ-ਵਾਨ ਦਾ ਸੰਨ ੧੮੩੩ ਈ: ਵਿਚ ਇੰਗਲੈਂਡ ਵਿਚ ਦੇਹਾਂਤ ਹੋਇਆ । ਅਸਲੋਂ ਇਸ ਪੰਡਿਤ ਨੇ ਈਸਾਈ ਪਾਦਰੀਆਂ ਦੀ ਤਰ੍ਹਾਂ ਅੰਜੀਲ ਦੇ ਮੁਕਾਬਲੇ ਉਪਨਿਸ਼ਦਾਂ ਦੇ ਸਿਧਾਂਤ ਨੂੰ ਪ੍ਰਚਾਰਿਆ । ਇਸਦੇ ਪਿਛੋਂ ਬ੍ਰਹਮੂ ਸਮਾਜ ਦੇ ਆਗੂ 'ਦੇਵਿੰਦਰ ਨਾਥ ਟੈਗੋਰ' ਬੰਗਾਲੀ ਪ੍ਰਸਿੱਧ ਹੋਇਆ, ਇਸ ਨੇ ੧੮੩੯ ਈ: ਵਿਚ ਇਕ 'ਤੱਤ ਬੋਧਨੀ ਸਭਾ' ਕਾਇਮ ਕੀਤੀ, ਵੇਦਾਂ ਸ਼ਾਸਤ੍ਰਾਂ ਦੁਆਰੇ ਵਿਚਾਰ ਕੀਤਾ । ਉਪ੍ਰੰਤ ਕੇਸ਼ਵਾ ਚੰਦਰ ਇਸ ਮਤ ਦਾ ਪ੍ਰਚਾਰਕ ਹੋਇਆ ਇਹ ਵਿਦਜ਼ਾਵਾਨ ਸਖਤ ਵਿਰੋਧੀ ਔਰ ਵਿਧਵਾ ਵਿਵਾਹ ਦਾ ਹਾਮੀ ਸੀ, ਦੇਵਿੰਦਰ ਨਾਥ ਔਰ ਕੇਸ਼ਵਾ ਚੰਦਰ ਲੀਡਰਾਂ ਵਿਚ ਫਰਕ ਪੈਣ ਕਰਕੇ ਇਹ ਦੋ ਸ਼ਾਖਾਂ ਵਿਚ ਹੋਏ । ਕੇਸ਼ਵ ਚੰਦਰ ਆਪ ਨੂੰ ਈਸ਼ਵਰ ਵਲੋਂ ਘਲਿਆ ਅਵਤਾਰ ਦਸਦਾ ਸੀ, ਇਸ ਨੇ ਵਲਾਇਤ ਵਿਚ ਬ੍ਰਹਮੂ ਸਮਾਜ ਦਾ ਕਾਫੀ ਪ੍ਰਚਾਰ ਕੀਤਾ । ਕੇਸ਼ਵ ਚੰਦਰ ਪਾਸੋਂ ਆਪਣੇ ਪ੍ਰਚਾਰ ਤੋਂ ਵਿਰੁਧ ਇਹ ਗਲਤੀ ਹੋਈ ਕਿ ਉਸਨੇ ਆਪਣੀ ਤੇਰਾਂ ਸਾਲਾਂ ਦੀ ਲੜਕੀ ਦੀ ਸ਼ਾਦੀ ਕੂਚ ਬਿਹਾਰ ਦੇ ਰਾਜੇ ਨਾਲ ਕੀਤੀ । ਜਿਸ ਕਾਰਨ ਮੁਖਾਲਫਤ ਹੋਈ ।

ਇਹ ਵਿਦਜਵਾਨ ਸੰਨ ੧੮੮੪ ਈ: ਵਿਚ ਚਲਾਣੇ ਕਰ ਗਿਆ, ਇਸਦੀ ਸ਼ਾਖ ਦਾ ਨਾਮ 'ਪ੍ਰਾਰਥਨਾ ਜਾਂ ਸੁਧਾਰਕ ਸਮਾਜ' ਕਹਿੰਦੇ ਹਨ, ਇਹ ਆਵਾਗਵਨ ਔਰ ਕਰਮ ਸਿਧਾਂਤ ਤੋਂ ਮੁਨਕਰ ਸਨ, ਅੰਗ੍ਰੇਜ਼ੀ ਫੈਸ਼ਨ ਦਾ ਇਨ੍ਹਾਂ ਪਰ ਕਾਫੀ ਅਸਰ ਰਿਹਾ ਇਨ੍ਹਾਂ ਵਿਚੋਂ ਸੰਨ ੧੯੧੪ ਵਿਚ ਇਕ ਆਰੀਯਨ ਬ੍ਰਾਦਰਹੁਡ ਨਾਮ ਦੀ ਵਖਰੀ

Digitized by Panjab Digital Library | www.panjabdigilib.org

ਸ਼ਾਖ ਚਲੀ, ਸਿਖ ਰਈਸ ਸ: ਦਿਆਲ ਸਿੰਘ ਮਜੀਠਾ ਨੇ ਇਨ੍ਹਾਂ ਦੇ ਅਸਰ ਹੇਠਾਂ ਆਕੇ ਕਰੋੜਾਂ ਰੁਪਿਆਂ ਦੀ ਜਾਇਦਾਦ ਦਿਆਲ ਸਿੰਘ ਕਾਲਜ ਲਾਹੌਰ ਅਖਬਾਰ ਟਿਰਬਯੂਨ ਆਦਿ ਸਰਮਾਇਆ ਬ੍ਰਹਮੂ ਸਮਾਜ ਨੂੰ ਦਿਤਾ, ਸਿੱਖ ਸੁਤੇ ਹੀ ਰਹਿ ਗਏ।

## ਆਰਯ ਸਮਾਜ

ਬ੍ਰਹਮਣ ਅੰਬਾ ਸ਼ੰਕਰ ਦੇ ਘਰ ਸੰਨ ੧੮੨੪ ਵਿਚ ਇਕ ਲੜਕਾ ਜਨਮਿਆਂ ਜੋ ਮੋਰਵੀਂ ਰਿਆਸਤ ਦੇ ਪਿੰਡ ਟੰਕਾਰਾ ਦਾ ਵਾਸੀ ਸੀ। ਘਰਦਿਆਂ ਨੇ ਉਸ ਦਾ ਨਾਮ ਮੂਲ ਸ਼ੰਕਰ ਰਖਿਆ ਇਸ ਨੇ ਸਮਾਂ ਪਾਕੇ ਪਰਮਾ ਨੰਦ ਸਰਵਸੀ ਪਾਸੋਂ ਵਿਦਜਾ ਪੜ੍ਹੀ ਅਰ ਉਸ ਪਾਸੋਂ ਸਨਜਾਸੀ ਪਣਾਂ ਲੈਕੇ ਦਯਾ ਨੰਦ ਸਰਸ੍ਵਤੀ ਬਣ ਬੈਠਿਆ। ਉਪਰੰਤ ਕਾਸ਼ੀ ਦੇ ਪੰਡਿਤ ਵਿਰਜਾ ਨੰਦ ਪਾਸੋਂ ਵਯਾਕਰਣ ਆਦਿ ਲਾਇਆ, ਚੂੰਕਿ ਪੰਜਾਬ ਵਿਚ ਵਿਦਜਾ ਦਾ ਪ੍ਰਚਾਰ ਘਟ ਸੀ ਇਸ ਲਈ ਸਾਧੂ ਦਿਆ ਨੰਦ ਦੀ ਪ੍ਰਸਿੱਧੀ ਪੰਜਾਬ ਵਿਚ ਚੰਗੀ ਫੈਲੀ ਜਿਸ ਕਰਕੇ ਇਹ ਇਥੇ ਹੀ ਪ੍ਰਚਾਰ ਕਰਨੇ ਲਗਿਆ। ਵੇਦਾਂ ਦੇ ਅਰਥਾਂ ਨੂੰ ਈਸਾਈ ਮਤ ਦੀ ਰੋਸ਼ਨੀ ਨਾਲ ਮਿਲਾਕੇ ਕਰਨੇ ਨਾਲ ਇਸ ਦੀ ਪ੍ਰਸਿਧੀ ਅੰਗਰੇਜ਼ੀ ਪੜ੍ਹਿਆਂ ਵਿਚ ਕਾਫੀ ਫੈਲ ਗਈ ਪੰਜਾਬੋਂ ਬਾਹਰ ਇਸ ਦੀ ਪ੍ਰਸਿੱਧੀ ਨਹੀਂ ਨਿਕਲੀ ਇਸ ਸਾਧੂ ਦੀ ਸੰਪ੍ਰਦਾਇ ਦਾ ਨਾਮ ਆਰਯ ਸਮਾਜ ਪੈ ਗਿਆ ਹੈ ਇਸ ਨੇ ਆਪਣੇ ਵਖਰੇ ਸਿਧਾਂਤ 'ਸਤਯਾਰਥ ਪ੍ਰਕਾਸ਼' ਨਾਮਕ ਗ੍ਰੰਥ ਵਿਚ ਦਸੇ ਹਨ। ਸਾਧੂ ਦਿਆ ਨੰਦ ਦਾ ਦਿਹਾਂਤ ੩੦ ਅਕਤੂਬਰ ਸੰਨ ੧੮੮੩ ਨੂੰ ਹੋਇਆ। ਹਿੰਦੂਆਂ ਵਿਚੋਂ ਪੁਰਾਣੇ ਢਾਂਚੇ ਜਾਂ ਮਨਮਤਾਂ ਨੂੰ ਦੂਰ ਕਰਨੇ ਵਾਲੇ ਆਰੀਆ ਸਮਾਜੀ ਕਹੇ ਜਾਂਦੇ ਹਨ ਅਰ ਸਾਧੂ ਦਿਆ ਨੰਦ ਨੂੰ ਇਹ ਆਪਣਾ ਗੁਰੂ ਸਮਝਦੇ ਹਨ ਇਨ੍ਹਾਂ ਵਿਚ ਪੜ੍ਹੇ ਲਿਖੇ ਸਜਣ ਕਾਫੀ ਸ਼ਾਮਲ ਹੋਏ ਹਨ। ਅਸਲੋਂ ਇਹ ਇਕ ਅੜਬ ਫਿਰਕਾ ਹੈ। ਦੂਸਰੇ ਮਤਾਂ ਦੀ ਨਿੰਦਿਆ ਕਰਨ ਵਿਚ ਕਾਮਲ ਹਨ, ਸਾਧੂ ਦਿਆਨੰਦ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਨਿੰਦਾ ਲਿਖ ਕੇ ਬਹੁਤ ਭਾਰ ਉਠਾਇਆ ਹੈ। ਆਪ ਦੀ ਪ੍ਰਸਿਧੀ ਲਈ ਹੋਰ ਮਤਾਂ ਦੀ ਬਹੁਤ ਹੇਠੀ ਕੀਤੀ ਹੈ। ਸੰਨ ੧੮੬੦ ਈ: ਵਿਚ ਮਥਰਾ ਦੇ ਇਕ ਪੰਡਿਤ ਸਵਾਮੀ ਬਿਰਜਾ ਨੰਦ ਨੇ ਸਾਧੂ ਦਯਾ ਨੰਦ ਨੂੰ ਸੰਸਕ੍ਰਿਤ ਦੀ ਪੜ੍ਹਾਈ ਕਰਵਾਈ, ਇਹ ਪੰਡਿਤ ਕਰਤਾਰ ਪੁਰ (ਜਾਲੰਧਰ) ਦਾ ਸੀ। ਇਸਦਾ ਹੁਕਮ ਸੀ ਕਿ ਸੰਨਿਆਸੀ ਕਰਤਬਾਂ ਦਾ ਪ੍ਰਚਾਰ ਕਰੇ। ਇਸਨੇ ਵੇਦਾਂ ਦੇ ਅਰਥ ਮਨ ਮਰਜ਼ੀ ਦੇ ਕਰਕੇ ਇਕ ਈਸ਼੍ਵਰ ਦੀ ਉਪਾਸ਼ਨਾ ਦੱਸੀ।

ਸਵਾਮੀ ਦਯਾ ਨੰਦ ਜੀ ਮੂਰਤੀ ਪੂਜਾ ਔਰ ਅਵਤਾਰ ਪੂਜਾ ਦੇ ਵਿਰੋਧੀ ਸਨ। ਆਪ ਪੁਰਾਣਕ ਕਥਾਵਾਂ ਦੀ ਸਚਾਈ ਵਲੋਂ ਮੁਨਕਰ ਸਨ, ਪੁਰਾਣਾਂ ਨੂੰ ਨਹੀਂ ਮੰਨਦੇ ਸੀ। ਭਾਵੇਂ ਇਨ੍ਹਾਂ ਨੇ ਬੰਬਈ, ਚਾਂਦ ਪੁਰ ਆਦਿ ਸ਼ਹਿਰਾਂ ਵਿਚ ਆਰੀਆ ਸਮਾਜ ਦਾ ਕਾਫੀ ਪ੍ਰਚਾਰ ਕੀਤਾ ਪਰ ਸੰਨ ੧੮੭੭ ਈ: ਵਿਚ ਪੰਜਾਬ ਵਿਚ ਪ੍ਰਚਾਰ ਆਰੰਭਿਆ ਜੋ ਸਿਖ ਧਰਮ ਨੂੰ ਆਪਣੇ ਵਿਚ ਹਜ਼ਮ ਕਰਨ ਵਾਸਤੇ ਗੁਝਾ ਧਾਵਾ ਸੀ।

ਸਾਧੂ ਦਯਾ ਨੰਦ ਨੇ ਗ੍ਰੰਥ ਸਤਯਾਰਥ ਪ੍ਰਕਾਸ਼ ਲਿਖਕੇ ਹਰ ਮਤ ਪਰ ਮਖੌਲ

Digitized by Panjab Digital Library | www.panjabdigilib.org

ਉਡਾਏ, ਇਹ ਠੀਕ ਹੈ ਕਿ ਆਪ ਵਡੇ ਸੁਧਾਰਕ ਸਨ ਪਰ ਦੂਜੇ ਦੇ ਮਤ ਨੂੰ ਅਕਾਰਨ ਭੀ ਨਿੰਦਦੇ, ਸਤਿਗੁਰੂ ਨਾਨਕ ਜੀ ਦੀ ਦਯਾ ਨੰਦ ਨੇ ਨਿੰਦਾ ਕੀਤੀ ਸਿਖਾਂ ਵਿਚ ਜੋਸ਼ ਫੈਲ ਗਿਆ। ਆਰੀਆ ਸਮਾਜ ਦੇ ਮੁਕਾਬਲੇ ਪਰ ਸਿੰਘ ਸਭਾਵਾਂ ਕਾਇਮ ਹੋਈਆਂ। ਸਵਾਮੀ ਦਯਾ ਨੰਦ ਆਪ ਨੂੰ ਕਰਤਾਰ ਦੀ ਉਪਾਸ਼ਨਾਂ ਦਾ ਪ੍ਰਚਾਰਕ ਕਹਿੰਦਾ ਸੀ, ਪਰ ਉਸਨੇ ਜੀਵ ਪ੍ਰਕ੍ਰਿਤੀ ਔਰ ਪੁਰਸ਼ ਤ੍ਰਿਨਾਂ ਨੂੰ ਅਨਾਦੀ (ਨਾਸ਼ ਰਹਿਤ) ਮੰਨਿਆਂ ਹੈ। ਹਵਨ ਕਰਨ ਦੇ ਵਹਿਮ ਨਹੀਂ ਛੱਡੇ, ਹਵਨ ਪਰ ਜ਼ੋਰ ਦਿਤਾ, ਸਾਧੂ ਦਯਾ ਨੰਦ ਨੇ ਨਯੋਗ ਦਾ ਪ੍ਰਚਾਰ ਕਰਕੇ ਆਪਣੇ ਸਿਧਾਂਤ ਨੂੰ ਗਿਰਾਵਟ ਵਿਚ ਲਿਆਂਦਾ, ਨਯੋਗ ਸਾਧਨ ਬਿਭਚਾਰ ਦੀ ਇਕ ਗੁਪਤ ਸ਼ਾਖ ਹੋ ਸਕਦੀ ਹੈ।

ਸਵਾਮੀ ਦਯਾ ਨੰਦ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ, ਪਰ ਉਸਨੂੰ ਗਜਾਨੀ ਦਿਤ ਸਿੰਘ ਜੀ ਬਾਨੀ ਸਿੰਘ ਸਭਾਵਾਂ ਨੇ ਕਈ ਵੇਰ ਬਹਿਸਾਂ ਵਿਚ ਹਾਰ ਦਿਤੀ, (ਪੜ੍ਹੋ ਮੇਰਾ ਤੇ ਸਵਾਮੀ ਦਯਾ ਨੰਦ ਦਾ ਸੰਬਾਦ ਆਦਿ) ਦਿਆ ਨੰਦ ਨੇ ਰਿਗਵੇਦ ਭਾਸ਼ ਗੋਕਰਣਾ ਵਿਧੀ, ਸੰਸਕਾਰ ਵਿਧੀ ਆਦਿ ਗ੍ਰੰਥ ਭੀ ਲਿਖੇ, ਜਿਸ ਕਾਰਨ ਆਰੀਆ ਸਮਾਜ ਹਿੰਦੂਆਂ ਨਾਲੋਂ ਅੱਡਰਾ ਫਿਰਕਾ ਬਣ ਗਿਆ, ਮੁਕਾਬਲੇ ਪਰ ਹਿੰਦੂ ਸਨਾਤਨ ਸਭਾਵਾਂ ਕਾਇਮ ਹੋਈਆਂ। ਆਰੀਆ ਸਮਾਜ ਨੇ ਦੇਸ਼ ਵਿਚ ਵਿਦਯਾ ਦਾ ਕਾਫੀ ਪ੍ਰਚਾਰ ਕੀਤਾ। ਛੂਤ ਛਾਤ ਦੇ ਭਰਮਾਂ ਨੂੰ ਕਾਫੀ ਦੂਰ ਕੀਤਾ। ਆਰੀਆ ਪ੍ਰਚਾਰਕ ਦੂਜਿਆਂ ਦੇ ਮਤ ਖੰਡਣ ਵਾਸਤੇ ਬਹੁਤ ਮਾਹਰ ਹਨ, ਪ੍ਰੇਮਾ ਭਗਤੀ ਭਾਵਨਾ ਇਸ ਸਮਾਜ ਵਿਚ ਨਾਮ ਮਾਤ੍ਰ ਹੀ ਮਿਲੇਗੀ, ਖੰਡਣ ਪਰ ਵਧ ਜ਼ੋਰ ਦਿੰਦੇ ਹਨ।

## ਸ਼ਾਕਤ ਮਤ

ਸ਼ਾਕਤ ਤੋਂ ਭਾਵ ਸ਼ਕਤੀ ਦਾ ਉਪਾਸ਼ਕ ਹਨ, ਹਿੰਦੂ ਮਤ ਦਾ ਹਰ ਇਕ ਦੇਵਤਾ ਕੋਈ ਸ਼ਕਤੀ ਰਖਦਾ ਮੰਨਿਆ ਹੈ। ਜਿਵੇਂ ਬ੍ਰਹਮਾਂ ਦੀ ਸਰਸ੍ਵਤੀ, ਵਿਸ਼ਨੂੰ ਲਛਮੀ ਸ਼ਿਵ ਸ਼ਕਤੀਆਂ ਹੋਇਆ ਹੈ। ਸ਼ਾਕਤ ਪ੍ਰਮੋਦ ਵਿਚ 'ਕਾਲੀ, ਤਾਰਾ, ਉਮਾ, ਦੁਰਗਾ, ਭਵਾਨੀ, ਭਗਉਤੀ, ਪਾਰਬਤੀ ਦੇਵੀ ਸ਼ਕਤੀਆਂ ਦੇ ਨਾਮ ਹਨ, ਦਸਮ ਗ੍ਰੰਥ ਵਿਚ 'ਭਗਉਤੀ' ਨਾਮ ਹੇਠਾਂ ਸ਼ਾਕਤ ਮਤ ਕਾਫੀ ਛਪਾਕੇ ਪ੍ਰਚਾਰ ਕੀਤਾ ਹੈ, ਇਹ ਸ਼ੈਵ ਮਤ ਹੈ ਮੰਤ੍ਰ ਭੀ ਇਨਾਂ ਦਾ 'ਭੰਭੈਰਵਾਯੋ ਨਮਹ' ਹੈ।

ਦੇਵੀਆਂ ਦੇ ਹੋਰ ਭੀ ਮੰਤ੍ਰ ਹਨ। ਹਰ ਕੰਮ ਵਿਚ ਪ੍ਰਿਥਮ ਭਗੌਤੀ, ਅਰਾਧਨਾ ਮੂਲ ਨੇਮ ਹੈ। ਜਿਵੇਂ ਹਿੰਦੂਆਂ ਦਾ ਗਣੇਸ਼ਾਨਮਹ ਹੈ। ਇਨ੍ਹਾਂ ਦੇ ਗ੍ਰੰਥ ਤੰਤ੍ਰ ਸਾਸ਼ਤ੍ਰ ਕਹ ਜਾਂਦੇ ਹਨ। ਜਿਸ ਕਾਰਨ ਤਾਂਤ੍ਰਕ ਮਤ ਭੀ ਆਖਦੇ ਹਨ, ਚਾਰੇ ਵੇਦਾਂ ਤੋਂ ਵਿਰੁਧ ਹਨ। ਦੇਵੀਆਂ ਦੀ ਭੇਟਾ ਬਕਰੇ, ਝਟੇ ਆਦਿ ਬਲੀਦਾਨ ਕਰਦੇ ਹਨ। ਤਖਤਾਂ ਪਰ ਬਕ੍ਰਰੇ ਝਟਕਣ ਦੀ ਰੀਤੀ ਨਿਹੰਗਾਂ ਨੇ ਭੀ ਚਲਾਈ ਸੀ, ਇਹ ਦੇਵੀ ਪ੍ਰੇਮ ਦੀ ਅੰਸ ਦਾ ਪ੍ਰਭਾਵ ਹੈ ਸੀ, ਇਹ ਲੋਕ ਪਸ਼ੂ ਭਾਉ ਔਰ ਧੀਰ ਭਾਉ ਦੋ ਤਰਾਂ ਦੇ ਹਨ, ਇਹ ਲੋਕ ਅਗੇ ਸਤਾਂ ਸ਼ਾਖਾਂ ਵਿਚ ਫੈਲੇ ਹਨ, ਵੇਦਾ ਚਾਰ, ਵੈਸ਼ਨੋ ਚਾਰ, ਸ਼ਿਵਾ ਚਾਰ, ਦਖਣਾ ਚਾਰ, ਵਾਮਾਂਚਾਰ, ਸਿਧਾਤਾਂ ਚਾਰ, ਕੌਲਾ ਚਾਰ। ਸਾਰਿਆਂ ਦੇ ਨੇਮ ਅੜੇ ਅੜ ਹਨ।

Digitized by Panjab Digital Library | www.panjabdigilib.org

ਗਾਂਈਂ, ਭੈਂਸੇ, ਬਕਰਾ, ਸੂਰ, ਗੈਂਡਾ, ਹਾਥੀ, ਸ਼ੇਰ, ਮਾਨੁਖਾਂ ਆਦਿ ਦਾ ਮਾਸ ਦੇਵਤੇ ਨੂੰ ਅਰਪਦੇ ਹਨ। ਬਲੀ ਦੋ ਪ੍ਰਕਾਰ ਦੀ ਹੈ ਰਾਜਸਕ (ਜਨੌਰ ਮਾਰਨੇ) ਸ਼ਾਂਤਕ (ਪਦਾਰਥ ਚਾੜ੍ਹਨੇ) ਅਕਸਰ ਇਹ ਲੋਕ ਗ੍ਰਿਹਸਤੀ ਹੀ ਹੁੰਦੇ ਹਨ। ਇਹ ਮਤਿ ਬੰਗਾਲ ਵਿਖੇ ਕਾਫੀ ਫੈਲਿਆ ਹੈ। ਸ਼ਿਵ ਸ਼ਕਤੀਆਂ (ਦੇਵੀਆਂ) ਸਭ ਮਾਸ ਸ਼ਰਾਬ ਭੇਟਾ ਲੈਂਦੀਆਂ ਹਨ। ਵੈਸ਼ਨਵਾਂ ਦੇਵੀਆਂ ਪ੍ਰਹੇਜ਼ੀ ਹਨ, ਜਿਸ ਮਤ ਨੂੰ ਸ਼ੈਵ ਮਤ ਦੀ ਲਾਗ ਲਗੀ, ਮਾਸ ਸ਼ਰਾਬ ਉਸਦੀ ਖੁਰਾਕ ਬਣੀ, ਮਾਸ ਸ਼ਰਾਬ ਤਮੋ ਗੁਣੀ ਪੁਰਸ਼ਾਂ ਦੀ ਖੁਰਾਕ ਹੈ ਦੇਵੀ ਪੂਜਾ ਦੇ ਖਾਸ ਦਿਨ ਨਵਰਾਤ੍ਰੇ ਹਨ।

ਬਾਦਸ਼ਾਹ ਅਕਬਰ ਨੇ ੧੫੭੫ ਈਃ ਵਿਚ ਇਕ ਦੀਨੇ ਇਲਾਹੀ ਨਾਮ ਦਾ ਮਤ ਕਾਇਮ ਕੀਤਾ, ਅਕਬਰ ਦੀ ਇਸ ਗਹਿਰੀ ਪਾਲਿਸੀ ਨਾਲ ਲੱਖਾਂ ਹਿੰਦੂ ਪੁਣਾ ਛੱਡਕੇ ਇਸ ਮਤ ਵਿਚ ਖੁਸ਼ੀ ਤੇ ਖੁਸ਼ਾਮਦ ਨਾਲ ਮਿਲ ਗਏ, ਖੁਲ੍ਹੇ ਤੌਰ ਪਰ ਮੁਸਲਮਾਨਾਂ ਨਾਲ ਰਿਸ਼ਤੇ ਗੰਢਦੇ, ਮੀਏਂ ਕੇ ਆਦਿ ਖਿਤਾਬ ਪੌਂਦੇ। ਲੱਖਾਂ ਮੁਸਲਮਾਨ ਰਾਜਪੂਤ ਉਸ ਵੇਲੇ ਹੋਏ, ਇਸ ਮਤ ਵਿਚ ਸੂਰ, ਗਊ ਮਾਂਸ ਦਾ ਕੋਈ ਪ੍ਰਹੇਜ਼ ਨਹੀਂ ਸੀ ਪਰਸਪਰ ਮਿਲਾਪ ਦਾ ਬੋਲਾ ਸਲਾਮਆ-ਲੇਕਮ ਸੀ, ਭਾਵ ਆਪ ਸ਼ਾਂਤ ਰਹੋ। ਅਲਾ ਹੋ ਅਕਬਰ (ਅਲਾ ਸਭ ਨਾਲੋਂ ਵੱਡਾ ਹੈ) ਨਾਹਰਾ ਸੀ। ਉਸਦਾ ਉਤ੍ਰ ਸੀ, ਜੱਲ ਜਲਾਕ (ਉਸਦਾ ਪ੍ਰਕਾਸ਼ ਪ੍ਰਗਟ ਹੋ) ਦੀਨਿ ਇਲਾਹੀ ਵਾਸਤੇ ਅਕਬਰ ਨੇ ਅਲੋ ਉਪਨਿਸ਼ਦ ਨਾਮ ਦਾ ਅੱਡਰਾ ਗ੍ਰੰਥ ਭੀ ਲਿਖਵਾਇਆ, ਜਿਤਨੇ ਹਿੰਦੂ ਅਕਬਰ ਦੀ ਮਿਠੀ ਚਾਲ ਨਾਲ ਮੁਸਲਮਾਨ ਬਣੇ, ਔਰੰਗਜ਼ੇਬ ਦੀ ਤਲਵਾਰ ਨਾਲ ਉਸ ਨਾਲੋਂ ਕਿਤੇ ਘੱਟ ਮੁਸਲਮਾਨ ਹੋਏ।

## ਬਾਲਸ਼ੈਵਿਕ ਮਤ

ਸੰਮਤ ੧੮੭੦ ਈ: ਵਿਖੇ ਬਲਾਡੀ ਏਲਚੀ ਨਾਮੀ ਇਕ ਹਸਤੀ ਬਲਗਾਨ ਵਿਖੇ ਜਨਮੀ ਜਿਸਨੇ ਰੂਸ ਵਿਖੇ ਬਾਲਸ਼ੈਵਿਕ ਮਤ ਦਾ ਚੰਗਾ ਪ੍ਰਚਾਰ ਕੀਤਾ, ਵੱਡਾ ਹੋਕੇ ਇਹ ਨਿਕੋਲਸ ਲੈਨਨ ਕਹਾਇਆ, ਇਸ ਦੇ ਭਾਈ ਅਲਗਜ਼ੈਂਡਰ ਬੂਈ ਨੇ ਕਾਰਲ ਮਾਰਕਸ ਦੇ ਸਿਧਾਂਤ ਦਾ ਪ੍ਰਚਾਰ ਕੀਤਾ, ਸਮਤਾ ਦੇ ਪਚਾਰ ਦੇ ਇਲਜ਼ਾਮ ਵਿਚ ਹਕੂਮਤ ਨੇ ਉਸਨੂੰ ਪੰਦਰਾਂ ਬੀਸ ਸਾਥੀਆਂ ਸਮੇਤ ਫਾਹੇ ਲਾ ਦਿਤਾ। ਫਾਂਸੀ ਦੇ ਮੌਕਿਆਂ ਪਰ ਅਲਗਜ਼ੈਂਡਰ ਦਾ ਭਾਈ ਲੈਨਨ ਔਰ ਇਨ੍ਹਾਂ ਦੀ ਮਾਤਾ ਮੇਰੀਆ ਹਾਜ਼ਰ ਸਨ। ਲੈਨਨ ਨੇ ਨਿਰਭੈਤਾ ਨਾਲ ਇਸੀ ਮੱਤ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਇਸ ਦੀ ਇਸਤ੍ਰੀ ਕਰੁਪਸਕਾ ਨੇ ਇਸਤ੍ਰੀਆਂ ਵਿਚ ਪ੍ਰਚਾਰ ਕੀਤਾ, ਦ੍ਰਸਕੀ ਆਦਿ ਚੰਗੇ ਸਾਥੀ ਸਿੱਧ ਹੋਏ। ਪ੍ਰਚਾਰ ਦਾ ਫਲ ਦੇਸ ਵਿਚ ਆਮ ਬਗਾਵਤ ਫੈਲ ਗਈ। ਲੈਨਨ ਦੇਸ ਦਾ ਆਗੂ ਹੋ ਗਿਆ। ਸ਼ਾਹੀ ਖਾਨਦਾਨ ਕਤਲ ਕੀਤਾ ਗਿਆ। ਸੰਨ ੧੯੧੪ ਦੇ ਵਡੇ ਜੰਗ ਪਿਛੋਂ ਰੂਸ ਵਿਚ ਇਨਕਲਾਬ ਆ ਗਿਆ। ਲੈਨਨ ਨੇ ਸੰਨ ੧੯੨੪ ਈਃ ਵਿਖੇ ਚਲਾਣੇ ਕੀਤੇ। ਰੂਸ ਵਿਚ ਸੋਵੀਏਟ ਹਕੂਮਤ ਕਾਇਮ ਹੋ ਗਈ। ਰੂਸ ਦੀ ਰਾਜਧਾਨੀ ਮੀਟ੍ਰੋ ਰੈਡ ਦੀ ਬਜਾਏ ਲੈਨਨ ਦੇ ਨਾਮ ਪਰ ਲੈਨਨ ਗ੍ਰੇਡ ਨਾਮਕ ਪ੍ਰਸਿਧ ਹੋ ਗਈ। ਅਜ ਕਲ ਰੂਸ

Digitized by Panjab Digital Library | www.panjabdigilib.org

ਵਿਚ ਲੈਨਨ ਦੀ ਸਿਖਿਆ ਨੂੰ ਉਥੇ ਦਾ ਧਰਮ ਔਰ ਕਾਨੂੰਨ ਦਾ ਦਰਜਾ ਦਿਤਾ ਜਾਂਦਾ ਹੈ। ਸੰਮਤ ੧੯੭੦ ਈ: ਵਿਚ ਟਾਲਸਟਾਇ ਨੇ ਬਾਲਸ਼ੈਵਿਕ ਸਿਧਾਂਤ ਦੇ ਕਈ ਗ੍ਰੰਥ ਲਿਖੇ ਸਨ, ਜਿਸਦਾ ਫਲ ਕਿ ਰੂਸ ਵਿਚੋਂ ਈਸਾਈ ਮਤ ਸਿਧਾਂਤ ਨੂੰ ਦੇਸ ਨਿਕਾਲਾ ਮਿਲ ਗਿਆ। ਸੰਮਤਾ ਯਾਂ ਬਰਾਬਰਤਾ ਦੇ ਪ੍ਰਚਾਰ ਨੇ ਮੰਨੀ ਗਈ ਛੋਟੀ ਮਾਨੁਖ ਸਰੇਣੀ ਨੇ ਮਾਇਆ ਧਾਰੀ ਸਰੇਣੀ ਨੂੰ ਖਤਮ ਕਰ ਦਿਤਾ। ਇਸ ਮਤ ਦਾ ਸਿਧਾਂਤ ਅਮੀਰੀ ਗਰੀਬੀ ਸਵਾਲ ਨੂੰ ਉਡੌਣਾ ਔਰ ਕਿਸਮਤ ਪਰ ਨਿਸਚਾ ਨਾ ਰੱਖਣਾ। ਪਰਮਾਤਮਾਂ ਦੀ ਹੋਂਦ ਨਾ ਮੰਨਣਾ ਹੈ। ਸੰਸਾਰ ਦੇ ਪਰਵਿਰਤਕ ਮਜ਼੍ਹਬਾਂ ਯਾਂ ਧਰਮਾਂ ਨੂੰ ਵਹਿਮ ਯਾਂ ਅਦਿਤ ਸਮਝਕੇ ਕਾਫੂਰ ਕਰਨਾ ਹੈ। ਆਤਮਕ ਗਯਾਨ ਯਾਂ ਪ੍ਰਮਾਰਥਿਕ ਤਰੱਕੀ ਨੂੰ ਬਾਲਸ਼ੈਵਕ ਮਤ ਫਜ਼ੂਲ ਸਮਝਦਾ ਹੈ। ਸਭ ਨਾਲੋਂ ਵਡਾ ਸਵਾਲ ਪੇਟ ਪਾਲਣਾ ਔਰ ਸੰਸਾਰਕ ਸੁਖਾਂ ਦੀ ਪ੍ਰਾਪਤੀ ਦਾ ਮੰਨਿਆਂ ਜਾਂਦਾ ਹੈ, ਲੋਕੀ ਇਸਨੂੰ ਇਨਕਲਾਬ ਖਿਆਲ ਕਰਕੇ ਅਪਣਾ ਰਹੇ ਹਨ।

Sita Chhatwal Library
Institute of Sikh Studies
Chandigarh
1566 ਵ

Digitized by Panjab Digital Library | www.panjabdigilib.org

# ਅੰਤਿਕਾ

ਇਹ ਤਾਂ ਨਿਰਸੰਸੇ ਹੀ ਹੈ ਕਿ ਦਸਮ ਗ੍ਰੰਥ ਦੀ ਬੀੜ ਅਰ ਉਸ ਦੀ ਰਚਨਾਕ੍ਰਮ ਸ੍ਰੀ ਗੁਰੂ ਦਸਮੇਸ਼ ਜੀ ਦੀ ਆਗਿਆ ਅਨੁਸਾਰ ਨਹੀਂ ਬਝੀ, ਬਲਕਿ ਇਸ ਬੀੜ ਦੇ ਬੱਝਣ ਪਰ ਭੀ ਖਾਲਸਾ ਪੰਥ ਵਿਚ ਇਖਤਲਾਫ ਸੀ। ਸ੍ਰੀ ਗੁਰੂ ਦਸਮੇਸ਼ ਜੀ ਨੇ ਦਸਾਂ ਗੁਰਾਂ ਦੀ ਅਕਾਲੀ ਬਾਣੀ ਪੂਰਤ ਜੋ ਬੀੜ ਦਮਦਮੇ ਸਾਹਿਬ ਵਿਖੇ ਤਜ਼ਾਰ ਕੀਤੀ ਸੀ ਉਸ ਦੇ ਪ੍ਰਚਾਰ ਦੀ ਥਾਂ ਦਸਮ ਗ੍ਰੰਥ ਸਾਹਿਬ ਦਾ ਪ੍ਰਚਾਰ ਹੋ ਗਿਆ। ਭਾਵੇਂ ਰਚਨਾਵਾਂ ਨੂੰ ਸੰਭਾਲੇ ਰਹਿਣ ਦੀ ਸੇਵਾ ਤਾਂ ਲਾਭਕਾਰੀ ਰਹੀ, ਪਰ ਘਾਟਾ ਇਹ ਪਿਆ ਕਿ ਦਸਮੇਸ਼ ਜੀ ਦੀ ਅਕਾਲੀ ਬਾਣੀ ਦਾ ਪ੍ਰਚਾਰ ਪਿਛੇ ਪੈ ਗਿਆ। ਕਈਆਂ ਨੂੰ ਤਾਂ ਇਤਨਾ ਭੀ ਪਤਾ ਨਹੀ ਹੈ ਕਿ ਦਸਮ ਗੁਰੂ ਜੀ ਦੀ ਨਿਰੋਲ ਅਕਾਲੀ ਬਾਣੀ ਕਿਤਨੀ ਔਰ ਕਿਥੇ ਹੈ।

ਕਈਆਂ ਨੇ ਦਸਮ ਗ੍ਰੰਥ ਦੇ ਅਖੰਡ ਪਾਠ ਕਰਕੇ ਇਸ ਨੂੰ ਵਖਰੀ ਹੀ ਬੀੜ ਹੋਣ ਦਾ ਦਰਜਾ ਦੇ ਦਿਤਾ, ਅਤੇ ਕਚੀਆਂ ਰਚਨਾਵਾਂ ਜਾਂ ਅਨਮਤ ਗ੍ਰੰਥਾਂ ਦੇ ਉਲਥਿਆਂ ਨੂੰ ਅਕਾਲੀ ਬਾਣੀ ਸਮਝਕੇ ਅਨਮਤ ਸਿਧਾਂਤਾਂ ਦਾ ਪ੍ਰਚਾਰ ਕਰ ਦਿਤਾ ਜਿਸਦਾ ਫਲ ਸਿਖ ਧਰਮ ਅਨਮਤਾਂ, ਵਿਸ਼ੇਸ਼ ਕਰਕੇ ਹਿੰਦੂ ਧਰਮ ਨਾਲ ਖਲਤ ਮਲਤ ਹੁੰਦਾ ਗਿਆ। ਇਸ ਲਈ ਉਕਤ ਘਾਟੇ ਨੂੰ ਅਨੁਭਵ ਕਰਕੇ 'ਇਸ ਗ੍ਰੰਥ ਦੁਆਰੇ' ਖੋਜ ਭਾਲ ਨਾਲ ਨਿਰਣਯ ਕੀਤਾ ਗਿਆ ਹੈ ਤਾਂ ਕਿ ਅਸਲੀਅਤ ਸਮਝਕੇ ਠੀਕ ਵਰਤੋਂ ਹੋਵੇ।

ਸੋ ਇਸਦਾ ਸਿਟਾ ਏਹੀ ਹੋ ਸਕਦਾ ਹੈ ਕਿ ਦਸਮਗੁਰੂ ਜੀ ਦੀ ਨਿਰੋਲ ਗੁਰਬਾਣੀ (ਅਕਾਸ਼ ਬਾਣੀ) ਦਾ ਨੌਆਂ ਗੁਰੂਆਂ ਦੀ ਬਾਣੀ ਨਾਲ ਪਾਠ ਕਰਕੇ ਭੋਗ ਪਾਏ ਜਾਇਆ ਕਰਨ, ਅਤੇ ਅਨਮਤੀ ਉਲਥਿਆਂ ਯਾਂ ਇਤਹਾਸ ਰੂਪ ਰਚਨਾਵਾਂ ਨੂੰ ਆਪਣੇ ਆਪਣੀ ਥਾਂ ਬਤੌਰ ਪੋਥੀਆਂ ਦੇ ਰੱਖਕੇ ਲਾਭ ਪ੍ਰਾਪਤ ਕੀਤਾ ਜਾਵੇ।

ਪਰ ਇਹ ਸਭ ਕੁਛ ਤਦ ਹੀ ਅਮਲ ਵਿਚ ਆ ਸਕਦਾ ਹੈ ਕਿ 'ਗੁਰੂ ਖਾਲਸਾ ਪੰਥ' ਇਸਦੇ ਪ੍ਰਚਾਰ ਵਲ ਪੂਰਨ ਤੌਰ ਪਰ ਧਿਆਨ ਦੇਕੇ ਕ੍ਰਿਤਾਰਥ ਕਰੇ।

----

ਦਸੰਬਰ ੧੯੪੯ }

ਲਾਲ ਸਿੰਘ ਗਜਾਨੀ

ਸੇਵਾਕਾਰ

ਗੁਰਮਤ ਮਾਰਤੰਡ

Digitized by Panjab Digital Library | www.panjabdigilib.org

ਸ੍ਰੀ ਮਾਨ ਗ੍ਯਾਨੀ ਲਾਲ ਸਿੰਘ ਜੀ ਸੰਗਰੂਰ, ਰਚਿਤ

# ਅਮੋਲਕ ਪੁਸਤਕਾਂ

(੧) ਸ੍ਰਿਸ਼ਟੀ ਰਚਨਾ।
(੨) ਜ਼ਾਤਪਾਤ ਖੰਡਨ।
(੩) ਇਸਲਾਮ ਮਤ ਖੰਡਨ।
(੪) ਹਿੰਦੂਮਤ ਖੰਡਨ।
(੫) ਖਟ ਦਰਸ਼ਨ।
(੬) ਖਾਲਸਾ ਨੀਤੀ ਧਰਮ ਸ਼ਾਸਤ੍ਰ।
(੭) ਖਾਲਸਾ ਮ੍ਰਯਾਦਾ ਪ੍ਰਕਾਸ਼।
(੮) ਗੁਰਮਤ ਮਾਰਤੰਡ
(੯) ਕਠਨ ਪਾਠਾਂ ਤੇ ਅਰਥਾਂ ਦੀ ਕੁੰਜੀ।
(੧੦) ਦਸਾਂ ਗੁਰਾਂ ਦਾ ਜੀਵਨ ਤਿੰਨ ਭਾਗ
(੧੧) ਸਿਖਾਂ ਨੇ ਰਾਜ ਕਿਵੇਂ ਲਿਆ ?
(੧੨) ਖਾਲਸਾ ਦਰਬਾਰ।
(੧੩) ਸਿਖ ਰਾਜ ਕਿਵੇਂ ਗਿਆ ?
(੧੪) ਕਕਾਰ ਫਿਲਾਸਫੀ।
(੧੫) ਭਾਈ ਚਾਰਕ ਸੁਧਾਰ।
(੧੬) ਪੰਥ ਪ੍ਰਸਿਧ ਹਸਤੀਆਂ।
(੧੭) ਗੁਰੂ ਬੰਸਾਵਲੀ।
(੧੮) ਦਸਤਾਰ ਸੰਦੇਸ਼ਾ।
(੧੯) ਗੁਰਬਾਣੀ ਭਾਵਰਥ ਭੰਡਾਰ।
(੨੦) ਗੁਰਮਤ ਤੇ ਭਗਤ ਮਤ।
(੨੧) ਸੁੰਦਰ ਬਗੀਚਾ।
(੨੨) ਨਿਤਨੇਮ ਸਟੀਕ।
(੨੩) ਗੁਰਮੰਤ੍ਰ ਨਿਰਣਯ।
(੨੪) ਗੁਰਮਤ ਜੀਵਨ।
(੨੫) ਆਜ਼ਾਦੀ ਦਾ ਦੇਵਤਾ।
(੨੬) ਇਸਲਾਮ ਧਰਮ ਪ੍ਰੀਖਿਆ।
(੨੭) ਖਾਲਸਾ ਰਹਿਤ ਬਹਿਤ।
(੨੮) ਜੀਂਦ ਰਾਜ ਦੇ ਵਾਲੀ।
(੨੯) ਜੁਗਰਾਫੀਆ ਜੀਂਦ।
(੩੦) ਵਿੱਲੜ ਪ੍ਰਬੋਧ।
(੩੧) ਅਨਾਦੀ ਕਰਤਾ।
(੩੨) ਭਗੌਤੀ ਪ੍ਰਬੋਧ।
(੩੩) ਗਹਿਣਾ ਪ੍ਰਹਾਰ।
(੩੪) ਪੰਥ ਖਾਲਸਾ ਦਰਪਨ।
(੩੫) ਪਾਖੰਡ ਖੰਡਣ।
(੩੬) ਦਸਮ ਗੁਰਬਾਣੀ ਸੰਗ੍ਰਹਿ।
(੩੭) ਖਾਲਸਾ ਪੰਥ ਤੰਤ੍ਰ ਸਟੀਕ।
(੩੮) ਖਾਰੀ ਬੀੜਾਂ ਦੇ ਪ੍ਰਸਤਾਵ।
(੩੯) ਭਟ ਗਿਰਾ ਨਿਰਣਯ।
(੪੦) ਖਾਲਸਾ ਧਰਮ ਪ੍ਰਚਾਰਕ।
(੪੧) ਅਜ ਕਲ ਦੀ ਸਿਖੀ।
(੪੨) ਖੁਲ੍ਹੇ ਲੇਖ।
(੪੩) ਗੁਰਬਾਣੀ ਬਿਓਰਾ।
(੪੪) ਮਨਮਤ ਪ੍ਰਹਾਰ ਮੰਜਰੀ।
(੪੫) ਇਤਹਾਸ ਪੰਚ ਖਾਲਸਾ ਦੀਵਾਨ।
(੪੬) ਜੀਵਨ ਬ੍ਰਿਤਾਂਤ ਬਾਬੂ ਤੇਜਾ ਸਿੰਘ।
(੪੭) ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ
(੪੮) ਖਾਲਸਾ ਸੰਸਕਾਰ ਵਿਧੀ।
(੪੯) ਸੂਰਜ ਪ੍ਰਕਾਸ਼ ਦੇ ਗਪੌੜੇ।
(੫੦) ਕਸ਼ਟਾਂ ਦਾ ਸਿਕੰਜਾ।
(੫੧) ਪੰਥ ਖਾਲਸਾ ਸਮਾਚਾਰ।
(੫੨) ਗੁਰੂ ਡੰਮ ਪ੍ਰਚਾਰਕ ਮਹੰਤ।
(੫੩) ਸਿਖ ਕਾਨੂੰਨ
(੫੪) ਦਸਮ ਗੁਰ ਗਿਰਾ ਕਸੌਟੀ

PERSONAL LIBRARY OF
PROFESSOR SHER SINGH "SHER"

ਮੰਗੌਣ ਦਾ ਪਤਾ:—

**ਜਨਕ ਪੁਸਤਕ ਭੰਡਾਰ, ਸੰਗਰੂਰ (ਪਟਿਆਲਾ ਯੂਨੀਅਨ)**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

PERSONAL LIBRARY OF
PROFESSOR SHER SINGH "SHER"

Digitized by Panjab Digital Library | www.panjabdigilib.org

B-12838

Digitized by Panjab Digital Library | www.panjabdigilib.org

Digitized by Panjab Digital Library | www.panjabdigilib.org